76 ਕਹਾਣੀ ਧਾਰਾ ਜਨਵਰੀ-ਮਾਰਚ, 2025

ਜਨਵਰੀ-ਮਾਰਚ, 2025

# ਕਹਾਣੀ ਧਾਰਾ

ਅੰਕ : 76

100/-




ਰੀੜ ਦੀ ਹੱਡੀ ਅਜੇ ਟੁੱਟੀ ਨਹੀਂ ਤਨਵੀਰ ਦੀ
ਕੁਰਸੀਆਂ ਅੱਗੇ ਤਦੇ ਲਿਫ਼ਿਆ ਨਾ ਸਿੱਧਾ ਖੜ ਗਿਆ।

– ਅਜੈ ਤਨਵੀਰ

# ਕਹਾਣੀ ਧਾਰਾ

ਜਨਵਰੀ-ਮਾਰਚ, 2025

ਸਾਲ : 20 ; ਅੰਕ : 76

**ਸੰਪਾਦਕ**

ਭਗਵੰਤ ਰਸੂਲਪੁਰੀ
94170-764350

**ਮੁੱਖ ਸਲਾਹਕਾਰ**

ਡਾ. ਪ੍ਰੇਮ ਮਾਨ

+1 (860) 983-5002

email:
premmann@yahoo.com

**ਸਲਾਹਕਾਰ ਬੋਰਡ**

ਡਾ. ਸਰਬਜੀਤ ਸਿੰਘ

ਡਾ. ਮਨਜਿੰਦਰ ਸਿੰਘ

ਡਾ. ਰਵੀ ਰਵਿੰਦਰ

ਡਾ. ਕੁਲਦੀਪ ਸਿੰਘ

ਡਾ. ਸੁਖਪਾਲ ਕੌਰ ਸਮਰਾਲਾ

ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ

Editor
KAHANI DHARA
Vill. Dharampur
P.O. Khambra
Distt. JALANDHAR-144026
Punjab,INDIA

e-mail:
kahanidhara@gmail.com
bhagwantrasulpuri@gmail.com

ਚੰਦੇ : ਇੱਕ ਅੰਕ 100/- (ਸਧਾਰਨ ਡਾਕ)
130/-(ਰਜਿ. ਡਾਕ), 10 ਅੰਕ 1000/-
10 ਅੰਕ : ਡਾਲਰ 180/ ਪੌਂਡ 150

ਤੁਸੀਂ ਚੰਦਾ ਏਥੇ ਵੀ
ਜ਼ਮਾ ਕਰਵਾ ਸਕਦੇ ਹੋ

G Pay
UPI
UNIFIED PAYMENTS INTERFACE
@94170-64350

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Krihanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ : ਭਗਵੰਤ ਰਸੂਲਪੁਰੀ (ਪ੍ਰਕਾਸ਼ਨ ਮਿਤੀ : 10 ਜਨਵਰੀ, 2025)

# ਕਹਾਣੀ ਧਾਰਾ

*ਅੰਕ : 76 ਜਨਵਰੀ-ਮਾਰਚ,2025*

**ਸੰਪਾਦਕੀ :** ਸਾਹਿਤਕ ਪੱਤਰਕਾਰੀ ਸੰਕਟ ਦੇ ਦੌਰ ਵਿੱਚ 3

**ਗੋਸ਼ਟੀ-9 :**

**ਬੀਤੇ ਵਰ੍ਹੇ ਦੀ ਕਹਾਣੀ ਦਾ ਦ੍ਰਿਸ਼, ਦ੍ਰਿਸ਼ਟੀ ਅਤੇ ਸੰਕਟ**

ਡਾ. ਸੰਦੀਪ ਰਾਣਾ, ਡਾ. ਸੁਖਪਾਲ ਕੌਰ, ਨਿਰੰਜਣ ਬੋਹਾ,
ਐੱਚ. ਐੱਸ. ਡਿੰਪਲ, ਸੂਤਰਧਾਰ : ਭਗਵੰਤ ਰਸੂਲਪੁਰੀ 5



ਡਾ. ਸੰਦੀਪ ਰਾਣਾ, ਡਾ. ਸੁਖਪਾਲ ਕੌਰ, ਨਿਰੰਜਣ ਬੋਹਾ, ਐੱਚ. ਐੱਸ. ਡਿੰਪਲ, ਭਗਵੰਤ ਰਸੂਲਪੁਰੀ

**ਮੁਲਾਕਾਤ :**

**ਮੇਰੇ ਅਵਚੇਤਨ ਵਿੱਚ ਇਤਿਹਾਸ, ਮਿਥਿਹਾਸ,**
**ਧਰਮ ਤੇ ਗ੍ਰੰਥ ਪਏ ਨੇ** : ਜਿੰਦਰ
ਮੁਲਾਕਾਤ : ਭਗਵੰਤ ਰਸੂਲਪੁਰੀ 25

**ਕਹਾਣੀਆਂ :**

1. **ਸ਼ਿਕਾਰ** / ਗ਼ਸਾਨ ਕਨਅਫ਼ਾਨੀ 41
2. **ਹਨੇਰੇ ਦਾ ਪਿਓ** / ਬਲਬੀਰ ਪਰਵਾਨਾ 46
3. **ਮੇਨਕਾ** / ਗੁਰਮੀਤ ਕੜਿਆਲਵੀ 54
4. **ਬੇਸਹਾਰਾ ਨਹੀਂ** / ਬਲਦੇਵ ਸਿੰਘ ਢੀਂਡਸਾ 61
5. **ਗੂੰਗਾ ਇਨਕਲਾਬ** / ਨਿਰੰਜਣ ਬੋਹਾ 71
6. **ਮੈਂ ਹਾਲੇ ਜਿਊਂਦਾ ਸਾਂ** / ਸਰਬਜੀਤ ਕੌਰ ਸੋਹਲ 78
7. **ਮਿਰਗਛਲੀ** / ਹਰਮੇਸ਼ ਮਾਲੜੀ 90
8. **ਜਨਮ ਸਫ਼ਲ ਹੋਇਓ ਮੈਂਡਾ** / ਸੋਮਾ ਸਬਲੋਕ 99
9. **ਕਾਗਜ਼ ਉਤੇ ਛਪੀ ਐਨਕ** / ਤੇਲੂ ਰਾਮ ਕੁਹਾੜਾ 109

## ਜਨ ਬੋਧ :

**ਇੱਕ ਅਗਿਆਤ ਦਾ ਖ਼ਤ**
ਮੂਲ ਲੇਖਕ:ਪ੍ਰਿਯਵੰਦ, ਅਨੁਵਾਦ : ਸ਼ਬਦੀਸ਼ 114


## ਪੜਚੋਲ-ਸਮੀਖਿਆ :




1. **ਚਿੱਤਰਾਂ ਦਾ ਸਾਹਿਤਕ ਸੁਮੇਲ** / ਬਲਬੀਰ ਮਾਧੋਪੁਰੀ 127
2. **ਰੌਲ਼ਿਆਂ ਵੇਲੇ** / ਡਾ. ਜਸਵਿੰਦਰ ਕੌਰ ਬਿੰਦਰਾ 129
3. **ਅਲਵਿਦਾ ! ਕਦੇ ਵੀ ਨਹੀਂ** / ਨਿਰੰਜਣ ਬੋਹਾ 134
4. **ਅੜੇ-ਥੁੜੇ** / ਡਾ. ਮਨਮਿੰਦਰ ਕੌਰ 140
5. **ਫਨੀਅਰ** / ਡਾ. ਕੁਲਵਿੰਦਰ ਸਿੰਘ 144
6. **ਬਦਲ ਰਹੇ ਸਮੀਕਰਣਾਂ ਦੀ ਪੇਸ਼ਕਾਰੀ ਕਰਦੀਆਂ ਕਹਾਣੀਆਂ**
   ਬਲਵੀਰ ਕੌਰ ਰੀਹਲ 149

## ਮੇਰਾ ਸਟੱਡੀ ਟੇਬਲ

ਭਗਵੰਤ ਰਸੂਲਪੁਰੀ 153

**ਸੰਪਾਦਕੀ :**

# ਸਾਹਿਤਕ ਪੱਤਰਕਾਰੀ ਸੰਕਟ ਦੇ ਦੌਰ ਵਿੱਚ

ਪੰਜਾਬੀ ਸਾਹਿਤ ਵਿੱਚ ਸਾਹਿਤਕ ਰਸਾਲਿਆਂ ਦਾ ਆਪਣਾ ਨਿਵੇਕਲਾ ਰੋਲ ਏ। ਸਾਹਿਤਕ ਰਸਾਲੇ ਜਿੱਥੇ ਸੱਜਰਾ ਸਾਹਿਤ ਪਾਠਕਾਂ ਤੱਕ ਪੁੱਜਦਾ ਕਰਦੇ ਹਨ, ਉੱਥੇ ਨਵੀਆਂ ਕਿਤਾਬਾਂ ਬਾਰੇ ਜਾਣਕਾਰੀ, ਸਵੈ ਕਥਨਾਂ, ਮੁਲਾਕਾਤਾਂ ਤੇ ਯਾਦਾਂ ਰਾਹੀ ਲੇਖਕਾਂ ਬਾਰੇ ਜਾਣਕਾਰੀ ਵੀ ਪੁੱਜਦੀ ਕਰਦੇ ਨੇ। ਪੰਜਾਬੀ ਸਾਹਿਤਕ ਪੱਤਰਕਾਰੀ ਦਾ ਅਮੀਰ ਇਤਿਹਾਸ ਏ। ਕੰਪਿਊਟਰ ਯੁੱਗ ਦੇ ਆਉਣ ਨਾਲ ਹੁਣ ਰਸਾਲੇ ਤਿਆਰ ਕਰਨੇ ਅਤੇ ਛਾਪਣੇ ਬਹੁਤ ਅਸਾਨ ਹੋ ਗਏ ਨੇ। ਪੰਜਾਬੀ ਵਿੱਚ ਪੁਰਾਣੇ ਰਸਾਲੇ ਬੰਦ ਅਤੇ ਨਵੇਂ ਰਸਾਲੇ ਆਰੰਭ ਹੁੰਦੇ ਰਹਿੰਦੇ ਨੇ। ਇਹਦੇ ਪਿੱਛੇ ਅਨੇਕਾਂ ਕਾਰਨ ਹੁੰਦੇ ਨੇ। ਬਾਹਰਹਾਲ ਗੱਲ ਆਪਾਂ ਚੜ੍ਹਦੇ ਵਰ੍ਹੇ ਰਸਾਲਿਆਂ ਨੂੰ ਭੇਜਣ ਵਿੱਚ ਆ ਰਹੀਆਂ ਸਮੱਸਿਆਵਾਂ ਦੀ ਕਰਦੇ ਹਾਂ। ਜਨਵਰੀ ਤੋਂ ਰਸਾਲੇ ਭੇਜਣੇ ਮਹਿੰਗੇ ਹੋ ਗਏ ਹਨ।

ਭਾਰਤੀ ਡਾਕ ਵਿਭਾਗ ਦੀ ਅਣਗਹਿਲੀ ਕਾਰਨ 'ਬੁੱਕ ਪੋਸਟ' ਵਿੱਚ ਭੇਜੇ ਜਾਂਦੇ ਰਸਾਲੇ ਪਾਠਕਾਂ ਨੂੰ ਬਹੁਤ ਘੱਟ ਮਿਲਦੇ ਸਨ। ਜਿਸ ਕਾਰਨ ਪਾਠਕਾਂ ਨੂੰ 'ਬੁੱਕ ਪੋਸਟ' ਵਿੱਚ ਭੇਜੀ ਡਾਕ ਵਧੇਰੇ ਕਰਕੇ ਮਿਲਦੀ ਨਹੀਂ ਸੀ ਤਾਂ ਪਾਠਕ ਸ਼ਿਕਾਇਤਾਂ ਕਰਦੇ ਸਨ ਤੇ ਫਿਰ ਉਨ੍ਹਾਂ ਨੂੰ ਰਸਾਲਾ ਦੁਬਾਰਾ ਭੇਜਿਆ ਜਾਂਦਾ ਸੀ। ਫਿਰ ਇਸ ਦਿੱਕਤ ਨੂੰ ਦੂਰ ਕਰਨ ਲਈ 'ਰਜਿਸਟਰਡ ਬੁੱਕ ਪੋਸਟ' ਰਾਹੀਂ ਰਸਾਲੇ ਭੇਜਣੇ ਸ਼ੁਰੂ ਕਰ ਦਿੱਤੇ ਗਏ। ਅਸੀਂ ਜਿੱਥੇ ਪਾਠਕਾਂ ਨੂੰ ਸਧਾਰਨ ਡਾਕ ਵਿੱਚ ਪਰਚਾ ਨਹੀਂ ਮਿਲਦਾ ਸੀ ਉੱਥੇ 'ਕਹਾਣੀ ਧਾਰਾ' ਰਜਿਸਟਰਡ ਬੁੱਕ ਪੋਸਟ ਰਾਹੀ ਭੇਜਿਆ ਜਾਣਾ ਆਰੰਭ ਕਰ ਦਿੱਤਾ। ਰਜਿ. ਡਾਕ ਵਿੱਚ 22 ਰੁਪਏ ਖਰਚ ਆਉਂਦਾ ਸੀ। ਹੋਇਆ ਕੀ ਕਿ 18 ਦਸੰਬਰ, 2024 ਨੂੰ ਡਾਕ ਵਿਭਾਗ ਦੇ ਸਾਫ਼ਟ ਵੇਅਰ ਵਿੱਚੋਂ 'ਰਜਿਸਟਰਡ ਬੁੱਕ ਪੋਸਟ' ਸੇਵਾ ਅਚਾਨਿਕ ਬੰਦ ਕਰ ਦਿੱਤੀ ਗਈ। ਉਸ ਦੀ ਥਾਂ ਉੱਤੇ ਹੁਣ 'ਬੁੱਕ ਪਾਰਸਲ' ਸੇਵਾ ਸ਼ੁਰੂ ਕਰ ਦਿੱਤੀ ਗਈ ਏ। ਜਿਸ ਰਾਹੀ ਹੁਣ 'ਕਹਾਣੀ ਧਾਰਾ' ਨੂੰ ਰਜਿ. ਪਰਸਲ ਕਰਨ ਲਈ 42 ਰੁਪਏ ਲੱਗਿਆ ਕਰਨਗੇ। ਹੁਣ 500 ਗ੍ਰਾਮ ਤੱਕ ਰਜਿ. ਪਾਰਸਲ ਕਰਨ ਲਈ 42 ਰੁਪਏ ਲੱਗਿਆ ਕਰਨਗੇ। ਸਧਾਰਨ ਡਾਕ ਵਿੱਚ 'ਕਹਾਣੀ ਧਾਰਾ' ਉੱਤੇ ਅਸੀਂ 4 ਰੁਪਏ ਦੀਆਂ ਟਿੱਕਟਾਂ ਲਗਾ ਕੇ ਭਾਰਤ ਵਿੱਚ ਭੇਜ ਸਕਦੇ ਸਾਂ, ਹੁਣ 4 ਰੁਪਏ ਦੀ ਥਾਂ 17 ਰੁਪਏ ਲੱਗਿਆ ਕਰਨਗੇ।

ਅਜਿਹੇ ਸੰਕਟ ਦਾ ਸਾਹਮਣਾ 'ਰਜਿਸਟਰਡ ਬੁੱਕ ਪੋਸਟ' ਕਿਤਾਬਾਂ ਭੇਜਣ ਵਾਲਿਆਂ ਨੂੰ ਵੀ ਕਰਨਾ ਪੈ ਰਿਹਾ ਏ। ਸੱਤਾ ਉੱਤੇ ਬੈਠੀ ਹਾਕਮ ਸਰਕਾਰ ਦੇ ਇਸ਼ਾਰੇ ਉੱਤੇ ਭਾਰਤੀ ਡਾਕ ਵਿਭਾਗ ਨੇ ਬੀਤੇ ਮਹੀਨੇ ਰਜਿਸਟਰਡ ਬੁੱਕ ਪੋਸਟ ਨੂੰ ਡਾਕ ਬੁੱਕ ਕਰਨ ਵਾਲੇ ਵਿਧੀ-ਵਿਧਾਨ ਨੂੰ ਸੌਫਟਵੇਅਰ ਵਿੱਚੋਂ ਚੁੱਪ ਚਾਪ ਹਟਾ ਦਿੱਤਾ ਏ। ਇਸ ਦੀ ਸੂਚਨਾ ਪਹਿਲਾਂ ਕਿਸੇ ਵੀ ਕਰਮਚਾਰੀ ਨੂੰ ਨਹੀਂ ਦਿੱਤੀ ਗਈ। ਇਹ ਕਿਸ ਦੇ ਇਸਾਰੇ ਉੱਤੇ ਕੀਤਾ ਗਿਆ? ਸਭ ਨੂੰ ਪਤਾ ਹੈ। ਹੁਣ ਜਦੋਂ ਜਨਵਰੀ ਵਿੱਚ 'ਰਜਿ. ਬੁੱਕ ਪੋਸਟ' ਰਾਹੀਂ 'ਕਹਾਣੀ ਧਾਰਾ' ਭੇਜਣ ਦੀ ਕੋਸ਼ਿਸ਼ ਕੀਤੀ ਗਈ ਤਾਂ ਉੱਥੇ ਸੰਬੰਧਤ ਡਾਕ ਕਰਮਚਾਰੀਆਂ ਨੂੰ ਇਹ ਵਿਧੀ-ਵਿਧਾਨ ਮਿਲਿਆ ਨਹੀਂ। ਉਸ ਦੀ ਥਾਂ ਰਜਿ. ਪਾਰਸਲ ਕਰਵਾਉਣ ਲਈ ਮਜਬੂਰ ਕੀਤਾ ਗਿਆ। ਇਹ ਸੁਣ ਕੇ ਸਾਨੂੰ ਬੜੀ ਹੈਰਾਨੀ ਹੋਈ।

ਜਨਵਰੀ ਤੋਂ 'ਕਹਾਣੀ ਧਾਰਾ' ਦੀ ਕੀਮਤ ਵਿੱਚ ਮਮੂਲੀ ਵਾਧਾ ਕਰ ਦਿੱਤਾ ਗਿਆ ਹੈ

ਕਿਉਂਕਿ ਰਸਾਲਾ ਭੇਜਣਾ ਤਕਰੀਬਨ ਦੁੱਗਣਾ ਮਹਿੰਗਾ ਹੋ ਗਿਆ ਹੈ। ਵਿਦੇਸ਼ ਵਿੱਚ 200 ਗ੍ਰਾਮ ਤੱਕ ਦੇ ਕਹਾਣੀ ਧਾਰਾ' ਉੱਤੇ ਹੁਣ 400 ਰੁਪਏ ਦੀ ਟਿੱਕਟ ਲੱਗਿਆ ਕਰੇਗੀ। ਇਹ ਸਧਾਰਨ ਡਾਕ ਦਾ ਰੇਟ ਹੈ। ਜਿੱਥੇ ਪਹਿਲਾਂ 100 ਰੁਪਏ ਦੀ ਟਿੱਕਟ ਲਗਾਈ ਜਾਂਦੀ ਸੀ। ਕਨਸੋ ਇਹ ਵੀ ਮਿਲੀ ਏ 'ਪੁਸਤਕ ਲੜੀ' ਵਿੱਚ ਨਿਕਲਣ ਵਾਲੇ ਰਸਾਲਿਆਂ ਨੂੰ ਵੀ ਸਰਕਾਰ ਬੰਦ ਕਰਨ ਬਾਰੇ ਸੋਚ ਰਹੀ ਏ। ਪੰਜਾਬੀ ਵਿੱਚ ਤਾਂ ਬਹੁਤੇ ਰਸਾਲੇ 'ਪੁਸਤਕ ਲੜੀ' ਅਧੀਨ ਹੀ ਛਪਦੇ ਹਨ।

ਡਾਕ ਵਿਭਾਗ ਦੀ ਐਨੀ ਸਖ਼ਤੀ ਹੈ ਕਿ ਸਧਾਰਨ ਡਾਕ ਰਾਹੀ ਭੇਜੇ ਜਾ ਰਹੇ ਰਸਾਲੇ ਰੋਕੇ ਅਤੇ ਸੰਪਾਦਕ ਨੂੰ ਵਾਪਸ ਕੀਤੇ ਜਾ ਰਹੇ ਹਨ ਹਨ। ਰਸਾਲਿਆਂ ਦੇ ਸੰਪਾਦਕਾਂ ਨੂੰ ਇਸ ਤਰ੍ਹਾਂ ਦੀਆਂ ਚਿੰਤਵਾਂ ਵੱਧਣ ਲੱਗ ਪਈਆਂ ਹਨ। ਓਪਰੋਂ ਚੜ੍ਹਦੇ ਸਾਲ ਕਾਗਜ਼ ਅਤੇ ਪ੍ਰਿੰਟਿੰਗ ਦੀਆਂ ਕੀਮਤਾਂ ਵੱਧ ਗਈਆਂ ਹਨ। ਜਿਸ ਕਾਰਨ ਰਸਾਲੇ ਛਾਪਣੇ ਪਹਿਲਾਂ ਨਾਲੋਂ ਹੋਰ ਮਹਿੰਗੇ ਹੋ ਗਏ ਹਨ। ਮੁਕਾਬਲੇ ਦੇ ਯੁੱਗ ਵਿੱਚ ਹਰ ਸੰਪਾਦਕ ਦੇਖਾ ਦੇਖੀ ਆਪਣਾ ਰਸਾਲੇ 'ਤੇ ਮਹਿੰਗਾ ਪੇਪਰ ਲਗਾ ਰਿਹਾ ਏ ਅਤੇ ਵਧੀਆ ਕੁਆਲਟੀ ਦੀ ਪ੍ਰਿੰਟਿੰਗ ਕਰਵਾ ਰਿਹਾ ਏ। ਪਿਛਲੇ ਕੁਝ ਸਾਲਾਂ ਤੋਂ ਅਕਾਰ ਪੱਖੋਂ ਵੀ ਪਰਚੇ ਵੱਡੇ ਛਪਣ ਲੱਗ ਪਏ ਨੇ ਜਿਸ ਕਾਰਨ ਵਧੇਰੇ ਪਰਚਿਆਂ ਵਿੱਚ ਸੰਪਾਦਕ ਅਨੁਵਾਦ ਸਾਹਿਤ ਛਾਪਣ ਨੂੰ ਤਰਜੀਹ ਦੇ ਰਹੇ ਨੇ। ਕਿਉਂਕਿ ਉਨ੍ਹਾਂ ਨੂੰ ਮਿਆਰੀ ਲਿਖਤਾਂ ਪ੍ਰਾਪਤ ਨਹੀਂ ਹੋ ਰਹੀਆਂ। ਮਿਆਰੀ ਲਿਖਤਾਂ ਪ੍ਰਾਪਤ ਕਰਨ 'ਚ ਵੀ ਸੰਪਾਦਕਾਂ ਅੱਗੇ ਵੱਡਾ ਸੰਕਟ ਖੜ੍ਹਾ ਹੋ ਗਿਆ ਏ।

ਚੇਤੇ ਰਹੇ ਡਾਕ ਵਿਭਾਗ, ਭਾਰਤ ਸਰਕਾਰ ਵੱਲੋਂ ਰਾਜਿਸਟਰਡ ਰੋਜਾਨਾ ਤੋਂ ਲੈ ਕੇ ਮਾਸਿਕ ਰਸਾਲਿਆਂ ਤੱਕ ਨੂੰ ਹੀ ਡਾਕ ਵਿੱਚ 'ਸਧਾਰਨ ਬੁੱਕ ਪੋਸਟ' ਭੇਜਣ ਲਈ ਰਿਆਇਤ ਦਿੰਦਾ ਏ ਪਰ ਦੋ-ਮਾਸਿਕ-ਤ੍ਰੈ ਮਾਸਿਕ, ਛਮਾਹੀ ਤੱਕ ਡਾਕ ਰਾਹੀ ਭੇਜਣ ਵਿੱਚ ਕੋਈ ਸਹੂਲਤ ਨਹੀਂ ਦਿੰਦਾ। ਹੁਣ ਜਨਵਰੀ, 2025 ਤੋਂ ਡਾਕ ਰਾਹੀਂ ਰਸਾਲੇ ਭੇਜਣੇ ਹੋਰ ਮਹਿੰਗੇ ਹੋ ਗਏ ਨੇ। ਪਿੰਡਾਂ ਵਿੱਚ ਸਧਾਰਨ ਬੁੱਕ ਪੋਸਟ ਮਿਲਦੀ ਹੀ ਨਹੀਂ ਏ। ਹੁਣ ਚੜ੍ਹਦੇ ਸਾਲ ਤੋਂ ਸਾਹਿਤਕ ਪੱਤਰਕਾਰੀ ਸੰਕਟ ਦੇ ਦੌਰ ਵਿੱਚ ਗੁਜਰੇਗੀ। ਸੰਪਾਦਕ ਦੇ ਮੋਢੇ ਤੇ ਰਸਾਲੇ ਛਾਪਣ ਅਤੇ ਭੇਜਣ ਦਾ ਹੋਰ ਬੋਝ ਪਵੇਗਾ। ਇਹੀ ਬੋਝ ਅੱਗੇ ਉਹ ਪਾਠਕਾਂ ਉੱਤੇ ਪਾਵੇਗਾ। ਜਿਸ ਦੇ ਸਿੱਟੇ ਵਜੋਂ ਪੰਜਾਬੀ ਪਾਠਕ ਰਸਾਲਿਆਂ ਤੋਂ ਹੋਰ ਦੂਰ ਭੱਜਣ ਦੀ ਕੋਸ਼ਿਸ਼ ਕਰੇਗਾ। ਹੁਣ ਪੰਜਾਬੀ ਵਿੱਚ ਸਾਹਿਤਕ ਪਰਚੇ ਛਾਪਣੇ ਹੋਰ ਮਹਿੰਗੇ ਹੋ ਗਏ ਨੇ। ਸਥਿਤੀ ਬੜੀ ਚਿੰਤਾ ਜਨਕ ਬਣਦੀ ਜਾ ਰਹੀ ਏ।

ਪੰਜਾਬ ਸਰਕਾਰ ਨੇ ਸਾਹਿਤਕ ਰਸਾਲਿਆਂ ਨੂੰ ਇਸ਼ਤਿਹਾਰ ਦੇਣ ਦੀ ਕੋਈ ਨੀਤੀ ਅਜੇ ਤੱਕ ਨਹੀਂ ਬਣਾਈ। ਪੰਜਾਬ ਸਰਕਾਰ ਰੋਜਾਨਾਂ ਅਖ਼ਬਾਰਾਂ ਨੂੰ ਤਾਂ ਇਸ਼ਤਿਹਾਰਾ ਦੇ ਖੁੱਲ੍ਹੇ ਗੱਫੇ ਵੰਡ ਰਹੀ ਏ ਪਰ ਸਾਹਿਤਕ ਰਸਾਲਿਆਂ ਵੱਲ ਉਨ੍ਹਾਂ ਦਾ ਕੋਈ ਧਿਆਨ ਨਹੀਂ। ਜਦ ਕਿ ਸਾਹਿਤਕ ਪਰੰਪਰਾ ਨੂੰ ਮਜਬੂਤ ਤੇ ਉਸਾਰਨ ਵਿੱਚ ਸਾਹਿਤਕ ਪਰਚਿਆਂ ਦਾ ਬਹੁਤ ਵੱਡਾ ਰੋਲ ਹੁੰਦਾ ਏ। ਪੰਜਾਬੀ ਦੇ ਸਾਹਿਤਕ ਪਰਚਿਆਂ ਦੇ ਸੰਪਾਦਕਾਂ ਨੂੰ ਇਕ ਮੰਚ ਦੀ ਉਸਾਰੀ ਕਰਨੀ ਚਾਹੀਦੀ ਹੈ ਤੇ ਇਸ਼ਤਿਹਾਰ ਦੇਣ ਸੰਬੰਧੀ ਸਰਕਾਰਾਂ ਤੱਕ ਪਹੁੰਚ ਕਰਨੀ ਚਾਹੀਦੀ ਹੈ। ਤਾਂ ਕਿ ਸਾਹਿਤਕ ਪਰਚਿਆਂ ਉੱਤੇ ਆ ਰਹੇ ਆਰਥਿਕ ਸੰਕਟ ਸੰਬੰਧੀ ਕੋਈ ਰਾਹ ਨਿਕਲ ਸਕੇ। ਹੁਣ ਭਾਰਤੀ ਡਾਕ ਰਾਹੀਂ ਪੂਰੇ ਭਾਰਤ ਵਿੱਚ ਕਿਤਾਬਾਂ-ਰਸਾਲੇ ਭੇਜਣੀਆਂ ਹੋਰ ਵੀ ਮਹਿੰਗੀਆਂ ਹੋ ਗਈਆਂ ਨੇ। ਜਿਸ ਕਾਰਨ ਹੁਣ ਉਨ੍ਹਾਂ ਦੇ ਰੇਟ ਹੋਰ ਮਹਿੰਗੇ ਹੋ ਜਾਣਗੇ ਅਤੇ ਉਹ ਪਾਠਕਾਂ ਦੀ ਪਹੁੰਚ ਤੋਂ ਹੋਰ ਦੂਰ ਚਲੇ ਜਾਣਗੇ। ਰਸਾਲਿਆਂ ਨਾਲ ਵੀ ਇਹੀ ਹੋਣ ਦੀ ਸੰਭਾਵਨਾ ਏ।

**- ਭਗਵੰਤ ਰਸੂਲਪੁਰੀ**

# ਬੀਤੇ ਵਰ੍ਹੇ ਦੀ ਕਹਾਣੀ ਦਾ ਦ੍ਰਿਸ਼, ਦ੍ਰਿਸ਼ਟੀ ਅਤੇ ਸੰਕਟ



ਡਾ. ਸੰਦੀਪ ਰਾਣਾ, ਡਾ. ਸੁਖਪਾਲ ਕੌਰ, ਨਿਰੰਜਣ ਬੋਹਾ, ਐੱਚ. ਐੱਸ. ਡਿੰਪਲ, ਭਗਵੰਤ ਰਸੂਲਪੁਰੀ

*ਬੀਤੇ ਵਰ੍ਹੇ ਦੀ ਪੰਜਾਬੀ ਕਹਾਣੀ ਨੂੰ ਸਮਝਣ ਲਈ ਮੈਂ ਕੁਝ ਸਵਾਲ ਤਿਆਰ ਕੀਤੇ। ਸਵਾਲਾਂ ਨੂੰ ਤਿਆਰ ਕਰਨ ਪਿੱਛੇ ਮੇਰੀ ਭਾਵਨਾ ਇਹੀ ਸੀ ਕਿ ਮੇਰੇ ਸਮੇਤ ਸਾਰੇ ਪੰਜਾਬੀ ਪਾਠਕ ਬੀਤੇ ਵਰ੍ਹੇ ਦੀ ਕਹਾਣੀ ਨੂੰ ਸਮਝ ਸਕਣ। ਚੰਗੀ ਕਹਾਣੀ ਦੀ ਤਲਾਸ਼ ਕੀਤੀ ਜਾਵੇ ਤੇ ਜੋ ਮਾੜੀ ਕਹਾਣੀ ਛਪੀ ਉਸ 'ਤੇ ਵੀ ਉਂਗਲੀ ਰੱਖੀ ਜਾਵੇ। ਤਿੰਨ-ਚਾਰ ਵਿਸ਼ਲੇਸ਼ਣਾ 'ਚੋਂ ਦੋ ਕੁ ਦਰਜਨ ਕਹਾਣੀਆਂ ਦੀ ਪਛਾਣ ਹੋਈ ਵੀ। ਮੇਰੀ ਧਾਰਨਾ ਏ ਕਿ ਸੰਵਾਦ ਚੱਲਣਾ ਚਾਹੀਦਾ ਏ। ਇਹ ਰੁਕਣਾ ਨਹੀਂ ਚਾਹੀਦਾ। ਸਹਿਮਤੀਆਂ-ਅਸਹਿਮਤੀਆਂ ਬਣੀਆਂ ਰਹਿੰਦੀਆਂ ਨੇ। ਹਰ ਚੇਤਨ ਮਨੁੱਖ ਨੂੰ ਕਿਸੇ ਰਚਨਾ ਨੂੰ ਚੰਗੀ ਮਾੜੀ ਕਹਿਣ ਦਾ ਅਧਿਕਾਰ ਹੋਣਾ ਚਾਹੀਦਾ ਏ। ਕਈ ਵਾਰੀ ਅਸੀਂ ਡਰ ਕੇ ਸੁੰਗੜ ਜਾਂਦੇ ਆ। ਆਓ ਖੁੱਲ੍ਹ ਕੇ ਕਹਾਣੀ ਦੀ ਗੱਲ ਕਰੀਏ ਤੇ ਕਰਨ ਦਈਏ। -ਸੰਪਾਦਕ*

**ਰਸੂਲਪੁਰੀ** : ਬੀਤੇ ਸਾਲ ਦੀ ਕਹਾਣੀ 'ਚ ਕਿਹੜੇ ਨਵੇਂ ਲੱਛਣ ਉਭਰਦੇ ਤੁਸੀਂ ਵੇਖਦੇ ਹੋ।

**ਸੰਦੀਪ ਰਾਣਾ** : ਬੀਤੇ ਸਾਲ 2024 ਦੀ ਕਹਾਣੀ ਮਸਨੂਈ ਬੁੱਧੀ ਦੇ ਅਜੋਕੇ ਸਮੇਂ ਦੇ ਖਪਤਵਾਦੀ ਵਰਤਾਰਿਆਂ ਵਿੱਚੋਂ ਵਿਅਕਤੀ ਦੀ ਸਵੈ-ਹੋਂਦ ਨੂੰ ਤਲਾਸ਼ਦੀ ਕਹਾਣੀ ਹੈ। ਵਿਅਕਤੀ ਆਪ, ਉਸ ਦਾ ਮਨ ਅਤੇ ਉਸ ਦਾ ਤਨ ਹੁਣ ਕਹਾਣੀਆਂ ਦੇ ਕੇਂਦਰ ਵਿੱਚ ਆਉਂਦਾ ਜਾ ਰਿਹਾ ਹੈ। ਅੱਜ ਦਾ ਕਹਾਣੀਕਾਰ ਉਤਰ-ਮਾਨਵਵਾਦੀ ਯੁੱਗ ਦੇ ਵਰਤਾਰਿਆਂ ਨੂੰ ਜਿੰਨਾ ਜ਼ਿਆਦਾ ਬੇਬਾਕੀਪਣ ਨਾਲ਼ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕਰ ਰਿਹਾ ਹੈ, ਓਨਾਂ ਹੀ ਵੱਧ ਅਗਲੇ ਪੜਾਅ ਦਾ ਕਹਾਣੀਕਾਰ ਮੰਨਿਆ ਜਾ ਰਿਹਾ ਹੈ। ਪਰ ਇਹ ਵੀ ਸੱਚ ਹੈ ਕਿ ਬਿਰਤਾਂਤਕਾਰੀ ਦੇ ਮੁੱਢਲੇ ਲੱਛਣਾਂ ਤੋਂ ਪਰੇ ਹੋ ਕੇ ਕਈ ਕਹਾਣੀਆਂ ਆਪਣਾ ਵਿਧਾਗਤ ਰੂਪ ਹੀ ਹਾਸਲ ਨਹੀਂ ਕਰ ਪਾਉਂਦੀਆਂ।

**ਐੱਚ.ਐੱਸ. ਡਿੰਪਲ** : ਮੈਨੂੰ ਪਿਛਲੇ ਸਾਲ ਛਪੀਆਂ ਕਹਾਣੀਆਂ ਵਿੱਚ ਕੋਈ ਖਾਸ ਲੱਛਣ ਦਿਖਾਈ ਨਹੀਂ ਦਿੱਤੇ।

**ਡਾ. ਸੁਖਪਾਲ ਕੌਰ** : ਇਹ ਲੱਛਣ ਲੱਭਣੇ ਬੜੇ ਮੁਸ਼ਕਲ ਆ। ਬੀਤੇ ਸਾਲ ਦੀਆਂ ਕਹਾਣੀਆਂ ਵਿੱਚੋਂ ਅਸੀਂ ਇਹ ਲੱਛਣ ਨਹੀਂ ਪਛਾਣ ਸਕਦੇ ਕਿਉਂਕਿ ਕਹਾਣੀ ਦੀ ਸ਼ਕਲ ਬਦਲਣ ਦੀ ਤੋਰ ਬੜੀ ਮੱਧਮ ਹੁੰਦੀ ਹੈ। ਇਕ ਦਹਾਕੇ ਤੋਂ ਬਾਅਦ ਕਿਤੇ ਜਾ ਕੇ ਕੁਝ ਕਹਾਣੀਆਂ ਦੇ ਅਧਾਰ ਤੇ ਸਿੱਟੇ ਕੱਢ ਸਕਦੇ ਹਾਂ। ਮੈਨੂੰ ਕੋਈ ਅਜਿਹੀ ਕਹਾਣੀ ਲੱਭੀ ਨਹੀਂ ਜਿਸ ਨੇ ਪੰਜਾਬੀ ਕਹਾਣੀ ਦੀ ਬਣਤਰ 'ਤੇ ਡੈਂਟ ਪਾਇਆ ਹੋਵੇ। ਜਿਵੇਂ ਚੌਥੀ ਪੀੜ੍ਹੀ ਉੱਭਰ ਕੇ ਆਈ ਸੀ ਹੁਣ ਪੰਜਵੀ ਪੀੜ੍ਹੀ ਦੇ

ਸੂਤਰ ਅਜੇ ਸਾਨੂੰ ਵਿਖਾਈ ਨਹੀਂ ਦੇ ਰਹੇ।

**ਨਿਰੰਜਣ ਬੋਹਾ** : ਮੇਰਾ ਮੰਨਣਾ ਹੈ ਕਿ ਸੰਨ 2024 ਦੀ ਪੰਜਾਬੀ ਕਹਾਣੀ ਦੇ ਨਕਸ਼ ਤਿੰਨ ਚਾਰ ਦਹਾਕੇ ਪਹਿਲੋਂ ਲਿਖੀ ਕਹਾਣੀ ਨਾਲੋਂ ਬਹੁਤ ਬਦਲੇ ਵਿਖਾਈ ਦਿੰਦੇ ਹਨ। ਸਮਾਜਿਕ, ਆਰਥਿਕ ਤੇ ਸਭਿਆਚਾਰਕ ਖੇਤਰ ਵਿਚ ਆਈਆਂ ਵਿਆਪਕ ਤਬਦੀਲੀਆਂ ਦੇ ਸਮਾਂਤਰ ਹੀ ਇਸ ਸਾਲ ਦੀ ਪੰਜਾਬੀ ਕਹਾਣੀ ਵਿਚ ਤਿੱਖੀਆਂ ਤੇ ਹੈਰਾਨਕੁੰਨ ਤਬਦੀਲੀਆਂ ਵੇਖਣ ਨੂੰ ਮਿਲੀਆਂ ਹਨ। ਮਨਸੂਈ ਬੌਧਿਕਤਾ ਨਾਲ ਸਬੰਧਤ ਕਹਾਣੀਆਂ ਦੀ ਤੇਜ ਰਫ਼ਤਾਰ ਤੇ ਆਮਦ ਨੇ ਪੰਜਾਬੀ ਕਹਾਣੀ ਦੇ ਬਹੁਤ ਸਾਰੇ ਪੁਰਾਣੇ ਮੰਤਵੀ ਮਾਪਦੰਡਾਂ ਨੂੰ ਤੋੜਿਆ ਹੈ ਅਤੇ ਗਲੋਬਲੀ ਯੁੱਗ ਦੇ ਨਵੇਂ ਮਾਪਦੰਡਾਂ ਦੀ ਸਥਾਪਨਾ ਕੀਤੀ ਹੈ। ਹੁਣ ਪੰਜਾਬੀ ਕਹਾਣੀਕਾਰ ਪਾਠਕ ਦੀਆਂ ਜਗਿਆਸੂ ਬਿਰਤੀਆਂ ਵਿੱਚ ਆ ਰਹੀਆਂ ਇਹਨਾਂ ਤਬਦੀਲੀਆਂ ਨੂੰ ਮਹਿਸੂਸ ਕਰਨ ਲੱਗ ਪਏ ਹਨ ਕਿ ਅੱਜ ਦੇ ਪਾਠਕ ਦੀ ਸੁਹਜ ਸਤੁੰਸ਼ਟੀ ਜੀਵਨ ਦੀ ਸਰਲ ਵਿਆਖਿਆ ਕਰਨ ਵਾਲੀਆਂ ਕਹਾਣੀਆਂ ਲਿਖ ਕੇ ਨਹੀਂ ਕੀਤੀ ਜਾ ਸਕਦੀ। ਸੰਨ 2024 ਦੇ ਪਾਠਕ ਨੇ ਵਧੇਰੇ ਕਰਕੇ ਉਨ੍ਹਾਂ ਹੀ ਕਹਾਣੀਆਂ ਦਾ ਪਾਠ ਕੀਤਾ ਹੈ ਜਿਹੜੀਆਂ ਨਵੇਂ ਯੁੱਗ ਦੀਆਂ ਨਵੀਆਂ ਰਮਜ਼ਾਂ ਨੂੰ ਸਮਝ ਸਕਣ ਵਿੱਚ ਉਸਦੀ ਮੱਦਦ ਕਰ ਸਕਦੀਆਂ ਹੋਣ।

**ਰਸੂਲਪੁਰੀ** : ਤੁਸੀਂ ਸਮਝਦੇ ਹੋ, ਵਿਸ਼ੇ ਤੇ ਤਕਨੀਕ ਦੇ ਪੱਖ ਤੋਂ ਕੋਈ ਨਵੇਂ ਤਜਰਬੇ ਵੀ ਹੋਏ?

**ਐੱਸ. ਐੱਸ ਡਿੰਪਲ** : ਗੁਰਮੀਤ ਪਨਾਗ, ਪ੍ਰਵੇਜ਼ ਸੰਧੂ (ਦੋਵੇਂ ਰਾਗ 14-15), ਸਰਘੀ (ਡੰਗ, ਰਾਗ -19) ਤੇ ਜਗਵਿੰਦਰ ਜੋਧਾ (ਤਾਸਮਾਨ) ਨੇ ਨਸ਼ਿਆਂ ਤੇ ਆਧਾਰਿਤ ਕਹਾਣੀਆਂ ਲਿਖੀਆਂ। ਤਕਨੀਕ ਪੱਖੋਂ ਕੋਈ ਖਾਸ ਤਜਰਬਾ ਦਿਖਾਈ ਨਹੀਂ ਦਿੱਤਾ। ਭੁਪਿੰਦਰ ਸਿੰਘ ਮਾਨ ਦੀ ਕਹਾਣੀ 'ਹੈੱਡ ਹੰਟਰਜ਼ ਯਾਤਰਾ ਸੰਸਮਰਣ ਦੀ ਤਕਨੀਕ ਨਾਲ ਲਿਖੀ ਉੱਤਰ-ਪੱਛਮੀ ਲੋਕਾਂ ਦੇ ਜਿਉਣ/ਮਾਰਨ ਢੰਗ (ਤੇ ਇਸਦੀ ਪੰਜਾਬ ਦੀ ਲੋਕ-ਪੱਖੀ ਸਿੱਖ ਵਿਰਾਸਤ) ਦੇ ਨਵੇਂ ਵਿਸ਼ੇ ਦੀ ਕਹਾਣੀ ਹੈ। ਹਰਪਾਲ ਸਿੰਘ ਪੰਨੂ ਨੇ 'ਲਕੀਰ ਦਾ ਕੁਟਾਪਾ' ਕਹਾਣੀ ਵਿੱਚ ਲੋਕ-ਧਾਰਾਈ ਤੇ ਮਿਥਿਹਾਸਕ/ਇਤਿਹਾਸਕ ਰੰਗ ਭਰਿਆ ਹੈ, ਭਾਵੇਂ ਕਿ ਮਨਮੋਹਨ ਬਾਵਾ ਇਸ ਤਰ੍ਹਾਂ ਦੀ ਕਹਾਣੀ ਵਿੱਚ ਮਾਹਰ ਹੈ। ਅਲਫ਼ਾਜ਼ ਵਿਗਿਆਨਕ ਗਲਪ ਵਿੱਚ ਵੰਨ-ਸੁਵੰਨੇ ਵਿਸ਼ੇ ਲੈ ਕੇ ਦਾਖ਼ਲ ਹੋਇਆ ਹੈ।

**ਸੰਦੀਪ ਰਾਣਾ** : ਇਸ ਵਰ੍ਹੇ ਦੇ ਕਹਾਣੀਕਾਰਾਂ ਵੱਲੋਂ ਕੁਝ ਕੁ ਨਵੇਂ ਵਿਸ਼ਿਆਂ ਨੂੰ ਲੈ ਕੇ ਤਜਰਬੇ ਕੀਤੇ ਗਏ ਹਨ ਜਿਨ੍ਹਾਂ ਵਿੱਚੋਂ ਵਿਅਕਤੀ ਦੀ ਸਵੈ-ਪਛਾਣ, ਰਿਸ਼ਤਿਆਂ ਦੇ ਨਵੇਂ ਸਮੀਕਰਨ, ਵਿਆਹੁਤਾ ਸਬੰਧਾਂ ਦੀ ਨਵੀਂ ਵਿਆਖਿਆ, ਤਕਨੀਕੀ ਯੁੱਗ ਵਿੱਚ ਜਾਗੀਰਦਾਰੀ ਮਾਨਸਿਕਤਾ ਦੀ ਝਲਕ ਅਤੇ ਉਦਯੋਗਪਤੀਆਂ ਵੱਲੋਂ ਜ਼ਬਰੀ ਪੈਦਾ ਕੀਤੀਆਂ ਖਪਤਵਾਦੀ ਚਾਹਤਾਂ ਜ਼ਿਕਰਯੋਗ ਹਨ। ਇਸ ਤੋਂ ਇਲਾਵਾ ਨਵੇਂ ਤਕਨੀਕੀ ਯੁੱਗ ਵਿੱਚ ਸੋਸ਼ਲ ਮੀਡੀਆ ਅਤੇ ਵਰਚੁਅਲ ਪਲੇਟਫਾਰਮਾਂ ਦੀ ਵਰਤੋਂ ਇਸ ਸਾਲ ਦੀਆਂ ਕਹਾਣੀਆਂ ਵਿੱਚ ਹੋਈ ਹੈ। ਪਰ ਇਹ ਵੀ ਸੱਚ ਹੈ ਕਿ ਇਹਨਾਂ ਵਿਅਕਤੀਵਾਦੀ ਵਿਸ਼ਿਆਂ ਦਾ ਰੁਝਾਨ ਇਸ ਸਾਲ ਇਕਦਮ ਸ਼ੁਰੂ ਨਹੀਂ ਹੋਇਆ, ਪਿਛਲੇ ਕੁਝ ਸਾਲਾਂ ਤੋਂ ਇਹਨਾਂ ਵਸਤੂਵਾਦੀ ਇੱਛਾਵਾਂ, ਤਰਜੀਹਾਂ ਅਤੇ ਲਾਲਸਾਵਾਂ ਦੀ ਨਿਸ਼ਾਨਦੇਹੀ ਪੰਜਾਬੀ ਕਹਾਣੀ ਵਿੱਚ ਕੀਤੀ ਜਾ ਰਹੀ ਹੈ। ਸੇਫ਼ਟੀ ਕਿੱਟ, ਮੁਕਦੀ ਗੱਲ, ਕਿਤੇ ਉਹ ਨਾ ਹੋਵੇ, ਤੂੰ ਨਿਹਾਲਾ ਨਾ ਬਣੀ, 'ਉੱਚੀਆਂ ਆਵਾਜ਼ਾਂ' ਅਤੇ 'ਟੈਬੂ' ਕਹਾਣੀ ਸੰਗ੍ਰਹਿ ਇਸ ਵਰਤਾਰੇ ਦੀ ਪ੍ਰਤੱਖ ਮਿਸਾਲ ਹਨ। ਇਸੇ ਰਵਾਇਤ ਨੂੰ ਅੱਗੇ ਤੋਰਦਿਆਂ ਇਸ ਸਾਲ ਸਾਂਵਲ ਧਾਮੀ, ਬੂਟਾ ਸਿੰਘ ਚੌਹਾਨ, ਭਗਵੰਤ ਰਸੂਲਪੁਰੀ, ਦਰਸ਼ਨ ਜੋਗਾ, ਸਰਬਜੀਤ ਕੌਰ ਸੋਹਲ, ਅਲਫ਼ਾਜ਼, ਪਵਿੱਤਰ ਕੌਰ ਮਾਟੀ

ਅਤੇ ਸਵਾਮੀ ਸਰਬਜੀਤ ਵਰਗੇ ਕਹਾਣੀਕਾਰਾਂ ਨੇ ਨਵੇਂ ਤਜਰਬੇ ਕੀਤੇ ਹਨ। ਕੁਝ ਤਜਰਬੇ ਵੇਖਣ ਨੂੰ ਹੀ ਭਾਵੇਂ ਨਵੇਂ ਦਿਖਾਈ ਦਿੰਦੇ ਨੇ, ਕਹਾਣੀ ਬਹੁਤ ਪਿੱਛੇ ਰਹਿ ਗਈ ਹੈ।

**ਨਿਰੰਜਣ ਬੋਹਾ** : ਪੰਜਾਬੀ ਕਹਾਣੀ ਵਿਚ ਵਿਸ਼ੇ ਤੇ ਤਕਨੀਕ ਪੱਖੋਂ ਬਦਲਾਓ ਦੀ ਪ੍ਰੀਕ੍ਰਿਆ ਨਿਰੰਤਰ ਜਾਰੀ ਰਹਿਣ ਵਾਲੇ ਵਹਿਣ ਵਰਗੀ ਹੁੰਦੀ ਹੈ। ਹਰ ਲੰਘਿਆ ਸਾਲ ਪੰਜਾਬੀ ਕਹਾਣੀ ਵਿਚ ਵਿਸ਼ੇ ਤੇ ਤਕਨੀਕ ਪੱਖੋ ਹੋਏ ਨਵੇਂ ਤਜ਼ਰਬਿਆਂ ਦੀ ਛਾਪ ਜ਼ਰੂਰ ਛੱਡ ਕੇ ਜਾਂਦਾ ਹੈ। ਸੂਚਨਾ ਕ੍ਰਾਂਤੀ ਦੇ ਪ੍ਰਭਾਵ ਹੇਠ ਜੀਵਨ ਮੁੱਲਾਂ ਵਿਚ ਨਿਰਤਰ ਆਉਣ ਵਾਲੇ ਸੂਖ਼ਮ ਬਦਲਾਵਾਂ ਨੂੰ ਸੂਖ਼ਮ ਭਾਵੀ ਜੁਗਤਾਂ ਰਾਹੀਂ ਪੇਸ਼ ਕਰਨ ਦੀ ਲੋੜ ਇਸ ਸਾਲ ਕਹਾਣੀਕਾਰਾਂ ਨੂੰ ਨਵੇਂ ਤਜ਼ਰਬੇ ਕਰਨ ਲਈ ਵਿਸ਼ੇਸ਼ ਤੌਰ 'ਤੇ ਪ੍ਰੇਰਿਤ ਕਰਦੀ ਰਹੀ ਹੈ। ਵਿਖੰਡਤ ਮਨੁੱਖੀ ਮਾਨਸਿਕ ਵਿਚ ਪੈਦਾ ਹੋਣ ਵਾਲੀਆਂ ਮਹੀਨ ਪ੍ਰਤੀਕ੍ਰਿਆਵਾਂ, ਮਨੁੱਖੀ ਮਨ ਦੀ ਨਿਰੰਤਰ ਟੁੱਟ ਭੱਜ ਤੇ ਨਵੇਂ ਉਸਾਰ ਦੀ ਪ੍ਰੀਕ੍ਰਿਆ ਨੂੰ ਸਮਝਣ ਲਈ ਪਾਠਕ ਅਜਿਹੀਆਂ ਕਹਾਣੀਆਂ ਦੇ ਪਾਠ ਦੀ ਲੋੜ ਮਹਿਸੂਸ ਕਰਦਾ ਹੈ , ਜਿਹੜਾ ਨਵੇਂ ਉਸਰ ਰਹੇ ਸਮਾਜਿਕ ਯਥਾਰਥ ਬਾਰੇ ਉਸਦੀ ਸਮਝ ਦਾ ਵਿਸਥਾਰ ਕਰ ਸਕਣ। ਇਸ ਪੱਖੋ ਸਾਲ 2024 ਦੀ ਕਹਾਣੀ ਨੇ ਪਾਠਕਾਂ ਦੀ ਬਹੁਤ ਮੱਦਦ ਕੀਤੀ ਹੈ।

**ਡਾ. ਸੁਖਪਾਲ ਕੌਰ** : ਵਿਸ਼ੇ ਜ਼ਰੂਰ ਨਵੇਂ ਆਏ। ਪਰ ਏਥੇ ਸਵਾਲ ਇਹ ਵੀ ਹੈ ਕਿ ਕੀ ਨਵੇਂ ਵਿਸ਼ੇ ਵਾਲੀਆ ਕਹਾਣੀਆਂ ਵੀ ਬਣੀਆਂ ਹਨ ਜਾਂ ਨਹੀਂ। ਕਈ ਵਾਰ ਕਹਾਣੀਕਾਰ ਨਵੇਂ ਵਿਸ਼ੇ ਨਵੇਂ ਲੈ ਕੇ ਕਹਾਣੀ ਦੀ ਪੌੜੀ ਚੜ੍ਹਨਾ ਚਾਹੁੰਦੇ ਨੇ ਪਰ ਕਹਾਣੀ ਨਹੀਂ ਲਿਖ ਰਹੇ ਹੁੰਦੇ ਪਾਠਕ ਨੂੰ ਸੂਚਨਾਵਾਂ ਦੇ ਰਹੇ ਹੁੰਦੇ ਨੇ ਸੂਚਨਾਵਾਂ ਦੇ ਹੜ ਵਿੱਚ ਵਹਿ ਕੇ ਵਾਕ ਤੇ ਵਾਕ ਲਿਖੀ ਜਾ ਰਹੇ ਹੁੰਦੇ ਨੇ। ਕਹਾਣੀ ਪਹਿਲਾਂ ਬਣਨੀ ਚਾਹੀਦੀ ਹੈ। ਕਹਾਣੀ ਦੇ ਜੋ ਮੂਲ ਤੱਤ ਹੁੰਦੇ ਹਨ ਉਹ ਹੋਣੇ ਬਹੁਤ ਜ਼ਰੂਰੀ ਹਨ।

**ਰਸੂਲਪੁਰੀ** : ਕੀ ਤੁਹਾਨੂੰ ਲੱਗਦਾ ਹੈ ਕਿ ਨਵਾਂ ਕਹਾਣੀਕਾਰ ਨਵਾਂ ਨਵਾਂ ਕਹਿ ਕੇ ਕਹਾਣੀ ਵਿੱਚ ਵਰਣਨ ਵਧੇਰੇ ਕਰਨ ਲੱਗ ਪਿਆ ਹੈ ਤੇ ਵਿਸ਼ਲੇਸ਼ਣ ਪਿੱਛੇ ਰਹਿ ਗਿਆ ਹੈ। ਪ੍ਰਸਥਿਤੀਆਂ ਦਾ ਵਿਸ਼ਲੇਸ਼ਣ ਜਾਂ ਕਹਿ ਲਓ ਪਾਤਰਾਂ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਕਿਸ ਤਰ੍ਹਾਂ ਕਹਾਣੀਆਂ ਵਿੱਚ ਆਉਂਦਾ ਹੈ?

**ਸੰਦੀਪ ਰਾਣਾ** : ਇਹ ਸੱਚ ਹੈ ਕਿ ਕੁਝ ਕਹਾਣੀਕਾਰ ਕਹਾਣੀ ਵਿਚਲੇ ਹਾਲਾਤਾਂ ਦਾ ਵਰਣਨ ਇਸ ਹੱਦ ਤਕ ਕਰ ਦਿੰਦੇ ਹਨ ਕਿ ਪਾਠਕ ਦੁਆਰਾ ਕਹਾਣੀ ਦੇ ਚਿੰਤਨ ਦੀ ਗੁੰਜਾਇਸ਼ ਬਹੁਤ ਘੱਟ ਰਹਿ ਜਾਂਦੀ ਹੈ ਪਰ ਇਸ ਵਿੱਚ ਨਵੇਂ ਜਾਂ ਪੁਰਾਣੇ ਕਹਾਣੀਕਾਰ ਹੋਣਾ ਕੋਈ ਅਸਰ ਨਹੀਂ ਪਾਉਂਦਾ। ਹਰਦੀਪ ਕੌਰ (ਸ਼ਮਸ਼ਾਨ ਘਾਟ ਸੌਂ ਗਿਆ) ਆਪਣੀਆਂ ਕਹਾਣੀਆਂ ਦੇ ਕੁਝ ਪਾਸਾਰਾਂ ਵਿੱਚ ਆਪ ਹਾਲਤਾਂ ਨੂੰ ਬਿਆਨਦੀ ਹੋਈ ਵਿਸਥਾਰ ਦਿੰਦੀ ਹੈ ਪਰ ਲਖਵਿੰਦਰ ਵਿਰਕ (ਰੰਗ ਜੋ ਸੂਹਾ ਨਹੀਂ ਸੀ) ਆਪਣੇ ਪਲੇਠੇ ਸੰਗ੍ਰਹਿ ਦੀਆਂ ਕਹਾਣੀਆਂ ਵਿੱਚ ਵੀ ਅਜਿਹਾ ਵਿਸਥਾਰ ਨਹੀਂ ਦਿੰਦੀ। ਦੂਜੇ ਪਾਸੇ ਨੇਤਰ ਰੋਗ ਮਾਹਿਰ ਡਾ. ਬਲਜੀਤ ਸਿੰਘ ਢਿਲੋਂ ਪਾਠਕ ਦੇ ਚਿੰਤਨ ਲਈ ਕੁਝ ਬਾਕੀ ਨਹੀਂ ਰਹਿਣ ਦਿੰਦੇ ਅਤੇ ਇਸ ਦੇ ਉਲਟ ਸਾਂਵਲ ਧਾਮੀ, ਬੂਟਾ ਸਿੰਘ ਚੌਹਾਨ, ਭਗਵੰਤ ਰਸੂਲਪੁਰੀ ਅਤੇ ਦਰਸ਼ਨ ਜੋਗਾ ਵਰਗੇ ਸਥਾਪਤ ਕਹਾਣੀਕਾਰ ਪਾਠਕ ਦੇ ਜ਼ਿਹਨਾਂ ਨੂੰ ਝੰਜੋੜਨ ਵਿੱਚ ਕਾਮਯਾਬ ਹੁੰਦੇ ਹਨ।

**ਨਿਰੰਜਣ ਬੋਹਾ** : ਕਹਾਣੀ ਦੇ ਪਾਤਰਾਂ ਦੀ ਜਟਿਲ ਬਣਦੀ ਜਾ ਰਹੀ ਮਾਨਸਿਕਤਾ ਦੀ ਥਾਹ ਪਾਉਣ ਲਈ ਉਸਦੇ ਹਾਣ ਦੇ ਨਵੇਂ ਅਨੁਭਵਾਂ ਦੀ ਲੋੜ ਹੈ ਪਰ ਇਹ ਨਵਾਂਪਣ ਇਕ ਤਕਨੀਕ ਵਜੋਂ ਕਹਾਣੀਕਾਰ ਦੇ ਦਿਮਾਗ ਨੂੰ ਨਹੀਂ ਚੜ੍ਹਣਾ ਚਾਹੀਦਾ। ਜੀਵਨ ਦੇ ਸਾਰੇ ਨੈਤਿਕ ਮੁੱਲਾਂ ਤੇ

ਰਿਸ਼ਤਿਆਂ ਦੀ ਮਰਿਆਦਾ ਨੂੰ ਮੁੱਢੋ ਸੁੱਢੋਂ ਹੀ ਰੱਦ ਕਰਨਾ ਨਵਾਂਪਣ ਨਹੀਂ ਸਗੋਂ ਆਪਣੀ ਕਿਸਮ ਦਾ ਮਾਨਸਿਕ ਵਿਗਾੜ ਹੈ। ਨਵੇਂਪਣ ਦੇ ਨਾਂ ਤੇ ਰਿਸ਼ਤਿਆਂ ਦੀ ਮਰਿਆਦਾ ਦਾ ਭੰਜਨ ਸਮਾਜ ਦਾ ਕੁਝ ਨਹੀਂ ਸੁਆਰਦਾ ਸਗੋਂ ਸਮਾਜਿਕ ਅਨਾਰਕੀ ਵਾਲਾ ਮਾਹੌਲ ਪੈਦਾ ਕਰਦਾ ਹੈ। ਅਜਿਹੀ ਕਹਾਣੀ ਅੱਜ ਨਹੀਂ ਤਾਂ ਕੱਲ੍ਹ ਪਾਠਕਾਂ ਵੱਲੋਂ ਨਕਾਰ ਦਿੱਤੀ ਜਾਵੇਗੀ। ਸਾਡੇ ਲਈ ਤਸੱਲੀ ਵਾਲੀ ਗੱਲ ਇਹ ਹੈ ਸਾਡੇ ਬਹੁ ਗਿਣਤੀ ਕਹਾਣੀਕਾਰ ਆਪਣੀ ਵਿਸ਼ਲੇਸ਼ਣੀ ਪਹੁੰਚ ਵਿੱਚ ਹੀ ਨਵਾਂਪਣ ਲਿਆ ਕੇ ਸਮਾਜ ਦੇ ਜਟਿਲ ਤਾਣੇ ਬਾਣੇ ਨੂੰ ਸਮਝਣ ਦਾ ਯਤਨ ਕਰ ਰਹੇ ਹਨ।

ਕਹਾਣੀਕਰ ਦੀ ਵਿਸ਼ਲੇਸ਼ਣੀ ਸਮਰੱਥਾ ਇਸ ਗੱਲ ’ਤੇ ਨਿਰਭਰ ਹੁੰਦੀ ਹੈ ਕਿ ਕਹਾਣੀ ਵਿਚ ਦਰਪੇਸ਼ ਸਥਿਤੀਆਂ ਨਾਲ ਉਸਦੇ ਆਪਣੇ ਸਬੰਧ ਟਕਰਾਵੇਂ ਹਨ ਜਾਂ ਸੁਖਾਲੇ, ਅਤੇ ਉਹ ਇਹਨਾਂ ਪ੍ਰਸਥੀਤੀਆਂ ਨੂੰ ਆਪਣੀ ਮਾਨਸਿਕ ਸਵਕ੍ਰਿਤੀ ਦਿੰਦਾ ਜਾਂ ਨਕਾਰਦਾ ਹੈ। ਦਰਪੇਸ਼ ਸਥਿਤੀਆਂ ਤੇ ਕਹਾਣੀਕਾਰ ਦੀ ਸੋਚ ਵਿਚਕਾਰ ਜਿਨਾਂ ਤਣਾਓ ਹੈ, ਉਸ ਅਨੁਪਾਤ ਵਿਚ ਹੀ ਉਸਦੀ ਵਿਸ਼ਲੇਸ਼ਣ ਵਿਚ ਗਹਿਰਾਈ ਆਉਂਦੀ ਹੈ। ਕਹਾਣੀ ਲਿਖਦਿਆਂ ਉਹ ਆਪਣੇ ਪਾਤਰਾਂ ਨਾਲ ਭਾਵਨਾਤਕ ਧਰਾਤਲ ’ਤੇ ਇਕ ਰਿਸ਼ਤਾ ਵੀ ਜੋੜਦਾ ਹੈ। ਇਹ ਰਿਸ਼ਤਾ ਜਿਨਾਂ ਨੇੜਲਾ ਹੈ ਉਨਾਂ ਹੀ ਉਹ ਪਾਤਰਾ ਦੀ ਮਾਨਸਿਕ ਡੂੰਘਾਈ ਦੀ ਥਾਹ ਪਾ ਸਕਦਾ ਹੈ।

**ਐੱਚ. ਐੱਸ. ਡਿੰਪਲ** : ਇਸ ਗੱਲ ਨਾਲ ਮੈਂ ਕਾਫ਼ੀ ਹੱਦ ਤੱਕ ਸਹਿਮਤ ਹਾਂ। ਪਰਿਸਥਿਤੀਆਂ ਦਾ ਵਿਸ਼ਲੇਸ਼ਣ ਜਾਂ ਪਾਤਰਾਂ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਸੁਭਾਵਿਕ ਰੂਪ ਵਿੱਚ ਕਹਾਣੀ ਦਾ ਹਿੱਸਾ ਬਣਨਾ ਚਾਹੀਦਾ।

**ਡਾ. ਸੁਖਪਾਲ ਕੌਰ** : ਮੈਂ ਪਿੱਛੇ ਵੀ ਕਹਿ ਆਈ ਹਾਂ ਕਿ ਹੁਣ ਫਿਰ ਕਹਿ ਰਹੀ ਹਾਂ ਕਿ ਪਹਿਲਾਂ ਇਹ ਵੇਖਣਾ ਜ਼ਰੂਰੀ ਹੈ ਕਿ ਉਹ ਕਹਾਣੀ ਬਣੀ ਵੀ ਹੈ ਜਾਂ ਨਹੀਂ। ਇਸ ਵਰ੍ਹੇ ਦੀ ਕਹਾਣੀ ਵਿੱਚ ਜਿਹੜੀ ਕਹਾਣੀ ਨਵੇਂ ਵਿਸ਼ੇ ਕਹਿ ਕੇ ਉਛਾਲੀ ਗਈ ਹੈ ਤੁਸੀਂ ਵੇਖਣਾ ਇਹ ਦੋ ਸਾਲਾਂ ਬਾਅਦ ਲੱਭਣੀ ਨਹੀਂ।

**ਰਸੂਲਪੁਰੀ** : ਬੀਤੇ ਸਾਲ ਦੀ ਕਹਾਣੀ ਪੜ੍ਹ ਕੇ ਤੁਹਾਨੂੰ ਕਿਤੇ ਕਿਤੇ ਇਹ ਵੀ ਲੱਗਦਾ ਹੈ ਕਿ ਕਹਾਣੀਕਾਰਾਂ ਕੋਲੋਂ ਕਲਾਮਿਕਤਾ ਸੁੰਗੜ ਗਈ ਹੈ? ਜਾਂ ਉਹ ਪੀਸੇ ਨੂੰ ਦੁਬਾਰਾ ਪੀਸੀ ਜਾਂਦੇ ਆ।

**ਸੰਦੀਪ ਰਾਣਾ** : ਇਹ ਗੱਲ ਸਹੀ ਹੈ ਕਿ ਕਹਾਣੀ ਸਿਰਜਣ ਖੇਤਰ ਵਿੱਚੋਂ ਕਲਾਤਮਕਤਾ ਘੱਟ ਹੋ ਰਹੀ ਹੈ। ਉਹੀ ਵਿਸ਼ੇ, ਉਹੀ ਲੇਖਣ ਸ਼ੈਲੀ ਅਤੇ ਉਹੀ ਆਮ ਸਰਲ ਭਾਸ਼ਾ ਵਾਲੀਆਂ ਕਹਾਣੀਆਂ ਗਿਣਾਤਮਕ ਵਾਧਾ ਤਾਂ ਕਰ ਸਕਦੀਆਂ ਹਨ ਪਰ ਗੁਣਾਤਮਕ ਵਾਧੇ ਲਈ ਕਹਾਣੀ ਸਿਰਜਣ ਕਲਾ ਦੀ ਨਿਪੁੰਨਤਾ ਲੋੜੀਂਦੀ ਹੁੰਦੀ ਹੈ ਜੋ ਕੁਝ ਕੁ ਕਹਾਣੀਕਾਰਾਂ ਵਿੱਚ ਦਿੱਸੀ ਹੈ।

**ਨਿਰੰਜਣ ਬੋਹਾ** : ਹਰ ਲੰਘੇ ਸਾਲ ਦੀ ਕਹਾਣੀ ਦੀ ਕਲਾਤਮਿਕਤਾ ਵਿੱਚ ਨਵੇਂ ਵਾਧੇ ਘਾਟੇ ਹੁੰਦੇ ਹਨ। ਜਿੱਥੇ ਕਹਾਣੀ ਲਈ ਨਵੀਂ ਭਾਵ ਭੂਮੀ ਦੀ ਤਲਾਸ਼ ਵਿਚ ਅਸਮਰੱਥ ਰਹਿਣ ਵਾਲੇ ਕੁਝ ਕਹਾਣੀਕਾਰ ਪੀਸੇ ਨੂੰ ਹੀ ਦੁਬਾਰਾ ਪੀਸਦੇ ਹਨ, ਉੱਥੋਂ ਅਸਲੋਂ ਹੀ ਨਵੇਂ ਵਿਸ਼ਿਆ ’ਤੇ ਨਵੀਂ ਗੱਲ ਕਰਨ ਵਾਲੇ ਕਹਾਣੀਕਾਰਾਂ ਦੀ ਆਮਦ ਵੀ ਹੁੰਦੀ ਹੈ। ਸਮੁੱਚੀ ਕਹਾਣੀ ਦੀ ਕਲਾਤਮਿਕਤਾ ਨਹੀਂ ਸੁੰਗੜਦੀ ਸਗੋਂ ਸਿਰਫ ਆਪਣਾ ਤੇ ਕਹਾਣੀ ਦਾ ਦੁਹਰਾਓ ਕਰਨ ਵਾਲੇ ਕਹਾਣੀਕਾਰਾਂ ਅੰਦਰਲੀ ਕਲਾਤਮਿਕਤਾ ਹੀ ਸੁੰਗੜਦੀ ਹੈ। ਇਹ ਚੱਲਦਾ ਰਹਿਣਾ ਹੈ। ਜੀਵਨ ਦੀਆਂ ਨਵੀਆਂ ਲੋੜਾਂ, ਨਵੇਂ ਮੁੱਲਾਂ ਤੇ ਨਵੇਂ ਦਿਸਹੱਦਿਆਂ ਦੀ ਨਿਸ਼ਾਨਦੇਹੀ ਕਰਨ ਵਾਲੀਆਂ ਕਹਾਣੀਆਂ ਨੇ ਹਰ ਸਾਲ ਤੇ ਹਰ ਹਾਲ ਵਿਚ ਆਪਣੀ ਛਾਪ ਛੱਡਦੇ ਰਹਿਣਾ ਹੈ।

**ਡਾ. ਸੁਖਪਾਲ ਕੌਰ :** ਵੇਖੋ ...ਕਹਾਣੀ ਉਹ ਹੀ ਬਚੀ ਰਹਿਣੀ ਹੈ ਜਿਹੜੀ ਕਲਾਤਮਿਕ ਤੌਰ ਤੇ ਜਾਨਦਾਰ ਹੋਵੇਗੀ। ਜਿਹਦੇ ਵਿੱਚ ਕਹਾਣੀਕਾਰ ਨੇ ਅਜਿਹੇ ਜਿਹਨ ਜਾਂ ਮਿੱਥਾਂ ਵਰਤੀਆਂ ਹੋਣਗੀਆਂ ਜਿਹੜੀਆਂ ਪੰਜਾਬੀ ਸਮਾਜ ਦੇ ਕਲਚਰ ਵਿੱਚ ਬਹੁਤ ਗਹਿਰੀਆਂ ਪਈਆਂ ਹੋਣਗੀਆਂ। ਤੁਸੀਂ ਵੇਖੋਂ ਉਨ੍ਹਾਂ ਕਹਾਣੀਆਂ ਦਾ ਕੀ ਬਣਿਆ ਜਿਹੜੀਆਂ ਪੰਜਾਬੀ ਕਹਾਣੀਕਾਰਾਂ ਨੇ ਆਪਣੇ ਸਮਾਜ ਤੋਂ ਕਿਸੇ ਬਾਹਰਲੇ ਸਮਾਜ ਬਾਰੇ ਕਹਾਣੀਆਂ ਲਿਖੀਆਂ। ਪੰਜਾਬੀ ਤੋਂ ਬਾਹਰਲੇ ਪਾਤਰ ਵਗੈਰਾ ਲੈ ਕੇ। ਜਿੰਨ੍ਹਾਂ ਚਿਰ ਕਹਾਣੀਕਾਰ ਨੂੰ ਉਸ ਕਲਚਰ ਦੀ ਬਰੀਕ ਸਮਝ ਨਹੀਂ ਜਿਸ ਕਲਚਰ ਵਿੱਚੋਂ ਉਹ ਕਹਾਣੀਕਾਰ ਪਾਤਰ ਲੈਂਦਾ ਹੈ ਤਾਂ ਉਹਦਾ ਹਸ਼ਰ ਮਾੜਾ ਹੀ ਹੋਵੇਗਾ। ਅੱਜਕੱਲ ਪਰਵਾਸ ਬਾਰੇ ਸਾਡੇ ਪੰਜਾਬੀ ਕਹਾਣੀਕਾਰ ਪੰਜਾਬ ਦੇ ਪਿੰਡਾਂ-ਕਸਬਿਆਂ ਵਿੱਚ ਬੈਠ ਕੇ ਬਹੁਤ ਕਹਾਣੀਆਂ ਲਿਖ ਰਹੇ ਹਨ ਵਰਜਿਤ ਵਿਸ਼ਿਆ ਬਾਰੇ ਸੋਸ਼ਲ ਮੀਡੀਆ ਦੇ ਪਲੇਟਫਾਰਮਾਂ ਤੋਂ ਵੈਬ ਸੀਰੀਜ਼ ਵੇਖ ਵੇਖ ਕਹਾਣੀਆਂ ਲਿਖ ਰਹੇ ਹਨ। ਲਿਖਣ ਤੋਂ ਕਿਸੇ ਨੂੰ ਕੋਈ ਰੋਕ ਨਹੀਂ ਸਰਕਦਾ। ਛਪੀਆਂ ਵੀ ਜਾਂਦੀਆਂ ਹਨ। ਕਿਉਂਕਿ ਪਰਚਿਆਂ ਵਾਲਿਆਂ ਕੋਲ ਬਹੁਤ ਸਪੇਸ ਹੈ। ਜਿਸ ਬਿਰਤਾਂਤ ਵਿਚ ਕਲਾਤਮਿਕਤਾ ਹੋਵੇਗੀ ਉਹਨੇ ਬਚ ਜਾਣਾ ਏ। ਉਹਨੂੰ ਕੋਈ ਮਾਰ ਵੀ ਨਹੀਂ ਸਕਦਾ। ਤੇ ਖਾਲੀ ਬੋਰੀ ਨੇ ਡਿੱਗ ਹੀ ਜਾਣਾ ਏ ...।

**ਐੱਚ. ਐੱਸ. ਡਿੰਪਲ :** ਇਹ ਤਾਂ ਤੁਸੀਂ ਮੇਰੇ ਮੂੰਹ ਦੀ ਗੱਲ ਖੋਹ ਲਈ ਹੈ। ਮਰਦ-ਔਰਤ ਦੇ ਨਜ਼ਾਇਜ਼ ਰਿਸ਼ਤਿਆਂ ਨੂੰ ਫੋਕਸ ਵਿੱਚ ਰੱਖ ਕੇ ਕਹਾਣੀ ਰਚਣ ਦੀ ਰੁਚੀ ਹਰ ਤੀਜੀ ਕਹਾਣੀ ਵਿੱਚ ਦਿਖਾਈ ਦਿੰਦੀ।

**ਰਸੂਲਪੁਰੀ** : ਬੀਤੇ ਸਾਲ ਵਿੱਚ ਕਿਹੜੇ ਵਿਸ਼ੇ ਭਾਰੂ ਰਹੇ, ਕਹਾਣੀਆਂ ਦੇ ਹਵਾਲੇ ਨਾਲ ਗੱਲ ਕਰੋ।

**ਸੰਦੀਪ ਰਾਣਾ** : 2024 ਦੀਆਂ ਕਹਾਣੀਆਂ ਦੇ ਵਿਸ਼ਿਆਂ ਦੀ ਗੱਲ ਕੀਤਿਆਂ ਪੱਛਮੀ ਪ੍ਰਭਾਵਾਂ ਤੋਂ ਅਸਰ-ਅੰਦਾਜ਼ ਪੰਜਾਬੀ ਜਨਜੀਵਨ ਵਿੱਚ ਵਿਅਕਤੀ ਦੇ ਅਸਤਿਤਵ ਦੀ ਖੋਜ ਅਤੇ ਹੱਦੋਂ ਵੱਧ ਰਹੀ ਸਬੰਧਾਂ ਦੀ ਖੁੱਲ੍ਹ ਕੇਂਦਰ ਵਿੱਚ ਰਹੀ ਹੈ। ਮਸਨੂਈ ਬੁੱਧੀ ਅਤੇ ਸੋਸ਼ਲ ਮੀਡੀਆ ਦੇ ਇਸ ਯੁੱਗ ਵਿੱਚ ਭਾਵੇਂ ਇਹ ਖੁੱਲ ਆਮ ਵਰਤਾਰਾ ਬਣਦੀ ਜਾ ਰਹੀ ਹੈ ਪਰ ਇਸ ਖੁੱਲ੍ਹ ’ਤੇ ਪ੍ਰਸ਼ਨ ਚਿੰਨ ਲਾਉਂਦੀ ਰਿਵਾਇਤੀ ਮਾਨਸਿਕਤਾ ਵੀ ਇਸ ਖੁੱਲ੍ਹ ਨੂੰ ਬੰਨਣ ਦਾ ਯਤਨਾਂ ਵਿੱਚ ਨਾਲ ਹੀ ਚਲਦੀ ਰਹੀ ਹੈ। ਸਰਬਜੀਤ ਕੌਰ ਸੋਹਲ ਦੀ ਕਹਾਣੀ ‘ਹਾਂ...ਮੈਨੂੰ ਬੰਦਾ ਪਸੰਦ ਹੈ’ ਵਿੱਚ ਔਰਤ ਮੈਂ-ਪਾਤਰ ਆਪਣੀ ਹੋਂਦ ਨੂੰ ਖੋਜਦੀ ਆਪਣੀ ਸਹੇਲੀ ਸ਼ਾਰਦਾ ਨਾਲ਼ ਨਿੱਜੀ ਪਲਾਂ ਨੂੰ ਮਾਣਦੀ ਹੈ, ਸਿਮਰਨ ਧਾਲੀਵਾਲ ਦੀ ਕਹਾਣੀ ‘ਝਾਂਜਰਾਂ ਦਾ ਜੋੜਾ’ ਵਿੱਚ ਕਿਸ਼ਨ ਬਾਬੂ ਆਪਣੀ ਗ਼ਲਤੀ ਮੰਨ ਆਪਣੀ ਪਤਨੀ ਦੀ ਹੋਂਦ ਨੂੰ ਸਵੀਕਾਰਦਾ ਹੈ,ਹਰਦੀਪ ਕੌਰ ਦੀ ‘ਸ਼ਮਸ਼ਾਨ ਘਾਟ ਸੌਂ ਗਿਆ’ਵਿੱਚ ਰੀਟਾ ਨਾਂ ਦੀ ਪਾਤਰ ਆਪਣੀ ਹੋਂਦ ’ਤੇ ਲੱਗੇ ਪ੍ਰਸ਼ਨ ਚਿੰਨ੍ਹ ਨੂੰ ਹਟਾਉਂਦੀ ਜੀਵਨ ਖ਼ਤਮ ਕਰ ਲੈਂਦੀ ਹੈ, ਲਖਵਿੰਦਰ ਵਿਰਕ ਦੀ ਕਹਾਣੀ ‘ਓਪਨ ਮੈਰਿਜ’ ਵਿੱਚ ਇਸ ਖੁੱਲ੍ਹ ਦੇ ਸਾਹਮਣੇ ਰਵਾਇਤੀ ਮਾਨਸਿਕਤਾ ਆ ਖਲੋਂਦੀ ਹੈ, ਸਵਾਮੀ ਸਰਬਜੀਤ ਦੀ ਕਹਾਣੀ ‘ਹਾੱਰਸ ਪਾਵਰ’ ਦੇ ਪਾਤਰਾਂ ਪ੍ਰੋ. ਰਿਸ਼ੀ ਅਤੇ ਕਾਮਨੀ ਦੇ ਸਬੰਧਾਂ ਦੀ ਵਿਆਖਿਆ ਨਵੇਂ ਢੰਗ ਨਾਲ਼ ਹੁੰਦੀ ਹੈ ਅਤੇ ਭਗਵੰਤ ਰਸੂਲਪੁਰੀ ਦੀ ਕਹਾਣੀ ‘ਡਿਲੀਵਰੀਮੈਨ’ ਵਿੱਚ ਡਾ. ਗੀਤਾ ਅਲੈਕਸਾ ਦੇ ਸਾਥ ਨੂੰ ਆਪਣਾ ਜੀਵਨ ਸਮਝ ਪਾਤਰ ਕੇਵਲ ਕ੍ਰਿਸ਼ਨ ਦੇ ਸਾਥ ’ਤੇ ਪ੍ਰਸ਼ਨ-ਚਿੰਨ੍ਹ ਲਾਉਂਦੀ ਹੈ। ਇਸ ਤੋਂ ਇਲਾਵਾ ਇਸ ਸਾਲ ਜਾਤ-ਪਾਤ ਨਾਲ਼ ਸਬੰਧਤ ਵਿਸ਼ੇ ਵੀ ਕਾਫੀ ਵਰਤੇ ਗਏ ਹਨ। ਦਰਸ਼ਨ

ਜੋਗਾ ਦੀ ਕਹਾਣੀ 'ਫਨੀਅਰ', ਬੂਟਾ ਸਿੰਘ ਚੌਹਾਨ ਦਾ ਪੂਰਾ ਕਹਾਣੀ-ਸੰਗ੍ਰਹਿ 'ਅੱਖੋਂ ਤਿਲ੍ਹਕੀ ਰੌਸ਼ਨੀ', ਅਮਰਜੀਤ ਸਿੰਘ ਮਾਨ ਦੀ ਕਹਾਣੀ 'ਧੋਬੀ ਪਟਕਾ' ਅਤੇ ਆਰ. ਐਸ. ਰਾਜਨ ਦੀ ਕਹਾਣੀ 'ਪਾਸਾਰ' ਅਜਿਹੇ ਵਿਸ਼ਿਆਂ ਨੂੰ ਲੈ ਕੇ ਲਿਖੀਆਂ ਕਹਾਣੀਆਂ ਹਨ।

**ਐੱਚ. ਐੱਸ. ਡਿੰਪਲ** : ਜਸਬੀਰ ਭੁੱਲਰ ਦੀ 'ਕੱਚਾ-ਚਿੱਠਾ (ਸੁਰਤਿ-2) ਅਤੇ ਜਸਵੀਰ ਰਾਣਾ ਦੀ 'ਇੱਕ ਦਸਤਾਰ ਰੱਤ ਲਿਬੜੀ (ਹੁਣ - 49) 1984 ਦੇ ਕਾਲੇ ਦੌਰ ਨਾਲ ਸਬੰਧਤ ਕਹਾਣੀਆਂ ਵਿੱਚ ਸਮਕਾਲੀ ਯਥਾਰਥ ਪੇਸ਼ ਕੀਤਾ। ਜਿੱਥੇ ਭੁੱਲਰ ਦੀ ਕਹਾਣੀ ਇੱਕ-ਪਰਤੀ ਹੈ, ਉੱਥੇ ਰਾਣਾ ਸੰਕੇਤਾਂ ਤੇ ਨਿਵੇਕਲੀ ਬਿਰਤਾਂਤਕ ਸ਼ੈਲੀ ਰਾਹੀਂ ਇਸ ਦੁਖਾਂਤ ਦੇ ਕਈ ਭਾਵਪੂਰਤ ਪਹਿਲੂ ਉਭਾਰਨ ਵਿੱਚ ਸਫ਼ਲ ਹੋਇਆ। ਜਤਿੰਦਰ ਹਾਂਸ ਦੀ 'ਮਾਂ-ਵਰਗੀ'(ਇਹ ਪਹਿਲਾਂ ਹੀ ਦੋ ਵਾਰੀ ਛਪ ਗਈ ਏ। ਪਹਿਲਾ 'ਪ੍ਰਵਚਨ' 'ਚ ਛਪੀ ਫਿਰ 'ਸ਼ਬਦ' ਵਿੱਚ ਤੀਜੀ ਵਾਰ 'ਸੁਰਤਿ-1' ਵਿੱਚ-ਸੰਪਾਦਕ), ਆਗਾਜ਼ਬੀਰ ਦੀ 'ਪਾਸਕੂ' (ਤਾਸਮਾਨ - 13), ਬਲੀਜੀਤ ਦੀ 'ਨੁਤਫ਼ਾ' (ਸੁਰਤਿ - 2), ਮਨਦੀਪ ਰਿੰਪੀ ਦੀ 'ਘਰ' ਅਤੇ ਭੁਪਿੰਦਰ ਸਿੰਘ ਮਾਨ ਦੀ ਕਹਾਣੀ 'ਹੈਪੀ ਐਂਡਿੰਗ' (ਦੋਵੇਂ ਕਹਾਣੀ ਧਾਰਾ -73) ਵਿਆਹ-ਬਾਹਰੀ ਸਬੰਧਾਂ ਦੀਆਂ ਕਥਾਵਾਂ ਹਨ, ਜਿਨ੍ਹਾਂ ਵਿੱਚ ਇਨ੍ਹਾਂ ਰਿਸ਼ਤਿਆਂ ਦੇ ਕਾਰਣ ਅਲੱਗ, ਨਿਭਾਅ ਵੀ ਅਲੱਗ ਤੇ ਅੰਤ ਵੀ ਅਲੱਗ-ਅਲੱਗ ਹੈ, ਭਾਵੇਂ ਕਿ ਤਿੰਨਾਂ ਦੀ ਬਿਰਤਾਂਤਕਾਰੀ ਮੌਲਿਕ, ਰੌਚਿਕ ਅਤੇ ਅਰਥ-ਪੂਰਨ ਹੈ। ਹਾਂਸ ਆਪਣੀ ਕਹਾਣੀ ਵਿੱਚ ਪਾਠਕ ਨੂੰ ਨਿਰੰਤਰ ਬਿਜਲਈ ਝਟਕੇ ਦਿੰਦਿਆਂ, ਉਸਦੀ ਸੰਵੇਦਨਾ ਨੂੰ ਹਲੂਣਦਾ ਬੜਾ ਡੂੰਘਾ ਉਤਰ ਜਾਂਦਾ ਹੈ, ਜਦੋਂ ਕਿ ਰਿੰਪੀ ਤੇ ਮਾਨ ਆਪਣੇ ਬਿਰਤਾਂਤ ਵਿੱਚ ਵਿਸਤਾਰ ਲਿਆਉਣ ਲਈ ਹੋਰ ਘਟਨਾਵਾਂ ਦਾ ਸਹਾਰਾ ਲੈਂਦੇ ਨੇ। ਪਰਵਾਸ ਤੇ ਅਨੇਕ ਕਹਾਣੀਆਂ ਸਾਹਮਣੇ ਆਈਆਂ ਜਿਨ੍ਹਾਂ ਵਿੱਚ ਪ੍ਰਗਟ ਸਿੰਘ ਸਤੌਜ ਦੀ ਕਹਾਣੀ 'ਮਿੱਟੀ' (ਸਿਰਜਣਾ, ਅਕਤੂਬਰ-ਦਸੰਬਰ, 2024 ਅੰਕ) ਅਤੇ ਗੁਰਦੀਪ ਸਿੰਘ ਢੁੱਡੀ ਦੀ ਕਹਾਣੀ 'ਬੋੜੇ ਖੂਹ ਦੀ ਆਵਾਜ਼' (ਹੁਣ - 48) ਪ੍ਰਮੁੱਖ ਸਨ। ਗੁਰਮੀਤ ਪਨਾਗ, ਪ੍ਰਵੇਜ਼ ਸੰਧੂ (ਦੋਵੇਂ ਰਾਗ 14-15), ਸਰਘੀ (ਡੰਗ, ਰਾਗ 18-19) ਤੇ ਜਗਵਿੰਦਰ ਜੋਧਾ (ਤਾਸਮਾਨ) ਨੇ ਨਸ਼ਿਆਂ ਤੇ ਆਧਾਰਿਤ ਕਹਾਣੀਆਂ ਲਿਖੀਆਂ।

**ਨਿਰੰਜਣ ਬੋਹਾ** : ਬੀਤੇ ਵਰ੍ਹੇ ਦੀ ਕਹਾਣੀ ਨੇ ਮਨੁੱਖ ਸਮਾਜ ਤੇ ਸਮਾਜਿਕ ਸੰਸਥਾਵਾਂ ਦੀ ਬਦਲੀ ਸੰਸਕ੍ਰਿਤੀ ਬਾਰੇ ਹੈਰਾਨੀ ਜਨਕ ਖੁਲਾਸੇ ਕੀਤੇ ਹਨ। ਸਿਰਜਕ ਦਾ ਕੰਮ ਆਉਣ ਵਾਲੇ ਸਮੇਂ ਤੋਂ ਪਹਿਲਾਂ ਹੀ ਇਸ ਦੀ ਆਮਦ ਦੇ ਸੱਚ ਤੇ ਇਸ ਦੀਆਂ ਸੰਗਤੀਆਂ/ਵਿਸੰਗਤੀਆਂ ਤੱਕ ਪਹੁੰਚਣਾ ਹੁੰਦਾ ਹੈ ਇਸ ਲਈ 2024 ਦੇ ਕਹਾਣੀਕਾਰ ਨੇ ਲਿਵ ਇੰਨ ਰਿਲੇਸ਼ਨ ਵਰਗੇ ਨਵੇਂ ਸਮਾਜੀ ਵਰਤਾਰਿਆਂ ਬਾਰੇ ਖੁਲ੍ਹ ਕੇ ਸੰਵਾਦਕ ਚਰਚਾ ਛੇੜੀ ਹੈ। ਸੰਨ 2024 ਦੀ ਕਹਾਣੀ ਕੋਈ ਭੇਦ ਦਿਲ ਵਿਚ ਛੁਪਾ ਕੇ ਰੱਖਣ ਦੀ ਹਾਮੀ ਨਹੀ ਹੈ। ਇਹ ਕਹਾਣੀ ਸ਼ਰੇਆਮ ਸੱਚ ਬੋਲ ਰਹੀ ਹੈ ਕਿ ਸਮਾਜ ਦੀ ਨਵੀਂ ਜਨਰੇਸ਼ਨ ਆਪਣੀਆਂ ਪੁਰਾਣੀਆਂ ਪੀੜ੍ਹੀਆਂ ਵੱਲੋਂ ਖੜ੍ਹੇ ਕੀਤੇ ਸਮਾਜਿਕ ਢਾਂਚੇ ਤੇ ਇਸਦੀਆਂ ਕੀਮਤਾਂ ਤੋਂ ਲਗਭਗ ਬਾਗੀ ਹੋ ਚੁੱਕੀ ਹੈ ਤੇ ਉਸ ਆਪਣੇ ਲਈ ਵਿਅਕਤੀਗਤ ਅਜ਼ਾਦੀ ਤੇ ਵਿਅਕਤੀਗਤ ਤਰਜੀਹਾਂ ਵਾਲੀ ਨੇ ਨਵਾਂ ਰਾਹ ਚੁਣ ਲਿਆ ਹੈ। ਇਸ ਸਾਲ 'ਤਾਸਮਨ' ਵਿਚ ਛਪੀ ਸਰਘੀ ਦੀ ਕਹਾਣੀ 'ਬਲਾਇੰਡ ਡੇਟ' ਤੇ ਜਿੰਦਰ ਦੀਆਂ ਕਹਾਣੀ 'ਘੇਰਾ ਬੰਦੀ' ਸਪਸ਼ਟ ਰੂਪ ਵਿੱਚ ਇਹ ਸੰਕੇਤ ਕਰਦੀਆਂ ਹਨ ਕਿ ਆਉਣ ਵਾਲੀ ਪੰਜਾਬੀ ਕਹਾਣੀ ਦੀ ਦਿਸ਼ਾ ਕਿਹੋ ਜਿਹੀ ਹੋਵੇਗੀ। ਦਰਸ਼ਨ ਜੋਗਾ ਨੇ 'ਲਕੀਰ ' ਤੇ ਅਗਾਜ਼ਬੀਰ ਨੇ 'ਪਾਸਕੂ' ਵਰਗੀਆਂ ਕਹਾਣੀਆਂ ਲਿਖ ਕੇ ਰਿਸ਼ਤਿਆਂ ਦੀ ਟੁੱਟ ਭੱਜ ਹੋਰ ਤੇਜ ਹੋਣ ਦੀ ਗੱਲ

ਕੀਤੀ ਹੈ। ਇਸ ਸਾਲ ਮਨੁੱਖ ਅੰਦਰ ਵੱਧ ਰਹੇ ਮਾਨਸਿਕ ਖਲਾਅ ਨੂੰ ਰੂਪਮਾਨ ਕਰਨ ਦੇ ਸਬੰਧ ਵਿਚ ਵੀ ਬਹੁਤ ਸਾਰੀਆਂ ਕਹਾਣੀਆਂ ਲਿਖੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ ਸ਼ਾਂਵਲ ਧਾਮੀ ਦੀ ਕਹਾਣੀ 'ਤਹਿਸੀਲਦਾਰ ਦਾ ਪੋਤਾ' ਤੇ ਬਲਵੰਤ ਫਰਵਾਲੀ ਦੀ 'ਕੀੜੀਆਂ ਦਾ ਭੌਣ' ਦਾ ਜ਼ਿਕਰ ਵਿਸ਼ੇਸ਼ ਤੌਰ 'ਤੇ ਕੀਤਾ ਜਾ ਸਕਦਾ ਹੈ।

**ਰਸੂਲਪੁਰੀ** : ਬੀਤੇ ਸਾਲ ਵਿੱਚ ਕਿਹੜੀਆਂ ਕਹਾਣੀਆਂ ਹਲਕੀਆਂ ਤੁਹਾਨੂੰ ਲੱਗਦੀਆਂ ਹਨ? ਤੇ ਉਨ੍ਹਾਂ ਵਿੱਚ ਕਿਹੜਾ ਨੁਕਸ ਤੁਸੀਂ ਲੱਭਦੇ ਹੋ।

**ਸੰਦੀਪ ਰਾਣਾ** : ਇਸ ਵਰ੍ਹੇ ਦੀਆਂ ਸਭ ਤੋਂ ਹਲਕੀਆਂ ਕਹਾਣੀਆਂ ਦੀ ਜੇ ਨਿਸ਼ਾਨਦੇਹੀ ਕਰਨੀ ਹੋਵੇ ਤਾਂ ਅੰਮ੍ਰਿਤਪਾਲ ਕਲੇਰ ਦੀ ਕਹਾਣੀਆਂ 'ਨਾਰੀ ਰੂਪ ਕਿ ਕਰੂਪ' ਅਤੇ "ਕਰ ਥਈਆ-ਥਈਆ' ਨੂੰ ਸਭ ਤੋਂ ਹਲਕੀਆਂ ਕਹਾਣੀਆਂ ਮੰਨਿਆ ਜਾ ਸਕਦਾ ਹੈ। ਅਸਲ ਵਿੱਚ ਇਹ ਕਹਾਣੀ ਵਿਧਾ ਰੂਪ ਦੇ ਚੌਖਟੇ ਵਿੱਚ ਫਿਟ ਹੀ ਨਹੀਂ ਹੁੰਦੀਆਂ। ਇਸੇ ਤਰ੍ਹਾਂ ਡਾ. ਬਲਜੀਤ ਸਿੰਘ ਢਿੱਲੋਂ ਦੀਆਂ ਕਹਾਣੀਆਂ ਹਨ ਜੋ ਕੇਵਲ ਜਾਣਕਾਰੀ ਭਰਪੂਰ ਲੇਖ ਹੀ ਹਨ। ਇਹ ਜਾਣਕਾਰੀ ਕਿਸੇ ਥਾਂ ਜਾਂ ਕਿਸੇ ਖਾਸ ਵਿਅਕਤੀ ਬਾਰੇ ਦਿੱਤੀ ਗਈ ਹੋ ਸਕਦੀ ਹੈ ਪਰ ਕਹਾਣੀਆਂ ਦੇ ਮੁੱਢਲੇ ਤੱਤਾਂ ਦੀ ਅਣਹੋਂਦ ਕਾਰਨ ਇਹਨਾਂ ਨੂੰ ਕਹਾਣੀ ਨਹੀਂ ਮੰਨਿਆ ਜਾ ਸਕਦਾ।

**ਨਿਰੰਜਣ ਬੋਹਾ** : ਹਲਕੀਆ ਰਹੀਆਂ ਕਹਾਣੀਆ ਤੇ ਉਹਨਾਂ ਦੇ ਕਹਾਣੀਕਾਰਾਂ ਦੀ ਸ਼ਨਾਖਤ ਨਾਂ ਲੈ ਕੇ ਕਰਨਾ 'ਆ ਬੈਲ ਮੁਝੇ ਮਾਰ' ਵਾਲੀ ਗੱਲ ਹੈ। ਇਸ ਪੱਖੋਂ ਚੁੱਪ ਹੀ ਭਲੀ। ਦੋ ਸਾਲਾਂ ਬਾਅਦ ਇਨ੍ਹਾਂ ਆਪਣੇ ਖਤਮ ਹੋ ਜਾਣਾ ਹੈ। ਨਵੀ ਕਹਾਣੀ ਦਾ ਨਵਾਂ ਬੌਧਿਕ ਵਿਵਹਾਰ ਮਨੁੱਖ ਦੇ ਬਾਹਰੀ ਥਥਾਰਥ ਨਾਲੋਂ ਉਸਦੇ ਅੰਤਰੀਵੀ ਮਨੋ ਵਿਗਿਆਨਕ ਯਥਾਰਥ ਨਾਲ ਵਾ-ਬਸਤਾ ਹੈ ਇਸ ਲਈ ਇਸ ਨਵੇਂ ਬੌਧਿਕ ਵਿਵਹਾਰ ਨਾਲ ਆਪਣੀ ਮਾਨਸਿਕ ਇੱਕਸੁਰਤਾ ਨਾ ਬਿਠਾ ਸਕਣ ਵਾਲੀਆਂ ਵਾਲੀਆਂ ਘਟਨਾ ਪ੍ਰਧਾਨ ਕਹਾਣੀਆਂ ਨੂੰ ਮੈਂ ਇਸ ਸਾਲ ਦੀਆਂ ਕੰਮਜੋਰ ਕਹਾਣੀਆਂ ਮੰਨਦਾ ਹਾਂ। ਇਸ ਸਾਲ ਛਪੀਆਂ ਜਿਹੜੀਆਂ ਕਹਾਣੀਆਂ ਆਪਣੇ ਪਾਠਕਾਂ ਨੂੰ ਅਨੁਭਵ ਤੇ ਕਲਾਤਮਿਕ ਅਭਿਵਿਅਕਤੀ ਪੱਖੋ ਆਪਣੇ ਨਵੇਂਪਣ ਦਾ ਪ੍ਰਭਾਵ ਨਹੀਂ ਪਾ ਸਕੀਆਂ, ਉਹਨਾਂ ਨੂੰ ਵੀ ਮੈਂ ਹਲਕੇ ਪੱਧਰ ਦੀਆਂ ਕਹਾਣੀਆਂ ਮੰਨਦਾ ਹਾਂ। ਸਨਸਨੀ ਫੈਲਾਉਣ ਤੇ ਅਸੰਭਵ ਨੂੰ ਸੰਭਵ ਕਰਕੇ ਵਿਖਾਉਣ ਵਾਲੀਆਂ ਕਹਾਣੀਆਂ ਵੀ ਮੇਰੀ ਪਸੰਦ ਦੀ ਕਸਵੱਟੀ ਤੇ ਖਰਾ ਨਹੀਂ ਉਤਰਦੀਆਂ।

**ਐੱਚ. ਐੱਸ. ਡਿੰਪਲ** : ਜਗਜੀਤ ਸਿੰਘ ਬਰਾੜ ਨਿਰੰਤਰ ਕਹਾਣੀ ਲਿਖ ਰਿਹਾ ਹੈ, ਪਰ ਉਸ ਦਾ ਬਿਰਤਾਂਤ ਢਿੱਲਾ, ਸ਼ਬਦ ਚੋਣ ਅਢੁਕਵੀਂ ਅਤੇ ਵਾਕ-ਬਣਤਰ ਬਹੁਤ ਹਲਕੇ ਪੱਧਰ ਦੀ ਹੈ। ਇਹੀ ਹਾਲ ਰਿਪੁਦਮਨ ਸਿੰਘ ਰੂਪ ਦਾ ਰਿਹਾ। ਉਹਦੀ ਇਕ ਕਹਾਣੀ ਹੀ ਪੜ੍ਹਨ ਨੂੰ ਮਿਲੀ।

**ਡਾ. ਸੁਖਪਾਲ ਕੌਰ** : ਮੈਂ ਹਲਕੀਆਂ ਦੀ ਕੀ ਗੱਲ ਕਰਨੀ ਹੈ। ਮੈਂ ਚੰਗੀਆਂ ਦੀ ਗੱਲ ਕਰਦੀ ਹਾਂ ਹਲਕੀਆਂ ਦਾ ਆਪੇ ਪਤਾ ਲੱਗ ਜਾਵੇਗਾ। ਬੀਤੇ ਸਾਲ ਵਿੱਚ ਦਰਜਨ ਦੇ ਕਰੀਬ ਕਹਾਣੀਆਂ ਚੰਗੀਆਂ ਕਹੀਆਂ ਜਾ ਸਕਦੀਆਂ ਹਨ। ਇਨ੍ਹਾਂ ਵਿੱਚੋਂ ਵਿੱਚ ਵੀ ਤਿੰਨ ਚਾਰ ਸਾਲਾਂ ਬਾਅਦ ਕਿਰ ਜਾਣੀਆਂ ਹਨ। ਮੈਨੂੰ ਸਰਘੀ ਦੀ ਕਹਾਣੀ 'ਬਲਾਈਂਡ ਡੇਟ', ਲਖਵਿੰਦਰ ਵਿਰਕ ਦੀ 'ਓਪਨ ਮੈਰਿਜ', ਭਗਵੰਤ ਰਸੂਲਪੁਰੀ ਦੀ 'ਮੁੱਠੀ ਵਿੱਚੋਂ ਕਿਰਦੀ ਰੇਤ' ਅਤੇ ਜਸਵੀਰ ਰਾਣਾ ਦੀ 'ਲਤੀਫੇ ਤੋਂ ਬਾਅਦ ਡਿੱਗਿਆ ਹੰਝੂ' ਚੰਗੀਆਂ ਲੱਗੀਆਂ ਹਨ।

**ਰਸੂਲਪੁਰੀ** : ਚੰਗੀਆਂ ਕਹਾਣੀਆਂ ਵਿੱਚ ਤੁਹਾਨੂੰ ਕਿਹੜੀ ਗੱਲ ਚੰਗੀ ਲੱਗਦੀ ਹੈ।

**ਸੰਦੀਪ ਰਾਣਾ** : ਚੰਗੀਆਂ ਕਹਾਣੀਆਂ ਦੀ ਗੱਲ ਕੀਤੀ ਜਾਵੇ ਤਾਂ ਅਸਲ ਵਿੱਚ ਕਹਾਣੀ ਦੇ

ਸਾਰੇ ਗੁਣ ਰਲਕੇ ਹੀ ਕੋਈ ਕਹਾਣੀ ਚੰਗੀ ਕਹਾਣੀ ਬਣਦੀ ਹੈ ਅਰਥਾਤ ਜਿਸ ਵਿੱਚ ਬਿਰਤਾਂਤ ਕਾਰ ਕਲਾਤਮਕ ਢੰਗ ਨਾਲ਼ ਬਿਰਤਾਂਤ ਸਿਰਜਦਾ ਹੈ, ਇਕਹਿਰਾ ਜਾਂ ਦੂਹਰਾ ਪਰ ਗੁੰਦਵਾਂ ਕਥਾਨਕ ਉਸਾਰਦਾ ਹੈ, ਮਨੋਵਿਗਿਆਨਿਕ ਢੰਗ ਨਾਲ ਪਾਤਰ ਘੜਦਾ ਹੈ, ਉਸਦੀ ਸ਼ੈਲੀ ਉਸ ਕਹਾਣੀ ਦੀ ਨਿਭਾਅ ਦੀ ਤਕਨੀਕ ਬਿਆਨਦੀ ਹੈ ਅਤੇ ਢੁਕਵੀਂ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਸਾਰੇ ਤੱਤ ਮਿਲ ਕੇ ਹੀ ਕਿਸੇ ਕਹਾਣੀ ਦੇ ਚੰਗੀ ਕਹਾਣੀ ਮੰਨੇ ਜਾਣ ਪਿੱਛੇ ਕੰਮ ਕਰਦੇ ਹਨ।

**ਨਿਰੰਜਣ ਬੋਹਾ** : ਜਿਹੜਾ ਕਹਾਣੀਕਾਰ ਆਪਣੀ ਕਹਾਣੀ ਲਈ ਚੁਣੇ ਵਿਸ਼ੇ ਦੇ ਹਰ ਪੱਖ ਬਾਰੇ ਆਪ ਸਪਸ਼ਟ ਹੈ ਉਸਦੀਆਂ ਕਹਾਣੀਆਂ ਦੇ ਪਾਠ ਵਿੱਚੋਂ ਮੈਨੂੰ ਵੱਡੀ ਮਾਨਸਿਕ ਤ੍ਰਿਪਤੀ ਮਿਲਦੀ ਹੈ ਤੇ ਇਸ ਤਰ੍ਹਾਂ ਲੱਗਦਾ ਹੈ ਕਿ ਅੱਜ ਕੁਝ ਚੰਗਾ ਪੜ੍ਹਿਆ ਹੈ। ਜਿਹੜਾ ਕਹਾਣੀਕਾਰ ਵਿਚਾਰਧਾਰਕ ਤੌਰ 'ਤੇ ਸਪਸ਼ਟ ਹੁੰਦਾ ਹੈ ਉਸ ਦੀਆਂ ਕਹਾਣੀਆਂ ਦੇ ਬਿਰਤਾਂਤ ਵਿੱਚ ਵਾਧੂ ਦਾ ਖਿਲਾਰਾ ਨਹੀਂ ਹੁੰਦਾ। ਕਹਾਣੀ ਚੰਗੀ ਲੱਗਣ ਜਾਂ ਨਾ ਲੱਗਣ ਬਾਰੇ ਮੇਰੀ ਇੱਕ ਕਸਵੱਟੀ ਇਹ ਵੀ ਹੈ ਕਿ ਉਸ ਕਹਾਣੀ ਵਿਚਲੀ ਸੋਚ ਮਾਨਵਤਾਵਾਦ ਦਾ ਪੱਖ ਪੂਰਦੀ ਹੈ ਜਾਂ ਨਹੀ।

**ਐੱਚ. ਐੱਸ. ਡਿੰਪਲ** : ਚੰਗੀਆਂ ਕਹਾਣੀਆਂ ਵਿੱਚ ਸਿਧਾਂਤ ਜਾਂ ਚਿੰਤਨ ਕਿਰਦਾਰਾਂ ਦੇ ਵਿਹਾਰ ਰਾਹੀਂ ਸਾਹਮਣੇ ਆਉਂਦਾ ਹੈ, ਦ੍ਰਿਸ਼ ਸਿਰਜਣਾ ਰਾਹੀਂ ਪੇਸ਼ਕਾਰੀ ਉੱਤਰ ਹੁੰਦੀ ਹੈ। ਪਰ ਸਭ ਤੋਂ ਵੱਡੀ ਗੱਲ ਕਹਾਣੀ ਦੀ ਰੌਚਿਕਤਾ ਹੁੰਦੀ ਹੈ। ਪਾਤਰਾਂ ਦੇ ਬੋਲ ਉਨ੍ਹਾਂ ਦੇ ਸੁਭਾਅ, ਸਮੇਂ ਤੇ ਸਥਾਨ ਮੁਤਾਬਿਕ ਢੁਕਵੇਂ ਹੋਣ।

**ਡਾ. ਸੁਖਪਾਲ ਕੌਰ** : ਜਿੰਨ੍ਹਾਂ ਕਹਾਣੀਆਂ ਦਾ ਮੈਂ ਓਪਰ ਜ਼ਿਕਰ ਕੀਤਾ। ਉਨ੍ਹਾਂ ਦੀ ਬੁਣਤੀ ਅਤੇ ਬਣਤਰ ਬਹੁਤ ਪਸੰਦ ਆਈ। ਜਿਵੇਂ ਸਰਘ ਨੇ ਆਪਣੀ ਕਹਾਣੀ 'ਬਲਾਈਡ ਡੇਟ' ਵਿੱਚ ਜਿਹੜੀ ਭਾਸ਼ਾ ਵਰਤੀ ਹੈ ਅਤੇ ਕਿਵੇਂ ਉਹ ਵਾਕਾਂ ਨਾਲ ਖੇਡਦੀ ਏ ਇਹਦੇ ਵਿੱਚ ਮੈਨੂੰ ਬੜੀ ਕਲਾਤਮਿਕਤਾ ਲੱਗੀ। ਜਸਵੀਰ ਰਾਣਾ ਸ਼ਬਦਾਂ ਨਾਲ ਖੇਡਦਾ ਹੈ। ਰਸੂਲਪੁਰੀ ਦੀ ਬੁਣਤੀ ਬੜੀ ਕਮਾਲ ਦੀ ਹੈ। ਅੰਤ ਤੱਕ ਉਹ ਕਹਾਣੀ ਨਾਲ ਪਾਠਕ ਨੂੰ ਬੰਨ੍ਹੀ ਰੱਖਦਾ ਹੈ।

**ਰਸੂਲਪੁਰੀ** : ਬੀਤੇ ਸਾਲ ਦੀਆਂ ਉੱਤਮ ਪੰਜ ਕਹਾਣੀਆਂ ਦਾ ਨਾਂ ਦੱਸੋ ਅਤੇ ਉਨ੍ਹਾਂ ਵਿੱਚ ਕਿਹੜੀ ਗੱਲ, ਜਾਂ ਪਾਤਰ ਤੁਹਾਨੂੰ ਨਵੇਂ ਲੱਗੇ ਜਾਂ ਉਨ੍ਹਾਂ ਵਿੱਚ ਕਿਹੜੀ ਕੁਸ਼ਲਤਾ ਤੁਹਾਨੂੰ ਲੱਗੀ ਕਿ ਕਹਾਣੀਕਾਰ ਕੋਲੋਂ ਕਹਾਣੀ ਚੰਗੀ ਬਣ ਗਈ।

**ਸੰਦੀਪ ਰਾਣਾ** : ਬੀਤੇ ਸਾਲ ਦੀਆਂ ਪੰਜ ਉਤਮ ਕਹਾਣੀਆਂ ਦੀ ਨਿਸ਼ਾਨਦੇਹੀ ਕਰਨੀ ਹੋਵੇ ਤਾਂ ਸਭ ਤੋਂ ਪਹਿਲਾਂ ਸਾਂਵਲ ਧਾਮੀ ਦੀ ਕਹਾਣੀ 'ਤਹਿਸਾਲਦਾਰ ਦਾ ਪੋਤਾ' ਕਹਾਣੀ ਦਾ ਨਾਂ ਲਿਆ ਜਾ ਸਕਦਾ ਹੈ। ਇਹ ਲਹਿੰਬਰ ਸਿੰਘ ਨਾਹਲ ਨਾਮ ਦੇ ਪਾਤਰ ਦੀ ਮਨੋਵਿਗਿਆਨਕ ਢੰਗ ਨਾਲ਼ ਉਸਾਰੇ ਗਏ ਦੂਹਰੇ ਬਿਰਤਾਂਤ ਵਾਲੀ ਰਿਸ਼ਤਿਆਂ ਦੀਆਂ ਨਵੀਆਂ ਸਮੀਕਰਨਾਂ ਸਿਰਜਦੀ ਕਹਾਣੀ ਹੈ। ਖੇਤਰੀ ਭਾਸ਼ਾ ਵਿੱਚ ਸੰਵਾਦ ਅਤੇ ਪਿਛਲਝਾਤ ਸ਼ੈਲੀ ਦੀ ਵਰਤੋਂ ਨਾਲ਼ ਕਹਾਣੀਕਾਰ ਵੱਲੋਂ ਵਿਲੱਖਣਤਾ ਨਾਲ਼ ਰਚਿਆ ਬਿਰਤਾਂਤ ਹੈ। ਇਸ ਕਹਾਣੀ ਦੀ ਵਿਲੱਖਣਤਾ ਕਹਾਣੀਕਾਰ ਦੀ ਸਿਰਜਣ ਸ਼ੈਲੀ ਵਿੱਚ ਹੀ ਹੈ। ਇਸੇ ਤਰ੍ਹਾਂ ਦੀ ਵਿਲੱਖਣ ਸ਼ੈਲੀ ਵਾਲੀ ਕਹਾਣੀ ਦਰਸ਼ਨ ਜੋਗਾ ਦੀ ਕਹਾਣੀ 'ਸਪੋਲੀਏ' ਹੈ। ਇਸ ਕਹਾਣੀ ਵਿੱਚ ਜਾਤ-ਪਾਤ ਦੇ ਵਿਤਕਰੇ ਦੀ ਜ਼ਿਹਨ ਵਿੱਚ ਡੂੰਘੀ ਖੁੱਭ ਚੁੱਕੀ ਮਾਨਸਿਕਤਾ ਦਾ ਬਿਰਤਾਂਤ ਹੈ। ਪਿਛਲਝਾਤ ਤਕਨੀਕ ਅਤੇ ਮਨੋਬਚਨੀ ਵਿਧੀ ਰਾਹੀਂ ਕਹਾਣੀਕਾਰ ਨੇ ਸਮਾਜ ਦੇ ਪੱਖਪਾਤੀ ਰਵੱਈਏ ਨੂੰ ਚਿਤਰਤ ਕੀਤਾ ਹੈ। ਅਗਲੀ ਕਹਾਣੀ ਭਗਵੰਤ ਰਸੂਲਪੁਰੀ ਦੀ ਕਹਾਣੀ 'ਰੰਗਾਂ ਦੀ ਸਾਂਝ @ ਸਮਾਜ ਵਿਗਿਆਨ' ਇਕ ਵਿਲੱਖਣ

ਜ਼ਾਵੀਏ ਤੋਂ ਲਿਖੀ ਕਹਾਣੀ ਹੈ। ਇਸ ਕਹਾਣੀ ਵਿੱਚ ਰੰਗਾਂ ਦੀ ਵੰਡ ਨੂੰ ਸਮਾਜਵਾਦ ਅਤੇ ਪੂੰਜੀਵਾਦ ਦੇ ਪ੍ਰਤੀਕਾਂ ਵਜੋਂ ਚਿਤਰ ਕੇ ਸਿਆਸਤ, ਵਰਣ-ਵੰਡ, ਵਿਚਾਰਧਾਰਾ ਅਤੇ ਕਲਾ ਪਿੱਛੇ ਕੰਮ ਕਰਦੀ ਸਿਆਸਤ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਪਤੀ-ਪਤਨੀ ਵਿੱਚ ਅਹੰ, ਤਣਾਅ ਅਤੇ ਸੰਦੇਹ ਦਾ ਕਾਰਨ ਨੂੰ ਫੇਸਬੁੱਕ ਪੇਜ਼ ਹੈ ਜਿਸ ਕਾਰਨ ਦੋਹਾਂ ਨੂੰ ਮਾਨਸਿਕ ਯਾਤਨਾਵਾਂ ਝੱਲਣੀਆਂ ਪੈਂਦੀਆਂ ਹਨ। ਬੂਟਾ ਸਿੰਘ ਚੌਹਾਨ ਦੀ ਕਹਾਣੀ 'ਨੀਵੀਂ ਥਾਂ' ਉਸ ਵਰਤਾਰੇ ਨੂੰ ਪੇਸ਼ ਕਰਦੀ ਹੈ ਜਿਸ ਅਧੀਨ ਉੱਚੀ ਜਾਤ ਵਾਲੇ ਅਪਰਾਧੀ ਵਿਅਕਤੀ ਵੀ ਨੀਵੀਂ ਜਾਤ ਦੇ ਵਿਅਕਤੀ ਤੋਂ ਉੱਪਰ ਹੀ ਰਹਿੰਦੇ ਹਨ। ਨਾਜਾਇਜ਼ ਬੱਚੇ ਨੂੰ ਟਿਕਾਣੇ ਲਾਉਣ ਲਈ ਮੁੱਲ ਗੋਦ ਦੇਣ ਲਈ ਵੀ ਨੀਵੀਂ ਜਾਤ ਦੇ ਕਿਸੇ ਵਿਅਕਤੀ ਦਾ ਇੰਤਖ਼ਾਬ ਨਹੀਂ ਕੀਤਾ ਜਾਂਦਾ ਹੈ। ਅਜਿਹੀ ਮੁਸੀਬਤ ਸਮੇਂ ਵੀ ਉੱਚੀ ਜਾਤ ਵਾਲਿਆਂ ਦੇ ਤਿਰਸਕਾਰ ਦਾ ਪਾਤਰ ਨੀਵੀਂ ਜਾਤ ਵਾਲਿਆਂ ਨੂੰ ਬਣਨਾ ਪੈਂਦਾ ਹੈ। ਵਿਪਨ ਦੀ ਕਹਾਣੀ 'ਟੋਆ' ਵਿੱਚ ਜਾਤ ਪਾਤ ਸਬੰਧੀ ਮਾਨਸਿਕਤਾ ਨੂੰ ਵਿਸ਼ਾ ਬਣਾ ਕਹਾਣੀਕਾਰ ਨੇ ਮਨੋਬਿਰਤੀ ਤਕਨੀਕ ਨਾਲ਼ ਬਿਰਤਾਂਤ ਸਿਰਜਿਆ ਹੈ।

**ਐੱਚ. ਐੱਸ. ਡਿੰਪਲ** : ਇਸ ਸਾਲ ਦੀਆਂ ਚੰਗੀਆਂ ਕਹਾਣੀਆਂ ਵਿੱਚ 'ਮੁੱਠੀ ਵਿੱਚੋਂ ਕਿਰਦੀ ਰੇਤ' (ਭਗਵੰਤ ਰਸੂਲਪੁਰੀ), ਪਾਸਕੂ (ਆਗਾਜ਼ਬੀਰ), ਪਰਖ਼ ਕਾਲ ਅਤੇ ਰਜਨੀਗੰਧਾ ਦੀ ਮਹਿਕ (ਜਗਵਿੰਦਰ ਜੋਧਾ), ਗੌਡੈੱਸ (ਪ੍ਰਵੇਜ਼ ਸੰਧੂ), ਆਈ ਐਮ ਓਕ (ਗੁਰਮੀਤ ਪਨਾਗ), ਤਹਿਸੀਲਦਾਰ ਦਾ ਪੋਤਾ (ਸਾਂਵਲ ਧਾਮੀ), ਡੂਮਣੇ ਦਾ ਡੰਗ (ਬਲਵਿੰਦਰ ਗਰੇਵਾਲ), ਬੱਜੋਰੱਤਾ (ਅਲਫ਼ਾਜ਼), ਪੌਣੀ ਸਦੀ ਦਾ ਹਉਕਾ (ਤ੍ਰਿਪਤਾ ਕੇ ਸਿੰਘ), ਇੱਕ ਦਸਤਾਰ ਰੱਤ ਲਿਬੜੀ (ਜਸਵੀਰ ਰਾਣਾ), ਬਾਜ਼ੀ (ਸੁਖਜੀਤ), ਪੌਣੀ ਸਦੀ ਦਾ ਹਉਕਾ (ਤ੍ਰਿਪਤਾ ਕੇ. ਸਿੰਘ), ਕੁਝ ਨਵਾਂ ਹੋ ਜਾਏ (ਸੁਖਪਾਲ ਥਿੰਦ), ਅਹਿਮਦਸ਼ਾਹੇ (ਗੁਰਮੀਤ ਆਰਿਫ਼) ਅਤੇ ਕਸਵੱਟੀ (ਸਵਾਮੀ ਸਰਬਜੀਤ) ਵਿਸ਼ੇ, ਨਿਭਾਅ ਜਾਂ ਦ੍ਰਿਸ਼ਟੀਕੋਣ ਪੱਖੋਂ ਤਾਜ਼ੀਆਂ, ਅਸਰਦਾਰ ਹੋਣ ਕਰਕੇ ਪਾਠਕਾਂ ਨੂੰ ਦੇਰ ਤੱਕ ਯਾਦ ਰਹਿਣ ਦੀ ਸਮਰੱਥਾ ਰੱਖਦੀਆਂ ਨੇ।

**ਡਾ. ਸੁਖਪਾਲ ਕੌਰ** : ਜਿੰਨ੍ਹਾਂ ਚਿਰ ਕਹਾਣੀਕਾਰ ਨੂੰ ਉੱਥੋਂ ਦੇ ਸਭਿਆਚਾਰ, ਧਰਮ ਅਤੇ ਇਤਿਹਾਸਕ ਗਤੀ ਦਾ ਨਹੀਂ ਨਹੀਂ ਪਤਾ ਓਨਾ ਚਿਰ ਉਹ ਉਸ ਕਲਚਰ 'ਚੋਂ ਪਾਤਰ ਚੁੱਕ ਕੇ ਆਪਣੀ ਕਹਾਣੀ ਵਿੱਚ ਕੁਸ਼ਲਤਾ ਨਾਲ ਪੇਸ਼ ਨਹੀਂ ਕਰ ਸਕਦਾ। ਇਹ ਨਹੀਂ ਹੁੰਦਾ ਕਿ ਕੋਈ ਸਾਨੂੰ ਪਾਤਰ ਲੱਭਾ ਤਾਂ ਉਹਦੇ ਨਾਲ ਪੰਜ ਸੱਤ ਘਟਨਾਵਾਂ ਜੋੜ ਕੇ ਕਹਾਣੀ ਸਿਰਜ ਦਿੱਤੀ। ਜਾਂ ਐਵੇਂ ਵਾਰਤਾਲਾਪ ਜਾਂ ਮਨ ਬਚਨੀ ਕਰਨੀ ਸ਼ੁਰੂ ਕਰ ਦਿੱਤੀ। ਕਹਾਣੀਕਾਰ ਨੂੰ ਤਾਂ ਉਸ ਸੰਸਕ੍ਰਿਤੀ ਦੀ ਵੀ ਥਾਹ ਪਾਉਣੀ ਪੈਂਦੀ ਹੈ ਜਿੱਥੋਂ ਉਹ ਪਾਤਰ ਚੁੱਕਦਾ ਹੈ। ਹੁਣ ਤੁਸੀਂ ਰਸੂਲਪੁਰੀ ਦੀ 'ਰੰਗਾ ਦੀ ਸਾਂਝ' ਵਾਲੀ ਕਹਾਣੀ ਪੜ੍ਹੋ... ਉਹ ਦੋ ਵੱਖ ਵੱਖ ਸੰਸਕ੍ਰਿਤੀਆਂ ਦੇ ਭੇੜ ਦੀ ਕਹਾਣੀ ਹੈ। ਕਿਵੇਂ ਆਪਣੀ ਆਪਣੀ ਸੰਸਕ੍ਰਿਤੀ ਵਿੱਚੋਂ ਦੋ ਪਾਤਰ ਉਸਰਦੇ ਹਨ ਅਤੇ ਕਿਵੇਂ ਉਨ੍ਹਾਂ ਦੇ ਖਿਆਲ ਤੇ ਸੁਭਾ ਉਹ ਸੰਸਕ੍ਰਿਤੀਆਂ ਉਸਾਰਦੀਆਂ ਹਨ। ਕਹਾਣੀਕਾਰ ਨੇ ਜਿਹੜੇ ਚਿਹਨ ਵਰਤੇ ਹਨ। ਉਹੀ ਕਹਾਣੀ ਨੂੰ ਅਰਥਵਾਨ ਬਣਾਉਂਦੇ ਹਨ।

**ਨਿਰੰਜਣ ਬੋਹਾ** : ਕਹਾਣੀਆਂ ਦੇ ਏਡੇ ਵੱਡੇ ਭੰਡਾਰ ਵਿੱਚੋ ਸਿਰਫ ਪੰਜ ਕਹਾਣੀਆਂ ਦੀ ਚੋਣ ਕਰਨ ਦਾ ਸੁਆਲ ਮੇਰੇ ਲਈ ਧਰਮ ਸੰਕਟ ਵਿਚ ਪੈਣ ਵਰਗੀ ਸਥਿਤੀ ਪੈਦਾ ਕਰਦਾ ਹੈ, ਪਰ ਸੁਆਲ ਪੁੱਛਿਆ ਗਿਆ ਹੈ ਤਾਂ ਜੁਆਬ ਵੀ ਦੇਣਾ ਪਵੇਗਾ। ਇਸ ਸਾਲ ਜਿਹੜੀਆਂ ਕਹਾਣੀਆਂ ਮੇਰੀਆਂ ਸੋਚਣ ਬਿਰਤੀਆਂ ਤੇ ਅਸਰ ਅੰਦਾਜ਼ ਹੋਈਆਂ ਹਨ ਉਹਨਾਂ ਵਿਚ ਸਾਂਵਲ ਧਾਮੀ ਦੀ

ਕਹਾਣੀ 'ਤਹਿਸਿਲਦਾਰ ਦਾ ਪੋਤਾ' ਸੁਰਿੰਦਰ ਨੀਰ ਦੀ ਕਹਾਣੀ 'ਤਾਰਾਂ ਵਾਲਾ ਛੱਲਾ' ਦਰਸ਼ਨ ਜੋਗਾ ਦੀ ਕਹਾਣੀ 'ਸਪੋਲੀਏ' ਭਗਵੰਤ ਰਸੂਲਪੁਰੀ ਦੀ ਕਹਾਣੀ ਦੀ 'ਮੁੱਠੀ 'ਚੋ ਕਿਰਦੀ ਰੇਤ' ਤੇ ਪ੍ਰੇਮ ਮਾਨ ਦੀ ਕਹਾਣੀਆਂ 'ਮੇਰਾ ਆਪਣਾ ਘਰ' ਸ਼ਾਮਿਲ ਹਨ। ਸਾਂਵਲ ਧਾਮੀ ਦੀ ਕਹਾਣੀਆਂ ਆਪਣੇ ਪਾਤਰਾ ਦੇ ਅੰਦਰਲੇ ਡੂੰਘੇ ਖਲਾਅ ਦੀ ਥਾਹ ਪਾਉਣ ਕਾਰਨ ਮੇਰੀ ਪਸੰਦ ਬਣੀ ਹੈ ਤਾਂ ਭਗਵੰਤ ਰਸੂਲਪੁਰੀ ਦੀ ਕਹਾਣੀ ਵੱਲੋਂ ਕੀਤੀ ਸਮਾਜਿਕ ਪਰਿਵਾਰਕ ਰਿਸ਼ਤਿਆਂ ਦੀ ਹਕੀਕਤ ਬਿਆਨੀ ਮੈਨੂੰ ਚੰਗੀ ਲੱਗੀ ਹੈ। ਦਰਸ਼ਨ ਜੋਗਾ ਦੀ ਕਹਾਣੀ ਨੇ ਆਰਥਿਕ ਤੇ ਸਮਾਜਿਕ ਖੇਤਰਾਂ ਵਿਚ ਆਈਆਂ ਬਿਜਲਈ ਤਬਦੀਲੀਆਂ ਦੇ ਪ੍ਰਭਾਵ ਹੇਠ ਸਮਾਜ ਦੀ ਨਵੀਂ ਪੀੜ੍ਹੀ ਦੀ ਸੋਚ ਤੇ ਵਰਤੋਂ ਵਿਵਹਾਰ ਵਿੱਚ ਆਏ ਵੱਡੇ ਬਦਲਾਵਾਂ ਦੀ ਨਿਸ਼ਾਨਦੇਹੀ ਕਰਕੇ ਮੇਰੀ ਤਸੱਲੀ ਕਰਵਾਈ ਹੈ। ਸੁਰਿੰਦਰ ਨੀਰ ਦੀ ਕਹਾਣੀ ਦੀ ਮੁੱਖ ਪਾਤਰ ਅੰਦਰਲਾ ਉਹ ਜੁਝਾਰੂਪਣ ਮੈਨੂੰ ਕਾਇਲ ਕਰਦਾ ਹੈ ਜਿਹੜਾ ਰਿਸ਼ਤਿਆਂ ਦੀ ਮਰਿਆਦਾ ਨੂੰ ਹਰ ਹਾਲ ਬਣਾਈ ਰੱਖਣ ਦਾ ਹਾਮੀ ਹੈ। ਪ੍ਰੇਮ ਮਾਨ ਦੀ ਕਹਾਣੀ ਦੀ ਕਹਾਣੀ ਮਨੁੱਖ ਤੇ ਘਰ ਦੇ ਆਪਸੀ ਰਿਸ਼ਤੇ ਵਿਚਲੇ ਮਨੋ ਵਿਗਿਆਨਕ ਧਰਾਤਲ ਨੂੰ ਸੰਜੀਵ ਰੂਪ ਵਿਚ ਬਿਆਨਣ ਸਦਕਾ ਮੇਰੀ ਪਸੰਦ ਦੀਆਂ ਕਹਾਣੀਆਂ ਵਿਚ ਸ਼ਾਮਿਲ ਹੋਈ ਹੈ। ਮੈਂ ਇਹਨਾਂ ਕਹਾਣੀਆਂ ਦੇ ਸਰਵੋਤਮ ਕਹਾਣੀਆਂ ਹੋਣ ਦਾ ਦਾਅਵਾ ਨਹੀਂ ਕਰਦਾ ਪਰ ਮੇਰੀ ਨਜ਼ਰ ਵਿਚ ਇਹ ਇਸ ਸਾਲ ਦੀਆਂ ਚੰਗੀਆਂ 'ਤੇ ਸਾਂਭਣ ਯੋਗ ਕਹਾਣੀਆਂ ਹਨ।

**ਰਸੂਲਪੁਰੀ** : ਬੀਤੇ ਸਾਲ ਭਰਵੇਂ ਰੂਪ ਵਿੱਚ ਕਹਾਣੀ ਸੰਗ੍ਰਹਿ ਛਪੇ। ਇਨ੍ਹਾਂ ਬਾਰੇ ਆਪਣੇ ਪ੍ਰਭਾਵ ਦੱਸੋ। ਉਨ੍ਹਾਂ ਦੀਆਂ ਕੁਝ ਚਰਚਿਤ ਕਹਾਣੀਆਂ ਦੇ ਹਵਾਲੇ ਨਾਲ ਗੱਲ ਕਰੋ।

**ਸੰਦੀਪ ਰਾਣਾ** : ਇਸ ਸਾਲ ਦੋ ਦਰਜਨ ਤੋਂ ਵੱਧ ਕਹਾਣੀ-ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ। ਬੂਟਾ ਸਿੰਘ ਚੌਹਾਨ, ਸਾਂਵਲ ਧਾਮੀ, ਭਗਵੰਤ ਰਸੂਲਪੁਰੀ, ਦਰਸ਼ਨ ਜੋਗਾ, ਮੇਜਰ ਮਾਂਗਟ, ਆਰ.ਐਸ.ਰਾਜਨ, ਸਿਮਰਨ ਧਾਲੀਵਾਲ, ਰਾਜਬੀਰ ਰੰਧਾਵਾ, ਪਵਿੱਤਰ ਕੌਰ ਮਾਟੀ, ਗੋਵਰਧਨ ਗੱਬੀ ਅਤੇ ਸਰਬਜੀਤ ਕੌਰ ਸੋਹਲ ਵਰਗੇ ਕਈ ਸਥਾਪਤ ਕਹਾਣੀਕਾਰਾਂ ਦੇ ਨਾਲ਼ ਨਾਲ਼ ਅਮਰਜੀਤ ਸਿੰਘ ਮਾਨ, ਇਕਬਾਲ ਸਿੰਘ ਸਕਰੌਦੀ, ਲਖਵਿੰਦਰ ਵਿਰਕ, ਵਿਪਨ, ਅੰਮ੍ਰਿਤਪਾਲ ਕਲੇਰ ਅਤੇ ਜਗਤਾਰ ਸ਼ੇਰਗਿੱਲ ਵਰਗੇ ਨਵੇਂ ਕਹਾਣੀਕਾਰਾਂ ਨੇ ਵੀ ਇਸ ਸਿਰਜਣ ਖੇਤਰ ਵਿੱਚ ਕਦਮ ਰੱਖਿਆ ਹੈ। ਇਸ ਸਾਲ ਦੀ ਪੰਜਾਬੀ ਕਹਾਣੀ ਦੇ ਪ੍ਰਭਾਵ ਬਾਰੇ ਗੱਲ ਕਰਦਿਆਂ ਇਹ ਕਹਾਣੀਆਂ ਮਸਨੂਈ ਬੁੱਧੀ ਦੇ ਖੇਤਰ ਵਿੱਚ ਸਾਹਮਣੇ ਆ ਰਹੇ ਮਸਲਿਆਂ ਨੂੰ ਨਜਿੱਠਣ ਲਈ ਜ਼ਮੀਨ ਤਿਆਰ ਕਰਦੀ ਕਹਾਣੀ ਹੈ। ਇੰਦਰੀਆਂ ਦੀ ਤ੍ਰਿਪਤੀ ਤੇ ਸੁਹਜ ਸੁਆਦ ਦੇ ਹਰ ਖੇਤਰ ਵਿੱਚ ਭਾਰੂ ਹੋਣ ਕਾਰਨ ਸਮਾਜਕ ਅਤੇ ਸਭਿਆਚਾਰਕ ਟੈਬੂ ਪੱਛਮੀ ਪ੍ਰਭਾਵਾਂ ਹੇਠ ਨਵੇਂ ਸਮਾਜ ਦੀਆਂ ਮਾਨਤਾਵਾਂ ਬਣਦੇ ਜਾ ਰਹੇ ਹਨ ਤੇ ਅਜਿਹੇ ਬਦਲਾਅ ਕਹਾਣੀਆਂ ਵਿੱਚ ਉਜਾਗਰ ਹੋਣੇ ਵੀ ਲਾਜ਼ਮ ਹੋ ਜਾਂਦੇ ਹਨ।

**ਨਿਰੰਜਣ ਬੋਹਾ** : ਬੀਤੇ ਸਾਲ 40 ਤੋਂ ਉਪਰ ਕਹਾਣੀ ਸੰਗ੍ਰਹਿ ਛਪੇ ਹਨ ਜਿਹਨਾਂ ਵਿੱਚੋ ਖੋਪੜੀ ਦਾ ਤਮਗਾ (ਸਾਂਵਲ ਧਾਮੀ) ਡਲਿਵਰੀ ਮੈਨ (ਭਗਵੰਤ ਰਸੂਲਪੁਰੀ) ਫਨੀਅਰ (ਦਰਸ਼ਨ ਜੋਗਾ) ਮੈਂ ਕੈਦ ਨਹੀਂ ਕੱਟਣੀ (ਬੂਟਾ ਸਿੰਘ ਚੌਹਾਨ) ਮੈਨੂੰ ਬੰਦਾ ਪਸੰਦ ਏ (ਸਰਬਜੀਤ ਕੌਰ ਸੋਹਲ ) ਤਮ੍ਹਾ ( ਸਵਾਮੀ ਸਰਬਜੀਤ) ਨਗੰਦੇ ( ਸਿਮਰਨ ਧਾਲੀਵਾਲ) ਰੌਂਗ ਨੰਬਰ (ਪਵਿਤਰ ਕੌਰ ਮਾਟੀ) ਧੋਬੀ ਪਟਕਾ ( ਅਮਰਜੀਤ ਸਿੰਘ ਮਾਨ ) ਤੇ ਛਲਾਵਿਆਂ ਦੀ ਰੁੱਤ (ਅਲ ਫਾਜ਼) ਦੇ ਨਾਂ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ। ਇਹ ਸਾਰੇ ਸੰਗ੍ਰਹਿ ਸਮਕਾਲੀ ਪੰਜਾਬੀ ਕਹਾਣੀ ਦੀ ਦਿਸ਼ਾ ਤੇ ਦਸ਼ਾ ਨੂੰ ਰੂਪਮਾਨ ਕਰਨ ਵਿੱਚ ਪੂਰੀ ਤਰ੍ਹਾਂ ਸਫ਼ਲ ਰਹੇ ਹਨ ਤੇ ਇਹਨਾਂ ਵਿੱਚੋਂ ਪੰਜਾਬੀ ਕਹਾਣੀ ਦੀ

ਭਵਿੱਖਤ ਦਿਸ਼ਾ ਸਬੰਧੀ ਵੀ ਸਪਸ਼ਟ ਸੰਕੇਤ ਮਿਲਦੇ ਹਨ। ਇਹਨਾਂ ਵਿੱਚੋ ਕਹਾਣੀ 'ਤਹਿਸੀਲਦਾਰ ਦਾ ਪੋਤਾ', ਡਲਿਵਰੀ ਮੈਨ, ਫਨੀਅਰ, ਮੈਂ ਕੈਦ ਨਹੀਂ ਕੱਟਣੀ, ਮੈਨੂੰ ਬੰਦਾ ਪਸੰਦ ਏ, ਹਾਰਸ ਪਾਵਰ, ਮਿਰਗ ਤ੍ਰਿਸ਼ਣਾ, ਰੌਂਗ ਨੰਬਰ, ਧੋਬੀ ਪਟਕਾ ਆਦਿ ਬਹੁਤ ਚਰਚਿਤ ਰਹੀਆਂ ਹਨ।

**ਡਾ. ਸੁਖਪਾਲ ਕੌਰ** : ਮੈਂ ਡਲਿਵੀਰ ਮੈਨ , ਖੋਪਰੀ ਦਾ ਤਮਗਾ , ਫਨੀਅਰ, ਹਾਂ ਮੈਨੂੰ ਬੰਦੇ ਪਸੰਦ ਹਨ ਸੰਗ੍ਰਹਿ ਪੜ੍ਹੇ ਹਨ। ਇਨ੍ਹਾਂ ਵਿੱਚੋਂ ਕੁਝ ਕਹਾਣੀਆਂ ਮੈਨੂੰ ਅਜਿਹੀਆਂ ਪੜ੍ਹਨ ਨੂੰ ਮਿਲੀਆਂ ਹਨ ਜਿਨ੍ਹਾਂ ਦਾ ਅਸਰ ਮੇਰੇ ਜ਼ਿਹਨ ਉੱਤੇ ਅਜੇ ਤੱਕ ਕਾਇਮ ਹੈ।

**ਐੱਚ. ਐੱਸ. ਡਿੰਪਲ** : ਬੀਤੇ ਸਾਲ 35-40 ਕਹਾਣੀ - ਸੰਗ੍ਰਹਿ ਛਪੇ। ਪਰ ਕੋਈ ਵਿਲੱਖਣ ਜਾਂ ਚਮਤਕਾਰੀ ਪ੍ਰਭਾਵ ਵੇਖਣ ਨੂੰ ਨਹੀਂ ਮਿਲਿਆ।

**ਰਸੂਲਪੁਰੀ** : ਬੀਤੇ ਸਾਲ ਦੀ ਕਹਾਣੀ ਪੜ੍ਹ ਕੇ ਤੁਹਾਨੂੰ ਲੱਗਦਾ ਹੈ ਕਿ ਇਸ ਸਾਲ ਦੀ ਕਹਾਣੀ ਬੀਤੇ ਇਕ ਦਹਾਕੇ 'ਚ ਲਿਖੀ ਜਾ ਚੁੱਕੀ ਕਹਾਣੀ ਤੋਂ ਅੱਗੇ ਨਿਕਲ ਗਈ ਹੈ।

**ਸੰਦੀਪ ਰਾਣਾ** : ਇਹ ਕਹਿਣਾ ਸਹੀ ਨਹੀਂ ਹੋਵੇਗਾ ਕਿ ਇਸ ਸਾਲ ਦੀ ਕਹਾਣੀ ਬੀਤੇ ਇੱਕ ਦਹਾਕੇ ਵਿੱਚ ਲਿਖੀ ਗਈ ਕਹਾਣੀ ਤੋਂ ਅੱਗੇ ਨਿਕਲ ਗਈ ਹੈ ਕਿਉਂਕਿ ਇਸ ਸਾਲ ਤੋਂ ਪਹਿਲਾਂ ਵੀ ਕਈ ਤਕਨੀਕੀ ਡਿਜੀਟਲ ਦੁਨੀਆ ਦੇ ਨਵੇਂ ਵਿਅਕਤੀਵਾਦੀ ਵਿਸ਼ੇ ਕਹਾਣੀਆਂ ਵਿੱਚ ਆਉਂਦੇ ਰਹੇ ਹਨ। ਨਵੀਆਂ ਬਿਰਤਾਂਤਕ ਤਕਨੀਕਾਂ, ਬਦਲਾਅ ਦੇ ਨਿਯਮਾਂ ਨੂੰ ਅਪਨਾਉਂਦੀ ਇਸ ਸਾਲ ਦੀ ਕਹਾਣੀ ਪਹਿਲੀਆਂ ਕਹਾਣੀਆਂ ਦਾ ਵਿਸਥਾਰ ਹੀ ਜਾਪਦੀ ਹੈ। ਇਸ ਸਾਲ ਕਹਾਣੀਕਾਰਾਂ ਵੱਲੋਂ ਵਿਅਕਤੀ ਵਾਦੀ ਹੋਂਦ ਨੂੰ ਫੋਕਸ ਕਰਦੇ ਵਿਸ਼ੇ ਜ਼ਿਆਦਾ ਚੁਣੇ ਗਏ ਹਨ। ਹਾਂ, ਕਹਾਣੀ ਦੀ ਪੇਸ਼ਕਾਰੀ ਅਤੇ ਨਿਭਾਅ ਦਾ ਢੰਗ ਜ਼ਰੂਰ ਅਗਲੇਰੇ ਪੜਾਅ ਵੱਲ ਵੱਧਿਆ ਹੈ। ਇਸ ਕਰਕੇ ਇਹ ਕਿਹਾ ਜਾ ਸਕਦਾ ਹੈ ਕਿ ਇਸ ਸਾਲ ਦੀ ਕਹਾਣੀ ਪਿਛਲੇ ਦਹਾਕੇ ਦੀ ਕਹਾਣੀ ਦਾ ਅਗਲਾ ਪਾਸਾਰ ਹੈ, ਉਸਦੀ ਅਗਲੀ ਵਿਆਖਿਆ ਹੈ।

**ਨਿਰੰਜਣ ਬੋਹਾ** : ਹਰ ਸਾਲ ਦੀ ਕਹਾਣੀ ਦਾ ਪਿਛਲੇ ਸਾਲਾਂ ਦੀ ਕਹਾਣੀ ਤੋਂ ਅੱਗੇ ਲੰਘਣਾ ਇਕ ਕੁਦਰਤੀ ਵਰਤਾਰਾ ਹੈ ਤੇ ਇਸੇ ਕੁਦਰਤੀ ਨਿਯਮ ਅਨੁਸਾਰ ਇਸ ਸਾਲ ਦੀ ਕਹਾਣੀ ਨੇ ਵੀ ਪਿਛਲੇ ਦਹਾਕੇ ਦੀ ਕਹਾਣੀ ਨੂੰ ਪਿੱਛੇ ਛੱਡਿਆ ਹੈ। ਇਹ ਅੱਗੇ ਲੰਘਣ ਦੀ ਨਿਰੰਤਰ ਪ੍ਰੀਕ੍ਰਿਆ ਕਹਾਣੀ ਵਿੱਚ ਖੜ੍ਹੋਤ ਵਰਗੀ ਸਥਿਤੀ ਨਹੀਂ ਪੈਦਾ ਹੋਣ ਦਿੰਦੀ ਤੇ ਬਦਲੀ ਪਾਠਕੀ ਮਾਨਸਿਕਤਾ ਨੂੰ ਪੰਜਾਬੀ ਕਹਾਣੀ ਵਿਚੋਂ ਬਹੁਤ ਕੁਝ ਬਦਲਿਆ ਪੜ੍ਹਣ ਨੂੰ ਮਿਲ ਜਾਂਦਾ ਹੈ। ਇਹ ਅੱਗੇ ਲੰਘਣ ਦੀ ਪ੍ਰੀਕ੍ਰਿਆ ਜਾਰੀ ਰਹਿਣ ਨਾਲ ਹੀ ਪੰਜਾਬੀ ਕਹਾਣੀ ਨੂੰ ਨਵੇਂ ਪਾਠਕ ਮਿਲਣੇ ਹਨ।

**ਐੱਚ. ਐੱਸ. ਡਿੰਪਲ** : ਅਜਿਹਾ ਤਾਂ ਮਹਿਸੂਸ ਨਹੀਂ ਹੋਇਆ ।

**ਡਾ. ਸੁਖਪਾਲ ਕੌਰ** : ਇਹਦਾ ਫੈਸਲਾ ਇਕ ਦੋ ਵਿਦਵਾਨਾਂ ਨੇ ਨਹੀਂ ਕਰਨਾ। ਇਹਨੂੰ ਆਪਾਂ ਸਮੇਂ ਉੱਤੇ ਛੱਡ ਦਿੰਦੇ ਹਾਂ। ਸਮਾਂ ਬੜਾ ਬਲਵਾਨ ਹੈ। ਮਾੜੇ ਧੜ ਆਪੇ ਡਿੱਗ ਜਾਣੀ ਹੁੰਦੀ ਹੈ। ਤਕੜੀ ਨੇ ਖੜੀ ਰਹਿਣਾ ਹੁੰਦਾ।

**ਰਸੂਲਪੁਰੀ** : ਕਹਾਣੀਕਾਰਾਂ ਵੱਲੋਂ ਨਵੇਂ ਵਿਸ਼ੇ ਤੇ ਲਿਖਣਾ ਇਕ ਵੱਖਰਾ ਮਸਲਾ ਹੈ। ਕੀ ਉਹ ਨਵੇਂ ਵਿਸ਼ੇ ਨੂੰ ਕਲਾਤਮਿਕਤਾ ਨਾਲ ਨਿਭਾ ਵੀ ਸਕਿਆ ਹੈ। ਇਹਦੇ ਬਾਰੇ ਹਵਾਲੇ ਨਾਲ ਗੱਲ ਕਰੋ।

**ਸੰਦੀਪ ਰਾਣਾ** : ਕਹਾਣੀਕਾਰਾਂ ਵੱਲੋਂ ਨਵੇਂ ਵਿਸ਼ਿਆਂ ਨੂੰ ਚੁਣਨਾ ਅਤੇ ਫੇਰ ਸੰਤੁਲਿਤ ਬਿਰਤਾਂਤਕ ਤਕਨੀਕਾਂ ਰਾਹੀਂ ਕਹਾਣੀ ਦਾ ਸਹੀ ਕਲਾਤਮਕ ਨਿਭਾਅ ਕਰਨਾ ਉਸਦੀ ਬਿਰਤਾਂਤਕ ਸਮਰੱਥਾ

’ਤੇ ਨਿਰਭਰ ਕਰਦਾ ਹੈ। ਇਸ ਸਾਲ ਜਿੰਨ੍ਹਾ ਕਹਾਣੀਕਾਰਾਂ ਨੇ ਨਵੇਂ ਵਿਸ਼ੇ ਚੁਣੇ ਹਨ ਉਹਨਾਂ ਵਿੱਚੋਂ ਭਗਵੰਤ ਰਸੂਲਪੁਰੀ, ਪਵਿੱਤਰ ਕੌਰ ਮਾਟੀ ਅਤੇ ਸਵਾਮੀ ਸਰਬਜੀਤ, ਅਲਫਾਜ਼ ਦੇ ਨਾਮ ਮਹੱਤਵ ਪੂਰਨ ਹਨ। ਇਹਨਾਂ ਵਿੱਚੋਂ ਸਭ ਤੋਂ ਵੱਧ ਯੋਗਤਾ ਨਾਲ ਭਗਵੰਤ ਰਸੂਲਪੁਰੀ ਨੇ ਆਪਣੀਆਂ ਕਹਾਣੀਆਂ ਦਾ ਨਿਭਾਅ ਕੀਤਾ ਹੈ। ਉਦਾਹਰਣ ਵਜੋਂ ਉਸਦੀ ਕਹਾਣੀ ‘ਡਿਲੀਵਰੀ ਮੈਨ’ ਅਤੇ ‘ਰੰਗਾਂ ਦੀ ਸਾਂਝ @ ਸਮਾਜ ਵਿਗਿਆਨ’ ਦੇਖੀ ਜਾ ਸਕਦੀ ਹੈ। ਕਹਾਣੀਕਾਰ ਨੇ ਮਸਨੂਈ ਬੁੱਧੀ ਦੇ ਪ੍ਰਭਾਵ ਹੇਠ ਮਾਨਵਵਾਦੀ ਸਮੇਂ ਦੇ ਪਾਤਰ ਸਿਰਜ ਕਲਾਤਮਕ ਕਲਾ ਦਾ ਉਦਾਹਰਣ ਦਿੱਤਾ ਹੈ। ਕਹਾਣੀਕਾਰ ਅਲਫਾਜ਼ ਨੇ ਸਭ ਤੋਂ ਵੱਧ ਨਵੇਂ ਵਿਸ਼ਿਆਂ ਵਾਲੀਆਂ ਕਹਾਣੀਆਂ ਆਪਣੇ ਸੰਗ੍ਰਹਿ ‘ਛਲਾਵਿਆਂ ਦੀ ਰੁੱਤ’ ਵਿੱਚ ਸ਼ਾਮਿਲ ਕੀਤੀਆਂ ਹਨ। ਉਸ ਦਾ ਇਹ ਪਹਿਲਾ ਸੰਗ੍ਰਹਿ ਹੈ ਜਿਸ ਕਾਰਨ ਵਰਣਨ ਵੱਧ ਹੈ ਤੇ ਕਲਾਤਮਿਕਤਾ ਘੱਟ ਹੈ। ਪਵਿੱਤਰ ਕੌਰ ਮਾਟੀ ਦਾ ਕਹਾਣੀ-ਸੰਗ੍ਰਹਿ ‘ਰੌਂਗ ਨੰਬਰ’ ਵਿੱਚ ਪਰਵਾਸੀ ਜੀਵਨ ਨੂੰ ਦਰਸਾਉਂਦੀਆਂ ਕਈ ਅਜਿਹੀਆਂ ਕਹਾਣੀਆਂ ਹਨ ਜਿਨ੍ਹਾਂ ਦੇ ਵਿਸ਼ੇ ਨਵੀਨ ਵੀ ਹਨ ਅਤੇ ਕਹਾਣੀਕਾਰਾ ਉਹਨਾਂ ਦੇਨਿਭਾਅ ਵਿੱਚ ਵੀ ਕਾਮਯਾਬ ਰਹੀ ਹੈ। ਸਵਾਮੀ ਸਰਬਜੀਤ ਦੀਆਂ ਕਹਾਣੀਆਂ ਵੀ ਪੱਛਮੀ ਪ੍ਰਭਾਵਾਂ ਹੇਠ ਸਮਾਜ ਵਿੱਚ ਬਦਲ ਰਹੇ ਨਵੇਂ ਜੀਵਨ ਢੰਗ ਨੂੰ ਦਰਸਾਉਂਦੀਆਂ ਹਨ। ਨੌਜਵਾਨ ਪੀੜ੍ਹੀ ਦੀ ਬਾਤ ਪਾਉਂਦੀਆਂ ਇਹ ਕਹਾਣੀਆਂ ਸੰਤੁਲਿਤ ਢੰਗ ਨਾਲ ਪੇਸ਼ ਹੋਈਆਂ ਹਨ। ਇਸ ਤੋਂ ਇਲਾਵਾ ਲਖਵਿੰਦਰ ਵਿਰਕ ਦੀ ਕਹਾਣੀ ‘ਓਪਨ ਮੈਰਿਜ’,ਹਰਦੀਪ ਕੌਰ ਦੀ ਕਹਾਣੀ ‘ਪੀ.ਜੀ. ਹੋਸਟਲ ਦੀ ਕਾਲੀ ਰਾਤ’ ਅਤੇ ਸਰਬਜੀਤ ਕੌਰ ਸੋਹਲ ਦੀ ‘ਬੁਰਜ ਖ਼ਲੀਫ਼ਾ’ ਦੀਆਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ।

**ਨਿਰੰਜਣ ਬੋਹਾ** : ਆਪਣੇ ਵੱਲੋਂ ਤਾਂ ਹਰ ਕਹਾਣੀਕਾਰ ਹੀ ਵੱਖਰੇ ਹੀ ਵਿਸ਼ੇ ਚੁਣਦਾ ਹੈ ਪਰ ਇਹ ਨਿਰਣਾ ਪਾਠਕਾਂ ਨੇ ਕਰਨਾ ਹੁੰਦਾ ਹੈ ਕਿ ਉਸਦੀ ਕਹਾਣੀ ਦਾ ਵਿਸ਼ਾ ਪਹਿਲੋ ਲਿਖੀ ਨਾਲੋਂ ਕਿੰਨਾਂ ਵੱਖਰਾ ਤੇ ਕਿੰਨਾਂ ਨਵਾਂ ਹੈ। ਪਾਠਕੀ ਨਜ਼ਰੀਏ ਤੋਂ ਵੱਖਰੇਪਣ ਦਾ ਪ੍ਰਭਾਵ ਸਿਰਜਣ ਵਾਲੀਆਂ ਬਹੁਤ ਘੱਟ ਕਹਾਣੀਆਂ ਹੁੰਦੀਆਂ ਹਨ। ਮੇਰਾ ਨਿੱਜੀ ਵਿਚਾਰ ਹੈ ਕਿ ਜੇ ਕਹਾਣੀਕਾਰ ਵੱਲੋਂ ਲਿਆਂਦਾ ਵੱਖਰਾਪਣ ਕਹਾਣੀ ਤੇ ਮਾਨਵੀ ਸਰੋਕਾਰਾਂ ਨੂੰ ਨੁਕਸਾਨ ਪਹੁੰਚਾਂਉਦਾ ਹੈ ਤਾਂ ਉਸ ਵੱਖਰੇਪਣ ਨਾਲੋਂ ਰਿਵਾਇਤੀਪਣ ਹੀ ਚੰਗਾ।

**ਰਸੂਲਪੁਰੀ** : ਬੀਤੇ ਸਾਲ ਦੀਆਂ ਕਹਾਣੀਆਂ ਦੇ ਸਿਰਲੇਖਾਂ ਬਾਰੇ ਆਪਣੇ ਵਿਚਾਰ ਦੱਸੋ। ਸਿਰਲੇਖ ਰੱਖਣ ਵਿੱਚ ਕੋਈ ਤਬਦੀਲੀ ਆਈ ਹੈ। ਬੀਤੇ ਵਰ੍ਹੇ ਇਹ ਵੀ ਵੇਖਣ ਵਿੱਚ ਆਇਆ ਕਿ ਕੁਝ ਕਹਾਣੀਕਾਰ ਬੜੇ ਸੁਚੇਤ ਹੋ ਕੇ ਆਪਣੇ ਆਪ ਨੂੰ ਨਵੇਂ ਦਿੱਸਣ ਲਈ ਜਾਂ ਪਾਠਕਾਂ ਦਾ ਧਿਆਨ ਖਿੱਚਣ ਲਈ ਕਹਾਣੀ ਦੇ ਸਿਰਲੇਖ ਅੰਗਰੇਜ਼ੀ ਵਿੱਚ ਰੱਖਣ ਲੱਗ ਪਏ ਹਨ। ਮੇਰੀ ਸਮਝ ਅਨੁਸਾਰ ਕਹਾਣੀਕਾਰ ਨੂੰ ਉਹ ਨਾਂ ਹੀ ਅੰਗਰੇਜ਼ੀ ਜਾਂ ਕਿਸੇ ਹੋਰ ਭਾਸ਼ਾ ’ਤੇ ਸਿਰਲੇਖ ਰੱਖਣਾ ਚਾਹੀਦਾ ਹੈ ਜਿਹੜਾ ਸ਼ਬਦ ਕਿਸੇ ਭਾਸ਼ਾ ਵਿੱਚ ਪ੍ਰਚੱਲਤ ਹੋ ਜਾਂਦਾ ਹੈ।

**ਸੰਦੀਪ ਰਾਣਾ** : ਪਹਿਲੀ ਨਜ਼ਰੇ ਪਾਠਕ ਉਪਰ ਪ੍ਰਭਾਵ ਪਾਉਣ ਲਈ ਪੁਸਤਕ ਅਤੇ ਕਹਾਣੀਆਂ ਦੇ ਸਿਰਲੇਖਾਂ ਵਿੱਚ ਅੰਗਰੇਜ਼ੀ ਸ਼ਬਦਾਵਲੀ ਜ਼ਿਆਦਾ ਵਰਤੋਂ ਵਿੱਚ ਆਈ ਹੈ। ਬਲੈਕ ਆਈਸ (ਮੇਜਰ ਮਾਂਗਟ), ਰੌਂਗ ਨੰਬਰ (ਪਵਿੱਤਰ ਕੌਰ ਮਾਟੀ), ਡਲਿਵਰੀ ਮੈਨ (ਭਗਵੰਤ ਰਸੂਲਪੁਰੀ), ਸਿੰਗਲ ਮਦਰ (ਕੁਲਜੀਤ ਮਾਨ) ਅਤੇ ਜ਼ੁਮੈਟੋ ਗਰਲ (ਅੰਮ੍ਰਿਤਪਾਲ ਕਲੇਰ) ਕਹਾਣੀ-ਸੰਗ੍ਰਹਿ ਆਪਣੇ ਅੰਗਰੇਜ਼ੀ ਸਿਰਲੇਖਾਂ ਕਾਰਨ ਚਰਚਾ ਵਿੱਚ ਰਹੇ ਅਤੇ ਇਸੇ ਨਾਮ ਦੀਆਂ ਕਹਾਣੀਆਂ ਵੀ ਇਹਨਾਂ ਪੁਸਤਕਾਂ ਵਿੱਚ ਸ਼ਾਮਲ ਹਨ। ਇਹਨਾਂ ਤੋਂ ਇਲਾਵਾ ਵੀ ਕਈ ਕਹਾਣੀਕਾਰਾਂ ਨੇ ਆਪਣੀਆਂ

ਕਹਾਣੀਆਂ ਨੂੰ ਅੰਗਰੇਜ਼ੀ ਨਾਮ ਦਿੱਤੇ ਹਨ। ਲਖਵਿੰਦਰ ਵਿਰਕ ਦੀ ਕਹਾਣੀ 'ਓਪਨ ਮੈਰਿਜ', ਸਿਮਰਨ ਧਾਲੀਵਾਲ ਦੀਆਂ ਕਹਾਣੀਆਂ 'ਰੋਜ਼ ਡੇਅ' ਅਤੇ 'ਬਲੈਕ ਟੀ', ਜਗਤਾਰ ਸ਼ੇਰਗਿੱਲ ਦੀ 'ਲਵ ਯੂ ਜ਼ਿੰਦਗੀ' ਅਤੇ ਅਮਰਜੀਤ ਸਿੰਘ ਮਾਨ ਦੀ ਕਹਾਣੀ 'ਸਿਕਸ ਪਲੱਸ' ਇਸ ਸਿਲਸਿਲੇ ਵਿੱਚ ਗੌਲਣਯੋਗ ਹਨ ਅਤੇ ਇਹ ਕਹਾਣੀਆਂ ਨਵੇਂ ਸਮਾਜ ਦੇ ਵਰਤਾਰਿਆਂ ਨੂੰ ਸਿਰਜ ਕੇ ਆਪਣੇ ਸਿਰਲੇਖਾਂ ਨੂੰ ਸਹੀ ਸਿੱਧ ਵੀ ਕਰਦੀਆਂ ਹਨ। ਅਲਫ਼ਾਜ਼ ਨੇ ਆਪਣੇ ਸੰਗ੍ਰਹਿ 'ਛਲਾਵਿਆਂ ਦੀ ਰੁੱਤ' ਵਿੱਚ ਗਿਆਰਾਂ ਵਿੱਚੋਂ ਨੌਂ ਕਹਾਣੀਆਂ ਨੂੰ ਅੰਗਰੇਜ਼ੀ ਨਾਮ ਦਿੱਤੇ ਹਨ। ਡੋਪਾਮਾਈਨ, ਗਾਰਡੀਅਨ ਏਂਜਲ, ਯੂ-ਟਰਨ, ਜਿਗੋਲੋ ਅਤੇ ਫੈਂਟੈਸੀ ਕਹਾਣੀਆਂ ਵਿੱਚ ਵਿਸ਼ਵੀ ਸਤਹਿ ਦੇ ਕਈ ਵਰਤਾਰੇ ਅਤੇ 'ਟੈਬੂ' ਕਹਾਣੀਕਾਰ ਨੇ ਛੁਹੇ ਹਨ ਤੇ ਕਈ ਥਾਂਈਂ ਗੱਲ ਦੀ ਪੁਖ਼ਤਗੀ ਲਈ ਅਤਿਕਥਨੀ ਵੀ ਹੋਈ ਦਿਸਦੀ ਹੈ ਅਤੇ ਕਈ ਕਹਾਣੀਆਂ ਨੂੰ ਇਹ ਸਿਰਲੇਖ ਕੇਵਲ ਇਸ ਲਈ ਦਿੱਤੇ ਜਾਪਦੇ ਹਨ ਕਿਉਂਕਿ ਉਹਨਾਂ ਦਾ ਬਿਰਤਾਂਤਕ ਫੋਕਸ ਪਰਵਾਸੀ ਜੀਵਨ ਹੈ ਜਦੋਂ ਕਿ ਕੁਝ ਕਹਾਣੀਆਂ ਦੇ ਸਿਰਲੇਖ ਪੰਜਾਬੀ ਸ਼ਬਦਾਵਲੀ ਵਿੱਚੋਂ ਵੀ ਹੋ ਸਕਦੇ ਸਨ। ਕਹਾਣੀਕਾਰਾਂ ਨੂੰ ਫੈਸ਼ਨ ਵਜੋਂ ਅਜਿਹੇ ਨਾਂ ਰੱਖਣ ਤੋਂ ਵੀ ਗੁਰੇਜ਼ ਕਰਨੀ ਚਾਹੀਦੀ ਹੈ।

**ਨਿਰੰਜਣ ਬੋਹਾ** : ਸਿਰਲੇਖ ਕਹਾਣੀ ਦਾ ਪ੍ਰਵੇਸ਼ ਦੁਆਰ ਜਾ ਬਾਹਰੀ ਦਰਵਾਜ਼ਾ ਹੁੰਦਾ ਹੈ। ਜਿਸ ਇਮਾਰਤ ਦਾ ਬਾਹਰੀ ਦਰਵਾਜ਼ਾ ਬਾਹਰ ਖੜ੍ਹੇ ਲੋਕਾਂ ਨੂੰ ਆਪਣੇ ਅੰਦਰ ਆਉਣ ਦੀ ਖਿੱਚ ਨਾ ਪਾਵੇ ਤਾਂ ਇਮਾਰਤ ਅੰਦਰਲੇ ਸੁਹਣੱਪ ਪ੍ਰਤੀ ਵੀ ਲੋਕਾਂ ਦੀ ਦਿਲਚਸਪੀ ਘੱਟਣ ਲੱਗ ਪੈਂਦੀ ਹੈ। ਮੈਂ ਤੁਹਾਡੀ ਇਸ ਗੱਲ ਨਾਲ ਸਹਿਮਤ ਹਾਂ ਕਿ ਕਹਾਣੀਕਾਰ ਨੂੰ ਲੱਗਦੀ ਵਾਹ ਆਪਣੀ ਹੀ ਭਾਸ਼ਾ ਵਿੱਚੋਂ ਹੀ ਆਪਣੀਆਂ ਕਹਾਣੀਆਂ ਦੇ ਭਾਵਪੂਰਤ ਸਿਰਲੇਖ ਲੱਭਣੇ ਚਾਹੀਦੇ ਹਨ ਪਰ ਇਸ ਧਾਰਨਾ ਨੂੰ ਸਿਰਲੇਖ ਚੋਣ ਦੇ ਪੱਕੇ ਨਿਯਮ ਵਜੋਂ ਨਹੀ ਵਰਤਿਆਂ ਜਾ ਸਕਦਾ। ਉਦਾਹਰਣ ਵਜੋਂ ਜਸਵਿੰਦਰ ਧਰਮਕੋਟ ਦੀ ਕਹਾਣੀ 'ਮੈਲਾਲਿਨ' ਦੀ ਗੱਲ ਕਰੀਏ ਤਾਂ ਇਸਦਾ ਢੁੱਕਵਾਂ ਬਦਲ ਹੀ ਸਾਡੇ ਕੋਲ ਨਹੀਂ ਹੈ। ਕੁਝ ਅੰਗਰੇਜ਼ੀ ਸ਼ਬਦਾਂ ਦਾ ਪੰਜਾਬੀ ਬਦਲ ਹੋਣ ਦੇ ਬਾਵਜੂਦ ਉਹ ਆਮ ਬੋਲ ਚਾਲ ਦੀ ਭਾਸ਼ਾ ਵਿਚ ਏਨੇ ਪ੍ਰਚਲਤ ਹੋ ਜਾਂਦੇ ਹਨ ਕਿ ਉਨ੍ਹਾਂ ਦੀ ਵਰਤੋਂ ਪਾਠਕਾਂ ਨੂੰ ਓਪਰੀ ਨਹੀਂ ਲੱਗਦੀ। ਉਦਾਹਰਣ ਵਜੋਂ ਤੁਹਾਡੇ ਆਪਣੀ ਕਹਾਣੀ ਸੰਗ੍ਰਹਿ 'ਡਿਲਿਵਰੀ ਮੈਨ' ਦਾ ਨਾਂ ਵੀ ਅੰਗਰੇਜ਼ੀ ਭਾਸ਼ਾ ਵਿਚ ਹੈ ਪਰ ਇਹ ਸ਼ਹਿਰੀ ਖੇਤਰ ਵਿਚ ਵਾਰ ਵਾਰ ਵਰਤੇ ਜਾਣ ਕਾਰਨ ਪਾਠਕ ਇਸ ਨੂੰ ਪੰਜਾਬੀ ਨਾਮ ਵਾਂਗ ਹੀ ਸਹਿਜ ਰੂਪ ਵਿਚ ਸਵੀਕਾਰ ਲੈਂਦੇ ਹਨ। 'ਡਲਿਵਰੀ ਮੈਨ' ਦਾ ਪੰਜਾਬੀ ਬਦਲ ਸ਼ਹਿਰੀ ਪਾਠਕਾਂ ਨੂੰ ਉਸ ਅਸਾਨੀ ਨਾਲ ਸਮਝ ਨਹੀਂ ਆਵੇਗਾ ਜਿਸ ਅਸਾਨੀ ਨਾਲ ਉਹ ਇਸ ਸ਼ਬਦ ਨੂੰ ਸਮਝ ਸਕਦੇ ਹਨ। ਜੇ ਕੋਈ ਕਹਾਣੀਕਾਰ ਪੰਜਾਬੀ ਭਾਸ਼ਾ ਦੇ ਬਹੁ ਪ੍ਰਚਲਤ ਸ਼ਬਦ ਦੇ ਹੁੰਦਿਆਂ ਵੀ ਸਿਰਫ ਆਪਣੀ ਵਿਦਵਤਾ ਦਾ ਪ੍ਰਭਾਵ ਪਾਉਣ ਲਈ ਆਪਣੀਆਂ ਕਹਾਣੀਆਂ ਦੇ ਨਾਂ ਅੰਗਰੇਜ਼ੀ ਵਿੱਚ ਰੱਖਦਾ ਹੈ ਤਾਂ ਇਸਦੀ ਆਲੋਚਨਾ ਜ਼ਰੂਰ ਹੋਣੀ ਚਾਹੀਦੀ ਹੈ।

**ਡਾ. ਸੁਖਪਾਲ ਕੌਰ** : ਇਕ ਤਾਂ ਕਹਾਣੀ ਦਾ ਸਿਰਲੇਖ ਉਹ ਹੀ ਰੱਖਿਆ ਜਾਵੇਂ ਜਿਹੜਾ ਕਹਾਣੀ ਦੇ ਮੂਲ ਤੰਦ ਨੂੰ ਫੜਦਾ ਹੋਵੇ। ਦੂਜਾ ਅਜਿਹੇ ਸਿਰਲੇਖ ਰੱਖਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਜਿਹਦੇ ਅਰਥ ਲੱਭਣ ਲਈ ਸਾਨੂੰ ਕੋਈ ਕੋਸ਼ ਵੇਖਣੀ ਪਵੇ ਕਈ ਵਾਰ ਕਹਾਣੀਕਾਰ ਅੰਗਰੇਜ਼ੀ ਵਿੱਚ ਅਜਿਹੇ ਔਖੇ ਨਾਂ ਲੱਖ ਦਿੰਦੇ ਨੇ ਉਹ ਅਸਾਨੀ ਨਾਲ ਸਾਡੇ ਮੂੰਹ ਹੀ ਨਹੀਂ ਚੜਦੇ। ਜਿਵੇਂ ਅਲਫ਼ਾਜ਼ ਅਪਣੇ ਆਪ ਨੂੰ ਵੱਖਰਾ ਦਿੱਸਣ ਲਈ ਬੜਾ ਸੁਚੇਤ ਹੋ ਕੇ ਅੰਗਰੇਜ਼ੀ 'ਚ ਨਾਂ ਰੱਖਦਾ।

**ਐੱਚ. ਐੱਸ. ਡਿੰਪਲ** : ਇਸ ਵਾਰ ਸਿਰਲੇਖ਼ਾਂ ਵਿੱਚ ਕੋਈ ਵੰਨ-ਸੁਵੰਨਤਾ, ਨਵੀਨਤਾ ਜਾਂ ਵਖਰੇਵਾਂ ਵੇਖਣ ਨੂੰ ਨਹੀਂ ਮਿਲਿਆ, ਜਿਸ ਤਰ੍ਹਾਂ ਸੁਖਜੀਤ, ਜਤਿੰਦਰ ਹਾਂਸ ਤੇ ਜਸਵੀਰ ਰਾਣਾ ਨੇ ਆਪਣੀਆਂ ਆਰੰਭਕ ਕਹਾਣੀਆਂ ਵਿੱਚ ਕੀਤਾ। ਰਾਣਾ ਨੇ ਆਪਣੇ ਨਿਵੇਕਲੇ ਸਿਰਲੇਖਾਂ ਦੀ ਲੜੀ ਕਾਇਮ ਰੱਖੀ ਐ।

**ਰਸੂਲਪੁਰੀ** : ਕਿਹੜੇ ਸਾਹਿਤਕ ਰਸਾਲੇ ਹਨ ਜਿਨ੍ਹਾਂ ਵਿੱਚ ਬੀਤੇ ਸਾਲ ਚੰਗੀਆਂ ਕਹਾਣੀਆਂ ਪੜ੍ਹਨ ਨੂੰ ਮਿਲੀਆਂ।

**ਸੰਦੀਪ ਰਾਣਾ** : ਬੀਤੇ ਸਾਲ ਵਿੱਚ ਸੁਰਤਿ, ਹੁਣ, ਸਿਰਜਣਾ, ਤਾਸਮਨ, ਕਹਾਣੀ ਧਾਰਾ, ਪ੍ਰਵਚਨ, ਸ਼ਬਦ, ਕਹਾਣੀ ਪੰਜਾਬ ਅਤੇ ਰਾਗ ਵਿੱਚ ਚੰਗੀਆਂ ਕਹਾਣੀਆਂ ਛਪੀਆਂ ਹਨ।

**ਨਿਰੰਜਣ ਬੋਹਾ** : ਸਿਰਜਣਾ, ਕਹਾਣੀ ਪੰਜਾਬ, ਕਹਾਣੀ ਧਾਰਾ, ਤਾਸਮਨ , ਰਾਗ, ਹੁਣ, ਸ਼ਬਦ ,ਚਿਰਾਗ, ਪ੍ਰਵਚਨ, ਏਕਮ, ਪ੍ਰਤਿਮਾਨ, ਸਮਕਾਲੀ ਸਾਹਿਤ ਸਮਾਂਤਰ ਨਜ਼ਰੀਆਂ, ਸੁਰਤਿ, ਕੌਮਾਂਤਰੀ ਚਰਚਾ ਤੇ ਮੇਲਾ ਆਦਿ ਪਰਚਿਆਂ ਵਿੱਚ ਪਿਛਲੇ ਸਮੇਂ ਦੌਰਾਨ ਚੰਗੀਆਂ ਕਹਾਣੀਆਂ ਪੜ੍ਹਣ ਨੂੰ ਮਿਲੀਆਂ ਹਨ। ਹੋਰ ਪਰਚਿਆਂ ਵਿੱਚ ਵੀ ਕਹਾਣੀਆਂ ਛਪਦੀਆਂ ਹਨ ਪਰ ਇਹ ਪਰਚੇ ਕਹਾਣੀ ਨੂੰ ਵਿਸ਼ੇਸ਼ ਤੌਰ ’ਤੇ ਪ੍ਰਮੋਟ ਕਰਦੇ ਹਨ।

**ਐੱਚ. ਐੱਸ. ਡਿੰਪਲ** : ਹੁਣ, ਰਾਗ, ਤਾਸਮਾਨ, ਪ੍ਰਵਚਨ, ਕਹਾਣੀ ਧਾਰਾ, ਸੁਰਤਿ, ਚਿਰਾਗ ਤੇ ਸਿਰਜਣਾ ਵਿੱਚ ਚੰਗੀਆਂ ਕਹਾਣੀਆਂ ਛਪੀਆਂ।

**ਡਾ. ਸੁਖਪਾਲ ਕੌਰ** : ਕਹਾਣੀ ਧਾਰਾ, ਹੁਣ, ਰਾਗ, ਸੁਰਿਤ, ਸ਼ਬਦ ਤੇ ਸਿਰਜਣਾ ਰਸਾਲਿਆਂ ਵਿੱਚ ਚੰਗੀਆਂ ਕਹਾਣੀਆਂ ਪੜ੍ਹਨ ਨੂੰ ਲੱਭ ਜਾਂਦੀਆਂ ਹਨ।

**ਰਸੂਲਪੁਰੀ** : ਬੀਤੇ ਵਰ੍ਹੇ ਕੁਝ ਅਸਲੋਂ ਨਵੇਂ ਕਹਾਣੀਕਾਰਾਂ ਦੀਆਂ ਕਹਾਣੀਆਂ ਵੀ ਛਪੀਆਂ। ਤੁਸੀਂ ਉਹ ਕਹਾਣੀਆਂ ਵੀ ਪੜ੍ਹੀਆਂ ਹੋਣਗੀਆਂ? ਉਨ੍ਹਾਂ ਦੀ ਕਹਾਣੀ ਕਿਸ ਕਿਸਮ ਦੀ ਕਹਾਣੀ ਹੈ। ਉਨ੍ਹਾਂ ਦੀਆਂ ਕਹਾਣੀਆਂ ਪੜ੍ਹ ਕੇ ਤੁਹਾਨੂੰ ਲੱਗਦਾ ਹੈ ਕਿ ਉਹ ਭਵਿੱਖ ਵਿੱਚ ਚੰਗੀਆਂ ਕਹਾਣੀਆਂ ਲਿਖਣ ਦੀ ਸਮਰੱਥਾ ਰੱਖਦੇ ਹਨ।

**ਸੰਦੀਪ ਰਾਣਾ** : ਬੀਤੇ ਸਾਲ ਜਿਨ੍ਹਾਂ ਨਵੇਂ ਕਹਾਣੀਕਾਰਾਂ ਨੇ ਕਹਾਣੀ ਸਿਰਜਣ ਦੇ ਖੇਤਰ ਵਿੱਚ ਕਦਮ ਰੱਖਿਆ ਹੈ ਉਹਨਾਂ ਵਿੱਚੋਂ ਕਈ ਕਹਾਣੀਕਾਰ ਪਹਿਲਾਂ ਵੀ ਸਾਹਿਤ ਰਚ ਰਹੇ ਸਨ ਬੱਸ ਉਹਨਾਂ ਨੇ ਕਹਾਣੀ ਲਿਖਣਾ ਹੁਣ ਸ਼ੁਰੂ ਕੀਤਾ ਹੈ। ਅਮਰਜੀਤ ਸਿੰਘ ਮਾਨ, ਡਾ.ਇਕਬਾਲ ਸਿੰਘ ਸਕਰੌਦੀ, ਲਖਵਿੰਦਰ ਵਿਰਕ,ਵਿਪਨ, ਅਲਫ਼ਾਜ਼, ਅੰਮ੍ਰਿਤਪਾਲ ਕਲੇਰ ਅਤੇ ਜਗਤਾਰ ਸ਼ੇਰਗਿੱਲ ਵਰਗੇ ਨਵੇਂ ਕਹਾਣੀਕਾਰ ਇਸ ਸਾਲ ਕਹਾਣੀ ਲੇਖਨ ਵਿੱਚ ਆਏ ਹਨ। ਇਹਨਾਂ ਕਹਾਣੀਕਾਰਾਂ ਵਿੱਚੋਂ ਅਮਰਜੀਤ ਸਿੰਘ ਮਾਨ ਅਤੇ ਅਲਫਾਜ਼ ਵਰਗੇ ਕਹਾਣੀਕਾਰ ਚਰਚਾ ਵਿੱਚ ਵੀ ਰਹੇ ਹਨ ਜਿਨ੍ਹਾਂ ਤੋਂ ਭਵਿੱਖ ਵਿੱਚ ਵੀ ਉਮੀਦਾਂ ਰੱਖੀਆਂ ਜਾ ਸਕਦੀਆਂ ਹਨ। ਲਖਵਿੰਦਰ ਵਿਰਕ ਅਤੇ ਹਰਦੀਪ ਕੌਰ ਔਰਤ ਕਹਾਣੀਕਾਰਾਂ ਵਿੱਚੋਂ ਵੱਧ ਸਮਰੱਥਾਵਾਨ ਪ੍ਰਤੀਤ ਹੁੰਦੀਆਂ ਹਨ।

**ਨਿਰੰਜਣ ਬੋਹਾ** : ਇਸ ਸਾਲ ਨਜ਼ਰੀ ਚੜ੍ਹੇ ਨਵੇਂ ਕਹਾਣੀਕਾਰਾ ਵਿਚੋਂ ਮੈਨੂੰ ਅਲਫ਼ਾਜ, ਅੰਮ੍ਰਿਤਪਾਲ ਕਲੇਰ ਜਸਵਿੰਦਰ ਛਿੰਦਾ ਆਦਿ ਕਹਾਣੀਕਾਰਾਂ ਨੇ ਪ੍ਰਭਾਵਿਤ ਕੀਤਾ ਹੈ। ਇਹਨਾਂ ਕਹਾਣੀਕਾਰਾਂ ਕੋਲ ਨਵੇਂ ਵਿਸ਼ੇ ਵੀ ਹਨ ਤੇ ਵਰਜਿਤ ਕਰਾਰ ਦਿੱਤੀ ਗਈ ‘ਚੌਥੀ ਕੂੰਟ’ ਵਿਚ ਜਾਣ ਦੀ ਦਲੇਰੀ ਵੀ ਹੈ। ਪਰ ਕਈ ਵਾਰ ਆਪਣੇ ਸਾਹਿਤ ਸਫ਼ਰ ਦੇ ਮੁੱਢਲੇ ਹੀ ਪੜਾਅ ’ਤੇ ਮਿਲੀ ਲੋੜੋਂ ਵੱਧ ਪ੍ਰਸੰਸਾ ਕਹਾਣੀਕਾਰ ਦੇ ਪੈਰ ਧਰਤੀ ਤੋਂ ਚੁੱਕ ਦਿੰਦੀ ਹੈ। ਜੇ ਨਵੇਂ ਕਹਾਣੀਕਾਰ ਇਸ

ਗੱਲੋਂ ਸੁਚੇਤ ਰਹੇ ਕਿ ਇਕ ਦਮ ਮਿਲੀ ਪ੍ਰਸਿੱਧੀ ਬੜੀ ਤਿਲਕਵੀ ਚੀਜ ਹੁੰਦੀ ਹੈ ਤਾਂ ਉਹਨਾਂ ਦਾ ਭਵਿੱਖ ਬਹੁਤ ਰੋਸ਼ਨ ਰਹੇਗਾ।

**ਐੱਚ. ਐੱਸ. ਡਿੰਪਲ** : ਇਸ ਵਾਰ ਜਗਵਿੰਦਰ ਜੋਧਾ, ਹਰਪਾਲ ਸਿੰਘ ਪੰਨੂ, ਅਲਫ਼ਾਜ਼, ਗੁਰਪ੍ਰੀਤ ਡੈਨੀ ਤੇ ਅਜਮੇਰ ਰੋਡੇ ਦੀਆਂ ਕਹਾਣੀਆਂ ਸਾਹਮਣੇ ਆਈਆਂ। ਜਗਜੀਤ ਬਰਾੜ ਦੀਆਂ ਵੀ ਬਹੁਤ ਕਹਾਣੀਆਂ ਛਪੀਆਂ। ਪਰ ਜੋਧੇ ਤੇ ਅਲਫ਼ਾਜ਼ ਦੀਆਂ ਕਹਾਣੀਆਂ ਵਿੱਚ ਦਮ ਹੈ। ਅਜਮੇਰ ਸਿੱਧੂ ਦੇ ਬਾਅਦ ਵਿਗਿਆਨਕ ਕਹਾਣੀ ਵਿੱਚ ਅਲਫ਼ਾਜ਼ ਨਵੇਂ ਵਿਸ਼ੇ ਲੈ ਕੇ ਆਇਆ ਹੈ। ਅਜਮੇਰ ਸਿੱਧੂ ਦੀ ਕਹਾਣੀ ਬਨਾਵਟੀ ਜਾਪਣ ਲੱਗ ਗਈ ਹੈ। ਪਰ, ਅਲਫ਼ਾਜ਼ ਨਵੇਂ ਯੁੱਗ ਦੀਆਂ ਸਮੱਸਿਆਵਾਂ ਨੂੰ ਪੇਸ਼ ਕਰ ਰਿਹਾ, ਭਾਵੇਂ ਉਸਦੀ ਕਹਾਣੀ ਬੇਲੋੜੇ ਵਿਸਤਾਰ ਤੇ ਇਕਹਿਰੇਪਣ ਕਰਕੇ ਕਿਤੇ-ਕਿਤੇ ਬਹੁਤ ਪੇਤਲੀ ਹੋ ਜਾਂਦੀ ਹੈ। ਪਰ 'ਬੱਜੋਰੱਤਾ' ਜਾਂ 'ਬੰਦੋਬਸਤ' ਵਰਗੀਆਂ ਕਹਾਣੀਆਂ ਕਸਵੇਂ ਬਿਰਤਾਂਤ ਕਰਕੇ ਪਾਠਕ ਨੂੰ ਅੰਤ ਤੱਕ ਬੰਨ੍ਹੀ ਰੱਖਦੀਆਂ ਨੇ।

**ਰਸੂਲਪੁਰੀ** : ਮੈਨੂੰ ਲੱਗਦਾ ਹੈ ਬੀਤੇ ਵਰ੍ਹੇ ਵਿੱਚ ਪੰਜਾਬੀ ਕਹਾਣੀ ਦਾ ਦਾਬਾ ਰਿਹਾ ਹੈ। ਵੱਡੀ ਗਿਣਤੀ ਵਿੱਚ ਕਹਾਣੀ ਲਿਖੀ ਗਈ ਅਤੇ ਪੜ੍ਹੀ ਵੀ ਗਈ। ਕੋਈ ਵੀ ਰਸਾਲਾ ਕਹਾਣੀ ਨੂੰ ਨਜ਼ਰ ਅੰਦਾਜ਼ ਨਹੀਂ ਕਰ ਸਕਦਾ। ਇਸ ਸਾਲ 25 ਦੇ ਕਰੀਬ ਤਾਂ ਕਿਤਾਬਾਂ ਛਪ ਗਈਆਂ ਹਨ। ਕਿਤਾਬਾਂ ਅਤੇ ਰਸਾਲਿਆਂ ਵਿੱਚ ਛਪੀਆਂ ਕਹਾਣੀਆਂ ਦੀ ਜੇ ਅਸੀਂ ਮੋਟੀ ਮੋਟੀ ਗਿਣਤੀ ਕਰੀਏ ਤਾਂ ਇਨ੍ਹਾਂ ਦੀ ਗਿਣਤੀ 500 ਦੇ ਕਰੀਬ ਬਣ ਜਾਵੇਗਾ। ਤੁਸੀਂ ਸਮਝਦੇ ਹੋ ਕਿ ਇਹ ਸਾਰੀਆਂ ਕਹਾਣੀਆਂ ਅੱਜ ਤੋਂ ਪੰਜ ਜਾਂ ਦੱਸ ਸਾਲ ਬਾਅਦ ਵੀ ਜਿਉਂਦੀਆਂ ਰਹਿਣਗੀਆਂ ਜਾਂ ਖਾਦ ਦਾ ਕੰਮ ਕਰਨਗੀਆਂ। ਤੁਸੀਂ ਇਨ੍ਹਾਂ 500 ਵਿੱਚੋਂ ਕਿੰਨੀਆਂ ਕਹਾਣੀਆਂ ਮੰਨਦੇ ਹੋ ਕਿ ਇਹ ਬਚ ਜਾਣਗੀਆਂ ਤੇ ਇਕ ਦਹਾਕਾ ਬੀਤ ਜਾਣ 'ਤੇ ਲੋਕ ਇਨ੍ਹਾਂ ਕਹਾਣੀਆਂ ਨੂੰ ਚੇਤੇ ਕਰਨਗੇ।

**ਸੰਦਾਪ ਰਾਣਾ** : ਸਾਂਵਲ ਧਾਮੀ ਦੀ ਕਹਾਣੀ 'ਖੋਪੜੀ ਦਾ ਤਮਗਾ' ਅਤੇ ਤਹਿਸੀਲਦਾਰ ਦਾ ਪੋਤਾ, ਭਗਵੰਤ ਰਸੂਲਪੁਰੀ ਦੀ ਕਹਾਣੀ 'ਡਲੀਵਰੀ ਮੈਨ', ਦਰਸ਼ਨ ਜੋਗਾ ਦੀ 'ਫਨੀਅਰ',ਬੂਟਾ ਸਿੰਘ ਚੌਹਾਨ ਦੀ ਕਹਾਣੀ 'ਨੀਵੀਂ ਥਾਂ', ਸੁਆਮੀ ਸਰਬਜੀਤ ਦੀ 'ਹਾੱਰਸ ਪਾਵਰ' ਅਤੇ ਕਸਵੱਟੀ, ਸਰਬਜੀਤ ਕੌਰ ਸੋਹਲ ਦੀ ਕਹਾਣੀ 'ਬੁਰਜ ਖ਼ਲੀਫ਼ਾ',ਅਮਰਜੀਤ ਸਿੰਘ ਮਾਨ ਦੀ 'ਧੋਬੀ ਪਟਕਾ', ਗੋਵਰਧਨ ਗੱਬੀ ਦੀ 'ਆਪਣਾ ਘਰ' ਅਤੇ ਪਵਿੱਤਰ ਕੌਰ ਮਾਟੀ ਦੀ ਰੌਂਗ ਨੰਬਰ ਅਜਿਹੀਆਂ ਕਹਾਣੀਆਂਹਨ ਜੋ ਲੰਬੇ ਸਮੇਂ ਤਕ ਚੇਤਿਆਂ ਵਿੱਚ ਜ਼ਿੰਦਾ ਰਹਿਣਗੀਆਂ।

**ਐੱਚ. ਐੱਸ. ਡਿੰਪਲ** : ਮੈਨੂੰ ਤਾਂ ਲੱਗਦਾ ਕਿ ਬੀਤਿਆ ਵਰ੍ਹਾ ਨਹੀਂ ਸਗੋਂ ਲੰਘਿਆ ਦਹਾਕਾ ਪੰਜਾਬੀ ਕਹਾਣੀ ਦਾ ਰਿਹਾ। ਬਹੁਤ ਵੱਡੀ ਗਿਣਤੀ ਵਿੱਚ ਕਹਾਣੀਆਂ ਸਾਡੇ ਸਾਹਮਣੇ ਆਈਆਂ। ਨਵਾਂ ਜ਼ਮਾਨਾ ਵਲੋਂ ਕੀਤੇ ਜਾਣੇ ਸਰਵੇਖਣਾ ਦੌਰਾਨ ਕਹਾਣੀਆਂ ਤੇ ਕਹਾਣੀਕਾਰਾਂ ਨੇ ਖ਼ੂਬ ਮਕਬੂਲੀਅਤ ਹਾਸਲ ਕੀਤੀ। ਬੀਤਿਆ ਵਰ੍ਹਾ ਵੀ ਅਛੂਤਾ ਜਾਂ ਵੱਖਰਾ ਨਹੀਂ ਸੀ। ਕਹਾਣੀਆਂ ਸਾਹਿਤਕ ਪੱਤ੍ਰਿਕਾਵਾਂ ਵਿੱਚ, ਕਥਾਕਾਰਾਂ ਦੀਆਂ ਆਪਣੀਆਂ ਕਿਤਾਬਾਂ ਵਿੱਚ, ਸੰਪਾਦਿਤ ਕਿਤਾਬਾਂ ਵਿੱਚ ਹੀ ਨਹੀਂ ਛਪੀਆਂ, ਗੋਸ਼ਟੀਆਂ ਵਿੱਚ ਵੀ ਸੁਣੀਆਂ-ਸੁਣਾਈਆਂ ਗਈਆਂ। ਪਰ, ਪਾਵੇ ਨਾਲ ਬੰਨ੍ਹਿਆ ਹੋਇਆ ਕਾਲ, ਚੂੜੇ ਵਾਲੀ ਬਾਂਹ, ਵਿਚਲੀ ਔਰਤ, ਕਤਲ, ਦਬੋਲੀਆ (ਬਲਵਿੰਦਰ ਗਰੇਵਾਲ), ਜੜ੍ਹਾਂ (ਭਗਵੰਤ ਰਸੂਲਪੁਰੀ), ਪੇਂਜੀ ਦੇ ਫੁੱਲ + ਗਾਈਡ + ਮੱਲ੍ਹਮ (ਸਾਂਵਲ ਧਾਮੀ), ਇੱਕ ਦਿਨ (ਤ੍ਰਿਪਤਾ ਸਿੰਘ), ਇਕਬਾਲ ਹੁਸੈਨ ਮੋਇਆ ਨਹੀਂ (ਅਜਮੇਰ ਸਿੱਧੂ) ਜਾਂ ਦੁਰਗ ਟੁੱਟਦੇ ਨੇ (ਗੁਰਪਾਲ ਲਿੱਟ) ਵਰਗੀਆਂ ਕਹਾਣੀਆਂ ਕਿੱਥੇ ਨੇ? ਕਹਾਣੀਕਾਰ ਗੁੰਮ ਗਏ ਨੇ, ਜਾਂ ਉਨ੍ਹਾਂ ਤੋਂ

ਕਹਾਣੀ ਖੁੱਸ ਗਈ ਜਾਪਦੀ ਏ।

**ਨਿਰੰਜਣ ਬੋਹਾ** : ਮੈਂ ਸਥਾਨਕ ਰਾਜਨੀਤੀ ਵਿੱਚ ਭਾਗ ਲੈਂਦਾ ਹਾਂ। ਹਰ ਪੰਜ ਸਾਲ ਬਾਅਦ ਸਾਡੇ ਸ਼ਹਿਰ ਦੀ ਨਗਰ ਪੰਚਾਇਤ ਵਿੱਚ 13 ਮੈਂਬਰ ਚੁਣੇ ਜਾਂਦੇ ਹਨ। ਮੈਂ ਵੇਖਿਆ ਹੈ ਕਿ ਪੰਜ ਸਾਲ ਦਾ ਕਾਰਜ਼ਕਾਲ ਬੀਤ ਜਾਣ ’ਤੇ ਉਹਨਾਂ ਵਿੱਚੋ ਇਕ ਦੋ ਮੈਬਰਾਂ ਦੇ ਨਾਂ ਹੀ ਕੀਤੇ ਚੰਗੇ ਕੰਮਾਂ ਦੇ ਅਧਾਰ ’ਤੇ ਲੋਕਾਂ ਦੇ ਚੇਤਿਆਂ ਵਿਚ ਸੁਰੱਖਿਅਤ ਰਹਿੰਦੇ ਹਨ ਬਾਕੀ ਸਮੇਂ ਦੀ ਧੂੜ ਵਿਚ ਗੁਆਚ ਜਾਂਦੇ ਹਨ। ਸਾਲ ਵਿਚ ਲਿਖੀਆਂ ਗਈਆਂ ਪੰਜ ਸੌ ਕਹਾਣੀਆਂ ਵਿੱਚੋਂ ਕਿੰਨੀਆਂ ਕਹਾਣੀਆਂ ਪਾਠਕੀ ਜੁਬਾਨ ‘ਤੇ ਰਹਿਣਗੀਆਂ ਤੇ ਕਿੰਨੀਆਂ ਗੁਆਚ ਜਾਣਗੀਆਂ, ਇਸਦਾ ਅਨੁਮਾਨ ਲਾਉਣ ਲਈ ਵੀ ਮੈਂ ਸਥਾਨਕ ਪੰਚਾਇਤ ਮੈਬਰਾਂ ਵਾਲਾ ਫਾਰਮੂਲਾ ਹੀ ਵਰਤਦਾ ਹਾਂ। ਜਿਹੜੀਆਂ ਕਹਾਣੀਆਂ ਨੂੰ ਉਹਨਾਂ ਦੇ ਛਪਣ ਕਾਲ ਵੇਲੇ ਵੀ ਗਿਣਤੀ ਦੇ ਜਾਂ ਆਟੇ ’ਚ ਲੂਣ ਬਰਾਬਰ ਪਾਠਕ ਮਿਲਦੇ ਹਨ ਬਾਅਦ ਵਿਚ ਉਹਨਾਂ ਦਾ ਨੋਟਿਸ ਕਿਸ ਲੈਣਾ ਹੈ। ਸਿਰਫ ਕਹਾਣੀਆਂ ਹੀ ਨਹੀਂ ਸਗੋਂ ਹੋਰ ਵਿਧਾਵਾਂ ਦੀ ਗਿਣਾਤਮਕ ਤੇ ਗੁਣਾਤਮਕ ਪ੍ਰਾਪਤੀਆਂ ਵਿੱਚ ਵੀ ਵੱਡਾ ਪਾੜਾ ਹੈ। ਮੇਰਾ ਅਨੁਮਾਨ ਹੈ ਕਿ ਇਹਨਾਂ 500 ਕਹਾਣੀਆਂ ਵਿਚੋਂ ਪੰਦਰਾਂ ਵੀਹ ਕਹਾਣੀਆਂ ਆਪਣੀ ਸਾਹਿਤਿਕ ਗੁਣਵੱਤਾ ਦੇ ਬਲਬੂਤੇ ’ਤੇ ਪਾਠਕਾਂ ਦੇ ਜ਼ਿਹਨ ਵਿੱਚ ਆਪਣੇ ਲਈ ਥਾਂ ਬਣਾਉਣ ਵਿਚ ਜ਼ਰੂਰ ਸਫ਼ਲ ਹੋਣਗੀਆਂ।

**ਡਾ. ਸੁਖਪਾਲ ਕੌਰ** : ਹਮੇਸ਼ਾ ਹੀ ਕਹਾਣੀ ਮੁੱਖ ਧਾਰਾ ਵਿੱਚ ਰਹੀ ਹੈ। ਹਰ ਸਾਲ ਨੂੰ ਕਾਫੀ ਮਾਤਰਾ ਵਿੱਚ ਚੰਗੀਆਂ ਕਹਾਣੀਆਂ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਮਾੜੀਆਂ ਵੀ ਪੜ੍ਹਨੀਆਂ ਪੈਂਦੀਆਂ ਹਨ। ਪਰ ਹਲਕੀਆਂ ਸਾਡੇ ਜ਼ਿਹਨ ਵਿੱਚੋਂ ਕਿਰ ਜਾਂਦੀਆਂ ਹਨ ਤੇ ਤੱਕੜੀਆਂ ਚੇਤੇ ਵਿੱਚ ਟਿੱਕੀਆਂ ਰਹਿੰਦੀਆਂ ਹਨ।

**ਰਸੂਲਪੁਰੀ** : ਕੀ ਤੁਸੀਂ ਸਮਝਦੇ ਹੋ ਕਿ ‘ਪੰਜਾਬੀ ਕਹਾਣੀ ਆਲੋਚਨਾ’ ਸੋਕੇ ਦਾ ਸ਼ਿਕਾਰ ਹੋ ਕੇ ਰਹਿ ਗਈ ਏ। ਸਾਨੂੰ ਕੋਈ ਚੰਗਾ ਆਲੋਚਨਾ ਲੱਭਦਾ ਨਹੀਂ ਜਿਹੜਾ ਨਿੱਠ ਕੇ ਕੰਮ ਕਰ ਸਕਦਾ ਹੋਵੇ ਜਾਂ ਜਿਹਨੇ ਸਮਕਾਲੀ ਕਹਾਣੀ ਨੂੰ ਲੈ ਕੇ ਆਪਣੀਆਂ ਕੁਝ ਅਛੂਤੀਆਂ-ਮੁੱਲਵਾਨ ਧਾਰਨਾਵਾਂ ਵਿਕਸਿਤ ਕੀਤੀਆਂ ਹੋਣ, ਜਿਹੜੀਆਂ ਅਕਾਦਮਿਕ ਪੱਧਰ ’ਤੇ ਚਰਚਾ ਦਾ ਵਿਸ਼ਾ ਬਣੀਆਂ ਹੋਣ। ਜਿਹੜੇ ਕਹਾਣੀ ਦੇ ਆਲੋਚਕ ਹਨ ਵੀ ਉਹ ਆਪਣੇ-ਆਪਣੇ ਧੜੇ ਦੀ ਗੱਲ ਕਰ ਕਰਾ ਕੇ ਬੈਠ ਜਾਂਦੇ ਹਨ।

ਡਾ. ਸੁਖਪਾਲ ਕੌਰ-ਕਹਾਣੀ ਦੀ ਆਲੋਚਨਾ ਦਾ ਸੰਕਟ ਤਾਂ ਹੈ। ਇਹ ਸਾਨੂੰ ਮੰਨਣਾ ਪਵੇਗਾ। ਸਾਡੇ ਕੋਲ ਕਹਾਣੀ ਦੇ ਜੋ ਆਲੋਚਕ ਹਨ ਉਹ ਬਹੁਤ ਥੋੜ੍ਹੇ ਹਨ। ਨਿੱਠ ਕੇ ਕੰਮ ਕਰਨ ਵਾਲਾ ਹੁਣ ਲਾਲਟੈਣ ਨਾਲ ਵੀ ਨਹੀਂ ਲੱਭਦਾ। ਬਲਦੇਵ ਧਾਲੀਵਾਲ ਨੇ ਨੇ ਕਹਾਣੀ ਤੇ ਬਹੁਤ ਕੰਮ ਕੀਤਾ। ਪਰ ਉਹ ਵੀ ਕਈ ਸਾਲਾਂ ਤੋਂ ਸਾਲ ਦੇ ‘ਲੇਖਾ ਜੋਖਾ’ ਕਰਨ ਤੱਕ ਸੀਮਤ ਹੋ ਗਿਆ ਹੈ। ਰਜਨੀਸ਼ ਬਹਾਦਰ ਸਿੰਘ ਨੇ ਕਹਾਣੀ ਤੇ ਬਹੁਤ ਨਿੱਗਰ ਕਾਰਜ਼ ਕੀਤਾ ਹੈ। ਹੁਣ ਸਾਡੇ ਕੋਲ ਪੰਜ ਸੱਤ ਨਾਂ ਹਨ। ਬਹੁਤੇ ਮੇਰੇ ਵਰਗੇ ਕਿਤਾਬਾਂ ਦੇ ਰੀਵਿਊ ਕਰਨ ਵਾਲੇ ਹਨ।

**ਸੰਦੀਪ ਰਾਣਾ** : ਪੰਜਾਬੀ ਕਹਾਣੀ ਆਲੋਚਨਾ ਦੇ ਇਤਿਹਾਸ ’ਤੇ ਨਜ਼ਰ ਮਾਰਿਆਂ ਨਾਮਵਰ ਆਲੋਚਕਾਂ ਦੇ ਨਾਮ ਇਸ ਸੂਚੀ ਵਿੱਚ ਸ਼ਾਮਲ ਰਹੇ ਹਨ ਪਰ ਅੱਜ ਦੇ ਸਮੇਂ ਵਿੱਚ ਇਸ ਖੇਤਰ ਵਿੱਚ ਕਈ ਕਮੀਆਂ ਦਾਖ਼ਲ ਹੋ ਰਹੀਆਂ ਹਨ। ਕਹਾਣੀ ਦੇ ਸਥਾਪਤ ਆਲੋਚਕ ਇਹ ਸਮਝ ਰਹੇ ਹਨ ਕਿ ਔਖੇ ਤੋਂ ਔਖਾ ਮਿਆਰ ਸਥਾਪਤ ਕਰਕੇ ਕਹਾਣੀ ਦੀ ਸੰਰਚਨਾ ਨੂੰ ਸੁਧਾਰਿਆ ਜਾ ਸਕਦਾ ਹੈ।

ਜੋ ਹੈ ਉਸ ਬਾਰੇ ਗੱਲ ਕਰਨ ਦੀ ਬਜਾਇ ਜੋ ਨਹੀਂ ਹੈ ਉਸ ਦੀ ਗੱਲ ਹੋ ਰਹੀ ਹੈ। ਅਸਲ ਵਿੱਚ ਕਹਾਣੀ ਸਿਰਜਣ ਦੀ ਸੁਤੰਤਰਤਾ ਭੰਗ ਹੋ ਰਹੀ ਹੈ। ਕਹਾਣੀ ਲਿਖਣਾ ਮਨੁੱਖ ਅਨੁਭਵਾਂ ਅਤੇ ਤਸੱਵਰ ਨੂੰ ਪੇਸ਼ ਕਰਨ ਦਾ ਇਕ ਢੰਗ ਹੈ,ਕਈ ਵਾਰ ਇੱਕ ਮਿੰਨੀ ਕਹਾਣੀ ਵਿੱਚ ਵੀ ਉਹ ਗੱਲ ਪੇਸ਼ ਹੋ ਜਾਂਦੀ ਹੈ ਜੋ ਕਈ ਸਫਿਆਂ ਦੀ ਲੰਬੀ ਕਹਾਣੀ ਵਿੱਚ ਵੀ ਨਹੀਂ ਹੋ ਸਕਦੀ। ਇਸ ਲਈ ਇਸ ਖੇਤਰ ਵਿੱਚ ਚੰਗੇ ਤੇ ਨਿਰਪੱਖ ਆਲੋਚਕਾਂ ਦੀ ਲੋੜ ਮਹਿਸੂਸ ਹੋ ਰਹੀ ਹੈ।

**ਨਿਰੰਜਣ ਬੋਹਾ** : ਇਸ ਚਿੰਤਾ ਨਾਲ ਮੇਰੀ ਸਹਿਮਤੀ ਬਣਦੀ ਹੈ ਕਿ ਜਿਸ ਤਦਾਦ ਵਿੱਚ ਪੰਜਾਬੀ ਕਹਾਣੀ ਲਿਖੀ ਜਾ ਰਹੀ ਹੈ ਤੇ ਪੰਜਾਬੀ ਦੇ ਮਿਆਰੀ ਪਰਚਿਆਂ ਵੱਲੋਂ ਛਾਪੀ ਵੀ ਜਾ ਰਹੀ ਹੈ ਉਸ ਅਨੁਪਾਤ ਵਿੱਚ ਇਸ ਦੀ ਸਮੀਖਿਆ ਸਬੰਧੀ ਵਧੇਰੇ ਸੁਚੇਤ ਤੇ ਗੰਭੀਰ ਯਤਨ ਨਹੀ ਹੋ ਰਹੇ। ਭਾਵੇਂ 'ਕਹਾਣੀ ਧਾਰਾ' ਵੱਲੋਂ ਆਪਣੇ ਹਰ ਅੰਕ ਵਿੱਚ ਕਹਾਣੀ ਦੇ ਕਿਸ ਕਲਾਤਮਕ ਪੱਖ ਬਾਰੇ ਆਲੋਚਕਾਂ ਵੱਲੋਂ ਗੋਸ਼ਟੀ ਦੇ ਰੂਪ ਵਿਚ ਕੀਤੀ ਨਿੱਠ ਕੇ ਚਰਚਾ ਅਲੋਚਨਾ ਦੇ ਖਲਾਅ ਨੂੰ ਭਰਨ ਸਬੰਧੀ ਸਲਾਘਾਯੋਗ ਰੋਲ ਨਿਭਾਅ ਰਹੀ ਹੈ ਪਰ ਇਹ ਖਲਾਅ ਬਹੁਤ ਵੱਡਾ ਹੈ। ਅਦਾਰਾ 'ਕਹਾਣੀ ਪੰਜਾਬ', ਅਦਾਰਾ 'ਪ੍ਰਵਚਨ' ਤੇ ਕੇਸਰ ਵਾਲਾ ਕਹਾਣੀ ਗੋਸ਼ਟੀ ਦੇ ਪ੍ਰਬੰਧਕਾਂ ਵੱਲੋਂ ਕਰਵਾਈਆਂ ਜਾਣ ਵਾਲੀਆਂ ਗੋਸ਼ਟੀਆਂ ਦੀ ਸਲਾਘਾ ਵੀ ਕੀਤੀ ਜਾਣੀ ਚਾਹੀਦੀ ਹੈ। ਕੁਝ ਆਲੋਚਕ ਇਸ ਖੇਤਰ ਵਿਚ ਚੰਗਾ ਕੰਮ ਕਰ ਰਹੇ ਹਨ। ਪੰਜਾਬੀ ਕਹਾਣੀਕਾਰਾਂ ਵਿਚਲੀ ਧੜੇਬੰਦੀ ਵੱਖ ਵੱਖ ਆਲੋਚਕਾਂ ਨੂੰ ਆਪਣੇ ਧੜੇ ਨਾਲ ਜੋੜ ਕੇ ਆਲੋਚਨਾ ਦੇ ਖੇਤਰ ਵਿਚਲੇ ਪੱਖਪਾਤ ਨੂੰ ਉਤਸਾਹਿਤ ਕਰ ਰਹੀ ਹੈ। ਪੰਜਾਬੀ ਕਹਾਣੀ ਆਲੋਚਨਾ ਅਛੂਤੀਆਂ ਤੇ ਮੌਲਿਕ ਸਥਾਪਨਾਵਾਂ ਕਾਇਮ ਕਰਨ ਦੀ ਸਮਰੱਥਾ ਰੱਖਦੀ ਹੈ ਪਰ ਇਹ ਕਾਰਜ ਧਿਰਾਂ ਵਿਚ ਵੰਡ ਕੇ ਨਹੀਂ ਸਗੋਂ ਸੰਯੁਕਤ ਰੂਪ ਵਿਚ ਕੀਤੇ ਜਾਣਾ ਚਾਹੀਦਾ ਹੈ। ਆਲੋਚਕ ਜਿੰਨੀ ਸੁਤੰਤਰਤਾ ਨਾਲ ਕੰਮ ਕਰ ਸਕੇਗਾ, ਉਨ੍ਹਾਂ ਹੀ ਪੰਜਾਬੀ ਕਹਾਣੀ ਦੀ ਆਲਚੋਨਾ ਪਧਤੀ ਮਜਬੂਤ ਹੋਵੇਗੀ

**ਐੱਚ. ਐੱਸ. ਡਿੰਪਲ** : ਅਜਿਹਾ ਤਾਂ ਨਹੀਂ ਕਿਹਾ ਜਾ ਸਕਦਾ। ਕੁਝ ਆਲਚੋਕ ਨਿੱਠ ਕੇ ਕੰਮ ਕਰ ਰਹੇ ਨੇ। ਕੁਝ ਨੂੰ ਸਾਹਿਤਕ ਪੱਤ੍ਰਿਕਾਵਾਂ, ਸੰਸਥਾਵਾਂ ਜਾਂ ਵਿਦਿਅਕ ਅਦਾਰਿਆਂ/ਵਿਸ਼ਵ-ਵਿਦਿਆਲਿਆਂ ਵਲੋਂ ਵੱਧ ਹੁੰਗਾਰਾ ਮਿਲਦਾ, ਕੁਝ ਨੂੰ ਘੱਟ ਤੇ ਕੁਝ ਨੂੰ ਨਾਂਮਾਤਰ। ਪਰ, ਦੇਰ-ਸਵੇਰ ਮਿਹਨਤ, ਇਮਾਨਦਾਰੀ ਤੇ ਸਮਝ ਸਾਹਮਣੇ ਆਉਂਦੀ ਹੈ। ਆਲਚੋਨਾ ਨੂੰ ਵੀ ਸਿਰਜਣਾ ਵਜੋਂ ਲੈਣ ਦੀ ਲੋੜ ਹੈ। ਡਾː ਹਰਚੰਦ ਸਿੰਘ ਬੇਦੀ, ਡਾː ਜੋਗਿੰਦਰ ਸਿੰਘ ਰਾਹੀ, ਡਾː ਰਜਨੀਸ਼ ਬਹਾਦਰ ਸਿੰਘ ਦੀ ਗਲਪ-ਆਲੋਚਨਾ ਪਾਏਦਾਰ ਸੀ। ਡਾː ਜੇ ਬੀ ਸੇਖੋਂ ਵੀ ਚੰਗਾ ਕੰਮ ਕਰ ਰਿਹਾ।

**ਰਸੂਲਪੁਰੀ** : ਕਿਹਾ ਜਾਣ ਲੱਗ ਪਿਆ ਕਿ ਬੀਤੇ ਸਾਲ ਦੀ ਬਹੁਤੀ ਕਹਾਣੀ ਵਿੱਚ ਬਿਰਤਾਂਤਕਾਰ ਦਾ ਦਖਲ ਬਹੁਤ ਵੱਧ ਗਿਆ ਜਿਸ ਕਾਰਨ ਕੁਝ ਨਾਮੀ ਆਲੋਚਕਾਂ ਨੇ ਬਹੁਤੀਆਂ ਕਹਾਣੀਆਂ ਨੂੰ ਮੂਲੋ ਹੀ ਰੱਦ ਕਰ ਦਿੱਤੀਆਂ, ਜਿਨ੍ਹਾਂ ਨੂੰ ਪਾਠਕਾਂ ਵੱਲੋਂ ਵੱਡੀ ਗਿਣਤੀ ਵਿੱਚ ਪਸੰਦ ਕੀਤਾ ਗਿਆ। ਆਲੋਚਕ ਜਦੋਂ ਆਪਣੀਆਂ ਧਾਰਨਾਵਾਂ ਬਣਾਉਂਦਾ ਤੇ ਫਿਰ ਮਨ ਮਰਜ਼ੀ ਨਾਲ ਕਹਾਣੀਆਂ 'ਤੇ ਲਾਗੂ ਕਰਦਾ? ਇਹ ਸੰਕਟ ਕਹਾਣੀਕਾਰ ਦਾ ਏ ਜਾਂ ਆਲੋਚਕ ਦਾ ਏ। ਤੁਸੀਂ ਇਸ ਵਰਤਾਰੇ ਨੂੰ ਕਿਵੇਂ ਲੈਂਦੇ ਹੋ।

**ਸੰਦੀਪ ਰਾਣਾ** : ਬਿਰਤਾਂਤਕਾਰ ਦਾ ਦਖ਼ਲ ਵੱਧ ਜਾਣਾ ਇਕ ਅਜਿਹਾ ਵਰਤਾਰਾ ਹੈ ਜਿਸ ਅਨੁਸਾਰ ਕਹਾਣੀਕਾਰ ਦਾ ਰੋਲ ਸੀਮਤ ਕਰ ਕੇ ਕਹਾਣੀਆਂ ਦਾ ਚੰਗਾ ਜਾਂ ਮੰਦਾ ਹੋਣਾ ਪਰਖਿਆ ਜਾ ਰਿਹਾ ਹੈ। ਆਲੋਚਨਾ ਦੇ ਨਵੇਂ ਤਕਨੀਕੀ ਨਿਯਮਾਂ ਨੂੰ ਘੜ ਕੇ ਕਹਾਣੀ ਦੀ ਸੰਰਚਨਾ ਨੂੰ

ਪਰਖਣਾ ਅਸਲ ਵਿੱਚ ਕਹਾਣੀ ਸਿਰਜਣ ਦੀ ਪ੍ਰਕ੍ਰਿਆ ਨੂੰ ਇਕ ਨਿਰਧਾਰਤ ਚੌਖ਼ਟੇ ਵਿੱਚ ਬੰਦ ਕਰਨ ਵਾਂਗ ਹੈ।

**ਨਿਰੰਜਣ ਬੋਹਾ :** ਅੱਜ ਦੀ ਕਹਾਣੀ ਬਹੁ ਪਰਤੀ ਹੈ ਇਸ ਲਈ ਇਸ ਦੀ ਵਿਭਿੰਨ ਪਰਤਾਂ ਨੂੰ ਪਰਤਣ ਵੇਲੇ ਲੇਖਕ ਵੱਲੋਂ ਸਿਰਜਿਆ ਬਿਰਤਾਂਤ ਕਈ ਵਾਰ ਵੱਧ ਵਿਸਥਾਰ ਵੀ ਲੈ ਜਾਂਦਾ ਹੈ। ਪਰ ਲੱਗਦੀ ਵਾਹ ਕਹਾਣੀਕਾਰ ਨੂੰ ਕਹਾਣੀ ਦੇ ਵਿਸ਼ੇ ਤੋਂ ਬਾਹਰੀ ਬਿਰਤਾਂਤ ਤੋਂ ਬਚਣਾ ਚਾਹੀਦਾ। ਕਈ ਵਾਰੀ ਪਾਤਰੀ ਵਾਰਤਾਲਾਪ ਦਾ ਇੱਕ ਛੋਟਾ ਜਿਹਾ ਵਾਕ ਹੀ ਅਜਿਹਾ ਕੰਮ ਕਰਨ ਦੇ ਸਮਰੱਥ ਹੁੰਦਾ ਹੈ ਜਿਹੜਾ ਕੰਮ ਲੰਮੇ ਬਿਰਤਾਂਤ ਨੇ ਕਰਨਾ ਹੁੰਦਾ ਹੈ। ਇਕ ਕਹਾਣੀਕਾਰ ਵਜੋਂ ਮੇਰਾ ਨਿੱਜੀ ਅਨੁਭਵ ਹੈ ਪਾਠਕਾਂ ਦੇ ਮਨ ਵਿੱਚ ਪਾਤਰੀ ਵਾਰਤਲਾਪ ਰਾਹੀ ਸਿਰਜੇ ਪਾਤਰਾਂ ਦੀ ਪਛਾਣ ਦੇ ਰੰਗ ਉਹਨਾਂ ਦੀ ਬਿਰਤਾਂਤਕ ਪਛਾਣ ਤੋਂ ਵੱਧ ਗੂੜ੍ਹੇ ਹੁੰਦੇ ਹਨ। ਇਹ ਜ਼ਰੂਰੀ ਨਹੀ ਹੈ ਕਿ ਹਰ ਕਹਾਣੀ ਬਾਰੇ ਪਾਠਕੀ ਤੇ ਆਲੋਚਕੀ ਨਜ਼ਰੀਆ ਮੇਲ ਖਾਵੇ। ਕਿਸੇ ਵੀ ਕਹਾਣੀ ਬਾਰੇ ਵੱਖਰੀ ਰਾਇ ਰੱਖਣ ਦਾ ਹੱਕ ਹਰੇਕ ਦਾ ਰਾਖਵਾਂ ਹੈ। ਕੇਵਲ ਲੰਮੇ ਬਿਰਤਾਂਤ ਕਾਰਨ ਕਹਾਣੀ ਨੂੰ ਮੁੱਢੋ ਹੀ ਰੱਦ ਕਰਨ ਨੂੰ ਮੈਂ ਵਾਜਬ ਨਹੀਂ ਸਮਝਦਾ। ਕਹਾਣੀ ਨੂੰ ਪਸੰਦ ਜਾਂ ਨਾ-ਪਸੰਦ ਕਰਨ ਸਬੰਧੀ ਆਲੋਚਕ ਦੀਆਂ ਨਿੱਜੀ ਮਨੌਤਾਂ ਵੀ ਹੁੰਦੀਆ ਹਨ ਜਿਸ ਕਾਰਨ ਕਿਸੇ ਕਹਾਣੀਕਾਰ ਦੀ ਪਾਠਕਾਂ ਵੱਲੋਂ ਬਹੁਤ ਸਲਾਹੀ ਗਈ ਕਹਾਣੀ ਵੀ ਉਨ੍ਹਾਂ ਦੀ ਪਸੰਦ ਤੇ ਖਰੀ ਨਹੀਂ ਉਤਰਦੀ। ਹਰ ਸਾਲ ਪੰਜਾਬੀ ਕਹਾਣੀ ਦੇ ਅਖਬਾਰਾਂ ਵਿਚ ਕਰਵਾਏ ਸਰਵੇਖਣ ਦੇ ਅਧਾਰ 'ਤੇ ਵੀ ਸਾਲ ਦੀਆ ਸਰਵੋਤਮ ਕਹਾਣੀਆ ਐਲਾਨੀਆਂ ਜਾਂਦੀਆਂ ਹਨ ਤੇ ਇਹ ਕਾਰਜ਼ ਚੋਣਵੀਆਂ ਕਹਾਣੀਆਂ ਦੀਆਂ ਪੁਸਤਕਾਂ ਸੰਪਾਦਿਤ ਕਰਕੇ ਵੀ ਕੀਤਾ ਜਾਂਦਾ ਹੈ। ਸਾਰੇ ਕਾਰਜ ਪੂਰਨ ਨਿਰਪੱਖਤਾ ਨਾਲ ਕੀਤੇ ਜਾਣ ਦੇ ਬਾਵਜੂਦ ਇਨ੍ਹਾਂ ਵਿੱਚ ਦੋ ਤਿੰਨ ਕਹਾਣੀ ਹੀ ਸਾਂਝੇ ਤੌਰ 'ਤੇ ਚੁਣੀਆਂ ਜਾਂਦੀਆ ਹਨ। ਕਿਸੇ ਆਲੋਚਕ ਵੱਲੋ ਕਿਸੇ ਕਹਾਣੀ ਦਾ ਲੰਮੇ ਬਿਰਤਾਂਤ ਕਰਨ ਰੱਦ ਕੀਤੇ ਜਾਣਾ ਨਾ ਤਾਂ ਕਹਾਣੀ ਦਾ ਸੰਕਟ ਹੈ ਤੇ ਨਾ ਹੀ ਕਹਾਣੀ ਆਲੋਚਨਾ ਦਾ, ਇਹ ਸਿਰਫ ਆਲੋਚਕ ਦੀਆਂ ਨਿੱਜੀ ਮਨੌਤਾ, ਝੁਕਾਵਾਂ ਤੇ ਸੋਚ ਦਾ ਮਸਲਾ ਹੈ।

**ਡਾ. ਸੁਖਪਾਲ ਕੌਰ :** ਇਸ ਧਾਰਨਾ ਨੂੰ ਇਕ ਸਾਲ ਉੱਤੇ ਲਾਗੂ ਨਹੀਂ ਕੀਤੀ ਜਾ ਸਕਦਾ ਤੇ ਨਾਂ ਹੀ ਸਾਰੀਆਂ ਕਹਾਣੀਆਂ ਉੱਤੇ ਲਾਗੂ ਕੀਤਾ ਜਾ ਸਕਦਾ ਹੈ। ਬਿਰਤਾਂਤਕ ਦਖਲ ਵਾਲੀਆਂ ਕਹਾਣੀਆਂ ਹਰ ਦੌਰ ਵਿੱਚ ਲਿਖੀਆਂ ਜਾਂਦੀਆਂ ਰਹੀਆਂ ਹਨ। ਚਾਹੇ ਉਹ ਪ੍ਰਗਤੀਵਾਦ ਦਾ ਦੌਰ ਸੀ ਜਾਂ ਪੰਜਾ ਸੰਕਟ ਦਾ ਦੌਰ। ਨਾਲੇ ਵਿਦਵਾਨਾਂ ਨੇ ਅਜਿਹੀਆਂ ਧਾਰਨਾਵਾਂ ਦੇ ਕੇ ਕਹਾਣੀਕਾਰਾਂ ਦੇ ਮੌਰਾਂ ਉੱਤੇ ਵੀ ਚੜਨਾ ਹੁੰਦਾ ਹੈ।

**ਐਚ. ਐੱਸ. ਡਿੰਪਲ :** ਇਹ ਸੰਕਟ ਤਾਂ ਆਲੋਚਕ ਦਾ ਹੈ। ਪਰ ਇਸ ਨੂੰ ਸੰਕਟ ਆਖਣ ਦੀ ਥਾਂ ਸਾਨੂੰ ਇਸ ਵਰਤਾਰੇ ਲਈ ਜਿੰਮੇਵਾਰ ਕਾਰਣਾਂ ਦੀ ਪਛਾਣ ਕਰਨ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ। ਕੋਈ ਵੀ ਸੱਚ (ਜਾਂ ਝੂਠ) ਅੰਤਿਮ ਨਹੀਂ ਹੁੰਦਾ। ਸਾਹਿਤ, ਜੀਵਨ ਵਾਂਗ ਗਤੀਸ਼ੀਲ ਹੈ। ਪਾਠਕ ਸਭ ਜਾਣਦੇ ਹੁੰਦੇ ਨੇ। ਕਹਾਣੀਕਾਰ ਵੀ ਅਣਜਾਣ ਨਹੀਂ ਹੁੰਦਾ। ਆਲੋਚਕ ਵੀ ਜਾਣੀ-ਜਾਣ ਨਹੀਂ ਹੁੰਦਾ, ਜਾਂ ਸਰਵ-ਗਿਆਨੀ ਨਹੀਂ ਹੁੰਦਾ।

**ਰਸੂਲਪੁਰੀ :** ਕੀ ਸੱਚਮੁੱਚ ਕਹਾਣੀ ਬਿਰਤਾਂਤਕਾਰ ਦੀ ਗ੍ਰਿਫ਼ਤ ਵਿੱਚ ਆ ਕੇ ਜਾਂ ਕਹਾਣੀਕਾਰ ਦੀ ਗ੍ਰਿਫ਼ਤ ਵਿੱਚ ਆ ਕੇ ਆਪਣਾ ਸੋਹਜ ਜਾਂ ਕਲਾਤਮਿਕਤਾ ਖੋਹ ਬੈਠੀ ਏ?

**ਡਾ. ਸੁਖਪਾਲ ਕੌਰ :** ਇਹ ਧਾਰਨਾ ਕੁਝ ਕਹਾਣੀਆਂ ਤੇ ਲਾਗੂ ਕੀਤੀ ਜਾ ਸਕਦੀ ਹੈ। ਜਿਨ੍ਹਾਂ

ਦੀ ਗੱਲ ਅੱਗੇ ਨਹੀਂ ਤੁਰਦੀ ਸਮਝੋ ਲਓ ਕਿ ਉਨ੍ਹਾਂ 'ਚ ਕਲਾਤਮਿਕਤਾ ਦੀ ਕੋਈ ਕਸਰ ਹੈ।

**ਐੱਚ. ਐੱਸ. ਡਿੰਪਲ** : ਅਜਿਹਾ ਸਭ ਕਹਾਣੀਆਂ ਜਾਂ ਕਹਾਣੀਕਾਰਾਂ ਬਾਰੇ ਨਹੀਂ ਆਖਿਆ ਜਾ ਸਕਦਾ। ਉਕਤ ਦੱਸੀਆਂ ਕਹਾਣੀਆਂ ਇਸ ਕੋਝ ਤੋਂ ਮੁਕਤ ਹਨ। ਅੱਜ ਦਾ ਚੰਗਾ ਕਹਾਣੀਕਾਰ ਕਈ ਪੱਖਾਂ ਤੋਂ ਸੁਚੇਤ ਹੈ। ਪਰ, ਅਣਗਹਿਲੀ ਕਰਨ ਵਾਲੇ ਕਹਾਣੀਕਾਰਾਂ ਦੀ ਵੀ ਘਾਟ ਨਹੀਂ। ਉਨ੍ਹਾਂ ਦੀ ਗਿਣਤੀ ਵਧੀਆ ਕਥਾਕਾਰਾਂ ਵਿੱਚ ਨਹੀਂ ਕੀਤੀ ਜਾ ਸਕਦੀ।

**ਸੰਦੀਪ ਰਾਣਾ** : ਸੋਹਜ ਗਵਾਚ ਤਾਂ ਨਹੀਂ ਰਿਹਾ ਹੈ ਪਰ ਪ੍ਰਭਾਵਿਤ ਜ਼ਰੂਰ ਹੁੰਦਾ ਹੈ।

**ਨਿਰੰਜਣ ਬੋਹਾ** : ਅਸਲ ਸਮੱਸਿਆ ਲੰਮੇ ਬਿਰਤਾਂਤ ਦੀ ਨਹੀਂ ਸਗੋਂ ਵਿਸ਼ੇ ਬਾਹਰੀ ਬਿਰਤਾਂਤ ਦੀ ਹੈ। ਵਿਸ਼ੇ ਬਾਹਰੀ ਤੇ ਲੋੜੋ ਵੱਧ ਲੰਮਾਂ ਬਿਰਤਾਂਤ ਕਹਾਣੀ ਦੇ ਕਲਾਤਮਕ ਸੁਹਜ 'ਤੇ ਮਾੜਾ ਹੀ ਅਸਰ ਪਾਉਂਦਾ ਹੈ, ਜੇ ਕਹਾਣੀ ਆਪਣੀ ਵਿਸ਼ੇ ਦੀ ਲੋੜ ਤੋਂ ਵੱਧ ਬਿਰਤਾਂਤ ਦਾ ਸਹਾਰਾ ਲੈਂਦੀ ਹੈ ਤਾਂ ਲੇਖਕੀ ਨਜ਼ਰੀਆਂ ਪਾਤਰੀ ਮਾਨਸਿਕਤਾ ਤੇ ਭਾਰੂ ਪੈਣ ਲੱਗਦਾ ਹੈ। ਭਾਵੇਂ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਦਾ ਬਿਰਤਾਂਤ ਲੰਮਾਂ ਹੁੰਦਾ ਹੈ ਪਰ ਇਹ ਵਿਸ਼ੇ ਦੀਆਂ ਅਨੇਕਾਂ ਪਰਤਾਂ ਨੂੰ ਉਘੇੜ ਸਕਣ ਦੇ ਸਮਰੱਥ ਹੋਣ ਕਾਰਨ ਪਾਠਕਾਂ ਵੱਲੋਂ ਸਲਾਹਿਆਂ ਜਾਂਦਾ ਹੈ। ਲੇਖਕੀ ਨਜ਼ਰੀਆ ਲੁੱਕਵਾ ਤੇ ਸੰਕੇਤਕ ਹੋਵੇ ਕਹਾਣੀ ਦਾ ਕਲਾਤਮਕ ਮੁਹਾਂਦਰਾ ਓਨਾ ਹੀ ਸੁਹਜ ਭਰਪੂਰ ਹੁੰਦਾ ਹੈ। ਪਾਤਰਾਂ ਦੀਆਂ ਮਾਨਸਿਕ ਲੋੜਾਂ ਮੁਤਾਬਿਕ ਜੇ ਬਿਰਤਾਂਤ ਲੰਮਾ ਹੁੰਦਾ ਹੈ ਤਾਂ ਪਾਠਕ ਇਸ ਨੂੰ ਸਹਿਜ ਰੂਪ ਵਿਚ ਸਵੀਕਾਰ ਲੈਂਦਾ ਹੈ ਪਰ ਜੇ ਕਹਾਣੀਕਾਰ ਏਧਰ ਉੱਧਰ ਦੀਆਂ ਉਦਾਹਰਣਾ ਰਾਹੀ ਬਿਰਤਾਂਤ ਨੂੰ ਲੰਬਾ ਖਿਚਦਾ ਹੈ ਤਾਂ ਕਹਾਣੀ ਬੋਝਲ ਜਿਹੀ ਬਣਨ ਲੱਗਦੀ ਹੈ।

**ਰਸੂਲਪੁਰੀ** : ਕੀ ਕੋਈ ਇਕ ਬੰਦਾ ਚਾਹੇ ਮੈਂ ਹੀ ਕਿਓਂ ਨਾ ਹੋਵਾਂ, ਇਹ ਫੈਸਲਾ ਕਰ ਸਕਦਾ ਏ ਕਿ ਫਲਾਨੀ ਕਹਾਣੀ ਮਾੜੀ ਏ ਜਾਂ ਬਹੁਤ ਚੱਗੀ ਏ। ਜਾਂ ਸਮੂਹ ਪਾਠਕ ਮੇਰੀ ਜਾਂ ਕਿਸੇ ਹੋਰ ਦੀ ਗੱਲ ਮੰਨ ਲੈਣਗੇ। ਚਾਹੇ ਉਹਦੇ ਕੋਲੋਂ ਕਹਾਣੀ ਨੂੰ ਰੱਦ ਕਰਨ ਲਈ ਨਿੱਜੀ ਧਾਰਨਾਵਾਂ ਵੀ ਹੋਣ?

**ਐੱਚ. ਐੱਸ. ਡਿੰਪਲ** : ਅਜਿਹਾ ਫ਼ੈਸਲਾ ਕਿਸੇ ਇੱਕ ਵਿਅਕਤੀ ਵੱਲੋਂ ਤਾਂ ਨਹੀਂ ਕੀਤਾ ਜਾ ਸਕਦਾ। ਪੱਖਪਾਤ ਦੀ ਗੁੰਜ਼ਾਇਸ਼ ਤਾਂ ਹਮੇਸ਼ਾ ਰਹਿੰਦੀ ਹੈ, ਜਿਸ ਤੇ ਕਾਬੂ ਪਾਉਣ ਲਈ ਮਿਹਤਨ, ਈਮਾਨਦਾਰੀ, ਪ੍ਰਤੀਬੱਧਤਾ ਤੇ ਸਮਝ ਦੀ ਲੋੜ ਹੁੰਦੀ ਹੈ। ਪਰ ਇੱਕ ਸਮਾਜਿਕ ਪ੍ਰਾਣੀ ਵਜੋਂ ਹਰ ਇਨਸਾਨ ਕਿਸੇ ਵਿਚਾਰਧਾਰਾ, ਧਰਮ (ਜਾਂ ਧਰਮ-ਨਿਰਪੱਖਤਾ), ਕੌਮ, ਫਿਰਕੇ, ਸੋਚ, ਪਰਿਵਾਰ / ਭਾਈਚਾਰੇ, ਸਮੁਦਾਇ, ਖ਼ੇਤਰ ਨਾਲ ਜੁੜਿਆ ਹੁੰਦਾ ਹੈ, ਜਿਸ ਕਰਕੇ ਇਕੱਲਾ ਵਿਅਕਤੀ ਅਜਿਹਾ ਫ਼ੈਸਲਾ ਦੇਣ ਦੇ ਸਮਰੱਥ ਤਾਂ ਹੁੰਦਾ ਹੈ, ਪਰ ਇਸ ਵਿੱਚ ਕਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪੂਰਵ-ਅਨੁਮਾਨ ਤੇ ਕਹਾਣੀਕਾਰ ਦੀਆਂ ਪਿਛਲੀਆਂ ਰਚਨਾਵਾਂ ਵੀ ਦਖ਼ਲ ਦੇ ਸਕਦੀਆਂ ਹਨ। ਕਿਸੇ ਖਾਸ ਵਿਸ਼ੇ ਜਾਂ ਤਕਨੀਕ ਨਾਲ ਭਾਵੁਕ ਸਾਂਝ ਵੀ ਸੀਮਾ ਬਣ ਸਕਦੀ ਹੈ। ਇਸ ਕਰਕੇ ਕਿਸੇ ਇੱਕ ਆਲੋਚਕ ਜਾਂ ਪਾਠਕ ਵਲੋਂ ਦਿੱਤਾ ਫਤਵਾ ਸਾਪੇਖਕ ਮੰਨ ਕੇ ਅੱਗੇ ਵਧਣਾ ਚਾਹੀਦਾ। ਇਹ ਮੇਰੀ ਨਿੱਜੀ ਰਾਏ ਐ। ਹਰ ਆਲੋਚਕ ਜਾਂ ਪਾਠਕ ਦੀ ਰਾਏ ਹੁੰਦੀ ਐ।

**ਸੰਦੀਪ ਰਾਣਾ** : ਨਹੀਂ, ਇਹ ਕਿਸੇ ਇਕ ਵਿਅਕਤੀ ਦਾ ਨਜ਼ਰੀਆ ਹੋ ਸਕਦਾ ਹੈ ਪਰ ਹਰ ਕੋਈ ਇਸ ਗੱਲ ਨਾਲ਼ ਸਹਿਮਤ ਹੋਵੇ ਇਹ ਜ਼ਰੂਰੀ ਨਹੀਂ।

**ਡਾ. ਸੁਖਪਾਲ ਕੌਰ** : ਇਕ ਬੰਦਾ ਕਿਸੇ ਕਹਾਣੀ ਨੂੰ ਰੱਦ ਜਾਂ ਉੱਚਾ ਤਾਂ ਚੁੱਕ ਸਕਦਾ ਹੈ ਪਰ ਕਿਸੇ ਇਕ ਦੇ ਕਹਿਣ ਨਾਲ ਕਹਾਣੀ ਨਾ ਰੱਦ ਹੁੰਦੀ ਹੈ ਨਾ ਵੱਡੀ ਬਣਦੀ ਹੈ। ਜਦੋਂ ਕਿਸੇ ਕਹਾਣੀ ਪ੍ਰਤੀ ਬਹੁਸੰਮਤੀ ਹੁੰਦੀ ਹੈ ਫਿਰ ਕਹਾਣੀ ਵੱਡੀ ਵੀ ਬਣ ਜਾਂਦੀ ਹੈ ਤੇ ਰੱਦ ਵੀ ਹੋ ਜਾਂਦੀ ਹੈ। ਨਾਲੇ

ਸਮੇਂ ਨੇ ਆਪਣਾ ਨਿਰਣਾ ਦੇ ਹੀ ਦੇਣਾ ਹੁੰਦਾ ਹੈ।

**ਨਿਰੰਜਣ ਬੋਹਾ** : ਕਿਸੇ ਕਹਾਣੀ ਨੂੰ ਨਾ ਤਾਂ ਪੂਰਨ ਤੌਰ ਤੇ ਰੱਦ ਕੀਤਾ ਜਾ ਸਕਦਾ ਹੈ ਤੇ ਨਾ ਹੀ ਪੂਰਨ ਤੌਰ ਤੇ ਸਰਵੋਤਮ ਠਹਿਰਾਇਆ ਜਾ ਸਕਦਾ ਹੈ। ਜਿਹੜੀ ਕਹਾਣੀ ਮੈਨੂੰ ਚੰਗੀ ਲੱਗਦੀ ਹੈ, ਹੋ ਸਕਦਾ ਹੈ ਤੁਹਾਨੂੰ ਉਸ ਵਿਚੋਂ ਵਿਸ਼ੇ ਜਾਂ ਕਲਾ ਪੱਖੋਂ ਕੋਈ ਕਮਜੋਰੀ ਲੱਭ ਪਵੇ ਜਿਹੜੀ ਮੇਰੀ ਨਜ਼ਰੀ ਨਾ ਚੜ੍ਹੀ ਹੋਵੇ ਜਾਂ ਮੈਨੂੰ ਉਹ ਕਮਜੋਰੀ ਲੱਗਦੀ ਹੀ ਨਾ ਹੋਵੇ । ਕਈ ਵਾਰੀ ਬਹੁਤਿਆਂ ਨੂੰ ਮਾੜੀ ਲੱਗਦੀ ਕਹਾਣੀ ਵਿੱਚੋਂ ਕੋਈ ਖੂਬੀ ਲੱਭ ਪੈਂਦੀ ਹੈ। 'ਢਾਹਾ ਪੁਰਸਕਾਰ' ਗਲਪ ਖੇਤਰ ਦਾ ਸਭ ਤੋ ਵੱਡਾ ਪੁਰਸਕਾਰ ਹੈ। ਇਸ ਵੱਲੋਂ ਸਾਲ ਦੀ ਸਰਵੋਤਮ ਪੁਸਤਕ ਦੀ ਚੋਣ ਲਈ ਇਕ ਨਹੀਂ ਦੋ ਜਿਊਰੀਆਂ ਬਣਾਈਆਂ ਜਾਂਦੀਆਂ ਹਨ, ਫਿਰ ਵੀ ਚੁਣੀਆ ਗਈਆਂ ਪੁਸਤਕਾਂ ਬਾਰੇ ਸਾਨੂੰ ਕਈ ਤਰ੍ਹਾਂ ਦੀਆਂ ਪੱਖੀ ਜਾਂ ਵਿਰੋਧੀ ਧਾਰਨਾਵਾਂ ਸੁਨਣ ਪੜ੍ਹਣ ਨੂੰ ਮਿਲ ਜਾਂਦੀਆ ਹਨ। ਹੁਣ ਕਿਸੇ ਸਾਹਿਤਕ ਮੁਕਾਬਲੇ ਦੇ ਤਿੰਨ ਜੱਜਾ ਵਿੱਚੋਂ ਦੋ ਜੱਜਾ ਦੀ ਰਾਇ ਮਿਲਦੀ ਹੈ ਤੇ ਇਕ ਦੀ ਵੱਖਰੀ ਹੈ ਤਾਂ ਬਹੁ ਮੱਤ ਅਨੁਸਾਰ ਸਰਵੋਤਮ ਚੁਣੀ ਗਈ ਰਚਨਾ ਦੀ ਸਰਵੋਤਮਤਾ ਤੇ ਪ੍ਰਸ਼ਨ ਚਿੰਨ੍ਹ ਤਾਂ ਲੱਗ ਗਿਆ ਨਾ । ਫਿਰ ਇਕ ਬੰਦਾ ਕਿਸੇ ਰਚਨਾ ਨੂੰ ਰੱਦ ਜਾਂ ਪ੍ਰਵਾਨ ਕਿਵੇਂ ਕਰ ਸਕਦਾ ਹੈ। ਇਸ ਲਈ ਕਿਸੇ ਵੀ ਬੰਦੇ ਨੂੰ ਇਹ ਭੁਲੇਖਾ ਨਹੀ ਰੱਖਣਾ ਚਾਹੀਦਾ ਕਿ ਉਸਦੀ ਰਾਇ ਨੂੰ ਸਾਰੇ ਰੱਬੀ ਇਹਲਾਮ ਮੰਨ ਕੇ ਪਾਠਕ ਕਿਸੇ ਕਹਾਣੀ ਨੂੰ ਸਿਰ ਤੇ ਚੁੱਕ ਲੈਣਗੇ ਜਾਂ ਨਕਾਰ ਦੇਣਗੇ। ਸੌ ਫੁੱਲ ਖਿੜਣ ਦਿਉ, ਅੰਤ ਕਹਾਣੀ ਰੂਪੀ ਕੁਝ ਫੁੱਲਾਂ ਦੀ ਵੱਖਰੀ ਤਰ੍ਹਾਂ ਦੀ ਸੁਗੰਧ ਪਾਠਕਾਂ ਨੂੰ ਆਪਣੇ ਵੱਲ ਖਿੱਚ ਹੀ ਲਵੇਗੀ।

**ਰਸੂਲਪੁਰੀ** : ਕੀ ਤੁਸੀਂ ਸਮਝਦੇ ਹੋ ਬੀਤੇ ਵਰ੍ਹੇ ਦੀ ਕਹਾਣੀ ਵੀ ਆਲੋਚਨਾ ਦੇ ਸੰਕਟ ਤੋਂ ਪੀੜਤ ਹੋ ਗਈ ਏ?

**ਐੱਚ.ਐੱਸ. ਡਿੰਪਲ** : ਕਹਾਣੀਕਾਰ ਨੇ ਆਲੋਚਕ ਤੋਂ ਹੀ ਨਹੀਂ, ਹੋਰ ਭਾਸ਼ਾਵਾਂ ਦੇ ਸਾਹਿਤ ਦੇ ਨਾਲ-ਨਾਲ ਸਮਕਾਲੀ ਘਟਨਾਵਾਂ, ਦੂਜੇ ਵਿਸ਼ਿਆਂ ਤੇ ਹੋਰ ਵਿਧਾਵਾਂ ਤੋਂ ਵੀ ਪ੍ਰੇਰਨਾ ਲੈਣੀ ਹੁੰਦੀ ਹੈ। ਆਲੋਚਨਾ ਦੇ ਨਾਂ ਤੇ ਕਹਾਣੀ ਦੀ ਪ੍ਰਸੰਗ ਸਹਿਤ ਵਿਆਖਿਆ ਕਰਨ ਦਾ ਰੁਝਾਨ ਭਾਰੂ ਐ। ਜਿੱਥੇ ਫ਼ਿਲਮ ਆਲੋਚਕ 'ਸਪੌਇਲਰ' ਦੇਣ ਤੋਂ ਡਰਦੇ ਨੇ, ਕਥਾ-ਆਲੋਚਕ ਕਹਾਣੀ ਨੂੰ ਮਨੋਵਿਗਿਆਨਕ ਤੌਰ ਤੇ ਖੋਲ੍ਹਣ ਦੀ ਥਾਂ 'ਸੰਖੇਪ' ਵਿੱਚ ਲਿਖ ਕੇ ਬੁੱਤਾ ਸਾਰ ਰਹੇ ਨੇ। ਜਿਨ੍ਹਾਂ ਨੂੰ ਕੁਝ ਗਹਿਰਾ ਗਿਆਨ ਹੈ, ਉਹ ਪੱਖ-ਪਾਤ ਦੀ ਬੀਮਾਰੀ ਤੋਂ ਪੀੜਤ ਨੇ। ਪਰ, ਮੈਨੂੰ ਲੱਗਦਾ ਕਿ ਕਹਾਣੀਕਾਰ ਖੁਦ ਮਿਹਨਤ ਕਰਨੀ ਛੱਡ ਗਿਆ। ਉਹ ਸਿਰਜਣਾ ਲਈ ਆਲੋਚਕ ਤੇ ਨਿਰਭਰ ਨਹੀਂ। ਆਲੋਚਨਾ ਇੱਕ ਵੱਖਰੀ ਵਿਧਾ ਹੈ, ਅਤੇ ਇਸ ਨੂੰ ਪੜ੍ਹਨਾ ਗਲਪ ਪੜ੍ਹਣ ਵਾਂਗ ਮਜ਼ੇਦਾਰ ਹੋ ਸਕਦਾ, ਜੇਕਰ ਇਹ ਸਿਰਜਣਾ ਵਾਂਗ ਅਛੂਤੀ ਤੇ ਨਿਵੇਕਲੀ ਹੋਵੇ। ਅੱਖਾਂ ਖੋਲ੍ਹਣ ਵਾਲੀ, ਤੇ ਹੋਰ ਗਲਪ ਪੜ੍ਹਣ ਲਈ ਪ੍ਰੇਰਤ ਕਰਨ ਵਾਲੀ।

**ਸੰਦੀਪ ਰਾਣਾ** : ਨਹੀਂ ਅਜਿਹਾ ਨਹੀਂ ਹੈ।

**ਡਾ. ਸੁਖਪਾਲ** : ਹੁਣ ਜੇਕਰ ਆਪਾਂ ਕਹਾਣੀ ਬਾਰੇ ਗੱਲ ਕਰ ਰਹੇ ਹਾਂ ਤਾਂ ਇਹਦੇ ਭਵਿੱਖ ਚੰਗਾ ਹੀ ਹੈ। 'ਕਹਾਣੀ ਧਾਰਾ' ਵਰਗੇ ਪਰਚਿਆਂ ਨੇ ਇਹ ਸੰਕਟ ਕਾਫੀ ਹੱਦ ਤੱਕ ਦੂਰ ਕੀਤਾ ਹੈ।

**ਨਿਰੰਜਣ ਬੋਹਾ** : ਕਹਾਣੀ ਆਲੋਚਨਾ ਬਾਰੇ ਪੁੱਛੇ ਸਵਾਲ ਦੇ ਮੇਰੇ ਵੱਲੋਂ ਦਿੱਤੇ ਜਵਾਬ ਵਿਚ ਤੁਹਾਡੇ ਇਸ ਸਵਾਲ ਦਾ ਜਵਾਬ ਵੀ ਸ਼ਾਮਿਲ ਹੈ, ਐਵੇਂ ਬਿਰਤਾਂਤ ਨੂੰ ਲੰਮਾ ਕਿਉਂ ਖਿੱਚਾਂ?

**(ਇਹ ਗੋਸ਼ਟੀ 5 ਜਨਵਰੀ,2025 ਨੂੰ ਕੀਤੀ ਗਈ ਏ)**

# ਮੇਰੇ ਅਵਚੇਤਨ ਵਿੱਚ ਇਤਿਹਾਸ, ਮਿਥਿਹਾਸ, ਧਰਮ ਤੇ ਗ੍ਰੰਥ ਪਏ ਨੇ: ਜਿੰਦਰ

**-ਮੁਲਾਕਾਤ : ਭਗਵੰਤ ਰਸੂਲਪੁਰੀ**



ਢਾਹਾਂ ਇਨਾਮ,2024 ਜੇਤੂ ਪੁਸਤਕ 'ਸੇਫ਼ਟੀ ਕਿੱਟ' ਦੇ ਪ੍ਰਸੰਗ ਵਿੱਚ ਮੈਂ ਇਨ੍ਹਾਂ ਕਹਾਣੀਆਂ ਦੇ ਰਚਨਾਕਾਰ ਜਿੰਦਰ ਨੂੰ ਤਿੱਖੇ ਸਵਾਲ ਕੀਤੇ, ਜਿਵੇਂ ਨਵਜੋਤ ਢਿੱਲੋਂ ਨੇ ਆਪਣੇ ਚੈਨਲ 'ਚ ਜਿੰਦਰ ਹੁਰਾਂ ਨੂੰ ਕੀਤੇ ਸਨ। ਪਰ ਜਿੰਦਰ ਏਸ ਵਾਰ ਮੇਰੇ ਟਰੈਪ ਵਿੱਚ ਫਸਿਆ ਨਹੀਂ। ਉਸ ਨੇ ਮੇਰੇ ਸਵਾਲਾਂ ਦੇ ਜਵਾਬ ਬੜੇ ਸੰਜਮ ਨਾਲ ਦਿੱਤੇ। ਮੇਰੇ ਹਰ ਸਵਾਲ ਨੂੰ ਕੱਟਿਆ ਤੇ ਆਪਣਾ ਪੱਖ ਸਹਿਜ ਨਾਲ ਰੱਖਿਆ। ਪਾਠਕ ਜਿੰਦਰ ਦੇ ਜਵਾਬਾਂ ਵਿੱਚੋਂ ਮੇਰੀਆਂ ਪੁੱਛੀਆਂ ਗੱਲਾਂ ਸਮਝ ਸਕਦੇ ਨੇ। ਉਂਝ ਉਨ੍ਹਾਂ ਨੇ ਅਚੇਤ ਰੂਪ ਵਿੱਚ ਕਈ ਗੱਲਾਂ ਸਵੀਕਾਰ ਕਰ ਲਈਆਂ ਨੇ। ਮੈਂ ਕੀ ਕਹਿਣਾ ਤੁਸੀਂ ਆਪੇ ਪੜ੍ਹ ਲਓ...

**? ਤੁਹਾਡੀ ਕਿਤਾਬ 'ਸੇਫ਼ਟੀ ਕਿੱਟ' ਵਿੱਚ ਮੁੱਢਲੇ ਸ਼ਬਦ ਪੜ੍ਹੇ ਤਾਂ ਮੈਂ ਜਾਣਿਆਂ ਕਿ ਜਿੰਦਰ ਕਹਾਣੀ ਲਿਖਣ ਨੂੰ 'ਕਰਤਾਰੀ ਪਲ' ਕਹਿੰਦਾ, ਅੱਗੇ ਤੁਸੀਂ ਕਹਾਣੀ ਦੇ 'ਪਾਤਰ ਅਸਲ ਜ਼ਿੰਦਗੀ ਵਿੱਚੋਂ ਲੈਂਦਾ ਹਾਂ' ਕਹਿੰਦੇ ਹੋ... ਅੱਗੇ ਇਹ ਵੀ ਕਹਿੰਦੇ ਹੋ ਕਿ ਮੇਰੀ ਕਹਾਣੀ 'ਮਨੋਵਿਗਿਆਨਕ' ਹੁੰਦੀ ਹੈ। ਇਨ੍ਹਾਂ ਗੱਲਾਂ ਤੋਂ ਇਹ ਲੱਗਦਾ ਹੈ ਕਿ ਤੁਸੀਂ ਸੁਚੇਤ ਹੋ ਕੇ ਲਿਖਦੇ ਹੋ ਅਤੇ ਅਚੇਤ ਵੀ। ਇਹ ਵਿਰੋਧਾਭਾਸ ਕਿਉਂ ਹੈ?**

—ਬੰਦੇ ਦੀ ਜ਼ਿੰਦਗੀ ਵਿਰੋਧਾਭਾਸਾਂ ਨਾਲ ਭਰੀ ਪਈ ਹੈ। 1972-73 ਦੀ ਗੱਲ ਹੈ। ਸਾਡੇ ਪਿੰਡ ਦਾ ਮੁੰਡਾ ਲਛਕਰੀ ਰਾਮ, ਜਿਹੜਾ ਕਿ ਮੇਰਾ ਹਾਣੀ ਸੀ, ਝਿੜੀ ਵਿੱਚ ਬੈਠਾ ਪੜ੍ਹ ਰਿਹਾ ਸੀ। ਮੈਂ ਉਸ ਨੂੰ ਉੱਥੇ ਮਿਲਣ ਗਿਆ ਸਾਂ। ਝਿੜੀ ਵਿੱਚ ਬੇਰੀਆਂ, ਮੱਲ੍ਹੇ, ਕਰੀਰ ਤੇ ਹੋਰ ਛੋਟੇ-ਮੋਟੇ ਦਰੱਖ਼ਤ ਹੁੰਦੇ ਨੇ। ਵਿਚਕਾਰੋਂ ਦੀ ਤਿੰਨ-ਚਾਰ ਥਾਵਾਂ ਜਾਣ-ਆਉਣ ਲਈ ਹੁੰਦੀਆਂ ਨੇ। ਮੈਂ ਉੱਥੇ ਪਹਿਲੀ ਵਾਰ ਸੱਪ ਨੂੰ ਗੋਲੀ ਦੀ ਸਪੀਡ ਨਾਲ ਦੌੜਦੇ ਨੂੰ ਦੇਖਿਆ। ਉਹ ਮੇਰੇ ਲਈ ਅਚੰਭਾ ਸੀ। ਮੈਂ ਉਸ ਨੂੰ ਕਦੇ ਨਹੀਂ ਭੁੱਲਿਆ। ਬੰਦੇ ਦੀ ਜ਼ਿੰਦਗੀ ਵੀ ਸੱਪ ਵਾਂਗੂੰ ਵਲਵਲੇਵੇਂ ਖਾਂਦੀ ਹੈ। ਇਹ ਇੱਕ ਸਾਰ ਨਹੀਂ ਚੱਲਦੀ। ਬੰਦਾ ਵਿਰੋਧਾਭਾਸਾਂ ਦਾ ਸਮੂਹ ਹੈ। ਐਦਾਂ ਹੀ ਤੂੰ ਮੇਰੇ ਬਾਰੇ ਕਹਿ/ਮੰਨ ਸਕਦਾ ਹੈਂ।

ਮੈਂ ਹਮੇਸ਼ਾ ਹੀ ਕਹਿੰਦਾ ਹਾਂ ਕਿ ਕੁੱਝ ਕਰਤਾਰੀ ਪਲ ਆਉਂਦੇ ਨੇ। ਇਹ ਕਦੋਂ ਆਉਂਦੇ ਨੇ, ਉਹ ਕੁਦਰਤ ਹੀ ਜਾਣਦੀ ਹੈ। ਪਾਤਰ ਤਾਂ ਮੇਰੇ ਅੰਦਰ ਬੈਠੇ ਹੁੰਦੇ ਨੇ। ਮਨੋਵਿਗਿਆਨ ਵੀ ਅੰਦਰ ਹੀ

ਪਿਆ ਹੁੰਦਾ ਹੈ। ਕੁਦਰਤ ਦੀ ਮਿਹਰ ਹੁੰਦੀ ਹੈ ਕਿ ਕਹਾਣੀ, ਪਾਤਰ, ਮਨੋਵਿਗਿਆਨ ਸਜੀਵ ਹੋ ਜਾਂਦੇ ਨੇ। ਪਿਆ ਤਾਂ ਬਹੁਤ ਕੁੱਝ ਹੋਰ ਵੀ ਹੁੰਦਾ ਹੈ। ਚੰਗਾ ਵੀ। ਮਾੜਾ ਵੀ। ਮੈਂ ਹੁਣੇ ਵੈਨਕੂਵਰ ਤੇ ਟੋਰਾਂਟੋ ਤੋਂ ਵਾਪਸ ਆਇਆ ਹਾਂ। 15 ਨਵੰਬਰ ਨੂੰ ਨਵਜੋਤ ਢਿੱਲੋਂ ਨੇ ਮੇਰੀ ਇੰਟਰਵਿਊ ਕੀਤੀ ਸੀ। ਮੇਰੇ ਤੋਂ ਮਗਰੋਂ ਉਸ ਨੇ ਸੁਰਿੰਦਰ ਨੀਰ ਦੀ ਇੰਟਰਵਿਊ ਕਰਨੀ ਸੀ। ਉਸ ਨੇ ਕਿਹਾ ਸੀ, "ਜਿੰਦਰ ਜੀ, ਤੁਸੀਂ ਡਰਾਇੰਗ ਰੂਮ 'ਚ ਬੈਠ ਜਾਓ। ਸਾਨੂੰ ਘੰਟਾ ਕੁ ਲੱਗ ਜਾਣਾਂ। ਫੇਰ ਇਕੱਠੇ ਚਾਹ ਪੀਵਾਂਗੇ।" ਮੈਂ ਡਰਾਇੰਗ ਰੂਮ ਵਿੱਚ ਨਹੀਂ ਬੈਠਿਆ ਸਾਂ। ਪੰਤਾਲੀ ਮਿੰਟ ਉਨ੍ਹਾਂ ਦੇ ਘਰ ਦੇ ਸੱਜੇ-ਖੱਬੇ ਪਾਸੇ ਘੁੰਮਦਾ ਰਿਹਾ ਸਾਂ। ਆਲੇ-ਦੁਆਲੇ ਨੂੰ ਘੋਖਦਾ ਹੋਇਆ। ਮਕਾਨਾਂ ਦੀ ਬਣਤਰ ਨੂੰ ਦੇਖਦਾ ਹੋਇਆ। ਇਨ੍ਹਾਂ ਪੰਤਾਲੀ ਮਿੰਟਾਂ ਵਿੱਚ ਮੈਂ ਡੈਲਟਾ ਸ਼ਹਿਰ ਦੇ ਇੱਕ ਹਿੱਸੇ ਦੀ ਰਿਹਾਇਸ਼ੀ ਬਣਤਰ ਨੂੰ ਵਾਚਿਆ ਸੀ। ਇਹ ਮੇਰੇ ਅਚੇਤ ਮਨ ਵਿੱਚ ਕੈਦ ਹੋ ਗਿਆ ਸੀ। ਇਸ ਨੂੰ ਮੈਂ ਕਿਸੇ ਕਹਾਣੀ ਲਈ ਨਹੀਂ ਵਰਤਣਾ ਸੀ। ਨਾ ਹੀ ਮੈਂ ਇਹ ਸੋਚ ਕੇ ਘੁੰਮਿਆ-ਫਿਰਿਆ ਸਾਂ ਕਿ ਇਹ ਮੇਰੇ ਲਈ ਫਾਇਦੇਮੰਦ ਹੋਵੇਗਾ। ਪਰ ਇੱਕ ਗੱਲ ਅਵੱਸ਼ ਸੀ ਕਿ ਮੈਂ ਇਨ੍ਹਾਂ ਪਲਾਂ ਨੂੰ ਮਾਣਿਆ ਸੀ। ਇੱਕ ਘਰ ਦੇ ਅੱਗੇ ਦੋ ਜਣੇ ਕੁਰਸੀਆਂ 'ਤੇ ਬੈਠੇ ਸਨ। ਪੈਂਟ-ਕੋਟ ਪਾਈ। ਮੈਂ ਉੱਥੋਂ ਦੀ ਚਾਰ ਵਾਰ ਲੰਘਿਆਂ। ਉਹ ਚਿਹਰੇ ਮੇਰੇ ਅਚੇਤ ਮਨ ਵਿੱਚ ਕੈਦ ਹੋ ਗਏ। ਇਹ ਜਿਹੜਾ ਕੈਦ ਹੋਣਾ ਹੁੰਦਾ ਹੈ ਨਾ-ਇਹ ਕਦੇ ਕਾਗ਼ਜ਼ 'ਤੇ ਅੱਖਰਾਂ ਦਾ ਜਾਮਾ ਪਹਿਨ ਲੈਂਦਾ ਹੈ। ਕਦੇ ਹੋਰ ਘਟਨਾਵਾਂ ਵਾਂਗੂੰ ਮਰ ਜਾਂਦਾ ਹੈ। ਵਿਸਰ ਜਾਂਦਾ ਹੈ। ਜੇ ਸੋਚ ਕੇ ਜਾਂ ਸੁਚੇਤ ਹੋ ਕੇ ਲਿਖਿਆ ਜਾਂਦਾ ਤਾਂ ਆਪਣੀਆਂ ਯੂਨੀਵਰਸਿਟੀਆਂ ਵਾਲੇ ਪ੍ਰੋਫੈਸਰ ਵੱਡੇ ਲੇਖਕ ਨਾ ਬਣ ਜਾਂਦੇ। ਫੇਰ ਉਨ੍ਹਾਂ ਨੂੰ ਸਾਹਿਤ ਅਕੈਡਮੀ ਅਵਾਰਡ ਵੀ ਅਸਾਨੀ ਨਾਲ ਮਿਲ ਜਾਂਦੇ। ਕੁਦਰਤ ਹਰੇਕ ਬੰਦੇ ਨੂੰ ਕੁੱਝ ਖਾਸ ਗੁਣ ਬਖ਼ਸ਼ਦੀ ਹੈ। ਇਹ ਖਾਸ ਗੁਣ ਹੀ ਉਸ ਨੂੰ 'ਖਾਸ ਬੰਦਾ' ਬਣਾਉਂਦੇ ਨੇ। ਮੈਂ ਹਮੇਸ਼ਾ ਇਸ ਗੱਲ ਨੂੰ ਮੰਨਿਆ ਹੈ।

**? 'ਸੇਫ਼ਟੀ ਕਿੱਟ' ਦੀਆਂ ਕਹਾਣੀਆਂ ਤੁਹਾਡੇ ਅਨੁਭਵ ਵਿੱਚੋਂ ਨਿਕਲੀਆਂ।**

—ਸਾਰੀਆਂ ਕਹਾਣੀਆਂ ਮੇਰੇ ਅਚੇਤ ਮਨ ਵਿੱਚ ਪਈਆਂ ਸਨ। ਮੈਨੂੰ ਕਿਹੜਾ ਪਤਾ ਰਹਿੰਦਾ ਕਿ ਮੈਂ ਕਿਹੜੇ ਵੇਲੇ ਕੀ ਅਨੁਭਵ ਕੀਤਾ ਹੈ। ਕੀ ਮੈਨੂੰ ਸੰਵੇਦਨਸ਼ੀਲ ਲੱਗਾ ਹੈ।

ਆਪਣੀ ਗੱਲ 'ਬੰਦੇ ਬਿਨਾਂ' ਕਹਾਣੀ ਨਾਲ ਸਪੱਸ਼ਟ ਕਰਦਾਂ। ਕਹਾਣੀ ਵਿੱਚਲੀ ਘਟਨਾ ਨਵਾਂਸ਼ਹਿਰ ਤੋਂ ਚੰਡੀਗੜ੍ਹ ਨੂੰ ਜਾਂਦਿਆਂ ਹੋਇਆਂ ਇੱਕ ਖੂਹ (ਡੇਰੇ) 'ਤੇ ਵਾਪਰੀ ਸੀ। ਕਿਸਾਨ ਪਰਿਵਾਰ ਪਿੰਡੋਂ ਹਟਵੇਂ ਥਾਂ 'ਤੇ ਆਪਣੀ ਜ਼ਮੀਨ 'ਤੇ ਰਹਿੰਦਾ ਸੀ। ਜਿੱਥੇ ਆਮ ਲੋਕਾਂ ਦਾ ਆਉਣਾ-ਜਾਣਾ ਨਾ-ਮਾਤਰ ਸੀ। ਕੁੜੀ ਦੇ ਸੰਬੰਧ ਯੂ.ਪੀ. ਦੇ ਭਈਏ ਨਾਲ ਬਣ ਗਏ ਸਨ। ਪਿਉ ਨੂੰ ਪਤਾ ਲੱਗਾ ਤਾਂ ਉਸ ਨੇ ਇੱਕਦਮ ਭਈਏ ਨੂੰ ਮਾਰਨ ਦਾ ਮਨ ਬਣਾ ਲਿਆ। ਜਦੋਂ ਉਸ ਨੇ ਆਪਣੇ ਬਾਪੂ ਤੋਂ ਪੁੱਛਿਆ ਤਾਂ ਬਾਪੂ ਨੇ ਕਿਹਾ, "ਹੁਣ ਕੁੜੀ ਨੂੰ ਬੰਦੇ ਦਾ ਭੁੱਸ ਪੈ ਗਿਆ। ਇਹ ਬੰਦੇ ਬਿਨਾਂ ਨ੍ਹੀਂ ਰਹਿ ਸਕਦੀ। ਅਜੇ ਤਾਂ ਇਹ ਗੱਲ ਆਪਣੇ ਤੱਕ ਸੀਮਤ ਆ। ਜੇ ਤੂੰ ਭਈਏ ਨੂੰ ਮਾਰ ਦਿੱਤਾ ਤੇ ਕੁੜੀ ਕਾਲਜ ਦੇ ਕਿਸੇ ਚੂਹ... ਜਾਂ ਚਮਾ... ਨਾਲ ਫਸ ਗਈ ਤਾਂ ਬੜੀ ਬਦਨਾਮੀ ਹੋਊ।" ਬਾਪੂ ਦੀ ਕਹੀ ਆਖ਼ਰੀ ਗੱਲ ਵਿੱਚ ਬਹੁਤ ਵਜ਼ਨ ਸੀ। ਇਹ ਕਹਾਣੀ ਮੇਰੇ ਅਚੇਤ ਮਨ ਵਿੱਚ ਚਾਰ-ਪੰਜ ਸਾਲ ਕੈਦ ਰਹੀ। ਲਿਖਣ ਬਾਰੇ ਸੋਚਿਆ ਸੀ ਪਰ ਕੁਦਰਤ ਨੇ ਹਰੀ ਝੰਡੀ ਨਹੀਂ ਦਿਖਾਈ ਸੀ। ਜਦੋਂ ਦਿਖਾਈ ਤਾਂ ਇਸ ਘਟਨਾ ਦੇ ਨਾਲ ਹੋਰ ਘਟਨਾਵਾਂ ਜੁੜਦੀਆਂ ਗਈਆਂ। ਮਸਲਨ ਬਾਪੂ ਦਾ ਆਪਣੀ ਭੈਣ ਨੂੰ ਮਾਰਨਾ। ਘਰ ਨਾ ਵੜ੍ਹਣ ਦੇਣਾ। ਇਹ ਘਟਨਾ ਮੈਨੂੰ ਸੁਖਵਿੰਦਰ ਕੰਬੋਜ ਨੇ ਕੈਲੇਫੋਰਨੀਆ ਵਿੱਚ ਆਪਣੇ ਘਰ ਵਿੱਚ ਸੁਣਾਈ ਸੀ। 2012 ਵਿੱਚ। ਕਹਾਣੀ ਮੈਂ ਗਿਆਰਾਂ

ਸਾਲਾਂ ਬਾਅਦ ਲਿਖੀ। ਇਹ ਤਾਂ ਅਚੇਤ ਮਨ ਦੀ ਕਰਾਮਾਤ ਹੀ ਕਹੀ ਜਾ ਸਕਦੀ ਹੈ। ਘਟਨਾ ਨਾਲ ਘਟਨਾ ਜੁੜਦੀ ਜਾਂਦੀ ਹੈ। ਮੈਂ ਇਹ ਵੀ ਦੇਖਿਆ ਹੈ ਕਿ ਜੇ ਕਦੇ ਲਿਖਣ ਤੋਂ ਪਹਿਲਾਂ ਕੁੱਝ ਸੋਚਿਆ ਜਾਂ ਪਲੈਨਿੰਗ ਕੀਤੀ ਵੀ ਹੈ ਤਾਂ ਲਿਖਣ ਵੇਲੇ ਹੋਰ ਹੀ ਗੱਲਾਂ ਸਾਹਮਣੇ ਆ ਜਾਂਦੀਆਂ ਨੇ।

ਕਹਾਣੀਕਾਰ ਸਾਹਿਬ ਜੀਓ, ਮੈਂ ਕਮਲਾ ਦਾਸ ਦੀ ਸ੍ਵੈ-ਜੀਵਨੀ 'ਮਾਈ ਸਟੋਰੀ' ਪੜ੍ਹੀ ਸੀ। ਉਹ ਇਸ ਗੱਲ ਨੂੰ ਮੰਨਦੀ ਹੈ ਕਿ ਕਿਸੇ ਵੇਸਵਾ ਬਾਰੇ ਲਿਖਣ ਤੋਂ ਪਹਿਲਾਂ ਵੇਸਵਾਵਾਂ ਦੇ ਕੋਠਿਆਂ 'ਤੇ ਜਾਣਾ ਜ਼ਰੂਰੀ ਨਹੀਂ ਹੁੰਦਾ। ਗੱਲ ਤਾਂ ਮਹਿਸੂਸ ਕਰਨ ਦੀ ਹੁੰਦੀ ਹੈ। ਸੰਵੇਦਨਾ ਦੀ ਹੁੰਦੀ ਹੈ।

ਕਿਸੇ ਅਨੁਭਵ ਤੋਂ ਬਿਨਾਂ ਕਹਾਣੀ ਲਿਖਣੀ ਔਖੀ ਹੁੰਦੀ ਹੈ। ਸਾਹਿਤ ਯਥਾਰਥ ਤੋਂ ਬਿਨਾਂ ਸੰਭਵ ਨਹੀਂ, ਪਰ ਸਾਹਿਤ ਯਥਾਰਥ ਦੀ ਫੋਟੋਕਾਪੀ ਨਹੀਂ ਹੁੰਦਾ। ਕਲਪਨਾ ਦਾ ਵੀ ਵੱਡਾ ਰੋਲ ਹੁੰਦਾ ਹੈ। ਲੇਖਕ ਕਲਪਨਾ ਵਿੱਚੋਂ ਇੱਕ ਸੰਸਾਰ ਸਿਰਜਦਾ ਹੈ ਜਿੰਦਾਂ ਕਬੀਰ ਜੀ ਨੇ 'ਉਲਟਬਾਂਸੀ-ਲੋਕ', ਗੁਰੂ ਰਵੀਦਾਸ ਜੀ ਨੇ 'ਬੇਗਮਪੁਰਾ' ਤੇ ਮਹਾਤਮਾ ਗਾਂਧੀ ਜੀ ਨੇ 'ਰਾਮ ਰਾਜ' ਸਿਰਜਿਆ ਸੀ। ਆਈਂਸਟੀਨ ਨੇ ਵੀ ਕਿਹਾ ਸੀ, "ਗਿਆਨ ਨਾਲੋਂ ਕਲਪਨਾ ਵਧੇਰੇ ਮਹੱਤਵਪੂਰਨ ਹੈ।"

ਹੁਣ ਤੱਕ ਮੈਂ ਦੋ-ਚਾਰ ਕਹਾਣੀਆਂ ਹੀ ਕਲਪਨਾ ਦਾ ਆਸਰਾ ਲੈ ਕੇ ਲਿਖੀਆਂ ਨੇ। ਬਾਕੀ ਤਾਂ ਆਲੇ-ਦੁਆਲੇ ਤੋਂ ਮਿਲੀਆਂ ਨੇ। ਆਪਣੇ ਘੇਰੇ ਤੋਂ। ਆਪਣੇ ਵਰਗਿਆਂ ਤੋਂ। ਇੱਕ ਵਾਰ ਕਿਸੇ ਨੇ ਮੇਰੀ 'ਸੌਰੀ' ਕਹਾਣੀ ਪੜ੍ਹ ਕੇ ਮੋਹਨ ਲਾਲ ਫਿਲੌਰੀਏ ਤੋਂ ਪੁੱਛਿਆ ਸੀ, "ਜਿੰਦਰ ਆਪਣੇ 'ਚੋਂ ਆ?" ਤੂੰ ਆਪਣੇ ਵਿੱਚੋਂ ਸਮਝ ਗਿਆ ਹੋਣਾ। ਚੱਲ ਦੂਜਿਆਂ ਨੂੰ ਦੱਸਣ ਵਿੱਚ ਕੀ ਹਰਜ ਹੈ। ਮੇਰੀਆਂ ਚਾਰ-ਪੰਜ ਕਹਾਣੀਆਂ ਦਲਿਤਾਂ ਦੀ ਜ਼ਿੰਦਗੀ ਨਾਲ ਸੰਬੰਧਿਤ ਨੇ। ਪਿੰਡ ਵਿੱਚ ਰਹਿੰਦਿਆਂ ਹੋਇਆਂ ਹਰੀਪਾਲ, ਲਛਕਰੀ ਰਾਮ ਨਾਲ ਮੇਰੀ ਦੋਸਤੀ ਹੁੰਦੀ ਸੀ। ਜੇ ਮੈਂ ਜੱਟਾਂ ਦੇ ਖੇਤਾਂ ਦੀਆਂ ਵੱਟਾਂ ਤੋਂ ਘਾਹ ਖੋਤਦਾ ਸਾਂ ਜਾਂ ਕਮਾਦ ਛਿੱਲਣ ਜਾਂਦਾ ਸਾਂ ਜਾਂ ਮੱਝਾਂ ਚਾਰਨ ਜਾਂਦਾ ਸਾਂ ਤਾਂ ਦਲਿਤ ਭਾਈ ਵੀ ਮੇਰੇ ਨਾਲ ਹੁੰਦੇ ਸਨ। ਮੈਂ ਉਨ੍ਹਾਂ ਨੂੰ ਜੱਟਾਂ ਨਾਲੋਂ ਆਪਣੇ ਜ਼ਿਆਦਾ ਨੇੜੇ ਸਮਝਦਾ ਸਾਂ। ਉਹ ਵੀ ਸਮਝਦੇ ਸਨ। ਇਹ ਜਿਹੜੀ ਸਮਝ ਬਣੀ ਹੈ ਨਾ-ਇਹ ਐਵੇਂ ਨਹੀਂ ਬਣੀ। ਇਹ ਅਨੁਭਵ ਤੇ ਮਹਿਸੂਸ ਕਰਨ ਤੋਂ ਬਣੀ ਹੈ। ਇਹੀ ਕੁੱਝ ਮੇਰੀਆਂ ਕਹਾਣੀਆਂ ਵਿੱਚ ਆਇਆ ਹੈ ਕਿ ਦਲਿਤ ਪਾਠਕ ਮੈਨੂੰ ਦਲਿਤ ਸਮਝ ਬੈਠਦਾ ਹੈ। ਆਪਣੇ ਨੇੜੇ-ਤੇੜੇ ਮਹਿਸੂਸ ਕਰਦਾ ਹੈ। ਜਿੰਦਰ ਉਨ੍ਹਾਂ ਨੂੰ ਆਪਣੇ ਵਿੱਚੋਂ ਲੱਗਦਾ ਹੈ।

'ਪਾਪ' ਕਹਾਣੀ ਯਥਾਰਥ ਨਾਲੋਂ ਕਲਪਨਾ ਵਿੱਚੋਂ ਜ਼ਿਆਦਾ ਨਿਕਲੀ ਸੀ। ਜਦੋਂ ਇਹ ਹਿੰਦੀ ਵਿੱਚ ਅਨੁਵਾਦ ਹੋ ਕੇ ਛਪੀ ਤਾਂ ਅਨੇਕਾਂ ਫ਼ੋਨ ਆਏ। 'ਆਵਾਜ਼ਾਂ' ਜਸਵਿੰਦਰ ਕੌਰ ਬਿੰਦਰਾ ਨੇ ਅਨੁਵਾਦ ਕੀਤੀ ਸੀ। ਕਹਾਣੀ ਪੜ੍ਹ ਕੇ ਚਿਤਰਾ ਮੁੱਦਗਲ, ਸਾਹਿਤ ਅਕੈਡਮੀ ਅਵਾਰਡ ਜੇਤੂ ਦਾ ਫ਼ੋਨ ਆਇਆ ਸੀ, "ਜਿੰਦਰ ਜੀ ਹਮ ਨੇ ਤੋ ਕਭੀ ਔਰੰਗਜ਼ੇਬ ਕੇ ਬਾਰੇ ਮੈਂ ਐਸਾ ਨਹੀਂ ਸੋਚਾ ਥਾ।"

**? ਇਸੇ ਕਿਤਾਬ ਦੀਆਂ ਕੁੱਝ ਕਹਾਣੀਆਂ ਦੇ ਪਾਤਰ ਵਿਦੇਸ਼ੀ ਧਰਤੀ 'ਤੇ ਵਿਚਰਦੇ ਹਨ, ਕੁੱਝ ਵਿਦਿਆਰਥੀ ਹਨ, ਇਨ੍ਹਾਂ ਦੇ ਅਨੁਭਵ ਤੁਸੀਂ ਵੇਖ-ਸੁਣ ਕੇ ਉਧਾਰੇ ਲਏ? ਕੀ ਉਪਰੇ ਅਨੁਭਵਾਂ ਨਾਲ ਅਸੀਂ ਪਾਤਰਾਂ ਨਾਲ ਇਨਸਾਫ ਕਰ ਸਕਦੇ ਹਾਂ।**

—ਕਿਸੇ ਹੋਰ ਨੂੰ ਤਾਂ ਸ਼ਾਇਦ ਪਤਾ ਨਾ ਹੋਵੇ, ਤੈਨੂੰ ਪਤਾ ਹੈ ਕਿ ਮੈਂ ਕਿੰਨੀ ਵਾਰ ਵਿਦੇਸ਼ ਗਿਆ ਹਾਂ। ਮੇਰੇ ਕਿੰਨੇ ਹੀ ਬਾਹਰਲੇ ਦੋਸਤ ਨੇ। ਔਸਤਨ ਰੋਜ਼ ਹੀ ਦੋ ਫ਼ੋਨ ਆਉਂਦੇ ਨੇ ਇਨ੍ਹਾਂ ਲੋਕਾਂ ਦੇ। 'ਮੇਰਾ ਕੋਈ ਕਸੂਰ ਨਹੀਂ' ਕਹਾਣੀ ਦੀ ਲਵਜੀਤ ਮੇਰੇ ਅਤੀ ਨੇੜਲੀ ਰਿਸ਼ਤੇਦਾਰੀ ਵਿੱਚੋਂ ਹੈ। 'ਸੇਫ਼ਟੀ ਕਿੱਟ' ਵਾਲੀ ਜਸਪ੍ਰੀਤ ਵੀ। ਸਮਾਂਥਾ ਨੂੰ ਮੈਂ ਇੰਗਲੈਂਡ ਵਿੱਚ 10-15 ਵਾਰ ਮਿਲਿਆਂ।

ਇਹ ਉਪਰੇ ਅਨੁਭਵ ਨਹੀਂ, ਅਨੁਭਵਾਂ ਨੂੰ ਮਹਿਸੂਸਣ ਦੀ ਪ੍ਰਕਿਰਿਆ ਹੈ। ਜੇ ਮੈਂ ਤੇਰੀ ਇਸ ਗੱਲ ਨਾਲ ਸਹਿਮਤ ਹੋ ਜਾਵਾਂ ਤਾਂ ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦਾ ਦੀਵਾ' ਜਾਂ ਬਲਦੇਵ ਸਿੰਘ ਦੇ ਨਾਵਲ 'ਅੰਨਦਾਤਾ' ਨੂੰ ਕਿੱਥੇ ਰੱਖਿਆ ਜਾਵੇਗਾ? ਕਿੰਨੇ ਕਹਾਣੀਕਾਰਾਂ ਨੇ ਕਿਸਾਨੀ ਜੀਵਨ ਬਾਰੇ ਕਹਾਣੀਆਂ ਲਿਖੀਆਂ। ਅਜੀਤ ਕੌਰ ਦੀ ਕਹਾਣੀ 'ਗੁਲਬਾਨੋ' ਦੀ ਮੁਸਲਮਾਨ ਪਾਤਰ ਗੁਲਬਾਨੋ ਕਿਹੜੀ ਅਜੀਤ ਕੌਰ ਦੀ ਸਕੀ-ਸਹੇਲੀ ਸੀ। ਜਾਂ ਰਘੁਬੀਰ ਢੰਡ ਦੀ ਕਹਾਣੀ 'ਸੱਪ ਦੀ ਅੱਖ' ਵਿਚਲਾ ਜੱਟ ਪਾਤਰ। ਕਿਸੇ ਪਾਤਰ, ਘਟਨਾ, ਵਰਤਾਰੇ ਨੂੰ ਮਹਿਸੂਸਣ ਦੀ ਗੱਲ ਹੁੰਦੀ ਹੈ। ਫੇਰ ਇਹ ਮਹਿਸੂਸਣ ਹੀ ਅਨੁਭਵ ਬਣ ਜਾਂਦਾ ਹੈ। ਤੁਸੀਂ ਇਸ ਨਾਲ ਇੱਕਮਿੱਕ ਹੋ ਜਾਂਦੇ ਹੋ। ਬਸ-ਇੱਕਮਿੱਕ ਹੋਣਾ ਹੀ ਔਖਾ। ਜਿਹੜਾ ਹੋ ਗਿਆ, ਉਹ ਤਰ ਗਿਆ। ਨਹੀਂ ਤਾਂ ਆਪਾਂ ਬਹੁਤ ਡੁੱਬਦੇ ਹੀ ਦੇਖੇ ਨੇ।

**? ਇਸੇ ਕਿਤਾਬ ਦੀਆਂ ਕੁੱਝ ਕਹਾਣੀਆਂ ਤੁਸੀਂ ਔਰਤਾਂ ਦੇ ਮੂੰਹੋਂ ਬਿਆਨ ਕੀਤੀਆਂ ਹਨ। ਮੈਨੂੰ ਲੱਗਦਾ ਹੈ ਕਿ ਕਈ ਥਾਵਾਂ 'ਤੇ ਜਿੰਦਰ ਬੋਲ ਰਿਹਾ ਹੁੰਦਾ ਹੈ। ਉਹ ਪਾਤਰ ਨਹੀਂ ਬੋਲ ਰਹੇ ਹੁੰਦੇ।**

—ਨਹੀਂ, ਮੈਂ ਤੇਰੀ ਇਸ ਗੱਲ ਨਾਲ ਸਹਿਮਤ ਨਹੀਂ ਹਾਂ। ਜਦੋਂ ਮੈਂ ਕਹਾਣੀ ਲਿਖਦਾ ਹਾਂ ਉਦੋਂ ਮੈਂ ਨਾ ਮਰਦ ਹੁੰਦਾ ਹਾਂ। ਨਾ ਔਰਤ। ਮੈਂ ਸਿਰਫ਼ ਤੇ ਸਿਰਫ਼ ਸਿਰਜਕ ਹੁੰਦਾ ਹਾਂ। ਤੂੰ ਹਿੰਦੂ ਮਿਥਿਹਾਸ ਨਹੀਂ ਪੜ੍ਹਿਆ। ਤੂੰ ਕੀ ਬਹੁਤਿਆਂ ਨੇ ਨਹੀਂ ਪੜ੍ਹਿਆ। ਹਿੰਦੂ ਮਿਥਿਹਾਸ ਅਨੁਸਾਰ ਔਰਤ ਬੰਦੇ ਦੀ ਪਸਲੀ ਤੋਂ ਪੈਦਾ ਹੋਈ ਹੈ। ਫੇਰ ਅਰਧ-ਨਾਰੀਸ਼ਵਰ ਵਾਲਾ ਕੋਨਸੈਪਟ ਪੜ੍ਹ। ਇੱਕ ਕਿਤਾਬ ਹਰੀਸ਼ ਜੈਨ, ਲੋਕਗੀਤ ਪ੍ਰਕਾਸ਼ਨ ਵਾਲੇ ਨੇ ਛਾਪੀ ਸੀ। 'ਔਰਤ-ਮਰਦ ਦੇ ਮਨ ਦੇ ਗੁੱਝੇ ਭੇਤ'। ਐਦਾਂ ਦਾ ਹੀ ਨਾਂ ਸੀ। ਲੇਖਕ ਸੀ ਐਲਬਰਟਸ। ਇਸ ਕਿਤਾਬ ਦੀ ਭੂਮਿਕਾ ਵਿੱਚ ਲੇਖਕ ਅਮਰੀਕੀ ਮਨੋਵਿਗਿਆਨੀ ਜੌਹਨ ਗਰੇਅ ਦੀ ਲੰਬੀ ਖੋਜ ਦਾ ਜ਼ਿਕਰ ਕਰਦਾ ਹੈ। ਗਰੇਅ ਕਹਿੰਦਾ ਹੈ ਕਿ 'ਮੈਨ ਆਰ ਫਰੌਮ ਮਾਰਸ ਐਂਡ ਵੋਮੈਨ ਆਰ ਫਰੌਮ ਵੀਨਸ।' ਔਰਤ-ਮਰਦ ਦਾ ਆਪਸ ਵਿੱਚ ਕੁੱਝ ਵੀ ਨਹੀਂ ਰਲਦਾ-ਮਿਲਦਾ। ਔਰਤ ਤੇ ਮਰਦ ਦਾ ਮਨ, ਉਨ੍ਹਾਂ ਦੇ ਸੋਚਣ ਦਾ ਤਰੀਕਾ, ਉਨ੍ਹਾਂ ਦੀਆਂ ਕਦਰਾਂ-ਕੀਮਤਾਂ, ਇੱਥੋਂ ਤੱਕ ਕਿ ਇੱਕ ਦੂਜੇ ਨਾਲੋਂ ਇੰਨਾ ਵੱਖਰਾ ਹੈ ਕਿ ਉਹ ਅਲੱਗ-ਅਲੱਗ ਗ੍ਰਹਿਆਂ ਤੋਂ ਆਏ ਜੀਵ ਲੱਗਦੇ ਨੇ। ਕਹਿਣ ਦਾ ਮਤਲਬ ਮਰਦ ਮੰਗਲ ਗ੍ਰਹਿ 'ਤੇ ਰਹਿੰਦਾ ਸੀ ਤੇ ਔਰਤ ਵੀਨਸ 'ਤੇ। ਔਰਤ-ਮਰਦ ਬਾਰੇ ਬੇਅੰਤ ਥਿਊਰੀਆਂ ਨੇ। ਲੱਖਾਂ ਹੀ ਕਹਾਣੀਆਂ ਔਰਤਾਂ ਨੇ ਮਰਦਾਂ ਦੇ ਨਜ਼ਰੀਏ ਤੋਂ ਲਿਖੀਆਂ ਨੇ। ਇਸ ਸੰਗ੍ਰਹਿ ਦੀ ਕਹਾਣੀ 'ਕੜਿੱਕੀ' ਜਾਂ 'ਚੀਕਾਂ' ਔਰਤਾਂ ਵੱਲੋਂ ਬਿਆਨੀਆਂ ਗਈਆਂ ਨੇ। ਇਹ ਕਹਾਣੀਆਂ ਔਰਤਾਂ ਰਾਹੀਂ ਹੀ ਪ੍ਰਗਟਾਈਆਂ ਜਾ ਸਕਦੀਆਂ ਸਨ। ਜਦੋਂ ਮੈਂ ਕਹਾਣੀ ਲਿਖਦਾ ਹਾਂ ਉਦੋਂ ਮੈਂ ਸੁਚੇਤ ਨਹੀਂ ਹੁੰਦਾ ਕਿ ਮੈਂ ਬੋਲਦਾ ਹਾਂ। ਮੈਂ ਕਿਹੜਾ ਕਾਮਰੇਡ ਕਹਾਣੀਕਾਰਾਂ ਵਾਂਗੂੰ ਲੰਬੇ-ਲੰਬੇ ਭਾਸ਼ਣ ਪਾਤਰ ਦੇ ਮੂੰਹੋਂ ਕਢਵਾਉਣੇ ਹੁੰਦੇ ਨੇ। ਮੇਰੇ ਪਾਤਰ ਆਜ਼ਾਦ ਨੇ। ਉਹ ਮੇਰੀਆਂ ਕਠਪੁਤਲੀਆਂ ਨਹੀਂ। ਅਚੇਤ ਮਨ ਦੀਆਂ ਤਹਿਆਂ ਵਿੱਚੋਂ ਨਿਕਲੇ ਨੇ। ਅਚੇਤ ਮਨ ਸੁਚੇਤ ਮਨ ਨਾਲੋਂ ਜ਼ਿਆਦਾ ਤਾਕਤਵਰ ਹੁੰਦਾ ਹੈ। ਉਹ ਸੁਚੇਤ ਮਨ ਦੀ ਪ੍ਰਵਾਹ ਨਹੀਂ ਕਰਦਾ। ਮੈਂ ਇਹ ਗੱਲਾਂ ਡਾ. ਰਾਧਾਕ੍ਰਿਸ਼ਣਨ ਦੀ ਫਿਲਾਸਫੀ ਤੋਂ ਸਿੱਖੀਆਂ ਨੇ। ਸੁਧੀਰ ਕੱਕੜ ਤੋਂ ਵੀ। ਚੱਲ ਅਜੇ ਦੋ ਫਿਲਾਸਫਰਾਂ ਦੇ ਨਾਂ ਹੀ ਕਾਫੀ ਨੇ। ਜ਼ਿਆਦਾ ਗਿਣਤੀ ਕੀਤੀ ਤਾਂ ਤੂੰ ਕਹੇਂਗਾ, "ਭਾਜੀ ਬਹੁਤੀ ਫਿਲਾਸਫੀ ਨਾ ਘੋਟੋ।"

**? ਤੁਸੀਂ ਇੱਕ ਮੁਲਾਕਾਤ ਵਿੱਚ ਕਿਹਾ ਕਿ ਇਸ ਕਿਤਾਬ ਵਿੱਚ ਦੋ ਕਹਾਣੀਆਂ ਹਨ। ਇੱਕ 'ਬੰਦੇ ਬਿਨਾਂ' ਪੂਰੀ ਕਹਾਣੀ ਹੈ। ਬਾਕੀ ਅੱਧੀ ਕਹਾਣੀ 'ਦੂਰੀਆਂ' ਹੈ ਅਤੇ ਅੱਧੀ 'ਸ਼ਰਤ' ਹੈ। ਕੀ ਕਿਤਾਬ**

**ਦੀਆਂ ਬਾਕੀ ਕਹਾਣੀਆਂ ਤੁਸੀਂ ਮੂਲੋਂ ਹੀ ਰੱਦ ਕਰਦੇ ਹੋ ਜਾਂ ਉਨ੍ਹਾਂ ਨੂੰ ਤੁਸੀਂ ਕਮਜ਼ੋਰੀ ਕਹਾਣੀਆਂ ਕਹਿੰਦੇ ਹੋ।**

—ਜਿੰਦਰ ਦੇ ਕਈ ਰੂਪ ਨੇ। ਸਿਰਫ਼ ਦੋ ਰੂਪਾਂ ਦੀ ਗੱਲ ਕਰਾਂਗਾ। ਇੱਕ ਜਿੰਦਰ ਸਿਰਜਕ ਹੈ। ਇੱਕ ਪਾਠਕ ਹੈ। ਜਿੰਦਰ ਸਿਰਜਕ ਉਦੋਂ ਹੀ ਹੁੰਦਾ ਹੈ ਜਦੋਂ ਉਸ ਨੂੰ ਕਰਤਾਰੀ ਪਲ ਮਿਲਦੇ ਨੇ ਜਾਂ ਕੁਦਰਤ ਉਸ 'ਤੇ ਮਿਹਰਬਾਨ ਹੁੰਦੀ ਹੈ। ਇਹ ਪਲ ਕਿਹੜੇ ਰੋਜ਼-ਰੋਜ਼ ਮਿਲਦੇ ਨੇ। ਆਉਂਦੇ ਨੇ। ਸਾਲ ਵਿੱਚ ਦੋ-ਚਾਰ ਮੌਕੇ ਹੀ ਆਉਂਦੇ ਨੇ। ਸਿਰਜਕ ਨੇ ਸਿਰਜਣਾ ਕਰ ਦਿੱਤੀ। ਉਹ ਲੰਬੇ ਸਮੇਂ ਲਈ ਫਾਰਿਗ ਹੋ ਗਿਆ।

ਦੂਜਾ ਜਿੰਦਰ ਪਾਠਕ ਹੈ। ਉਸ ਅੰਦਰ ਚੰਗਾ ਪੜ੍ਹਣ ਦੀ ਭੁੱਖ ਕਦੇ ਨਹੀਂ ਮਰੀ ਜਾਂ ਘਟੀ। ਉਸ ਨੂੰ ਤਾਂ ਹਫਤੇ ਵਿੱਚ ਦੋ-ਤਿੰਨ ਨਵੀਆਂ ਕਿਤਾਬਾਂ ਪੜ੍ਹਣ ਨੂੰ ਚਾਹੀਦੀਆਂ ਨੇ। ਮਸਲਨ ਉਹ ਕੱਲ੍ਹ ਮਿਤੀ 4.12.2024 ਨੂੰ 'ਅਜੀਤ' ਅਖ਼ਬਾਰ ਵੱਲ ਗਿਆ ਤਾਂ ਸ਼ਾਸ਼ਤਰੀ ਮਾਰਕੀਟ ਵਿਚਲੀ ਅਖ਼ਬਾਰਾਂ/ਮੈਗਜ਼ੀਨਾਂ ਦੀ ਦੁਕਾਨ ਵਿੱਚ ਜਾ ਵੜ੍ਹਿਆ। 'ਕਥਾ ਦੇਸ਼' ਵਿੱਚ ਯੋਗੇਂਦਰ ਅਹੂਜਾ ਦੀ ਨਵੀਂ ਛਪੀ ਕਹਾਣੀ 'ਅਭਿਨਿਸ਼ਕ੍ਰਮਣ' ਹੈ। ਉਸ ਨੇ ਮੈਗਜ਼ੀਨ ਖਰੀਦਿਆ। ਉਸ ਨੂੰ ਪਤਾ ਹੈ ਕਿ ਅਹੂਜਾ ਦੀ ਕਹਾਣੀ ਮਾਅਰਕੇ ਦੀ ਹੁੰਦੀ ਹੈ। ਉਸ ਨੇ ਅਹੂਜੇ ਨੂੰ ਮੈਸਿਜ ਕਰਕੇ ਕਹਾਣੀ ਦੀ ਪੀ.ਡੀ.ਐਫ. ਫਾਇਲ ਮੰਗਵਾਈ। ਹਰਜੀਤ ਅਟਵਾਲ ਤੇ ਖ਼ਾਲਿਦ ਧਾਰੀਵਾਲ ਨੂੰ ਫਾਰਵਿਡ ਕਰ ਦਿੱਤੀ। ਆਪ ਉਸ ਨੇ ਅਜੇ ਕਹਾਣੀ ਪੜ੍ਹਣੀ ਹੈ। ਇਹ ਜਿਹੜਾ ਜਿੰਦਰ ਪਾਠਕ ਹੈ ਨਾ, ਇਹ ਉਸ ਦਾ ਕਿਹਾ ਹੋਇਆ ਹੈ ਕਿ 'ਸੇਫ਼ਟੀ ਕਿੱਟ' ਵਿੱਚ ਦੋ ਕਹਾਣੀਆਂ ਨੇ। ਜੇ ਸਿਰਜਕ ਜਿੰਦਰ ਕੋਲੋਂ ਪੁੱਛਿਆ ਜਾਂਦਾ ਤਾਂ ਉਸ ਦਾ ਜੁਆਬ ਹੁੰਦਾ, "ਸਿਰਜਣਾ ਕਰਨ ਵੇਲੇ ਕੌਣ ਸੋਚਦਾ ਹੈ ਕਿ ਜੋ ਉਸ ਨੇ ਲਿਖਿਆ ਹੈ, ਉਹ ਸਰਵੋਤਮ ਹੈ। ਜੇ ਉਹ ਇਹ ਸੋਚ ਲੈਂਦਾ ਤਾਂ ਰੁਪਾਣਾ ਦੋ-ਤਿੰਨ, ਮੋਹਨ ਭੰਡਾਰੀ ਇੱਕ-ਦੋ, ਅਤਰਜੀਤ ਇੱਕ, ਤਲਵਿੰਦਰ ਤੇ ਖ਼ਾਲਿਦ ਧਾਰੀਵਾਲ ਇੱਕ-ਅੱਧ ਕਹਾਣੀ ਲਿਖ ਕੇ ਬੈਠ ਜਾਂਦੇ।" ਰਹੀ ਗੱਲ ਬਾਕੀ ਦੀਆਂ ਕਹਾਣੀਆਂ ਦੀ, ਇਸ ਸੰਬੰਧੀ ਪਾਠਕਾਂ ਦੀ ਰਾਏ ਮੰਨਣੀ ਪਵੇਗੀ। 'ਸੇਫ਼ਟੀ ਕਿੱਟ', 'ਮੇਰਾ ਕੋਈ ਕਸੂਰ ਨਹੀਂ' ਹਿੰਦੀ ਵਿੱਚ ਦੋ ਵਾਰ, ਸ਼ਾਹਮੁਖੀ ਵਿੱਚ ਇੱਕ ਵਾਰ ਅਨੁਵਾਦ ਹੋ ਕੇ ਛਪੀਆਂ ਨੇ। ਪੰਜਾਬੀ ਨਾਲੋਂ ਮੇਰੇ ਜ਼ਿਆਦਾ ਪਾਠਕ ਹਿੰਦੀ ਤੇ ਸ਼ਾਹਮੁਖੀ ਵਿੱਚ ਨੇ। 'ਸੇਫ਼ਟੀ ਕਿੱਟ' ਦੀ ਕਾਫੀ ਗੱਲ ਚੱਲੀ ਹੈ। ਅਜੇ ਚੱਲ ਰਹੀ ਹੈ।

ਬਹੁਤੀ ਵਾਰ ਲੇਖਕ ਦੀ ਪਸੰਦ ਨਾਲੋਂ ਪਾਠਕਾਂ ਦੀ ਪਸੰਦ ਨੂੰ ਤਰਜੀਹ ਦਿੱਤੀ ਜਾਂਦੀ ਹੈ।

**? ਇਹ ਕਹਾਣੀਆਂ 'ਕਤਲ' ਤੇ 'ਦੋ ਮਿੰਟ ਹੋ ਰੁਕ ਜਾ' ਤੋਂ ਅੱਗੇ ਜਿੰਦਰ ਨੂੰ ਲੈ ਕੇ ਗਈਆਂ ਹਨ ਜਾਂ 'ਕਤਲ' ਅਜੇ ਵੀ ਮੀਲ ਪੱਥਰ ਹੈ।**

—1996 ਤੋਂ ਪਹਿਲਾਂ ਵਾਲੇ ਜਿੰਦਰ ਤੇ ਅੱਜ ਦੇ ਜਿੰਦਰ ਵਿੱਚ ਫਰਕ ਆਉਣਾ ਸੁਭਾਵਿਕ ਹੈ। ਉਦੋਂ ਸਾਡੇ ਘਰੇ ਟੈਲੀਫ਼ੋਨ ਵੀ ਨਹੀਂ ਲੱਗਾ ਹੁੰਦਾ ਸੀ। ਹੁਣ ਅੱਧੇ ਘੰਟੇ ਮਗਰੋਂ ਕਿਸੇ ਨਾ ਕਿਸੇ ਦਾ ਫ਼ੋਨ ਆ ਜਾਂਦਾ ਹੈ। ਪਿਛਲੇ 20-25 ਸਾਲਾਂ ਵਿੱਚ ਇੰਨੀਆਂ ਤਬਦੀਲੀਆਂ ਆਈਆਂ ਨੇ ਕਿ ਬੰਦਾ ਪਹਿਲਾਂ ਨਾਲੋਂ ਵੀ ਜ਼ਿਆਦਾ ਰਹੱਸਮਈ ਹੁੰਦਾ ਜਾ ਰਿਹਾ ਹੈ। ਅੱਜ ਦੇ ਬੰਦੇ ਨੂੰ ਸਮਝਣਾ ਬੜਾ ਔਖਾ ਹੈ।

ਬਿਨਾਂ ਕਿਸੇ ਝਿਜਕ ਦੇ ਮੈਨੂੰ ਇਹ ਮੰਨਣ ਵਿੱਚ ਕੋਈ ਸੰਕੋਚ ਨਹੀਂ ਕਿ 'ਕਤਲ' ਮੇਰੀ ਮੀਲ ਪੱਥਰ ਕਹਾਣੀ ਹੈ। ਪਰ ਜੇ ਹਿੰਦੀ ਪਾਠਕਾਂ ਦੀ ਪਸੰਦ ਦੇਖੀ ਜਾਵੇ ਤਾਂ 'ਦਰਦ', 'ਜਿੱਤ', 'ਜ਼ਖ਼ਮ', 'ਸੌਰੀ', 'ਡਰ', 'ਰਫ਼ਤਾਰ', 'ਜੋਗੀ' ਕਹਾਣੀਆਂ ਦਾ ਨਾਂ ਆਉਂਦਾ ਹੈ। 'ਜਿੱਤ' ਰਾਜਿੰਦਰ ਯਾਦਵ

ਨੇ 'ਹੰਸ' ਵਿੱਚ ਪਹਿਲੇ ਨੰਬਰ 'ਤੇ ਲਾਈ ਸੀ। ਦੇਸ਼ ਦੇ ਵੱਖ-ਵੱਖ ਸ਼ਹਿਰਾਂ, ਕਸਬਿਆਂ ਵਿੱਚੋਂ ਚਾਰ-ਪੰਜ ਸੌ ਫ਼ੋਨ ਆਏ ਸਨ। ਜਦੋਂ ਵਰਿੰਦਰ ਵਾਲੀਏ ਨੇ 'ਸੌਰੀ' ਪੰਜਾਬੀ ਟ੍ਰਿਬਿਊਨ ਵਿੱਚ ਛਾਪੀ ਸੀ ਉਦੋਂ ਢਾਈ-ਤਿੰਨ ਸੌ ਫ਼ੋਨ ਆਏ ਸਨ। ਬਹੁਤੇ ਦਲਿਤ ਭਾਈ-ਭੈਣਾਂ ਦੇ ਸਨ।

ਮੇਰੇ ਕਹਾਣੀ ਸੰਗ੍ਰਹਿ 'ਆਵਾਜ਼ਾਂ' ਦੀਆਂ ਸਾਰੀਆਂ ਕਹਾਣੀਆਂ ਦੀ ਪ੍ਰਸ਼ੰਸਾ ਹੋਈ ਸੀ। ਪ੍ਰੇਮ ਪ੍ਰਕਾਸ਼ ਨੇ 'ਕਤਲ' ਤੋਂ ਮਗਰੋਂ 'ਸਿਆਸਤ, ਖੇਡ ਬਾਬਾ ਸਿਆਸਤ' ਨੂੰ ਵੱਡੀ ਕਹਾਣੀ ਮੰਨਿਆ ਸੀ। 'ਜ਼ਖ਼ਮ', 'ਦਰਦ', 'ਪਾਪ', 'ਬੰਦੇ ਬਿਨਾਂ', 'ਸੌਰੀ', 'ਜਿੱਤ' ਵੀ 'ਕਤਲ' ਦੇ ਪੱਧਰ ਦੀਆਂ ਕਹਾਣੀਆਂ ਨੇ। ਬਾਕੀ ਸਾਰਿਆਂ ਦੀ ਆਪੋ-ਆਪਣੀ ਪਸੰਦ ਹੁੰਦੀ ਹੈ। ਕੁਲਵੰਤ ਸਿੰਘ ਵਿਰਕ ਦੇ ਕਹਿਣ ਮੁਤਾਬਿਕ 'ਚੰਗੀ ਰਚਨਾ ਅੰਨ੍ਹੇ ਦੇ ਪੈਰ ਹੇਠ ਬਟੇਰਾ ਆਉਣ ਵਾਂਗੂੰ ਹੁੰਦੀ ਹੈ।' ਸ਼ਾਇਦ 'ਕਤਲ' ਕਹਾਣੀ ਨਾਲ ਵੀ ਅਜਿਹਾ ਵਾਪਰਿਆ ਹੈ। ਇਸ ਨੇ 'ਜ਼ਖ਼ਮ', 'ਦਰਦ', 'ਪਾਪ', 'ਬੰਦੇ ਬਿਨਾਂ', 'ਜਿੱਤ' ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ। ਕਿਤੇ ਕਾਮਯਾਬੀ ਹੋਈ ਹੈ। ਕਿਤੇ ਨਹੀਂ। ਇੱਕ ਹੋਰ ਗੱਲ ਵੀ ਹੁੰਦੀ ਹੈ ਕਿ ਸਾਡੇ ਆਲੋਚਕ ਤੇ ਲੇਖਕ ਕਿਸੇ ਕਹਾਣੀਕਾਰ ਨੂੰ ਇੱਕ ਕਹਾਣੀ ਨਾਲ ਜੋੜ ਕੇ ਹੀ ਦੇਖਣ ਲੱਗਦੇ ਨੇ ਜਿੱਦਾਂ ਅਤਰਜੀਤ ਨੂੰ 'ਬਠਲੂ ਚਮਿਆਰ', ਗੁਰਦੇਵ ਸਿੰਘ ਰੁਪਾਣਾ ਨੂੰ 'ਹਵਾ', ਰਘੁਬੀਰ ਢੰਡ ਨੂੰ 'ਕੁਰਸੀ', ਗੁਰਬਚਨ ਭੁੱਲਰ ਨੂੰ 'ਖ਼ੂਨ', ਮੋਹਨ ਭੰਡਾਰੀ ਨੂੰ 'ਮੂਨ ਦੀ ਅੱਖ'। ਉਨ੍ਹਾਂ ਦੀਆਂ ਬਾਕੀ ਚੰਗੀਆਂ ਕਹਾਣੀਆਂ ਨੂੰ ਵਿਸਰ ਜਾਂਦੇ ਨੇ।

ਮੇਰੇ ਲਈ ਸੰਤੁਸ਼ਟੀ ਵਾਲੀ ਗੱਲ ਹੈ ਕਿ 'ਸੇਫ਼ਟੀ ਕਿੱਟ' ਕਿਤਾਬ ਦੀਆਂ ਕਹਾਣੀਆਂ 'ਮੇਰਾ ਕੋਈ ਕਸੂਰ ਨਹੀਂ', 'ਸੇਫ਼ਟੀ ਕਿੱਟ', 'ਬੰਦੇ ਬਿਨਾਂ', 'ਕੜਿੱਕੀ', 'ਚੀਕਾਂ', 'ਦੂਰੀਆਂ' ਤੇ 'ਸ਼ਰਤ' ਨੂੰ ਪਾਠਕਾਂ ਨੇ ਪਸੰਦ ਕੀਤਾ। ਇਸ ਕਿਤਾਬ ਦੀਆਂ ਅੱਧੀਆਂ ਕਹਾਣੀਆਂ ਲਹਿੰਦੇ ਪੰਜਾਬ ਵਿੱਚ ਸ਼ਾਹਮੁਖੀ ਲਿਪੀ ਵਿੱਚ ਲਿਪੀਅੰਤਰ ਹੋਈਆਂ ਨੇ। ਟੋਰਾਂਟੋ ਦੇ ਰੈੱਡ ਐਫ.ਐਮ. 'ਤੇ ਮਨਪ੍ਰੀਤ ਸਹੋਤਾ ਨੇ 'ਸੇਫ਼ਟੀ ਕਿੱਟ' ਬਰਾਡਕਾਸਟ ਕੀਤੀ। ਬੜੀ ਦਿਲਚਸਪ ਗੱਲ ਸੁਣ। ਜਦੋਂ ਮੈਂ 'ਕਤਲ' ਤੇ 'ਦੋ ਮਿੰਟ ਹੋਰ ਰੁਕ ਜਾ' ਕਹਾਣੀਆਂ ਲਿਖੀਆਂ ਸਨ ਉਦੋਂ ਮੈਂ ਆਪਣੇ ਪਿੰਡ ਲੱਧੜਾਂ ਵਿੱਚ ਛੱਪੜ ਦੇ ਕੰਢੇ ਖੜ੍ਹਾ ਸਿਆਲਾਂ ਨੂੰ ਧੁੱਪ ਸੇਕਦੇ ਕੱਛੂ ਦੇਖਦਾ ਹੁੰਦਾ ਸਾਂ। ਹੁਣ ਪੋਰਟਸਮਾਊਥ (ਇੰਗਲੈਂਡ), ਮੈਲਬੌਰਨ (ਆਸਟ੍ਰੇਲੀਆ), ਨਿਊਯਾਰਕ (ਅਮਰੀਕਾ) ਤੇ ਵੈਨਕੂਵਰ (ਕੈਨੇਡਾ) ਦੇ ਸਮੁੰਦਰ ਕੰਢੇ ਘੁੰਮਦਾ ਹੋਇਆ ਵੀ ਕੱਛੂਆਂ ਨੂੰ ਲੱਭਦਾ ਹੈ। ਇਹ ਜਿਹੜਾ ਜਿੰਦਰ ਇੰਨਾ ਘੁੰਮਿਆ ਹੈ, ਉਸ ਨੇ ਕਿੰਨਾ ਕੁੱਝ ਨਵਾਂ ਦੇਖਿਆ, ਅਨੁਭਵਿਆ ਹੈ, ਉਸ ਕੋਲੋਂ ਉਸ ਦੇ ਪਾਠਕ 'ਕਤਲ' ਤੋਂ ਅਗਾਂਹ ਦੀ ਕਹਾਣੀ ਦੀ ਤਵੱਜੋਂ ਕਰਦੇ ਨੇ। ਦੂਜੀ ਗੱਲ 'ਕਤਲ' ਕਹਾਣੀ ਲਿਖਣ ਤੱਕ ਮੈਂ ਮਹਾਭਾਰਤ ਪੜ੍ਹਿਆ ਨਹੀਂ ਸੀ, ਹੁਣ ਪਤਾ ਨਹੀਂ ਕਿੰਨੇ ਵਰਸ਼ਨ ਪੜ੍ਹ ਚੁੱਕਾ ਹਾਂ। ਬੰਦੇ ਨੂੰ ਸਮਝਣ ਲਈ ਹਿੰਦੂ ਮਿਥਿਹਾਸ, ਲੋਕ ਕਹਾਣੀਆਂ, ਲੋਕ ਕਥਾਵਾਂ, ਬੋਧ ਕਥਾਵਾਂ, ਪੰਚਤੰਤਰ, ਹਿਤੋਪਦੇਸ਼ ਦੀਆਂ ਕਹਾਣੀਆਂ ਦਾ ਗੰਭੀਰ ਪਾਠ ਕਰਨਾ ਚਾਹੀਦਾ ਹੈ। ਆਹ ਗੱਲ ਫੇਸਬੁੱਕੀਏ ਕਹਾਣੀਕਾਰਾਂ ਨੂੰ ਦੱਸ। ਸ਼ਾਇਦ ਉਹ ਕੁੱਝ ਸਿੱਖ ਜਾਣ।

**? ਆਪਣੇ ਪਾਤਰਾਂ ਨੂੰ ਗਲੋਬਲ ਕਰਨਾ, ਇਨ੍ਹਾਂ ਪਲਾਂ ਨੂੰ ਵੀ ਤੁਸੀਂ 'ਕਰਤਾਰੀ ਪਲ' ਕਹਿੰਦੇ ਹੋ।**

—ਮੇਰਾ ਖ਼ਿਆਲ ਹੈ ਕਿ ਤੇਰੇ ਇਸ ਸੁਆਲ ਦਾ ਜੁਆਬ ਮੈਂ ਪਿਛਲੇ ਜੁਆਬਾਂ ਵਿੱਚ ਦੇ ਆਇਆ ਹਾਂ। ਕੁੱਝ ਹੋਰ ਵਿਸਥਾਰ ਦੇ ਰਿਹਾ ਹਾਂ। ਮੈਂ ਇਸ ਗਲੋਬਲ ਸੰਸਾਰ ਦਾ ਇੱਕ ਹਿੱਸਾ ਹਾਂ। ਜੋ ਇਹ ਤਬਦੀਲੀਆਂ ਆਈਆਂ ਨੇ, ਇਨ੍ਹਾਂ ਨੂੰ ਮੈਂ ਨੇੜਿਉਂ ਦੇਖਿਆ ਹੈ। ਮੈਂ ਉਸ ਪੀੜ੍ਹੀ ਨਾਲ ਸੰਬੰਧਿਤ ਹਾਂ ਜਿਸ ਨੇ ਬਚਪਨ ਵਿੱਚ ਬੇਰੀਆਂ ਤੋਂ ਬੇਰ ਤੋੜ ਕੇ ਖਾਧੇ ਨੇ। ਗੁੰਮੀਆਂ ਤੋਂ ਬਰੀਕ-

ਬਰੀਕ ਕੰਡਿਆਂ ਨੂੰ ਲਾਹੁਣ ਲਈ ਕਿਸੇ ਬੰਨੇ ’ਤੇ ਰਗੜ-ਰਗੜ ਕੇ ਲਾਹਿਆ ਹੈ। ਵਗਦੇ ਖੂਹ ਤੋਂ ਪਾਣੀ ਪੀਤਾ ਹੈ। ਨਹਾਤਾ ਵੀ ਹੈ। ਖੂਹ ਵਿੱਚ ਛਾਲ ਮਾਰ ਕੇ ਨਹਾਤਾ ਵੀ ਹੈ। ਟੈਲੀਵੀਜ਼ਨ ਇੱਕ ਕ੍ਰਿਸ਼ਮਾ ਸੀ। ਹੁਣ ਆਪਣੇ ਐਪਲ ਦੇ ਮੋਬਾਇਲ ’ਤੇ ਮੰਜੇ ’ਤੇ ਪਿਆ ਫ਼ਿਲਮ ਦੇਖਦਾ ਹਾਂ। ਲਹਿੰਦੇ ਪੰਜਾਬ ਦੇ ਕਾਮੇਡੀ ਡਰਾਮਿਆਂ ਨੂੰ ਦੇਖ ਕੇ ਹੱਸਦਾ ਹਾਂ। ਟਾਈਮ ਦੇਖਣ ਲਈ ਮੋਬਾਇਲ ਚੁੱਕਦਾ ਹਾਂ। ਜਹਾਜ਼ ’ਤੇ ਚੜ੍ਹ ਕੇ ਵਿਦੇਸ਼ਾਂ ਵਿੱਚ ਜਾਂਦਾ ਹਾਂ। ਇਹ ਸਾਰੀਆਂ ਗੱਲਾਂ ਦੱਸਣ ਦਾ ਇਹ ਭਾਵ ਹੈ ਕਿ ਮੈਂ ਕਿੰਨਾ ਕੁੱਝ ਨਵਾਂ ਦੇਖਿਆ, ਪੜ੍ਹਿਆ ਤੇ ਸੁਣਿਆ ਹੈ। ਪਰ ਕੀ ਇਸ ਨਾਲ ਜਿੰਦਰ ਦੇ ਸੁਭਾਅ ਵਿੱਚ ਕੋਈ ਅਹਿਮ ਤਬਦੀਲੀ ਆਈ ਹੈ? ਇਹ ਗੱਲ ਦੇਖਣ ਵਾਲੀ ਹੈ। ਬੰਦੇ ਦਾ ਸੁਭਾਅ, ਫ਼ਿਤਰਤ, ਨੇਚਰ ਕਦੇ ਨਹੀਂ ਬਦਲਦੀ। ਤੁਸੀਂ ਮਹਾਭਾਰਤ ਦੇ ਵੇਲੇ ਨੂੰ ਦੇਖ ਲਓ, ਬੰਦਾ ਨਹੀਂ ਬਦਲਿਆ, ਬੰਦੇ ਦੀਆਂ ਪ੍ਰਸਥਿਤੀਆਂ ਬਦਲੀਆਂ ਨੇ।

ਜਦੋਂ ਮੈਂ ‘ਬਸ, ਹੁਣ ਤੂੰ ਸੌਂ ਜਾਵੀਂ’, ‘ਕਤਲ’, ‘ਬਲਾਤਕਾਰ’, ‘ਤੁਸੀਂ ਨਹੀਂ ਸਮਝ ਸਕਦੇ’ ਕਹਾਣੀਆਂ ਲਿਖੀਆਂ ਸਨ, ਉਦੋਂ ਵੀ ਕਰਤਾਰੀ ਪਲ ਆਏ ਸਨ। ਹੁਣ ਵੀ ਕਰਤਾਰੀ ਪਲ ਹੀ ਆਉਂਦੇ ਨੇ। ਜਦੋਂ ਮੈਂ ਇੰਨਾ ਘੁੰਮਦਾ ਫਿਰਦਾ, ਪੜ੍ਹਦਾ ਤੇ ਵਾਚਦਾ ਹਾਂ ਤਾਂ ਮੇਰੇ ਅਚੇਤ ਮਨ ਵਿੱਚ ਬੈਠੇ ਪਾਤਰ ਆਪਣੇ ਆਪ ਗਲੋਬਲ ਹੁੰਦੇ ਜਾਂਦੇ ਨੇ। ਫੇਰ ਮੈਥੋਂ ‘ਸ਼ਰਤ’, ‘ਚਿਰਾਗ਼’, ‘ਸੇਫ਼ਟੀ ਕਿੱਟ’ ਕਹਾਣੀਆਂ ਲਿਖੀਆਂ ਜਾਂਦੀਆਂ ਨੇ। ਪਿਛਲੇ ਹਫਤੇ ਨੀਰੂ ਗੋਇਲ ਦਾ ਬਰੈਂਪਟਨ ਤੋਂ ਫ਼ੋਨ ਆਇਆ ਸੀ। ਉਹ 57 ਸਾਲਾਂ ਦੀ ਹੈ। ਮਨੋਵਿਗਿਆਨਕ ਪੱਖਾਂ ਤੋਂ ਆਪਣੇ ਮਰੀਜ਼ਾਂ ਨੂੰ ਜਾਣਦੀ ਹੈ। ਉਸ ਨੇ ਮੈਨੂੰ ਕਈ ਨਵੀਆਂ ਗੱਲਾਂ ਦੱਸੀਆਂ। ਇਸ ਮਗਰੋਂ ਹਰੀਸ਼ ਜੈਨ ਦਾ ਫ਼ੋਨ ਆ ਗਿਆ। ਜਦੋਂ ਵੀ ਉਸ ਦਾ ਫ਼ੋਨ ਆਵੇ ਜਾਂ ਮੈਂ ਕਰਾਂ, ਅਸੀਂ ਘੰਟਾ, ਡੇਢ ਘੰਟਾ ਗੱਲਾਂ ਕਰਦੇ ਹਾਂ। ਅਸੀਂ ਮਨੁੱਖ ਦੇ ਸੁਆਰਥੀ ਹੋਣ ਬਾਰੇ ਗੱਲਾਂ ਕਰ ਰਹੇ ਸਾਂ। ਉਸ ਨੇ ਦੱਸਿਆ, “ਜਦੋਂ ਕੋਈ ਬੰਦਾ ਬੱਚਾ ਹੁੰਦਾ ਆ ਤਾਂ ਸਾਰੇ ਉਸ ਨੂੰ ਪਿਆਰ ਕਰਦੇ ਨੇ। ਘਰਦਿਆਂ ਨੇ ਤਾਂ ਕਰਨਾ ਹੁੰਦਾ ਆ, ਆਂਢ-ਗੁਆਂਢ ਤੇ ਰਿਸ਼ਤੇਦਾਰ ਵੀ ਕਰਦੇ ਨੇ। ਸਮੱਸਿਆ ਉਦੋਂ ਖੜ੍ਹਦੀ ਆ ਜਦੋਂ ਉਹੀ ਬੱਚਾ ਵੱਡਾ ਹੋ ਕੇ ਧਿਰ ਬਣਦਾ ਆ। ਜਦੋਂ ਧਿਰ ਬਣੇਗੀ ਤਾਂ ਸੁਆਰਥ ਆਉਣਾ ਹੀ ਆਉਣਾ ਆ।” ਮੈਂ ਉਸ ਦੀ ਇਸ ਗੱਲ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਉਸ ਨੂੰ ਕਿਹਾ, “ਜੈਨ ਸਾਹਿਬ ਅੱਜ ਵਾਲੀ ਗੱਲ ਨੂੰ ਹੁਣ ਖਤਮ ਕਰਦੇ ਆਂ। ਮੈਂ ਇਸ ਗੱਲ ਨੂੰ ਆਪ ਇਕੱਲਾ ਬੈਠ ਕੇ ਸਮਝਣਾ ਚਾਹੁੰਣਾਂ। ਤੁਸੀਂ ਬਹੁਤ ਵੱਡੀ ਗੱਲ ਸਮਝਾਈ ਆ।”

**? ਕੀ ਤੁਹਾਡੇ ਤੋਂ ਪਹਿਲੇ ਕਹਾਣੀਕਾਰ ‘ਮਨੋਵਿਗਿਆਨਕ’ ਕਹਾਣੀ ਨਹੀਂ ਸੀ ਲਿਖਦੇ? ਬਹੁਤ ਲਿਖਦੇ ਹਨ। ਸਮਕਾਲੀ ਵੀ ਲਿਖਦੇ ਹਨ।**

—ਲਿਖਦੇ ਸਨ, ਕਰਤਾਰ ਸਿੰਘ ਦੁੱਗਲ ਨੇ ਵੀ ਲਿਖੀਆਂ। ਹੋਰਾਂ ਨੇ ਵੀ ਲਿਖੀਆਂ। ਹੁਣ ਵੀ ਲਿਖਦੇ ਨੇ। ਮਗਰੋਂ ਵੀ ਲਿਖਣਗੇ। ਇਹ ਸਿਲਸਿਲਾ ਨਿਰੰਤਰ ਚੱਲਦਾ ਰਹਿੰਦਾ ਹੈ। ਮੈਂ ਵਰਜੀਆ ਵੂਲਫ ਦਾ ਨਾਵਲ ‘ਟੂ ਦੀ ਲਾਈਟ ਹਾਊਸ’ ਪੜ੍ਹਿਆ ਸੀ। ਪੜ੍ਹਨਾ ਤਾਂ ਜੇਮਸ ਜੁਆਇਸ ਦਾ ‘ਯੂਲੀਸਿਸ’ ਵੀ ਚਾਹੁੰਦਾ ਸਾਂ। ਇਹ ਵੱਡਆਕਾਰੀ ਨਾਵਲ ਹੈ। ਥੋੜ੍ਹਾ ਕੁ ਟੱਫ ਵੀ ਹੈ। ਪਰ ਹੈ ਕਲਾਸਿਕ ਨਾਵਲ। ਪਹਿਲਿਆਂ ਨਾਲੋਂ ਮੇਰੀ ਕਹਾਣੀ ਵਿੱਚ ਇਹ ਅੰਤਰ ਹੈ ਕਿ ਮੈਂ ਬਹੁ-ਪਰਤੀ ਕਹਾਣੀਆਂ ਲਿਖੀਆਂ ਨੇ। ਤਲਵਿੰਦਰ ਨੇ ਵੀ ਮਨੋਵਿਗਿਆਨਕ ਕਹਾਣੀ ਲਿਖੀ ਹੈ। ਸੁਖਜੀਤ ਦੀ ‘ਅੰਤਰਾ’ ਹੈ। ਬੰਦੇ ਨੂੰ ਸਰੀਰਕ ਪੱਖੋਂ ਨਹੀਂ, ਮਾਨਸਿਕ ਪੱਖੋਂ ਸਮਝਣ ਦੀ ਲੋੜ ਹੁੰਦੀ ਹੈ। ਮੈਂ ਬੰਦੇ ਅੰਦਰਲੀ ਟੁੱਟ-ਭੱਜ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹਾਂ। ਇਸੇ ਵਹਾਅ ਵਿੱਚ ‘ਪਾਪ’, ‘ਜਿੱਤ’, ‘ਦਰਦ’, ‘ਨਹੀਂ, ਮੈਂ ਨਹੀਂ’, ‘ਆਤਮ-ਹੱਤਿਆ’, ‘ਹੁਣ ਤੱਕ’ ਤੇ ਹੋਰ ਕਹਾਣੀਆਂ ਲਿਖੀਆਂ

ਗਈਆਂ। ਕੁਦਰਤ ਨੇ ਔਰਤ ਤੇ ਮਰਦ ਬਣਾਏ। ਇਨ੍ਹਾਂ ਬਾਰੇ ਕਰੋੜਾਂ ਕਹਾਣੀਆਂ ਲਿਖੀਆਂ ਗਈਆਂ। ਦੇਖਣ ਵਾਲੀ ਗੱਲ ਤਾਂ ਇਹ ਹੁੰਦੀ ਹੈ ਕਿ ਨਵਾਂ ਕੀ ਹੈ। ਜਿੰਦਰ ਕਿੱਥੇ ਖੜ੍ਹਦਾ ਹੈ।

**? ਜਦੋਂ ਮੈਂ ਕਹਾਣੀ 'ਮੇਰਾ ਕੋਈ ਕਸੂਰ ਨਹੀਂ' ਪੜ੍ਹਨੀ ਸ਼ੁਰੂ ਕੀਤੀ...ਸ਼ੁਰੂ ਵਿੱਚ ਇੱਕ ਵਾਕ ਆਉਂਦਾ ਏ, 'ਕੈਨੇਡਾ, ਅਮਰੀਕਾ ਤੇ ਹੋਰ ਯੂਰਪੀਨ ਦੇਸ਼ਾਂ ਵੱਲ ਮੁੰਡੇ ਕੁੜੀਆਂ ਦੀ ਲੱਗੀ ਅੰਨ੍ਹੀ ਦੌੜ' ਪੜ੍ਹਿਆ ਤਾਂ ਮੈਨੂੰ ਲੱਗਾ ਜਿੰਦਰ ਕਹਾਣੀ ਦੇ ਬਿਰਤਾਂਤ ਵਿੱਚ ਆਪ ਬੋਲਣ ਲੱਗ ਪਿਆ ਹੈ। ਮੈਨੂੰ ਇਸ ਤਰ੍ਹਾਂ ਉਨ੍ਹਾਂ ਕਹਾਣੀਆਂ ਵਿੱਚ ਵੀ ਲੱਗਾ ਜਿਹੜੀਆਂ ਔਰਤ ਪਾਤਰ ਦੇ ਮੂੰਹੋਂ ਕਹਾਣੀ ਕਹਾਉਂਦੇ ਹੋ? ਇਹਦੇ ਕੀ ਕਾਰਨ ਨੇ।**

—ਨਹੀਂ, ਇਹ ਗੱਲ ਨਹੀਂ। ਇਸ ਕਹਾਣੀ ਦੀ ਪਿੱਠਭੂਮੀ ਦੇਖ। ਜਦੋਂ ਕੋਈ ਕਹਾਣੀਕਾਰ ਕਿਸੇ ਖਾਸ ਵਿਸ਼ੇ ਜਾਂ ਅਜੋਕੀ ਸਮੱਸਿਆ ਨੂੰ ਲੈ ਕੇ ਕਹਾਣੀ ਲਿਖਦਾ ਹੈ ਤਾਂ ਉਸ ਨੂੰ ਆਪਣੇ ਸਮੇਂ ਦੀਆਂ ਘਟਨਾਵਾਂ ਨੂੰ ਸਾਹਮਣੇ ਰੱਖਣਾ ਪੈਂਦਾ ਹੈ। ਉਦੈ ਪ੍ਰਕਾਸ਼, ਅਖਿਲੇਸ਼, ਸ਼ਿਵਮੂਰਤੀ ਨੂੰ ਪੜ੍ਹ। ਫੇਰ ਤੈਨੂੰ ਮੇਰੀ ਕਹਾਣੀ ਸਮਝ ਆਵੇਗੀ। ਸਮਝ ਮਤਲਬ ਤੂੰ ਸਮਝੇਂਗਾ ਕਿ ਕਹਾਣੀ ਵਿੱਚ ਇਹ ਵੇਰਵਾ ਕਿਉਂ ਆਇਆ ਹੈ। ਮੈਂ ਤੈਨੂੰ ਇੱਕ ਵਾਰ ਦੱਸਿਆ ਸੀ ਕਿ 'ਸ਼ਰਤ' ਕਹਾਣੀ ਲਈ ਮੈਨੂੰ ਦੋ ਸਤਰਾਂ ਚਾਹੀਦੀਆਂ ਸਨ। ਮੈਂ 'ਕੁਰਾਨ ਸ਼ਰੀਫ਼' ਪੜ੍ਹਿਆ ਸੀ। ਮੈਂ ਤੈਨੂੰ ਪੇਰੂਮਲ ਮੁਰੂਗਨ ਦਾ ਨਾਵਲ 'ਨਰ ਨਾਰੀਸ਼ਵਰ' ਪੜ੍ਹਣ ਨੂੰ ਦੇਵਾਂਗਾ। ਇਸੇ ਦਾ ਇੱਕ ਹੋਰ ਨਾਵਲ 'ਪੂਨਾਚੀ' ਹੈ। ਉਸ ਨੇ ਇੱਕ ਔਰਤ ਦੇ ਦੁਖਾਂਤ ਨੂੰ ਪੂਨਾਚੀ ਬੱਕਰੀ ਰਾਹੀਂ ਦਰਸਾਇਆ ਹੈ। ਤੂੰ 'ਕਾਈਟ ਰਨਰ' ਪੜ੍ਹਿਆ ਸੀ ਨਾ ਮੇਰੇ ਕੋਲੋਂ ਲੈ ਕੇ। ਇਸ ਬਾਰੇ ਵਿਹਲਾ ਬੈਠ ਕੇ ਸੋਚੀਂ। 'ਜ਼ਖ਼ਮ' ਕਹਾਣੀ ਵਿੱਚ ਤਿੰਨ ਪਾਤਰ 1947 ਦੀਆਂ ਘਟਨਾਵਾਂ ਬਾਰੇ ਤੱਥਾਂ ਸਮੇਤ ਗੱਲਾਂ ਕਰਦੇ ਨੇ। ਬੋਲਣ ਦੀ ਬੀਮਾਰੀ ਕਾਮਰੇਡ ਕਹਾਣੀਕਾਰ ਨੂੰ ਚੁੰਬੜੀ ਰਹੀ ਸੀ ਕਿੰਨੇ ਸਾਲ। ਮੈਂ ਉਨ੍ਹਾਂ ਵਿੱਚੋਂ ਨਹੀਂ ਹਾਂ।

**? 'ਮੇਰਾ ਕੋਈ ਕਸੂਰ ਨਹੀਂ' ਕਹਾਣੀ ਪੜ੍ਹਦਿਆਂ ਇਹ ਵੀ ਲੱਗਾ ਕਿ ਤੁਸੀਂ ਇੱਕ ਕਹਾਣੀ ਵਿੱਚ ਬਹੁਤ ਸਾਰੀਆਂ ਕਹਾਣੀਆਂ ਪਾ ਦਿੱਤੀਆਂ ਨੇ। ਜਿਵੇਂ ਤੁਸੀਂ ਪਰਵਾਸ ਤੇ ਸਟੂਡੈਂਟ ਨਾਲ ਸੰਬੰਧਿਤ ਨਿੱਕੀਆਂ-ਨਿੱਕੀਆਂ ਵੱਖ-ਵੱਖ ਘਟਨਾਵਾਂ ਲਿਖਦੇ ਹੋ। ਮੈਨੂੰ ਲੱਗਾ ਕਿ ਤੁਹਾਡੇ ਕੋਲ ਸਟੂਡੈਂਟਾਂ ਨਾਲ ਸੰਬੰਧਿਤ ਬਹੁਤ ਸਾਰੀਆਂ ਗੱਲਾਂ ਹਨ, ਉਹ ਤੁਸੀਂ ਪਾਠਕਾਂ ਨੂੰ ਦੱਸਣਾ ਚਾਹੁੰਦੇ ਹੋ। ਤੁਹਾਨੂੰ ਕਿਵੇਂ ਲੱਗਦਾ ਹੈ।**

—ਸਾਡੇ ਪਰਿਵਾਰ ਦੇ 10-15 ਬੱਚੇ ਕੈਨੇਡਾ ਵਿੱਚ ਪੜ੍ਹਣ ਲਈ ਗਏ ਨੇ। ਮੇਰਾ ਆਪਣਾ ਵੱਡਾ ਬੇਟਾ ਸ਼ਿਵ ਆਸਟ੍ਰੇਲੀਆ ਦਾ ਨਾਗਰਿਕ ਹੈ। ਘਰ ਵਿੱਚ ਦੋ-ਤਿੰਨ ਘੰਟੇ ਬਾਹਰਲਿਆਂ ਬਾਰੇ ਗੱਲਾਂ ਚੱਲਦੀਆਂ ਰਹਿੰਦੀਆਂ ਨੇ। ਮੇਰੇ ਮਿਸਿਜ਼ ਦੀ ਵੱਡੀ ਭੈਣ ਦੇ ਤਿੰਨੇ ਮੁੰਡੇ ਬਰੈਂਪਟਨ ਰਹਿੰਦੇ ਨੇ। ਉਨ੍ਹਾਂ ਦੀ ਇੱਕ ਹੋਰ ਭੈਣ ਦੀ ਪੋਤੀ ਨਿਊਜ਼ੀਲੈਂਡ ਵਿੱਚ ਪੜ੍ਹਣ ਗਈ ਹੈ। ਫੇਰ ਮੈਂ ਰੈੱਡ ਐਫ.ਐਮ. 'ਤੇ ਸ਼ਮੀਲ ਦੇ ਪ੍ਰੋਗਰਾਮ ਸੁਣਦਾ ਹਾਂ। 'ਪੰਜਾਬੀ ਟ੍ਰਿਬਿਊਨ' ਵਿੱਚ ਕਦੇ-ਕਦੇ ਚਰਨਜੀਤ ਭੁੱਲਰ ਦੇ ਲੇਖ ਪੜ੍ਹਦਾ ਹਾਂ। ਬਰੈਂਪਟਨ ਵਿੱਚ ਰਹਿੰਦੇ ਮੇਰੇ ਪਿੰਡ ਦੇ ਦਵਿੰਦਰ ਸਿੰਘ ਤੇ ਕਹਾਣੀਕਾਰ ਮਿੱਤਰ ਅਜਾਇਬ ਟੱਲੇਵਾਲੀਏ ਨਾਲ ਇਨ੍ਹਾਂ ਬੱਚਿਆਂ ਨੂੰ ਆਉਂਦੀਆਂ ਮੁਸ਼ਕਿਲਾਂ ਬਾਰੇ ਵਿਚਾਰ-ਵਟਾਂਦਰਾ ਚੱਲਦਾ ਰਹਿੰਦਾ ਹੈ। ਇਹ ਕਿਸੇ ਨਾ ਕਿਸੇ ਰੂਪ ਵਿੱਚ 'ਮੇਰਾ ਕੋਈ ਕਸੂਰ ਨਹੀਂ' ਵਿੱਚ ਆਇਆ ਹੈ। ਮੈਂ ਆਪਣੇ ਪਿੰਡ ਦੇ ਜੀਤ ਸਿੰਘ ਨੂੰ ਇੰਗਲੈਂਡ ਦੇ ਸ਼ਹਿਰ ਬਰਮਿੰਘਮ ਵਿੱਚ ਮਿਲਿਆ ਸਾਂ। ਮੈਂ ਇੰਗਲੈਂਡ ਵਿੱਚ ਗੈਰ-ਕਾਨੂੰਨੀ ਰਹਿੰਦੇ ਬੇਘਰੇ ਮੁੰਡਿਆਂ ਨੂੰ ਦੇਖਿਆ ਸੀ। ਢਾਹਾਂ ਸਾਹਿਤ ਇਨਾਮ ਲਈ ਮੈਂ 13 ਨਵੰਬਰ ਨੂੰ ਸਰੀ ਦੀ ਲਾਇਬ੍ਰੇਰੀ ਵਿੱਚ ਰੱਖੇ ਪ੍ਰੋਗਰਾਮ ਨੂੰ ਸ਼ੁਰੂ ਹੋਣ

ਤੋਂ ਪਹਿਲਾਂ ਦੋ ਮੁੰਡਿਆਂ ਤੇ ਇੱਕ ਕੁੜੀ ਨਾਲ ਉਨ੍ਹਾਂ ਦੀ ਪੜ੍ਹਾਈ ਤੇ ਕੰਮ ਸੰਬੰਧੀ ਦਰਪੇਸ਼ ਆਉਂਦੀਆਂ ਸਮੱਸਿਆਵਾਂ ਬਾਰੇ ਇੱਕ ਘੰਟਾਂ ਗੱਲਾਂ ਕੀਤੀਆਂ ਸਨ। ਮੈਂ ਕਿਤੇ ਵੀ ਜਾਵਾਂ, ਮੈਂ ਵਧੇਰੇ ਨੌਜਵਾਨ ਮੁੰਡਿਆਂ-ਕੁੜੀਆਂ ਨੂੰ ਮਿਲਦਾ ਹਾਂ।

**? 'ਮੇਰਾ ਕੋਈ ਕਸੂਰ ਨਹੀਂ' ਕਹਾਣੀ ਵਿੱਚ ਤੁਸੀਂ ਮੇਰੀ ਸਮਝ ਅਨੁਸਾਰ ਇਹ ਮਸਲਾ ਉਭਾਰਦੇ ਹੋ ਕਿ ਪੰਜਾਬ ਤੋਂ ਜਿਹੜੀਆਂ ਕੁੜੀਆਂ ਕੈਨੇਡਾ ਪੜ੍ਹਨ ਜਾਂਦੀਆਂ ਹਨ, ਉਹ ਪੈਸੇ ਦੀ ਪ੍ਰਾਪਤੀ ਲਈ ਆਪਣੀ ਦੇਹ ਵੇਚਣ ਤੱਕ ਚਲੇ ਜਾਂਦੀਆਂ ਹਨ। ਕਹਾਣੀ ਦੇ ਬਿਰਤਾਂਤ ਤੋਂ ਲੱਗਦਾ ਏ ਕਿ ਇਹ ਵਰਤਾਰਾ ਭਰਵੇਂ ਰੂਪ ਵਿੱਚ ਉੱਥੇ ਫੈਲ ਗਿਆ ਹੈ। ਮੈਂ ਪੰਜ ਵਾਰ ਉੱਥੇ ਜਾ ਕੇ ਵੇਖਿਆ ਤੇ ਸਮਝਿਆ ਕਿ ਇਹ ਵਰਤਾਰਾ ਉੱਥੇ ਨਹੀਂ। ਇਹ ਮੀਡੀਏ ਦਾ ਫੈਲਾਇਆ ਭਰਮਜਾਲ ਏ। ਮੈਨੂੰ ਲੱਗਦਾ ਏ ਤੁਸੀਂ ਸੋਸ਼ਲ ਮੀਡੀਏ ਵੱਲੋਂ ਫੈਲਾਏ ਜਾਲ ਵਿੱਚ ਫਸ ਕੇ ਕਹਾਣੀ ਦਾ ਬਿਰਤਾਂਤ ਇਸ ਕਿਸਮ ਦਾ ਘੜ ਲਿਆ ਹੈ। ਤੁਸੀਂ ਇਸ ਮਸਲੇ 'ਤੇ ਕੀ ਕਹਿਣਾ ਚਾਹੁੰਦੇ ਹੋ।**

—ਮੈਂ ਇੱਕ ਕੁੜੀ ਲਵਜੀਤ ਦੀ ਗੱਲ ਕੀਤੀ ਹੈ। ਲਵਜੀਤ ਇਸ ਦੇ ਲਈ ਆਪਣੇ ਪਿਉ ਨੂੰ ਕਸੂਰਵਾਰ ਮੰਨਦੀ ਹੈ। ਕੁੱਝ ਕੁ ਆਪਣੇ ਭਰਾ ਨੂੰ। ਮੈਂ 22 ਨਵੰਬਰ ਨੂੰ ਕਹਾਣੀਕਾਰ ਮੇਜਰ ਮਾਂਗਟ ਦੇ ਨਾਲ ਸਾਂ। ਉਸ ਨੇ ਦੱਸਿਆ ਕਿ ਜਿੱਥੇ ਉਹ ਰਹਿੰਦਾ ਹੈ, ਉੱਥੇ ਰਹਿੰਦੀ ਹਰ ਦਸਵੀਂ ਕੁੜੀ ਗੁੰਮਰਾਹ ਹੋਈ ਪਈ ਹੈ। ਮੇਜਰ ਮਾਂਗਟ ਨੂੰ ਉੱਥੇ ਰਹਿੰਦਿਆਂ ਤਿੰਨ ਦਹਾਕੇ ਹੋ ਗਏ ਨੇ। ਤੂੰ ਨਹੀਂ ਦੇਖਿਆ, ਪਰ ਮੈਂ ਦੇਖਿਆ, ਜਾਣਿਆ ਹੈ। ਤੁਸੀਂ ਕਿਸ ਨੂੰ ਸੱਚ ਮੰਨਦੇ ਹੋ? ਮੈਂ ਮੀਡੀਏ ਨਹੀਂ, ਅਜਾਇਬ ਟੱਲੇਵਾਲੀਏ, ਦਵਿੰਦਰ ਸਿੰਘ, ਬਲਬੀਰ ਕੌਰ ਸੰਘੇੜਾ ਤੇ ਹੋਰ ਅਨੇਕਾਂ ਦੋਸਤਾਂ ਤੋਂ ਇਸ ਬਾਰੇ ਜਾਣਕਾਰੀ ਲਈ ਸੀ। ਜਿੱਦਾਂ ਕਹਿੰਦੇ ਹੁੰਦੇ ਨੇ ਕਿ ਚੌਲਾਂ ਦਾ ਇੱਕ ਦਾਣਾ ਲੈ ਕੇ ਹੀ ਪਤਾ ਲੱਗ ਜਾਂਦਾ ਹੈ, ਉੱਦਾਂ ਹੀ ਇੱਕ ਅੱਧ ਘਟਨਾ ਤੋਂ ਉਸ ਦੌਰ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਮੈਨੂੰ ਹਰਮਹਿੰਦਰ ਚਹਿਲ ਨੇ ਬੇਅੰਤ ਜੱਗ ਬੀਤੀਆਂ ਸੁਣਾਈਆਂ ਨੇ।

ਤੂੰ ਨਿੱਜ ਤੋਂ ਬਾਹਰ ਨਿਕਲ ਕੇ ਇਸ ਬਾਰੇ ਦੇਖ। ਸਮਝ। ਤੂੰ ਪੰਜ ਵਾਰ ਗਿਆ ਹੈ। ਉੱਨਾ ਘੁੰਮਿਆ ਨਹੀਂ। ਮੈਂ ਦੋ ਵਾਰ ਗਿਆ ਹਾਂ। ਕਦੇ ਕੰਮ ਨਹੀਂ ਕੀਤਾ। ਇੰਗਲੈਂਡ, ਕੈਨੇਡਾ, ਅਮਰੀਕਾ, ਆਸਟ੍ਰੇਲੀਆ ਵਿੱਚ ਸਿਰਫ਼ ਤੇ ਸਿਰਫ਼ ਘੁੰਮਿਆ ਹਾਂ। ਪਾਕਿਸਤਾਨ ਵਿੱਚ ਵੀ। ਮੇਰੇ ਤੇ ਤੇਰੇ ਦੇਖਣ ਵਿੱਚ ਅੰਤਰ ਹੈ। ਪੜ੍ਹਾਈ ਦਾ ਮਿਆਰ ਹੈ। ਆਪਣਾ ਸਰਕਲ ਹੈ। ਉਮਰ ਦਾ ਤਕਾਜਾ ਹੈ। ਪੈਣੀ ਨਜ਼ਰ ਦਾ ਦੇਖਣਾ ਪੈਂਦਾ ਹੈ।

**? ਸਟੂਡੈਂਟ ਵਿਦਿਆਰਥਣਾਂ ਦਾ ਇਸ ਪਾਸੇ ਆਉਣ ਦਾ ਵਰਤਾਰਾ ਤਾਂ ਏਥੇ ਪੰਜਾਬ ਵਿੱਚ ਵੀ ਹੈ। ਤੁਸੀਂ ਜਲੰਧਰ ਦੇ ਹੋਟਲਾਂ ਦੇ ਮੈਨੇਜਰਾਂ ਨੂੰ ਜਾ ਕੇ ਪੁੱਛੋ ਤਾਂ ਤੁਹਾਨੂੰ ਅੰਕੜੇ ਮਿਲ ਜਾਣਗੇ। ਤੁਸੀਂ ਇੱਥੋਂ ਦੇ ਵਿਦਿਆਰਥਣਾਂ ਦੇ ਇਸ ਕਿਸਮ ਦੇ ਵਰਤਾਰੇ ਨੂੰ ਛੱਡ ਕੇ ਕੈਨੇਡਾ ਕਿਉਂ ਚਲੇ ਗਏ। ਤੁਹਾਨੂੰ ਇੱਥੋਂ ਦਾ ਅਨੁਭਵ ਤਾਂ ਵੱਧ ਹੋਣਾ ਚਾਹੀਦਾ ਸੀ। ਕਹਾਣੀਕਾਰ ਤਿੰਨ ਤਰ੍ਹਾਂ ਅਨੁਭਵ ਪ੍ਰਾਪਤ ਕਰਦਾ ਹੈ, ਇੱਕ ਹੱਡੀਂ ਹੰਢਾ ਕੇ, ਦੂਜਾ ਬਹੁਤ ਨੇੜੇ ਤੋਂ ਵੇਖ ਕੇ, ਤੀਜਾ ਕਿਸੇ ਤੀਜੇ ਦੇ ਮੂੰਹੋਂ ਸੁਣ ਕੇ ਜਾਂ ਕਹਿ ਲਓ ਸੋਸ਼ਲ ਮੀਡੀਏ ਰਾਹੀਂ ਵੇਖ ਸੁਣ ਕੇ। ਮੇਰੀ ਧਾਰਨਾ ਹੈ ਕਿ ਲੇਖਕ ਕੋਲ ਚੰਗੀ ਕਹਾਣੀ ਲਿਖਣ ਲਈ ਫਸਟ ਹੈਂਡ ਅਨੁਭਵ ਹੋਣਾ ਜ਼ਰੂਰੀ ਹੈ। ਦੂਰ ਦੇ ਅਨੁਭਵ ਨਾਲ ਕਹਾਣੀਕਾਰ ਕਈ ਤਰ੍ਹਾਂ ਦੀਆਂ ਭ੍ਰਾਂਤੀਆਂ ਦਾ ਸ਼ਿਕਾਰ ਹੋ ਜਾਂਦਾ ਹੈ।**

—ਕਹਾਣੀਕਾਰ ਸਾਹਿਬ, ਤੇਰੇ ਇਸ ਸੁਆਲ ਦਾ ਜੁਆਬ ਵੀ ਪਿਛਲੇ ਜੁਆਬਾਂ ਵਿੱਚ ਆ ਗਿਆ। ਮੈਂ ਤੇਰੀ ਇਸ ਗੱਲ ਨਾਲ ਕਦੇ ਵੀ ਸਹਿਮਤ ਨਹੀਂ ਹੋਵਾਂਗਾ ਕਿ ਫਸਟਹੈਂਡ ਅਨੁਭਵ

ਹੋਣਾ ਜ਼ਰੂਰੀ ਹੈ। ਜੇ ਮੰਨ ਲਿਆ ਜਾਵੇ ਤਾਂ ਵਿਲੀਅਮ ਸੇਕਸ਼ਪੀਅਰ ਨੇ ਜਦੋਂ 'ਜੂਲੀਅਸ ਸੀਜ਼ਰ' ਨਾਟਕ ਲਿਖਿਆ ਜਾਂ ਜੀ.ਬੀ. ਸ਼ਾਹ ਨੇ 'ਸੇਂਟ ਜੌਨ' ਜਾਂ ਆਪਣੇ ਬਲਬੀਰ ਪਰਵਾਨਾ ਸਾਹਿਬ ਨੇ 1947 ਬਾਰੇ ਜਾਂ ਡਾ. ਮਨਮੋਹਨ ਨੇ ਰਾਜਾ ਭਰਥਰੀ ਬਾਰੇ ਨਾਵਲ 'ਸਹਿਜ ਗੁਫਾ ਮਹਿ ਆਸਣੁ' ਲਿਖਿਆ, ਮਨਮੋਹਨ ਕਿਹੜਾ ਰਾਜੇ ਭਰਥਰੀ ਨੂੰ ਮਿਲਿਆ ਸੀ। ਜਦੋਂ ਸੁਖਜੀਤ ਨੇ 'ਬਰਫ਼' ਕਹਾਣੀ ਲਿਖੀ, ਕੀ ਉਸ ਕੋਲ ਇਸ ਦਾ ਫਸਟ ਹੈਂਡ ਅਨੁਭਵ ਸੀ। ਸ਼ਿਵ ਕੁਮਾਰ ਬਟਾਲਵੀ ਨੇ 'ਲੂਣਾ' ਮਹਾਂਕਾਵਿ ਲਿਖਿਆ। ਹੁਣ ਦੱਸ ਸ਼ਿਵ ਲੂਣਾ ਨੂੰ ਕਦੇ ਮਿਲਿਆ ਸੀ। ਬਾਨੋ ਕੁਦਸੀਆ ਦੇ ਨਾਵਲ 'ਰਾਜਾ ਗਿੱਧ' ਵਿੱਚ ਗਿੱਧਾਂ ਤੋਂ ਇਲਾਵਾ ਕਈ ਜਾਨਵਰ ਗੱਲਾਂ ਕਰਦੇ ਨੇ। ਇੰਤਜ਼ਾਰ ਹੁਸੈਨ ਦੀ ਬਹੁਤ ਮਸ਼ਹੂਰ ਕਹਾਣੀ 'ਨਰ ਨਾਰੀ' ਨੂੰ ਕਿੱਥੇ ਰੱਖੇਂਗਾ। ਟਾਲਸਟਾਏ ਨੇ 'ਅੰਨਾ ਕਰੇਨਿਨਾ' ਨਾਵਲ ਇੱਕ ਸੱਚੀ ਕਹਾਣੀ ਨੂੰ ਲੈ ਕੇ ਲਿਖਿਆ। ਪੰਜ-ਦਸ ਸਤਰਾਂ ਦੀ ਕਹਾਣੀ ਨੂੰ ਬਹੁ-ਆਕਾਰੀ ਨਾਵਲ ਵਿੱਚ ਢਾਲਿਆ। ਜੌਹਨ ਮਿਲਟਨ ਨੇ 'ਦੀ ਪੈਰਾਡਾਈਸ ਲੌਸਟ' ਲਿਖਣ ਤੋਂ ਪਹਿਲਾਂ ਐਡਮ, ਈਵ ਤੇ ਸੇਟਨ ਨੂੰ ਦੇਖਿਆ ਸੀ? 'ਮੁਰਦਾ-ਘਰ' ਨਾਵਲ ਲਿਖਣ ਤੋਂ ਪਹਿਲਾਂ ਜਗਦੰਬਾ ਪ੍ਰਸ਼ਾਦ ਦੀਕਸ਼ਿਤ ਕਿਹੜਾ ਝੁਗੀਆਂ ਵਿੱਚ ਧੰਦਾ ਕਰਦੀਆਂ ਔਰਤਾਂ ਕੋਲ ਗਿਆ ਸੀ ਜਾਂ ਗੁਰਮੁਖ ਸਿੰਘ ਸਹਿਗਲ ਆਪਣੇ ਨਾਵਲ 'ਦਰਦ ਵਿਛੋੜੇ ਦਾ ਹਾਲ' ਲਿਖਣ ਤੋਂ ਪਹਿਲਾਂ ਪੇਸ਼ਾਵਰ ਦੇ ਲੋਕਾਂ ਨੂੰ ਇੰਨੇ ਨੇੜਿਉਂ ਮਿਲਿਆ ਸੀ? ਚੱਲ ਛੱਡ ਇਹ ਲਿਸਟ ਬਹੁਤ ਲੰਮੀ ਹੋ ਜਾਣੀ ਹੈ। ਜੇ ਮੈਂ ਤੇਰੀ ਗੱਲ ਨਾਲ ਸਹਿਮਤ ਹੋ ਵੀ ਜਾਵਾਂ ਤਾਂ ਤੂੰ ਆਪ ਦੱਸ ਕਿ ਤੂੰ ਆਪਣੀ ਕਹਾਣੀ 'ਡਲਿਵਰੀ ਮੈਨ' ਨੂੰ ਕਿੱਥੇ ਰੱਖੇਂਗਾ।

**? ਤੁਸੀਂ ਆਪਣੇ 'ਮਾਮਾ ਗੋਲੂ' ਬਾਰੇ ਕਿਤੇ ਜ਼ਿਕਰ ਕੀਤਾ ਹੈ। ਤੁਸੀਂ ਇਸ ਮਾਮੇ ਵਿੱਚ ਅਨੇਕਾਂ ਕਹਾਣੀਆਂ ਦੇ ਪਾਤਰ ਸਿਰਜ ਦਿੱਤੇ ਨੇ। ਮੈਨੂੰ ਤੁਹਾਡੀਆਂ ਕਹਾਣੀਆਂ ਚੇਤੇ ਆਉਂਦੀਆਂ ਹਨ। 'ਮਾਂ ਨੇ ਨਹੀਂ ਰੋਕਿਆ ਤੇ 'ਜ਼ਹਿਰ', 'ਕਤਲ' ਕਹਾਣੀ ਵਿੱਚ ਉਹ ਪਾਤਰ ਦਾ ਕੋਈ ਰੂਪ ਆ ਜਾਂਦਾ ਹੈ। ਆਖ਼ਰ ਉਹਦੇ ਵਿੱਚ ਕਿਹੜੀ ਖੂਬੀ ਸੀ ਜਿਸ ਵਿੱਚੋਂ ਤੁਸੀਂ ਐਨੇ ਪਾਤਰ ਕੱਢ ਲਏ।**

—ਮਾਮਾ ਗੋਲੂ ਕਮਾਲ ਦਾ ਸਾਡਾ ਬਾਬਾ ਸੀ। ਉਹ ਮੇਰੇ ਪਿਤਾ ਜੀ ਦਾ ਮਾਮਾ ਸੀ। ਬੜਾ ਦਲੇਰ, ਅੜਬ ਬੰਦਾ ਸੀ। ਜਿੱਥੇ ਅੜ ਗਿਆ-ਫੇਰ ਲਿਫਦਾ ਨਹੀਂ ਸੀ। ਉਸ ਦਾ ਡੀਲ-ਡੌਲ ਦੇਖ ਕੇ ਮੈਂ ਅੰਦਾਜ਼ਾ ਲਾਉਂਦਾ ਸਾਂ ਕਿ ਉਹ ਜੁਆਨੀ ਵਿੱਚ ਕਿੰਨਾ ਸੋਹਣਾ ਹੋਵੇਗਾ। ਐਦਾਂ ਦੇ ਬੰਦੇ ਕਦੇ-ਕਦੇ ਮਿਲਦੇ ਨੇ। ਪਿੰਡ ਦੀ ਸ਼ਾਨ ਹੁੰਦੇ ਨੇ। ਮੈਂ ਉਸ ਦੇ ਬੁਢਾਪੇ ਨੂੰ ਹੀ ਦੇਖਿਆ ਸੀ। ਉਸ ਦੀਆਂ ਕਹਾਣੀਆਂ ਪਰਿਵਾਰ ਕੋਲੋਂ ਸੁਣੀਆਂ ਸਨ। ਉਹ ਮੇਰੇ ਅਚੇਤ ਮਨ ਦੀਆਂ ਤਹਿਆਂ ਵਿੱਚ ਖੁੱਭਿਆ ਹੋਇਆ ਹੈ। ਵੱਖ-ਵੱਖ ਰੂਪਾਂ ਵਿੱਚ ਨਿਕਲਦਾ ਰਹਿੰਦਾ ਹੈ। ਫੇਰ ਮੇਰੇ ਆਪਣੇ ਮਾਮਾ ਜੀ, ਵਿਚਕਾਰਲੇ ਤਾਇਆ ਜੀ ਨੇ। ਉਹ ਮੇਰੇ ਆਦਰਸ਼ ਨੇ।

**? ਕਾਮਰੇਡਾਂ ਵਾਲੀ ਕਹਾਣੀ 'ਭਾਅ ਜੀ ਉਰਫ਼ ਕਾਮਰੇਡ' ਮੈਨੂੰ ਲੱਗਦਾ ਹੈ ਕਿ ਤੁਸੀਂ ਉਸ ਵਿੱਚ ਕੋਈ ਨਵੀਂ ਗੱਲ ਨਹੀਂ ਕੀਤੀ। ਰਵਾਇਤੀ ਬਿਰਤਾਂਤ ਹੈ। 'ਨੀਲੀਆਂ ਫਿਲਮਾਂ' ਦਾ ਮਸਲਾ ਹੈ। ਬੀਚ ਦੇ ਵਸਤਰਹੀਣ ਗੋਰੀਆਂ ਨੂੰ ਵੇਖਣ ਨੂੰ ਲੈ ਕੇ ਕਾਮਰੇਡ ਤੇ ਮੈਂ ਪਾਤਰ ਦੀ ਸੋਚ ਵਿੱਚ ਵੱਖਰੇਵਾਂ ਹੈ।**

—ਯਾਰ, ਤੂੰ ਮੈਨੂੰ ਇੰਨਾ ਸਿਆਣਾ ਕਦੋਂ ਦਾ ਸਮਝ ਲਿਆ? ਮੈਂ ਤਾਂ ਪੰਜਾਬੀ ਕਹਾਣੀ ਦਾ ਵਿਦਿਆਰਥੀ ਹਾਂ। ਗ਼ਲਤੀਆਂ ਕਰ ਸਕਦਾ ਹਾਂ। ਮੈਂ ਕਿਹੜਾ ਮਾਸਟਰ ਹਾਂ। ਮੈਨੂੰ ਸੂਫ਼ੀ ਫ਼ਕੀਰ ਅਬਦੁੱਲਾ ਬਿਨ ਮੁਬਾਰਕ ਦਾ ਕਿਹਾ ਯਾਦ ਆ ਗਿਆ, "ਉਹੀ ਵਿਦਵਾਨ ਠੀਕ ਮਾਇਨਿਆਂ 'ਚ ਉੱਤਮ ਵਿਦਵਾਨ ਆ ਜਿਹੜਾ ਇਹ ਸਮਝੇ ਕਿ ਉਸ ਦੇ ਨਗਰ-ਖੇੜੇ 'ਚ ਉਸ ਨਾਲੋਂ ਵੀ

ਵਧੇਰੇ ਗਿਆਨ ਰੱਖਣ ਵਾਲੇ ਰਹਿੰਦੇ ਨੇ। ਪਰ ਜਦੋਂ ਉਹ ਖੁਦ ਨੂੰ ਸਰਵੋਤਮ ਵਿਦਵਾਨ ਸਮਝਣ ਲੱਗ ਪਵੇ ਤਾਂ ਸਮਝ ਲਓ ਕਿ ਉਹ ਜਾਹਿਲਾਂ ਦੀ ਕਤਾਰ 'ਚ ਜਾ ਖੜ੍ਹਾ ਹੋਇਆ ਆ।"

ਸਮਝਿਆ ਮੇਰੀ ਗੱਲ ਨੂੰ?

ਇੱਕ ਵਾਰ ਹੁਸ਼ਿਆਰਪੁਰ ਜਰਨੈਲ ਸਿੰਘ ਦੀ ਕਿਤਾਬ 'ਤੇ ਗੋਸ਼ਟੀ ਵੇਲੇ ਜਸਵੰਤ ਸਿੰਘ ਵਿਰਦੀ ਹੋਰਾਂ ਨੇ ਕਿਹਾ ਸੀ ਕਿ ਜੇ ਕੋਈ ਇਸ ਗੱਲ 'ਤੇ ਤੁਰ ਪਵੇ ਕਿ ਮੈਂ ਕਿਸੇ ਕਹਾਣੀ 'ਤੇ ਗ਼ਲਤੀ ਕੱਢਣੀ ਹੀ ਕੱਢਣੀ ਹੈ ਤਾਂ ਉਹ ਕੋਈ ਨਾ ਕੋਈ ਗ਼ਲਤੀ ਫੜ ਕੇ ਬੈਠ ਜਾਵੇਗਾ। ਤੇਰੀ ਵੀ ਉਹੀ ਗੱਲ ਲੱਗਦੀ ਹੈ। ਇਸ ਕਹਾਣੀ ਦੀ ਮੁੱਖ ਕਹਾਣੀ ਬਾਰੇ ਹਰਜੀਤ ਅਟਵਾਲ ਨੂੰ ਪਤਾ ਹੈ। ਜਦੋਂ ਮੈਂ ਇਹ ਕਹਾਣੀ ਲਿਖਣੀ ਸ਼ੁਰੂ ਕੀਤੀ ਸੀ ਤਾਂ ਮੇਰੀਆਂ ਨਜ਼ਰਾਂ ਸਾਹਮਣੇ 1968 ਦਾ ਨਕੋਦਰ ਦਾ ਆਰੀਆ ਸਕੂਲ ਸੀ ਜਿੱਥੇ ਮੈਂ ਪੜ੍ਹਦਾ ਸਾਂ। ਸਾਨੂੰ ਗੋਹੀਰਾਂ ਦੇ ਇੱਕ ਮਾਸਟਰ ਜੀ ਪੜ੍ਹਾਉਂਦੇ ਸਨ। ਮੈਨੂੰ ਉਨ੍ਹਾਂ ਦਾ ਨਾਂ ਨਹੀਂ ਯਾਦ ਆ ਰਿਹਾ। ਉਹ ਕਿਸੇ ਬੱਚੇ ਦੀ ਗੱਲ੍ਹ 'ਤੇ ਇੱਕ ਹੱਥ ਰੱਖ ਕੇ ਦੂਜੇ ਹੱਥ ਨਾਲ ਹੌਲੀ ਜਿਹੇ ਚਪੇੜ ਮਾਰਦੇ ਸਨ। ਨਵਾਂ ਪਿੰਡ ਸ਼ੌਂਕੀਆਂ ਦਾ ਹਰਜਿੰਦਰ ਸਿੰਘ ਮੇਰਾ ਕਲਾਸ ਫੈਲੋ ਸੀ। ਸਕੂਲ ਦਾ ਸਾਈਕਲ ਸਟੈਂਡ ਸੀ। ਇਹ ਕਾਮਰੇਡ ਬੰਦੇ ਦੇ ਦੋਹਰੇ ਕਿਰਦਾਰ ਦੀ ਕਹਾਣੀ ਹੈ। ਜਦੋਂ ਕਦੇ ਇਹ ਵਲੈਤੀਆ ਆਇਆ ਤੈਨੂੰ ਮਿਲਾ ਦੇਵਾਂਗਾ।

ਮੈਂ ਇੰਗਲੈਂਡ ਦੇ ਸ਼ਹਿਰ ਬ੍ਰਾਇਟਨ ਦੀ ਨਿਊਡ-ਬੀਚ ਦੇਖੀ ਹੈ। ਇੱਕ ਨਹੀਂ-ਕਈ ਵਾਰ। ਸ਼ਾਇਦ ਤੇਰੇ ਕੋਲੋਂ ਕਹਾਣੀ ਦੀ ਸੁਰ ਨਹੀਂ ਫੜ੍ਹੀ ਗਈ। ਗੁਰਬੀਰ ਸਿੰਘ ਬਰਾੜ ਨੇ 'ਸੇਫ਼ਟੀ ਕਿੱਟ' 'ਤੇ ਕਿਤਾਬ ਸੰਪਾਦਤ ਕੀਤੀ ਹੈ 'ਸੇਫ਼ਟੀ ਕਿੱਟ ਚਿੰਤਨ ਤੇ ਚੇਤਨਾ' ਵਿੱਚ ਡਾ. ਮਨੀਸ਼ ਕੁਮਾਰ ਦਾ ਇਸ ਕਹਾਣੀ ਬਾਰੇ ਲੇਖ ਛਪਿਆ ਹੈ। ਉਹ ਪੜ੍ਹ। ਫੇਰ ਤੈਨੂੰ ਕਹਾਣੀ ਦੀ ਰਮਜ਼ ਸਮਝ ਆਵੇਗੀ। ਤੇਰੀ ਤਾਂ ਇਹ ਗੱਲ ਹੈ-ਆਟਾ ਗੁੰਨਦੀ ਹਿਲਦੀ ਕਿਉਂ ਹੈਂ?

**? ਮੈਂ ਤੁਹਾਡੀਆਂ ਬਹੁਤ ਸਾਰੀਆਂ ਕਹਾਣੀਆਂ ਔਰਤਾਂ ਦੇ ਮਸਲਿਆਂ ਬਾਰੇ ਪੜ੍ਹੀਆਂ। ਤੁਸੀਂ ਔਰਤਾਂ ਦੀਆਂ ਬਹੁਤ ਬਰੀਕ ਪਰਤਾਂ ਨੂੰ ਉਨ੍ਹਾਂ ਕਹਾਣੀਆਂ ਵਿੱਚ ਉਭਾਰਿਆ ਹੈ। ਮੈਨੂੰ ਲੱਗਦਾ ਹੈ ਤਕਰੀਬਨ 20 ਕੁ ਕਹਾਣੀਆਂ ਔਰਤਾਂ ਦੇ ਮਸਲਿਆਂ ਬਾਰੇ ਹੋਣਗੀਆਂ। ਮੈਂ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਤੁਹਾਡਾ ਐਨੀਆਂ ਔਰਤਾਂ ਨਾਲ ਵਾਹ ਪੈਂਦਾ ਹੈ ਜਾਂ ਤੁਸੀਂ ਓਹਲਾ ਰੱਖ ਰਹੇ ਹੋ। ਅਸਲ ਗੱਲ ਕੀ ਹੈ।**

—ਫ਼ਰਦ ਫ਼ਕੀਰ ਫੁਰਮਾਉਂਦੇ ਨੇ: ਮੈਂ ਡਰਦਾ ਗੱਲ ਨਾ ਆਖਦਾ ਮਤ ਮਾਰਨ ਉਲ'ਮਾ, ਏਸੇ ਕਾਰਨ ਰੱਖਿਆ, ਫ਼ਰਦਾ ਭੇਤ ਛੁਪਾ।

ਇਹ ਗੱਲਾਂ ਸਾਂਝੀਆਂ ਕਰਨ ਵਾਲੀਆਂ ਨਹੀਂ ਹੁੰਦੀਆਂ। ਦੋ-ਤਿੰਨ ਵਾਰ ਜਸਵਿੰਦਰ ਸੈਣੀ ਨੇ ਵੀ ਪੁੱਛਿਆ ਸੀ, "ਭਾਜੀ ਆਪਣੇ ਇਸ਼ਕਾਂ ਦੀ ਦਾਸਤਾਨ ਤਾਂ ਸੁਣਾਓ।'

ਨਾ ਮੈਂ ਸ਼ਰਾਬ ਪੀਵਾਂ। ਨਾ ਛੇਤੀ ਕਿਤੇ ਸ਼ਰਾਬ ਪੀਣ ਵਾਲਿਆਂ ਦੀ ਢਾਣੀ ਵਿੱਚ ਬੈਠਾਂ। ਨਾ ਮਨ ਦੀਆਂ ਗੰਢਾਂ ਖੋਲ੍ਹਾਂ। ਮੈਂ ਦੇਸ ਰਾਜ ਕਾਲੀ ਵਾਂਗੂੰ ਹਵਾ ਵਿੱਚ ਗੱਲਾਂ ਕਰਨ ਵਾਲਾ ਨਹੀਂ। ਨਾ ਹੀ ਮੈਂ ਫੁਕਰੀਆਂ ਮਾਰਨ ਵਾਲਾ ਹਾਂ। ਕਿਸੇ ਬੰਦੇ ਕੋਲ ਕਿਹੜੀ ਗੱਲ ਕਰਨੀ ਹੈ ਜਾਂ ਸਾਂਝੀ ਕਰਨੀ ਹੈ। ਇਸ ਗੱਲ ਦੀ ਮੈਨੂੰ ਸੋਝੀ ਹੈ। ਮੈਂ ਜਗਜੀਤ ਸਿੰਘ, ਮਹਿੰਦੀ ਹਸਨ ਤੇ ਗੁਲਾਮ ਅਲੀ ਦੀਆਂ ਗਾਈਆਂ ਗ਼ਜ਼ਲਾਂ ਦਾ ਮੁਰੀਦ ਹਾਂ। ਹਾਦਿਕਾ ਕਿਆਨੀ, ਹਿਨਾ ਨਸਉਰੂਲਾ ਦੇ ਸੂਫ਼ੀ ਗਾਉਣ ਦਾ ਪ੍ਰਸ਼ੰਸਕ ਹਾਂ। ਹੱਸਣ ਲਈ ਲਹਿੰਦੇ ਪੰਜਾਬ ਦੀਆਂ ਕਾਮੇਡੀਆਂ ਦੇਖਦਾ ਹਾਂ। ਮੈਂ ਬਹੁਤ ਘੱਟ ਹੱਸਦਾ ਹਾਂ। ਮੈਨੂੰ ਦੁਖਾਂਤ ਫ਼ਿਲਮਾਂ, ਉਦਾਸ ਗੀਤ ਤੇ ਗੰਭੀਰ ਗੱਲਾਂ ਕਰਨ ਵਾਲੇ ਬੰਦੇ ਚੰਗੇ ਲੱਗਦੇ ਨੇ।

ਰਵੀਸ਼ ਕੁਮਾਰ, ਪ੍ਰਸੂਨ ਵਾਜਪਾਈ ਦੀ ਵਾਇਰ ਤੇ ਸ਼ਮੀਲ ਦੇ ਪ੍ਰੋਗਰਾਮ ਨੂੰ ਸੁਣਦਾ ਹਾਂ।

**? ਮੇਰੇ ਮਨ ਵਿੱਚ ਇੱਕ ਸਵਾਲ ਆਉਂਦਾ ਹੈ। ਤੁਸੀਂ ਕਿਤੇ ਲਿਖਿਆ ਕਿ ''ਕਈ ਪਾਤਰ ਮੇਰੀ ਕਲਪਨਾ 'ਚੋਂ ਉਪਜਦੇ ਹਨ। 'ਬਸ ਹੁਣ ਤੂੰ ਸੌਂ ਜਾਈਂ', 'ਹੁਣ ਤੱਕ', 'ਪਾਪ', 'ਮਾਤੇ ਸ੍ਰੀ' ਆਦਿ ਦੇ ਔਰਤ ਪਾਤਰ ਮੇਰੀ ਕਲਪਨਾ 'ਚੋਂ ਨਿਕਲੇ ਹਨ।'' ਇੱਕ ਥਾਂ ਹੋਰ ਲਿਖਿਆ ਕਿ ''ਮੈਂ ਅਜੇ ਤੱਕ ਕੋਈ ਸੰਪੂਰਨ ਔਰਤ ਪਾਤਰ ਨਹੀਂ ਸਿਰਜ ਸਕਿਆ।'' ਕਹਾਣੀ ਵਿੱਚ ਜੋ ਤੁਸੀਂ ਪਾਤਰ ਉਸਾਰਦੇ ਹੋ...ਔਰਤ ਖਾਸ ਕਰਕੇ ਕੀ ਤੁਸੀਂ ਕਲਪਨਾ ਨਾਲ ਉਸਾਰਦੇ ਹੋ। ਜਾਂ ਜੋ ਤੁਸੀਂ ਇਤਿਹਾਸ, ਮਿਥਿਹਾਸ ਜਾਂ ਹੋਰ ਭਾਸ਼ਾਵਾਂ ਦਾ ਸਾਹਿਤ ਪੜ੍ਹਿਆ, ਉਹ ਵੀ ਪਾਤਰ ਉਸਾਰਨ ਲਈ ਸਹਾਈ ਹੁੰਦਾ ਹੈ। ਮਿੱਥ ਵੀ ਤੁਹਾਡੇ ਇਨਰ ਮਾਈਂਡ ਵਿੱਚ ਹੁੰਦੀ ਹੈ, ਜਦੋਂ ਕੋਈ ਇਸਤਰੀ ਪਾਤਰ ਉਸਾਰਨਾ ਹੁੰਦਾ ਹੈ।**

—ਮੈਂ ਆਪਣੀਆਂ ਕਹਾਣੀਆਂ ਰਾਹੀਂ ਔਰਤ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹਾਂ। ਕਹਾਣੀਕਾਰ ਸਾਹਿਬ ਮੈਂ ਤਾਂ ਅਜੇ ਤਾਈਂ ਇਹੀ ਸਿੱਖਿਆ ਹੈ ਕਿ ਜ਼ਿੰਦਗੀ ਕੀ ਹੈ ਤੇ ਕਿਹੋ ਜਿਹੀ ਹੋਣੀ ਚਾਹੀਦੀ ਹੈ। ਇਸ ਦੇ ਵਿਚਕਾਰ ਦਾ ਰਸਤਾ ਹੀ ਸਾਹਿਤ ਹੁੰਦਾ ਹੈ। ਕਹਾਣੀ ਨਾ ਨਿਰੋਲ ਕਲਪਨਾ ਦੇ ਸਿਰ 'ਤੇ ਲਿਖੀ ਜਾਂਦੀ ਹੈ। ਨਾ ਹੀ ਯਥਾਰਥ ਦੇ ਧਰਾਤਲ 'ਤੇ।

ਔਰਤ ਨੂੰ ਸਮਝਣਾ ਬੜਾ ਔਖਾ ਹੈ। ਵੇਦਾਂ ਵਿੱਚ ਇੱਕ ਥਾਂ 'ਤੇ ਆਉਂਦਾ ਹੈ ਕਿ ਕਿਸੇ ਦੂਜੇ ਬੰਦੇ ਦੇ ਮਨ ਨੂੰ ਸਮਝਣਾ ਬੜਾ ਔਖਾ ਹੁੰਦਾ ਹੈ। ਮੈਂ ਅਕਸਰ ਕਹਿੰਦਾ ਹਾਂ ਕਿ ਬੰਦੇ ਨੇ ਦੂਜੇ ਨੂੰ ਤਾਂ ਕੀ ਸਮਝਣਾ ਉਹ ਤਾਂ ਆਪਣੇ ਆਪ ਨੂੰ ਨਹੀਂ ਸਮਝ ਸਕਦਾ। ਕਦੇ ਵਿਹਲਾ ਬੈਠ ਕੇ ਮੇਰੀ ਇਸ ਗੱਲ 'ਤੇ ਵਿਚਾਰ ਕਰੀਂ। ਫੇਰ ਤੈਨੂੰ ਅਖਾਣ ਯਾਦ ਆਵੇਗਾ–'ਸਿਆਣੇ ਦਾ ਕਿਹਾ ਤੇ ਔਲੇ ਦਾ ਖਾਧਾ ਚਿਰ ਮਗਰੋਂ ਸਮਝ ਆਉਂਦਾ ਹੈ।'

ਮੇਰਾ ਅਵਚੇਤਨ ਇਤਿਹਾਸ, ਮਿਥਿਹਾਸ, ਧਰਮ ਤੇ ਗ੍ਰੰਥਾਂ ਨਾਲ ਨੱਕੋ–ਨੀਕ ਭਰਿਆ ਪਿਆ ਹੈ। ਮੈਂ ਚਿਤਰਾ ਬੈਨਰਜੀ ਦਿਵਾਕਰੂਣੀ ਦਾ ਨਾਵਲ 'ਦ੍ਰੋਪਦੀ ਕਾ ਮਹਾਭਾਰਤ' ਪੜ੍ਹਿਆ ਸੀ। ਚਿਤਰਾ ਲਿਖਦੀ ਹੈ ਕਿ ਦ੍ਰੋਪਦੀ ਦੇ ਮਨ ਵਿੱਚ ਕਿਤੇ ਨਾ ਕਿਤੇ ਕਰਣ ਪ੍ਰਤੀ ਸੌਫਟ ਕਾਰਨਰ ਸੀ। ਪਿਆਰ ਸੀ। ਮੇਰੇ ਲਈ ਇਹ ਅਚੰਭੇ ਵਾਲੀ ਨਵੀਂ ਗੱਲ ਸੀ। ਦ੍ਰੋਪਦੀ ਜਿਸ ਸ਼ਖ਼ਸ ਨੂੰ ਇੰਨੀ ਨਫ਼ਰਤ ਕਰਦੀ ਸੀ, ਉਸ ਨੂੰ ਪਿਆਰ ਵੀ ਕਰਦੀ ਸੀ ਪਰ ਜ਼ਾਹਿਰ ਨਹੀਂ ਕਰਦੀ ਸੀ। ਇਹ ਹੈ ਸਾਡੇ ਮਿਥਿਹਾਸ ਦੀ ਔਰਤ ਜਿਹੜੀ ਮੇਰੇ ਅਵਚੇਤਨ ਵਿੱਚ ਪਈ ਹੈ। ਪਈ ਸੀਤਾ, ਸ਼ਕੁੰਤਲਾ, ਅਹਲਿਆ, ਰਾਧਾ, ਰੁਕਮਣੀ, ਪਾਰਬਤੀ ਤੇ ਪਦਮਨੀ ਵੀ ਹੈ। ਯਾਦ ਮੈਨੂੰ ਇੰਦਰਾ ਗਾਂਧੀ ਵੀ ਹੈ ਤੇ ਫੂਲਨ ਦੇਵੀ ਵੀ ਹੈ। ਇੱਕ ਵਾਰ ਮੇਰੇ ਹੱਥ ਮੈਰੀ ਈ. ਜਾਨ ਤੇ ਜਾਨਕੀ ਨਾਇਰ ਦੀ ਸੰਪਾਦਤ ਕੀਤੀ ਪੁਸਤਕ 'ਕਾਮਸੂਤਰ ਸੇ ਕਾਮਸੂਤਕ ਤੱਕ' ਲੱਗੀ ਸੀ। ਇਸ ਵਿੱਚ ਵੱਖ–ਵੱਖ ਵਿਦਵਾਨਾਂ ਦੇ ਲੇਖ ਨੇ। ਚੱਲ ਛੱਡ। ਤੂੰ ਕਿਹੜੇ ਪੜ੍ਹਨੇ ਨੇ। ਤੈਨੂੰ ਮਜੇ ਦੀ ਗੱਲ ਦੱਸਦਾਂ। ਹਰਜੀਤ ਅਟਵਾਲ ਨੇ ਇੱਕ ਵਾਰ ਮੇਰੇ ਨਾਲ ਸਲਾਹੀਂ ਪਿਆ ਕਿਹਾ ਸੀ, ''ਯਾਰ, ਜੇ.ਬੀ. ਸੇਖੋਂ ਪਹਾੜ ਦੀ ਗੁੱਠ 'ਚ ਰਹਿੰਦਾ। ਉਸ ਨੂੰ ਕੀ ਪਤਾ ਡੱਡਾਂ (ਜਿੰਦਰ ਤੇ ਹਰਜੀਤ) ਕਦੋਂ ਪਾਣੀ ਪੀਂਦੀਆਂ। ਉਹਨੂੰ ਇੱਕ ਵਾਰ ਇੰਗਲੈਂਡ ਦਿਖਾਉਂਦੇ ਆਂ। ਸ਼ਾਇਦ ਸਾਡੀਆਂ ਰਚਨਾਵਾਂ ਦੀ ਉਸ ਨੂੰ ਸਮਝ ਆ ਜਾਵੇ।'' ਮੈਨੂੰ ਲੱਗਦਾ ਹੈ ਕਿ ਤੂੰ ਵੀ ਅਜੇ ਤਾਈਂ ਰਸੂਲਪੁਰ ਵਿੱਚ ਹੀ ਬੈਠਾਂ। ਜਦੋਂ ਉੱਥੋਂ ਬਾਹਰ ਨਿਕਲੇਂਗਾ ਤਾਂ ਸ਼ਾਇਦ ਮੇਰੀਆਂ ਕਹਾਣੀਆਂ ਨੂੰ ਸਮਝ ਸਕੇਂਗਾ।

ਮੇਰੇ ਦੋਸਤਾਂ ਦਾ ਘੇਰਾ ਬੜਾ ਵਿਸ਼ਾਲ ਹੈ। ਇਹ ਮੇਰੀ ਜ਼ਿੰਦਗੀ ਦੀ ਕਮਾਈ ਹੈ। ਮੈਂ ਉਨ੍ਹਾਂ ਦੇ ਸੰਗ ਵਿੱਚ ਕਾਫੀ ਸਿੱਖਿਆ ਹੈ। ਪ੍ਰੇਮ ਪ੍ਰਕਾਸ਼, ਹਰਜੀਤ ਅਟਵਾਲ, ਹਰੀਸ਼ ਜੈਨ, ਅਮਰਜੀਤ

ਚੰਦਨ, ਖ਼ਾਲਿਦ ਫ਼ਰਹਾਦ ਧਾਰੀਵਾਲ। ਫੇਰ ਤੂੰ ਅਕਸਰ ਮੈਨੂੰ ਮਿਲਦਾ ਰਹਿੰਦਾ ਹੈਂ। ਤੈਨੂੰ ਮੇਰੀ ਪਸੰਦ ਦਾ ਪਤਾ ਹੈ। ਸ਼ਾਇਦ ਦੂਜਿਆਂ ਨੂੰ ਨਾ ਹੋਵੇ। ਹੁਣ ਜੇ.ਬੀ. ਸੇਖੋਂ ਵੀ ਪਹਿਲਾਂ ਨਾਲੋਂ ਸਿਆਣਾ ਹੋ ਗਿਆ ਹੈ। ਗੁਰਪਾਲ ਸੰਧੂ ਵੀ ਅਤਿ ਨੇੜਲਾ ਹੈ। ਆਤਮ ਰੰਧਾਵਾ, ਗੁਰਬੀਰ ਬਰਾੜ ਤੇ ਮੇਘਾ ਸਲਵਾਨ ਵੀ।

**? ਜਦੋਂ ਕਹਾਣੀ ਸਿਰਜਦੇ ਹੋ ਤਾਂ ਤੁਸੀਂ ਔਰਤ ਪਾਤਰ ਨੂੰ ਕਿਸ ਚੌਖਟੇ ਵਿੱਚ ਰੱਖਦੇ ਹੋ?**

—ਮੈਂ ਔਰਤ ਨੂੰ ਖੁੱਲ੍ਹੀ ਛੱਡਦਾ ਹਾਂ। ਸ਼ਾਇਦ ਮੈਂ ਝੂਠ ਬੋਲ ਰਿਹਾ ਹਾਂ। ਜਦੋਂ ਮੈਂ ਕਹਾਣੀ ਲਿਖਦਾ ਹਾਂ ਮੈਂ ਕਿਹੜੀ ਪਲੈਨਿੰਗ ਕੀਤੀ ਹੁੰਦੀ ਹੈ। ਮੇਰੇ ਅਵਚੇਤਨ ਵਿੱਚ ਔਰਤ ਦੇ ਕਈ ਰੂਪ ਬੈਠੇ ਨੇ। ਉਨ੍ਹਾਂ ਵਿੱਚ ਦ੍ਰੋਪਦੀ ਵੀ ਹੈ। ਪਦਮਨੀ ਵੀ ਹੈ। ਹੋਮਰ ਦੇ ਮਹਾਂਕਾਵਿ 'ਦੀ ਇਲੀਅਡ' ਵਾਲੀ ਹੈਲਨ ਵੀ ਹੈ। ਕਲੋਪੈਟਰਾ ਵੀ ਹੈ। ਸ਼ਾਇਦ ਤੂੰ ਕਲੋਪੈਟਰਾ ਦਾ ਨਾਂ ਸੁਣਿਆ ਵੀ ਨਹੀਂ ਹੋਣਾ। ਤੈਨੂੰ ਰੋਮ ਜਾਣਾ ਪਊ। ਜੂਨੀਅਸ ਸੀਜ਼ਰ ਦੇ ਵੇਲੇ ਵਿੱਚ। ਮੈਂ 'ਸੈਕਿੰਡ ਸੈਕਸ' ਵੀ ਪੜ੍ਹੀ ਹੈ।

ਵੈਸੇ ਮੈਨੂੰ ਔਰਤ ਦਾ ਮਾਂ ਵਾਲਾ ਰੂਪ ਚੰਗਾ ਲੱਗਦਾ ਹੈ। ਉਸ ਤੋਂ ਬਾਅਦ ਭੈਣ ਤੇ ਧੀ ਵਾਲਾ। 'ਹੁਣ ਤੱਕ' ਕਹਾਣੀ ਪੜ੍ਹ। ਫੇਰ ਤੈਨੂੰ ਚੌਖਟੇ ਵਾਲਾ ਪਤਾ ਲੱਗੂ।

**? ਕਹਾਣੀਆਂ ਵਿੱਚ ਔਰਤ ਪਾਤਰ ਨੂੰ ਚਿਤਰਦਿਆਂ ਤੁਸੀਂ ਕੁੱਝ ਵਧੇਰੇ ਹੀ ਖੁੱਲ੍ਹ ਲੈ ਲੈਂਦੇ ਹੋ ਜਿਹਨੂੰ ਆਪਾਂ ਕੋਹਜ਼ ਕਹਿ ਦਿੰਦੇ ਹਾਂ। ਬਈ ਲੱਗਣ ਲੱਗ ਪੈਂਦਾ ਕਿ ਜੇ ਇਹ ਨਾ ਵੀ ਲਿਖਿਆ ਜਾਂਦਾ ਤਾਂ ਵੀ ਪਾਠਕ ਨੂੰ ਸਭ ਕੁੱਝ ਪਤਾ ਲੱਗ ਜਾਣਾ ਸੀ।**

—ਮੈਨੂੰ ਨਹੀਂ ਯਾਦ ਆ ਰਿਹਾ ਕਿ ਮੇਰੀਆਂ ਕਹਾਣੀਆਂ ਵਿੱਚ ਕੋਹਜ਼, ਜਾਂ ਨੰਗੇਜ ਆਇਆ ਹੈ। 'ਹੁਣ ਤੱਕ', 'ਆਤਮ-ਪੁਰਾਣ' 'ਕੱਚੇ ਪੱਕੇ ਨਕਸ਼ੇ', 'ਪਾਪ', 'ਹਾਫ ਟਾਈਮ', 'ਕਿਤੇ ਕੋਈ ਹੈ', 'ਇੱਕ ਸੁਆਲ' ਆਦਿ ਕਹਾਣੀਆਂ ਵਿੱਚ ਸਿੱਧੇ ਰੂਪ ਵਿੱਚ ਕੁੱਝ ਨਹੀਂ ਆਇਆ। ਮਸਲਨ ਇਹ ਸਤਰਾਂ ਦੇਖੋ : • ਹਾਂ ਵਿਆਹ ਤੋਂ ਪਹਿਲਾਂ ਮੈਂ ਕੁਆਰੀ ਨਹੀਂ ਰਹੀ ਸੀ। (ਸ਼ੀਤ ਧੁੱਪ)

• ਮਰਜਾਣੀਏ। ਕੁੱਤੀਏ। ਲੁੱਚੀਏ। (ਆਤਮ-ਪੁਰਾਣ)

• ਅੰਦਰ ਦੇਖਿਆ ਸਿਟੀ ਕੇਬਲ 'ਤੇ ਫ਼ਿਲਮ ਚੱਲ ਰਹੀ ਸੀ। ਮਾਤਾ ਅੱਧ ਨੰਗੀ ਬੈਠੀ ਸੀ। ਸ਼ਾਇਦ ਕੋਈ ਹੋਰ...ਅੱਗੋਂ ਮੈਨੂੰ ਕੁਸ਼ ਨਾ ਦਿੱਸਿਆ। (ਮਾਤ੍ਰੇਸ਼ੀ)

ਕੋਹਜ਼ ਜਾਂ ਨੰਗੇਜ ਕੁੱਝ ਨਹੀਂ ਹੁੰਦਾ। ਇਹ ਦੇਖਣ ਵਾਲੇ ਦੀ ਅੱਖ ਵਿੱਚ ਹੁੰਦਾ ਹੈ ਕਿ ਦੇਖਣ ਵੇਲੇ ਉਸ ਦਾ ਨਜ਼ਰੀਆ ਕਿਹੋ ਜਿਹਾ ਹੈ। ਮੈਨੂੰ ਸਾਹਿਤ ਸੌਂਦਰਯ ਦਾ ਪਤਾ। ਮੈਂ ਮੰਟੋ ਦੀ ਕਹਾਣੀ 'ਖੋਲ੍ਹ ਦਿਓ', ਇਸਮਤ ਚੁਗਤਾਈ ਦੀ 'ਰਜਾਈ', ਆਗਾ ਬਾਬਰ ਦੀ 'ਡਾਕੀਆ', ਡੀ.ਐਚ. ਲਾਰੈਂਸ ਦਾ ਨਾਵਲ 'ਸਨਜ਼ ਐਂਡ ਲਵਰਜ਼', ਰੂਸੀ ਨਾਵਲ 'ਗਾਡੀ ਵਾਲੋਂ ਕਾ ਕਟਰਾ', ਈਮਲੀ ਜੋਲਾ ਦਾ 'ਨੈਨਾ', ਫਰਾਂਸੀਸੀ ਸ੍ਵੈਜੀਵਨੀ 'ਕਾਲ ਗਰਲ', ਬੈਲਜੀਅਮ ਦੀ ਅਠਾਰਾਂ ਸਾਲਾ ਦੀ ਵੇਸਵਾ ਦੀ ਸ੍ਵੈ-ਜੀਵਨੀ 'ਦੀ ਸਕੋਰਪੀਅਨਸ ਸਵੀਟ ਵਿਨੋਮ', ਸੁਧੀਰ ਕੱਕੜ ਦਾ ਨਾਵਲ 'ਕਾਮਸੂਤਰਾ' ਪੜ੍ਹੇ ਨੇ। ਨੰਗੇਜ ਕੀ ਹੁੰਦਾ ਮੈਨੂੰ ਪਤਾ ਹੈ। ਜਿੱਥੋਂ ਤੱਕ ਮੈਨੂੰ ਯਾਦ ਹੈ ਕਿ ਮੇਰੀ ਕਿਸੇ ਕਹਾਣੀ ਵਿੱਚ ਅਜਿਹਾ ਕੁੱਝ ਨਹੀਂ ਆਇਆ। 'ਝੂਠੀ' ਕਹਾਣੀ ਦਾ ਪਲਾਟ ਮੈਨੂੰ ਜ਼ਫ਼ਰ ਇਸਲਾਮ ਕੋਲੋਂ ਮਿਲਿਆ ਸੀ। 2007 ਦੀ ਲਾਹੌਰ ਫੇਰੀ ਵੇਲੇ ਇਕਬਾਲ ਕੈਸਰ ਨੇ ਜ਼ਫ਼ਰ ਨੂੰ ਮਿਲਾਇਆ ਸੀ। ਜ਼ਫ਼ਰ ਆਸਟ੍ਰੇਲੀਆ ਰਹਿੰਦਾ ਹੈ। ਪਿੱਛੋਂ ਸ਼ੇਖੂਪੁਰੇ ਦਾ ਹੈ। ਉਸ ਨੂੰ ਸਿਡਨੀ ਵਿੱਚ ਇੱਕ ਇੰਡੀਅਨ ਕੁੜੀ ਮਿਲੀ। ਉਹ ਕੁੜੀ ਸਟੱਡੀਬੇਸ 'ਤੇ ਆਸਟ੍ਰੇਲੀਆ ਆਈ ਸੀ। ਜਿਸ ਰਿਸ਼ਤੇਦਾਰ ਕੋਲ ਰਹਿੰਦੀ ਸੀ, ਉਹ ਕੁੜੀ 'ਤੇ ਸ਼ੱਕ ਕਰਨ ਲੱਗੇ। ਕੁੜੀ ਨੇ ਬਥੇਰਾ ਕਿਹਾ ਪਰ ਉਨ੍ਹਾਂ ਨੇ

ਵਿਸ਼ਵਾਸ ਨਾ ਕੀਤਾ। ਇਸੇ ਘਿਚ-ਘਿਚ ਵਿੱਚ ਕੁੜੀ ਦੀ ਮੰਗਣੀ ਕਰ ਦਿੱਤੀ। ਅਗਾਂਹ ਹੋਣ ਵਾਲੇ ਪਤੀ ਨੂੰ ਇਨ੍ਹਾਂ ਗੱਲਾਂ ਦਾ ਪਤਾ ਲੱਗ ਗਿਆ। ਕੁੜੀ ਨੇ ਗੁਰਦੁਆਰੇ ਜਾ ਕੇ ਸੌਂਹ ਖਾ ਲਈ ਕਿ ਅਜਿਹੀ ਕੋਈ ਗੱਲ ਨਹੀਂ। ਉਸ ਦੇ ਜ਼ਫ਼ਰ ਨਾਲ ਕੋਈ ਸਰੀਰਕ ਸੰਬੰਧ ਨਹੀਂ ਪਰ ਉੱਥੇ ਤਾਂ ਮੈਂ ਨਾ ਮਾਨੂਰੇ ਵਾਲੀ ਗੱਲ ਸੀ। ਜਦੋਂ ਕੁੜੀ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਕੋਈ ਉਸ ’ਤੇ ਵਿਸ਼ਵਾਸ ਨਹੀਂ ਕਰ ਰਿਹਾ ਤਾਂ ਉਹ ਇੱਕ ਸ਼ਾਮ ਨੂੰ ਜ਼ਫ਼ਰ ਨੂੰ ਮਿਲੀ। ਉਸ ਨੂੰ ਕਿਹਾ ਕਿ ਉਹ ਉਸ ਨੂੰ ਝੂਠੀ ਕਰ ਦੇਵੇ। ਜ਼ਫ਼ਰ ਨੇ ਬੜਾ ਸਮਝਾਇਆ ਕਿ ਇਸ ਨਾਲ ਤੇਰੀ ਜ਼ਿੰਦਗੀ ਵਿੱਚ ਭੁਚਾਲ ਆ ਜਾਵੇਗਾ। ਜਦੋਂ ਕੁੜੀ ਆਪਣੀ ਜ਼ਿੱਦ ’ਤੇ ਅੜੀ ਰਹੀ ਤਾਂ ਜ਼ਫ਼ਰ ਨੇ ਸਿਰਫ਼ ਉਸ ਦੇ ਬੁੱਲ੍ਹਾਂ ’ਤੇ ਕਿੱਸ ਕੀਤੀ, “ਸਮਝ ਲੈ ਜੂਠੀ ਹੋ ਗਈਂ।” ਸੰਪਾਦਕ ਸਾਹਿਬ ਇਹ ਹੈ ਇੱਕ ਜੱਗਬੀਤੀ ਜਿਸ ’ਤੇ ਪੰਜ ਸਾਲਾਂ ਮਗਰੋਂ ਜਿੰਦਰ ਨੇ ‘ਝੂਠੀ’ ਕਹਾਣੀ ਲਿਖੀ। ਜੇ ਕੋਈ ਤੇਰੇ ਵਰਗਾ ਕਹਾਣੀਕਾਰ ਇਸ ਨੂੰ ਕੋਹਝ ਮੰਨ ਲਵੇ ਤਾਂ ਪੰਜਾਬੀ ਕਹਾਣੀ ਦਾ ਰੱਬ ਹੀ ਰਾਖਾ ਹੋਵੇਗਾ।

**? ਤੁਸੀਂ ਪਿਛਲੇ ਚਾਲੀ ਸਾਲਾਂ ਤੋਂ ਪੰਜਾਬੀ ਕਹਾਣੀ ਵਿੱਚ ਸਰਗਰਮ ਭੂਮਿਕਾ ਨਿਭਾ ਰਹੇ ਹੋ। ‘ਮੈਂ, ਕਹਾਣੀ ਤੇ ਉਹ’, ‘ਤੁਸੀਂ ਨਹੀਂ ਸਮਝ ਸਕਦੇ’, ‘ਨਹੀਂ, ਮੈਂ ਨਹੀਂ’, ‘ਬਿਨਾਂ ਵਜ੍ਹਾ ਤਾਂ ਨਹੀਂ’, ‘ਜ਼ਖ਼ਮ’, ‘ਸਿਆਸਤ, ਖੇਡ ਸਿਆਸਤ’ ਤੇ ‘ਸੇਫ਼ਟੀ ਕਿੱਟ’ ਤੱਕ ਪੁੱਜ ਗਏ ਹੋ। ਹੁਣ ਤੱਕ 70 ਦੇ ਕਰੀਬ ਕਹਾਣੀਆਂ ਲਿਖ ਕੇ ਕਹਾਣੀ ਵਿੱਚ ਆਪਣਾ ਨਾਂ ਸਥਾਪਿਤ ਕੀਤਾ ਹੈ। ਇਨ੍ਹਾਂ ਸਾਰੀਆਂ ਕਹਾਣੀਆਂ ਵਿੱਚ ਅਨੇਕਾਂ ਪਾਤਰ ਆਏ ਹਨ। ਇਨ੍ਹਾਂ ਪਾਤਰਾਂ ਦੀਆਂ ਵੱਖ-ਵੱਖ ਪਰਤਾਂ ਨੂੰ ਆਪਣੀ ਕਹਾਣੀ ਵਿੱਚ ਪੇਸ਼ ਕੀਤਾ ਹੈ। ਸ਼ੁਰੂ-ਸ਼ੁਰੂ ਵਿੱਚ ਤੁਹਾਡੀ ਕਹਾਣੀ ਦੇ ਪਾਤਰ ਸਾਧਾਰਨ-ਨਿਮਨ ਲੋਕ ਬਣੇ, ਫਿਰ ਔਰਤ ਪਾਤਰਾਂ ਦੇ ਅਨੇਕਾਂ ਰੂਪ ਉਨ੍ਹਾਂ ਨੇ ਪੇਸ਼ ਕੀਤੇ। ਸ਼ਹਿਰੀ ਮੱਧ ਵਰਗੀ ਪਾਤਰ ਅਤੇ ਪਰਵਾਸ ਕਰ ਗਏ ਪੰਜਾਬੀ ਮੂਲ ਦੇ ਪਾਤਰ ਵੀ ਕਹਾਣੀਆਂ ਵਿੱਚ ਉਭਰ ਕੇ ਪੇਸ਼ ਹੁੰਦੇ ਹਨ। ਜਿਵੇਂ ‘ਸੇਫ਼ਟੀ ਕਿੱਟ’ ਦੀਆਂ ਕਹਾਣੀਆਂ ਵਿੱਚ ਵੇਖਦੇ ਹਾਂ...ਤੁਸੀਂ ਸਾਨੂੰ ਦੱਸੋ ਕਿ ਐਨੇ ਪਾਤਰਾਂ ਦੇ ਐਨੇ ਰੂਪ....ਤੁਸੀਂ ਕਿਵੇਂ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕਰ ਜਾਂਦੇ ਓ....ਇਹ ਪਾਤਰ ਕਿੱਥੋਂ ਆਉਂਦੇ ਨੇ? ਜਿੱਥੇ ਤੱਕ ਮੈਨੂੰ ਪਤਾ ਏ ਕਿ ਤੁਸੀਂ ਘਰੋਂ ਬਹੁਤ ਘੱਟ ਬਾਹਰ ਨਿਕਲਦੇ ਓ।**

—ਚੱਲ ਤੇਰੇ ਇਸ ਸੁਆਲ ਦੀ ਆਖ਼ਰੀ ਸਤਰ ਤੋਂ ਹੀ ਗੱਲ ਸ਼ੁਰੂ ਕਰਦਾ ਹਾਂ। ਜਿੰਨਾ ਮੈਂ ਘੁੰਮਿਆ-ਫਿਰਿਆ ਹਾਂ, ਮੇਰੀ ਪੀੜ੍ਹੀ ਦਾ ਕੋਈ ਕਹਾਣੀਕਾਰ ਨਹੀਂ ਹੋਣਾ। ਮੈਂ ਬਾਰਾਂ ਸਾਲ ਚੰਡੀਗੜ੍ਹ ਨੌਕਰੀ ਕੀਤੀ। ਜਿਸ ਬ੍ਰਾਂਚ ਵਿੱਚ ਮੇਰੀ ਡਿਊਟੀ ਸੀ, ਉੱਥੋਂ ਦੇ ਬਾਬੂ ਬਾਹਰ ਜਾਣ ਨੂੰ ਮੰਨਦੇ ਨਹੀਂ ਸਨ। ਮੈਂ ਸਾਂ ਕਿ ਚੰਡੀਗੜ੍ਹ ਰਹਿਣਾ ਨਹੀਂ ਚਾਹੁੰਦਾ ਸਾਂ। ਇਨ੍ਹਾਂ ਬਾਰਾਂ ਸਾਲਾਂ ਵਿੱਚ ਮੈਂ ਅਨੇਕਾਂ ਵਾਰ ਰੋਡਵੇਜ਼ ਦੇ ਅਠਾਰਾਂ ਡਿਪੂਆਂ ਦੀ ਚੈਕਿੰਗ ਕੀਤੀ। ਮੇਰੇ ਲਈ ਖਾਸ ਸਨ-ਪੱਟੀ, ਤਰਨ ਤਾਰਨ, ਫ਼ਿਰੋਜ਼ਪੁਰ, ਨੰਗਲ, ਬਟਾਲਾ, ਜਗਰਾਉਂ ਤੇ ਮੁਕਤਸਰ। ਇਨ੍ਹਾਂ ਚੈਕਿੰਗਾਂ ਦੌਰਾਨ ਮੈਂ ਬਾਰਡਰ ਵੀ ਦੇਖੇ। ਗੰਗਾਨਗਰ ਵਿੱਚ ਪੋਸਤ ਦਾ ਠੇਕਾ ਵੀ। ਨੰਗਲ ਡੈਮ ਦੇਖਿਆ। ਸਾਹਿਤਕ ਪ੍ਰੋਗਰਾਮਾਂ ਵਿੱਚ ਨਾ-ਮਾਤਰ ਜਾਂਦਾ ਹਾਂ। ਕਿਸੇ ਲੇਖਕ-ਮਿੱਤਰ ਨੂੰ ਉਚੇਚਾ ਮਿਲਣ ਨਹੀਂ ਜਾਂਦਾ। ਮੈਂ ਕਿੱਥੇ ਜਾਂਦਾ ਹਾਂ, ਕਦੋਂ ਜਾਂਦਾ ਹੈ-ਇਸ ਦਾ ਕਿਸੇ ਨੂੰ ਪਤਾ ਨਹੀਂ ਹੁੰਦਾ। ਮੈਂ ਕਿਹੜਾ ਫੇਸਬੁੱਕ ’ਤੇ ਚਾੜ੍ਹਨਾ ਹੁੰਦਾ। ਜਿੰਦਰ ਟੋਰਾਂਟੋ ਦੇ ਕਿਹੜੇ ਹਿੱਸੇ ਵਿੱਚ ਘੁੰਮ ਰਿਹਾ। ਮੈਂ ਬਾਰਾਂ ਸਾਲ ਚੰਡੀਗੜ੍ਹ ਨੌਕਰੀ ਕਰਦਿਆਂ ਹੋਇਆਂ ਪੰਜਾਂ ਦਿਨਾਂ ਵਿੱਚੋਂ ਚਾਰ ਦਿਨ ਜਾਣ-ਆਉਣ ਦਾ ਸਫ਼ਰ ਕਰਦਾ ਸਾਂ। ਮੇਰੀ ਆਦਤ ਸੀ ਕਿ ਬੱਸ ਚੱਲਦੀ ਤਾਂ ਮੈਂ ਅਗਲੀ ਸੀਟ ਨਾਲ ਸਿਰ ਟਿਕਾ ਕੇ ਅੱਖਾਂ ਮੀਚ ਲੈਂਦਾ। ਬੀਬੀਆਂ-ਭੈਣਾਂ ਦੀਆਂ ਗੱਲਾਂ ਸੁਣਦਾ ਰਹਿੰਦਾ। ਕਈ ਤਾਂ ਨਿੰਦਿਆ-ਚੁਗਲੀ ਵਿੱਚ ਇੰਨੀਆਂ ਖੁੱਭੀਆਂ ਰਹਿੰਦੀਆਂ

ਕਿ ਉਨ੍ਹਾਂ ਦੀ ਗੱਲ ਜਲੰਧਰ ਆ ਕੇ ਵੀ ਨਾ ਮੁੱਕਦੀ। ਕਈ ਵਾਰ ਬੜੀਆਂ ਦਿਲਚਸਪ ਗੱਲਾਂ ਸੁਣਨ ਨੂੰ ਮਿਲਦੀਆਂ। ਹਾਈਕੋਰਟ ਦੀ ਤਰੀਕ ਭੁਗਤਣ ਗਏ/ਆਏ ਕਿਸੇ ਪੇਂਡੂ ਦੀ ਦਰਦ ਭਰੀ ਦਾਸਤਾਨ ਸੁਣਦਾ। ਆਮ ਬਾਬੂ ਰੋਡਵੇਜ਼ ਦੇ ਮੁਲਾਜ਼ਮਾਂ ਕੋਲੋਂ ਦੂਰੀ ਬਣਾਈ ਰੱਖਦੇ। ਮੈਂ ਉਨ੍ਹਾਂ ਨੂੰ ਨੇੜੇ ਹੋ ਕੇ ਮਿਲਦਾ। ਇੱਕ ਵਾਰ ਪੰਜਾਬ ਰੋਡਵੇਜ਼ ਜਲੰਧਰ-1 ਡਿਪੂ ਦੇ ਨਾਜ਼ਿਰ ਦਾ ਰਿਕਾਰਡ ਚੈੱਕ ਕਰ ਰਹੇ ਸਾਂ ਕਿ ਅਸੀਂ ਜਿਸ ਵੀ ਆਈਟਮ ਨੂੰ ਚੈਕ ਕਰੀਏ, ਉਹ ਜਾਂ ਤਾਂ ਘੱਟ ਨਿਕਲੇ ਜਾਂ ਵੱਧ। ਆਈਟਮ ਦਾ ਘੱਟ ਹੋਣਾ ਜਾਂ ਵੱਧ ਹੋਣਾ, ਦਫ਼ਤਰੀ ਰਿਕਾਰਡ ਅਨੁਸਾਰ ਗ਼ਲਤ ਹੈ। ਨਾਜ਼ਿਰ ਹੱਥ ਜੋੜ ਕੇ ਰੋ ਪਿਆ। ਬੋਲਿਆ, "ਸਰ ਜੀ, ਮੈਂ ਦੋ ਸਾਲ ਨਵਾਂਸ਼ਹਿਰ ਡਿਪੂ 'ਚ ਸਸਪੈਂਡ ਰਿਹਾਂ। ਮੇਰੇ ਬੱਚੇ ਛੋਟੇ ਨੇ। ਦੇਖਿਓ ਗਰੀਬ ਮਾਰ ਨਾ ਕਰਿਓ।" ਐਦਾਂ ਹੀ ਰੋਪੜ ਡਿਪੂ ਦੀ ਚੈਕਿੰਗ ਵੇਲੇ ਹੋਇਆ ਸੀ। ਮੈਂ ਐਸ.ਪੀ.ਏ. ਦਾ ਰਿਕਾਰਡ ਚੈਕ ਕਰ ਰਿਹਾ ਸਾਂ ਕਿ ਇੱਕ ਮੈਡਮ ਡਰਦੀ-ਡਰਦੀ ਮੇਰੇ ਕੋਲ ਆਈ। ਹੱਥ ਜੋੜ ਕੇ ਬੋਲੀ, "ਸਰ ਜੀ, ਮੈਂ ਨਵੀਂ-ਨਵੀਂ ਭਰਤੀ ਹੋਈ ਆਂ। ਜੇ ਕੋਈ ਗ਼ਲਤੀ ਲੱਭੀ ਤਾਂ ਪੈਰਾ ਨਾ ਬਣਾਇਓ। ਮੈਂ ਬਹੁਤ ਦੁਖੀ ਹਾਂ।' ਮੈਂ ਉਸ ਨੂੰ ਕਿਹਾ ਕਿ ਮੈਂ ਨਾ ਤਾਂ ਤੈਨੂੰ ਬੁਲਾਇਆ ਹੈ। ਨਾ ਰਿਕਾਰਡ ਚੈਕ ਕੀਤਾ ਹੈ। ਮੈਨੂੰ ਉਸ ਦੀ ਉਮਰ ਪੰਜਾਹਾਂ ਸਾਲਾਂ ਤੋਂ ਉੱਪਰ ਲੱਗੀ ਸੀ। ਉਹ ਚਲੇ ਗਈ ਤਾਂ ਮੈਂ ਐਸ.ਪੀ.ਏ. ਨੂੰ ਮੈਡਮ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ, "ਇਹਦਾ ਘਰਵਾਲਾ ਡਰਾਈਵਰ ਸੀ। ਬੱਸ ਐਕਸੀਡੈਂਟ 'ਚ ਮਾਰਿਆ ਗਿਆ। ਇਹਦੀ ਭਰਤੀ ਡੈੱਥ ਕੇਸ ਦੇ ਆਧਾਰ 'ਤੇ ਹੋਈ ਆ। ਦੋ ਬੱਚੇ ਨੇ ਛੋਟੇ-ਛੋਟੇ। ਅਜੇ ਛੱਬੀ ਸਾਲਾਂ ਦੀ ਉਮਰ ਆ।" ਦੁੱਖ ਕਿਸੇ ਇਨਸਾਨ ਨੂੰ ਉਮਰ ਤੋਂ ਪਹਿਲਾਂ ਕਿੱਦਾਂ ਬੁੱਢਾ ਕਰ ਦਿੰਦਾ ਹੈ। ਇਹ ਮੈਂ ਉਸ ਔਰਤ ਦੇ ਦੁਖਾਂਤ ਰਾਹੀਂ ਜਾਣਿਆ। ਸਾਡਾ ਮੈਗਜ਼ੀਨ 'ਸ਼ਬਦ' ਯੂ.ਜੀ.ਸੀ. ਕੇਅਰ ਲਿਸਟ ਵਿੱਚ ਸ਼ਾਮਿਲ ਹੈ। ਮੈਨੂੰ ਤਕਰੀਬਨ ਰੋਜ਼ ਦੇ ਦੋ ਫ਼ੋਨ ਆਉਂਦੇ ਨੇ ਕਿ ਸਾਡਾ ਪੇਪਰ ਛਾਪ ਦਿਉ। ਮੈਂ ਉਨ੍ਹਾਂ ਨੂੰ ਆਪਣੇ ਬੱਚਿਆਂ ਵਾਂਗੂੰ ਸਮਝਦਾ ਹਾਂ। ਕੁੜੀਆਂ ਮੇਰੇ ਨਾਲ ਆਪਣਾ ਸੰਕਟ ਦੱਸ ਕੇ ਫਾਰਿਗ ਹੋ ਜਾਂਦੀਆਂ ਨੇ। ਮੈਂ ਪ੍ਰੇਸ਼ਾਨ ਹੋ ਜਾਂਦਾ ਹਾਂ ਕਿ ਇਨ੍ਹਾਂ 'ਤੇ ਜੁਆਨੀ ਕਦੇ ਆਈ ਹੀ ਨਹੀਂ। ਇਨ੍ਹਾਂ ਦੀ ਜੁਆਨੀ ਨੂੰ ਤਾਂ ਅਡਜਸਟਮੈਂਟ ਨਾ ਹੋਣ ਦਾ ਡਰ ਹੀ ਲੈ ਬੈਠਾ। ਮੇਰੀਆਂ ਅੱਖਾਂ ਭਰ ਆਉਂਦੀਆਂ ਨੇ। ਐਦਾਂ ਪਾਤਰ ਅਵਚੇਤਨ ਵਿੱਚੋਂ ਨਿਕਲਦੇ ਰਹਿੰਦੇ ਨੇ। ਮੇਰੇ ਕੋਲ ਬੇਅੰਤ ਪਾਤਰ ਨੇ। ਕਹਾਣੀਆਂ ਨੇ। ਘਟਨਾਵਾਂ ਨੇ।

**? ਤੁਸੀਂ ਅਕਸਰ ਕਹਾਣੀ ਵਿੱਚ ਮਿਥ ਤੇ ਇਤਿਹਾਸ, ਮਿਥਿਹਾਸ ਦੇ ਹਵਾਲੇ ਦਿੰਦੇ ਹੋ। ਇਸ ਕਿਤਾਬ ਦੀਆਂ ਕਹਾਣੀਆਂ ਵਿੱਚ ਤੁਸੀਂ ਮਿੱਥ ਨੂੰ ਵਰਤਿਆ ਹੈ। ਜੇਕਰ ਇਨ੍ਹਾਂ ਮਿੱਥਾਂ ਦੇ ਬਿਰਤਾਂਤ ਨੂੰ ਕਹਾਣੀ ਵਿੱਚੋਂ ਇੱਕ ਪਾਸੇ ਕਰ ਦੇਈਏ ਤਾਂ ਕਹਾਣੀ ਨੂੰ ਕੋਈ ਫ਼ਰਕ ਨਹੀਂ ਪੈਂਦਾ। ਦੂਜੇ ਪਾਸੇ ਜਦੋਂ ਮੈਂ ਪ੍ਰੇਮ ਪ੍ਰਕਾਸ਼ ਦੀ ਕਹਾਣੀ ਵਿੱਚ ਮਿੱਥ ਨੂੰ ਪੜ੍ਹਦਾ ਹਾਂ ਤਾਂ ਉਹ ਬਿਰਤਾਂਤ ਵਿੱਚ ਐਨੀ ਰਚੀ-ਮਿਚੀ ਹੁੰਦੀ ਹੈ ਕਿ ਤੁਸੀਂ ਉਸ ਨੂੰ ਇੱਕ ਪਾਸੇ ਕਰਕੇ ਉਸ ਪਾਤਰ ਨੂੰ ਸਮਝ ਨਹੀਂ ਸਕਦੇ। ਕਿਉਂਕਿ ਉਨ੍ਹਾਂ ਦੇ ਪਾਤਰ ਉਸ ਮਹਾਜਨੀ ਜਾਂ ਹਿੰਦੂ ਪਰਿਵਾਰਾਂ ਵਿੱਚੋਂ ਆਉਂਦੇ ਨੇ ਜਿਨ੍ਹਾਂ ਪਰਿਵਾਰਾਂ ਵਿੱਚ, ਉਨ੍ਹਾਂ ਜਨਮ-ਮਰਨ ਦੇ ਸੰਸਕਾਰਾਂ ਵਿੱਚ ਹਿੰਦੂ ਮਿਥ, ਰੀਤਾਂ ਦਾ ਪ੍ਰਚਲਨ ਆਮ ਵਰਤਾਰਾ ਹੈ। ਉਹ ਮਿਥ ਸਹਿਜ ਨਾਲ ਆਉਂਦੀ ਹੈ। ਤੁਸੀਂ ਮਿਥ ਨੂੰ ਵਰਤਣ ਲੱਗਿਆਂ ਬੜੀ ਉਚੇਚ ਕਰਦੇ ਹੋ। ਸੰਕਟ ਕਿੱਥੇ ਹੈ।**

—ਸ਼ਾਇਦ ਤੂੰ ਪਿਛਲੇ 25 ਸਾਲਾਂ ਵਿੱਚ ਵੀ ਸਾਡੇ ਪਰਿਵਾਰ ਨੂੰ ਸਮਝ ਨਹੀਂ ਸਕਿਆ। ਸਾਡਾ ਪਰਿਵਾਰ ਹਿੰਦੂ ਪਰਿਵਾਰ ਹੈ। ਮੈਂ ਇਸ ਨੂੰ ਨਿਰੋਲ ਹਿੰਦੂ ਪਰਿਵਾਰ ਨਹੀਂ ਮੰਨਦਾ ਕਿਉਂਕਿ ਮੇਰਾ,

ਮੇਰੇ ਦੋਵੇਂ ਮੁੰਡਿਆਂ ਦਾ ਵਿਆਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸੰਪੰਨ ਹੋਇਆ ਹੈ। ਮੇਰੇ ਭਾਪਾ ਜੀ ਲਗਾਤਾਰ ਸਾਵਣ ਦੇ ਨਰਾਤਿਆਂ ਵਿੱਚ ਮਾਤਾ ਚਿੰਤਪੁਰਨੀ ਹੁਸ਼ਿਆਰਪੁਰੋਂ ਤੁਰ ਕੇ ਜਾਂਦੇ ਸਨ। ਮੇਰੀਆਂ ਦੋਵੇਂ ਭੈਣਾਂ ਦੀਆਂ ਲਾਵਾਂ ਹਿੰਦੂ-ਰੀਤੀ ਰਿਵਾਜ਼ਾਂ ਅਨੁਸਾਰ ਵੱਡੇ ਤੜਕੇ ਹੋਈਆਂ ਸਨ। ਮੇਰੇ ਬਹੁਤੇ ਰਿਸ਼ਤੇਦਾਰ ਹਿੰਦੂ ਧਰਮ ਦੀਆਂ ਮਣੌਤਾਂ ਨੂੰ ਮੰਨਦੇ ਨੇ। ਫੇਰ ਮੇਰੇ 'ਤੇ ਅਸਰ ਹੋਣਾ ਵੀ ਜ਼ਰੂਰੀ ਹੈ। ਮੇਰੇ ਪਾਤਰ ਵੀ ਇਸੇ ਵਿੱਚੋਂ ਆਉਂਦੇ ਨੇ। ਇੱਕ ਹੋਰ ਵੱਡੀ ਗੱਲ ਹੈ ਕਿ ਇੱਕ ਸਮੇਂ ਮੇਰਾ ਪਰਿਵਾਰ 90% ਹਿੰਦੂ ਹੁੰਦਾ ਹੈ। ਦੂਜੇ ਵੇਲੇ 95% ਸਿੱਖ। ਮੇਰੇ ਬਹੁਤਿਆਂ ਰਿਸ਼ਤੇਦਾਰਾਂ ਵਿੱਚ ਇਹੀ ਭਾਵਨਾ ਦੇਖਣ ਨੂੰ ਮਿਲਦੀ ਹੈ। ਮੇਰੇ ਵਿਚਕਾਰਲੇ ਤਾਇਆ ਜੀ ਉੱਚੀ-ਉੱਚੀ ਗਾ ਕੇ ਮਹਾਂਭਾਰਤ ਪੜ੍ਹਦੇ ਸਨ। ਇਹ ਸਭ ਕੁੱਝ ਮੈਨੂੰ ਵਿਰਾਸਤ ਵਿੱਚ ਮਿਲਿਆ ਹੈ। ਆਲੇ-ਦੁਆਲੇ ਵਿੱਚੋਂ ਮਿਲਿਆ ਹੈ। ਮੇਰਾ ਅਵਚੇਤਨ ਹਿੰਦੂ ਸੰਸਕਾਰਾਂ ਨਾਲ ਭਰਿਆ ਪਿਆ ਹੈ। ਸਿੱਖ ਧਰਮ ਪ੍ਰਤੀ ਵੀ ਬੇਅੰਤ ਸ਼ਰਧਾ ਹੈ। ਇਸੇ ਲਈ ਮੇਰੀਆਂ ਕਹਾਣੀਆਂ ਦੇ ਵਿਸ਼ੇ ਪ੍ਰੇਮ ਪ੍ਰਕਾਸ਼ ਨਾਲੋਂ ਵੱਖਰੇ ਨੇ। ਸਾਡੀ ਸੋਚ ਵਿੱਚ ਵੀ ਫਰਕ ਹੈ। ਤੂੰ ਮੈਨੂੰ ਪ੍ਰੇਮ ਪ੍ਰਕਾਸ਼ ਨਾਲ ਜੋੜ ਕੇ ਕਿਉਂ ਦੇਖਦਾ ਹੈਂ। ਪ੍ਰੇਮ ਪ੍ਰਕਾਸ਼, ਪ੍ਰੇਮ ਪ੍ਰਕਾਸ਼ ਹੈ। ਜਿੰਦਰ ਜਿੰਦਰ ਹੈ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਪੜ੍ਹਣ ਤੋਂ ਬਾਰਾਂ ਕੁ ਸਾਲ ਪਹਿਲਾਂ ਮੈਂ ਟੀ.ਐਸ. ਈਲੀਅਟ ਦੀ 1922 ਵਿੱਚ ਲਿਖੀ ਲੰਬੀ ਕਵਿਤਾ 'ਦੀ ਵੇਸਟ ਲੈਂਡ', ਜਿਸ ਨੂੰ ਇਸੇ ਕਵਿਤਾ 'ਤੇ ਨੋਬਲ ਪੁਰਸਕਾਰ ਵੀ ਮਿਲਿਆ ਸੀ, ਪੜ੍ਹੀ ਸੀ। ਉਸ ਨੇ ਇਸ ਕਵਿਤਾ ਵਿੱਚ ਹਿੰਦੂ ਮਿਥਿਹਾਸ ਵਰਤਿਆ ਸੀ। ਮੈਂ 'ਜਿੱਤ' ਕਹਾਣੀ ਵਿੱਚ ਗੀਤਾ ਦਾ ਹਵਾਲਾ ਦਿੱਤਾ ਸੀ।

'ਦਰਦ' ਕਹਾਣੀ ਦਾ ਮੁਸਲਮਾਨ ਪਾਤਰ ਜਮੀਲ ਮੈਂ ਪਾਤਰ ਨੂੰ ਪੁੱਛਦਾ ਹੈ ਕਿ ਤੁਹਾਡੇ ਧਾਰਮਿਕ ਗ੍ਰੰਥ ਮੌਤ ਬਾਰੇ ਕੀ ਕਹਿੰਦੇ ਨੇ। ਹੁਣ ਮੈਂ ਮੌਤ ਬਾਰੇ ਦੱਸਣਾ ਹੈ ਤਾਂ ਜਾਂ ਤਾਂ ਮੈਂ 'ਗੀਤਾ' ਵਿੱਚੋਂ ਕੋਈ ਸਲੋਕ ਚੁੱਕਾਂਗਾ ਜਾਂ ਮਿਥਿਹਾਸ ਵਿੱਚੋਂ। ਬਾਈਬਲ ਵਿੱਚੋਂ ਤਾਂ ਚੁੱਕਣੋਂ ਰਿਹਾ।

ਰਹੀ ਗੱਲ ਸੰਕਟ ਦੀ? ਸੰਕਟ ਤੇਰੀ ਸੋਚ ਵਿੱਚ ਹੈ। ਮੈਂ ਸਾਫ ਹਾਂ।

**? ਜਦੋਂ ਕੋਈ ਕਹਾਣੀਕਾਰ ਮੈਂ ਪਾਤਰ ਨਾਲ ਕਹਾਣੀ ਲਿਖਦਾ ਹੈ ਤਾਂ ਕਹਾਣੀਕਾਰ ਕੋਲੋਂ ਉਸ ਤਰ੍ਹਾਂ ਨਾਲ ਪਾਤਰ ਆਜ਼ਾਦ ਅਸਤਿੱਤਵ ਨਾਲ ਉਸਰਦਾ ਨਹੀਂ। ਜਾਂ ਕਹਾਣੀਕਾਰ ਉਸ ਪਾਤਰ ਨੂੰ ਕਾਬੂ ਕਰਕੇ ਜਾਂ ਦਾਬਾ ਪਾ ਕੇ ਕਹਾਣੀ ਵਿੱਚ ਘੜਦਾ ਹੈ। ਤੁਸੀਂ ਵੀ ਮੈਂ ਪਾਤਰ ਨਾਲ ਕੁੱਝ ਕਹਾਣੀਆਂ ਲਿਖੀਆਂ। ਤੁਸੀਂ ਇਸ ਮਸਲੇ ਬਾਰੇ ਕਿਸ ਤਰ੍ਹਾਂ ਸੋਚਦੇ ਹੋ? ਮੈਂ ਪਾਤਰ ਨਾਲ ਕਹਾਣੀ ਲਿਖਣੀ ਸੌਖੀ ਹੈ।**

—ਤੂੰ ਇਹ ਸੁਆਲ ਪੁੱਛਣ ਤੋਂ ਪਹਿਲਾਂ ਮੇਰੀਆਂ ਕਹਾਣੀਆਂ ਨੂੰ ਧਿਆਨ ਨਾਲ ਯਾਦ ਨਹੀਂ ਕੀਤਾ। ਮੈਂ ਇੱਕ-ਦੋ ਕਹਾਣੀਆਂ ਤੋਂ ਬਿਨਾਂ ਬਾਕੀ ਸਾਰੀਆਂ ਕਹਾਣੀਆਂ ਮੈਂ ਪਾਤਰ ਨਾਲ ਲਿਖੀਆਂ ਨੇ। ਮੈਂ ਆਪਣੇ ਆਪ ਵਿੱਚ ਪਾਤਰ ਹੁੰਦਾ ਹੈ। ਮੈਥੋਂ ਥਰਡ ਪਰਸਨ ਵਿੱਚ ਕਹਾਣੀ ਲਿਖੀ ਨਹੀਂ ਜਾਂਦੀ। ਮੇਰੇ ਦਿਮਾਗ ਜਾਂ ਸੋਚ ਦੀ ਬਣਤਰ ਹੀ ਅਜਿਹੀ ਬਣ ਗਈ ਹੈ।

**ਵਿਸ਼ੇਸ਼** : ਕਹਾਣੀਕਾਰ, ਸੰਪਾਦਕ ਸਾਹਿਬ, ਤੁਸੀਂ ਇਸ ਇੰਟਰਵਿਊ ਵੇਲੇ ਮੈਨੂੰ ਢਾਹਾਂ ਇਨਾਮ ਦੀਆਂ ਵਧਾਈਆਂ ਹੀ ਨਹੀਂ ਦਿੱਤੀਆਂ। ਚੱਲੋ ਪਹਿਲਾਂ ਹਰਿੰਦਰ ਭੈਣ ਜੀ, ਬਰਜ ਹੋਰਾਂ ਤੇ ਜਿਊਰੀ ਮੈਂਬਰਾਂ ਦਾ ਮੈਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ 'ਸੇਫ਼ਟੀ ਕਿੱਟ' ਨੂੰ ਇਸ ਇਨਾਮ ਦੇ ਯੋਗ ਸਮਝਿਆ। ਤੂੰ ਇੰਟਰਵਿਊ ਕੀਤੀ। ਬਹੁਤ ਤਿੱਖੇ ਸਵਾਲ ਪੁੱਛੇ। ਜਿਸ ਨੂੰ ਮੈਂ ਆਰ ਲਾਉਣਾ ਕਹਿੰਨਾ ਹੁੰਨਾਂ ਤੂੰ ਉਹ ਲਾਈ। ਚੰਗਾ ਲੱਗਾ। ਸ਼ਾਇਦ ਪਾਠਕ ਮੇਰੀ ਭਾਵਨਾ ਤੇ ਤੇਰੇ ਸੁਆਲਾਂ ਨੂੰ ਇੱਕ-ਦੂਜੇ ਪ੍ਰਤੀ ਕੁੜੱਤਣ ਨਹੀਂ-ਇੱਕ ਸੰਵਾਦ ਵਜੋਂ ਲੈਣਗੇ। ਰੱਬ ਰਾਖਾ।

**? ਸ਼ੁਕਰ ਏ ਤੁਸੀਂ ਮੈਨੂੰ 'ਕਹਾਣੀਕਾਰ' ਤਾਂ ਮੰਨਿਆ ਨਾਲੇ 'ਸੰਪਾਦਕ' ਵੀ।** (09.12.2024)

ਲਹਿੰਦੇ ਪੰਜਾਬੀ ਰੰਗ ਵਿੱਚ ਬਦੇਸੀ ਕਹਾਣੀਆਂ





# ਸ਼ਿਕਾਰ

**ਲੇਖਕ : ਗ਼ਸਾਨ ਕਨਅਫ਼ਾਨੀ**

**ਉਲੱਥਾਕਾਰ : ਮਕਸੂਦ ਸਾਕਿਬ ਲਾਹੌਰ**

**ਲਿਪੀਅਾਂਤਰ : ਜੋਗਿੰਦਰ ਪਾਲ ਮਾਨ**

ਸਾਡੀ ਦੁਨੀਆ ਬੜੇ ਧਿਆਨ ਨਾਲ਼ ਵੰਡੀ ਹੋਈ ਏ, ਹਰ ਕੋਈ ਆਪਣੇ ਥਾਂ ਮਰਾਤਬੇ ਸਿਰ।

ਸਾਡੇ ਤੇ ਬਿਲਡਿੰਗ ਦੇ ਚੌਕੀਦਾਰ ਦਾ ਰਿਸ਼ਤਾ ਵੀ ਇੰਜ ਦਾ ਸੀ। ਸਾਡੀ ਉਹਨਾਂ ਦੀ ਗੱਲਬਾਤ ਕਦੀਂ ਸਲਾਮ ਦੁਆ ਤੋਂ ਅੱਗੇ ਨਹੀਂ ਸੀ ਵਧੀ। ਅਸੀਂ ਇੰਜੀਨੀਅਰ ਸਾਂ, ਉਹ ਚੌਕੀਦਾਰ ਬਿਲਡਿੰਗ ਸਾਨੂੰ ਕੰਪਨੀ ਵਲੋਂ ਮਿਲ਼ੀ ਹੋਈ ਸੀ।

"ਸਲਾਮਾਲੇਕਮ, ਜਾਦਾਨ!"

ਲੱਕੜ ਦੇ ਫੱਟੇ ਤੋਂ ਫਿੱਕੀ ਵਾਜ ਵਿਚ ਜਵਾਬ ਆਂਵਦਾ

"ਵਾਲੇਕਮ ਸਲਾਮ, ਅਬਦੁੱਲਾ!"

ਏਹ ਅਬਦੁੱਲਾ ਅਸੀਂ ਸਾਰੇ ਈ ਸਾਂ, ਸਾਡੇ ਵਿੱਚੋਂ ਹਰ ਕਿਸੇ ਨੂੰ ਉਹ ਅਬਦੁੱਲਾ ਈ ਆਖਦਾ। ਜਾਦਾਨ ਨੇ ਕਦੀਂ ਸਾਡੇ ਨਾਂ ਪੁੱਛਣ ਦੀ ਲੋੜ ਨਾ ਜਾਤੀ। ਉਹਦੀ ਭਾਣੇ ਅਸੀਂ ਸਾਰੇ ਅਬਦੁੱਲੇ ਸਾਂ, ਬਸ ਅਬਦੁੱਲੇ... ਤੇ ਉਂਜ ਵੀ ਰੱਬ ਮੁਸਲਮੀਨਾਂ ਨੂੰ ਓਭੜਾਂ ਦੇ ਨਾਂ ਚੇਤੇ ਨਾ ਕਰਾਏ!

ਸਾਨੂੰ ਮਿਲ਼ੀ ਏਸ ਨਵੀਂ ਬਿਲਡਿੰਗ ਅੰਦਰ ਜਾਂਦੇ ਗਲੇ ਦੇ ਮੂੰਹ ਉੱਤੇ ਚੌਕੀਦਾਰਾਂ ਦਾ ਕੋਠਾ ਸੀ। ਨਵੀਂ ਬਿਲਡਿੰਗ ਪਿਛਲੀ ਨਾਲੋਂ ਢੇਰ ਵਧੀਆ ਸੀ। ਓਹ ਬੜੀ ਗੰਦੀ ਸੀ, ਉੱਤੋਂ ਚੂਹਿਆਂ ਤੇ ਗਵਾਂਢੀਆਂ ਦੀ ਭਰਮਾਰ ਰਹਿੰਦੀ।

ਨਵੀਂ ਬਿਲਡਿੰਗ ਵਿਚ ਅਸੀਂ ਹਰ ਸ਼ੈ ਤੋਂ ਵੱਖ ਰਹਿੰਦੇ ਸਾਂ, ਏਥੋਂ ਤੀਕਰ ਕਿ ਜਿਵੇਂ ਜਿਵੇਂ ਵੇਲਾ ਗੁਜ਼ਰਦਾ ਗਿਆ ਸਾਨੂੰ ਲੱਗਣ ਲੱਗ ਪਿਆ ਅਸੀਂ ਆਪਣੇ ਆਸੇ ਪਾਸੇ ਤੋਂ ਈ ਨਹੀਂ ਸਗੋਂ ਸਾਰੇ ਸ਼ਹਿਰ ਤੋਂ ਓਭੜ ਹੋ ਗਏ ਆਂ। ਆਂਵਦਿਆਂ ਜਾਂਦਿਆਂ ਜੇ ਏਹ ਚੌਕੀਦਾਰ ਸਾਡੇ ਨਾਲ ਸਲਾਮ ਦੁਆ ਨਾ ਲੈਂਦੇ ਹੋਂਦੇ ਤਾਂ ਸਾਨੂੰ ਲੱਗਣਾ ਸੀ ਅਸੀਂ ਆਪਣੇ ਆਪ ਨੂੰ ਆਪ ਈ ਕਿਸੇ ਬਹੁੰ ਵੱਡੇ ਪਿੰਜਰੇ ਵਿਚ ਪਾ ਲਿਆ ਏ।

ਚੌਕੀਦਾਰ ਬੱਦੂ ਸਨ, ਰੇਤਾਂ ਤੋਂ ਆਏ ਹੋਏ। ਜਾਦਾਨ ਰਾਤ ਦੇ ਪਹਿਰੇ ਤੇ ਹੋਂਦਾ ਸੀ, ਪਰ ਉਹ ਦਿਨ ਵੇਲੇ ਵੀ ਕਈਂ ਕਈਂ ਘੰਟੇ ਆਲ਼ੇ ਦੁਵਾਲ਼ੇ ਭੌਂਦਾ ਰਹਿੰਦਾ ਸੀ। ਨਹੀਂ ਤੇ ਹੋਰ ਕਰਦਾ ਵੀ ਕੀ। ਦਿਨੇ ਜੇਹੜੇ ਚੌਕੀਦਾਰ ਦਾ ਪਹਿਰਾ ਹੋਂਦਾ ਉਹਦਾ ਨਾਂ ਮੁਬਾਰਕ ਸੀ। ਹੋਣਾ ਏ ਕੋਈ ਚਾਲ਼ੀਆਂ ਵਰ੍ਹਿਆਂ ਦਾ, ਵਾਹਵਾ ਭਗੜਾ, ਕਾਲ਼ੇ ਪੱਕੇ ਰੰਗ ਦਾ। ਜਦੋਂ ਟੁਰਦਾ ਕੁੱਬ ਕੱਢਿਆ ਹੋਂਦਾ, ਜਿਵੇਂ ਬਹਿ ਕੇ ਹੁਣੇ ਈ ਉੱਠਿਆ ਹੋਵੇ। ਉਹ ਚੌਕੀਦਾਰਾਂ ਨੂੰ ਮਿਲ਼ੀ ਗੂੜ੍ਹੇ ਨੀਲੇ ਰੰਗ ਦੀ ਵੱਡੇ ਵੱਡੇ ਪਿੱਤਲ਼ ਦੇ ਬਟਨਾਂ ਵਾਲ਼ੀ ਵਰਦੀ ਪਾਂਦਾ, ਤੇ ਅੰਦਰ ਚੌਕੀਦਾਰਾਂ ਦੇ ਸਾਫ਼ ਸੁਥਰੇ ਕਮਰੇ ਵਿਚ ਚਿੱਟੀਆਂ ਚਾਦਰਾਂ ਲੈ ਕੇ ਸੌਂਦਾ। ਏਹ ਚਾਦਰਾਂ ਹਰ ਹਫ਼ਤੇ ਬਦਲੀਆਂ ਜਾਂਦੀਆਂ।

ਦੁਨੀਆਂ ਤੋਂ ਅੱਡੜੇ ਹੋ ਕੇ ਵੀ ਅਸਾਂ ਸਹੀ ਕਰ ਲਿਆ, ਮੁਬਾਰਕ ਤੇ ਜਾਦਾਨ ਅੰਦਰੋਂ ਇਕ ਦੂਜੇ

ਨਾਲ ਵੈਰ ਰੱਖਦੇ ਤੇ ਕਿੜ ਖਾਂਦੇ ਸਨ। ਛੇਤੀ ਈ ਸਾਡੇ ਧਿਆਨ ਵਿੱਚ ਆਇਆ ਜਾਦਾਨ ਕਦੀਂ ਵਰਦੀ ਨਹੀਂ ਸੀ ਪਾਂਦਾ। ਮੈਲ਼ੇ ਚਿੱਕੜ ਚੋਲ਼ੇ ਉੱਤੇ (ਜੇਹੜਾ ਖ਼ਬਰੇ ਕਦੀਂ ਚਿੱਟਾ ਰਹਿਆ ਹੋਸੀ) ਅਬਾ (ਕੰਬਲ਼ੀ) ਜੇਹੀ ਪਾਈ ਰੱਖਦਾ। ਅਸਾਂ ਏਹ ਵੀ ਡਿੱਠਾ ਜਾਦਾਨ ਨੇ ਅੰਦਰ ਨਾ ਸੌਣ ਦੀ ਸਹੁੰ ਖਾਧੀ ਹੋਈ ਸੀ। ਉਹਨੇ ਲੱਕੜ ਦੇ ਫੱਟੇ ਜੋੜ ਕੇ ਛੇ ਪਾਵਿਆਂ ਦਾ ਅੱਡਾ ਬਣਾਇਆ ਹੋਇਆ ਸੀ। ਏਹ ਫੱਟੇ ਉਹਨੇ ਇਕ ਵੱਡੇ ਸਾਰੇ ਲੱਕੜ ਦੇ ਖੋਖੇ ਵਿੱਚੋਂ ਕੱਢੇ ਸਨ। ਅੱਡੇ ਉੱਤੇ ਉਹਨੇ ਬੱਕਰੀ ਦੀ ਕਾਲ਼ੀ ਖੱਲ ਵਛਾਈ ਹੋਈ ਸੀ। ਰਾਤ ਮੁੱਕਦੀ ਤਾਂ ਅਸੀਂ ਵੇਂਹਦੇ ਉਹ ਅਬਾ (ਕੰਬਲ਼ੀ) ਲਾਹ ਕੇ ਉਹਦਾ ਸਿਰਹਾਣਾ ਕਰਦਾ ਤੇ ਪਿੰਡੇ ਉੱਤੇ ਕੁਝ ਲਏ ਬਿਨਾ ਜਾਗੋ ਮੀਟੀ ਹੋ ਰਹਿੰਦਾ। ਕਮਰੇ ਅੰਦਰ ਅਸਾਂ ਉਹਨੂੰ ਕਦੀਂ ਪੈਰ ਧਰਦੇ ਵੀ ਨਹੀਂ ਸੀ ਵੇਖਿਆ ਤੇ ਨਾ ਈ ਕਦੀਂ ਉਹਨੇ ਪਿੱਤਲ਼ ਦੇ ਬਟਣਾਂ ਵਾਲ਼ੀ ਗੂੜ੍ਹੀ ਨੀਲੀ ਵਰਦੀ ਤਨ ਨਾਲ਼ ਛੁਹਾਈ ਸੀ।

ਹੋ ਸਕਦਾ ਏ ਜਾਦਾਨ ਆਪਣੇ ਪੇਟੀ ਭਰਾ ਮੁਬਾਰਕ ਨੂੰ ਗੁੱਝੀਆਂ ਚੋਟਾਂ ਵੀ ਕਰਦਾ ਹੋਵੇ, ਜਾਂ ਖ਼ਬਰੇ ਸਾਨੂੰ ਈ ਇੰਜ ਜਾਪਦਾ ਸੀ। ਮੁਬਾਰਕ ਵਰਦੀ ਠਠਾਈ ਹੋਂਦੀ ਤੇ ਜਦੋਂ ਜਾਦਾਨ ਉਹਨੂੰ ਆਪਣੀਆਂ ਨਿੱਕੀਆਂ ਨਿੱਕੀਆਂ ਤਰਿੱਖੀਆਂ ਅੱਖਾਂ ਨਾਲ ਸਿਰ ਤੋਂ ਪੈਰਾਂ ਤਾਈਂ ਚਾਮਦਾ ਤਾਂ ਉਹ ਅੰਦਰੇ ਅੰਦਰ ਪੱਚੀ ਜੇਹਾ ਹੋਇਆ ਰਹਿੰਦਾ।

ਸਾਡਾ ਸ਼ੱਕ ਇੰਜ ਸੱਚਾ ਹੋਇਆ, ਇਕ ਦਿਨ ਮੁਬਾਰਕ ਨੇ ਮੈਨੂੰ ਖਲ੍ਹਿਆਰ ਕੇ ਜਾਦਾਨ ਦੇ ਖ਼ਿਲਾਫ਼ ਕੰਪਨੀ ਦੇ ਸਰਕੋਪ (ਪ੍ਰਬੰਧਕ) ਨਾਵੇਂ ਦਰਖ਼ਾਸ ਲਿਖ ਦੇਣ ਦਾ ਤਰਲਾ ਲਿਆ।

"ਦਰਖ਼ਾਸ ਕੀਹਦੇ ਖ਼ਿਲਾਫ਼ ਲਿਖਣੀ ਏ, ਮੁਬਾਰਕ?" ਮੈਂ ਉਹਦੇ ਤੋਂ ਛੇ ਦਰੇਜ ਵੱਡੇ ਇੰਜੀਨੀਅਰ ਵਾਲ਼ੇ ਵਾਜ ਵਿਚ ਈ ਪੁੱਛਿਆ।

"ਜਾਦਾਨ ਦੇ ਖ਼ਿਲਾਫ਼ ਜੀ।" ਉਹਨੇ ਆਖਿਆ। "ਜੀ ਉਹਨੇ ਆਪਣੀ ਵਾਰੀ ਖੁਰਾ ਧੋਣ ਤੋਂ ਨਾਂਹ ਕਰ ਦਿੱਤੀ ਏ।"

"ਕਿਉਂ?"

"ਪਤਾ ਨਹੀਂ ਜੀ। ਉਹ ਤੁਹਾਡੇ ਨੌਕਰ ਨੂੰ ਤਿੰਨ ਰੁਪਏ ਦੇ ਕੇ ਖੁਰਾ ਧਵਾਂਦਾ ਹੋਂਦਾ ਸੀ।"

"ਜੀਹਦੇ ਕੋਲੋਂ ਮਰਜ਼ੀ ਧਵਾਏ, ਖ਼ੁਰਾ ਤਾਂ ਸਾਫ਼ ਹੋਂਦਾ ਏ!"

ਉਹਨੇ ਕੰਧ ਨਾਲ਼ ਢਾਸਣਾ ਲਾ ਲਿਆ। ਉਹ ਗੁੱਸੇ ਸੀ। ਉੱਚੀ ਉੱਚੀ ਦੱਸਣ ਲੱਗਾ।

"ਸਰ ਜੀ ਸੁਣੋ। ਹਫ਼ਤਾ ਹੋ ਗਿਆ ਏ ਤੁਹਾਡੇ ਨੌਕਰ ਨੇਂ ਜਵਾਬ ਦੇ ਛੱਡਿਆ ਏ। ਪਤਾ ਜੇ ਏਹਨੇ ਕੀ ਕੀਤਾ ਏ? ਮੈਨੂੰ ਆਖਿਓਸ ਤੂੰ ਖੁਰਾ ਸਾਫ਼ ਕਰ ਦਿਆ ਕਰ ਤੇ ਪੰਜ ਰੁਪਏ ਲੈ ਲਿਆ ਕਰ!"

"ਜਾਦਾਨ ਏਹ ਕੰਮ ਆਪ ਕਿਉਂ ਨਹੀਂ ਕਰਦਾ? ਏਹ ਉਹਦੇ ਸਾਰੇ ਕੰਮ ਵਿੱਚ ਨਹੀਂ ਆਂਵਦਾ?"

ਉਹਨੇ ਸਿਰ ਮਾਰਕੇ ਬਾਂਹਵਾਂ ਤੋਂ ਮਿੱਟੀ ਝਾੜੀ।

"ਜੀ ਆ, ਜੀ ਆ। ਪਤਾ ਜੇ ਕਿਉਂ ਨਹੀਂ ਆਪ ਕਰਦਾ? ਉਹ ਤਾਂ ਕੰਮ ਕਰਨ ਆਇਆ ਈ ਨਹੀਂ ਹੋਇਆ।"

"ਹੋਰ ਕੀ ਕਰਨ ਆਇਆ ਏ?"

ਉਹਨੇ ਮੁੜ ਇਕ ਵਾਰੀ ਸਿਰ ਮਾਰਿਆ, ਜਿਵੇਂ ਕੁਝ ਨਾ ਸੁੱਝਦਾ ਹੋਵੇ ਤੇ ਫੇਰ ਨ੍ਹਿੰਮੇ ਜੇਹੇ ਵਾਜ ਨਾਲ਼ ਛਿੜ ਪਿਆ,

"ਮੈਨੂੰ ਪਤਾ ਤਾਂ ਨਹੀਂ... ਪਰ ਪੱਕ ਜ਼ਰੂਰ ਏ ਏਹ ਪਿੱਛੋਂ ਨੱਸ ਕੇ ਆਇਆ ਹੋਇਆ ਏ।"

ਮੁਬਾਰਕ ਜਾਦਾਨ ਦੇ ਬੰਚ ਉੱਤੇ ਹੋ ਬੈਠਾ ਤੇ ਕ੍ਰੋਧੀ ਅੱਖਾਂ ਨਾਲ਼ ਮੈਨੂੰ ਦੱਸਣ ਲੱਗ ਪਿਆ,

ਮੁੱਦਤਾਂ ਪੁਰਾਣੀ ਗੱਲ ਏ। ਏਹ ਰੱਤੇ ਵਾਲ਼ਾਂ ਵਾਲੀ ਇੱਕ ਕੁੜੀ ਨਾਲ ਵਿਆਹ ਕਰਨਾ ਚਾਹੁੰਦਾ ਸੀ। ਗਵਾਂਢ ਡੇਰੇ ਦੇ ਲੋਕ ਇਕ ਵਾਰੀ ਹਿਰਨ ਦਾ ਸ਼ਿਕਾਰ ਖੇਡਣ ਆਏ ਤਾਂ ਏਹਨੇ ਨਾਲ਼ ਆਈ ਹੋਈ ਏਹ ਵੇਖ ਲਈ।''

ਮੈਂ ਹਰਾਨ ਹੋਂਦਿਆਂ ਕਹਿਆ , ''ਜਾਦਾਨ ਨੂੰ ਪਿਆਰ ਹੋ ਗਿਆ?''

''ਆਹੋ ਸ਼ੇਖ਼ ਨੇ ਏਹਨੂੰ ਉਹਨਾਂ ਜਣੇ ਜਣੀਆਂ ਨਾਲ ਜਾਣ ਦਾ ਹੁਕਮ ਚਾ ਦਿੱਤਾ। ਪਤਾ ਜੇ ਕੀ ਹੋਇਆ। ਏਹਨੂੰ ਕੁੜੀ ਨਾਲ਼ ਇਸ਼ਕ ਹੋ ਗਿਆ। ਜਦੋਂ ਕੁੜੀ ਟੁਰ ਗਈ ਤਾਂ ਏਹ ਸ਼ੁਦਾਈ ਹੋ ਗਿਆ।''

ਮੁਬਾਰਕ ਇਕ ਟਾਹਣੀ ਨਾਲ਼ ਐਵੇਂ ਈ ਭੋਇੰ ਉੱਤੇ ਲੀਕਾਂ ਵਾਹਣ ਲੱਗ ਪਿਆ, ਫੇਰ ਆਖਿਓਸ,

''ਉਥੇ ਲੋਕ ਕਈਂ ਗੱਲਾਂ ਕਰਦੇ ਨੇਂ। ਕੁਝ ਆਖਦੇ ਨੇਂ ਕੁੜੀ ਵੀ ਏਹਦੇ ਨਾਲ਼ ਪਿਆਰ ਕਰਦੀ ਸੀ।''

''ਪਿਆਰ ਕਰਦੀ ਸੀ ਤਾਂ ਏਹਨਾਂ ਵਿਆਹ ਕਿਉਂ ਨਾ ਕਰ ਲਿਆ।

''ਲਓ ਰੱਤੇ ਵਾਲ਼ਾਂ ਵਾਲ਼ੀ ਏਸ ਬੱਦੂ ਨਾਲ਼ ਵਿਆਹ ਤੇ ਮੰਨਦੀ ਸੀ ਭਲਾ? ਏਹ ਭਾਵੇਂ ਚੰਗਾ ਬੰਦਾ ਸੀ, ਪਰ ਐਡਾ ਵੀ ਤਾਂ ਅਨ੍ਹੇਰ ਨਹੀਂ ਸੀ ਨਾ ਪਿਆ ਹੋਇਆ। ਪਤਾ ਜੇ? ਏਹਨੇ ਆਪਣੀ ਜਣੀ ਨੂੰ ਕਾਗਜ਼ ਦੇ ਛੱਡਿਆ।''

ਮੈਂ ਉੱਠ ਖਲੋਤਾ, ਪਰ ਜਾਣ ਤੋਂ ਪਹਿਲਾਂ ਮੈਂ ਪੁੱਛਿਆ, ''ਫੇਰ ਏਹ ਏਥੇ ਕੰਮ ਕਿਉਂ ਕਰਦਾ ਏ?''

''ਆਖਦਾ ਏ ਮੈਂ ਕੋਈ ਏਥੇ ਕੰਮ ਕਰਨਾਂ। ਮੈਂ ਤਾਂ ਨਿਰਾ ਬਹਿ ਰਹਿਨਾਂ ਆਂ, ਜਿਵੇਂ ਦੁਨੀਆ ਵਿੱਚ ਕਿੱਧਰੇ ਵੀ ਕੋਈ ਬਹਿ ਰਵ੍ਹੇ। ਆਖਦਾ ਏ ਉਹ ਤਾਂ ਵੇਲਾ ਕੱਟਦਾ ਪਿਆ ਏ। ਏਹ ਵੀ ਆਂਹਦਾ ਏ ਉਹ ਏਥੇ ਈ ਚੁੱਪ-ਚਾਣ ਮਰ ਜਾਣਾ ਚਾਂਹਦਾ ਏ। ਆਪਣੇ ਲੋਕਾਂ ਵਿੱਚ ਪਰਤਣ ਦੀ ਏਹਨੂੰ ਕੋਈ ਖ਼ਾਹਸ਼ ਨਹੀਂ। ਮੈਂ ਆਹਨਾਂ ਏਹ ਸ਼ੁਦਾਈ ਏ। ਸ਼ਕਾਇਤ ਲਿਖ ਦਿਉਗੇ?''

ਕੋਈ ਜਵਾਬ ਦਿੱਤੇ ਬਿਨਾ ਮੈਂ ਉਥੋਂ ਟੁਰ ਪਿਆ, ਤੇ ਫੇਰ ਪੌੜੀਆਂ ਚੜ੍ਹ ਕੇ ਆਪਣੇ ਕਮਰੇ ਵਿੱਚ ਆ ਗਿਆ।

ਜਾਦਾਨ ਨਾਲ਼ ਮੁਬਾਰਕ ਬਾਰੇ ਗੱਲ ਕਰਨਾ ਸੌਖਾ ਨਹੀਂ ਸੀ, ਫੇਰ ਵੀ ਮੈਂ ਜਤਨ ਕੀਤੀ ਰੱਖਿਆ। ਉਹ ਆਪਣੀਆਂ ਖਰਵੀਆਂ ਖੁੱਡੇ ਲੱਥੀਆਂ ਅੱਖਾਂ ਅੱਗੇ ਚੁੱਪ ਦਾ ਬੰਨ੍ਹ ਮਾਰਦਾ ਤਾਂ ਮੈਂ ਆਤਰ ਹੋਇਆ ਰਹਿ ਜਾਂਦਾ। ਉੜਕ ਮੈਂ ਇਕ ਦਿਨ ਉਹਦੇ ਨਾਲ ਉਹਦੇ ਨੀਵੇਂ ਜੇਹੇ ਬੰਚ ਉੱਤੇ ਬਹਿ ਈ ਗਿਆ, ਹਾਲਾਂ ਅੰਦਰੋਂ ਮੇਰਾ ਦਿਲ ਕੋਈ ਨਹੀਂ ਸੀ। ਮੈਂ ਰਾਤ ਨੂੰ ਵਾਹਵਾ ਈ ਚਿਰਕਾ ਮੁੜਿਆ, ਕੁੰਜੀਆਂ ਮੈਂ ਆਪਣੇ ਇਕ ਬੇਲੀ ਵੱਲ ਭੁੱਲ ਆਇਆ ਸਾਂ।

''ਭਲ਼ਕੇ ਅਸਾਂ ਸ਼ਿਕਾਰ ਖੇਡਣ ਜਾਣਾ ਏ, ਰਾਤੀਂ ਮੈਨੂੰ ਛੇਤੀ ਸੌਣਾ ਚਾਹੀਦਾ ਸੀ।

''ਸ਼ਿਕਾਰ ਖੇਡਣ? ਜਾਦਾਨ ਨੇ ਆਪਣੇ ਲਈ ਸਿਰਗਟ ਵੱਟਦਿਆਂ ਆਪ ਧਿਆਨੇ ਪੁੱਛਿਆ।

''ਆਹੋ, ਹਿਰਨ ਦਾ।''

''ਤੁਸੀਂ ਹਿਰਨ ਕੀਵੇਂ ਸ਼ਿਕਾਰ ਕਰਦੇ ਓ?''

''ਕਾਰ ਤੇ ਚੜ੍ਹ ਕੇ ਜਿਵੇਂ ਕਰੇਂਦੇ ਨੇ।''

ਉਹਨੇ ਸਿਰ ਮਾਰਿਆ ਤੇ ਉਂਜੇ ਸਿਰਗਟ ਵੱਟਦਾ ਰਹਿਆ। ਮੁੜ ਜੀਵੇਂ ਆਪਣੇ-ਆਪ ਨਾਲ਼ ਗੱਲਾਂ ਕਰੀਂਦੀਆਂ ਨੇ ਬੋਲਿਆ

''ਤੁਸੀਂ ਕਾਰ ਨਾਲ਼ ਭਜਾ ਕੇ ਸੋਹਦੇ ਮਿਰਗ ਨੂੰ ਡਾਰੋਂ ਨਖੇੜ ਕੇ ਕੱਲਿਆਂ ਕਰ ਦੇਂਦੇ ਓ। ਕਈਂ ਘੰਟੇ ਭਜਾਈ ਰੱਖਦੇ ਓ ਜਦੋਂ ਭੱਜ ਭੱਜ ਕੇ ਹੰਭ ਟੁੱਟ ਜਾਂਦੀ ਸੂ ਤੇ ਸਾਹ ਲੈਣ ਲਈ ਅਜਕਦਾ ਏ ਤੁਸੀਂ ਕਾਰੋਂ ਲਹਿ ਕੇ ਇੰਜ ਫੱਟ ਲੈਂਦੇ ਓ ਜਿਵੇਂ ਚੂਚਾ ਫੱਟੀਦਾ ਏ...।'' ਉਹਨੇ ਸਿਰਗਟ ਲਾਇਆ ਤੇ ਲੰਮਾ ਸੂਟਾ

ਛਿਕਿਆ। ਮੁੜ ਮੇਰੀਆਂ ਅੱਖੀਂ ਵਿੱਚ ਸਿੱਧਾ ਤੱਕਦਿਆਂ ਪਕਿਆਈ ਨਾਲ਼ ਬੋਲਿਆ,

"ਬੇਆਦਰੀ ਏ ਏਹ!"

"ਬੇਆਦਰੀ? ਲੋਕ ਕਿਵੇਂ ਮਿਰਗ ਸ਼ਿਕਾਰ ਕਰਦੇ ਨੇਂ? ਬੰਦੂਕ ਨਾਲ਼?"

"ਨਾ, ਏਹ ਤਾਂ ਉਹਨੂੰ ਹੋਰ ਵੀ ਹੌਲ਼ਿਆ ਕਰਨ ਏ।"

"ਮੁੜ?"

ਉਹਨੇ ਇਕ ਹੋਰ ਸੂਟਾ ਛਿੱਕਿਆ ਤੇ ਧੂੰ ਦੇ ਸੰਘਣੇ ਬੱਦਲ਼ ਥਾਂਵਿਉਂ ਮੈਨੂੰ ਕੈਰੀਂ ਅੱਖੀਂ ਤੱਕਿਆ। ਉਸ ਨਿੰਮ੍ਹਾ ਜੇਹਾ ਆਖਿਆ,

"ਤੁਹਾਨੂੰ ਕਾਰ ਨਾਲ਼ ਜਾਂ ਬੰਦੂਕ ਨਾਲ਼ ਮਿਰਗ ਨਹੀਂ ਸ਼ਿਕਾਰ ਕਰਨੇ ਚਾਹੀਦੇ, ਅਬਦੁੱਲਾ।"

"ਕਿਉਂ?"

ਓਹਨੇ ਚਾਣਚੱਕ ਮੈਨੂੰ ਤੱਕਿਆ ਜੀਵੇਂ ਮੇਰੀ ਪੁੱਛ ਉਹਨੂੰ ਜ਼ਖ਼ਮਾਂ ਗਈ ਹੋਵੇ। ਉਸ ਮੇਰੇ ਮੂੰਹ ਕੋਲ ਸਿਰਗਟ ਉਂਗਲਾਂ ਵਿੱਚ ਭਵਾਇਆਂ ਤੇ ਉਹਦੀਆਂ ਅੱਖਾਂ ਲਿਸ਼ਕੀਆਂ।

"ਤੁਸਾਂ ਕਦੀਂ ਥਲ ਵਿੱਚ ਬੈਠਣ ਦੀ ਵੀ ਕੀਤੀ ਏ, ਮਿਰਗ ਤੁਹਾਡੇ ਕੋਲ਼ ਚੱਲ ਕੇ ਆਏ ਹੋਵਣ? ਤੁਹਾਡੇ ਮੋਢੇ ਨਾਲ਼ ਸਿਰ ਘਸਰਨ ਤੇ ਤੁਹਾਡੀ ਧੌਣ ਵੱਲ ਮੂੰਹ ਉਲਾਰਨ। ਤੁਹਾਡੇ ਦਵਾਲ਼ੇ ਫਿਰਨ, ਤੁਹਾਨੂੰ ਅੱਖੀਂ ਖੋਲ ਕੇ ਤੱਕਣ ਤੇ ਫੇਰ ਪਿਛਾਂਹ ਟੁਰ ਜਾਵਣ। ਤੁਸਾਂ ਕਦੀਂ ਸੋਚਿਆ ਏ?"

"ਨਹੀਂ। ਤੇਰੇ ਨਾਲ਼ ਹੋਇਆ ਏ?"

ਉਹਨੇ ਜਿਵੇਂ ਮੇਰੀ ਪੁੱਛ ਨਾ ਸੁਣੀ ਹੋਵੇ ਚਘਦਿਆਂ (ਚਿੜਾਉਂਦਿਆਂ) ਬੁੜ ਬੁੜ ਕੀਤਿਉਸ,

"ਗੱਲਾਂ ਤੁਸੀਂ ਸ਼ਿਕਾਰ ਦੀਆਂ ਕਰਦੇ ਓ?"

ਮੈਥੋਂ ਹੋਰ ਨਾ ਜਰਨ ਹੋਇਆ, ਮੈਂ ਬੋਲ ਪਿਆ,

"ਤੂੰ ਵੀ ਸ਼ਿਕਾਰੀ ਨਹੀਂ ਰਹਿਆ?"

"ਚਰੋਕੀ ਗੱਲ ਏ ਅਬਦੁੱਲਾ, ਬਹੁੰ ਚਿਰਾਂ ਦੀ।"

ਮੈਂ ਹੋਰ ਵਧਿਆ, "ਤੇ ਕਿਵੇਂ ਸ਼ਿਕਾਰ ਕਰਦਾ ਸੈਂ?"

ਉਹਨੇ ਮੁੰਝ (ਫ਼ਿਕਰ) ਵਿਚ ਸਿਰ ਮਾਰਿਆ ਤੇ ਦੁਹਰਾਇਆ,

"ਆਹੋ ਤੁਸਾਂ ਉਹਨੂੰ ਚੂਚੇ ਵਾਕਣ ਨੱਪ ਲੈਂਦੇ ਓ, ਅਬਦੁੱਲਾ...।"

ਉਹਨੇ ਮੇਰੇ ਵੱਲ ਮੂੰਹ ਭਵਾਇਆ, ਟੰਗਾਂ ਪਸਾਰ ਕੇ ਬੰਚ ਉੱਤੇ ਚੌਕੜੀ ਮਾਰੀ ਤੇ ਆਪਣਾ ਕਾਠਾ (ਸਖ਼ਤ) ਹੱਥ ਮੇਰੇ ਗੋਡੇ ਉੱਤੇ ਧਰ ਦਿੱਤਾ। ਅਨ੍ਹੇਰੇ ਵਿਚੋਂ ਕਿਤੋਂ ਦੂਰ ਦੁਰਾਡਿਉਂ ਵਾਜ ਆਇਆ।

"ਸੁਣ ਅਬਦੁੱਲਾ, ਵੀਹ ਵਰ੍ਹੇ ਹੋ ਗਏ ਨੇ ਜਦੋਂ ਮੈਂ ਸ਼ਿਕਾਰ ਕਰਦਾ ਸਾਂ। ਮੇਰੇ ਕੋਲ਼ ਇਕ ਚੋਣ ਸ਼ਿਕਰਾ ਹੋਂਦਾ ਸੀ, ਨਾਰ। ਕਬੀਲੇ ਦੇ ਵੇਖੇ ਭਾਲ਼ੇ ਸ਼ਿਕਰਿਆਂ ਦਾ ਸਰਦਾਰ। ਉੱਡਦਾ ਤਾਂ ਖੰਭਾਂ ਨਾਲ ਸੂਰਜ ਓਹਲੇ ਕਰ ਦੇਂਦਾ, ਮੁੜ ਉਹਨਾਂ ਨੂੰ ਕੱਠਿਆਂ ਕਰ ਕੇ ਇੰਜ ਪੱਥਰ ਵਾਂਗ ਹੇਠਾਂ ਡਠਦਾ ਪੀ ਲੋਕੀਂ ਕੂਕ ਪੈਂਦੇ, "ਜਾਦਾਨ ਦੇ ਨਾਰ ਨੇ ਮਿਗਰ ਭਸਮ ਦਿੱਤੈ ਜੇ।"

ਮੁੜ ਚੁੱਪ ਵਰਤ ਗਈ। ਮੈਂ ਗਵੇੜਿਆ ਉਹ ਚੁੱਪ ਕਰ ਗਿਆ ਸੀ, ਅਨ੍ਹੇਰੇ ਵਿਚ ਵੀ ਮੈਨੂੰ ਓਹਦਾ ਮੂੰਹ ਖੁਸ਼ੀ ਨਾਲ਼ ਭਖਦਾ ਜਾਪਿਆ, ਜਿਵੇਂ ਬੰਦਿਆਂ ਦੇ ਆਪਣੇ ਵਿਛੁੰਨਿਆਂ ਦੇ ਨਾਵਾਂ ਤੇ ਭਖ ਪੈਂਦੇ ਨੇਂ। ਵਾਜ ਪਰਤਿਆ, ਮਾਂਦਾ ਜੇਹਾ ਤੇ ਸੁਣੇਵਣੋਂ ਆਤਰ,

"ਵੀਹ ਵਰ੍ਹੇ ਅਗਦੇਂ ... ਮੈਂ ਸ਼ਿਕਰੇ ਦੀ ਟੋਪੀ ਲਾਹੀ। ਉਹ ਉੱਡਿਆ , ਦਵਾਲ਼ੇ ਭਵਾਲ਼ੀ ਮਾਰਿਓਸ। ਪਹੁੰਚ ਵਿਚ ਹਿਕਾ ਮਿਰਗ ਸੀ। ਦੂਰ ਹੋਂਦਿਆਂ ਵੀ ਉਹਦਾ ਰੰਗ ਸਿਆਨਿਆ ਜਾਂਦਾ ਸੀ। ਰੱਤਾ ਲਾਲ

ਮਿੱਟੀ ਦੀ ਭੈ ਮਾਰਦਾ। ਇਜੇਹੇ ਰੰਗ ਦੇ ਮਿਰਗ ਵੀ ਹੋਏ ਨੇਂ ਕਦੀਂ ! ਨਾਰ ਧੁਰ ਅਸਮਾਨੇਂ ਚੜ੍ਹ ਗਿਆ। ਮੁੜ ਪੱਥਰ ਹੋ ਕੇ ਢੱਠਾ ਖੰਭ ਗੋਲਾ ਕਰਕੇ। ਸਿਰ ਤੇ ਖੋਲਿਓਸ ਤੇ ਪਲ ਲਈ ਹਵਾ ਵਿਚ ਜੰਮ ਗਿਆ। ਮੁੜ ਕੰਨੀ ਖਾ ਗਿਆ ਜਿਵੇਂ ਕਾਗਜ਼ ਦਾ ਕੋਈ ਤਾਅ ਹੋਵੇ। ਅਸਲੋਂ ਭੋਇੰ ਨਾਲ਼ ਜਾ ਲੱਗਾ। ਮੁੜ ਭਵਾਲ਼ੀ ਲਇਓਸ ਤੇ ਅਸਮਾਨ ਨੂੰ ਚੜ੍ਹਿਆ। ਮਿਰਗ ਖਲ੍ਹਾ ਰਹਿਆ, ਜਿਵੇਂ ਜ਼ਿਮੀਉਂ ਉੱਗਿਆ ਹੋਵੇ। ਮੈਂ ਜਾਤਾ ਨਾਰ ਸ਼ੋਹਦੇ ਜਨੌਰ ਨੂੰ ਐਵੇਂ ਭਰਮਾਂਦਾ ਪਿਆ ਏ, ਸਰਾਵਾਂ ਮਾੜਿਆਂ ਨੂੰ ਮਾਰਦੇ ਤਗੜਿਆਂ ਵਾਕਣ। ਫੇ ਵਾਰਾਂ ਕੀਤਿਉਂ ਸੂ, ਲੜਿਆਂ ਮਚ ਕੇ। ਓੜਕ ਉੱਠਾ ਭਵਾਲ਼ੀ ਖਾਧੀ ਤੇ ਮੈਥੇ ਪਰਤ ਪਿਆ। ਮੈਂ ਡਿੱਠਾ, ਉਹਨੇ ਖੰਭ ਨਿੱਸਲ ਚਾ ਕੀਤੇ ਤੇ ਹਫ਼ਿਆਂ ਹੋਇਆਂ ਰੇਤ ਵਿਚ ਗੱਡੇ ਆਪਣੇ ਲੱਕੜ ਦੇ ਅੱਡੇ ਤੇ ਆਣ ਬੈਠਾ। ਮਿਰਗ ਪਤਲੀਆਂ ਪਤਲੀਆਂ ਟੰਗਾਂ ਨਾਲ਼ ਆਪ ਈ ਉਹਦੇ ਮਗਰ ਟੁਰ ਆਇਆ। ਹਾਲਾਂ ਉਹਨੂੰ ਲੱਗੜ (ਹਿੰਸਕ ਜਾਨਵਰ) ਵੀ ਪਿਆ ਛੈਂਹਦਾ ਸੀ।

ਮੈਂ ਜਾਦਾਨ ਦਾ ਮੋਢਾ ਝੂਣਿਆ, ਖਬਰੇ ਉਹ ਸੁੱਤਾ ਈ ਬੋਲੀ ਜਾਂਦਾ ਸੀ।

"ਫੇਰ ਕੀ ਹੋਇਆ?" ਮੈਂ ਪੁੱਛਿਆ।

"ਮੈਂ ਘਰੇ ਮੁੜਿਆ। ਸਮਝਿਆ ਨਾਰ ਦਾ ਦਿਲ ਨਹੀਂ ਹੋਣਾ। ਪਤਾ ਹੋਂਦਾ ਏ ਤੁਹਾਨੂੰ ਸ਼ਿਕਰਿਆਂ ਦੀ ਆਪਣੀ ਵਾਦੀ ਹੋਂਦੀ ਏ। ਏਥੇ ਤਾਂ ਚੋਖੀ ਈ ਦੁਖਾਵੀਂ ਵਰਤੀ। ਨਾਰ ਆਪਣੇ ਠੀਹੇ ਤੇ ਬੈਠਾ ਰਵ੍ਹੇ। ਚੌੜੀ ਹਿੱਕ ਕੱਢੀ ਤੇ ਕੁੰਢੀ ਚੁੰਝ ਲਮਕਾਈ। ਕੋਲ਼ ਖਲ੍ਹੇ ਮਿਰਗ ਦੀ ਛਾਵੇਂ। ਪੂਰਾ ਹਫ਼ਤਾ ਕੁਝ ਨਾ ਖਾਧਿਓਸ। ਮੈਂ ਚਮੜੇ ਦੀ ਟੋਪੀ ਉਹਦੀ ਲਾਹ ਛੱਡੀ ਉਹ ਤਾਂ ਵੀ ਅੱਗੇ ਪਏ ਗੋਸ਼ਤ ਵੱਲ ਤੱਕ ਕੇ ਨਾ ਵੇਖੇ। ਹੋਰ ਤੇ ਹੋਰ ਮਿਰਗ ਨੂੰ ਵੀ ਅੱਖ ਪੱਟ ਕੇ ਨਾ ਵੇਂਹਦਾ, ਮਿਰਗ ਉਹਦੇ ਕੋਲ਼ ਗੱਡਿਆ ਉਹਨੂੰ ਚੁੱਪ ਚਾਣ ਤੱਕਦਾ ਰਹਿੰਦਾ। ਜਿੰਨੀ ਵਾਰ ਵੀ ਮੈਂ ਨਾਰ ਨੂੰ ਕੁਝ ਖਵਾਣ ਜਾਂਦਾ, ਮਿਰਗ ਮੇਰੇ ਦਵਾਲ਼ੇ ਭੌਣ ਲੱਗ ਪੈਂਦਾ। ਉਹ ਬਾਲਾਂ ਵਾਕਣ ਮੇਰੇ ਹੱਥ ਚੱਟਦਾ, ਆਪਣਾ ਮੂੰਹ ਮੇਰੀ ਧੌਣ ਵੱਲ ਪਲਮਾਂਦਾ ਤੇ ਆਪਣਾ ਸਿਰ ਮੇਰੇ ਡੌਲ਼ਿਆਂ ਨਾਲ਼ ਘਸਰਦਾ। ਥੋੜੇ ਜੇਹੇ ਗੇੜੇ ਲਾਂਦਾ ਤੇ ਫੇਰ ਅਡੋਲ ਟੁਰਦਾ ਸ਼ਿਕਰੇ ਦੇ ਠੀਹੇ ਕੋਲ਼ ਜਾ ਖਲੋਂਦਾ। ਜਾਦਾਨ ਉੱਠ ਕੇ ਆਪਣੇ ਬੰਚ ਦਵਾਲ਼ੇ ਫਿਰਿਆ। ਆਪਣਾ ਜੰਗਾਲਿਆ ਸੰਦੂਕ ਕੱਢਿਓਸ ਤੇ ਫੇਰ ਸਿਰਗਟ ਵੱਟਣ ਲੱਗ ਪਿਆ। ਅਨ੍ਹੇਰੇ ਵਿਚ ਮੈਂ ਉਹਦਾ ਮੂੰਹ ਮੁਹਾਂਦਰਾ ਨਾ ਵੇਖ ਸਕਿਆ, ਪਰ ਉਹਦਾ ਵਾਜ ਬੜੀ ਦੂਰੋਂ ਕਿਸੇ ਗੁਫਾ ਵਿੱਚੋਂ ਆਂਵਦਾ ਸੁਣਿਆ,

"ਇਕ ਦਿਨ ਸਵੇਲੇ ਮੈਂ ਜਾਗਿਆ ਤਾਂ ਨਾਰ ਠੀਹੇ ਨਾਲ਼ ਲੰਮਾ ਪਿਆ ਹੋਇਆ ਸੀ। ਉਹਦੀ ਹਿੱਕ ਨਿੱਕੀ ਜੇਹੀ ਹੋ ਗਈ ਸੀ, ਵਾਲ਼ ਝੜ ਗਏ ਹੋਏ ਸਨ ਤੇ ਅੱਖਾਂ ਮੀਟੀਆਂ ਪਈਆਂ ਸਨ। ਮਿਰਗ ਨਾ ਦਿਸਿਆ। ਮੈਨੂੰ ਪੱਕ ਏ ਰਾਤੀਂ ਨਾਰ ਮੋਇਆ ਤੇ ਉਹ ਕਿੱਧਰੇ ਟੁਰ ਗਿਆ ਸੀ।

ਮੈਂ ਆਪਣੀ ਥਾਵੋਂ ਉੱਠ ਕੇ ਉਹਦੇ ਸਾਹਮਣੇ ਖਲੋ ਗਿਆ। ਉਹਨੇ ਸਿਰਗਟ ਵੱਟ ਲਿਆ ਸੀ। ਮੈਂ ਤੀਲੀ ਬਾਲ਼ੀ ਤੇ ਪੁੱਛਿਆ,

"ਤੇ ਮਿਰਗ ਕਿੱਥੇ ਟੁਰ ਗਿਆ?!"

ਤੀਲੀ ਦੀ ਖੱਟੀ ਲੋਏ ਮੈਂ ਜਾਦਾਨ ਦੇ ਮੂੰਹ ਵੱਲ ਵੇਖਿਆ, ਪਹਿਲੇ ਵਾਕਣ ਈ ਪਤਲਾ, ਖਰਵਾ, ਸੀਤ। ਉਹਦੇ ਬੁੱਲ੍ਹ ਹਿੱਲੇ,

"ਉਹ ਆਪਣਿਆਂ ਵਿੱਚ ਮਰਨ ਟੁਰ ਗਿਆ... ਸ਼ਿਕਰੇ ਚਿੰਤਾ ਨਹੀਂ ਕਰਦੇ।"

(**ਸੰਪਰਕ**-89683-43252)

ਕਹਾਣੀ

# ਹਨੇਰੇ ਦਾ ਪਿਓ

**ਬਲਬੀਰ ਪਰਵਾਨਾ**



ਸਵੇਰੇ ਸਵੇਰੇ ਰਾਣੀ ਪੰਜ ਕੁ ਸਾਲਾਂ ਦੇ ਗੁਰਮੁੱਖ ਨੂੰ ਉਂਗਲ ਲਾਈ, ਸਕੂਲ ਵੈਨ 'ਚ ਚੜ੍ਹਾਉਣ ਲਈ ਨਿਕਲਦੀ। ਗੁਰਮੁੱਖ ਦਾ ਬੈਗ ਉਸਨੇ ਆਪਣੇ ਮੋਢੇ ਪਾਇਆ ਹੁੰਦਾ, ਉਸ ਵਾਂਗ ਹੀ ਪੂਰੀ ਬਣੀ-ਸੰਵਰੀ। ਕੱਪੜਿਆਂ ਦੀ ਕਰੀਜ਼ ਸਰੀਰ ਦੀਆਂ ਉਚਾਣਾਂ-ਨਿਵਾਣਾਂ ਨੂੰ ਚਿਹਨਿਤ ਕਰਦੀ ਹੋਈ। ਸਿਰ ਤੋਂ ਲੈ ਕੇ ਪੈਰਾਂ ਤੱਕ ਅੰਗ-ਅੰਗ, ਉਭਰ-ਉਭਰ ਕੇ ਧਿਆਨ ਖਿੱਚਦਾ। ਗੁਰਮੁੱਖ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀ, ਆਸੇ ਪਾਸੇ ਵਲੋਂ ਬੇਖਬਰ ਉਹ ਲਾਪਰਵਾਹੀ ਨਾਲ ਲੰਘ ਜਾਂਦੀ। ਕਦੀ ਰਾਤ ਵਾਲੇ ਵੱਟੋ-ਵੱਟ ਕੱਪੜਿਆਂ 'ਚ ਵੀ। ਉਸਦਾ ਬੜਾ ਜੀਅ ਕਰਦਾ, ਉਹ ਗੁਰਮੁੱਖ ਨੂੰ ਗੋਦੀ 'ਚ ਚੁੱਕ ਕੇ ਪਿਆਰ ਕਰੇ! ਉਸਦੀ ਤੋਤਲੀ ਜ਼ੁਬਾਨ ਦੀ ਨਕਲ ਕਰ ਪੁੱਛੇ, "ਤੈਨੂੰ ਕੀ ਖਾਣਾ ਚੰਗਾ ਲਗਦਾ ਜਾਂ ਕੀ ਖੇਡਣਾ।" ਉਸਨੂੰ ਕੁਝ ਖਾਣ ਲਈ ਦੇਵੇ, ਪਰ ਹਿੰਮਤ ਨਾ ਪੈਂਦੀ। ਉਸਨੂੰ ਕੀ ਦੱਸੇ? ਉਹ ਉਸਦਾ ਕੀ ਲਗਦਾ! ਉਸ ਨਾਲ ਉਸਦਾ ਕੀ ਰਿਸ਼ਤਾ! ਚੁੱਪ-ਚਾਪ ਜਾਂਦੇ ਨੂੰ ਦੇਖਦਾ ਰਹਿੰਦਾ; ਤੇ ਉਨਾਂ ਚਿਰ ਦੇਖਦਾ ਰਹਿੰਦਾ, ਜਦੋਂ ਤੱਕ ਉਹ ਤੇ ਰਾਣੀ ਅੱਖਾਂ ਤੋਂ ਉਹਲੇ ਨਾ ਹੋ ਜਾਂਦੇ। ਕਦੀ ਉਸਦਾ ਜੀਅ ਕਰਦਾ, ਰਾਣੀ ਨੂੰ ਕਹੇ, 'ਕੁੜੀਏ, ਬਾਹਰ ਇੰਜ ਅੱਧੇ-ਅਧੂਰੇ ਕੱਪੜਿਆਂ 'ਚ ਨੀ ਆਈਦਾ!' ਪਰ ਕਹਿ ਨਾ ਹੁੰਦਾ। ਉਸਦੇ ਵਿਆਹੀ ਆਉਣ ਤੋਂ ਪਹਿਲਾ ਹੀ ਸਭ ਕੁਝ ਖਤਮ ਹੋ ਚੁੱਕਾ ਸੀ! ਟੁੱਟਿਆ ਵੀ ਇੰਜ ਕਿ ਕਿਤੇ ਕੋਈ ਰੇਸ਼ਾ, ਕੋਈ ਧਾਗਾ ਜੁੜਿਆ ਨਾ ਰਿਹਾ। ਕੱਟੀ ਹੋਈ ਪਤੰਗ ਵਾਂਗ ਦੂਰ ਆ ਡਿਗਿਆ ਸੀ। ਉਸੇ ਪਿੰਡ 'ਚ ਰਹਿਣ ਦੇ ਬਾਵਜੂਦ, ਵਿਚਾਲੇ ਉਸਰ ਗਈ ਸੀ ਅਜਨਬੀਅਤ ਦੀ ਅੰਤਹੀਣ ਦੂਰੀ!

ਪਿੰਡ ਦੀ ਉਪਰਲੀ ਗਲੀ ਦੇ ਚੜ੍ਹਦੇ-ਵੰਨੀ, ਮੋੜ 'ਤੇ ਉਸਦੀ ਇਹ ਘਰ-ਨੁਮਾ ਦੁਕਾਨ ਸੀ, ਤਿੰਨ ਖਾਨਿਆਂ ਦੀ। ਅੱਧੇ ਹਿੱਸੇ 'ਚ ਫੱਟੇ ਜੋੜ ਕੇ ਦੁਕਾਨ ਦਾ ਸਮਾਨ ਰੱਖਿਆ ਹੋਇਆ ਸੀ। ਦੇਸੀ ਜਿਹੇ ਢੰਗ ਨਾਲ ਬਣਾਏ ਖਾਨੇ। ਲੂਣ, ਤੇਲ, ਹਲਦੀ, ਗੁੜ, ਖੰਡ ਵਗੈਰਾ; ਆਮ ਵਰਤੋਂ 'ਚ ਆਉਣ ਵਾਲਾ ਜ਼ਰੂਰੀ ਸਮਾਨ ਜਾਂ ਬੱਚਿਆਂ ਲਈ ਕੁਰਕੁਰੇ, ਟੌਫੀਆਂ, ਬਿਸਕੁੱਟ। ਉਤਰਵੰਨੀ ਦੇ ਫੱਟਿਆਂ 'ਚ ਥੋੜਾ ਕੁ ਲਾਂਘਾ ਸੀ। ਉਧਰ ਪਿਛਲੇ ਪਾਸੇ ਉਸਦਾ ਮੰਜਾ ਪਿਆ ਹੁੰਦਾ, ਇਕ ਛੋਟੇ ਜਿਹੇ ਮੇਜ਼ 'ਤੇ ਗੈਸ ਚੁੱਲ੍ਹਾ, ਨਾਲ ਸਿਲੰਡਰ, ਕੁਝ ਗਿਣਤੀ ਦੇ ਬਰਤਨ। ਰੋਟੀ ਉਹ ਇਕੋ ਵੇਲੇ ਬਣਾਉਂਦਾ, ਗਰਮੀਆਂ 'ਚ ਅੱਠ ਕੁ ਵਜੇ ਤੇ ਸਰਦੀਆਂ 'ਚ ਸੱਤ ਕੁ ਵਜੇ। ਜੇ ਦਾਲ ਬਣਾਉਂਦਾ ਤਾਂ ਦੋ ਵੇਲਿਆਂ ਜੋਗੀ, ਜੇ ਸਬਜ਼ੀ ਬਣਾਉਂਦਾ ਤਾਂ ਉਹ ਵੀ। ਦਾਲ, ਸਬਜ਼ੀ ਰੱਖ ਕੇ ਦੁਕਾਨ ਮੂਹਰੇ ਥੜੇ 'ਤੇ ਬੈਠਾ ਆਏ-ਗਏ ਨਾਲ ਗੱਲਾਂ ਮਾਰਦਾ ਰਹਿੰਦਾ! ਗਾਹਕ ਆ ਜਾਂਦਾ ਤਾਂ ਉਸਨੂੰ ਭੁਗਤਾ ਕੇ ਮੁੜ ਬਾਹਰ ਆ ਬੈਠਣਾ। ਕੋਈ ਗੱਲਾਂ ਕਰਨ ਵਾਲਾ ਨਾ ਹੁੰਦਾ ਤਾਂ ਕੋਨੇ 'ਚ ਰੱਖੇ ਜਰਜਰ ਹੋਏ ਲੱਕੜੀ ਦੇ ਬੈਂਚ 'ਤੇ ਬੈਠ, ਉਂਜ ਹੀ ਗਲੀ ਨੂੰ ਟੁੱਕਰ-ਟੁੱਕਰ ਝਾਕਦੇ ਰਹਿਣਾ। ਗਾਹਕਾਂ ਨਾਲੋਂ ਬਹੁਤਾ ਕਿਸੇ ਆਉਂਦੇ-ਜਾਂਦੇ ਦੀ ਝਾਕ 'ਚ, ਜਿਸ ਨਾਲ ਬੋਲ ਸਾਂਝੇ ਕਰ ਸਕੇ। ਉਂਜ ਉਸ ਨਾਲ ਗੱਲਾਂ ਕਰਨ ਵਾਲੇ ਵੀ ਹੁਣ ਬਹੁਤੇ ਨਹੀਂ ਸੀ ਬਚੇ। ਨਵੇਂ ਮੁੰਡੇ-ਕੁੜੀਆਂ ਤਾਂ ਦੁਕਾਨ ਵਲ ਦੇਖਦੇ



ਵੀ ਨਾ! ਸਕੂਟਰ, ਮੋਟਰਸਾਈਕਲ ਭਜਾਉਂਦੇ ਇੰਜ ਲੰਘਦੇ ਜਿਵੇਂ ਅਗਾਂਹ ਜਹਾਜ਼ੇ ਚੜ੍ਹਨੋ ਪੱਛੜ ਰਹੇ ਹੋਣ! ਛੋਟੇ ਬੱਚੇ ਗਲੀਆਂ 'ਚ ਘੱਟ ਨਿਕਲਦੇ; ਸਕੂਲ, ਟਿਊਸ਼ਨ, ਟੀ.ਵੀ., ਵੀਡੀਓ ਗੇਮਾਂ 'ਚ ਰੁੱਝੇ। ਜਦੋਂ ਦਾ ਮੋਬਾਇਲ ਆਇਆ, ਜ਼ਿੰਦਗੀ ਦਾ ਸਲੀਕਾ ਹੀ ਬਦਲ ਗਿਆ ਸੀ। ਇਸ ਸਲੀਕੇ 'ਚੋਂ ਬਾਹਰ ਧੱਕਿਆ ਜਾ ਰਿਹਾ ਉਹ, ਆਪਣੀ ਦੁਕਾਨ ਦੇ ਘੇਰੇ 'ਚ ਹੋਰ ਤੋਂ ਹੋਰ ਸੁੰਗੜਦਾ। ਦਿਨੇ ਇਹ ਦੁਕਾਨ ਹੁੰਦੀ ਤੇ ਰਾਤ ਨੂੰ ਉਸਦਾ ਘਰ। ਬਸ ਇਹੀ ਸੀ ਹੁਣ ਉਸਦਾ ਸਾਰੇ ਦਾ ਸਾਰਾ ਸੰਸਾਰ।

"ਕਿਵੇਂ ਵੈਲੀਆ ਮੌਜ 'ਚ ਐਂ!" ਕਦੀ ਕੋਈ ਦੁਕਾਨ ਸਾਹਮਣੇ ਖੜੌਂਦਾ ਹੱਸ ਕੇ ਆਖਦਾ ਤਾਂ ਅੱਗੋਂ ਉਸੇ ਸੁਰ 'ਚ ਫਟੱਕ ਜੁਆਬ ਦਿੰਦਾ, "ਨੌਂਹ ਲਿਆਉਣੀ ਨੀ, ਧੀ ਤੋਰਨੀ ਨੀ....ਆਪਾਂ ਨੂੰ ਕਾਹਦੀ ਚਿੰਤਾ....ਅਸੀਂ ਤਾਂ ਰੱਬ ਦੇ ਵਿਆਹ ਆਏ ਹੋਏ ਆਂ।" ਅਗਲਾ ਖੁਦ ਠਿੱਠ ਹੋ ਕੇ ਰਹਿ ਜਾਂਦਾ ਕਿ ਉਸਦੀ ਉਮਰ ਦੇ ਆਸਪਾਸ ਪਹੁੰਚੇ ਬਹੁਤੇ ਖੁਦ ਘਰਾਂ 'ਚ 'ਵਾਧੂ' ਹੋਣ ਦਾ ਸੰਤਾਪ ਭੋਗ ਰਹੇ ਸਨ। ਔਲਾਦ ਨੂੰ ਲਗਦਾ, 'ਬੁੜੇ ਨੇ ਮਰਨਾ ਪਤਾ ਨਹੀਂ ਕਦੋਂ ਐ! ਕਦੋਂ ਥਾਂ ਵਿਹਲੀ ਕਰੂ?' ਗੂੜਾ ਕਣਕਵੰਨਾ ਰੰਗ, ਇਕਹਿਰਾ ਸਰੀਰ, ਅੰਦਰ ਨੂੰ ਵੜੀਆਂ ਗੱਲਾਂ, ਮੂਹਰਲੇ ਪੰਜ ਛੇ ਦੰਦ ਹੀ ਬਚੇ ਹੋਏ, ਬਾਕੀ ਖੋਖਲਾ ਮੂੰਹ। ਲਾਲ ਸੁਰਖ ਅੱਖਾਂ। ਸਫਾਚੱਟ ਦਾਹੜੀ, ਜਿਹੜੀ ਉਹ ਤੀਜੇ ਚੌਥੇ ਜ਼ਰੂਰ ਸ਼ੇਵ ਕਰ ਲੈਂਦਾ। ਚੱਪਾ-ਚੱਪਾ ਭਰ ਵਾਲ਼ ਪਿਛਾਂਹ ਨੂੰ ਵਾਹੇ ਹੋਏ; ਚਿੱਟੇ-ਕਾਲੇ ਡੱਬ-ਖੜੱਬੇ ਜਿਹੇ। ਮਹੀਨੇ, ਡੇਢ ਮਹੀਨੇ ਬਾਅਦ ਬਾਹਰਵਾਰ ਮਿੰਨੀ ਬੱਸਾਂ ਦੇ ਅੱਡੇ ਕੋਲ, ਕਰਮੇ ਨਾਈ ਦੀ ਦੁਕਾਨ 'ਤੇ ਹਜਾਮਤ ਕਰਵਾਉਣ ਜਾਂਦਾ ਤਾਂ ਉਸ ਤੋਂ ਹੀ ਡਾਈ ਕਰਵਾ ਲੈਂਦਾ। ਉਪਰਲੇ ਵਾਲ ਤਾਂ ਕਾਲੇ ਹੋ ਜਾਂਦੇ, ਪਰ ਜੜਾਂ ਤੋਂ ਉਗਦੇ ਚਿੱਟੇ। ਅੱਸੀਆਂ-ਇਕਾਸੀਆਂ ਨੂੰ ਪੁੱਜਿਆ ਹੋਣ ਦੇ ਬਾਵਜੂਦ, ਉਮਰ ਦੇ ਹਿਸਾਬ ਸਰੀਰ ਕਾਇਮ ਸੀ। ਕਾਠੀ ਨੂੰ ਦੇਖ ਕੇ ਲਗਦਾ, ਕਦੀ ਉਸਦੇ ਪੈਰਾਂ ਦੀ ਧਮਕ

ਨਾਲ ਵੀ ਧਰਤੀ ਹਿਲਦੀ ਹੋਵੇਗੀ!

ਸਵੇਰੇ ਕੁਦਰਤੀ ਕਿਰਿਆ ਤੋਂ ਫਾਰਗ ਹੋਣ ਗਿਆ, ਕਿਸੇ ਦੀ ਚਲਦੀ ਮੋਟਰ ਤੋਂ ਨਹਾ ਆਉਂਦਾ। ਗਰਮੀਆਂ 'ਚ ਤਾਂ ਰੋਜ਼ ਹੀ, ਸਿਆਲਾਂ 'ਚ ਤੀਜੇ-ਚੌਥੇ ਦਿਨ। ਉਥੇ ਹੀ ਕੱਪੜੇ ਪਾਣੀ 'ਚੋਂ ਕੱਢ ਲੈਂਣੇ। ਪਿੰਡ 'ਚ ਹੁਣ ਉਸਨੂੰ ਚਾਚਾ ਕਹਿਣ ਵਾਲੇ ਵੀ ਘੱਟ ਹੀ ਸਨ। ਬਹੁਤਿਆਂ ਦਾ ਉਹ ਬਾਬਾ ਸੀ, ਤਾਇਆ ਜਾਂ ਫਿਰ 'ਭਾਨਾ ਵੈਲੀ'। ਉਸ ਤੋਂ ਦਸ ਪੰਦਰਾਂ ਸਾਲ ਉਮਰੋਂ ਛੋਟਿਆਂ ਲਈ ਵੀ ਭਾਨਾ ਵੈਲੀ ਹੀ। ਕਿਸੇ ਦੇ ਵਿਆਹ, ਮੰਗਣੇ 'ਤੇ ਜਾਵੇ ਨਾ ਜਾਵੇ ਪਰ ਮੌਤ 'ਤੇ ਅਰਥੀ ਨਾਲ ਜ਼ਰੂਰ ਜਾਂਦਾ। ਚੁੱਪ-ਚਾਪ ਦੁਕਾਨ ਨੂੰ ਜਿੰਦਰਾ ਲਾਉਂਦਾ ਤੇ ਮੋਢੇ 'ਤੇ ਪਰਨਾ ਰੱਖ ਤੁਰ ਪੈਂਦਾ; ਭੋਗ ਪੈਣ ਤੱਕ ਹਰ ਸ਼ਾਮ ਸੱਥਰ 'ਤੇ ਬਹਿਣ ਵੀ ਜਾਂਦਾ।

ਤੀਹ-ਪੈਂਤੀ ਤੱਕ ਪਹੁੰਚੇ ਨਵੇਂ ਪੋਚ ਲਈ ਉਹ ਇਕ ਰਹੱਸ ਸੀ; ਆਪਣੀ ਹੋਸ਼ ਸੰਭਾਲਣ ਤੋਂ ਉਹ ਉਸਨੂੰ ਇੰਜ ਹੀ ਦੇਖਦੇ ਆ ਰਹੇ ਸਨ। ਫਰਕ ਜੇ ਕੋਈ ਪਿਆ ਸੀ ਤਾਂ ਬਸ ਏਨਾ, ਮਾਮੂਲੀ ਜਿਹਾ ਕੁੱਬ ਨਿਕਲ ਆਇਆ ਸੀ....

.................

... ਰਾਣੀਪੁਰ ਦੀ ਮਾਲਾਂ ਜੱਟੀ ਦੇ ਕੋਈ ਔਲਾਦ ਨਾ ਹੋਈ। ਉਸ ਦੇ ਘਰਵਾਲਾ ਜੀਊਣਾ ਤੇ ਉਹ, ਜਦੋਂ ਪੰਜਤਾਲੀਆਂ ਤੋਂ ਟੱਪਣ ਲੱਗੇ ਤਾਂ ਆਜ਼ਾਦੀ ਵਾਲੇ ਸਾਲ, ਮਾਲਾਂ ਨੇ ਆਪਣੇ ਭਰਾ ਦਾ ਮੁੰਡਾ ਭਾਨਾ ਲੈ ਆਂਦਾ। ਉਹ ਉਦੋਂ ਪੰਜ ਕੁ ਸਾਲਾਂ ਦਾ ਸੀ। ਘਰ 'ਚ ਖੁੱਲ੍ਹਾ ਖਾਣ ਪੀਣ। ਭਾਨਾ ਦਿਨਾਂ 'ਚ ਹੀ ਕੱਦ ਕੱਢਣ ਲੱਗਾ। ਇਕ ਤਰ੍ਹਾਂ ਸਭ ਰਿਸ਼ਤੇਦਾਰਾਂ, ਭਾਈਚਾਰੇ 'ਚ ਮੰਨਿਆ ਗਿਆ ਸੀ, ਉਨ੍ਹਾਂ ਨੇ ਭਾਨੇ ਨੂੰ ਮੁਤਬੰਨਾ ਬਣਾ ਲਿਆ। ਜੀਊਣੇ ਤੇ ਮਾਲਾਂ ਨੇ, ਪਰ ਜੇ ਸਭ ਕੁਝ ਉਸ ਦੇ ਨਾਂ ਨਾ ਲੁਆਇਆ ਤਾਂ ਇਕ ਮੱਧਮ ਜਿਹੀ ਸੁਲਗਦੀ ਆਸ ਸੀ, 'ਸ਼ਾਇਦ ਰੱਬ ਕਿਤੇ ਮਿਹਰ ਕਰ ਦੇਵੇ, ਉਸ ਦੇ ਘਰ 'ਚ ਦੇਰ ਹੈ ਅੰਧੇਰ ਨਹੀਂ!' ਉਸ ਹਾਲਤ 'ਚ ਵੀ ਉਨ੍ਹਾਂ ਦਾ ਮਨ ਸੀ, 'ਭਾਨੇ ਨੂੰ ਘਰੋਂ ਧੱਕਾ ਨਹੀਂ ਦੇਣਗੇ।' ਘਰ ਦੀ ਸੱਤ ਘੁਮਾ ਜ਼ਮੀਨ 'ਚੋਂ ਹੋਈ ਔਲਾਦ ਦੇ ਬਰਾਬਰ ਦਾ ਹਿੱਸਾ ਦੇਣਗੇ। ਇਸ ਦੋਧਾਰੀ ਆਸ 'ਚ ਜੀਊਂਦਾ ਜੀਊਣਾ, ਇਕ ਰਾਤ ਸ਼ਰੀਕੇ ਦੇ ਵਿਆਹ ਵਾਲੇ ਘਰੋਂ ਪੀ ਕੇ ਮੁੜਿਆ, ਸਾਰੀ ਰਾਤ ਉਲਟੀਆਂ ਕਰਦਾ ਰਿਹਾ। ਤੜਕਸਾਰ ਚਾਰ ਕੁ ਵਜੇ ਆ ਕੇ ਉਸਦੀ ਮੌਤ ਹੋ ਗਈ। ਉਹ ਕੋਈ ਖਾਸ ਸ਼ਰਾਬੀ ਨਹੀਂ ਸੀ। ਤਿੰਨ ਜਾਂ ਚਾਰ ਹਾੜਿਆਂ ਤੋਂ ਅਗਾਂਹ ਕਦੀ ਨਾ ਵਧਦਾ। ਉਸ ਦਿਨ ਤਾਂ ਉਸ ਨੇ ਤਿੰਨ ਹਾੜੇ ਵੀ ਪੂਰੇ ਨਹੀਂ ਸੀ ਪੀਤੇ ਕਿ ਢਿੱਡ 'ਚ ਵੱਟ ਪੈਣ ਲੱਗੇ।

ਸ਼ਰੀਕਾਂ ਮੂਹਰੇ ਹੋ ਕੇ ਸਭ ਥਾਈਂ ਸੁਨੇਹੇ ਭਿਜਵਾਏ ਤੇ ਦਸ ਵਜਦਿਆਂ ਨੂੰ ਨਹਾ-ਧੁਆ ਕੇ ਉਸ ਦੀ ਅਰਥੀ ਲੈ ਤੁਰੇ। ਕਿਸੇ ਨੂੰ ਮੂੰਹ ਵੀ ਚੰਗੀ ਤਰ੍ਹਾਂ ਨਾ ਦੇਖਣ ਦਿੱਤਾ। ਨਾ ਕਿਸੇ ਦਾ ਧਿਆਨ ਹੀ ਇਧਰ ਗਿਆ, ਮੂੰਹ 'ਤੇ ਲਾਲ ਲਾਲ ਜਿਹੇ ਦਾਣੇ ਕਾਹਦੇ ਉੱਭਰ ਆਏ। ਕਿਸੇ ਨੂੰ ਸ਼ੱਕ ਹੋਇਆ ਵੀ ਤਾਂ ਮੂੰਹੋਂ ਉਭਾਸਰਿਆ ਨਾ। ਬਾਅਦ 'ਚ ਗੱਲ ਧੁੰਮਣ ਲੱਗੀ, 'ਉਸ ਨੂੰ ਸ਼ਰਾਬ 'ਚ ਜ਼ਹਿਰ ਦਿੱਤਾ ਗਿਆ ਸੀ।' ਪਿੱਛੇ ਰਹਿ ਗਏ ਮਾਲਾਂ ਤੇ ਭਾਨਾ। ਹੁਣ ਮਾਲਾਂ ਨੇ ਤਹੱਈਆ ਕਰ ਲਿਆ, ਉਹ ਤਹਿਸੀਲੇ ਜਾ ਕੇ ਭਾਨੇ ਨੂੰ ਮੁਤਬੰਨਾ ਬਣਾ, ਸਭ ਕੁਝ ਉਸ ਦੇ ਨਾਂ ਕਰ ਦੇਵੇਗੀ; ਜ਼ਮੀਨ, ਜਾਇਦਾਦ, ਘਰ। ਪਰ ਪਹਿਲਾਂ ਆਪਣੇ ਨਾਂ ਤਾਂ ਹੋਏ! ਸ਼ਰੀਕਾਂ ਨੇ ਪਟਵਾਰੀ ਨਾਲ ਮਿਲ ਕੇ ਆਪਣੇ 'ਹੱਕੀ' ਹੋਣ ਦਾ ਕੇਸ ਪਾ ਦਿੱਤਾ ਸੀ। ਇਕ ਪਾਸੇ ਮਾਲਾਂ ਤੇ ਦੂਸਰੇ ਪਾਸੇ ਸਾਰਾ ਸ਼ਰੀਕਾ। 'ਕੇਸ ਦਾ ਤਾਂ ਜਦੋਂ ਫ਼ੈਸਲਾ ਹੋਊ, ਉਦੋਂ ਹੋਊ, ਤੂੰ ਉਸ ਨੂੰ ਮੁਤਬੰਨਾ ਤਾਂ ਘੋਸ਼ਿਤ ਕਰ ਦੇ।' ਕਚਹਿਰੀ 'ਚ ਵਕੀਲ ਨੇ ਉਸ ਨੂੰ ਸਲਾਹ ਦਿੱਤੀ ਤਾਂ ਉਸਨੇ ਇਸ ਲਈ ਚਾਰਾਜੋਈ ਅਰੰਭੀ। 'ਕੱਲੀ-ਕਾਰੀ ਤੀਵੀਂ, ਉੱਪਰੋਂ

ਅਨਪੜ੍ਹ। ਲੰਬੜ ਰਤਨ ਸਿੰਘ ਉਸ ਨਾਲ ਵੀ ਸਲਾਹ ਕਰੀ ਜਾਂਦਾ, ਨਾਲ ਦੀ ਨਾਲ ਹੱਕੀਆਂ ਦੇ ਕੰਨੋ ਵੀ ਕੱਢਦਾ ਰਹਿੰਦਾ, ਜਿਹੜੇ ਉਸ ਦੀ ਮੌਤ ਤੋਂ ਬਾਅਦ ਵਾਰਿਸ ਬਣਦੇ ਸਨ।



ਇਕ ਦਿਨ ਮੱਝ ਲਈ ਪੱਠੇ ਲੈਣ ਗਈ ਨੂੰ ਉਨ੍ਹਾਂ ਗਲ ਘੁੱਟ ਕੇ ਮਾਰ ਦਿੱਤਾ। ਲਾਸ਼ ਨੂੰ ਚੁੱਕਿਆ ਤੇ ਚੁੰਨੀ ਦੀ ਗੰਢ ਦੇ ਟਾਹਲੀ ਨਾਲ ਟੰਗ ਫਾਹਾ ਬਣਾ ਦਿੱਤਾ। ਪੁਲਿਸ ਆਈ, ਇਧਰ ਉਧਰ ਦੀ 'ਹਮਕੋ ਤੁਮਕੋ' ਕੀਤੀ, ਪਰ ਪੈਸੇ ਚੜ੍ਹ ਜਾਣ 'ਤੇ ਚੁੱਪ ਕਰ ਗਈ। ਕੋਈ ਠੋਸ ਪੈਰਵਾਈ ਕਰਨ ਵਾਲਾ ਸੀ ਨਹੀਂ, ਤੇ ਉਸ ਦੀ ਮੌਤ ਵੀ ਜੀਊਣੇ ਵਾਂਗ ਕੌਡੀਆਂ-ਘੱਟੇ ਰੁਲ ਗਈ। ਨਾਲ ਹੀ ਰੁਲਣ ਦੇ ਰਾਹ ਪੈ ਗਿਆ ਭਾਨਾ!

ਜ਼ਮੀਨ ਤਾਂ ਸ਼ਰੀਕਾਂ ਨੇ ਸਾਂਭ ਲਈ ਪਰ ਘਰਵਾਲੇ ਥਾਂ ਵੱਲ ਹੱਥ ਵਧਾਉਣ ਦਾ ਜੇਰਾ ਨਾ ਪਿਆ। ਇਸਦਾ ਵੀ ਡਰ ਸੀ ਗੱਲ ਵਧ ਗਈ ਤਾਂ ਕਿਤੇ ਪਿਛਲੇ ਮੁਰਦੇ ਵੀ ਨਾ ਪੁੱਟੇ ਜਾਣ। ਭਾਨਾ ਸਤਾਰਾਂ ਅਠਾਰਾਂ ਸਾਲਾਂ ਦਾ ਉਡਾਰ ਹੋ ਚੁੱਕਾ ਸੀ। ਉਨ੍ਹਾਂ ਨੂੰ ਇਹ ਵੀ ਲਗਦਾ, ਸ਼ਾਇਦ 'ਕੱਲਾ ਕਾਰਾ ਆਪਣੇ ਪਿੰਡ ਨੂੰ ਮੁੜ ਜਾਵੇ ਜਾਂ ਇਹ ਵੀ ਕਿ 'ਚੁੱਪ-ਚੁਪੀਤੇ ਇਸ ਦਾ ਵੀ ਫਾਹਾ ਵੱਢ ਦਿਆਂਗੇ, ਜਿਵੇਂ ਜੀਊਣੇ ਜਾਂ ਮਾਲਾਂ ਨਾਲ ਕੀਤਾ!' ਇਹ ਉਹ ਦਿਨ ਸਨ ਜਦੋਂ ਉਹ ਆਪਣੇ ਮਾਮੇ ਦੇ ਮੁੰਡੇ ਜਗਤਾਰ ਨਾਲ ਬਹਿਣ-ਖੜੌਣ ਲੱਗਾ, ਜਿਹੜਾ ਆਦਮਪੁਰ ਭੱਠੇ ਵਾਲੇ ਲਾਲਿਆਂ ਦੇ ਟਰੱਕਾਂ 'ਤੇ ਡਰਾਈਵਰੀ ਕਰਦਾ ਸੀ। ਚਾਰ ਪੰਜ ਸਾਲ ਉਸ ਨੇ ਉਥੇ ਹੱਥ ਸਿੱਧੇ ਕੀਤੇ। ਲਾਲਿਆਂ ਨੇ 'ਜਵਾਲਾ ਜੀ ਬੱਸ ਕੰਪਨੀ' ਬਣਾ ਕੇ ਬੱਸਾਂ ਪਾਈਆਂ ਤਾਂ ਉਸ ਨੂੰ ਉਨ੍ਹਾਂ 'ਤੇ ਰੱਖ ਲਿਆ। ਬੱਸ ਇਕ ਦਿਨ ਕਾਂਗੜੇ ਜਾ ਕੇ ਬੰਦ ਹੁੰਦੀ ਤੇ ਦੂਸਰੇ ਦਿਨ ਜਲੰਧਰ ਆ ਕੇ। ਉਥੋਂ ਕਦੀ ਤਾਂ ਉਹ ਕੰਪਨੀ ਦੇ ਦਫ਼ਤਰ ਉਪਰਲੇ ਚੁਬਾਰੇ 'ਚ ਤਖਤਪੋਸ਼ 'ਤੇ ਪੈ ਜਾਂਦਾ ਤੇ ਕਦੀ ਕਦੀ ਜਦੋਂ ਦੂਸਰੇ ਦਿਨ ਛੁੱਟੀ ਕਰਨੀ ਹੁੰਦੀ ਤਾਂ ਪਿੰਡ ਆ ਜਾਂਦਾ। ਆਉਣ ਲੱਗਿਆਂ ਅੱਡੇ ਸਾਹਮਣਲੇ ਮੁਣਸ਼ੀ ਝਟਕਈ ਤੋਂ ਬੱਕਰੇ ਦਾ ਮੀਟ ਫੜੀ ਆਉਂਦਾ। ਨਾਲ ਸੰਤਰਾ ਮਾਰਕਾ ਬੋਤਲ। ਵਿਹੜੇ 'ਚੋਂ ਕੁੰਨੋ ਮਹਾਸ਼ੀ ਨੂੰ ਸੱਦ ਕੇ ਸਾਫ਼-ਸਫ਼ਾਈ ਕਰਨ ਲਾ ਦਿੰਦਾ ਤੇ ਆਪ ਗੰਢੇ ਚੀਰਨ। ਕੁੰਨੋ ਸਾਫ਼ ਸਫ਼ਾਈ ਕਰ ਚਲੀ ਜਾਂਦੀ ਤਾਂ ਉਹ ਮਸਾਲਾ ਭੁੰਨਣ ਲਗਦਾ। ਤਿੱਖੀਆਂ ਹਰੀਆਂ ਮਿਰਚਾਂ ਨਾਲ ਭੁੰਨ ਹੁੰਦੇ ਮਸਾਲੇ ਦੀ ਖ਼ੁਸ਼ਬੂ ਚੁਗਿਰਦੇ 'ਚ ਖਿੰਡਣ ਲਗਦੀ। ਇਸ ਖ਼ੁਸ਼ਬੂ ਨੂੰ ਸੁੰਘ ਕੇ ਸ਼ੇਰੂ ਤੇ ਨੱਥੇ ਵਰਗੇ ਉਸਦੇ ਘਰ ਦੁਆਲੇ ਗੇੜੇ ਕੱਢਣ ਲਗਦੇ। ਉਸ ਨੂੰ ਸਾਥ ਮਿਲ ਜਾਂਦਾ! ਮੀਟ ਰਿੱਝ ਰਿਹਾ ਹੁੰਦਾ, ਪੈੱਗ ਲਗਦੇ ਰਹਿੰਦੇ। ਨਾਲ ਬੱਸਾਂ 'ਚ ਵਾਪਰਦੀਆਂ ਚੋਂਦੀਆਂ-ਚੋਂਦੀਆਂ ਗੱਲਾਂ ਦੀ ਝੜੀ ਲਾਈ ਰੱਖਦਾ; ਕੁਝ ਸੱਚੀਆਂ ਹੁੰਦੀਆਂ, ਕੁਝ ਕੋਰੀ ਕਲਪਨਾ। ਰਾਤ ਡੂੰਘੀ ਹੋਣ ਲਗਦੀ ਤਾਂ ਨੱਥਾ ਆਪਣੇ ਘਰੋਂ ਫੁਲਕੇ ਪਕਵਾ ਲਿਆਉਂਦਾ। ਉਹ ਦੋਵੇਂ ਹੁੰਦੇ ਤਾਂ ਘਰਵਾਲੀ ਪ੍ਰੀਤੋ ਨੂੰ ਪਕਾ ਕੇ ਫੜਾ ਜਾਣ ਦਾ ਸੁਨੇਹਾ ਦੇ, ਆਪ ਆ ਮੁੜ ਗਲਾਸੀ ਫੜ ਬਹਿ ਜਾਂਦਾ।

ਇਨ੍ਹਾਂ ਫੁਲਕੇ ਲਾਹੁਣ-ਫੜਾਉਣ ਦੇ ਵੱਜਦੇ ਗੇੜਿਆਂ 'ਚ ਪ੍ਰੀਤੋ ਦੀ ਉਸ ਨਾਲ ਅੱਖ ਲੜ ਗਈ। ਪ੍ਰੀਤੋ ਉਸ ਵੇਲੇ ਪਕਰੋੜ ਉਮਰ ਵੱਲ ਵਧ ਰਹੀ ਸੀ; ਸੱਤ ਤੇ ਪੰਜ ਸਾਲਾਂ ਦੇ ਦੋ ਨਿਆਣਿਆਂ ਦੀ ਮਾਂ, ਪਰ ਜਵਾਨੀ ਵਾਲੀ ਮੜਕ ਬਰਕਰਾਰ। ਘਰ ਦੀਆਂ ਤੰਗੀਆਂ ਉਸ 'ਤੇ ਕੋਈ ਫਰਕ ਨਹੀਂ ਸੀ ਪਾ ਸਕੀਆਂ। ਉਹ ਵੀ ਤੀਹਾਂ ਤੋਂ ਟੱਪਿਆਂ ਹੋਇਆ। ਪ੍ਰੀਤੋ ਨਾਲ ਜੁੜ ਜਾਣ ਤੋਂ ਬਾਅਦ ਅਕਸਰ ਪਿੰਡ ਆਉਣ ਲੱਗਾ, ਭਾਵੇਂ ਦੇਰ-ਅਵੇਰ ਹੀ ਕਿਉਂ ਨਾ ਹੋ ਜਾਂਦੀ। ਬੱਸ ਨੂੰ ਕੰਪਨੀ ਦੇ ਦਫ਼ਤਰ ਮੂਹਰੇ ਖੜੀ ਕਰ, ਉਥੋਂ ਪਹਿਲਾਂ ਆਦਮਪੁਰ ਆਉਂਦਾ ਤੇ ਉਥੋਂ ਕਿਸੇ ਦਾ ਸਾਈਕਲ ਫੜ ਪਿੰਡ ਆਉਂਦਿਆਂ ਮੁਣਸ਼ੀ ਤੋਂ ਝਟਕਾ ਲਿਆਉਣਾ ਨਾ ਭੁੱਲਦਾ। ਆਏ ਤੋਂ ਪ੍ਰੀਤੋ ਮੀਟ ਨੂੰ ਭੁੰਨਣ ਲਗਦੀ, ਉਹ ਤੇ ਨੱਥਾ ਮੰਜੇ 'ਤੇ ਬਹਿ ਹਾੜੇ ਲਾਉਣ। ਜਗੀਰੋ ਤੇ ਉਸ ਤੋਂ ਡੇਢ, ਦੋ ਸਾਲ ਛੋਟੇ ਜਗੀਰੀ ਨੂੰ ਵੀ 'ਚਾਚੇ' ਦੇ ਆਉਣ ਦੀ ਉਡੀਕ ਹੁੰਦੀ। ਉਨ੍ਹਾਂ ਨੂੰ ਲੇਂਝ ਕੇ ਮੀਟ ਖਾਣ ਨੂੰ ਮਿਲ ਜਾਣਾ ਹੁੰਦਾ। ਉਹ ਜਾਣ ਬੁੱਝ ਕੇ ਨੱਥੇ ਦੇ ਪੈੱਗ ਆਪਣੇ ਤੋਂ ਡੇਢੇ-ਸਵਾਏ ਰੱਖਦਾ। ਉਹ ਮੰਜੇ 'ਤੇ ਟੇਢਾ ਹੋ ਜਾਂਦਾ ਤਾਂ ਪ੍ਰੀਤੋ ਨੂੰ ਅੰਦਰਲੀ ਹਨੇਰੀ ਕੋਠੜੀ 'ਚ ਲੈ ਵੜਦਾ।

ਗੱਲ ਘਰਦੀ ਚਾਰ-ਦਿਵਾਰੀ ਤੋਂ ਬਾਹਰ ਫੈਲਰਨੀ ਹੀ ਸੀ। ਕਿਸੇ ਨੇ ਉਸ ਨੂੰ ਸਮਝਾਉਣ ਦੀ ਵੀ ਕੋਸ਼ਿਸ਼ ਕੀਤੀ, "ਕਾਕਾ, ਆਪਣਾ ਘਰ ਸਾਂਭ.. ਬਦਨਾਮੀ ਚੰਗੀ ਨੀਂ ਹੁੰਦੀ। ਨਾਲੇ ਕਿਉਂ ਆਪਣਾ ਆਪ ਲੁਟਾਈ ਜਾਨਾ... ਜਿਹੜੀ ਤੀਵੀਂ ਆਪਣੇ ਖਸਮ ਦੀ ਨੀ ਬਣੀ, ਤੇਰੀ ਕਿੱਥੋਂ ਬਣਜੂ... ਉਹ ਤਾਂ ਸਾਰਾ ਟੱਬਰ ਖਾਣੇ ਪਿਆ ਹੋਇਆ।" ਉਹ ਹੂੰ-ਹਾਂ ਤਾਂ ਕਰ ਦਿੰਦਾ ਪਰ ਜਦੋਂ ਪ੍ਰੀਤੋ ਸੱਕ ਨਾਲ ਰੰਗਲੇ ਕੀਤੇ ਹੋਏ ਬੁੱਲਾਂ 'ਚੋਂ ਰਤਾ ਕੁ ਹੱਸ ਕੇ, ਸੁਰਮੇ ਰੱਜੀਆਂ ਪਲਕਾਂ ਨਾਲ ਇਸ਼ਾਰਾ ਕਰਦੀ ਤਾਂ ਉਹ ਪੈਰੋਂ ਨਿਕਲ ਜਾਂਦਾ। ਹਰ ਤਨਖ਼ਾਹ 'ਤੇ ਉਸ ਲਈ ਸੂਟ ਆਇਆ ਹੁੰਦਾ, ਕਦੀ ਜੁੱਤੀ। ਕਦੀ ਕਦੀ ਕੋਈ ਗਹਿਣਾ ਵੀ। ਨਾਲ ਹੀ ਬਦਨਾਮੀ ਦੀਆਂ ਇਕ ਤੋਂ ਬਾਅਦ ਇਕ ਤੈਹਾਂ ਮੋਟੀਆਂ ਹੁੰਦੀਆਂ ਗਈਆਂ, ਜਿਨ੍ਹਾਂ ਤੋਂ ਬੇਪਰਵਾਹ ਉਹ ਅਗਾਂਹ ਵਧੀ ਗਿਆ। ਪਹਿਲਾਂ-ਪਹਿਲਾਂ ਜਿਹੜੀ ਕਦੀ ਰਿਸ਼ਤੇ ਦੀ ਗੱਲ ਸੁਲਗਦੀ ਸੀ, ਬਦਨਾਮੀ ਨੇ ਉਹ ਜੜ੍ਹੋਂ ਹੀ ਮੁਕਾ ਦਿੱਤੀ। "ਇਸ ਦਾ ਕੀ ਹੈ ਲੰਡੇ ਚਿੜੇ ਦਾ... ਕੁੜੀ ਇੱਥੇ ਖਾਊ ਕੀ? ਜ਼ਮੀਨ ਦੇ ਚਾਰ ਸਿਆੜ ਹੋਣ ਫਿਰ ਵੀ...!... ਅਗਾਂਹ ਔਲਾਦ ਦਾ ਕੀ ਬਣੂ।"

ਕੋਈ ਢੰਗ-ਢੰਗ ਨਾਲ ਨੱਥੇ ਨੂੰ ਵੀ ਇਸ਼ਾਰਾ ਕਰਦਾ, "ਐਵੇਂ ਹਰ ਇਕ ਨੂੰ ਘਰ ਨੀ ਵਾੜੀਦਾ... ਜੀਹਦਾ ਕੋਈ ਟੱਬਰ-ਟੀਰ ਨੀ, ਉਹ ਕਾਹਦਾ ਇੱਜ਼ਤਾਂ ਦਾ ਸਾਂਝੀ।" ਨੱਥੇ ਅੰਦਰੋਂ ਪਰ ਜਿਵੇਂ ਕਣੀ ਹੀ ਮਰ ਚੁੱਕੀ ਸੀ। ਕੋਈ ਗੱਲ ਉਸ ਅੰਦਰ ਜਾ ਕੇ ਚੁੱਭਦੀ ਨਾ। ਹਾਂ, ਇਨ੍ਹਾਂ ਗੱਲਾਂ ਨਾਲ ਉਸ ਅੰਦਰੋਂ ਕੁਝ ਹੋਰ ਮਰ ਜ਼ਰੂਰ ਜਾਂਦਾ! ਉਸ ਦੀਆਂ ਅੱਖਾਂ ਕੁਝ ਹੋਰ ਨਿਵ ਜਾਂਦੀਆਂ। ਪ੍ਰੀਤੋ ਦਾ ਸਾਹਮਣਾ ਕਰਨ ਤੋਂ ਹੋਰ ਘਬਰਾਉਣ ਲਗਦਾ। ਇਹ ਘਬਰਾਹਟ ਉਸ ਨੂੰ ਸ਼ੁਰੂ ਤੋਂ ਹੀ ਸੀ। ਕੰਮ ਨਿਪਟਾਉਣ ਵਾਂਗ ਉਸ ਨਾਲ ਸੌਂਦਾ ਰਿਹਾ ਸੀ। ਬੱਚਿਆਂ ਦੇ ਪੈਦਾ ਹੋਣ ਤੋਂ ਬਾਅਦ ਤਾਂ ਹੋਰ ਵੀ ਮੱਠਾ ਹੁੰਗਾਰਾ ਭਰਨ ਲੱਗਾ ਸੀ। ਪ੍ਰੀਤੋ ਦੀ ਧੁੱਖਦੀ ਹੋਈ ਸੁਲਗਣ, ਭਾਨੇ ਨਾਲ ਜੁੜ ਕੇ ਮਚਣ ਲੱਗੀ ਤਾਂ ਉਸ ਅੰਦਰ ਕੋਈ ਗੁੱਸਾ ਨਾ ਭਬਕਦਾ, ਜਿਵੇਂ ਕੋਈ ਖਾਸ ਗੱਲ ਹੀ ਨਾ ਹੋਵੇ! ਯਾਰੀ ਦੇ ਤਿੰਨ ਕੁ ਸਾਲਾਂ ਬਾਅਦ ਪ੍ਰੀਤੋ ਨੇ ਮੁੰਡਾ ਜੰਮਿਆਂ। ਉਸ ਦੀ ਸ਼ਕਲ ਨਾ ਉਸ ਦੇ ਪਹਿਲੇ ਬੱਚਿਆਂ ਨਾਲ ਰਲਦੀ ਸੀ, ਨਾ ਨੱਥੇ ਨਾਲ, ਸਗੋਂ ਸਗਵੇਂ ਨਾ ਸਗਵਾਂ ਭਾਨੇ ਵਰਗਾ। ਭਰਵੀਂ ਸਿਹਤ, ਗੋਲ ਮਟੋਲ ਜਿਹਾ। ਭਾਨਾ ਇਸ ਖ਼ੁਸ਼ੀ 'ਚ ਹਫ਼ਤਾ ਭਰ ਪੀਂਦਾ ਰਿਹਾ। ਨਾਲ ਨੱਥਾ ਹੁੰਦਾ। ਪਿੰਡ 'ਚ ਇਕ ਵਾਰ ਫਿਰ ਗੱਲਾਂ ਦਾ ਉਬਾਲ ਉੱਠਿਆ, "ਕਿਹੋ ਜਿਹਾ ਬੰਦਾ ਐ ਇਹ... ਤੀਵੀਂ ਯਾਰ ਦਾ ਨਿਆਣਾ ਜੰਮੀ ਫਿਰਦੀ,

ਇਹ ਉਸੇ ਨਾਲ ਪੀਣ ਬੈਠਾ ਹੁੰਦਾ।"

"ਉਸ ਨੇ ਕਿਹੜਾ ਕਿਹਾ ਹੋਊ, ਇਹ ਤੇਰਾ ਨੀਂ! ਤੀਵੀਆਂ ਦੇ ਖੇਖਣਾਂ ਤੋਂ ਰੱਬ ਬਚਾਏ...ਕੰਜਰ ਤਾਂ ਨੱਥਾ ਐ, ਜਿਸਨੂੰ ਦੀਹਦਾ ਨੀਂ, ਉਸ ਦਾ ਇਸ ਨਾਲ ਕੀ ਮਿਲਦਾ!"

ਪ੍ਰੀਤੋ ਕੋਈ ਨਮੋਸ਼ੀ ਮੰਨਣ ਦੀ ਥਾਂ ਜਦੋਂ ਹਿੱਕ ਕੱਢ ਕੇ ਤੁਰਨ ਲੱਗੀ ਗੱਲਾਂ ਦਾ ਉਬਾਲ ਛੇਤੀ ਹੀ ਠੰਢਾ ਪੈਣਾ ਸ਼ੁਰੂ ਹੋ ਗਿਆ। ਉਹ ਵੀ ਮਾੜੇ ਮੋਟੇ ਵੈਲੀਆਂ 'ਚ ਪੈਰ ਰੱਖਣ ਲੱਗਾ ਸੀ। ਉਸ ਵੱਲ ਗਹਿਰੀ ਅੱਖ ਨਾਲ ਦੇਖਣ ਦੀ ਹੁਣ ਕਿਸੇ 'ਚ ਹਿੰਮਤ ਨਾ ਪੈਂਦੀ। ਦੂਏ, ਚੌਥੇ ਦਿਨ ਜਦੋਂ ਵੀ ਆਉਂਦਾ ਤਾਂ ਬਹੁਤੀ ਵਾਰ ਨੱਥੇ ਦੇ ਘਰ ਮੀਟ ਭੁੱਜਦਾ, ਉਥੇ ਬੈਠ ਉਹ ਪੈੱਗ ਲਾਉਂਦੇ। ਕਦੀ ਪ੍ਰੀਤੋ ਉਸ ਦੇ ਘਰ ਆ ਤੜਕਾ ਲਾਉਣ ਲਗਦੀ। ਕੁਲਬੀਰ ਮੰਜੇ ਨੇੜੇ ਘੁੰਮਦਾ ਤੋਤਲੀਆਂ ਗੱਲਾਂ ਮਾਰਦਾ ਤਾਂ ਭਾਨਾ ਉਸ ਨੂੰ ਚੁੱਕ ਲੈਂਦਾ, "ਆ ਮੇਰਾ ਪੁੱਤ...ਕੀ ਖਾਏਂਗਾ...!" ਉਹ ਕੋਈ ਨਰਮ ਜਿਹੀ ਡੂੰਗ ਛੰਨੇ 'ਚੋਂ ਚੁੱਕ ਕੇ ਉਸ ਦੇ ਮੂੰਹ ਨੂੰ ਲਾਉਂਦਾ। ਉਹ ਥੋੜ੍ਹੀ ਬਹੁਤ ਚੂਸਦਾ, ਬਾਕੀ ਨੂੰ ਭਾਨਾ ਆਪਣੇ ਮੂੰਹ 'ਚ ਪਾ ਲੈਂਦਾ। ਇੰਜ ਕਰਦੇ ਨੂੰ ਤੱਕ ਪ੍ਰੀਤੋ ਅੱਖਾਂ ਹੀ ਅੱਖਾਂ 'ਚ ਹੱਸਦੀ। ਭਾਨਾ ਆਪਣੇ ਘਰ 'ਚ ਰਹਿੰਦਾ ਪਰ ਉਸ ਨੂੰ ਨੱਥੇ ਦੇ ਘਰ ਦਾ ਜੀਅ ਹੀ ਸਮਝਿਆ ਜਾਣ ਲੱਗਾ ਸੀ। ਪ੍ਰੀਤੋ ਆਪਣੇ ਘਰ 'ਚ ਆਪਣੇ ਟੱਬਰ ਨਾਲ ਵਸਦੀ, ਪਰ ਉਸਦਾ ਰਾਤ-ਬਰਾਤੇ ਭਾਨੇ ਦੇ ਘਰ ਆਉਣਾ ਲੋਕਾਂ ਨੂੰ ਰੜਕਣੋ ਹੱਟ ਗਿਆ ਸੀ। "ਲਾਈ ਐ ਤਾਂ ਜਿੰਦ 'ਤੇ ਖੇਡ ਕੇ ਨਿਭਾਈ ਐ... ਤੂੰ ਨਾ ਕਹੀਂ ਤੇਰਾ ਜੱਗ 'ਤੇ ਸੀਰ ਨੀ ਪਿਆ।"

"ਪ੍ਰੀਤੋ, ਕਾਗਜਾਂ 'ਚ ਤਾਂ ਨੀ ਨਾ ਪਿਆ... ਉਥੇ ਤਾਂ ਵਲਦ ਨੱਥਾ ਸਿੰਘ ਈ ਐ!"

"ਭਾਨਿਆ, ਮੁਰਦਾ ਕਾਗਜ਼ਾਂ ਨੂੰ ਕੀ ਕਰਨਾ। ਮੈਂ ਜੀਊਂਦੀ-ਜਾਗਦੀ ਤੇਰੇ ਨਾਲ ਹਾਂ ਤਾਂ!" ਉਹ ਮੋਹ ਨਾਲ ਉਸ ਨੂੰ ਆਪਣੇ ਨਾਲ ਘੁੱਟਦੀ ਤਾਂ ਉਹ ਸਭ ਕੁਝ ਭੁੱਲ ਜਾਂਦਾ। ਕੁਲਬੀਰ ਦੇ ਖਾਣ-ਪੀਣ ਦਾ ਪੂਰਾ ਖਿਆਲ ਰੱਖਣ ਲਈ ਜ਼ੋਰ ਦਿੰਦਾ। ਪੜ੍ਹਣ ਜੋਗਾ ਹੋਇਆ ਤਾਂ ਉਸ ਨੂੰ ਕੌਨਵੈਂਟ ਸਕੂਲ 'ਚ ਲਾਇਆ ਗਿਆ। ਨਰਾਤਿਆਂ-ਤਿਉਹਾਰਾਂ ਦੇ ਦਿਨਾਂ 'ਚ ਜਦੋਂ ਕਾਂਗੜੇ, ਜਵਾਲਾਜੀ, ਚਿੰਤਪੂਰਨੀ ਜਾਣ ਵਾਲੇ ਸ਼ਰਧਾਲੂਆਂ ਦੀ ਭੀੜ ਪੈਣ ਲਗਦੀ ਤਾਂ ਭਾਨਾ ਦਿਨ ਰਾਤ ਨਾ ਦੇਖਦਾ; ਜਿਧਰ ਨੂੰ ਕੰਪਨੀ ਤੋਰ ਦਿੰਦੀ, ਤੁਰ ਪੈਂਦਾ। ਉਨ੍ਹਾਂ ਦਿਨਾਂ 'ਚ ਡਰਾਈਵਰਾਂ, ਕੰਡਕਟਰਾਂ ਦਾ ਬਹੁਤ ਓਵਰ-ਟਾਈਮ ਬਣਦਾ। ਦਾਅ ਬਚਾ ਕੇ ਜਿਹੜੀਆਂ ਬਿਨਾਂ ਟਿਕਟੋਂ ਸਵਾਰੀਆਂ ਢੋਅ ਲੈਂਦੇ, ਉਹ ਵਾਧੂ। ਉਸ ਨੂੰ ਲਗਦਾ, ਕੁਲਬੀਰ ਦੀ ਪੜ੍ਹਾਈ ਲਈ ਪੈਸੇ ਜਮ੍ਹਾ ਕਰਨ ਦੀ ਬਹੁਤ ਲੋੜ ਐ।

ਪਲੱਸ-ਟੂ ਕਰ ਕੁਲਬੀਰ ਮਿਹਰ ਚੰਦ ਪਾਲੇਟੈਕਨਿਕ 'ਚ ਇਲੈਕਟ੍ਰੀਕਲ ਦਾ ਡਿਪਲੋਮਾ ਕਰਨ ਲੱਗਾ ਤਾਂ ਉਸਦੀ ਬਹੁਤੀ ਤਨਖ਼ਾਹ ਉਸ ਦੀ ਪੜ੍ਹਾਈ 'ਤੇ ਖਰਚ ਹੋਣ ਲੱਗੀ। ਕਿਸੇ ਅੜੀ-ਥੁੜੀ ਵੇਲੇ ਬੈਂਕ 'ਚ ਜਮ੍ਹਾਂ-ਪੂੰਜੀ ਵੱਲ ਵੀ ਹੱਥ ਵਧਦਾ। ਪ੍ਰੀਤੋ ਅਕਸਰ ਕੁਲਬੀਰ ਨੂੰ ਉਸ ਕੋਲ ਭੇਜ ਦਿੰਦੀ, "ਜਾਹ, ਆਪਣੇ ਚਾਚੇ ਨੂੰ ਆਖੀਂ!" ਉਸ ਨੂੰ ਪਹਿਲਾਂ ਹੀ ਪਤਾ ਹੁੰਦਾ। ਤੇ ਉਹ ਉਸ ਦੇ ਬੁੱਲ ਹਿਲਦਿਆਂ ਹੀ ਤਲੀ 'ਤੇ ਪੈਸੇ ਧਰ ਦਿੰਦਾ। ਵੱਡੇ ਹੋ ਗਏ ਕੁਲਬੀਰ ਨੂੰ, ਪਰ ਹੁਣ ਉਸਦਾ ਇਹ ਕਹਿਣ ਦਾ ਜੇਰਾ ਨਾ ਪੈਂਦਾ, "ਪੁੱਤ, ਚੰਗੀ ਤਰ੍ਹਾਂ ਪੜ੍ਹੀ ਚਲ... ਖ਼ਰਚੇ ਦਾ ਫ਼ਿਕਰ ਨਾ ਕਰੀਂ... ਜੋ ਕੁਝ ਹੈ, ਸਭ ਤੇਰਾ ਹੀ ਐ!"

ਜਗੀਰੋ ਪਲੱਸ-ਟੂ ਕਰਦਿਆਂ ਹੀ ਵਿਆਹ ਦਿੱਤੀ ਸੀ। ਜਗੀਰੀ ਦਸਵੀਂ 'ਚੋਂ ਨਾ ਲੰਘ ਸਕਿਆ। ਉਸ ਨੂੰ ਉਸ ਨੇ ਲਾਲਿਆਂ ਦੇ ਭੱਠਿਆਂ 'ਤੇ ਮੁਣਸ਼ੀ ਰਖਵਾ ਦਿੱਤਾ। ਡਿਪਲੋਮਾ ਕਰ ਕੁਲਬੀਰ

ਇਟਲੀ ਜਾਣ ਦੇ ਰੱਸੇ ਪੈੜੇ ਵੱਟਣ ਲੱਗਾ, ਉਦੋਂ ਕੁ ਹੀ ਉਹ ਰਿਟਾਇਰ ਹੋਇਆ। ਇਸ ਮੌਕੇ ਮਿਲੇ ਸਵਾ ਲੱਖ ਨੂੰ ਉਸ ਨੇ ਪ੍ਰੀਤੋ ਦੇ ਹੱਥ 'ਤੇ ਲਿਆ ਧਰਿਆ। ਕੁਲਬੀਰ ਬਾਹਰ ਚਲਿਆ ਗਿਆ ਪਰ ਦੋ ਤਿੰਨ ਸਾਲ ਜਾ ਕੇ ਟਿਕਵਾਂ ਕੰਮ ਨਾ ਮਿਲਿਆ। ਮੁੜ ਪੈਸੇ ਭੇਜਣੇ ਪਏ। ਨੱਥੇ ਨੇ ਜ਼ਮੀਨ ਦੀਆਂ ਫਰਦਾਂ ਦੇ ਕੇ ਕਰਜ਼ਾ ਲਿਆ ਸੀ, ਉਸ ਨੇ ਵੀ ਵਿੰਗੇ-ਟੇਢੇ ਢੰਗਾਂ ਨਾਲ ਕਈ ਥਾਵਾਂ ਤੋਂ ਕਰਜ਼ਾ ਚੁੱਕਿਆ। ਆਮਦਨ ਕੋਈ ਸੀ ਨਹੀਂ, ਬੱਸ ਖ਼ਰਚ ਹੀ ਖ਼ਰਚ। ਕੋਈ ਤਿੰਨ ਦਹਾਕਿਆਂ ਦੀ ਸਾਂਝ ਤੁਰੀ ਆਉਂਦੀ ਸੀ, ਉਸ ਨੂੰ ਲੱਗਿਆ ਹੀ ਨਾ, ਇਸ 'ਚ ਕੋਈ ਹੇਰਫੇਰ ਹੋ ਸਕਦਾ!

ਇਹ ਦੌਰ ਹੀ ਸੀ ਜਦੋਂ ਪ੍ਰੀਤੋ ਦੀ ਅਚਨਚੇਤ ਮੌਤ ਹੋ ਗਈ। ਪ੍ਰੀਤੋ ਦੀ ਮੌਤ ਦਾ ਉਸ ਨੂੰ ਨੱਥੇ ਤੋਂ ਵੀ ਵੱਧ ਧੱਕਾ ਲੱਗਾ। ਮੌਤ 'ਤੇ ਆਇਆ ਕੁਲਬੀਰ ਉਸ ਨੂੰ ਅਫ਼ਸੋਸ 'ਤੇ ਬਹਿਣ ਗਏ ਨੂੰ ਗਹਿਰੀ ਅੱਖ ਨਾਲ ਦੇਖਣ ਲੱਗਾ ਸੀ। ਉਸ ਨਾਲ ਕੋਈ ਬਹੁਤੀ ਗੱਲ ਨਾ ਕਰਦਾ, ਜਿਵੇਂ ਘਰਦਾ ਕੋਈ ਨੇੜਲਾ ਸਾਂਝਦਾਰ ਹੋਵੇ, ਜਿਸ ਨਾਲ ਸਲਾਹ-ਮਸ਼ਵਰਾ ਕਰਨਾ ਹੁੰਦਾ; ਜਿਵੇਂ ਡਿਪਲੋਮੇ 'ਚ ਦਾਖਲੇ ਵੇਲੇ ਹੁੰਦਾ ਸੀ, ਉਸ ਦੇ ਬਾਹਰ ਜਾਣ ਵੇਲੇ ਵੀ। ਸਾਰੀ ਉਮਰ ਡਰਾਈਵਰੀ 'ਚ ਧੱਕੇ ਖਾਂਦਿਆਂ, ਵਣ-ਵਣ ਦੀ ਲੱਕੜੀ ਨਾਲ ਹੰਢੇ-ਵਰਤੇ, ਉਸ ਨੇ ਮਹਿਸੂਸ ਕਰ ਲਿਆ, ਇਸ ਘਰ 'ਚੋਂ ਦਾਖਲਾ ਹੁਣ ਮੁੱਕ ਚੁੱਕਾ! ਉਸ ਨੂੰ ਸਮਝ ਨਾ ਲਗਦੀ , ਆਪਣਾ ਇਹ ਦੁੱਖ ਕਿਸ ਕੋਲ ਰੋਵੇ। ਦੁੱਖ ਕੇਵਲ ਮਾਨਸਿਕ ਹੀ ਨਹੀਂ ਸੀ ਕਿ ਪ੍ਰੀਤੋ ਉਸ ਨੂੰ ਅਧਵਾਟੇ ਛੱਡ ਗਈ। ਏਨਾ ਹੀ ਹੁੰਦਾ ਤਾਂ ਸ਼ਾਇਦ ਵਧੇਰੇ ਨਾ ਟੁੱਟਦਾ। ਬਹੁਤਾ ਇਸ ਗੱਲੋਂ ਟੁੱਟਦਾ, ਜਿਸ ਘਰ ਦੀ ਚੜ੍ਹਦੀ ਕਲਾ ਲਈ ਉਸ ਨੇ ਆਪਣਾ ਸਭ ਕੁਝ ਦਾਅ 'ਤੇ ਲਾ ਦਿੱਤਾ ਸੀ ਜਾਂ ਪ੍ਰੀਤੋ ਉਸ ਤੋਂ ਲਵਾਉਂਦੀ ਰਹੀ, ਉਹ ਘਰ ਇਕਦਮ ਬੇਗਾਨਾ ਹੋ ਗਿਆ ਸੀ, ਅਜਨਬੀ। ਉਸ ਦੇ 'ਆਪਣੇ ਖ਼ੂਨ' ਨੇ ਹੀ ਉਸ ਨੂੰ ਪਹਿਚਾਨਣੋਂ ਨਾਂਹ ਕਰ ਦਿੱਤੀ ਸੀ। ਪਿੱਛੇ ਉਸ ਕੋਲ ਜਮ੍ਹਾਂ-ਪੂੰਜੀ ਤਾਂ ਕੀ ਹੋਣੀ, ਸਗੋਂ ਗਲ਼-ਗਲ਼ ਤੱਕ ਚੜ੍ਹਿਆ ਕਰਜ਼ਾ। ਇਸ ਨੂੰ ਲਾਹੁਣਾ ਕਿਵੇਂ ਐ, ਉਸ ਨੂੰ ਸਮਝ ਨਾ ਲਗਦੀ। ਨਾ ਕਿਤੇ ਕੋਈ ਜ਼ਮੀਨ ਦਾ ਟੁਕੜਾ, ਸਿਵਾਏ ਘਰ ਵਾਲੇ ਅੱਠ ਨੌਂ ਮਰਲੇ ਥਾਂ ਦੇ। ਨਾ ਆਮਦਨ ਦਾ ਕੋਈ ਜ਼ਰੀਆ। ਨੱਥੇ ਨੂੰ ਇਹ ਸਭ ਪਤਾ ਸੀ, ਪਰ ਉਹ ਵੀ ਅੱਖ ਨਾ ਮਿਲਾਉਂਦਾ ਜਾਂ ਉਹ ਖ਼ੁਦ ਵੀ ਘਰ ਵਿਚ ਵਾਧੂ ਜਿਹਾ ਹੋਇਆ ਪਿਆ ਸੀ।

ਤੇ ਉਸ ਨੇ ਸਭ ਕੁਝ ਅੰਦਰ ਹੀ ਅੰਦਰ ਘੁੱਟ ਲਿਆ। ਐਵੇਂ ਲੋਕਾਂ ਕੋਲ ਫਜ਼ੂਲ ਦੇ ਰੋਣੇ ਰੋਈ ਜਾਣ ਦਾ ਕੀ ਫ਼ਾਇਦਾ! ਸਾਹਮਣੇ ਭਾਵੇਂ ਹਮਦਰਦੀ ਦਾ ਵਿਖਾਵਾ ਹੀ ਕਰਨ, ਪਰ ਮਗਰੋਂ ਖਿੱਲੀ ਉਡਾਉਣਗੇ! ਪਹਿਲਾਂ ਕਿਹੜੀ ਨਹੀਂ ਸੀ ਉਡਾਉਂਦੇ। ਛੋਟੇ ਹੁੰਦੇ ਕੁਲਬੀਰ ਨੂੰ ਵੀ ਕਿੰਜ ਤੰਗ ਕਰਦੇ ਸੀ, "ਤੇਰਾ ਪਿਉ ਕਿਹੜਾ ਐ ਓਏ।" ਉਹ ਨੱਥੇ ਦਾ ਨਾਂ ਲੈਂਦਾ ਤਾਂ ਤਾੜੀ ਮਾਰ ਕੇ ਹੱਸ ਪੈਂਦੇ, "ਆਪਣੀ ਮਾਂ ਨੂੰ ਪੁੱਛ ਕੇ ਦੱਸੀਂ!" ਪੰਜ ਛੇ ਸਾਲਾਂ ਦੇ ਕੁਲਬੀਰ ਨੂੰ ਇਸ ਦੇ ਅਰਥ ਸਮਝ ਨਾ ਆਉਂਦੇ। ਉਹ ਸੱਚੀਂ ਹੀ ਘਰ ਆ ਕੇ ਪ੍ਰੀਤੋ ਨੂੰ ਪੁੱਛਣ ਲਗਦਾ। ਇਹ ਤਾਂ ਇਕ ਵਾਰ ਉਸ ਨੇ ਦੁਆਨ ਨੂੰ ਸੱਥ 'ਚ ਘੇਰ ਲਿਆ, "ਕੀ ਕਹਿੰਦਾ ਸੀ ਓਏ ਤੂੰ... ਦੱਸਾਂ ਤੈਨੂੰ ਤੇਰਾ ਜੁਆਬ!" ਉਸਨੇ ਗੁੱਸੇ 'ਚ ਹੱਥ ਉਸ ਦੇ ਗਲ਼ ਵੱਲ ਵਧਾਏ ਤਾਂ ਉਹ ਡਰ ਗਿਆ, "ਨਾ ਭਾਅ.. ਮਾਫ਼ ਕਰਦੇ. ..ਮੈਂ ਤਾਂ ਹਾਸੇ 'ਚ ਕਹਿ ਬੈਠਾ! ਮੁੜ ਗ਼ਲਤੀ ਨੀ ਕਰਦਾ।" ਉਸ ਦੀਆਂ ਅੱਖਾਂ 'ਚ ਉਤਰ ਆਏ ਖ਼ੂਨ ਨੂੰ ਦੇਖ ਉਹ ਦਹਿਲ ਗਿਆ ਸੀ। ਮੁੜ ਉਸ ਨੇ ਤਾਂ ਕੀ, ਕਿਸੇ ਹੋਰ ਨੇ ਵੀ ਕੁਲਬੀਰ ਨੂੰ ਨਾ ਛੇੜਿਆ... ਪਰ ਪਿੱਠ ਪਿੱਛੇ ਗੱਲਾਂ ਕਿਹੜੀਆਂ ਬੰਦ ਹੋ ਗਈਆਂ ਹੋਣਗੀਆਂ! ਕੀ ਪਤਾ ਉਦੋਂ ਦਾ ਕੀ ਕੁਝ ਕੁਲਬੀਰ ਦੇ ਮਨ 'ਚ ਕੁੰਡਲੀ ਮਾਰ ਕੇ ਬੈਠਾ ਹੋਵੇ!

ਪ੍ਰੀਤੋ ਨੇ ਤਾਂ ਕਦੀ ਮੇਰ-ਤੇਰ ਨਹੀਂ ਸੀ ਰੱਖੀ। ਹਿੱਕ ਕੱਢ ਕੇ ਯਾਰੀ ਪੁਗਾਈ। ਮੌਤ ਧੋਖਾ ਦੇ ਗਈ

ਤਾਂ ਉਸ ਦਾ ਕੀ ਕਸੂਰ? ਫਿਰ ਆਪਣਾ ਖ਼ੂਨ ਹੀ ਸਿਰੇ ਲੱਗਾ। ਜੇ ਉਸ ਨੂੰ ਇਸ ਦਾ ਪਤਾ ਨੀ ਜਾਂ ਇਸ ਦਾ ਅਹਿਸਾਸ ਨੀ ਕਰਦਾ, ਰੱਬ ਤਾਂ ਦੇਖਦਾ ਹੈ ਨਾ, ਜੜ੍ਹ ਲੱਗੀ ਹੋਈ!

ਕਰਜ਼ਾ ਲਾਹੁਣ ਲਈ ਗਲੀ ਨਾਲ ਵਾਲੀ ਬੈਠਕ ਨੂੰ ਰੱਖ ਕੇ, ਉਸ ਨੇ ਘਰ ਵਾਲੀ ਬਾਕੀ ਥਾਂ ਵੇਚ ਦਿੱਤੀ। ਕੁਝ ਕਰਜ਼ੇ ਲਾਹੇ, ਕੁਝ ਬੈਂਕ 'ਚ ਫਿਕਸਡ ਕਰਾ ਦਿੱਤਾ। ਖਰਚੇ ਤੋਰਨ ਲਈ ਮੁੜ ਕੰਪਨੀ ਵੱਲ ਮੂੰਹ ਕੀਤਾ। ਉਨ੍ਹਾਂ ਬੱਸ 'ਤੇ ਤਾਂ ਨਾ ਰੱਖਿਆ, ਹਾਂ, ਭੱਠੇ ਦੀਆਂ ਇੱਟਾਂ ਢੋਂਦੇ ਟੱਰਕ 'ਤੇ ਚਾੜ ਦਿੱਤਾ। ਇੱਥੇ ਮਾੜੀ ਕਿਸਮਤ ਨੂੰ ਤੀਸਰੇ ਮਹੀਨੇ ਹੀ ਉਸ ਤੋਂ ਟਰੱਕ ਪਲਟ ਗਿਆ। ਗੱਡੀ ਦਾ ਤਾਂ ਕੋਈ ਖ਼ਾਸ ਨੁਕਸਾਨ ਨਾ ਹੋਇਆ, ਉਸ ਦਾ ਵੀ ਬਚਾਅ ਰਿਹਾ, ਪਰ ਲਾਲੇ ਨੇ ਉਸ ਨੂੰ ਟਕੇ ਵਰਗਾ ਜਵਾਬ ਦੇ ਦਿੱਤਾ, "ਨਾ ਭਾਨ ਸਿੰਹਾਂ, ਸਰਕਾਰ ਨੇ ਐਵੇਂ ਨੀ ਰਟੈਰ ਹੋਣ ਦੀ ਉਮਰ ਰੱਖੀ... ਹੱਥਾਂ ਪੈਰਾਂ 'ਚ ਫੁਰਤੀ ਨੀ ਰਹਿੰਦੀ... ਡਰੈਵਰੀ ਤਾਂ ਪਲਕ ਝਪਕਣ ਦੀ ਖੇਡ ਐ।" ਹੋਰ ਕੋਈ ਕੰਮ ਆਉਂਦਾ ਨਹੀਂ ਸੀ। ਆਖ਼ਰ ਕੁਝ ਸਾਮਾਨ ਪਾ, ਬੈਠਕ ਦੇ ਅੱਧੇ ਹਿੱਸੇ 'ਚ ਦੁਕਾਨ ਖੋਲ੍ਹ ਲਈ। ਇਕ ਪਾਸੇ ਰੈਣ-ਬਸੇਰਾ। ਸਰਦੀਆਂ 'ਚ ਅੰਦਰ ਪੈ ਜਾਂਦਾ ਤੇ ਗਰਮੀਆਂ 'ਚ ਦੁਕਾਨ ਮੂਹਰੇ ਗਲੀ ਕੰਢੇ ਮੰਜਾ ਕੱਢ ਫਰਾਟਾ ਲਾ ਲੈਂਦਾ...

...........

...ਵਿਆਹ ਤੋਂ ਬਾਅਦ ਕੁਲਬੀਰ ਨੇ ਬਾਹਰਵਾਰ ਆਬਾਦੀ 'ਚ ਜਾ ਕੇ ਕੋਠੀ ਪਾ ਲਈ ਸੀ, ਦੋ ਮੰਜਲੀ, ਅੱਠ ਨੌਂ ਕਮਰੇ। ਪਰ ਉਸ 'ਚ ਨੱਥੇ ਲਈ ਥਾਂ ਨਾ ਬਣ ਸਕੀ। ਰਾਣੀ ਉਸ ਨੂੰ ਪਸੰਦ ਨਹੀਂ ਸੀ ਕਰਦੀ, "ਦੇਖ ਦੇਖ ਕੇ ਗੁਰਮੁਖ ਮਾੜੀਆਂ ਆਦਤਾਂ ਸਿੱਖੇਗਾ।" ਨੱਥਾ ਫੁੱਟਬਾਲ ਵਾਂਗ ਇਧਰ-ਉਧਰ ਬੁੜਕਣ ਲੱਗਾ। ਜ਼ਮੀਨ ਅਜੇ ਉਸ ਦੇ ਨਾਂ ਸੀ ਜਿਸ ਕਰਕੇ ਜਗੀਰੀ ਕੁਝ ਦੱਬਦਾ.. ਪਰ ਰਾਣੀ ਗੱਲ ਕਰਨ ਲੱਗੀ ਅੱਗਾ ਪਿੱਛਾ ਨਾ ਦੇਖਦੀ। ਨੱਥੇ ਦੀ ਹੋਣੀ ਨੂੰ ਦੇਖਦਾ ਤਾਂ ਉਸ ਨੂੰ ਆਪਣਾ ਦੁੱਖ ਕੁਝ ਘਟ ਗਿਆ ਲਗਦਾ। ਸਾਲ, ਦੋ ਸਾਲਾਂ ਬਾਅਦ ਜਦੋਂ ਕੁਲਬੀਰ ਆਉਂਦਾ, ਕੋਠੀ 'ਚ ਨਵੇਂ ਰੰਗ ਰੋਗਨ ਹੋਣ ਲਗਦੇ। ਪਾਰਟੀਆਂ ਹੁੰਦੀਆਂ। ਇਨ੍ਹਾਂ ਦਾ ਪਤਾ ਉਸ ਨੂੰ ਬਾਹਰ ਗਲੀ 'ਚ ਖੜ੍ਹੀਆਂ ਕਾਰਾਂ ਤੋਂ ਲਗਦਾ, ਅੰਦਰ ਜਗਮਗਾਉਂਦੀਆਂ ਰੌਸ਼ਨੀਆਂ, ਡੈੱਕ 'ਤੇ ਵੱਜਦੇ ਗੀਤ, ਰੌਲਾ ਰੱਪਾ। ਉਸ ਦਾ ਬੜਾ ਜੀਅ ਕਰਦਾ ਕੁਲਬੀਰ ਨੂੰ ਉਸ ਦੇ ਕੰਮ ਕਾਰ ਬਾਰੇ ਪੁੱਛੇ। ਉਸ ਨੇ ਉਥੇ ਵੀ ਘਰ ਖਰੀਦ ਲਿਆ ਹੈ ਕਿ ਨਹੀਂ? ਪਰ ਉਸ ਦੀ ਕਾਰ 'ਸ਼ੂੰਅ' ਕਰ ਕੇ ਧੂੜ ਉਡਾਉਂਦੀ ਉਸ ਕੋਲੋਂ ਲੰਘ ਜਾਂਦੀ। ਉਸ ਨਾਲ ਗੱਲ ਤਾਂ ਕੀ ਕਰਨੀ, ਉਸ ਵੱਲ ਝਾਕਦਾ ਵੀ ਨਾ। ਇਹੀ ਹਾਲ ਉਸ ਦੇ ਜਾਣ ਪਿੱਛੋਂ ਰਾਣੀ ਦਾ ਸੀ। ਗੁਰਮੁਖ ਨਾਲ ਅਜਨਬੀਆਂ ਵਾਂਗ ਮੂਹਰਿਉਂ ਲੰਘਦੀ ਦੇਖਦਾ ਤਾਂ ਅੰਦਰੋਂ ਹੂਕ ਉੱਠੀ, 'ਮੈਂ ਕਿਹੜਾ ਕੁਝ ਮੰਗਦਾ ਹਾਂ... ਦੋ ਬੋਲ ਤਾਂ ਸਾਂਝੇ ਕਰ ਲਓ, ਮੇਰੀ ਹੁਣ ਬਚੀ ਵੀ ਕਿੰਨੀ ਕੁ ਰਹਿ ਗਈ ਹੈ! ਪਤਾ ਨਹੀਂ ਕਦੋਂ ਟੈਂਅ ਬੋਲ ਜਾਏ।' ਟੈਂਅ ਬੋਲਣ ਦਾ ਉਂਜ ਉਸ ਨੂੰ ਕੋਈ ਡਰ ਨਹੀਂ ਸੀ। ਉਹ ਤਾਂ ਸਗੋਂ ਚਾਹੁੰਦਾ ਸੀ ਜਿਹੜੀ ਹੋਣੀ ਕੱਲ੍ਹ ਵਾਪਰਨੀ, ਅੱਜ ਵਾਪਰ ਜਾਵੇ। ਅਜਨਬੀ ਬਣਦੇ ਜਾਂਦੇ ਪਿੰਡ 'ਚ ਜ਼ਿੰਦਗੀ ਦੇ ਪਲ ਲੰਘਾਉਣੇ ਔਖੇ ਹੁੰਦੇ ਜਾ ਰਹੇ ਸਨ। ਦਿਨ ਤਾਂ ਫਿਰ ਕੁਝ ਸੌਖਾ ਲੰਘ ਜਾਂਦਾ, ਪਰ ਰਾਤ ਯੁੱਗਾਂ ਜਿੱਡੀ ਲੰਮੀ ਹੁੰਦੀ ਜਾਂਦੀ। ਪਤਾ ਨਹੀਂ ਕਿੱਧਰੋਂ-ਕਿਧਰੋਂ ਯਾਦਾਂ ਦੀਆਂ ਬੱਦਲੋਟੀਆਂ ਆਣ, ਗਿਰਝਾਂ ਵਾਂਗ ਉਸ ਦੇ ਦਿਲ ਨੂੰ ਨੋਚਣ ਲਗਦੀਆਂ। ਤੇ ਇਨ੍ਹਾਂ ਠੂੰਗਿਆਂ ਨਾਲ, ਲਹੂ-ਲੁਹਾਨ ਹੁੰਦਿਆਂ, ਕਈ ਵਾਰ ਸਾਰੀ ਸਾਰੀ ਰਾਤ ਅੱਖਾਂ 'ਚ ਹੀ ਲੰਘ ਜਾਂਦੀ ਸੀ।

**(ਸੰਪਰਕ-95309-44345)**

ਕਹਾਣੀ

# ਮੇਨਕਾ



**ਗੁਰਮੀਤ ਕੜਿਆਲਵੀ**

ਮੇਨਕਾ ਧੀਏ! ਭਾਨੀ ਨੇ ਸਾਰੀ ਉਮਰ ਕਿਸੇ ਅੱਗੇ ਅੱਖ ਨੀਵੀਂ ਨੀ ਕੀਤੀ ਪਰ ਤੇਰੀਆਂ ਅੱਖਾਂ ਦਾ ਸਾਹਮਣਾ ਨੀ ਹੋ ਰਿਹਾ।

ਕੱਲ੍ਹ ਮਹਿੰਗਾ ਆਇਆ ਸੀ। ਮਹਿੰਗਾ ਕਸਾਈ। ਕਹਿੰਦਾ, 'ਭਾਨਾ ਸਿਆਂ, ਤਿਹਾਰਾਂ ਦੇ ਦਿਨ ਚੱਲਦੇ। ਰੇਟ ਖਾਸੇ ਚੜ੍ਹ ਗਏ। ਬਣਾ ਲੈ 'ਰਾਦਾ। ਚਾਰ ਪੈਸੇ ਵੱਟੇ ਜਾਣਗੇ।" ਮਹਿੰਗਾ ਭੇਤੀ ਐ ਆਪਣੇ ਘਰ ਦਾ। ਉਹਨੂੰ ਪਤਾ ਮੇਰੇ ਦੁੱਖਾਂ ਮੇਰੀਆਂ ਮਜਬੂਰੀਆਂ ਦਾ।

ਹੁਣ ਤੈਥੋਂ ਵੀ ਕੀ ਭੁੱਲ ਐ? ਪਹਿਲਾਂ ਮੈਂ ਸਮਝਦਾ ਸੀ ਵੀ ਮੈਂ ਈ ਦੁਖੀ ਆਂ... ਪਰ ਏਹ ਦੁੱਖਾਂ ਵਾਲੀ ਅੱਗ ਤਾਂ ਘਰ-ਘਰ ਲਾਬੂੰ ਕੱਢੀ ਬੈਠੀ। ਦੁਨੀਆਂ ਦੁੱਖੀ ਤੋਂ ਦੁੱਖੀ ਪਈ। ਤੇਰੇ ਮਾਂ ਮਛੋਰ ਦੇ ਦੁੱਖ ਕਿਤੇ ਘੱਟ ਨੇ? ਤੈਨੂੰ ਜਰਮ ਦੇਣ ਤੋਂ ਅਗਲੇ ਦਿਨ ਈ ਧੰਨੋ ਛੱਡਗੀ ਸੀ ਸਾਨੂੰ ਰੋਂਦਿਆਂ-ਵਿਲਕਦਿਆਂ। ਸਿਆਲੂ ਦਿਨ ਸੀ ਪੋਹ ਮਾਘ ਦੇ। ਮਾਂ ਬਣਕੇ ਪਾਲਿਆ ਤੈਨੂੰ। ਰਜਾਈ 'ਚ ਨਾਲ ਪਾਉਂਦਾ ਰਿਹੈਂ। ਚੁੰਘਣੀ ਨਾਲ ਦੁੱਧ ਪਿਆ-ਪਿਆ ਕੇ ਵੱਡਾ ਕੀਤਾ। ਹੁਣ ਤਾਂ ਸੁੱਖ ਨਾਲ ਹੁੰਦੜਹੇਲ ਏਂ। ਪੈਰ ਨ੍ਹੀਂ ਲੱਗਦਾ ਤੇਰਾ ਧਰਤੀ 'ਤੇ।

ਪੈਰ ਤਾਂ ਲੰਬੜਦਾਰਾਂ ਦੀ ਬਹੂ ਦਾ ਵੀ ਨੀ ਲੱਗਦਾ ਹੁੰਦਾ ਧਰਤੀ 'ਤੇ। ਤੈਨੂੰ ਯਾਦ ਹੋਊ-ਮੈਂ ਇੱਕ ਵਾਰ ਲੰਬੜਾਂ ਦੀ ਬਹੂ ਬਾਰੇ ਗੱਲ ਕੀਤੀ ਸੀ। ਓਦਣ ਤੂੰ ਜਿਆਦਾ ਈ ਨਖ਼ਰੇ ਜੇ ਵਿਖਾਈ ਜਾਂਦੀ ਸੀ। ਮੈਂ ਐਵੇਂ ਝਿੜਕ ਦਿੰਦਿਆਂ ਆਖਤਾ, 'ਹੈਂਖਾਂ! ਨਖਰੇ ਕਿਵੇਂ ਕਰਦੀ ਲੰਬੜਾਂ ਦੀ ਬਹੂ ਵਾਗੂੰ। ਤੇਰੇ ਆਗੂੰ ਪੈਰ ਨ੍ਹੀ ਲੱਗਦਾ ਉਹਦਾ ਵੀ ਧਰਤੀ 'ਤੇ। ਤੀਏ ਦਿਨ ਸ਼ਹਿਰ ਤੁਰੀ ਰਹਿੰਦੀ। ਐਹੋ ਜੁਈਆਂ ਤੀਮੀਆਂ ਕਤਲ ਕਰਾਉਂਦੀਆਂ ਹੁੰਦੀਆਂ।" ਮੈਂ ਆਖ ਤਾਂ ਦਿੱਤਾ ਸੀ, ਪਰ ਮਗਰੋਂ ਪੱਛੋਤਾਵਾ ਬਹੁਤ ਹੋਇਆ। ਕਿਸੇ ਨੂੰ ਕੀ ਹੱਕ ਕਿਸੇ ਬਾਰੇ ਮੰਦਾ-ਚੰਗਾ ਬੋਲਣ ਦਾ? ਵੀ ਮਨਾ ਤੈਂਅ ਵੇਖ ਕੀ ਲਿਆ ਮੰਦਾ-ਚੰਗਾ ਓਹਦਾ। ਭਮੇ ਅਗਲੀ ਸ਼ੈਅਰ ਦਵਾਈ ਲੈਣ ਈ ਜਾਂਦੀਓ ਹੋਵੇ। ਭਮੇ ਹੋਰ ਕੰਮ ਧੰਦੇ ਜਾਂਦੀ ਹੋਵੇ ਜਿਉਂਦੀ ਜਾਨ ਨੂੰ ਸੌ ਸਿਆਪੇ। ਐਵੇਂ ਨ੍ਹੀਂ ਡਮਾਕ 'ਚ ਪੁੱਠੀਆਂ ਸਿੱਧੀਆਂ ਗੱਲਾਂ ਲਿਆਈਦੀਆਂ ਕਿਸੇ ਬਾਰੇ। ਡਮਾਕ 'ਚ ਪੁੱਠੀਆਂ ਸਿੱਧੀਆਂ ਗੱਲਾਂ ਤਾਂ ਆਉਣੀਆਂ ਈ ਸੀਗੀਆਂ। ਬਹੂ ਜਮਾ ਮੂਰਤ ਅਰਗੀ ਜਿਮੇ ਦੀਆਂ ਫੋਟੂਆਂ 'ਚ ਹੁੰਦੀਆਂ ਤੇ ਲੰਬੜਾਂ ਦਾ ਛੋਹਰ ਜਮ੍ਹਾ ਬਗਲੋਲ। ਵ੍ਹੀ ਬਗਲੋਲ ਜਣੇ੍ਹ 'ਚ ਐਹੋ ਜ੍ਹੀ ਕੀ ਖਾਸ ਗੱਲ ਐ ਜਿਹੜੀ ਐ ਐਨੀ ਸੋਹਣੀ ਕੁੜੀ ਮਾਪਿਆ ਨੇ ਇਹਦੇ ਬਲੱਜ ਦੇ ਮਗਰ ਲਾਤੀ। ਮਾਂ-ਪਿਉ ਵੀ ਕਈ ਵਾਰ 'ਲਾਦ ਨਾਲ ਵੈਰ ਈ ਕੱਢਦੇ। ਮੈਂ ਫੇਰ ਆਵਦੇ ਆਪ ਨੂੰ ਮੋਟੀ ਸਾਰੀ ਗਾਲ੍ਹ ਈ ਕੱਢੀ...।" ਕੰਜਰ ਦਿਆ ਕੰਜਰਾ! ਤੇਰਾ ਡਮਾਕ ਪੁੱਠਾ ਈ ਕਿਉਂ ਸੋਚਦੈ? ਕੀ ਪਤਾ ਅਗਲਿਆਂ ਦੀ ਕੀ ਮਜ਼ਬੂਰੀ ਹੋਊ? ਫੇਰ ਬਹੂ ਸੈਅਰ ਜਾਣੋ ਹਟਗੀ। ਪਰ ਮਨ ਹਰਾਮੀ-ਹੁਜਤਾਂ ਕਰਨੋ ਹਟੇ ਈ ਨਾ... ਕਿਤੇ ਬਹੂ ਛੱਡ ਕੇ ਤਾਂ ਨ੍ਹੀਂ ਤੁਰਗੀ ਬਗਲੋਲ ਨੂੰ?" ਜਾਣੀਦਾ ਡਮਾਕ ਬਿੜਕਾਂ ਲੈਂਦਾ ਫਿਰੇ।

ਬਿੜਕ ਲੈਣ ਵਾਸਤੇ ਲੰਬੜਦਾਰਾਂ ਦੇ ਗੁਆਂਢੀ ਮੀਤੇ ਮਿੰਬਰ ਤੋਂ ਪੁੱਛ ਈ ਲਿਆ, "ਮਿੰਬਰਾ,

ਲੰਬੜਾਂ ਦੀ ਬਹੂ ਸੈਅਰ ਜਾਂਦੀ ਹੁੰਦੀ ਸੀਗੀ, ਕੈਅ ਦਿਨ ਹੋਗੇ ਦਿਖੀ ਨ੍ਹੀਂ।"



ਮਿੰਬਰ ਪਹਿਲਾਂ ਤਾਂ ਟੇਡਾ ਜਿਆ ਝਾਕਿਆ, ਫੇਰ ਸਵਾਲ ਮੇਰੇ ਕੰਨੀ ਰੋੜਤਾ, "ਆਜੜੀ ਬੰਦੇ ਨੂੰ ਤਾਂ ਸਾਰੇ ਪਿੰਡ ਦੀ ਸੂਹ ਹੁੰਦੀ, ਤੈਨੂੰ ਨ੍ਹੀਂ ਪਤਾ?" ਮੇਰੇ ਨਾਂਹ 'ਚ ਸਿਰ ਮਾਰਨ 'ਤੇ ਪਟਾਰੀ ਖੋਲ੍ਹ ਕੇ ਬਹਿ ਗਿਆ, "ਅਗਲੀ ਬਾਹਰਲੇ ਮੁਲਕ ਬੈਠੀ ਐ। ਹੁਣ ਤਾਂ ਸੁਣਿਆ ਲੰਬੜ ਦਾ ਬੱਗਾ ਬਲੌਲ ਵੀ ਅੱਜ ਭਲਕ ਜੁਆਨ ਦੀ ਬਾਰੀ ਨੂੰ ਹੱਥ ਪਾਉਣ ਵਾਲਾ। ਊਂ ਗੱਲ ਤੇਰੇ ਮੰਨਣ 'ਚ ਨ੍ਹੀਂ ਆਉਣੀ।"

ਗੱਲ ਮੇਰੇ ਮੰਨਣ 'ਚ ਆਵੇ ਈ ਨਾ। ਐਵੇਂ "ਹੱਛਾ! ਹੱਛਾ!" ਕਰੀ ਜਾਵਾਂ।

"ਪਰ ਉਹ ਸੈਅਰ ਕਰਨ ਕੀ ਜਾਂਦੀ ਸੀ?" ਮੇਰੀ ਗਰਾਰੀ ਅੜੀ ਪਈ ਸੀ।

ਭਾਨ ਸਿਆਂ! ਬਾਹਰਲੇ ਮੁਲਕ ਜਾਣ ਆਸਤੇ ਅੰਗਰੇਜ਼ੀ ਵਾਲਾ ਟੈਸਟ ਪਾਸ ਕਰਨਾ ਪੈਂਦਾ। ਆਈਲਿਟ ਆਂਹਦੇ ਉਹਨੂੰ। ਬਹੂ ਸ਼ਹਿਰ ਕੋਚਿੰਗ ਲੈਣ ਜਾਂਦੀ ਸੀ। ਮਤਲਬ ਕਿ ਟੂਸ਼ਨ ਪੜ੍ਹਨ ਜਾਂਦੀ ਸੀ।" ਹੱਛਾ! ਮੈਂ ਐਵੇਂ ਹੁੰਗਾਰਾ ਭਰੀ ਜਾਂਦਾ ਸੀ। ਸਮਝ ਮੈਨੂੰ ਕੱਖ ਨ੍ਹੀਂ ਲੱਗੀ।

"ਹੋਰ ਕੀ? ਬਹੂ ਨੇ ਬੈਂਡ ਵੀ ਚੰਗੇ ਮਾਰਲੇ। ਦਿਨਾਂ 'ਚ ਈ ਪਾਸਪੋਰਟ 'ਤੇ ਵੀਜ਼ੇ ਆਲੀਆਂ ਮੋਹਰਾਂ ਲੱਗ ਗਈਆਂ। ਬਹੂ ਔਹ ਗਈ ... ਔਹ ਗਈ।" ਮਿੰਬਰ ਮੇਰੇ ਕੋਲ ਹੋ ਗਿਆ।

"ਕੁੜੀ ਸੀਗੀ ਬਹੁਤ ਗਰੀਬ ਘਰ ਦੀ। ਜਾਤ ਵੀ ਕੋਈ ਐਸੀ-ਵੈਸੀ ਸੀਗੀ। ਸ਼ੈਤ ਚਮਾਰ ਐ... ਸ਼ੈਂਤ ਬਾਜ਼ੀਗਰ ਐ। ਸ਼ੈਂਤ ਭਾਈ ਕੋਈ ਝਿਉਰੀ-ਮਹਿਰੀ ਈ ਹੋਵੇ?"

"ਮੇਰੇ ਫੇਰ ਗਰਾਰੀ ਅੜਗੀ... ਲੰਬੜਦਾਰਨੀ ਤਾਂ ਸਿਰੇ ਦੀ ਦਰੈਤਣ ਐ। ਉਹਨੇ ਐਸੀ-ਵੈਸੀ ਜਾਤ ਚੌਂਕੇ ਕਿਮੇ ਚਾੜ੍ਹਲੀ?"

"ਮੇਰੀ ਗੱਲ ਸੁਣਕੇ ਮਿੰਬਰ ਖੁੱਲ੍ਹ ਕੇ ਹੱਸਿਆ-'ਚੌਂਕੇ ਚਾੜ੍ਹਨ ਦੀਆਂ ਗੱਲਾਂ ਕਰਦਾਂ, ਉਹ ਤਾਂ ਸਣੇ ਲੰਬੜਦਾਰਨੀ ਸਾਰਾ ਟੱਬਰ ਬਹੂ ਦੇ ਪੈਰਾਂ ਥੱਲੇ ਹੱਥ ਦਿੰਦਾ ਸੀ। ਬਹੂ ਦੇ ਮਗਰ ਈ ਤਾਂ ਬਲੌਲ ਨੇ ਕਨੇਡਾ ਜਾਣਾ। ਨਾਲੇ ਭਾਨ ਸਿਆਂ ਸਰਦਾਰਾ! ਆਹ ਜਿਹੜੇ ਬੈਂਡ ਐ ਨਾ ਆਈਲਿਟ ਵਾਲੇ... ਇਹਨਾਂ ਨੇ ਨ੍ਹੀਂ ਰਹਿਣ ਦਿੱਤੀ ਜਾਤਪਾਤ। ਬੱਗੇ ਬਲੌਲ ਵਰਗੇ ਪਤਾ ਨ੍ਹੀਂ ਕਿੰਨੇ ਕੁ ਨਲੈਕ ਜਹਾਜ ਚੜ੍ਹਗੇ ਬੈਂਡ ਵਾਲੀਆਂ ਕੁੜੀਆਂ ਮਗਰ।"

ਮੇਰੇ ਹੈਰਿਆਨ ਪਰਸ਼ਾਨ ਹੋਏ ਨੂੰ ਵੇਖ ਮਿੰਬਰ ਆਂਹਦਾ, "ਤਿੰਨੂ ਸੌਖੀ ਤਰ੍ਹਾਂ ਸਮਝਾ ਦਿੰਨਾਂ ਵਈ ਪੈਸਾ ਚੱਲਦਾ, ਮੁੰਡੇ ਆਲਿਆਂ ਦਾ ਤੇ ਪੜ੍ਹਾਈ ਵਾਲੇ ਸਰਟੀਫਿਕੇਟ ਚੱਲਦੇ ਕੁੜੀਆਂ ਦੇ।"

"ਪਰ ਲੰਬੜਾ ਆਲਾ ਬਗਲੋਲ ਤਾਂ ਚਿੱਟਾ ਲਾਉਂਦਾ। ਏਥੇ ਨਸ਼ੇ 'ਚ ਟੁੰਨ ਹੋ ਕੇ ਡੱਕਾ ਨ੍ਹੀਂ ਸੀ ਤੋੜਦਾ-ਕਨੇਡੇ 'ਚ ਜਾ ਕੇ ਕੀ ਪੂਰੀਆਂ ਪਾ ਦੂ।"

"ਮੋਨਿਕਾ ਰਾਣੀਏ! ਰੋਕਦਿਆਂ ਰੋਕਦਿਆਂ ਵੀ ਮੇਰੇ ਮੂੰਹੋਂ ਨਿਕਲ ਗਿਆ। ਨਿਕਲ ਗਿਆ ਤਾਂ ਨਿਕਲ ਗਿਆ। ਗ਼ਲਤ ਤਾਂ ਨਾ ਸੀ ਆਖਿਆ। ਮਿੰਬਰ ਦਾ ਮੂੰਹ ਜਮਾ ਉਤਰ ਗਿਆ ਆਂਹਦਾ-'ਬਗਲੋਲ ਲੰਬੜਾਂ ਦਾ ਬੱਗਾ ਨ੍ਹੀਂ ਆਪਾਂ ਆਂ। ਅਠਾਈ ਕਿਲਿਆਂ ਦਾ ਟੱਕ ਬੱਗੇ ਨੂੰ ਬਗਲੋਲ

ਰਹਿਣ ਦਿੰਦਾ ਭਲਾ? ਪੈਸਿਆਂ ਦੇ ਸਿਰ ’ਤੇ ਵਿਆਹ ਵੀ ਹੋ ਗਿਆ, ਕਨੇਡਾ ਦੀ ਜਾਊ। ਲੰਬੜਦਾਰ ਤੇ ਲੰਬੜਦਾਰਨੀ ਵੀ ਝੂਟੇ ਲੈਣਗੇ ਜਹਾਜ਼ ਦੇ। ਦੂਜੇ ਬੰਨ੍ਹੇ ਸਾਡੇ ਆਲੇ ਛੋਹਰ ਕੰਨੀ ਦੇਖਲਾ, ਮਸਟਰੀ ਆਲਾ ਕਰੋਸ ਕਰਕੇ ਵੀ ਆਏ ਦਿਨ ਕੁੱਟ ਖਾਂਦਾ ਪੁਲਿਸ ਤੋਂ। ਕਦੇ ਕਿਤੇ ਧਰਨਾ ਕਿਤੇ ਮੁਜ਼ਾਹਰਾ। ਦੋ ਵੇਰੀਂ ਤਾਂ ਜੇਲ੍ਹ ਈ ਜਾ ਆਇਆ। ਫੇਰ ਦੱਸ ਕੌਣ ਹੋਇਆ ਬਲੋਲ?”

ਮੋਨਿਕਾ ਧੀਏ! ਤੂੰ ਈ ਦੱਸ ਕੌਣ ਹੋਇਆ ਬਗਲੋਲ? ਮੇਰੇ ਸਾਬ ਨਾਲ ਤਾਂ ਮੇਰੇ ਅਰਗੇ ਈ ਹੋਏ। ਜੇ ਮੇਰੇ ਕੋਲ ਲੰਬੜ ਵਾਂਗੂੰ ਚਾਰ ਪੈਸੇ ਹੁੰਦੇ –ਘਰਵਾਲੀ ਹਰਨਾਮੋ ਦਾ ਲਾਜ ਕਿਹੜਾ ਨਾ ਕਰਾਉਂਦਾ ਚੰਗੇ ਹਥਪਤਾਲ ’ਚੋਂ। ਮਾਰ ਦਿੱਲੀ ਬੰਬੇ ਤੀਕਰ ਕਿਹੜਾ ਨਾ ਲੈ ਜਾਂਦਾ? ਜਣੀਦਾ ਮੈਂ ਸਾਬ੍ਹ ਲਾਇਆ ਵ੍ਹੀ ਪੈਸਾ ਈ ਐ ਜਿਹੜਾ ਬੰਦੇ ਨੂੰ ਲੰਬੜ ਬਣਾ ਦਿੰਦਾ–ਨਾ ਕੋਲ ਹੋਵੇ ਤਾਂ ਮੇਰੇ ਆਗੂੰ ਲੰਡੂ। ਤੈਨੂੰ ਪਤਾ ਮੇਰਾ, ਊਂ ਤਾਂ ਮੈਨੂੰ ਛੇਤੀ ਕੀਤੇ ਗੁੱਸਾ ਆਉਂਦਾ ਨ੍ਹੀ ਮੀਤੇ ਮਿੰਬਰ ਦੀਆਂ ਗੱਲਾਂ ਸੁਣ ਕੇ ਰੱਬ ’ਤੇ ਗੁੱਸਾ ਆ ਗਿਆ, ਵਈ ਫੇਰੇ ਦੇਣੀ ਦਿਆ, ਜੇ ਚਾਰ ਛਿੱਲੜ ਦੇਣੇ ਨ੍ਹੀਂ ਸੀ ਤਾਂ ਆਹ ਮਨੁੱਖਾ ਜੂਨੀ ਕਾਹਨੂੰ ਦੇਣੀ ਸੀ। ਕੀ ਸਾਲਾ ਗੱਡਾ ਖੜਿਆ ਸੀ ਐਹੋ ਜਿਹੀ ਜੂਨ ਤੋਂ। ਸਹੀ ਆਖਿਆ ਸੀ ਨਾ? ਜਣੀਦਾ ਮੈਂ ਸਾਬ ਲਾਇਆ, ਰੱਬ ਮੇਰੇ ਸਾਲੇ ਦੇ ਨੇ, ਮਨੁੱਖਾ ਜੂਨੀ ਪਾ ਕੇ ਜਿਮੇ ਮੇਰੇ ਨਾਲ ਖੋਰ ਈ ਕੱਢਿਆ।

ਖੋਰ ਤਾਂ ਜੀਤੋ ਨੇ ਵੀ ਕੱਢਿਆ ਸਾਰੇ ਟੱਬਰ ਨਾਲ। ਵੱਡੇ ਦੇ ਘਰਵਾਲੀ ਸਿਆਣੀ ਹੁੰਦੀ ਘਰ ਦਾ ਮੂੰਹ ਮੱਥਾ ਹੋਰ ਹੋਣਾ ਸੀ। ਮਾੜੇ–ਪੈੜੇ ਵਾਲੀ ਨੇ ਘਰ ’ਚ ਪੈਰ ਮਗਰੋਂ ਪਾਇਆ ਘਰ ਖੱਖੜੀਆਂ ਕਰੇਲੇ ਪਹਿਲਾਂ ਹੋ ਗਿਆ। ਦਿਨ ਪੰਦਰਾਂ ਨ੍ਹੀਂ ਕੱਟੇ ਸੜੇ ਬੂਥੇ ਆਲੀ ਨੇ, ਵਿਹੜੇ ਦੇ ਵਿਚਾਲੇ ਬੰਦੇ ਨਾਲੋਂ ਉੱਚੀ ਕੰਧ ਉਸਰਗੀ। ਬੇਬੇ–ਬਾਪੂ ਬਥੇਰਾ ਕਲਪੇ–ਛੋਟੇ ਦਾ ਵਿਆਹ ਹੋ ਲੈਣ ਦੇ। ਕੁੜੀਆਂ ਬੂਹਿਓਂ ਉੱਠ ਲੈਣ ਫੇਰ ਭਮੇ ਦੂਏ ਦਿਨ ਚੁੱਲ੍ਹਾ ਅੱਡ ਕਰਲੀਂ। ਪਰ ਨਾ ਜੀ ਇੱਕੋ ਟੰਗ ’ਤੇ ਖੜੀ ਰਹੀ, ਮੈਂ ਅੱਡ ਹੋਣਾ, ਮੈਂ ਅੱਡ ਹੋਣਾ। ਅਖੇ ਮੈਨੂੰ ਬੱਕਰੀਆਂ ਦੀਆਂ ਮੀਂਗਣਾ ’ਚੋਂ ਮੁਸ਼ਕ ਆਉਂਦਾ। ਮੁਸ਼ਕ ਆਉਂਦਾ ਸੀਗਾ ਏਹਨੂੰ ਝੀਂਡਆਲੀਏ ਸਰਦਾਰਾਂ ਦੀ ਕੁੜੀ ਨੂੰ।

ਮੁਸ਼ਕ ਕਾਹਦਾ ਆਉਣਾ ਸੀਗਾ–ਖੁੱਲ੍ਹਾਂ ਭਾਲਦੀ ਸੀਗੀ। ਮਾਰਿਆਂ ਦੇ ਨਾਲ ਹੁੰਦਿਆਂ ਅੰਗੂਰੀਆ ਨ੍ਹੀਂ ਸੀ ਨਾ ਚਰ ਹੋਣੀਆਂ। ਖ਼ੈਰ! ਹੋ ਜਾਂਦੀ ਅੱਡ। ਹੁੰਦੀ ਆਈ ਦੁਨੀਆ ਅੱਡ ਵਿੱਢ ਮੁੱਢ ਕਦੀਮ ਤੋਂ। ਜਦੋਂ ਦੀ ਲੀਲੀ ਛੱਤ ਆਲੇ ਨੇ ਦੁਨੀਆ ਸਾਜੀ ਐ। ਪਰ ਮਾਂ ਦੀ ਜੀਤ ਕੁਰ ਨੇ ਅੱਡ ਹੋ ਕੇ ਖੋਰ ਨ੍ਹੀਂ ਛੱਡਿਆ। ਤੱਤੇ ਤਵੇ ’ਤੇ ਬਹਾਈ ਰੱਖਿਆ ਸਾਰੇ ਟੱਬਰ ਨੂੰ। ਲੜਦੇ ਤੀਮੀ–ਆਦਮੀ ਸੀਗੇ–ਗਾਹਲਾਂ ਦੁੱਪੜ ਬੇਬੇ ਬਾਪੂ ਨੂੰ। ਵਿਚੇ ਮੈਨੂੰ, ਵਿਚੇ ਨਨਾਣਾਂ ਨੂੰ। ਪਤਾ ਨ੍ਹੀਂ ਕਿਹੜਾ ਖੋਰ ਸੀ ਉਹਦੇ ਅੰਦਰ। ਛੱਡਦੀ ਈ ਨ੍ਹੀਂ ਸੀ ਖੋਰ!

ਖੋਰ ਜਿੰਦੂ ਸਰਪੈਂਚ ਨੇ ਕਿਹੜਾ ਛੱਡਿਆ। ਬੋਟਾਂ ਵੇਲੇ ਹਜ਼ਾਰ ਰੁਪਈਆ ਕੀ ਮੋੜਿਆ, ਵੈਰ ਈ ਪੈ ਗਿਆ। ਲੈ ਤੇਰੀ ਸਹੁ ਲੱਗੇ। ਦੋ ਵੇਲਿਆਂ ਦੀ ਇੱਕ ਵੇਲਾ। ਬੋਟ ਵੀ ਜਿੰਦੂ ਨੂੰ ਈ ਪਾਈ ਸੀ। ਹੋਰ ਪਾਉਂਦੇ ਵੀ ਕੀਹਨੂੰ । ਸਰਪੈਂਚੀ ਆਲੇ ਦੋਵੇਂ ਈ ਲੁੱਟਣ ਆਲੇ ਸੀਗੇ। ਜਿੰਦੂ ਚੋਰ ਐ ਤੇ ਦੂਜਾ ਭੋਲਾ ਡਾਕੂ। ਚੋਰ ਤੇ ਡਾਕੂ ’ਚੋਂ ਚੋਰ ਨੂੰ ਪਾਤੀ। ਨਾਲੇ ਦੂਜਾ ਤਾਂ ਬਲੈਕੀਆ ਐ ਸਿਰੇ ਦਾ। ਭੈਣ ਦੀ ਇੱਜ਼ਤ ਦਾ ਵੀ ਸਾਂਝੀ ਹੈਨੀ। ਹੁਣ ਮੋਨਿਕਾ ਪੁੱਤ ਤੂੰ ਈ ਦੱਸ ਐਹੇ ਜੇ ਗੰਦ ਨੂੰ ਭਾਨਾ ਕਿਮੇ ਪਾ ਦਿੰਦਾ ਬੋਟ? ਪਾਉਣੀ ਤਾਂ ਅਸਕਰ ਨੂੰ ਜਿੰਦੂ ਨੂੰ ਈ ਸੀ!

ਲੈ ਜਿੰਦੂ ਦੀ ਸੁਣਲੈ। ਬੋਟਾਂ ਤੋਂ ਇੱਕ ਦਿਨ ਪਹਿਲਾਂ ਘਰ ਆਇਆ। ਐਥੇ ਈ ਬੈਠਾ ਸੀਗਾ ਮੈਂ। ਤੇਰੀ ਮਾਂ ਨਾਲ ਲਾਡੀਆਂ–ਬਾਡੀਆਂ ਜਈਆਂ ਕਰੀ ਜਾਵਾਂ। ਕਦੇ ਕੰਨ ਮਰੋੜ ਦਿਆਂ–ਕਦੇ ਟੰਗ

ਖਿੱਚਲਾਂ। ਕਦੇ ਨੱਕ 'ਚ ਉਂਗਲੀ ਪਾ ਦੇਮਾ-ਕਦੇ ਧੌਣ ਦਵਾਲੇ ਨਾਗਵਲ਼ ਪਾ ਲਮਾ ਬਾਹਾਂ ਦਾ। ਜਿੰਦੂ ਕਾਹਲੀ-ਕਾਹਲੀ ਆਇਆ ਤੇ ਆ ਕੇ ਹਜ਼ਾਰ ਰੁਪਈਆ ਮੇਰੀ ਮੁੱਠੀ 'ਚ ਦੇਤਾ। ਅਖੇ ਜੀ ਤੇਰੀ ਬੋਟ ਪੱਕੀ ਕਰਨੀ ਐ। ਮੈਨੂੰ ਬਾਪੂ ਦੀ ਗੱਲ ਯਾਦ ਆਈ ਜਾਵੇ। ਬਾਪੂ ਆਂਹਦਾ ਹੁੰਦਾ ਸੀ-ਜੇਹੀ ਬੋਟ ਬੇਚਤੀ ਜੇਹੀ ਧੀ ਬੇਚਤੀ। ਮੈਂ ਜਿੰਦੂ ਨੂੰ ਬਥੇਰਾ ਆਖਿਆ ਵਈ ਬੋਟ ਤੇਰੀ ਐ-ਜਮਾ ਇੱਟ ਵਰਗੀ ਪੱਕੀ। ਪਰ ਉਹਨੂੰ ਯਕੀਨ ਈ ਨਾ ਆਵੇ। ਮੈਂ ਨੋਟ ਮਾਰੇ ਮੂੰਹ 'ਤੇ ਨਾਲੇ ਬਾਹਰਲੇ ਬੂਹੇ ਅੱਲੀ ਇਸ਼ਾਰਾ ਕਰਤਾ...।

ਔਹ ਬਾਰ ਦੀਂਹਦਾ... ਪੱਤੋ ਲੀਹ ਹੋ ਜਾ। ਭਾਨੇ ਕੋਲ ਕੋਠਾ ਨ੍ਹੀ ਬਠਲਾ ਨ੍ਹੀਂ। ਤੇਰੇ ਅਰਗੀ ਕਾਰ ਤਾਂ ਕੀ ਸੈਂਕਲ ਵੀ ਹੈਨੀ। ਓਰਾ ਜ਼ਮੀਨ ਦਾ ਨ੍ਹੀਂ ਪਰ ਜ਼ਮੀਰ ਹੈਗੀ। ਇੱਕੋ ਇੱਕ ਚੀਜ ਹੁਣ ਉਹ ਵੀ ਵੇਚ ਦਿਆਂ?" ਬੱਸ ਉਦੋਂ ਤੋਂ ਵੈਰ ਈ ਪੈ ਗਿਆ।

ਵੈਰ ਕੀ ਪਿਆ। ਆਹ ਖੋਲ਼ਾ ਪੱਕਾ ਨ੍ਹੀਂ ਹੋਣ ਦਿੱਤਾ ਸਰਪੈਂਚ ਨੇ। ਆਪਣੇ ਕੋਠੇ ਦੀ ਗਰਾਂਟ ਆਈ ਸੀ ਉਪਰੋਂ ਲੈਣ ਨ੍ਹੀਂ ਦਿੱਤੀ ਜਿੰਦੂ ਸਰਪੈਂਚ ਨੇ। ਸੁਣਿਆ ਆਪਣੇ ਆਲਾ ਕੋਠਾ ਕੋਈ ਹੋਰ ਖਾ ਗਿਆ। ਬਾਪੂ ਨੇ ਕਹਿਣਾ ਘਰ ਦੀ ਟੁੱਟੀ ਲਟੈਣ ਤੇ ਵਿਗੜੀ ਸਰਕਾਰ ਇੱਕ ਬਰੋਬਰ ਹੁੰਦੀ। ਕੀ ਪਤਾ ਕਦੋਂ ਡਿੱਗ ਪੈਣ। ਆਪਣੇ ਜਣੇ ਤਾਂ ਸਰਕਾਰ ਜਿੰਦੂ ਸਰਪੈਂਚ ਈ ਐ। ਹੋਰ ਵੀ ਹੋਣਗੇ ਉੱਤੇ। ਮੇਰੇ ਸਾਬ ਨਾਲ ਐਮ. ਐਲ ਹੁੰਦਾ। ਬਜ਼ੀਰ ਹੁੰਦਾ। ਉਦੂੰ ਬੱਡਾ ਬਜ਼ੀਰ ਹੁੰਦਾ। ਡੀ. ਸੀ. ਤੇ ਤਸੀਲਦਾਰ ਹੁੰਦੇ। ਹੋਰ ਵੀ ਹੋਣਗੇ। ਐਵੇਂ ਝੂਠ ਮਾਰੀਏ। ਆਪਾਂ ਨੂੰ ਨ੍ਹੀਂ ਪਤਾ ਬਾਹਲਾ ਪਰ ਮੋਨਿਕਾ ਰਾਣੀਏ, ਬੰਦੇ ਨੂੰ ਪਤਾ ਹੋਣਾ ਚਾਹੀਦਾ ਉਹਦੇ ਹਿੱਸੇ ਦਾ ਕੋਠਾ ਖਾ ਕੌਣ ਗਿਆ।

ਕੋਠੇ ਦੀ ਤਾਂ ਖੈਰ ਐ, ਆਪਣਾ ਤਾਂ ਸਾਰਾ ਕੁੱਛ ਈ ਖਾ ਗੇ ਜਰਵਾਣੇ। ਹਰਨਾਮੋ ਮਰਦੀ ਨ੍ਹੀਂ ਸੀ-ਡਾਹਢਿਆਂ ਨੇ ਰਲ-ਮਿਲ ਕੇ ਮਾਰੀ ਐ। ਜਦੋਂ ਚੁੰਨੀ ਚੜ੍ਹਾਵਾ ਕਰਕੇ ਲਿਆਂਦੀ ਮੇਰਾ ਘਰ ਵਸਦਿਆਂ 'ਚ ਹੋ ਗਿਆ। ਪੁੱਜ ਕੇ ਸ਼ਰੀਫ਼। ਜਿਮੇ ਦੇ ਧੀਆਂ ਪੁੱਤ ਹੁੰਦੇ ਕਬੀਲਦਾਰਾਂ ਦੇ। ਅੱਠੇ ਪਹਿਰ ਕੰਮਕਾਰ 'ਚ ਰੁੱਝੀ ਰਹਿੰਦੀ। ਨਾ ਕਿਸੇ ਨੂੰ ਚੰਗੀ ਨਾ ਮਾੜੀ। ਆਉਂਦਿਆਂ ਈ ਉਮੀਦ ਸਿਰ ਵੀ ਹੋਗੀ। ਇੱਕ ਦਿਨ ਐਥੇ ਬੈਠੀ ਸੀ ਮੰਜੇ 'ਤੇ ਫਲੀਆਂ ਡੁੰਗੀ ਜਾਵੇ। ਸੜੇ ਬੂਥੇ ਆਲੀ ਜੀਤੋ ਨੂੰ ਪਤਾ ਨ੍ਹੀਂ ਕੀ ਪਰੇਤ ਵਿਖਾਲੀ ਦਿੰਦੇ ਸੀਗੇ। ਕਿੰਨਾ ਚਿਰ ਤਾਂ ਕੰਧ ਤੋਂ ਦੀ ਗਾਹਲਾਂ ਕੱਢੀ ਗਈ, ਫੇਰ ਅੱਗ ਦੇ ਭੰਬੂਕੇ ਆਂਗੂੰ ਆਈ ਤੇ ਹਰਨਾਮੋ ਦੇ ਹੱਥੀ ਪੈਗੀ। ਅਣੀ ਪਟੱਕੀ ਆ ਪਈ ਬਿੱਜ ਤੋਂ ਘਬਰਾ ਕੇ ਦਾਅੜ ਦੇਣੇ ਥੱਲੇ ਜਾ ਡਿੱਗੀ। ਖ਼ੂਨ ਦੀਆਂ ਘਰਾਲਾਂ ਚੱਲ ਪਈਆਂ ਅੰਦਰੋਂ ਚੱਕ ਕੇ ਸ਼ਹਿਰ ਲੈਗੇ ਡਾਕਦਾਰ ਦੇ। ਜਾਂਦਿਆਂ ਈ ਡਾਕਟਰਨੀ ਨੇ ਵੱਡਾ ਪਰੇਸ਼ਨ ਕਰਤਾ। ਮਹੀਨੇ ਅਜੇ ਅੱਠ ਵੀ ਪੂਰੇ ਨ੍ਹੀਂ ਸੀ ਹੋਏ। ਨਰਸ ਨੇ ਲੀੜਿਆਂ 'ਚ ਵਲੇਟਿਆ ਜੁਆਕ ਲਿਆ ਕੇ ਮੇਰੇ ਹੱਥਾਂ 'ਚ ਫੜਾ ਤਾ। ਹਰਨਾਮੋ ਵਿਚਾਰੀ ਨੇ ਤਾਂ ਚੰਗੂ ਤਰ੍ਹਾਂ ਵੇਖਿਆ ਵੀ ਨ੍ਹੀਂ ਟਿੱਡੂ ਨੂੰ। ਜੁਆਕ ਨੂੰ ਜਰਮ ਦੇਣ ਤੋਂ ਬਾਅਦ ਹੋਸ਼ 'ਚ ਈ ਆਈ। ਮੀਨ੍ਹਾ ਭਰ ਹਥਪਤਾਲ 'ਚ ਦਾਖਲ ਰਹੀ। ਬੋਤਲਾਂ ਈ ਚੜ੍ਹਾਈ ਗਏ। ਟੀਕਿਆਂ -ਟਪੱਲਿਆਂ ਦਾ ਤਾਂ ਕੋਈ ਸਾਬ ਈ ਨ੍ਹੀਂ ਰਿਹਾ। ਫੇਰ ਆਂਹਦੇ ਲੁੱਦੇਹਾਣੇ ਜਾਂ ਚੰਦੀਗੜ੍ਹ ਲੈਜੋ। ਕਾਹਦੇ ਨਾਲ ਲਿਜਾਂਦੇ? ਲੈ ਆਏ ਅਗਲੇ ਦਿਨ ਲਾਸ਼ ਬਣੀ ਨੂੰ।

ਮੋਨਿਕਾ! ਜਿਵੇਂ ਤੈਨੂੰ ਪਾਲਿਆ ਚੁੰਘਣੀ ਨਾਲ ਦੁੱਧ ਪਿਆ ਪਿਆ ਕੇ, ਉਵੇਂ ਜਿਵੇਂ ਟਿੱਡੂ ਨੂੰ ਪਾਲਿਆ। ਸਾਂਭਣਾ ਈ ਸੀ, ਹਰਨਾਮੋ ਦੀ ਆਖਰੀ ਨਿਸ਼ਾਨੀ ਐ। ਹੁਣ ਕੈਅ ਵਰ੍ਹੇ ਹੋਗੇ ਇਹਨੂੰ ਚੱਕੀ ਫਿਰਦੇ ਨੂੰ। ਜਰਮ ਲੈਣ ਵੇਲੇ ਪਤਾ ਨ੍ਹੀਂ ਕੀ ਬਿਮਾਰੀ ਚੰਬੜਗੀ। ਹੱਡੀਆਂ ਦੀ ਮੁੱਠ ਬਣਿਆ ਪਿਆ ਮੰਜੇ 'ਤੇ। ਡਕਟਰ ਆਂਹਦੇ ...। ਨਹੀਂ ਲਾਡੋ, ਮੈਂ ਰੋਂਦਾ ਨ੍ਹੀਂ। ਰੋਣ ਕਿੱਥੇ ਹੁੰਦਾ ਮੇਰੇ ਵਰਗੇ

ਗਰੀਬਾਂ ਕੋਲ ? ਅੱਖਾਂ ਦਾ ਪਾਣੀ ਵੀ ਸੁੱਕ ਜਾਂਦਾ।

ਮੇਨਿਕਾ ਧੀਏ ! ਜਦੋਂ ਕਾਲੀ ਜੀਭ ਆਲੀ ਜੀਤੋ ਨਾਲੋਂ ਅੱਡ ਹੋਏ, ਬਾਪੂ ਤੇ ਉਹਦਾ ਬੱਕਰੀਆਂ ਆਲਾ ਪਰਿਵਾਰ ਮੇਰੇ ਹਿੱਸੇ ਆ ਗਿਆ। ਭਾਨਾ ਹੁਣ ਭਾਨਾ ਬੱਕਰੀਆਂ ਵਾਲਾ ਬਣ ਗਿਆ। ਦੂਰ ਦੂਰ ਤੱਕ ਚਾਰਨ ਲਈ ਲੈ ਕੇ ਜਾਂਦਾ। ਕਦੇ ਡਰੇਨ ਅੱਲ੍ਹੀਂ। ਕਦੇ ਟਿੱਬਿਆ ਕੰਨੀ। ਕਦੇ ਵੱਡੀ ਨਹਿਰ 'ਤੇ ਢਾਂਗੀ ਮੋਢਿਆਂ 'ਤੇ। ਕੁੰਡੇ ਵਾਲੀ ਪਤੀਲੀ। ਵੱਡਾ ਕੱਪ ਮੂਕੇ 'ਚ ਬੰਨ੍ਹ ਲੈਣਾ। ਨਹਿਰ ਆਲਾ ਬੇਲਦਾਰ ਪਹਿਲੋਂ ਪਹਿਲ ਕੌੜਦਾ ਹੁੰਦਾ ਸੀਗਾ-ਅਖੇ ਬੱਕਰੀਆਂ ਦਰੱਖਤਾਂ ਦਾ ਨੁਕਸਾਨ ਕਰਦੀਆਂ। ਫੇਰ ਹੌਲੀ ਹੌਲੀ ਬੇਲੀ ਬਣ ਗਿਆ। 'ਕੱਠੇ ਚਾਹ-ਪਾਣੀ ਪੀਂਦੇ ਬੱਕਰੀਆਂ ਮੂੰਹ ਉਤਾਂਹ ਨੂੰ ਕਰਕੇ ਕਿੱਕਰਾਂ ਦੇ ਲਵੇ-ਲਵੇ ਲੁੰਗ ਖਾਂਦੀਆਂ। ਮੈਨੂੰ ਵੇਖ-ਵੇਖ ਚਾਅ ਚੜ੍ਹਦਾ।

ਚਾਅ ਤਾਂ ਚੜ੍ਹਨਾ ਈ ਸੀ-ਭਾਨੇ ਦਾ ਪਰਿਵਾਰ 'ਚ ਮੋਹ ਈ ਐਨਾ ਪੈ ਗਿਆ ਸੀ। ਕੀ ਬੱਕਰੀਆਂ ਕੀ ਪਠੋਰੇ, ਭਾਨੇ ਨੂੰ ਮੋਹ ਕਰਨ ਲੱਗੇ। ਭਾਨੇ ਦੀ ਆਵਾਜ਼ ਦੂਰੋਂ ਈ ਪਛਾਣ ਲੈਂਦੇ। ਟੱਬਰੀ ਦੇ ਸਾਰੇ ਜੀਆਂ ਦੇ ਨਾਂ ਅੱਡੋ ਅੱਡ ਨਾਂ ਰੱਖਲੇ ਭਾਨੇ ਨੇ। ਭਾਨਾ ਜੀਹਦਾ ਨਾਂ ਲੈ ਕੇ ਆਵਾਜ਼ ਮਾਰੇ-ਉਹੀ ਭੱਜਿਆ ਆਇਆ ਕਰੇ। ਦੁੱਖ ਦਰਦ ਸਮਝਦਾ ਸੀ ਭਾਨਾ ਆਵਦੇ ਸਾਰੇ ਜੀਆਂ ਦਾ।

ਦੁੱਖ ਦਰਦ ਤਾਂ ਭਾਨਾ ਕਿਸੇ ਦਾ ਵੀ ਨ੍ਹੀਂ ਜਰ ਸਕਦਾ। ਪਿੰਡ 'ਚੋਂ ਕੋਈ ਬੀਬੀ ਭੈਣ ਆਉਂਦੀ, "ਬਾਈ ਭਾਨਿਆ ! ਕੱਪੀ ਕੁ ਦੁੱਧ ਚਾਈਂਦਾ ਬੱਕਰੀ ਦਾ। ਜੁਆਕਾਂ ਦੀਆਂ ਅੱਖਾਂ ਦੁਖਣੀਆਂ ਆਗੀਆਂ। ਸਿਆਣਿਆ ਦੱਸਿਆ ਬੱਕਰੀ ਦੇ ਦੁੱਧ 'ਚ ਰੂੰਅ ਭਿਉਂ ਕੇ ਫਹੇ ਰੱਖੋ ਜੁਆਕਾਂ ਦੀਆਂ ਅੱਖਾਂ 'ਤੇ ਰਾਮ ਆਜੂ ਜਦੇ ਈ।" ਕੋਈ ਹੋਰ ਆ ਜਾਂਦੀ, "ਭਾਈ ਜੀ-ਜੁਆਨ ਦਾ ਤਾਪ ਨ੍ਹੀਂ ਲਹਿੰਦਾ। ਜੈ ਖਾਣੀ ਦੇ ਸੈੱਲ-ਸੁੱਲ ਜ੍ਹੇ ਘਟਗੇ। ਨਮੀਆਂ ਈ ਬਿਮਾਰੀਆਂ ਚੱਲਪੀਆਂ। ਨਾ ਕਦੇ ਦੇਖੀਆ-ਨਾ ਕਦੇ ਸੁਣੀਆਂ। ਸਾਡੀ ਤਾਂ ਭਾਈ ਥੋਡੇ ਤੱਕ ਈ ਸਾਰੋਂ ਐਂ। ਜਿਮੇ ਕਿਮੇ ਦੁੱਧ ਦਿਉ ਕਿੱਲੋ ਅੱਧਾ ਕਿੱਲੋ। ਸਹੁੰ ਨਿਗਾਹੇ ਆਲੇ ਪੀਰ ਦੀ-ਜੁਆਕ ਤਾਂ ਮੱਛੀਓਂ ਮਾਸ ਹੋਇਆ ਪਿਆ।"

ਮੇਨਿਕਾ ਧੀਏ ! ਹੁਣ ਤੂੰ ਪੁੱਛ ਵੀ ਲੋਕ ਗਾਵਾਂ -ਮੱਝਾਂ ਦਾ ਦੁੱਧ ਛੱਡ ਕੇ ਭਾਨੇ ਕੋਲੋਂ ਬੱਕਰੀਆਂ ਦਾ ਦੁੱਧ ਲੈਣ ਕਿਉਂ ਆਉਂਦੇ ਸੀਗੇ। ਮੈਂ ਦੱਸਦਾਂ ਆਪਾਂ ਤਾਂ ਖੈਰ ਪੜ੍ਹੇ ਨ੍ਹੀਂ ਐਵੇਂ ਝੂਠ ਮਾਰੀਏ, ਸੁਣਿਆ ਵੇਦਾਂ ਕਤੇਬਾਂ 'ਚ ਲਿਖਿਆ ਵ੍ਹੀ ਜਿਹੜਾ ਜਾਨਵਰ ਮੂੰਹ ਉਤਾਂਹ ਨੂੰ ਕਰਕੇ ਖਾਂਦਾ, ਉਹਦਾ ਦੁੱਧ ਨੇਅਮਤ ਹੁੰਦਾ। ਹੁਣ ਗਾਂ-ਮੱਝ ਤਾਂ ਥੱਲੇ ਨੂੰ ਮੂੰਹ ਕਰਕੇ ਈ ਪੱਠਾ ਨੀਰਾ ਖਾਂਦੀਆਂ। ਹੁਣ ਤੂੰ ਪੁੱਛੇਂਗੀ ਐਹੋ ਜਿਹਾ ਭਲਾ ਕਿਹੜਾ ਜਾਨਵਰ ਹੋਇਆ? ਇਹ ਜਾਨਵਰ ਐ ਬੱਕਰੀ ਪੌਂਡੇ ਲਾ ਕੇ ਸਿਰੇ ਦਾ ਲੁੰਗ ਚਰਦੀ। ਨਾਲੇ ਜਿੰਨੀ ਤਰ੍ਹਾਂ ਦੇ ਪਦਾਰਥ ਇਹ ਜੀਵ ਖਾਂਦਾ, ਕੋਈ ਹੋਰ ਜਾਨਵਰ ਨੀ ਖਾਂਦਾ। ਸੌ ਤਰ੍ਹਾਂ ਦੀਆਂ ਜੰਗਲੀ ਜੜੀ ਬੂਟੀਆਂ ਨੂੰ ਮੂੰਹ ਮਾਰਦੀ। ਫੇਰ ਮਾੜੀ ਚੀਜ ਏਹ ਖਾਂਦੀਓ ਈ ਨ੍ਹੀਂ। ਏਸੇ ਕਰਕੇ ਬੱਕਰੀ ਦਾ ਦੁੱਧ ਗੁਣਾਕਾਰੀ ਹੁੰਦਾ। ਸੌ ਕਿਸਮ ਦੀਆਂ ਬਿਮਾਰੀਆਂ ਤੋੜਦਾ ਵੈਦ-ਹਕੀਮ ਬਥੇਰੀਆਂ ਦਵਾਈਆਂ 'ਚ ਪਾਉਂਦੇ ਲੋਕ ਤਾਂ ਭੱਜੇ ਆਉਂਦੇ ਸੀਗੇ ਭਾਨੇ ਕੋਲ।

ਮੇਨਿਕਾ ਧੀਏ ! ਹੁਣ ਭਾਨਾ ਤਾਂ ਹੋਇਆ ਭਾਨਾ ਓਸੇ ਵਕਤ ਦੁੱਖ ਚੋਅ ਕੇ ਡੋਲੂ ਅਗਲੀ ਦੇ ਹੱਥ ਫੜਾ ਦਿੰਦਾ। ਪੈਸੇ ਨ੍ਹੀਂ ਸੀ ਲਏ ਕਦੇ। ਭਾਨਾ ਆਖਦਾ, 'ਥੋਡਾ ਜੁਆਕ ਕੀ ਤੇ ਮੇਰਾ ਕੀ? ਏਹਦੇ ਕਾਹਦੇ ਪੈਸੇ? ਜੁਆਕ ਰਾਜੀ ਹੋਣਾ ਚਾਹੀਦਾ।" ਅਸਲ ਮੇ ਭਾਨੇ ਨੂੰ ਤਾਂ ਨਾਮਾਜ਼ਾਦੀ ਈ ਬਹੁਤ ਸੀ। ਜਦੋਂ ਕੋਈ ਆ ਕੇ ਆਖਦਾ, "ਬਾਈ ਭਾਨਿਆਂ ਤੇਰੇ ਕਰਨੇ ਸਾਡੇ ਮੁੰਡੇ ਦੀ ਜਾਨ ਬਚਗੀ।" ਹੋਰ ਭਲਾ ਭਾਨੇ ਨੂੰ ਰੱਬੋਂ ਕੀ ਚਾਹੀਦਾ ਸੀ? ਭਾਨਾ ਇਹ ਵੀ ਸੋਚਦਾ ਸੀ ਕੀ ਪਤਾ ਕਿਸੇ ਦੀਆਂ ਸੀਸਾਂ ਆਪਣੇ ਟਿੱਡੂ ਨੂੰ ਈ ਲੱਗ ਜਾਣ? ਡਾਕਟਰਾਂ ਨੂੰ ਟਿੱਡੂ ਦੀ ਬਿਮਾਰੀ ਸਮਝ ਈ

ਆਜੇ?

ਬਿਮਾਰੀ ਤਾਂ ਤੇਰੀ ਮਾਂ ਦੀ ਵੀ ਸਮਝ ਨ੍ਹੀਂ ਸੀ ਆਈ। ਇੱਕ ਨਾ ਪਰਤਾਪੀ ਹੁੰਦੀ ਸੀ। ਬਾਹਲਾ ਕੈੜਾ ਸੁਭਾਅ ਚੱਕੀ ਫਿਰਦੀ ਸੀ ਪਤੰਦਰ ਦੀ। ਜਮਾ ਜੀਤੋ ਜਈ। ਜਿਵੇਂ ਕੁੜੈਨ ਖਾਧੀ ਹੋਵੇ ਜਾਂ ਕੌੜਾ ਅੱਕ ਚੱਬਿਆ ਹੋਵੇ। ਪਰ ਜੀਤੋ ਅਰਗੀ ਕੋੜਣ ਨ੍ਹੀਂ ਸੀ। ਦਿਲ ਦੀ ਮਾੜੀ ਨ੍ਹੀਂ ਸੀ। ਕੇਰਾਂ ਤੇਰੀ ਮਾਂ ਕੋਲ ਦੀ ਲੰਘਣ ਲੱਗਿਆ ਉਹਦੇ ਨਾਲ ਖਹਿਸਰਗੀ। ਪਤੰਦਰ ਦੀ ਨੇ ਬਰਛਿਆਂ ਅਰਗੇ ਸਿੰਗ ਤੇਰੀ ਮਾਂ ਦੇ ਢਿੱਡ 'ਚ ਮਾਰੇ। ਮਾਂ ਤਾਂ ਤੇਰੀ ਉੱਥੇ ਈ ਢਿੱਡ ਕੱਠਾ ਕਰਕੇ ਬਹਿਗੀ। ਪਤਾ ਨ੍ਹੀਂ ਕੀ ਔਹਰ ਪੈਗੀ। ਫੇਰ ਨ੍ਹੀਂ ਉੱਠੀ। ਬਥੇਰੀ ਦਵਾਈ ਬੂਟੀ ਕਰਾਈ। ਮੋੜ ਨ੍ਹੀਂ ਪਿਆ। ਅਸਲ 'ਚ ਡਕਟਰਾਂ ਨੂੰ ਤੇਰੀ ਮਾਂ ਦੀ ਬਿਮਾਰੀ ਸਮਝ ਈ ਨ੍ਹੀਂ ਸੀ ਆਈ। ਪਰਤਾਪੀ ਦਾ ਇੱਕ ਥਣ ਅਹੁਰਿਆ ਵਿਆ ਸੀ। ਹੁਣ ਮਾਰ ਤਾਂ ਬੈਠੀ ਤੇਰੀ ਮਾਂ ਨੂੰ ਫੇਰ ਅੰਦਰੋਂ ਪਤਾ ਨ੍ਹੀਂ ਕਿੰਨਾ ਕੁ ਪੱਛੋਤਾਵਾ ਕਰੀ ਜਾਵੇ। ਤੇਰੇ ਮੂੰਹ 'ਚ ਆਵਦਾ ਥਣ ਪਾ ਕੇ ਦੁੱਧ ਚੁੰਘਾਉਣ ਦੀ ਕੋਸ਼ਟ ਕਰੇ। ਪਰ ਤੂੰ ਤਾਂ ਥਣ ਨੂੰ ਮੂੰਹ ਵੀ ਨਾ ਲਾਇਆ। ਕੀ ਪਤਾ ਕਿੰਨਾ ਕੁ ਗੁੱਸਾ ਸੀਗਾ ਤੇਰੇ ਅੰਦਰ?

ਮੋਨਿਕਾ ਧੀ ਰਾਣੀਏ-ਜਿਵੇਂ ਤੇਰੀ ਮਾਂ ਦੀ ਬਿਮਾਰੀ ਸਮਝ ਨ੍ਹੀਂ ਆਈ ਮੈਨੂੰ ਲੱਗਦਾ ਉਵੇਂ ਜਿਵੇਂ ਆਪਣੇ ਟਿੱਡੂ ਦੀ ਬਿਮਾਰੀ ਵੀ ਸਮਝ ਨ੍ਹੀਂ ਆਈ ਡਾਕਟਰਾਂ ਦੇ। ਐਵੇਂ ਗੋਲੀਆਂ ਕੈਪਸੂਲ ਦੇ ਦੇ ਕੇ ਅੰਦਰ ਸਾੜਤਾ ਮਛੋਰ ਦਾ। ਸੂਈਆ ਲਾ ਲਾ ਪਿੰਡਾਂ ਪਰੁੰਨਿਆ ਪਿਆ। ਕਿਹੜੀ ਵਾਹ ਨ੍ਹੀਂ ਲਾਈ ਢਿੱਡੂ ਨੂੰ ਬਚਾਉਣ ਵਾਸਤੇ। ਕਿੱਥੇ ਕਿੱਥੇ ਨੀ ਲੈ ਕੇ ਗਿਆ? ਬੜੇ ਬੜੇ ਰੰਗ ਵਿਖਾਏ ਟਿੱਡੂ ਦੀ ਬਿਮਾਰੀ ਨੇ। ਕਿਸੇ ਨੇ ਦੱਸਿਆ ਮੈਡੀਕਲ ਵਾਲੇ ਭੋਲੇ ਡਾਕਟਰ ਨੂੰ ਵਿਖਾਓ। ਮੈਂ ਲੈ ਗਿਆ ਟਿੱਡੂ ਨੂੰ ਮੈਡੀਕਲ ਹਥਪਤਾਲ। ਸਵੇਰ ਦੇ ਜਿਉਂ ਬੈਠੇ-ਜਿਉਂ ਬੈਠੇ, ਡਾਕਟਰ ਤਾਂ ਆਇਆ ਈ ਨਾ। ਆਇਆ ਤਾਂ ਕਾਹਲੀ -ਕਾਹਲੀ ਲੱਗਾ ਮਰੀਜ਼ਾਂ ਨੂੰ ਭੁਗਤਾਉਣ। ਐਵੇਂ ਫਾਹਾ ਜਿਆ ਵੱਢੀ ਤੁਰਿਆ ਜਾਵੇ। ਟਿੱਡੂ ਪੂਰੀ ਤਕਲੀਪ 'ਚ। ਹੱਥਾਂ 'ਚ ਲੁਟਕਦਾ ਜਾਵੇ। ਡਾਕਟਰ ਨੇ ਤਾਂ ਗੌਰ ਈ ਨਾ ਕੀਤੀ। ਪਰਚੀ ਤੇ ਦਵਾਈਆਂ ਲਿਖੀਆਂ ਤੇ ਚੱਲ ਮੇਰੇ ਭਾਈ। ਫੇਰ ਕਿਸੇ ਸਿਆਣੇ ਬੰਦੇ ਰਾਹ ਪਾਇਆ -'ਭਾਈ ਸੈਬ ਮੁੰਡੇ ਨੂੰ ਭੱਲੇ ਡਾਕਟਰ ਦੇ ਘਰ ਵਿਖਾਓ। ਘਰੇ ਵੇਖੂ ਚੰਗੂ ਤਰ੍ਹਾਂ। ਮੈਂ ਟਿੱਡੂ ਨੂੰ ਉਸਦੇ ਘਰ ਲੈ ਗਿਆ। ਉਹੀ ਗੱਲ ਹੋਈ ਭੱਲਾ ਡਾਕਟਰ ਕਿੰਨਾ ਚਿਰ ਤਾਂ ਟੂਟੀਆਂ ਜਈਆਂ ਲਾ ਲਾ ਕੇ ਈ ਵੇਖਦਾ ਰਿਹਾ। ਮੈਂ ਹੈਰਾਨ ਹੋਈ ਜਾਮਾ-'ਏਹ ਉਹੀ ਡਾਕਟਰ ਐ ਜਿਹੜਾ ਹਥਪਤਾਲ 'ਚ ਮਰੀਜ਼ਾਂ ਨੂੰ ਭੱਜ -ਭੱਜ ਪੈਂਦਾ ਸੀ।"

ਮੈਨੂੰ ਰਾਜੇ! ਜਿੰਨੀ ਵਾਹ ਲਾ ਸਕਦਾ ਸੀ...ਸਾਰੀ ਲਾ ਦਿੱਤੀ। ਲਾਉਣੀਓ ਸੀ। ਹਰਨਾਮੋ ਦੀ ਨਿਸ਼ਾਨੀ ਐਂ। ਕਿਸੇ ਦਾਨੇ ਬਾਨੇ ਸਲਾਹ ਦਿੱਤੀ-'ਜੇ ਨਗਰ ਖੇੜੇ 'ਚੋਂ ਮੰਗ ਕੇ ਪੈਸੇ ਲਾ ਦੇਮੇ ਟਿੱਡੂ ਦੇ 'ਲਾਜ 'ਤੇ, ਮੁੰਡੇ ਦੀ ਜਾਨ ਬਚਜੂ। ਕਿਸੇ ਭਲੇ ਘਰ ਦੇ ਪੈਸਿਆਂ 'ਚ ਬਰਕਤ ਹੁੰਦੀ। ਉਹ ਪੈਸਾ ਬਚਾ ਜਾਂਦਾ।" ਉਸ ਭਲੇ ਬੰਦੇ ਦੀ ਸਲਾਹ ਸੁਣ ਕੇ ਮੈਂ ਸੋਚੀਂ ਪੈ ਗਿਆ। ਬੱਸ 'ਹੂੰ' ਆਖਿਆ ਜਵਾਬ 'ਚ। ਉਹ ਬੰਦਾ ਝੱਟ ਬੋਲ ਪਿਆ, "ਵੇਖਣਾ ਕੀ ਐ? ਆਹ ਤੇਰੀਆਂ ਬੱਕਰੀਆਂ ਦੀ ਕਮਾਈ ਨਾਲ ਨ੍ਹੀਂ 'ਲਾਜ ਹੋਣਾ ਛੋਹਰ ਦਾ।"

ਧੀਏ! ਮੈਂ ਉਹਨੂੰ ਤਾਂ ਆਖ ਦਿੱਤਾ, 'ਕਰਦਾਂ ਸਲਾਹ!' ਪਰ ਮੈਨੂੰ ਪਤਾ ਸੀ, ਸਲਾਹ ਕਰਨੀ ਭਲਾ ਕੀਹਦੇ ਨਾਲ ਐ? ਸਲਾਹ ਮਨ ਨਾਲ ਕਰਨੀ ਸੀ ਤੇ ਭਾਨੇ ਨੂੰ ਏਨਾ ਤਾਂ ਪਤਾ ਈ ਸੀ ਵ੍ਹੀ ਉਹਦੇ ਮਨ ਨੇ ਗੱਲ ਮੰਨਣੀ ਨ੍ਹੀਂ। ਭਾਨੇ ਦਾ ਮਨ ਕੁਮਲਾਇਆ ਪਿਆ ਸੀ।

ਕੁਮਲਾਇਆ ਤਾਂ ਟਿੱਡੂ ਵੀ ਪਿਆ ਸੀ। ਜਿਵੇਂ ਜਿਵੇਂ ਟਿੱਡੂ ਕੁਮਲਾਈ ਜਾਂਦਾ ਸੀ। ਤਿਵੇਂ

ਤਿਵੇਂ ਭਾਨੇ ਦਾ ਪਰਿਵਾਰ ਛੋਟਾ ਹੋਈ ਜਾਂਦਾ ਸੀ। 'ਲਾਜ ਤੇ ਬੁੱਕਾਂ ਦੇ ਬੁੱਕ ਰੁਪਈਏ ਲੱਗੀ ਜਾਂਦੇ ਸਨ। ਕੀ ਕਰਦਾ ਭਾਨਾ? ਪਰਿਵਾਰ 'ਚੋਂ ਕੋਈ ਨਾ ਕੋਈ ਜੀਅ ਵੇਚਣਾ ਪੈਂਦਾ। ਤੂੰ ਈ ਦੱਸ ਕੀ ਕਰਦਾ ਭਾਨਾ?

ਧੀਏ ! ਧਾਹਾਂ ਨਿਕਲਦੀਆਂ ਆਵਦਾ ਦੁੱਖ ਦੱਸਦਿਆਂ ਧੀਆਂ-ਪੁੱਤਾਂ ਵਾਂਗੂੰ ਪਾਲੇ ਜੀਆਂ ਨੂੰ ਕਸਾਈਆਂ ਹੱਥ ਦੇਣਾ ਕਿਤੇ ਸੌਖਾ? ਮੇਰਾ ਜੀਅ ਕਰਨਾ, ਉੱਚੀ ਉੱਚੀ ਧਾਹਾਂ ਮਾਰਾਂ। ਪਰ ਰੋਇਆਂ ਕੀ ਬਨਣੀ ਸੀ? ਹੋਰ ਸੁਣ-ਭਾਨੇ ਦਾ ਪਰਿਵਾਰ ਭਾਨੇ ਦਾ ਦੁੱਖ ਜਾਣਦਾ ਸੀ। ਜਦੋਂ ਕਦੇ ਕੋਈ ਗਾਹਕ ਆਉਣਾ ਧੀਆਂ ਵਰਗੀਆਂ ਹੁੰਦੜਹੇਲ ਬੱਕਰੀਆਂ ਟਿੱਡੂ ਵਰਗੇ ਮਾਸੂਮ ਮੇਮਣੇ ਮੈਂਅ-ਮੈਂਅ ਕਰਦੇ ਇੱਕ ਦੂਜੇ ਤੋਂ ਭੱਜ-ਭੱਜ ਕੇ ਅੱਗੇ ਆਉਂਦੇ ਹਰੇਕ ਦੀਆਂ ਅੱਖਾਂ 'ਚ ਪਾਣੀ ਹੁੰਦਾ ਐਨੇ ਸਾਲ ਹੋਗੇ ਆਪਣੇ ਇਸ ਟੱਬਰ ਨਾਲ ਰਹਿੰਦਿਆ, ਮੈਨੂੰ ਤਾਂ ਉਹਨਾਂ ਦੀ ਬੋਲੀ ਸਮਝ ਆਉਣ ਲੱਗੀ ਐ। ਭਰੀਆਂ ਅੱਖਾਂ ਲੈ ਮੇਰੇ ਮੂਹਰੇ ਆ ਖੜ੍ਹਦੇ, "ਉਦਾਸ ਨਾ ਹੋ ਬਈ ਭਾਨਿਆ, ਤੇਰੀਆਂ ਅੱਖਾਂ 'ਚ ਹੰਝੂ ਸਾਥੋਂ ਜਰ ਨ੍ਹੀਂ ਹੁੰਦੇ। ਤੂੰ ਸਾਡੀ ਪਰਵਾਹ ਨਾ ਕਰ। ਸਾਡੀ ਬੇਸ਼ੱਕ ਬੋਟੀ ਬੋਟੀ ਮੰਡੀ 'ਚ ਵਿਕਜੇ ਪਰ ਆਪਣਾ ਟਿੱਡੂ ਬਚਣਾ ਚਾਹੀਦਾ। ਆਪਣੀ ਬੀਬੀ ਦੀ ਆਖਰੀ ਨਿਸ਼ਾਨੀ ਐ। ਬੱਸ ਜਿਵੇਂ ਕਿਵੇਂ ਇਹ ਨਿਸ਼ਾਨੀ ਬਚਣੀ ਚਾਹੀਦੀ।

ਮੇਨਕਾ ਧੀ ਰਾਣੀਏ ! ਤੈਨੂੰ ਪਰਤਾਪੀ ਬਾਰੇ ਦੱਸਿਆ ਐ ਨਾ। ਕਿਸੇ ਦੀ ਕੈੜ ਸੀ। ਜਦੋਂ ਕਦੇ ਕੋਈ ਖਾਣ ਨੂੰ ਉਹਦੇ ਮੂਹਰੇ ਰੱਖਣਾ-ਪਰਛੰਡੇ ਮਾਰ-ਮਾਰ ਕੇ ਏਧਰ-ਓਧਰ ਖਲਿਆਰ ਦੇਣਾ। ਜਣੀਦਾ ਬਾਹਲੀ ਨਖਰੈਲੋ ਸੀ।ਐਵੇਂ ਆਸੇ-ਪਾਸੇ ਆਲੀਆਂ ਦੇ ਢੁੱਡਾਂ ਮਾਰੀ ਜਾਣੀਆਂ।ਪਰਤਾਪੀ ਟਿੱਡੂ ਦਾ ਬੜਾ ਕਰਦੀ ਸੀ। ਤੇਅ ਤੇਰਾ ਵੀ ਬਹੁਤ ਕਰਦੀ ਸੀ। ਜਿੱਦਣ ਮਹਿੰਗੇ ਕਸਾਈ ਹੱਥ ਉਹਦੀ ਰੱਸੀ ਫੜਾਈ -ਮੇਰੇ ਨਾਲ ਅੱਖਾਂ ਨਾ ਮਿਲਾਈਆਂ ਪਰਤਾਪੀ ਨੇ। ਤੇਰੇ ਅੱਲੀ ਵੇਖ ਕੇ ਅੱਖਾਂ ਭਰ ਆਈ ਸੀ। ਕਿੰਨਾ ਚਿਰ ਤੈਨੂੰ ਚੁੰਮਦੀ ਚੱਟਦੀ ਰਹੀ। ਫੇਰ ਮੰਜੇ 'ਤੇ ਪਏ ਟਿੱਡੂ ਵੱਲ ਵੇਖ ਕੇ ਤਾਂ ਉਸਦੀ ਲੇਰ ਹੀ ਨਿਕਲ ਗਈ। ਉਦੋਂ ਜਾਣੀਦਾ ਜਾਣੀਦਾ ਮੇਰੀਆਂ ਵੀ ਭੁੱਬਾਂ ਨਿਕਲ ਗਈਆਂ। ਹਾਏ ਉਏ ਮੇਰਿਆਂ ਡਾਹਢਿਆ ਰੱਬਾ ! ਕਿਸੇ ਮਨੁੱਖਾਂ ਜਾਤ ਦਾ ਤਾਂ ਕੀ ਭਾਨੇ ਨੇ ਤਾਂ ਚਿੜੀ ਜਨੌਰ ਦਾ ਵੀ ਦਿਲ ਨ੍ਹੀਂ ਦੁਖਾਇਆ ਹੋਣਾ ਫਿਰ ਮੇਰੇ ਨਾਲ ਐਨੀ ਦਰੈਂਤ? ਹੁਣ ਭਾਨੇ ਦੇ ਪਰਿਵਾਰ 'ਚ ਤਿੰਨ ਜੀਅ ਰਹਿਗੇ ਮੇਨਿਕਾ ਧੀ ਟਿੱਡੂ ਤੇ ਭਾਨਾ।ਐਡਾ ਵੱਡਾ ਪਰਿਵਾਰ ...! ਵੜ ਗਿਆ ਸਾਰਾ ਡਾਕਟਰਾਂ ਦੇ ਢਿੱਡਾਂ 'ਚ। ਹੁਣ ਫੇਰ ਲੈ ਕੇ ਜਾਣਾ ਟਿੱਡੂ ਨੂੰ ਸੈਅਰ... ਸੈਂਤ ਕਿਤੋਂ ਮੋੜ ਪੈਜੇ? ਮੇਨਿਕਾ ਮੇਰੀਏ ਧੀਏ ! ਮੇਰੀਏ ਲਾਡੋ... ਗੁੱਸਾ ਨਾ ਕਰੀ ਪੁੱਤ। ਮਜ਼ਬੂਰ ਐ ਭਾਨਾ। ਬੁਰੀ ਤਰ੍ਹਾਂ ਮਜਬੂਰ ਐ। ਮੇਰੀਆਂ ਧਾਹਾਂ ਨਿਕਲਦੀਆਂ ਕਿਵੇਂ ਦੇ ਦੇਊਂ ਤੈਨੂੰ ਕਸਾਈ ਤੇ ਹੱਥਾਂ 'ਚ ? ਕਿਵੇਂ ਸਾਹਮਣਾ ਹੋਊ ਤੇਰੀਆਂ ਅੱਖਾਂ ਦਾ? ਅਗਾਂਹ ਜਾ ਕੇ ਕੀ ਜਵਾਬ ਦੇਊ ਤੇਰੀ ਮਾਂ ਧੰਨੋ ਨੂੰ?

ਸਮਜ ਨ੍ਹੀਂ ਲੱਗਦੀ ਮੈਨੂੰ ਕੀ ਕਰਾਂ, ਕੀ ਨਾ, ਕਰਾਂ? ਪਾਗਲ੧ਾਂ ਹਾਰ ਹੋਇਆ ਪਿਆਂ। ਕਦੇ ਸੋਚਦਾਂ ਹਰਨਾਮੋ ਦੀ ਇੱਕ ਇੱਕ ਨਿਸਾਨੀ ਐ, ਟਿੱਡੂ ਬਚਣਾ ਚਾਹੀਦਾ। ਕਦੇ ਸੋਚ ਆਉਂਦੀ ਤੂੰ ਮੇਰੀ ਧੰਨੋ ਦੀ ਆਖਰੀ ਨਿਸ਼ਾਨੀ ਐ। ਬੜੇ ਰੰਗ ਭਾਗ ਲਾਏ ਸੀ ਧੰਨੋ ਨੇ ਇਸ ਘਰ 'ਚ। ਬੜੇ ਸੂਏ ਦਿੱਤੇ। ਬੜਾ ਦੁੱਧ ਪਿਆਇਆ। ਮੋਹ ਵੀ ਬਹੁਤ ਕੀਤਾ। ਸਮਝ ਨ੍ਹੀਂ ਆਉਂਦੀ ... ਧੀਏ ਕੀ ਕਰਾਂ ਮੈਂ? ਕਿਧਰ ਜਾਵਾਂ? ਚੱਲ ਸੌਂ ਜਾ ਰਮਾਨ ਨਾਲ। ਟਿੱਡੂ ਵੀ ਟਿੱਕ ਗਿਆ ਲੱਗਦਾ। ਮੈਂ ਵੀ ਘੜੀ ਬਿੰਦ ਅੱਖ ਲਾ ਲਮਾ ਜੇ ਲੱਗਜੇ ਤਾਂ। ਕੱਲ੍ਹ ਸੋਚਾਂਗੇ ਕੀ ਕਰਨਾ। ਜਿਵੇਂ ਦੀ ਟਿੱਡੂ ਦੀ ਹਾਲਤ ਐ, ਸ਼ੈਂਤ ਉਹਨੂੰ ਸ਼ੈਅਰ ਲਿਜਾਣ ਦੀ ਲੋੜ ਨਾ ਈ ਪਏ...! (**ਸੰਪਰਕ-98726-40994**)

ਕਹਾਣੀ

# ਬੇਸਹਾਰਾ ਨਹੀਂ



**ਬਲਦੇਵ ਸਿੰਘ ਢੀਂਡਸਾ**

ਅੱਜ ਬਾਈ ਜਨਵਰੀ ਏ। ਸਾਢੇ ਸੱਤ ਵੱਜ ਚੁੱਕੇ ਹਨ। ਘਰੋਂ ਹਵੇਲੀ ਪਹੁੰਚ ਗਿਆ ਹਾਂ। ਠਰੀ ਹੋਈ ਰਜਾਈ ਵਿਚ ਵੜ ਗਿਆ ਹਾਂ। ਪਰ ਮਨ ਨਹੀਂ ਵੜ ਰਿਹਾ। ਇਸ ਵਿਚ ਉਦਾਸੀ, ਚਿੰਤਾ ਅਤੇ ਗੁੱਸਾ ਉੱਪਰ ਥੱਲੇ ਹੋ ਰਹੇ ਹਨ। ਉਦਾਸੀ ਤਾਂ ਇਹਨੀਂ ਦਿਨੀਂ ਸਾਰੇ ਟੱਬਰ ਨੂੰ ਹੀ ਘੇਰ ਲੈਂਦੀ ਹੈ। ਤਿੰਨ ਸਾਲ ਪਹਿਲੇ ਇਹਨੀਂ ਦਿਨੀਂ ਹੀ ਘਰ ਦਾ ਬੰਨ੍ਹ, ਸੂਰਮਾ ਅਤੇ ਉੱਦਮੀ ਪੁੱਤ ਸੋਹਣ ਵਿਛੋੜਾ ਦੇ ਗਿਆ ਸੀ। ਅਠਾਰਾਂ ਜਨਵਰੀ ਦਾ ਮਨਹੂਸ ਦਿਨ ਸੀ, ਜਦੋਂ ਉਸ ਦੀ ਮੌਤ ਦੀ ਖ਼ਬਰ ਘਰ ਪਹੁੰਚੀ ਸੀ।

ਮੈਂ ਤਾਂ ਬਥੇਰਾ ਕਲਪਦਾ ਹੁੰਦਾ ਸੀ ਬਈ ਇਸ ਕਮਾਦ ਦਾ ਖਹਿੜਾ ਛੱਡ। ਜਦ ਆਪਣੀ ਹੀ ਲੋਕਲ ਗੰਨਾ ਮਿੱਲ ਕਿਸਾਨਾਂ ਦਾ ਸੈਂਕੜੇ ਕਰੋੜ ਬਕਾਇਆ ਕਈ ਸਾਲ ਤੋਂ ਦੱਬੀ ਬੈਠੀ ਹੈ ਤਾਂ ਕੀ ਲੈਣਾ ਇਸ ਕੰਜਰਖਾਨੇ ਤੋਂ। ਪਰ ਸੋਹਣ ਇਹੀ ਆਖਦਾ ਕਿ ਗੰਨੇ ਦੀ ਫ਼ਸਲ ਪੱਕੀ ਫ਼ਸਲ ਹੈ। ਇਹ ਕੁਦਰਤੀ ਕਰੋਪੀ ਤੋਂ ਕਾਫ਼ੀ ਹੱਦ ਤੱਕ ਬਚੀ ਰਹਿੰਦੀ ਹੈ। ਇਸ ਕਰਕੇ ਉਸਨੇ ਅਤੇ ਉਸਦੇ ਇਕ ਦੋ ਮਿੱਤਰਾਂ ਨੇ ਖੰਨੇ ਦੀ ਗੰਨਾ ਮਿੱਲ ਨਾਲ ਤਾਲ ਮੇਲ ਕਰ ਲਿਆ। ਪਿੰਡੋਂ ਚਾਲੀ ਪੰਤਾਲ਼ੀ ਕਿਲੋਮੀਟਰ ਦੂਰ ਪੈਂਦੀਆਂ ਧੁੰਦਾਂ ਵਿਚ ਦੋ-ਢਾਈ ਸੌ ਕੁਇੰਟਲ ਗੰਨੇ ਦੀ ਟਰਾਲੀ ਲੈ ਕੇ ਜਦੋਂ ਉਸ ਨੇ ਖੰਨੇ ਨੂੰ ਤੁਰਨਾ, ਮੇਰੇ ਤਾਂ ਡੋਬ ਪੈਣ ਲੱਗ ਜਾਣੇ। ਕਦੀ ਪਿੰਡੋਂ ਦੋ ਤਿੰਨ ਟਰਾਲੀਆਂ 'ਕੱਠੀਆਂ ਹੁੰਦੀਆਂ ਅਤੇ ਕਦੇ ਕੱਲੇ ਕੱਲੇ ਹੀ ਹੁੰਦੇ। ਉਸ ਦਿਨ ਵੀ ਉਹ ਕੱਲਾ ਹੀ ਸੀ। ਲੇਬਰ ਦੀ ਘਾਟ ਕਰਕੇ ਛਲਾਈ ਵਾਰੀ ਸਿਰ ਹੀ ਹੁੰਦੀ ਸੀ। ਇਕ ਪੁਲ਼ ਦੀ ਉਤਾਰਈ ਸਮੇਂ ਪਿੱਛੋਂ ਇਕ ਬੇਕਾਬੂ ਹੋਏ ਟਿੱਪਰ ਨੇ ਆਣ ਟੱਕਰ ਮਾਰੀ ਅਤੇ ਧੱਕਦਾ ਹੋਇਆ ਪੁਲ਼ ਤੋਂ ਥੱਲੇ ਲੈ ਡਿੱਗਿਆ। ਥੱਲੇ ਟਰੈਕਟਰ ਉੱਪਰ ਗੰਨੇ ਦੀ ਭਰੀ ਟਰਾਲੀ ਪਲਟ ਗਈ। ਉਹ ਤਾਂ ਟਰਾਲੀ ਤੇ ਲਿਖੇ ਫ਼ੋਨ ਨੰਬਰਾਂ ਤੋਂ ਪੁਲਿਸ ਨੇ ਫ਼ੋਨ ਕਰਨੇ ਸ਼ੁਰੂ ਕੀਤੇ ਤਾਂ ਮੇਰਾ ਨੰਬਰ ਮਿਲ਼ ਗਿਆ ਸੀ। ਗਏ ਸੀ ਰੋਂਦੇ ਕੁਰਲਾਂਦੇ। ਖੇਲ ਖ਼ਤਮ ਹੋ ਚੁੱਕਾ ਸੀ। ਦ੍ਰਿਸ਼ ਬੜਾ ਭਿਆਨਕ ਸੀ। ਗੰਨੇ ਦੂਰ-ਦੂਰ ਤੱਕ ਖਿਲਰੇ ਪਏ ਸਨ। ਲਾਗਲੀਆਂ ਝੌਂਪੜੀਆਂ ਵਾਲ਼ੇ ਬੱਚੇ ਗੰਨੇ ਚੁੱਕ ਚੁੱਕ ਲੈ ਕੇ ਜਾ ਰਹੇ ਸਨ। ਦੋ ਕੁ ਆਵਾਰਾ ਗਾਵਾਂ ਭਰੀਆਂ ਬੰਨ੍ਹਣ ਲਈ ਵਰਤੇ ਗਏ ਆਗਾ ਦੇ ਛੁਬੜੇ ਖਿੱਚ ਖਿੱਚ ਖਾ ਰਹੀਆਂ ਸਨ।

ਗਾਵਾਂ ਦਾ ਖ਼ਿਆਲ ਆਉਂਦਿਆਂ ਹੀ ਮੈਂ ਉੱਠ ਬੈਠਾ ਹਾਂ। ਪੈਰੀ ਜੁੱਤੀ ਪਾਈ ਹੈ। ਖੂੰਡਾ ਚੁੱਕਿਆ ਹੈ। ਗੇਟ ਵਿਚਲੀ ਛੋਟੀ ਗੇਟੀ ਖੋਲ੍ਹ ਬਾਹਰ ਨਿਕਲ਼ ਆਇਆ ਹਾਂ।

ਰਸਤੇ ਵਿਚ ਆਪਣੇ ਖੇਤਾਂ ਦੇ ਬਰਾਬਰ ਆ ਕੇ ਬੈਟਰੀ ਦਾ ਚਾਨਣ ਕਣਕ ਉੱਤੇ ਸੁੱਟ ਦੂਰ ਤੱਕ ਦੇਖਣ ਦੀ ਕੋਸ਼ਿਸ਼ ਕੀਤੀ ਹੈ। ਸਭ ਠੀਕ ਠਾਕ ਲੱਗਾ ਏ। ਥੋੜ੍ਹਾ ਅਗਾਂਹ ਤੁਰਿਆ ਹਾਂ। ਫਿਰ ਬੈਟਰੀ ਜਗਾਈ ਹੈ। ਕੁਦਰਤੀ ਅੱਜ ਧੁੰਦ ਨਹੀਂ। ਦੂਰ ਦੂਰ ਤਾਈਂ ਦਿਖਾਈ ਦਿੱਤਾ ਹੈ। ਦੂਜੇ ਪਾਸੇ 'ਭਾਨੇ ਕਿਆਂ' ਦੇ ਖੇਤਾਂ ਤੱਕ ਵੀ ਬੈਟਰੀ ਘੁਮਾਈ ਹੈ। ਇੱਧਰ ਵੀ ਸੁੱਖ ਸਾਂਦ ਹੈ।

ਵਾਪਿਸ ਮੁੜ ਪਿਆ ਹਾਂ। ਇਕ ਸਾਈਕਲ ਬਰਾਬਰ ਆਣ ਰੁਕਿਆ ਹੈ।

"ਜੈਬ ਤਾਇਆ?" ਅਵਾਜ਼ ਜਾਣੀ ਪਛਾਣੀ ਜਹੀ ਹੈ।

"ਹਾਂ। ਕੌਣ?" ਮੈਂ ਰੁਕਦਾ ਹੋਇਆ ਬੋਲਿਆ ਹਾਂ।

"ਤਾਇਆ ਮੈਂ ਲੰਬੜਾਂ ਦਾ ਭੀਰਾ। ਤੂੰ ਇਸ ਵੇਲੇ ਕਿਧਰ ਬੈਟਰੀ ਘੁਮਾਈ ਜਾਂਦਾ ਏ?"

"ਓ ਪੁੱਤ ਬੈਟਰੀ ਕਿੱਧਰ ਘੁੰਮਾਉਂਣੀ ਏ। ਅੱਜ ਲਛਮਣ ਹੈ ਨੀ ਸੀ। ਹਵੇਲੀ ਮੈਨੂੰ ਸੌਣਾ ਪਿਆ। ਪਏ ਪਏ ਨੂੰ ਖਿਆਲ ਆਇਆ ਕਿ ਕਿਤੇ '............' ਦੀਆਂ ਮਾਵਾਂ ਕਣਕ ਨੂੰ ਭਾਗ ਨਾ ਲਾ ਰਹੀਆਂ ਹੋਣ। ਬਸ ਗੇੜੀ ਮਾਰਨ ਆ ਗਿਆ। ਪਰ ਅੱਜ ਸੁੱਖ ਸਾਂਦ ਏ। ਤੂੰ ਇਸ ਵੇਲੇ ਕਿਧਰੋਂ?"

"ਓ ਤਾਇਆ! ਮੈਂ ਉਹਨਾਂ ਵਿਚਾਰੀਆਂ ਮਾਵਾਂ ਨੂੰ ਪੇਕੇ ਤੌਰ ਕੇ ਆਇਆ ਹਾਂ। ਹੁਣ ਨੀ ਆਉਂਦੀਆਂ ਮੁੜ ਕੇ।" ਭੀਰੇ ਨੇ ਮੇਰੇ ਨਾਲ਼ ਤੁਰੇ ਆਉਂਦੇ ਨੇ ਟਿੱਚਰੀ ਲਹਿਜੇ 'ਚ ਆਖਿਆ ਹੈ।

"ਉਹ ਕਿਸ ਤਰ੍ਹਾਂ?" ਮੈਂ ਹੈਰਾਨੀ ਜਹੀ 'ਚ ਪੁੱਛਿਆ ਹੈ।

"ਤਾਇਆ ਅੱਜ ਸਵੇਰੇ ਸਵੇਰੇ ਮੈਂ ਗੋਂਦਪੁਰ ਤੋਂ ਆ ਰਿਹਾ ਸੀ। ਜਦੋਂ ਗੜ੍ਹੀ ਵਿਚੀ ਬਖਸ਼ੇ ਕੇ ਵਾੜੇ ਮੂਹਰਦੀ ਲੰਘਣ ਲੱਗਾ ਤਾਂ ਦੇਖਿਆ ਬਖਸ਼ੇ ਹੁਰੀ ਤਿੰਨ ਅਵਾਰਾ ਗਾਵਾਂ ਨੂੰ ਇਕ ਖੋਲ਼ੇ ਵਿਚ ਵਾੜ ਕੇ ਫੜ ਰਹੇ ਸੀ। ਮੇਰੇ ਪੁੱਛਣ ਤੇ ਬਖਸ਼ੇ ਨੇ ਦੱਸਿਆ ਕਿ ਇਹਨੀਂ ਦੁਖੀ ਬਹੁਤ ਕੀਤਾ ਏ। ਮਸ਼ੀਨ ਪਿੱਛੇ ਪਏ ਪੱਠੇ ਵੀ ਖਾ ਜਾਂਦੀਆਂ ਹਨ। ਕਹਿੰਦਾ ਅੱਜ ਮੇਰਾ ਮਿੱਤਰ ਸੋਢੀ ਪਿੰਡ ਟਰੱਕ ਲੈ ਕੇ ਆਇਆ ਹੋਇਆ ਹੈ। ਉਸ ਰਾਤੀ ਨਿਕਲ਼ਣਾ ਟਰੱਕ ਲੈ ਕੇ। ਉਹ ਕਹਿੰਦਾ ਟਰੱਕ 'ਚ ਚਾੜ੍ਹ ਦਿਓ। ਫਿਰ ਕਹਿੰਦਾ ਮੈਂ ਜਾਣਾ ਮੇਰੇ ਕੰਮ। ਤਾਇਆ ਮੈਂ ਆਪਣੀ ਸਮੱਸਿਆ ਦੱਸੀ। ਬਖਸ਼ਾ ਕਹਿੰਦਾ ਤੁਸੀਂ ਥੋੜਾ ਖਰਚਾ ਸੋਢੀ ਨੂੰ ਦੇ ਦੇਵੋ। ਮੈਂ ਤੁਹਾਡਾ ਕੰਮ ਵੀ ਕਰਵਾ ਦਿੰਦਾ ਹਾਂ। ਮੈਂ ਭੱਜਾ ਭੱਜਾ ਗਿਆ ਸਰਪੰਚ ਕੋਲ਼। ਉਸ ਨੂੰ ਸਾਰੀ ਗੱਲ ਦੱਸੀ। ਸਰਪੰਚ ਨੇ ਸੱਤੂ ਪਾਜਾ ਪੈਂਤੀ ਆਖਦਿਆਂ ਪੈਂਤੀ ਸੌ ਰੁਪਇਆ ਮੈਨੂੰ ਫੜਾ ਕੇ ਕਿਹਾ ਕਿ ਬਾਕੀ ਕੰਮ ਤੁਹਾਡਾ। ਮੈਂ ਜੀਤੀ ਅਤੇ ਭੋਲੇ ਨੂੰ ਨਾਲ ਲਿਆ ਤੇ ਦੇਖਿਆ ਇਹ ਸਾਰੀਆਂ ਸ਼ਮਸ਼ਾਨ ਘਾਟ ਦੀ ਸ਼ੈੱਡ ਥੱਲੇ ਬੈਠੀਆਂ ਸਨ। ਅਸੀਂ ਸ਼ਮਸ਼ਾਨਘਾਟ ਦੀ ਵਲਗਣ ਦਾ ਗੇਟ ਲਾ ਦਿੱਤਾ ਅਤੇ ਦਿਨੇ ਪਹਿਰਾ ਵੀ ਰੱਖਿਆ ਤਾਂ ਕਿ ਕੋਈ ਭਗਤ ਖੋਹਲ ਨਾ ਦੇਵੇ। ਦੁਪਹਿਰੇ ਚਾਰ ਕੁ ਪੰਡਾਂ ਪੱਠਿਆਂ ਦੀਆਂ ਵੀ ਸਿੱਟ ਆਏ ਸੀ ਤੇ ਹੁਣ ਸੋਢੀ ਦੇ ਟਰੱਕ ਵਿਚ ਚਾੜ੍ਹ ਦਿੱਤੀਆਂ ਸੱਤ ਦੀਆਂ ਸੱਤੇ।"

ਗੱਲਾਂ ਕਰਦਿਆਂ ਨੂੰ ਮੇਰੀ ਹਵੇਲੀ ਦਾ ਮੋੜ ਆ ਗਿਆ ਹੈ। "ਚੰਗਾ ਤਾਇਆ, ਤੂੰ ਸੌਂ ਹੁਣ ਬੇਫ਼ਿਕਰਾਂ ਹੋ ਕੇ। ਚਿੰਤਾ ਦੀ ਕੋਈ ਲੋੜ ਨਹੀਂ।" ਆਖਦਿਆਂ ਭੀਰੇ ਨੇ ਸਾਈਕਲ ਤੇ ਲੱਤ ਦੇ ਦਿੱਤੀ ਹੈ।

'ਚਿੰਤਾ! ਚਿੰਤਾ ਤਾਂ ਭੀਰੇ ਪੁੱਤ ਅੱਜ ਵਧਦੀ ਹੀ ਜਾਂਦੀ ਹੈ।' ਮੇਰਾ ਮਨ ਬੋਲਿਆ ਹੈ।

ਮੈਂ ਫੂਨ ਕੱਢ ਕੇ ਟਾਇਮ ਦੇਖਿਆ ਹੈ। ਸਾਢੇ ਨੌਂ ਵੱਜ ਗਏ ਹਨ। ਚਿੰਤਾ ਹੋਰ ਵੀ ਵੱਧ ਗਈ ਹੈ। ਸੁਖਪ੍ਰੀਤ ਦਾ ਅਜੇ ਤੱਕ ਫ਼ੂਨ ਨਹੀਂ ਆਇਆ। ਅੱਗੇ ਹਰ ਰੋਜ਼ ਸੱਤ ਸਾਢੇ ਸੱਤ ਵਜੇ ਦੇ ਵਿਚਕਾਰ ਆ ਹੀ ਜਾਂਦਾ ਹੁੰਦਾ ਸੀ।

ਸੁਖਪ੍ਰੀਤ ਜਿਸ ਦਿਨ ਤੋਂ ਦਿੱਲੀ ਕਿਸਾਨ ਮੋਰਚਾ ਲੱਗਾ ਉੱਥੇ ਹੀ ਹੈ। ਸਿੰਘੂ ਬਾਰਡਰ 'ਤੇ। ਉਹ ਆਪਣੀ ਕਿਸਾਨ ਯੂਨੀਅਨ ਦਾ ਸਕੱਤਰ ਹੈ। ਥੋੜੇ ਥੋੜੇ ਚਿਰ ਲਈ ਦੋ ਤਿੰਨ ਵਾਰੀ ਹੀ ਪਿੰਡ ਆਇਆ ਹੈ। ਪਰ ਅੱਜ ਉਸਦਾ ਫੂਨ ਨਾ ਆਉਣਾ ਚਿੰਤਾ ਬਦੋਬਦੀ ਵਧਾ ਰਿਹਾ ਹੈ।

ਰਜਾਈ ਵਿਚ ਵੜ ਗਿਆ ਹਾਂ।



ਮਨ ਮੁੜ ਮੁੜ ਸੁਖਪ੍ਰੀਤ ਵੱਲ ਭੱਜ ਰਿਹਾ ਹੈ।

ਫ਼ੂਨ ਦੀ ਘੰਟੀ ਵੱਜੀ ਹੈ।

ਦਿਲ ਦੀ ਧੜਕਣ ਵਧੀ ਹੈ।

ਕਾਹਲ਼ੀ ਨਾਲ ਫ਼ੂਨ ਆਨ ਕਰਕੇ ਕੰਨ ਨੂੰ ਲਾਉਂਦਿਆਂ 'ਹੈਲੋ' ਆਖਿਆ ਹੈ।

"ਹੈਲੋ ਬਾਬਾ ਜੀ, ਮੈਂ ਸੁਖਪ੍ਰੀਤ ਬੋਲ ਰਿਹਾ ਸਿੰਘੂ ਬਾਰਡਰ ਤੋਂ। ਕੀ ਹਾਲ ਹੈ ਤੁਹਾਡਾ?"

"ਓ ਪੁੱਤ ਹਾਲ ਚਾਲ ਠੀਕ ਹੈ। ਪਰ ਤੂੰ ਫ਼ੂਨ ਏਨਾ ਲੇਟ ਕਿਉਂ ਕੀਤਾ?"

ਤੁਹਾਨੂੰ ਤਾਂ ਪਤਾ ਕਿ ਅੱਜ ਸਰਕਾਰ ਦੇ ਨੁਮਾਇੰਦਿਆਂ ਨਾਲ ਮੀਟਿੰਗ ਸੀ। ਸਾਡੀ ਜਥੇਬੰਦੀ ਦੇ ਪ੍ਰਧਾਨ ਦੀ ਸਿਹਤ ਠੀਕ ਨਹੀਂ ਸੀ। ਉਹਨਾਂ ਮੈਨੂੰ ਭੇਜ ਦਿੱਤਾ ਆਪਣੇ ਥਾਂ।"

"ਕੀ ਕਹਿੰਦੀ ਸਰਕਾਰ ਫੇ'?"

"ਬਾਬਾ ਜੀ ਕਹਿਣਾ ਕੀ ਏ? ਉਹਨਾਂ ਦੇ ਹੱਥ ਬੱਸ ਹੈ ਵੀ ਕੀ? ਉਹਨੀਂ ਤਾਂ ਅੱਜ ਆਉਂਦਿਆਂ ਹੀ ਗੱਲ ਨਬੇੜ ਦਿੱਤੀ ਕਿ ਸਰਕਾਰ ਆਪਣੇ ਪਹਿਲਾਂ ਵਾਲ਼ੇ ਸਟੈਂਡ ਤੇ ਕਾਇਮ ਹੈ। ਅੱਜ ਉਹਨਾਂ ਦਾ ਵਤੀਰਾ ਵੀ ਕਾਫ਼ੀ ਰੁੱਖਾ ਸੀ।"

"ਫੇ ਹੁਣ ਤੁਹਾਡਾ ਕੀ ਫੈਸਲਾ?"

"ਸੰਘਰਸ਼ ਜਾਰੀ ਰਹੇਗਾ। ਛੱਬੀ ਤਰੀਕ ਦੀ ਪਰੇਡ ਲਾਜ਼ਮੀ ਹੋਵੇਗੀ। ਹਾਂ ਤੁਸੀਂ ਅੱਜ ਹਵੇਲੀ ਸੁੱਤੇ ਹੋ ਮੈਨੂੰ ਘਰੋਂ ਪਤਾ ਲੱਗਾ। ਲਛਮਣ ਅਚਾਨਕ ਬਿਹਾਰ ਨੂੰ ਕਿਉਂ ਚਲੇ ਗਿਆ?"

"ਲਛਮਣ ਦੇ ਬਾਪ ਦੀ ਆਪਣੇ ਗੁਆਂਢੀ ਖੇਤ ਵਾਲ਼ੇ ਨਾਲ਼ ਲੜਾਈ ਹੋ ਗਈ 'ਬੰਨੇ' ਪਿੱਛੇ। ਉਹ ਦੋ ਸੀ ਇਹ 'ਕੱਲਾ। ਉਹ ਸੱਟਾਂ ਮਾਰਗੇ। ਲਛਮਣ ਦਾ ਭਰਾ ਜੋ ਜੈਨਪੁਰ ਕੰਮ ਕਰਦਾ ਹੈ ਉਹ ਵੀ ਅਤੇ ਲਛਮਣ ਖੜ੍ਹੇ ਪੈਰ ਹੀ ਨੱਠ ਗਏ ਬਿਹਾਰ ਨੂੰ। ਕਹਿ ਗਿਆ ਛੇਤੀ ਮੁੜਨ ਲਈ।"

"ਬਾਬਾ ਜੀ ਤੁਸੀਂ ਕਿਰਪੇ ਚਾਚੇ ਨੂੰ ਸੱਦ ਲੈਣਾ ਸੀ ਹਵੇਲੀ ਆਪਣੇ ਕੋਲ਼ ਪੈਣ ਲਈ। ਨਾਲ਼ੇ ਅਵਾਰਾ ਗਾਵਾਂ ਤੋਂ ਰਾਖੀ ਰੱਖਿਓ ਫ਼ਸਲ ਦੀ, ਔਖੇ ਸੌਖੇ।"

"ਓ ਪੁੱਤ ਅੱਜ ਭੀਰੇ ਹੁਰੀਂ ਅਵਾਰਾ ਗਾਵਾਂ ਤਾਂ ਗੜ੍ਹੀ ਵਾਲ਼ੇ ਸੋਢੀ ਦੇ ਟਰੱਕ ਚਾੜ੍ਹਕੇ ਕਿੱਧਰੇ

ਭੇਜ ਦਿੱਤੀਆਂ ਹਨ। ਹਾਲ ਦੀ ਘੜੀ ਸਾਹ ਸੌਖਾ ਹੋ ਗਿਆ ਇਸ ਪਾਸਿਓ। ਮੈਂ ਕਿਰਪੇ ਨੂੰ ਫੂਨ ਕੀਤਾ ਸੀ। ਉਸ ਚੁੱਕਿਆ ਨਹੀਂ। ਫਿਰ ਮੈਂ ਬਸਤੀ ਗਿਆ ਸੀ ਉਸ ਦੇ ਘਰ। ਉਹ ਕਿਸੇ ਰਿਸ਼ਤੇਦਾਰੀ ਵੱਲ ਜਾਣ ਲਈ ਤਿਆਰ ਸੀ। ਕੱਲ ਤੋਂ ਆਇਆ ਕਰੂ ਹਵੇਲੀ ਸੌਣ। ਹਾਂ ਪੁੱਤ ਅਵਾਰਾ ਕੁੱਤਿਆ ਨੇ ਅੱਜ ਆਪਣਾ ਨੁਕਸਾਨ ਜ਼ਰੂਰ ਕਰ ਦਿੱਤਾ।"

"ਓਹ ਕਿਸ ਤਰ੍ਹਾਂ ਬਾਬਾ ਜੀ?"

"ਪੁੱਤ ਮੈਂ ਸਵੇਰੇ ਲਛਮਣ ਨੂੰ ਗੱਡੀ ਚੜ੍ਹਾਉਣ ਚਲੇ ਗਿਆ ਫਗਵਾੜੇ। ਉਥੋਂ ਆ ਕੇ ਮੈਂ ਘਰੋਂ ਰੋਟੀ ਖਾ ਕੇ ਪਿੰਡ ਗੁਰੂ ਘਰ ਚਲੇ ਗਿਆ। ਛੱਬੀ ਤਰੀਕ ਦੀ ਪਰੇਡ ਲਈ ਟਰਾਲੀਆ ਭੇਜਣ ਲਈ ਸਲਾਹ ਮਸ਼ਵਰਾ ਕਰਨ ਲਈ ਸਰਪੰਚ ਨੇ 'ਕੱਠ ਕੀਤਾ ਹੋਇਆ ਸੀ। ਉਥੋਂ ਉੱਠ ਜਦੋਂ ਮੈਂ ਹਵੇਲੀ ਪਹੁੰਚਾ ਤਾਂ ਕੀ ਦੇਖਦਾ ਕਿ ਪੰਜ ਛੇ ਅਵਾਰਾਂ ਕੁੱਤਿਆ ਨੇ ਹਵੇਲੀ ਅੰਦਰ ਆਪਣੀ ਜਰਸੀ ਗਾਂ ਦੀ ਮਹੀਨੇ ਕੁ ਦੀ ਵੱਛੀ ਢਾਹੀ ਹੋਈ ਸੀ। ਗਾਂ ਰੱਸਾ ਤੁੜਾ ਕੇ ਕੁੱਤਿਆਂ 'ਤੇ ਹਮਲੇ ਕਰ ਰਹੀ ਸੀ। ਪਰ ਉਹ ਇਕ ਨੂੰ ਭਜਾਉਂਦੀ ਤਾਂ ਦੂਜੇ ਚੁੰਬੜ ਜਾਂਦੇ। ਮੈਂ ਫਹਉੜਾ ਚੁੱਕ ਕੇ ਦਬਕਾ ਮਾਰਿਆ ਤਾਂ ਉਹ ਨੱਠ ਗਏ। ਵੱਛੀ ਲਹੂ ਲੁਹਾਨ ਸੀ। ਉਹ ਮਰ ਚੁੱਕੀ ਸੀ। ਜੇ ਦੂਜੀਆਂ ਤਿੰਨੇ ਗਾਵਾਂ ਵੀ ਰੱਸੇ ਤੁੜਾ ਕੇ ਕੁੱਤਿਆ 'ਤੇ ਹਮਲਾ ਕਰ ਦਿੰਦੀਆਂ ਤਾਂ ਵੱਛੀ ਬਚ ਸਕਦੀ ਸੀ।"

"ਉਹ ਤਾਂ ਬਾਬਾ ਜੀ ਵੱਛੀ ਬੜੀ ਪਿਆਰੀ ਸੀ।"

"ਕੀ ਕੀਤਾ ਜਾਏ ਪੁੱਤ। ਗਲਤੀ ਮੇਰੀ ਸੀ। ਮੇਤੋਂ ਹੀ ਛੋਟੀ ਗੇਟੀ ਚੱਜ ਨਾਲ਼ ਬੰਦਾ ਨਹੀਂ ਸੀ ਹੋਈ।"

"ਫੇ ਬਾਬਾ ਜੀ ਹੱਡਾਰੋੜੀ ਵਾਲ਼ੇ ਚੁੱਕ ਕੇ ਲੈ ਗਏ ਸੀ ਵੱਛੀ ਨੂੰ?"

"ਫੂਨ ਕੀਤਾ ਸੀ ਮੈਂ ਟਾਂਗਰੀ ਹੱਡਾ ਰੋੜੀ ਵਾਲ਼ਿਆਂ ਨੂੰ। ਉਹ ਕਹਿੰਦੇ ਪੰਦਰਾਂ ਸੌ ਰੁਪਿਆ ਲੱਗੂ।"

ਮੈਂ ਪੁੱਛਿਆ "ਕਿਓ?"

ਓ ਕਹਿਣ ਲੱਗੇ, "ਮਾਸਟਰ ਜੀ ਕੀ ਕਰੀਏ? ਇਕ ਤਾਂ ਤੁਹਾਡੀ ਵੱਛੀ ਦੀ ਖੁੱਲ ਕੁੱਤਿਆਂ ਨੇ ਖ਼ਰਾਬ ਕਰ ਦਿੱਤੀ ਹੋਣੀ ਹੈ। ਦੂਜਾ ਚੜ੍ਹਦੇ ਮਹੀਨੇ 'ਸੰਮਤੀ' ਵਾਲ਼ੇ ਆ ਜਾਂਦੇ ਨੇ ਮਹੀਨਾ ਲੈਣ।"

"ਮਹੀਨਾ ਕਿਹਾ?" ਮੈਂ ਪੁੱਛਿਆ ਸੀ।

ਕਹਿੰਦਾ 'ਕੀ ਦੱਸੀਏ ਮਾਸਟਰ ਜੀ। ਚੁੱਪ ਹੀ ਭਲੀ ਹੈ। ਅਵਾਰਾ ਸਾਨ੍ਹ ਦੇ ਸਿੰਗਾਂ ਵਰਗੀਆਂ ਮੁੱਛਾਂ ਵਾਲ਼ਾ ਪ੍ਰਧਾਨ ਵੇਲੇ ਕੁਵੇਲੇ ਗੇੜਾ ਮਾਰਦਾ ਹੀ ਰਹਿੰਦਾ। ਉਸਦੀ ਹਦਾਇਤ ਹੈ ਕਿ ਜਦੋਂ ਵੀ ਕੋਈ ਮਰਿਆ ਗੋਕਾ ਪਸ਼ੂ ਤੁਹਾਡੇ ਕੋਲ ਆਉਂਦਾ ਹੈ ਤਾਂ ਸਾਨੂੰ ਖ਼ਬਰ ਕਰੋ। ਕਹਿੰਦਾ ਅਸੀਂ ਚੈੱਕ ਕਰਾਂਗੇ ਕਿ ਪਸ਼ੂ ਬਿਮਾਰੀ ਨਾਲ਼ ਮਰਿਆ ਜਾ ਮਾਰਿਆ ਗਿਆ। ਕੀ ਪਸ਼ੂ ਪਾਲਤੂ ਸੀ ਜਾਂ ਅਵਾਰਾ ਸੀ? ਕਦੇ ਕਹਿੰਦਾ ਖੱਲ ਲਾਹੁੰਦਿਆਂ ਦੀ ਵੀਡੀਓਗ੍ਰਾਫ਼ੀ ਕਰੋ। ਕਦੇ ਕਹਿੰਦਾ ਹਰ ਗੋਕੇ ਪਸ਼ੂ ਦਾ ਰਿਕਾਰਡ ਰੱਖੋ ਕਿ ਉਹ ਨਰ ਸੀ ਜਾਂ ਮਾਦਾ ਸੀ। ਉਹ ਕਿਸਦਾ ਸੀ? ਕਿੰਨੀ ਉਮਰ ਸੀ? ਕਿਹੜੀ ਨਸਲ ਸੀ? ਮਾਸਟਰ ਜੀ ਇੰਨੇ ਸਿਆਪੇ ਕੌਣ ਕਰੇ। ਕਿਸੇ ਮੁਸੀਬਤ 'ਚ ਨਾ ਫਸਾ ਦੇਵੇ, ਇਸ ਕਰਕੇ ਹਰ ਮਹੀਨੇ ਤਿੰਨ ਹਜ਼ਾਰ ਦੇਣੇ ਪੈਂਦੇ ਹਨ। ਦੂਜਾ ਪਿੰਡਾਂ 'ਚ ਪਸ਼ੂ ਘੱਟ ਰਹੇ ਹਨ ਦਿਨ ਬਦਿਨ। ਹੱਡਾ ਰੋੜੀ ਦਾ ਠੇਕਾ ਵੱਧ ਰਿਹਾ ਹੈ।"

"ਫੇ ਦਿੱਤਾ ਪੰਦਰਾਂ ਸੌ ਰੁਪਿਆ ਉਹਨਾਂ ਨੂੰ?"

"ਓ ਪੁੱਤ ਕਿੱਥੇ! ਜਦੋਂ ਮੈਂ ਹੱਡਾ ਰੋੜੀ ਵਾਲ਼ਿਆਂ ਨੂੰ ਫੂਨ ਕੀਤਾ ਉਦੋਂ ਮੈਂ ਘਰ ਹੀ ਸੀ। ਸਾਰੀ

ਗੱਲ ਬਾਤ ਸੁਣਦਿਆਂ ਹੀ ਤੇਰੀ ਬਹੂ ਕਹਿੰਦੀ ਬਾਬਾ ਜੀ ਚਲੋ ਤੁਸੀਂ ਹਵੇਲੀ। ਅਸੀਂ ਵੀ ਚਲਦੀਆਂ ਤੁਹਾਡੇ ਨਾਲ਼। ਮੈਂ ਦੱਸਦੀ ਹਾਂ ਕੀ ਕਰਨਾ ਵੱਛੀ ਦਾ। ਉਸਨੇ ਅਲਮਾਰੀ ਵਿੱਚੋਂ ਇਕ ਲਾਲ ਚੁੰਨੀ ਕੱਢੀ ਤੇ ਤੇਰੀ ਮਾਂ ਨੂੰ ਨਾਲ਼ ਲੈ ਕੇ ਮੇਰੇ ਮਗਰ ਮਗਰ ਹਵੇਲੀ ਆ ਗਈ। ਉਸ ਆ ਕੇ ਪਹਿਲਾ ਵੱਛੀ ਦੇਖੀ। ਉਸ ਉੱਤੇ ਲਾਲ ਚੁੰਨੀ ਪਾ ਦਿੱਤੀ। ਫਿਰ ਕਹੀ ਚੁੱਕੀ ਅਤੇ ਹਵੇਲੀ ਮੂਹਰਲੀ ਸਬਜ਼ੀ ਵਾਲ਼ੀ ਖੱਤੀ ਵਿਚ ਪਹੁੰਚ ਗਈ। ਵਿਹਲਾ ਥਾਂ ਦੇਖ ਪੈਰ ਨਾਲ਼ ਨਿਸ਼ਾਨ ਲਾ ਕੇ ਟੋਆ ਪੱਟਣਾ ਸ਼ੁਰੂ ਕਰ ਦਿੱਤਾ। ਮੈਂ ਰੋਕਣਾ ਵੀ ਚਾਹਿਆ ਪਰ ਉਹ ਨਾ ਰੁਕੀ। ਫਿਰ ਮੈਂ ਤੇ ਤੇਰੀ ਮਾਂ ਵੀ ਵਾਰੀ ਵਾਰੀ ਉਸ ਨੂੰ ਦਮ ਦਵਾਉਂਦੇ ਰਹੇ। ਨਾਲ਼ੇ ਟੋਆ ਪੁੱਟਦਿਆਂ ਦੀ ਮੂਵੀ ਬਣਾਉਂਦੇ ਰਹੇ। ਟੋਆ ਪੁੱਟਣ ਮਗਰੋਂ ਉਸ ਮਰੀ ਪਈ ਵੱਛੀ ਦੀ ਮੂਵੀ ਬਣਾਈ। ਫਿਰ ਪੱਲੀ ਤੇ ਪਾ ਕੇ ਅਸੀਂ ਵੱਛੀ ਨੂੰ ਟੋਏ ਕੋਲ਼ ਲੈ ਕੇ ਗਏ ਅਤੇ ਹੋਲ਼ੀ ਹੋਲ਼ੀ ਟੋਏ ਵਿਚ ਸਰਕਾ ਦਿੱਤੀ। ਬਹੂ ਨੇ ਲਾਲ ਚੁੰਨੀ ਉਸ ਉਪਰ ਪਾ ਦਿੱਤੀ। ਫਿਰ ਬਹੂ ਨੇ ਅੱਖਾਂ ਮੀਟ ਕੇ ਹੱਥ ਜੋੜਕੇ ਮਿੰਟ ਕੁ ਲਈ ਮੂੰਹ 'ਚ ਹੀ ਕੋਈ ਅਰਦਾਸ ਕੀਤੀ। ਹੋਲ਼ੀ ਹੋਲ਼ੀ ਵੱਛੀ ਮਿੱਟੀ ਨਾਲ਼ ਢਕ ਦਿੱਤੀ ਗਈ। ਸਾਰੇ ਕਾਰਜ ਦੀ ਮੂਵੀ ਬਣਾਈ ਗਈ। ਸਾਰੇ ਕਾਰਜ ਦੌਰਾਨ ਕਈ ਵਾਰੀ ਸਾਡੇ ਮਨ ਭਰ ਭਰ ਛਲਕਦੇ ਰਹੇ। ਕੰਮ ਨਿਬੜਨ ਮਗਰੋਂ ਬਹੂ ਕਹਿਣ ਲੱਗੀ ਕਿ ਬਾਬਾ ਜੀ ਇਹ ਪੰਦਰਾਂ ਸੌ ਰੁਪਿਆ ਸਿੰਘੂ ਬਾਡਰ ਤੇ ਭੇਜ ਦਿਓ। ਨਾਲ਼ੇ ਮੂਵੀ ਵੀ। ਨਾਲ਼ੇ ਸੁਖ਼ ਨੂੰ ਕਹਿਣਾ ਮੂਵੀ ਵੱਡੀ ਸਕਰੀਨ ਤੇ ਦਿਖਾਵੇ ਸੰਗਤ ਨੂੰ।" ਤੂੰ ਫੂਨ ਚੈੱਕ ਨੀ ਕੀਤਾ ਹੋਣਾ। ਮੂਵੀ ਤੈਨੂੰ ਭੇਜੀ ਹੋਈ ਹੈ।

"ਬਾਬਾ ਜੀ ਸਮਝੋਂ ਇਹ ਮੋਰਚੇ ਦੀ ਜਿੱਤ ਦਾ ਸੰਕੇਤ ਹੈ।"

ਪਰ ਪੁੱਤ ਇਹਨਾਂ ਅਵਾਰਾ ਗਾਵਾਂ ਤੋਂ ਅਤੇ ਇਹਨਾਂ ਅਵਾਰਾ ਕੁੱਤਿਆਂ ਤੋਂ ਛੁਟਕਾਰਾ ਕਦੋ ਮਿਲੂ?"

"ਬਾਬਾ ਜੀ ਜਦੋਂ 'ਅਵਾਰਾ ਸਰਕਾਰਾਂ' ਤੋਂ ਛੁਟਕਾਰਾ ਹੋਊ।"

"ਅੱਛਾ ਪੁੱਤ ਇਹ ਤਾਂ ਮੈਨੂੰ ਹਾਲੇ ਦੂਰ ਦੀ ਕੌਡੀ ਲਗਦੀ ਹੈ। ਹਾਂ ਤੂੰ ਘਰ ਫੂਨ ਟਾਇਮ ਨਾਲ਼ ਕਰ ਲਿਆ ਕਰ। ਤੇਰੀ ਦਾਦੀ ਬਾਲ਼ੀ ਚਿੰਤਿਤ ਹੋ ਜਾਂਦੀ ਏ ਜਦੋਂ ਤੇਰਾ ਫੂਨ ਲੇਟ ਹੋ ਜਾਂਦਾ।"

"ਬਾਬਾ ਜੀ ਤੁਸੀਂ ਦਾਦੀ ਨੂੰ ਆਪਣੀ ਦਾਦੀ ਦੀ ਕਹਾਣੀ ਸੁਣਾਇਆ ਕਰੋ। ਚੰਗਾ ਬਾਬਾ ਜੀ ਕੱਲ੍ਹ ਫਿਰ ਮਿਲ਼ਦੇ ਹਾਂ। ਓ.ਕੇ.।"

ਸੁਖਪ੍ਰੀਤ ਨੇ ਮੈਨੂੰ ਮੇਰੀ ਦਾਦੀ ਚੇਤੇ ਕਰਵਾ ਦਿੱਤੀ ਹੈ।

ਉਦੋਂ ਮੈਨੂੰ ਪ੍ਰਾਇਮਰੀ ਸਕੂਲ ਜਾਂਦੇ ਨੂੰ ਦੂਜਾ ਸਾਲ ਸੀ।

ਸਾਡੇ ਪਰਿਵਾਰ 'ਚੋਂ ਮੈਂ ਪਹਿਲਾ ਬੱਚਾ ਸੀ ਜੋ ਸਕੂਲ ਜਾਣ ਲੱਗਾ ਸੀ। ਦੋਨੋਂ ਵੱਡੇ ਵੀਰੇ ਖੇਤੀ ਵਿਚ ਪੈ ਚੁੱਕੇ ਸਨ। ਮੇਥੋਂ ਵੱਡੀ ਭੈਣ ਵੀ ਘਰ ਦਾ ਕੰਮ ਕਰ ਰਹੀ ਸੀ। ਸਿੱਖ ਰਹੀ ਸੀ। ਐਤਵਾਰ ਦਾ ਦਿਨ ਸੀ। ਵੱਡਾ ਬਾਬਾ ਨਰੰਗ ਸੂ, ਛੋਟਾ ਬਾਬਾ ਮੰਗਲ, ਬਾਪੂ, ਦੋਨੋ ਵੀਰੇ ਅਤੇ ਕਾਮਾ ਨਾਜਰ ਬਸੀਮੇ ਵਾਲ਼ੇ ਖੇਤ ਮੱਕੀ ਗੁੱਡ ਰਹੇ ਸਨ। ਮੈਂ ਵੀ ਰੰਬੀ ਲੈ ਕੇ ਖੇਡਾਂ ਖੇਡੀ ਜਾਂਦਾ ਸੀ। ਨਾਲ਼ ਦੇ ਖੇਤ ਵਿਚ ਖੂਨੀਆਂ ਦਾ ਬੱਗੜ ਹਲ਼ ਵਾਹ ਰਿਹਾ ਸੀ। ਜਦੋਂ ਵੀ ਉਹ ਸਾਡੇ ਖੇਤ ਬਰਾਬਰ ਆਉਂਦਾ ਤਾਂ ਉਤਲੇ ਵੈੜਕੇ ਨੂੰ ਹਰ ਵਾਰ ਸਾਡੇ ਖੇਤ ਵਿਚ ਵਾੜ ਕੇ ਮੋੜਦਾ। ਨਾਲ਼ੇ ਥੋੜ੍ਹਾ ਬੰਨ੍ਹਾ ਵੀ ਛਿੱਲ ਜਾਂਦਾ। ਜਿਸ ਕਾਰਨ ਸਾਡੀ ਫ਼ਸਲ ਮਿੱਧ ਹੁੰਦੀ ਸੀ। ਉਸ ਦੇ ਤੀਜੇ ਗੇੜੇ ਨੂੰ ਮੰਗਲ਼ ਬਾਬਾ ਉੱਠ ਖੜ੍ਹਾ ਹੋਇਆ ਅਤੇ ਗਰਜਿਆ:-

"ਓ ਬੱਗੜਾ ਆਪਣਾ ਪੇ ਤੈਥੋਂ ਥੱਲੇ ਨੀ ਮੋੜ ਹੁੰਦਾ? ਹਰ ਵਾਰ ਆਪਣੀ ਮਾਂ ਨੂੰ ਮਿੱਧੀ ਜਾਂਦਾ

ਏ। ਨਾਲ਼ੇ ਬੰਨਾ ਵੱਢ ਵੱਢ ਆਪਣੇ ਖੇਤ ਵਿਚ ਰਲ਼ਾਈ ਜਾਂਦਾ ਏ।"

"ਓ ਲੰਗੜਿਆ ! ਤੇਰੀ ਨਾ ਰੰਨ ਨਾਲ ਕੰਨ। ਕਿਉਂ ਮੌਤ ਨੂੰ ਮਾਸੀ ਕਹਿੰਦਾ ਏ। ਇਹ ਖ਼ੂਨੀਆਂ ਦੇ ਬੱਗੜ ਦਾ 'ਲਾਖਾ' ਏ। ਇਹ ਇਸੇ ਤਰ੍ਹਾਂ ਮੁੜੂ।"

ਫਿਰ ਕੀ ਸੀ। ਬੜੇ ਬਾਬੇ ਦੇ ਰੋਕਦੇ ਰੋਕਦੇ ਮੰਗਲ਼ ਬਾਬਾ ਜਾ ਫਸਿਆ ਬੱਗੜ ਨਾਲ਼। ਮੰਗਲ ਬਾਬੇ ਦੀ ਜਮਾਂਦਰੂ ਇੱਕ ਲੱਤ ਕੰਮਜ਼ੋਰ ਸੀ ਪਰ ਇਸ ਦੀ ਹਿੱਕ ਅਤੇ ਬਾਹਾਂ ਵਿਚ ਅਥਾਹ ਸ਼ਕਤੀ ਸੀ। ਉਸਨੇ ਬੱਗੜ ਢਾਅ ਲਿਆ। ਬੱਗੜ ਦਾ ਮੂੰਹ ਸਿਰ ਮਿੱਟੀ ਨਾਲ਼ ਭਰ ਗਿਆ। ਪੱਗ ਲਹਿ ਗਈ। ਕੇਸ ਖੁੱਲ੍ਹ ਗਏ। ਬੜੇ ਬਾਬੇ ਨੇ ਮਸਾ ਉਸ ਨੂੰ ਛੁਡਾਇਆ। ਬੱਗੜ ਪੱਗ ਲਪੇਟਦਾ ਹੀ ਪਿੰਡ ਨੂੰ ਤੁਰ ਪਿਆ ਤੇ ਬੋਲਿਆ "ਹੁਣ ਜਾਇਓ ਨਾ ਇੱਥੋ। ਅਸੀਂ ਆਉਂਦੇ ਹਾਂ ਹੁਣੇ। ਜੇ ਤੁਹਾਡਾ ਮੱਕੀ ਦਾ ਸਾਰਾ ਖੇਤ ਹੀ ਨਾ ਸੁਹਾਗ ਦਿੱਤਾ ਅਤੇ ਬੰਨਾ ਵੀ ਸਾਰਾ ਵਾਹ ਨਾ ਦਿੱਤਾ ਤਾਂ ਮੇਰੇ ਮੂੰਹ ਤੇ ਥੁੱਕ ਦਿਉ।"

ਮੰਗਲ ਬਾਬੇ ਨੇ ਉਸਦੇ ਬਲ਼ਦਾ ਦੇ ਰੱਸੇ ਵੀ ਲਪੇਟ ਦਿੱਤੇ ਤੇ ਉਹ ਵੀ ਵਾਹੋਦਾਹੀ ਪਿੰਡ ਵੱਲ ਨੂੰ ਭੱਜ ਪਏ।

"ਓ ਜੈਬ ਜਾਂ ਨੱਠ ! ਵਾੜੇ ਪਸ਼ੂਆਂ ਵਾਲ਼ੇ ਕੋਠੇ ਤੇ ਮੇਰੇ ਮੰਜੇ ਥੱਲੇ ਮੇਰੀ ਗੰਡਾਸੀ ਪਈ ਹੈ। ਚੁੱਕ ਲਿਆ ਸ਼ੇਰ ਬਣਕੇ। ਪੰਜ ਚਾਰ ਖ਼ੂਨੀਆਂ ਦਾ ਖ਼ੂਨ ਤਾਂ ਮੈਂ 'ਕੱਲਾ ਹੀ ਕੱਢ ਦੇਊ।" ਮੰਗਲ਼ ਬਾਬੇ ਨੇ ਮੈਨੂੰ ਗਹਿਰ ਕੇ ਕਿਹਾ ਸੀ।

ਮੈਂ ਵਾੜੇ ਨੂੰ ਨੱਠ ਲਿਆ ਸੀ। ਪਰ ਵਾੜੇ ਦੀ ਥਾਂ ਮੈਂ ਘਰ ਜਾ ਵੜਿਆ ਸੀ।

ਮਾਂ ਹੁਰੀ ਛਾਹ ਵੇਲਾ ਪਕਾ ਰਹੀਆਂ ਸਨ।

ਮੈਂ ਖੇਤ ਵਿਚ ਹੋਈ ਵਾਪਰੀ ਸਾਰੀ ਸੁਣਾ ਦਿੱਤੀ। ਦਾਦੀ ਮਾਂ ਤਾਂ ਹੋ ਗਈ ਲੋਹੀ ਲਾਖੀ।

"ਇਹ ਖ਼ੂਨੀਆਂ ਨੇ ਅੱਤ ਚੁੱਕੀ ਹੋਈ ਹੈ। ਪਹਿਲਾ ਇਹਨੀਂ ਬਾਮ੍ਹਣਾ ਦੀ ਚਾਰ ਕਨਾਲ਼ 'ਸੌਂਜੀ' ਆਪਣੇ ਖੇਤ 'ਚ ਰਲ਼ਾ ਲਈ। ਹੁਣ ਸਾਡਾ ਖੇਤ ਸੁਹਾਗਣ ਦੀ ਗੱਲ ਕਰਦੇ ਨੇ। ਇਹਨਾਂ ਦੇ ਕਿਸੇ ਵਡਾਰੂ ਨੇ ਖ਼ੂਨ ਕੀਤੇ ਸੀ ਇੱਜ਼ਤ ਅਣਖ ਖ਼ਾਤਰ। ਦੋ ਆਕੀ ਬਦਮਾਸ਼ਾਂ ਦੇ ਸਿਰ ਵੱਢੇ ਸੀ ਉਸ ਕੱਲੇ ਨੇ। ਪਰ ਹੁਣ ਇਹ ਆਪ ਬਦਮਾਸ਼ੀਆਂ ਤੇ ਉਤਰ ਆਏ ਨੇ।"

ਬੁੜ ਬੁੜ ਕਰਦੀ ਦਾਦੀ ਨੇ ਪਿਛਲੀ ਕੋਠੜੀ 'ਚੋਂ ਦੋ ਤਿੰਨ ਛੱਲੀਆਂ ਕੁੱਟਣ ਵਾਲੇ ਡੰਡੇ ਕੱਢ ਲਏ। ਫਿਰ ਵਿਹੜੇ ਵਿਚ ਖੜੀ ਇਕ ਮੰਜੇ ਦੀ ਚੁਗਾਠ ਥਾਪੀ ਲੈ ਕੇ ਉਖੇੜ ਦੋਏ ਬਾਹੀਆਂ ਕੱਢ ਲਈਆਂ। ਪੰਜਾ ਨੂੰ ਇਕ ਖੱਦਰ ਦੇ ਪਰਨੇ ਨਾਲ ਬੰਨ ਕੇ ਸਿਰ 'ਤੇ ਟਿਕਾਆ ਲਿਅ ਤੇ ਮੈਨੂੰ ਬੋਲੀ 'ਚੱਲ ਜੈਬ।

ਮਾਂ ਕਹਿਣ ਲੱਗੀ "ਬੇਬੇ ਜੀ ਰੋਟੀਆ ਵੀ ਪੱਕ ਚੱਲੀਆਂ। ਤੁਸੀਂ....।"

"ਚੁੱਪ ਕਰ ਨੀ ! ਜੇ ਰੋਟੀ ਖਾਣ ਵਾਲ਼ੇ ਜੀਂਦੇ ਰਹੇ ਤਾਂ ਰੋਟੀਆਂ ਵੀ ਲੈ ਜਾਵਾਂਗੇ।" ਦਾਦੀ ਕੜਕੀ ਸੀ।

ਦਰਵਾਜ਼ੇ 'ਚੀ ਲੰਘੇ ਤਾਂ ਉੱਥੇ ਬੈਠਾ ਸੂਬੇਦਾਰ ਚੈਨ ਸੂ ਮਿਲ਼ ਪਿਆ।

"ਬਚਿੰਤ ਕੌਰੇ ਕੀ ਭਾਰੀ ਪੈ ਗਈ? ਕਿਧਰ ਨੂੰ ਚੜ੍ਹਾਈ ਕੀਤੀ?" ਸੂਬੇਦਾਰ ਬੋਲਿਆ ਸੀ।

"ਭਾਈ ਖ਼ੂਨੀਆਂ ਦੇ ਟੱਬਰ ਦੀ ਬਦਮਾਸ਼ੀ ਕੱਢਣੀ ਹੈ ਅੱਜ। ਖੇਤ ਝਗੜਾ ਹੋਇਆ ਬੱਗੜ ਨਾਲ਼।"

"ਓ ਬਚਿੰਤ ਕੌਰੇ ਖ਼ੂਨੀ ਹੁਣ ਲੜਨ ਭਿੜਨ ਜੋਗੇ ਕਿੱਥੇ। ਟੱਬਰ ਪਾਟੋ ਪਾਟ ਹੋਏ ਪਏ ਨੇ। ਤੂੰ



ਮੁੜ ਜਾ ਘਰ ਨੂੰ।"

"ਭਾਈ ਜੀ ਇਹ ਦੂਜਿਆਂ ਨਾਲ਼ ਲੜਨ ਲਈ 'ਕੱਠੇ ਹੋ ਜਾਂਦੇ ਨੇ। ਮੈਂ ਤਾਂ ਕਹਿੰਨੀ ਅੱਜ ਆ ਹੀ ਜਾਣ। ਤਾਂ ਕਿ ਗੱਲ ਇਕ ਪਾਸੇ ਹੋ ਜਾਵੇ।" ਆਖਦੀ ਦਾਦੀ ਕਾਹਲ਼ੇ ਕਦਮੀ ਅੱਗੇ ਤੁਰ ਪਈ। ਅਗਲੇ ਮੋੜ 'ਤੇ ਜਾ ਕੇ ਬੋਲੀ "ਜੈਬ, ਭੱਜ ਵਾੜਿਓ ਮੰਗਲ਼ ਦੀ ਗੰਡਾਸੀ ਵੀ ਚੁੱਕ ਲੈ ਆ।"

"ਦਾਦੀ ਜਿਹੜੀ ਬਾਬੇ ਨੇ ਪੌੜੀ ਲਾਈ ਹੋਈ ਕੋਠੇ ਨੂੰ ਲੱਕੜ ਦੀ ਓਸਦੇ ਡੰਡੇ ਤਾਂ ਬਾਬੇ ਨੇ ਰੱਸੀਆਂ ਨਾਲ ਬੰਨੇ ਹੋਏ ਨੇ। ਮੈਨੂੰ ਤਾਂ ਡਰ ਲਗਦਾ ਕਿ ਕੋਈ ਡੰਡਾ ਟੁੱਟ ਨਾ ਜਾਵੇ।"

"ਖਸਮਾਂ ਨੂੰ ਖਾਣਿਆ ਓਹ ਮੇਰੇ ਭਾਰ ਨਾਲ ਨੀ ਟੁੱਟਦੇ ਤੇਰੇ ਭਾਰ ਨਾਲ਼ ਕਿਵੇਂ ਟੁੱਟ ਜਾਣਗੇ। ਚਲ ਭੱਜ। ਨਹੀਂ ਤਾਂ ਛਿੱਤਰ ਪੈਣਗੇ।" ਦਾਦੀ ਕੜਕੀ ਸੀ।

ਦੱਸਦੇ ਨੇ ਸੂਬੇਦਾਰ ਸਿਆਣਾ, ਦਾਨਾ ਤੇ ਸਮਝਦਾਰ ਬੰਦਾ ਸੀ। ਉਸ ਦੀ ਖ਼ੂਨੀਆਂ ਨਾਲ ਦੂਰੋਂ ਨੇੜਿਓ ਸਾਕਾਚਾਰੀ ਵੀ ਜੁੜਦੀ ਸੀ। ਉਹ ਵੀ ਬਚਿੰਤ ਕੌਰ ਤੇ ਮਗਰੇ ਤੁਰ ਪਿਆ। ਜਿਸ ਰਾਹੇ ਖ਼ੂਨੀਆਂ ਨੇ ਪਿੰਡੋਂ ਆਉਣਾ ਸੀ। ਉਸ ਵਿਚ ਜਾ ਖੜਾ ਹੋਇਆ।

ਦਾਦੀ ਨੇ ਡਾਂਗਾ ਦੀ ਭਰੀ ਮੱਕੀ ਗੁੱਡਦਿਆਂ ਕੋਲ਼ ਲਿਆ ਸੁੱਟੀ ਅਤੇ ਮੈਂ ਗੰਡਾਸੀ ਲੈ ਕੇ ਪਹੁੰਚ ਗਿਆ।

"ਚੁੱਕ ਲਓ ਆਪਣੇ ਆਪਣੇ ਹਥਿਆਰ! ਓ ਦੇਖੋ ਖ਼ੂਨੀ ਪਿੰਡੋਂ ਨਿਕਲ਼ ਚੁੱਕੇ ਹਨ।" ਦਾਦੀ ਨੇ ਦੂਰੋਂ ਪਿੰਡੋਂ ਨਿਕਲ਼ੇ ਚਾਰ ਪੰਜ ਬੰਦਿਆਂ ਵੱਲ ਇਸ਼ਾਰਾ ਕੀਤਾ।

ਦੋਹਾਂ ਵੀਰਿਆਂ ਨੇ, ਬਾਪੂ ਨੇ ਅਤੇ ਦਾਦੀ ਨੇ ਜੋ ਜੋ ਹੱਥ ਆਇਆ ਚੁੱਕ ਲਿਆ। ਜੱਕੋ ਤੱਕੀ 'ਚ ਪਏ ਬੜੇ ਬਾਬੇ ਵੱਲ ਦਾਦੀ ਨੇ ਘੂਰ ਕੇ ਦੇਖਿਆ ਤਾਂ ਉਸ ਨੇ ਵੀ ਇਕ ਸੋਟਾ ਚੁੱਕ ਲਿਆ। ਨਾਜ਼ਰ ਕਾਮੇ ਨੇ ਦਾਦੀ ਨੂੰ ਕਿਹਾ, "ਚੌਧਾਰਣੀ ਲਿਆ ਤੂੰ ਆਪਣਾ ਸੋਟਾ ਮੈਨੂੰ ਦੇ, ਮੈਂ ਵੀ 'ਪੁਰਾਣਾ' ਹਿਸਾਬ ਖ਼ੂਨੀਆਂ ਨਾਲ਼ ਕਰ ਲਵਾਂ।"

"ਨਾ ਨਾਜਰਾ ਨਾ। ਤੂੰ ਖੜਕੇ ਬਚਿੰਤ ਕੌਰ ਤੇ ਹੱਥ ਦੇਖ ਅੱਜ।" ਦਾਦੀ ਦੁਪੱਟੇ ਦਾ ਸਿਰ 'ਤੇ ਮੜਾਸਾ ਮਾਰਦੀ ਹੋਈ ਬੋਲੀ ਸੀ।

ਨਾਜਰ ਨੂੰ ਪਤਾ ਨੀ ਕੀ ਸੁੱਝਿਆ। ਉਸ ਨੇ ਬੱਗੜ ਦੇ ਖੇਤ 'ਚ ਪਈ ਪੰਜਾਲ਼ੀ ਦੀ ਫੱਟੀ ਕੱਢ ਲਈ ਅਤੇ ਮੈਂ ਬੱਗੜ ਦੀ ਪਰੈਣ ਚੁੱਕ ਲਈ। ਸਾਰੇ ਜਣੇ ਆਪੋ ਆਪਣੇ ਹਥਿਆਰ ਸੰਭਾਲੀ ਲਾਇਨ ਬਣਾ ਕੇ ਬੰਨੇ ਤੇ ਖੜ ਗਏ। ਮੈਂ ਬੱਗੜ ਦੀ ਪਰੈਣ ਮੋਢੇ ਤੇ ਰੱਖੀ ਸਾਰਿਆ ਤੇ ਮੂਹਰੇ ਘੁੰਮ ਰਿਹਾ ਸੀ।

ਸੂਬੇਦਾਰ ਚੈਨ ਸਿੰਘ ਨੇ ਬੱਗੜ ਹੁਰਾਂ ਨੂੰ ਦੋ ਕੁ ਖੇਤ ਪਿੱਛੇ ਹੀ ਰੋਕ ਲਿਆ। ਬੱਗੜ ਹੁਰੀਂ ਸਿਰਫ਼ ਤਿੰਨ ਜਣੇ ਸੀ। ਚੋਥਾ ਲੰਬੜ ਜੈਲਾ ਤਾਂ ਉਹਨਾਂ ਨੂੰ ਉਕਸਾਉਣ ਲਈ ਨਾਲ ਤੁਰਿਆ ਆਇਆ ਸੀ।

ਸੂਬੇਦਾਰ ਦੀਆਂ ਸਮਝੌਤੀਆਂ ਦਾ ਅਸਰ ਸੀ ਜਾਂ ਫਿਰ ਸਾਡੀ ਗਿਣਤੀ ਦੁੱਗਣੀ ਦੇਖਕੇ ਬੱਗੜ ਹੁਰੀਂ ਵਾਪਿਸ ਮੁੜ ਗਏ। ਉਹਨਾਂ ਨੂੰ ਤੋਰ ਕੇ ਸੂਬੇਦਾਰ ਸਾਡੇ ਕੋਲ਼ ਆ ਗਿਆ ਸੀ ਤੇ ਬੋਲਿਆ ਸੀ, "ਮੰਗਲ਼ਾ ਕਮਲਿ਼ਆ ਨਾਲ਼ ਕਮਲ਼ੇ ਨ੍ਹੀਂ ਹੋਈਦਾ। ਚਲ ਬਚਿੰਤ ਕੌਰੇ ਚੱਕ ਸਾਰੇ ਡਾਂਗਾ ਸੋਟੇ ਤੇ ਤੁਰ ਘਰ ਨੂੰ। ਮੈਂ ਸੰਭਾਲ ਲਊ ਸਾਰੇ ਮਾਮਲੇ ਨੂੰ।"

"ਦੇਖੋ ਭਾਈ ਜੀ ਮੈਂ ਜਾਂਦੀ ਆ ਪਿੰਡ ਨੂੰ ਰੋਟੀ ਲੈਣ। ਹਥਿਆਰ ਏਥੇ ਹੀ ਪਏ ਰਹਿਣਗੇ। ਉਹਨਾਂ ਬੇਈਮਾਨਾਂ ਦਾ ਕੋਈ ਇਤਬਾਰ ਨਹੀਂ। ਪਰ ਤੁਸੀਂ ਉਹਨਾਂ ਨੂੰ ਨਾ ਮੋੜਦੇ ਤਾਂ ਚੰਗਾ ਸੀ। ਉਹ ਬੱਗੜ ਕਹਿੰਦਾ ਸੀ ਕਿ ਬੰਨਾ ਵੀ ਵਾਹ ਦੇਣਾ ਅਤੇ ਮੱਕੀ ਦਾ ਖੇਤ ਵੀ ਸੁਹਾਗਾ ਦੇ ਕੇ ਭੰਨ ਦੇਣਾ। ਪਰ ਅੱਜ ਅਸੀਂ ਉਹਨਾਂ ਦੇ ਐਸੇ ਹੱਡ ਭੰਨਣੇ ਸੀ ਕਿ ਸੱਤ ਪੁਸ਼ਤਾ ਯਾਦ ਰੱਖਦੀਆਂ।" ਦਾਦੀ ਪੂਰੇ ਗੁੱਸੇ ਵਿਚ ਸੀ।

ਗੁੱਸੇ ਵਿਚ ਤਾਂ ਰਾਤੀਂ ਮੈਂ ਵੀ ਆ ਗਿਆ ਸੀ। ਸਗੋਂ ਗੁੱਸਾ ਤਾਂ ਰਹਿ ਰਹਿ ਸਾਰਾ ਦਿਨ ਵੀ ਆਉਂਦਾ ਰਿਹਾ। ਮਾਸਟਰ ਕੇਦਾਰ ਨਾਥ ਦੀਆਂ ਟਿੱਚਰਾਂ 'ਤੇ।

ਇਹ ਕੇਦਾਰਨਾਥ ਜੇ.ਬੀ.ਟੀ. ਕਰਨ ਸਮੇਂ ਮੈਨੂੰ ਟੱਕਰਿਆ ਸੀ। ਸੋਹਣਾ ਸੁਨੱਖਾ ਤੇਜ ਤਰਾਰ ਤੇ ਗੱਲਾਂ ਦਾ ਧਨੀ ਸੀ ਉਦੋਂ ਵੀ ਪੂਰਾ। ਮੇਰੇ ਤੇ ਚੰਗਾ ਪ੍ਰਭਾਵ ਪਿਆ ਸੀ ਅਤੇ ਅਸੀਂ ਇਕ ਹੀ ਕਮਰੇ 'ਚ ਰਹਿਣ ਲੱਗ ਪਏ ਸੀ। ਇਹ ਸ਼ਹੀਦ ਭਗਤ ਸਿੰਘ ਦਾ ਫੈਨ ਸੀ। ਮਾਰਕਸ, ਲੈਨਿਨ ਅਤੇ ਮਾਓ ਜੇ ਤੁੰਗ ਆਦਿ ਦੇ ਨਾਂ ਵੀ ਲਿਆ ਕਰਦਾ ਸੀ ਆਪਣੀਆਂ ਗੱਲਾਂ 'ਚ। ਸਾਲ ਕੁ ਭਰ ਬੇਰੁਜ਼ਗਾਰ ਟੀਚਰ ਯੂਨੀਅਨ 'ਚ ਕੰਮ ਕਰਨ ਸਮੇਂ ਇਹ 'ਕਾਮਰੇਡੀ' ਰੰਗ 'ਚ ਪੂਰਾ ਰੰਗਿਆ ਗਿਆ ਸੀ। ਪ੍ਰਿਥੀਪਾਲ ਰੰਧਾਵੇ ਦੇ ਕਤਲ ਵੇਲੇ ਦਸੂਹੇ ਹੋਏ 'ਕੱਠ ਵਿਚ ਤਾਂ ਇਸ ਨਾਅਰੇ ਲਾ ਲਾ ਗਲ਼ ਵੀ ਬਿਠਾ ਲਿਆ ਸੀ। ਇਸਦਾ ਚਿਹਰਾ ਲਾਲ ਹੋਇਆ ਪਿਆ ਸੀ ਅਤੇ ਅੱਖੀਂ ਲਹੂ ਉਤਰਿਆ ਲਗਦਾ ਸੀ।

ਨੌਕਰੀ ਦੌਰਾਨ ਇਸਦਾ ਵਿਆਹ ਹੋ ਗਿਆ ਇਕ ਘਰੇਲੂ ਕੰਮ ਕਾਜੀ ਕੁੜੀ ਨਾਲ਼। ਕੁੜੀ ਊਂ ਤਾਂ ਚੰਗੀ ਦਿਖ ਵਾਲ਼ੀ ਸੀ ਪਰ ਸੀ 'ਤਾਂਤਰਿਕ' ਬਾਪ ਦੀ ਧੀ। ਟੂਣੇ ਟਾਮਣ ਕਰਨ ਵਾਲ਼ੀ। ਉਪਰੋਂ ਥਲੀ ਦੋ ਕੁੜੀਆਂ ਹੋਣ ਨਾਲ਼ ਇਹ ਹੋਰ ਵੀ 'ਧਾਗੇ-ਤਵੀਤਾਂ' ਦੇ ਧਾਰਨੀ ਹੋ ਗਏ। ਜਾਣੀ ਕੇਦਾਰ ਨਾਲ ਦੇ 'ਕਾਮਰੇਡੀ' ਵਿਚਾਰਾਂ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ। ਬਾਅਦ ਵਿਚ ਲੜਕਾ ਵੀ ਹੋ ਗਿਆ। ਪਰ ਇਹ ਹੋਰ ਵੀ ਅੰਧਵਿਸ਼ਵਾਸ਼ੀ ਹੁੰਦਾ ਗਿਆ। ਕੁੜੀਆਂ ਪੜ੍ਹਨ ਨੂੰ ਤੇਜ਼ ਨਿਕਲੀਆਂ। ਪਰ ਮੁੰਡਾ ਢਿੱਲਾ ਹੀ ਰਿਹਾ। ਮਰ ਖੁਰ ਕੇ ਉਸ ਦਸਵੀਂ ਕੀਤੀ ਤੇ ਦਸਵੀਂ ਮਗਰੋਂ ਉਹ ਹਥਿਆਰ ਸੁੱਟ ਹੀ ਗਿਆ। ਮੁੰਡੇ ਦੀ ਸੈਟਿੰਗ ਖਾਤਰ ਕੇਦਾਰ ਹੋਰ ਵੀ ਵਹਿਮੀ ਹੁੰਦਾ ਗਿਆ ਅਖ਼ੀਰ ਉਸਨੂੰ ਲਾਗਲੇ ਕਸਬੇ ਵਿਚ ਕਰਿਆਨੇ ਦੀ ਦੁਕਾਨ ਖੋਲ੍ਹ ਕੇ ਦਿੱਤੀ ਪਰ ਉਹ ਉਧਰ ਵੀ ਪੂਰਾ ਧਿਆਨ ਨਾ ਦਿੰਦਾ।

ਕੇਦਾਰ ਨਾਥ ਦੀ ਵੱਡੀ ਕੁੜੀ ਕ੍ਰਿਸ਼ਨਾ ਪੜ੍ਹਨ ਵਿਚ ਬਹੁਤ ਤੇਜ ਸੀ। ਉਸ ਨੂੰ ਮੈਰਿਟ ਦੇ ਆਧਾਰ ਤੇ ਐਮ.ਐਸ.ਸੀ. ਲਈ ਜੇ.ਐਨ.ਯੂ.ਡੀ. ਵਿਚ ਦਾਖਲਾ ਮਿਲ਼ ਗਿਆ। ਕੁੜੀ ਸ਼ਕਲੋਂ ਸੂਰਤ ਤੋਂ ਵੀ ਸੁਨੱਖੀ ਸੀ। ਪੜ੍ਹਾਈ ਦੌਰਾਨ ਹੀ ਉਸਦੀ ਦੋਸਤੀ ਇਕ ਅਰਬਪਤੀ ਪਰਿਵਾਰ ਦੇ ਫਰਜੰਦ ਨਾਲ਼ ਹੋ ਗਈ। ਜੋ ਹੋਲ਼ੀ ਹੋਲ਼ੀ ਵਿਆਹ ਬੰਧਨ ਵਿਚ ਬਦਲ ਗਈ। ਮੁੰਡਾ ਬਾਣੀਏ ਪਰਿਵਾਰ ਅਗਰਵਾਲਾ 'ਚੋਂ ਸੀ। ਕੇਦਾਰ ਨਾਥ ਦਾ 'ਬਾਮ੍ਹਣਪੁਣਾ' ਥੋੜ੍ਹਾ ਚਿਰ ਅੰਦਰੋਂ ਅੰਦਰੀ ਔਖਾ ਰਿਹਾ ਪਰ ਹੌਲ਼ੀ ਹੌਲ਼ੀ ਉਸਦੀਆਂ 'ਆਰਥਕ ਥੁੜਾ' ਨੇ ਉਸ ਨੂੰ ਸ਼ਾਂਤ ਕਰ ਲਿਆ।

ਕ੍ਰਿਸ਼ਨਾ ਦੇ ਸੁਹਰੇ ਪਰਿਵਾਰ ਦਾ ਕਾਰੋਬਾਰ ਭਾਰਤ ਦੇ ਕਈ ਪ੍ਰਾਂਤਾਂ ਵਿਚ ਚੱਲ ਰਿਹਾ ਸੀ। ਕਈ ਮਿੱਲਾਂ, ਕਈ ਕਾਰਖਾਨੇ ਅਤੇ ਕਈ ਕੰਪਨੀਆਂ ਸਨ ਅਗਰਵਾਲ ਪਰਿਵਾਰ ਦੀਆਂ। ਕ੍ਰਿਸ਼ਨਾ ਨੇ ਆਪਣੇ ਗੁਣਾਂ ਕਰਕੇ ਸੁਹਰੇ ਪਰਿਵਾਰ ਵਿਚ ਚੰਗਾ ਸਥਾਨ ਬਣਾ ਲਿਆ। ਜਿਸ ਸਦਕਾ ਉਸਨੇ ਆਪਣੀ ਛੋਟੀ ਭੈਣ ਦਾ ਰਿਸ਼ਤਾ ਸੁਹਰੇ ਪਰਿਵਾਰ ਦੇ ਇਕ ਜਾਣੂ ਪਰਿਵਾਰ ਵਿਚ ਕਰਵਾ ਦਿੱਤਾ ਅਤੇ ਛੋਟੇ ਭਰਾ ਨੂੰ ਇਕ ਮਿੱਲ ਵਿਚ ਚੰਗਾ ਅਹੁਦਾ ਦਿਵਾ ਦਿੱਤਾ ਅਤੇ ਉਸਦਾ ਵਿਆਹ ਵੀ ਇਕ ਚੰਗੇ ਪਰਿਵਾਰ 'ਚ ਕਰ ਦਿੱਤਾ। ਕ੍ਰਿਸ਼ਨਾ ਦਾ ਸਹੁਰਾ ਪਰਿਵਾਰ ਭਾਰਤ ਦੀ ਰਾਜਨੀਤੀ ਵਿਚ ਵੀ ਪੂਰਾ ਸਰਗਰਮ ਹੈ। ਕਿਸੇ ਵੇਲੇ ਉਹ ਕਾਂਗਰਸ ਪਾਰਟੀ ਨਾਲ਼ ਘਿਓ ਖਿਚੜੀ ਸੀ। ਪਰ ਅੱਜਕਲ ਉਸਨੇ ਕਮਲ ਦਾ ਫੁੱਲ ਘੁੱਟ ਕੇ ਫੜਿਆ ਹੋਇਆ ਹੈ। ਉਹ ਭਾਜਪਾ ਦੀਆਂ ਨੀਤੀਆਂ ਦਾ ਕੱਟੜ ਸਮਰਥਕ ਅਤੇ ਪ੍ਰਚਾਰਕ ਹੈ।

ਅਗਰਵਾਲ ਪਰਿਵਾਰ ਦੀਆਂ ਮਿਹਰਬਾਨੀਆਂ ਕਰਕੇ ਅਤੇ ਕਬੀਲਦਾਰੀ ਚੰਗੀ ਤਰ੍ਹਾਂ ਸੈੱਟ ਹੋਣ ਕਾਰਨ ਕੇਦਾਰਨਾਥ ਅੱਜਕਲ ਅਸਮਾਨੀ ਗਲ਼ੀਆਂ ਕਰਦਾ ਏ। ਇਸ ਦਾ ਕਮਿਊਨਿਜ਼ਮ ਮਰ ਚੁੱਕਾ ਹੈ ਅਤੇ ਇਸ ਅੰਦਰ ਫ਼ਿਰਕਾਪ੍ਰਸਤੀ ਦਾ ਫਨ ਪੂਰਾ ਤਣ ਚੁੱਕਾ ਹੈ। ਇਹ ਹਰ ਗੱਲ ਚੱਬ ਚੱਬ ਅਤੇ ਟਿਚਰੀ ਲਹਿਜੇ 'ਚ ਕਰਦਾ ਹੈ। ਕੱਲ ਰਾਤ ਮੇਰੇ ਨਾਲ਼ ਵੀ ਇਸ ਨੇ ਇਸ ਤਰ੍ਹਾਂ ਦਾ ਵਰਤਾਓ ਕੀਤਾ ਸੀ।

ਅੱਠ ਕੁ ਵੱਜੇ ਸਨ। ਮੈਂ ਸੌਣ ਦੀ ਤਿਆਰੀ ਕਰ ਰਿਹਾ ਸੀ। ਫੂਨ ਦੀ ਘੰਟੀ ਖੜਕੀ ਸੀ। ਆਨ ਕਰਕੇ ਕੰਨ ਨੂੰ ਲਾਉਂਦਿਆਂ ਮੈਂ 'ਹੈਲੋ' ਆਖੀ ਸੀ।

"ਹਾਂ ਜੀ ਭਾਈ ਸਾਹਿਬ ਭਾਈ ਅਜੈਬ ਸਿੰਘ ਜੀ ਕੀ ਹਾਲ ਨੇ? ਦਾਸ ਕੇਦਾਰ ਨਾਥ ਸ਼ਰਮਾ ਬੋਲ ਰਿਹਾ।"

"ਹਾਂ ਜੀ ਸ਼ਰਮਾ ਜੀ ਹਾਲ ਬਹੁਤ ਵਧੀਆ ਨੇ। ਤੁਸੀਂ ਸੁਣਾਓ।" ਮੈਂ ਉਸਦੀ ਟਿੱਚਰੀ ਟੋਨ ਨੂੰ ਸਮਝਦਿਆਂ ਹੋਇਆ ਵੀ ਸਹਿਜ ਭਾਅ ਆਖਿਆ ਸੀ।

"ਮਾਸਟਰ ਜੀ, ਭੋਲ਼ੇ ਨਾਥ ਦੀ ਕਿਰਪਾ ਨਾਲ਼ ਆਪਾਂ ਵੀ ਚੜ੍ਹਦੀ ਕਲਾ ਵਿਚ ਹਾਂ। ਹੋਰ ਤੁਹਾਡੇ ਮੋਰਚੇ ਦਾ ਕੀ ਹਾਲ ਹੈ?"

"ਮੋਰਚਾ ਚੜ੍ਹਦੀ ਕਲਾ ਵਿਚ ਏ। ਸਵੇਰੇ ਸਰਕਾਰ ਨਾਲ਼ ਮੀਟਿੰਗ ਵੀ ਏ ਅਤੇ ਛੱਬੀ ਦੀ ਪਰੇਡ ਦੀ ਤਿਆਰੀ ਵੀ ਪੂਰੀ ਹੈ।"

"ਮਾਸਟਰ ਜੀ ਤੁਸੀਂ ਤਾਂ ਪੜ੍ਹੇ ਲਿਖੇ ਹੋ। ਕਿਉਂ ਭੋਲ਼ੇ ਬਣਦੇ ਹੋ? ਕੁਝ ਨੀ ਨਿਕਲ਼ਣਾ ਸਵੇਰ ਵਾਲੀ ਮੀਟਿੰਗ 'ਚੋਂ। ਨਾ ਕੁਝ ਛੱਬੀ ਵਾਲੀ ਪਰੇਡ ਨੇ ਸੌਰਨਾ। ਹੋ ਸਕਦਾ ਉਸ ਦਿਨ ਤੁਹਾਡਾ ਮੋਰਚਾ ਹੀ ਖਿਲਰ ਜਾਵੇ।"

"ਓ ਪੰਡਤਾਂ ਰਜਾਈ ਵਿਚ ਪਿਆ ਹੀ ਟੇਵੇ ਲਾਈ ਜਾਨਾ ਏ! ਕਦੇ ਮੋਰਚੇ 'ਚ ਜਾ ਕੇ ਤਾਂ ਦੇਖ। ਫੇਰ ਪਤਾ ਲੱਗੂ ਲੋਕਾਂ ਦੇ ਜੋਸ਼ ਦਾ।"

"ਵੱਡੇ ਭਾਈ ਜੋਸ਼ ਦੇਖਕੇ ਕੀ ਕਰਨਾ। ਤੇਰਾ ਵੀਰਾ ਤਾਂ ਇੱਥੇ ਬੈਠਾ ਆਪਣੀ ਦਿੱਬ ਦ੍ਰਿਸ਼ਟੀ ਨਾਲ ਮੋਰਚੇ ਦੇ ਅੰਦਰ ਕੀ ਚਲ ਰਿਹਾ ਤੇ ਸਰਕਾਰ ਅੰਦਰੋਂ ਅੰਦਰੀ ਕੀ ਕਰੀ ਬੈਠੀ ਹੈ ਸਭਾ ਦੇਖ ਰਿਹਾ ਹਾਂ।"

"ਪੰਡਤਾਂ ਤੇਰੀ ਐਨਕ ਦੇ ਸ਼ੀਸ਼ੇ ਹਨ ਸਰਕਾਰੀ। ਉਸ ਵਿੱਚੋਂ ਤੈਨੂੰ ਸਰਕਾਰੀ ਨੀਤੀਆਂ ਹੀ ਦਿਸਦੀਆਂ ਹਨ। ਹੋਰ ਤੈਨੂੰ ਹੁਣ ਕੁਝ ਨਹੀਂ ਦਿਸਣਾ।"

"ਮਾਸਟਰ ਜੀ ਮੇਰਾ ਇਤਬਾਰ ਕਰੋ। ਮੋਰਚੇ ਦੇ ਕਈ ਲੀਡਰ ਗੁਪਤ ਤੌਰ ਤੇ ਸਰਕਾਰ ਦੇ ਸੰਪਰਕ ਵਿਚ ਹਨ। ਸਮਾਂ ਮਿਲ਼ਦਿਆਂ ਹੀ ਪਾਲ਼ਾ ਬਦਲ ਲੈਣਗੇ। ਤੁਸੀਂ ਸੁਖਪ੍ਰੀਤ ਨਾਲ਼ ਗੱਲ ਕਰੋ। ਮੈਂ ਉਸਦਾ ਵੀ ਤਾਲਮੇਲ ਕਰਵਾ ਦਿੰਦਾ ਹਾਂ ਭਾਜਪਾ ਦੀ ਉੱਚ ਕੇਂਦਰੀ ਲੀਡਰਸ਼ਿਪ ਨਾਲ਼।"

"ਕੇਦਾਰ! ਤੇਰੇ ਅੰਦਰਲਾ ਕਮਿਊਨਿਜ਼ਮ ਮਰ ਸਕਦਾ। ਪਰ ਅਸੀਂ ਗਦਾਰੀ ਦੀ ਪੰਡ ਨਹੀਂ ਚੁੱਕ ਸਕਦੇ। ਇਹ ਵਹਿਮ ਕੱਢ ਦੇਈਂ ਮਨ ਵਿੱਚੋਂ।" ਮੇਰੇ ਕੋਲ਼ੋ ਜਰ੍ਹਾ ਉੱਚਾ ਬੋਲਿਆ ਗਿਆ ਸੀ।

"ਬੜੇ ਭਾਈ ਤੁਸੀਂ ਤਾਂ ਐਵੇ ਗੁੱਸਾ ਕਰੀ ਜਾਨੇ ਓ। ਮੈਂ ਤਾਂ ਸਰੋ ਸਰੀ ਗੱਲ ਕੀਤੀ ਸੀ। ਨਾਲ਼ੇ ਮੇਰੀ ਸਮਝ ਮੁਤਾਬਕ ਬੰਦੇ ਨੂੰ ਦੂਰ ਦੀ ਸੋਚਣੀ ਚਾਹੀਦੀ ਹੈ। ਐਵੇਂ ਪੁਰਾਣੀਆਂ ਲੀਹਾਂ ਨੂੰ ਚੁੰਬੜੇ ਨਹੀਂ ਰਹਿਣਾ ਚਾਹੀਦਾ। ਦੇਖੋ ਦਿਲ ਦੀ ਗੱਲ ਕਰਨ ਲੱਗਾ ਤੁਹਾਡੇ ਨਾਲ਼। ਆਖ਼ਿਰ ਆਪਾਂ ਪੁਰਾਣੇ ਯਾਰ ਹਾਂ। ਕ੍ਰਿਸ਼ਨਾ ਦੇ ਸੁਹਰਿਆਂ ਦਾ ਵਿਚਾਰ ਪੰਜ-ਸੱਤ ਹਜ਼ਾਰ ਏਕੜ ਦਾ ਫਾਰਮ ਕਾਇਮ ਕਰਨ ਦਾ। ਮੇਰੀ ਕੋਸ਼ਿਸ਼ ਹੋਊ ਆਪਣੇ ਇਲਾਕੇ 'ਚ ਹੀ ਹੋਵੇ। ਫਿਰ ਸੁਖਪ੍ਰੀਤ ਵਰਗੇ ਨੂੰ ਕੋਈ ਵੱਡੀ ਤੇ ਇੱਜ਼ਤ ਵਾਲ਼ੀ ਜ਼ਿੰਮੇਵਾਰੀ ਦਿਵਾਉਣਾ ਮੇਰੇ ਜ਼ੁੰਮੇ ਰਿਹਾ।"

"ਤੇਰੀ ਬੁੱਧੀ ਭ੍ਰਿਸ਼ਟ ਹੋ ਗਈ ਹੈ ਪੰਡਤਾਂ! ਪੰਜ-ਸੱਤ ਹਜ਼ਾਰ ਏਕੜ ਕੀ ਤੇਰੇ ਕੁੜਮਾਂ ਨੂੰ ਪੰਜ-ਸੱਤ ਏਕੜ ਵੀ ਨਹੀਂ ਮਿਲਣ ਲੱਗੇ ਪੰਜਾਬ ਵਿਚ। ਐਵੇਂ ਦਿਨੇ ਸੁਪਨੇ ਲੈਣੇ ਛੱਡੋ।" ਮੇਰੇ ਬੋਲਾ 'ਚ ਰੁੱਖਾਪਣ ਆ ਗਿਆ ਸੀ।

"ਜੈਬ ਤੁਹਾਡਾ ਜੱਟਪੁਣਾ ਤੁਹਾਨੂੰ ਦੂਰ ਦੀ ਸੋਚਣ ਨੀ ਦਿੰਦਾ। ਜੇ ਜ਼ਿੰਦਗੀ ਰਹੀ ਤਾਂ ਤੁਹਾਨੂੰ ਦਿਖਾ ਦੇਊਂ ਕਿ ਹਲਾਤ ਹੀ ਇਹੋ ਜਿਹੇ ਬਣ ਜਾਣਗੇ ਕਿ ਤੁਸੀਂ ਆਪ ਆਪਣੀਆਂ ਜ਼ਮੀਨਾਂ ਵੱਡਿਆਂ ਘਰਾਣਿਆਂ ਨੂੰ ਸੌਂਪਣ ਲਈ ਉਹਨਾਂ ਦੇ ਦਰਾਂ 'ਤੇ ਲਾਈਨਾਂ ਲਾ ਕੇ ਖੜ੍ਹੇ ਹੋਇਆ ਕਰੋਗੇ। ਇਹੋ ਜਿਹਾ ਸਮਾਂ ...।"

"ਚੁੱਪ ਕਰ ਓਏ ਕਰਾੜਾ! ਮੇਰੇ ਕੋਲ਼ ਹੁੰਦਾ ਤਾਂ ਮੈਂ ਛਿੱਤਰ ਲਾਹ ਲੈਣਾ ਸੀ। ਤੁਹਾਡੀ ਸਰਕਾਰ 'ਚ ਇੰਨੀ ਹਿੰਮਤ ਨੀ ਕਿ ਸਾਡੇ ਜੀਂਦੇ ਜੀ ਸਾਡੀਆਂ ਜ਼ਮੀਨਾਂ ਵੱਲ ਦੇਖ ਸਕੇ। ਇਹ ਮਸਜਦਾਂ ਦੇ ਥਾਂ ਮੰਦਰ ਬਣਾ ਸਕਦੀ ਹੈ। ਪਿੰਡਾਂ ਸ਼ਹਿਰਾਂ ਜਾਂ ਸੜਕਾਂ ਦੇ ਨਾਮ ਬਦਲ ਸਕਦੀ ਹੈ। ਇੰਨੀ ਔਕਾਤ ਹੈ ਇਸਦੀ।" ਮੇਰੇ ਬੋਲਾਂ 'ਚ ਤਲਖੀ ਵੱਧ ਗਈ ਸੀ।

"ਓ ਬੜੇ ਭਾਈ ਕਾਹਨੂੰ ਆਪਣਾ ਲਹੂ ਸਾੜਦਾ ਮੇਰੇ ਤੇ ਖ਼ਫ਼ਾ ਹੋ ਕੇ। ਠੰਡਾ ਰਹਿ ਠੰਡਾ। ਹਾਂ ਉੱਦਾ ਮੇਰਾ ਚਿੱਤ ਕਰਦਾ ਕਿ ਸਮਾਂ ਆਉਣ ਤੇ ਤੇਰੇ ਪਿੰਡ ਦਾ ਨਾਂ ਵੀ ਹੁਸੈਨ ਨਗਰ ਤੋਂ ਬਦਲਕੇ ਦੇਵ ਨਗਰ ਰੱਖ ਦਿੱਤਾ ਜਾਵੇ ਅਤੇ ਜਿਹੜਾ ਤੇਰੇ ਪਿੰਡ ਵੜਦਿਆਂ ਨੂੰ ਕਿਸੇ ਪੀਰ ਦਾ ਮਕਬਰਾ ਹੈ ਮੈਂ ਆਪਣੇ ਹੱਥੀ ਤੋੜਾ। ਹੀ... ਹੀ... ਹੀ..।"

"ਆ ਤੇਰੀ ਭੈ...।" ਮੇਰੇ ਮੂੰਹੋਂ ਉੱਚੀ ਦੇਣੀ ਗਾਲ਼ ਨਿਕਲ਼ ਗਈ ਹੈ। ਮੈਂ ਮੰਜੇ ਤੇ ਉੱਠਕੇ ਬੈਠ ਗਿਆ ਹਾਂ। ਮੈਨੂੰ ਪਿੰਡ ਦੇ ਨਾਂ ਵਾਲ਼ੇ ਬੋਰਡ 'ਤੇ ਦੇਵ ਨਗਰ ਲਿਖਿਆ ਦਿਸਣ ਲੱਗ ਪਿਆ ਹੈ। ਪੀਰ ਦੇ ਮਕਬਰੇ ਦੇ ਪੱਥਰ ਖਿਲਰੇ ਦਿਸਣ ਲੱਗ ਪਏ ਹਨ। ਆਪਣੇ ਖੇਤਾਂ ਵਿਚ ਅਜਨਬੀ ਮਸ਼ੀਨਾਂ ਚਲਦੀਆਂ ਦਿਸਣ ਲੱਗ ਪਈਆਂ ਹਨ। ਦਿਲ ਘਬਰਾਉਣ ਲੱਗ ਪਿਆ ਹੈ। ਅਚਾਨਕ ਮੈਨੂੰ ਦਾਦੀ ਸਿਰ ਤੇ ਡਾਂਗਾ ਦੀ ਭਰੀ ਚੁੱਕੀ ਦਿਸੀ ਹੈ। ਨਾਜਰ ਕਾਮਾ ਬੱਗੜ ਦੀ ਪੰਜਾਲ਼ੀ ਦੀ ਫੱਟੀ ਕੱਢਦਾ ਦਿਸਿਆ ਹੈ। ਸੂਬੇਦਾਰ ਚੈਨ ਸਿੰਘ ਬੱਗੜ ਹੁਰਾਂ ਦੇ ਮੂਹਰੇ ਖੜਾ ਦਿਸਿਆ ਹੈ। ਬੱਗੜ ਹੁਰੀਂ ਪਿੰਡ ਨੂੰ ਵਾਪਿਸ ਤੁਰੇ ਜਾਂਦੇ ਦਿਸੇ ਹਨ। ਮਨ ਧਰਵਾਸਿਆ ਗਿਆ ਹੈ।

**(ਸੰਪਰਕ-98151-57815)**

ਕਹਾਣੀ

# ਗੂੰਗਾ ਇਨਕਲਾਬ



## ਨਿਰੰਜਣ ਬੋਹਾ

ਸਵੇਰ ਦੇ ਛੇ ਹੀ ਵੱਜੇ ਸਨ ਕਿ ਪਿੰਡੋਂ ਚਚੇਰੇ ਭਰਾ ਬਲਰਾਜ ਦਾ ਫੋਨ ਆ ਗਿਆ,

"ਗੂੰਗੀ ਕਾਮਰੇਡਨੀ ਚੱਲ ਵੱਸੀ ਐ..ਗਿਆਰਾ ਵਜੇ ਸਸਕਾਰ ਐ ਓਹਦਾ।"

ਭਾਵੇਂ ਬਲਰਾਜ ਨੇ ਹਫ਼ਤਾ ਕੁ ਪਹਿਲਾਂ ਫੋਨ 'ਤੇ ਦੱਸਿਆ ਸੀ ਕਿ ਕਾਮਰੇਡਨੀ ਵਾਹਵਾ ਢਿੱਲੀ ਮੱਠੀ ਰਹਿੰਦੀ ਹੈ। ਮੈਂ ਤੇ ਮੇਰੀ ਪਤਨੀ ਨੇ ਇਸ ਐਤਵਾਰ ਪਿੰਡ ਜਾ ਕੇ ਉਸਦਾ ਪਤਾ ਲੈਣ ਦਾ ਪ੍ਰੋਗਰਾਮ ਵੀ ਬਣਾਇਆ ਹੋਇਆ ਸੀ ਕਿ ਉਸ ਤੋਂ ਪਹਿਲਾਂ ਹੀ ਆਹ ਮਾੜੀ ਖ਼ਬਰ ਆ ਗਈ। ਉਸਦੇ ਤੁਰ ਜਾਣ ਦੀ ਖ਼ਬਰ ਨੇ ਮੈਨੂੰ ਬਹੁਤ ਅਸਹਿਜ ਤੇ ਬੇ -ਚੈਨ ਕਰ ਦਿੱਤਾ ਹੈ। ਮੈਨੂੰ ਲੱਗ ਰਿਹਾ ਹੈ ਕਿ ਕਾਮਰੇਡਨੀ ਦੇ ਮਰ ਜਾਣ ਨਾਲ ਮੇਰੇ ਅੰਦਰੋਂ ਵੀ ਬਹੁਤ ਕੁਝ ਮਰ ਗਿਐ। ਕਾਮਰੇਡ ਨਾਹਰੇ ਨਾਲ ਬਚਪਨ ਤੋਂ ਦੋਸਤੀ ਹੋਣ ਕਾਰਨ ਉਸ ਤੇ ਗੂੰਗੀ ਕਾਮਰੇਡਨੀ ਨਾਲ ਮੇਰਾ ਘਰ ਦੇ ਮੈਬਰਾਂ ਵਰਗਾ ਈ ਵਾਹ ਵਾਸਤਾ ਸੀ। ਇਸ ਲਈ ਸਵੇਰ ਸਾਰ ਇਹ ਮਨਹੂਸ ਖ਼ਬਰ ਸੁਣ ਕੇ ਮਨ ਪੂਰੀ ਤਰ੍ਹਾਂ ਅਫਸੋਸਿਆ ਗਿਐ।

ਖ਼ਬਰ ਆਪਣੀ ਪਤਨੀ ਨੂੰ ਦੱਸੀ ਤਾਂ ਉਹ ਵੀ ਉਸਦੇ ਸਸਕਾਰ 'ਤੇ ਜਾਣ ਦੇ ਮਕਸਦ ਨਾਲ ਰਸੋਈ ਦਾ ਕੰਮ ਤੇਜੀ ਨਾਲ ਨਿਬੇੜਣ ਲੱਗੀ ਹੈ । ਨਾਲ ਹੀ ਉਸ ਮੈਨੂੰ ਵੀ ਹਦਾਇਤ ਕਰ ਦਿੱਤੀ ਹੈ, "ਤੁਸੀ ਚਾਹ ਪੀ ਕੇ ਟਾਲ ਤੋਂ ਪੱਠੇ ਲੈ ਆਓ, ਉਨੀ ਦੇਰ ਤੱਕ.. ਦਸ ਕੁ ਵਜੇ ਤੁਰ ਪਵਾਂਗੇ ਆਪਾਂ, ਅੱਧੇ ਕੁ ਘੰਟੇ ਦੀ ਤਾਂ ਸਾਰੀ ਵਾਟ ਐ...।

ਭਾਵੇਂ ਸ਼ਹਿਰ ਆਇਆਂ ਨੂੰ ਸਾਨੂੰ ਪੰਜ ਸਾਲ ਹੋ ਗਏ ਨੇ ਪਰ ਅਜੇ ਤੱਕ ਅਸੀਂ ਪੂਰੀ ਤਰ੍ਹਾਂ ਸ਼ਹਿਰੀਏ ਨਹੀਂ ਸਾਂ ਬਣੇ। ਮੁੱਲ ਦੇ ਦੁੱਧ ਨਾਲ ਸਾਨੂੰ ਸਬਰ ਨਹੀਂ ਸੀ ਆਉਂਦਾ ,ਇਸ ਲਈ ਪਿੰਡੋਂ ਆਉਣ ਲੱਗਿਆਂ ਕਿੱਲੇ ਨਾਲ ਬੱਝੀ ਬੂਰੀ ਮੱਝ ਵੀ ਸਾਡੇ ਨਾਲ ਹੀ ਆ ਗਈ ਸੀ। ਉਸ ਲਈ ਘਰ ਦੀ ਇੱਕ ਨੁੱਕਰੇ ਛੱਤੜਾ ਵੀ ਅਸੀਂ ਛੱਤ ਲਿਆ ਸੀ।

ਸਾਈਕਲ 'ਤੇ ਪੱਠੇ ਲੈਣ ਲਈ ਟਾਲ ਵੱਲ ਜਾਂਦਿਆਂ ਸਾਈਕਲ ਦੇ ਚੱਕਿਆਂ ਦੇ ਨਾਲ ਕਾਮਰੇਡ ਨਾਹਰੇ ਤੇ ਗੂੰਗੀ ਕਾਮਰੇਡਨੀ ਨਾਲ ਜੁੜੀਆਂ ਯਾਦਾਂ ਦਾ ਚੱਕਾ ਵੀ ਤੇਜੀ ਨਾਲ ਘੁੰਮ ਰਿਹੈ । ਇਸ ਤਰ੍ਹਾਂ ਲੱਗਦਾ ਸੀ ਜਿਵੇਂ ਹੋਰ ਸਭ ਕੁਝ ਮੇਰੇ ਦਿਲ ਦਿਮਾਗ਼ 'ਚੋਂ ਮਨਫੀ ਹੋ ਗਿਆ ਹੋਵੇ ਤੇ ਸਿਰਫ ਨਾਹਰਾ ਤੇ ਗੂੰਗੀ ਕਾਮਰੇਡਨੀ ਹੀ ਰਹਿ ਗਏ ਹੋਣ।

ਪਿੰਡ ਵਿੱਚ ਭਾਵੇਂ ਮੇਰੇ ਚਾਚੇ ਦੇ ਪੁੱਤ ਭਰਾ ਤੇ ਹੋਰ ਸਾਕ ਸਬੰਧੀ ਵੀ ਰਹਿੰਦੇ ਨੇ ਪਰ ਮੇਰੀ ਸਭ ਤੋਂ ਵੱਧ ਨੇੜਤਾ ਕਾਮਰੇਡ ਨਾਹਰੇ ਨਾਲ ਹੀ ਐ। ਗੂੰਗੀ ਅਜਮੇਰੋ ਤੇ ਨਾਹਰੇ ਦੀ ਜੋੜੀ ਬਣਾਉਣ ਵਿੱਚ ਵੀ ਮੇਰਾ ਪੂਰਾ ਰੋਲ ਸੀ। ਹੁਣ ਉਹ ਦ੍ਰਿਸ਼ ਮੇਰੀਆਂ ਅੱਖਾਂ ਦੇ ਸਾਹਮਣੇ ਸਾਮਰਤੱਖ ਤੈਰ ਰਿਹੈ...ਜਦੋਂ ਮੈਂ ਆਪਣੇ ਮਾਮੇ ਦੇ ਘਰ ਗੂੰਗੀ ਨੂੰ ਪਸ਼ੂਆਂ ਦਾ ਗੋਹਾ ਕੂੜਾ ਕਰਦਿਆਂ ਵੇਖਿਆ ਸੀ। ਗੋਹੇ ਦਾ ਭਰਿਆ ਬੱਠਲ ਉਸ ਤੋਂ ਚੁੱਕਿਆ ਨਹੀਂ ਸੀ ਜਾ ਰਿਹਾ, ਇਸ ਲਈ ਉਸ ਆਪਣੇ ਮੂੰਹੋਂ ਆਂਅ ਆਂਅ ਆਂਅ ਦੀ ਅਵਾਜ਼ਾਂ ਕੱਢ ਕੇ ਮੈਨੂੰ ਹੱਥ ਲਵਾਉਣ ਦਾ ਇਸ਼ਾਰਾ ਕੀਤਾ ਸੀ ।

ਉਸਦੇ ਗੂੰਗੀ ਹੋਣ ਦੀ ਪੁਸ਼ਟੀ ਤਾਂ ਉਸਦੇ ਮੂੰਹੋਂ ਨਿੱਕਲੀ ਆਂਅ...ਆਂਅ...ਦੀ ਆਵਾਜ਼ ਨੇ ਈ ਕਰ ਦਿੱਤੀ ਸੀ ਉਸ ਬਾਰੇ ਜਾਣਨ ਦੀ ਰਹਿੰਦੀ ਕਸਰ ਮਾਮੀ ਵੱਲੋਂ ਸੁਣਾਈ ਉਸਦੀ ਕਥਾ ਨੇ ਪੂਰੀ ਕਰ ਦਿੱਤੀ ਸੀ। ਮਾਮੀ ਦੀਆਂ ਗੱਲਾਂ ਨੇ ਇਕ ਦਮ ਉਸਨੂੰ ਮੇਰੀ ਹਮਦਰਦੀ ਦਾ ਪਾਤਰ ਬਣਾ ਦਿੱਤਾ ਸੀ।

"ਵੇਖ ਲੈ ਕੁਲਵੰਤ ! ਰੱਬ ਨੇ ਏਹਨੂੰ ਰੰਗ ਰੂਪ ਦੇਣ ਵਿਚ ਤਾਂ ਕੋਈ ਕਸਰ ਬਾਕੀ ਨਹੀਂ ਛੱਡੀ ਪਰ ਨਾਲ ਈ ਗੂੰਗੇ ਬੋਲੇ ਹੋਣ ਦਾ ਗ੍ਰਹਿਣ ਲਾਤਾ। ਸੱਤ ਅੱਠ ਸਾਲ ਪਹਿਲੋਂ ਸਾਡੇ ਪਿੰਡ ਆਲਾ ਨਰੈਣਾ ਛੜਾ ਇਹਨੂੰ ਯੂ. ਪੀ. ਵੱਲੋਂ ਮੁੱਲ ਖਰੀਦ ਕੇ ਲਿਆਇਆ ਸੀ...ਪਰ ਉਸਦੇ ਨਸ਼ੇੜੀ ਹੋਣ ਕਾਰਨ ਇਸ ਉਸਦੇ ਘਰ ਦੋਜ਼ਖ ਈ ਕੱਟਿਐ। ਦੋ ਮਹੀਨੇ ਪਹਿਲਾਂ ਉਹ ਸੁੱਤੇ ਦਾ ਸੁੱਤਾ ਈ ਰਹਿ ਗਿਆ। ਸਵਾ ਕਿੱਲਾ ਜ਼ਮੀਨ ਸੀ ਉਸਦੇ ਨਾਂ 'ਤੇ, ਜਿਸ 'ਤੇ ਹੁਣ ਇਹਦੇ ਜੇਠ ਦੇ ਮੁੰਡਿਆਂ ਨੇ ਕਬਜ਼ਾ ਕਰ ਲਿਐ...ਅਖੇ ਇਹ ਕਿਹੜਾ ਸਾਡੇ ਚਾਚੇ ਨਾਲ ਲਾਵਾਂ ਲੈ ਕੇ ਆਈ ਐ...। ਡਾਹਢਾ ਵੀ ਮਰਿਆਂ ਨੂੰ ਈ ਹੋਰ ਮਾਰਦੈ ... ਹੁਣ ਆਪਣਾ ਗੋਹਾ ਕੂੜਾ ਕਰ ਛੱਡਦੀ ਐ ਤੇ ਰੋਟੀ ਖਾ ਲੈਂਦੀ ਐ।" ਮਾਮੀ ਨੇ ਇਕੋ ਸਾਹੇ ਉਸ ਬਾਰੇ ਬਹੁਤ ਕੁਝ ਦੱਸ ਦਿੱਤਾ ਸੀ।

ਪਤਾ ਨਹੀਂ ਉਦੋਂ ਮੇਰੇ ਦਿਮਾਗ ਵਿਚ ਇਹ ਗੱਲ ਕਿਵੇਂ ਆਈ ਕਿ ਜੇ ਇਸ ਨੂੰ ਕਾਮਰੇਡ ਨਾਹਰੇ ਦੇ ਘਰ ਬਿੱਠਾ ਦਿੱਤਾ ਜਾਵੇ ਤਾਂ ਦੋਵਾਂ ਦੀ ਭੰਵਰ ਵਿਚ ਫਸੀ ਬੇੜੀ ਪਾਰ ਲੰਘ ਜਾਊ ।ਇਨਕਲਾਬ ਨੂੰ ਉਡੀਕਦਾ ਉਡੀਕਦਾ ਨਾਹਰਾ ਵੀ ਤਾਂ 42ਵੇਂ ਵਰ੍ਹੇ 'ਚ ਪ੍ਰਵੇਸ਼ ਕਰ ਗਿਆ ਸੀ ਤੇ ਚਾਲੀ ਸਾਲ ਤੋਂ ਘੱਟ ਇਹ ਵੀ ਨਹੀਂ ਲੱਗਦੀ। ਜੇ ਇਹ ਗੂੰਗੀ ਸੀ ਤਾਂ ਨਾਹਰੇ ਦੀਆਂ ਅੱਖਾਂ ਦੀ ਨਜ਼ਰ ਹੁਣ ਨਾ ਮਾਤਰ ਈ ਰਹਿ ਗਈ ਸੀ...ਭਾਈ ਵੰਡ 'ਚ ਉਹਦੇ ਹਿੱਸੇ ਇੱਕ ਕਿੱਲਾ ਜ਼ਮੀਨ ਈ ਆਉਂਦੀ ਸੀ। ਏਨੀ ਘੱਟ ਜ਼ਮੀਨ ਕਰਕੇ ਈ ਉਹ ਛੜਾ ਰਹਿ ਗਿਆ ਸੀ। ਭਾਵੇਂ ਉਸ ਅੰਦਰਲੀ ਔਰਤ ਪ੍ਰਤੀ ਖਿੱਚ ਨੇ ਕਦੇ ਆਪਣੀਆਂ ਹੱਦਾਂ ਪਾਰ ਨਹੀਂ ਸੀ ਕੀਤੀਆਂ ਪਰ ਔਰਤ ਦੇ ਸਾਥ ਮਾਨਣ ਦਾ ਤਰਸੇਵਾਂ ਮੈਂ ਕਈ ਵਾਰ ਉਸਦੀਆਂ ਗੱਲਾਂ ਵਿੱਚੋਂ ਮਹਿਸੂਸ ਕੀਤਾ ਸੀ। ਠੀਕ ਐ ਉਹ ਪਾਰਟੀ ਨੂੰ ਸਮਰਪਿਤ ਕਾਮਰੇਡ ਸੀ, ਪਰ ਕਾਮਰੇਡ ਵੀ ਆਖਿਰ ਬੰਦੇ ਈ ਹੁੰਦੇ ਨੇ। ਜ਼ਿੰਦਗੀ ਦੇ ਨਰਮ ਤੇ ਕੂਲੇ ਪਲ ਮਾਨਣ ਦੀ ਸੁਭਾਵਿਕ ਇੱਛਾ ਤਾਂ ਉਨ੍ਹਾਂ ਦੇ ਦਿਲ ਵਿੱਚ ਵੀ ਧੜਕਦੀ ਹੁੰਦੀ ਐ।

ਆਪਣੇ ਦਿਲ ਦੀ ਗੱਲ ਮੈਂ ਮਾਮੀ ਨੂੰ ਦੱਸੀ ਤਾਂ ਅਜਮੇਰੋ ਨਾਲ ਗੱਲ ਕਰਨ ਦਾ ਜ਼ਿਮਾਂ ਉਸ ਆਪਣੇ ਸਿਰ ਲਿਆ। ਪਰ ਨਾਲ ਹੀ ਸ਼ਰਤ ਰੱਖ ਦਿੱਤੀ "ਵੇਖ ਭਾਈ ਜੇ ਤੇਰਾ ਕਾਮਰੇਡ ਦਾਰੂ ਪੀਂਦੈ ਤਾਂ ਫਿਰ ਗੱਲ ਚਲਾਉਣ ਨੂੰ ਰਹਿਣ ਈ ਦੇਹ। ਇਹ ਤਾਂ ਵਿਚਾਰੀ ਪਹਿਲਾਂ ਈ ਬਥੇਰੇ ਦਸ਼ੌਂਟੇ ਕੱਟ ਚੁੱਕੀ ਐ...ਜੇ ਇਸਨੂੰ ਸਾਡੇ ਘਰੋਂ ਲੈ ਕੇ ਜਾਣਾ ਐਂ ਤਾਂ ਸਾਰੀ ਜ਼ਿਮੇਵਾਰੀ ਤੇਰੀ ਹੋਊ... ਵੇਖੀ ਕਿਤੇ ਗਊ ਮਾਰ ਹੋ ਜੇ।"

ਪਿੰਡ ਆ ਕੇ ਮੈਂ ਨਾਹਰੇ ਕੋਲ ਗੱਲ ਕੀਤੀ। ਉਹ ਤਾਂ ਜਿਵੇ ਮੇਰੇ ਇਸ ਸੁਝਾਅ ਨੂੰ ਉਡੀਕਦਾ ਹੀ ਰਿਹਾ ਸੀ। ਉਸ ਝੱਟ ਹਾਂ ਭਰ ਦਿੱਤੀ, "ਕੁਲਵੰਤ ਯਾਰ ! ਜੇ ਗੱਲ ਬਣਦੀ ਐ ਤਾਂ ਘੌਲ ਨਾ ਕਰ ... ਦੋ ਵਕਤ ਦੀ ਰੋਟੀ ਖਾਤਰ ਨਿੱਤ ਭਤੀਜ ਨੂੰਹ ਤੋਂ ਦੂਰ ਦੂਰ ਕਰਾਉਣੀ ਪੈਂਦੀ ਐ... ਆਪਦੇ ਘਰ ਰੋਟੀ ਪੱਕਦੀ ਹੋ ਜੇ ਤਾਂ ਚੰਗਾਂ ਈ ਐ।"

ਫਿਰ ਮੇਰੇ ਯਤਨਾਂ ਨਾਲ ਗੂੰਗੀ ਫੂਲਵਤੀ ਕਾਮਰੇਡ ਨਾਹਰੇ ਦੇ ਘਰ ਵੀ ਆ ਗਈ ਤੇ ਫੂਲਵਤੀ ਤੋਂ ਅਜਮੇਰੋ ਤੇ ਅਜਮੇਰੋ ਤੋਂ ਕਮਾਰੇਡਨੀ ਵੀ ਬਣ ਗਈ। ਜਿਵੇਂ ਬਿਨਾਂ ਕਿਸੇ ਤਰਦੱਦ ਤੋਂ ਨੰਬਰਦਾਰ ਦੀ ਘਰ ਵਾਲੀ ਨੰਬਰਦਾਰਨੀ ਤੇ ਮਾਸਟਰ ਦੀ ਘਰ ਵਾਲੀ ਮਾਸਟਰਨੀ ਬਣ ਜਾਂਦੀ ਐ, ਉਵੇਂ

ਕਾਮਰੇਡ ਨਾਹਰੇ ਦੇ ਘਰ ਵਾਲੀ ਨੂੰ ਲੋਕਾਂ ਨੇ ਕਾਮਰੇਡਨੀ ਕਹਿਣਾ ਸ਼ੁਰੂ ਕਰ ਦਿੱਤਾ। ਭਾਵੇ ਪਹਿਲੋਂ ਪਹਿਲ ਇਸ਼ਾਰਿਆਂ ਦੀ ਭਾਸ਼ਾ ਸਮਝਣ ਤੇ ਸਮਝਾਉਣ ਵਿੱਚ ਦੋਵਾਂ ਨੂੰ ਕੁਝ ਦਿੱਕਤ ਆਈ ਸੀ ਤੇ ਪਰ ਫਿਰ ਛੇਤੀ ਹੀ ਇੱਕ ਦੂਜੇ ਦੇ ਪੂਰਕ ਬਣ ਗਏ ਸਨ। ਉਸਦਾ ਪਹਿਲਾ ਪਤੀ ਨਰੈਣਾ ਤਾਂ ਉਸਨੂੰ ਮੁੱਲ ਖਰੀਦੀ ਵਸਤੂ ਸਮਝ ਕੇ ਸਿਰਫ ਉਸਦੇ ਸਰੀਰ ਨਾਲ ਖੇਡਣ ਦਾ ਈ ਵਾਸਤਾ ਰੱਖਦਾ ਸੀ ਤੇ ਝਿੜਕ ਝੰਬ ਕਰਨ ਤੋਂ ਇਲਾਵਾ ਉਸ ਨੂੰ ਕੁੱਟਦਾ ਮਾਰਦਾ ਸੀ। ਪਰ ਔਰਤ ਦੇ ਪਿਆਰ ਲਈ ਤਰਸਦਾ ਰਿਹਾ ਨਾਹਰਾ ਉਸਨੂੰ ਰੱਜ ਕੇ ਪਿਆਰ ਕਰਦਾ...ਇਸ ਲਈ ਉਹ ਦੋਵੇਂ ਆਪਸ ਵਿਚ ਪੂਰੀ ਤਰ੍ਹਾਂ ਰੰਮ ਗਏ ਸਨ। ਕਿਸੇ ਵੇਲੇ ਮੂਡ ’ਚ ਆਇਆ ਨਾਹਰਾ ਮੈਨੂੰ ਵੀ ਮਖੌਲਾਂ ਕਰਨ ਲੱਗਦਾ।

"ਅਖੇ ਕੁਲਵੰਤ ਰਲਾਇਆ ਜੋੜਾ...ਇੱਕ ਅੰਨ੍ਹਾ ਤੇ ਦੂਜਾ ਬੋਲਾ।"

ਪਰ ਮੈਨੂੰ ਇਹ ਵੇਖ ਕੇ ਬਹੁਤ ਰਾਹਤ ਮਿਲਦੀ ਕਿ ਉਹ ਆਪਣੀ ਕਾਮਰੇਡਨੀ ਦੇ ਕੰਨ ਬਣ ਗਿਐ ਤੇ ਕਾਮਰੇਡਨੀ ਉਸਦੀਆਂ ਅੱਖਾਂ ਬਣ ਗਈ ਐ। ਨਜ਼ਰ ਨਾਹਰੇ ਦੀ ਬਚਪਨ ਤੋਂ ਈਂ ਘੱਟ ਸੀ। ਵਿੱਤ ਮੁਤਾਬਿਕ ਉਸ ਇਲਾਜ਼ ਵੀ ਕਰਵਾਇਆ...ਪਰ ਨਜ਼ਰ ਠੀਕ ਹੋਣ ਦੀ ਬਜ਼ਾਇ ਹੋਰ ਤੋਂ ਹੋਰ ਘਟਦੀ ਗਈ ਸੀ। ਡਰਾਮਾ ਸੁਕਾਇਡ ਵਿੱਚ ਕੰਮ ਕਰਦਿਆਂ ਉਹ ਵੱਡੇ ਨੰਬਰਾਂ ਵਾਲੀ ਐਨਕ ਲਾ ਕੇ ਕੰਮ ਚਲਾਈ ਜਾਂਦਾ ਸੀ। ਕੁਝ ਸਾਲ ਤਾਂ ਇਸ ਤਰ੍ਹਾਂ ਚੱਲੀ ਗਿਆ ਪਰ ਬਾਅਦ ਵਿਚ ਉਸਨੂੰ ਐਕਸ਼ਨ ਕਰਦਿਆਂ ਦਿੱਕਤ ਆਉਣ ਲੱਗੀ ਤਾਂ ਉਸ ਉਪੇਰੇ ਖੇਡਣੇ ਛੱਡ ਦਿੱਤੇ। ਪਰ ਉਸ ਪਾਰਟੀ ਦੇ ਡਰਾਮੇ ਤੇ, ਧਰਨੇ ਮੁਜ਼ਾਹਰਿਆਂ ਸਮੇਂ ਇਨਕਲਾਬੀ ਗੀਤ ਗਾਉਣੇ ਨਹੀਂ ਸਨ ਛੱਡੇ। ਕੋਈ ਸਾਥੀ ਉਸਦੀ ਬਾਂਹ ਫੜ੍ਹ ਕੇ ਉਸਨੂੰ ਮਾਈਕ ਦੇ ਸਾਹਮਣੇ ਲਿਆ ਖੜਾ ਕਰਦਾ ਤੇ ਉਹ ਆਪਣੀ ਗੜਕਵੀਂ ਅਵਾਜ਼ ਵਿੱਚ ਸੰਤ ਰਾਮ ਉਦਾਸੀ ਜਾਂ ਹੋਰਨਾ ਇਨਕਲਾਬੀ ਦੇ ਗੀਤ ਗਾ ਕੇ ਸਰੋਤਿਆਂ ਵਿੱਚ ਜੋਸ਼ ਭਰ ਦਿੰਦਾ। ਡਾਕਟਰਾਂ ਨੇ ਸਾਫ ਕਹਿ ਦਿੱਤਾ ਸੀ ਕਿ ਉਸਦੀਆਂ ਅੱਖਾਂ ਨੂੰ ਪਿੱਛੋ ਰੋਸ਼ਨੀ ਦੇਣ ਵਾਲਾ ਨੈਟਵਰਕ ਹੁਣ ਇਲਾਜ਼ ਯੋਗ ਨਹੀਂ ਰਿਹਾ। ਪਰ ਦੋਹਾਂ ਜੀਆਂ ਨੇ ਰੋਟੀ ਤਾਂ ਖਾਣੀ ਸੀ...ਇਸ ਲਈ ਘਰ ਦੀ ਆਈ ਚਲਾਈ ਲਈ ਵੀ ਗੀਤ ਗਾਉਣੇ ਉਸਦੀ ਲੋੜ ਵੀ ਸੀ। ਇਨਾਮ ਵਜੋਂ ਜਿਹੜਾਂ ਚਾਰ ਪੰਜ ਸੌ ਰੁਪਏ ਬਣ ਜਾਂਦੇ, ਉਨ੍ਹਾਂ ਦੋਵਾਂ ਲਈ ਉਹੀ ਸਹਾਈ ਸਨ। ਇੱਕ ਨਾਮੀ ਰਿਕਾਰਡਿੰਗ ਕੰਪਨੀ ਕੋਲ ਉਸਦੀ ਧੁੰਮਾ ਪਾਉਂਦੀ ਅਵਾਜ਼ ਦੀ ਗੱਲ ਪਹੁੰਚੀ ਤਾਂ ਉਸ ਕਾਮਰੇਡ ਨਾਲ ਸੰਪਰਕ ਵੀ ਕੀਤਾ ਸੀ। ਪਰ ਕੰਪਨੀ ਉਸ ਤੋਂ ਕੁਝ ਗੀਤ ਆਪਣੀ ਮਰਜ਼ੀ ਦੇ ਗੁਆਉਣਾ ਚਾਹੁੰਦੀ ਸੀ, ਜਿਹੜੇ ਉਹ ਕਿਸੇ ਵੀ ਕੀਮਤ ਤੇ ਨਹੀਂ ਸੀ ਗਾਉਣਾ ਚਾਹੁੰਦਾ। 'ਮੈਂ ਲੋਕਾਂ ਦਾ ਗਾਇਕ ਆਂ...ਕਮਿਊਨਿਸਟ ਪਾਰਟੀ ਮੇਰੀ ਮਾਂ ਐ... ਮੈਂ ਮਾੜੇ ਗੀਤ ਗਾ ਕੇ ਆਪਣੀ ਮਾਂ ਨਾਲ ਦਗਾ ਨਹੀਂ ਕਮਾ ਸਕਦਾ" ਕਹਿ ਕਿ ਉਸ ਕੰਪਨੀ ਦੀ ਮੋਟੀ ਆਫਰ ਠੁਕਰਾ ਦਿੱਤੀ ਸੀ।

ਪਹਿਲਾਂ ਮੈਂ ਉਸਨੂੰ ਮੋਟਰ ਸਾਈਕਲ ਤੇ ਬਿੱਠਾ ਕੇ ਧਰਨਿਆਂ ਮੁਜ਼ਾਹਰਿਆਂ ਤੇ ਲੈ ਜਾਂਦਾ ਸੀ । ਮੇਰੇ ਸ਼ਹਿਰ ਆਉਣ ਤੋਂ ਬਾਅਦ ਉਸਨੂੰ ਮੁਸ਼ਕਲ ਆਉਣ ਲੱਗੀ ਤਾਂ ਅਜਮੇਰੋ ਉਸਨੂੰ ਪਿੰਡੋਂ ਬਾਹਰਲੇ ਜਲਸੇ ਮੁਜ਼ਾਹਰਿਆਂ ਤੇ ਲਿਜਾਣ ਲਈ ਮੇਰਾ ਬਦਲ ਬਣ ਗਈ। ਉਸਦੇ ਇਕ ਮੋਢੇ ’ਤੇ ਕਾਮਰੇਡ ਦੀ ਤੂੰਬੀ ਵਾਲਾ ਝੋਲਾ ਟੰਗਿਆ ਹੁੰਦਾ ਤੇ ਦੂਜੇ ਮੋਢੇ ’ਤੇ ਸਹਾਰਾ ਲੈਣ ਲਈ ਕਾਮਰੇਡ ਦਾ ਹੱਥ ਟਿੱਕਿਆ ਹੁੰਦਾ। ਜੇ ਧਰਨੇ ਮੁਜ਼ਾਹਰੇ ਤੇ ਜਾਣ ਲਈ ਕੋਈ ਸਾਧਣ ਨਾ ਮਿਲਦਾ ਤਾਂ ਉਹ ਉਸਦੀ ਬਾਂਹ ਫੜ੍ਹ ਕੇ ਬੱਸ ਰਾਹੀਂ ਵੀ ਉਸਨੂੰ ਉੱਥੇ ਲੈ ਜਾਂਦੀ। ਨਾਹਰੇ ਦੇ ਮੂੰਹ ’ਤੇ ਤਾਂ ਸਾਰੇ ਉਸਨੂੰ ਸਿਰਫ ਕਾਮਰੇਡਨੀ ਹੀ ਆਖਦੇ ਪਰ ਪਿੱਠ ਪਿੱਛੇ ਉਸਦੀ ਪੱਕੀ ਅੱਲ ਗੂੰਗੀ ਕਾਮਰੇਡਨੀ ਵਜੋਂ ਪੈ ਗਈ ਸੀ। ਵੈਸੇ ਸਾਰੇ ਪਾਰਟੀ ਆਗੂ ਤੇ ਵਰਕਰ ਉਸਦਾ ਦਿੱਲੋਂ ਸਤਿਕਾਰ ਕਰਦੇ ਸਨ।

ਭਾਵੇਂ ਸੰਨ 84 ਦੇ ਬਲਦੇ ਦਿਨਾਂ ਵਿਚ ਪਾਰਟੀ ਨੇ ਵਕਤ ਵਿਚਾਰ ਕੇ ਹੀ ਆਪਣਾ ਡਰਾਮਾ ਸੁਕਾਇਡ ਦੀਆਂ ਸਰਗਰਮੀਆਂ ਬੰਦ ਕੀਤੀਆਂ ਸਨ ਪਰ ਪਾਰਟੀ ਦਾ ਜਨਤਕ ਅਧਾਰ ਸੁੰਗੜਣ ਨਾਲ ਇਹ ਪੱਕੇ ਤੌਰ 'ਤੇ ਈ ਬੰਦ ਹੋ ਗਈਆਂ। ਆਪਣੇ ਘਰ ਚਲਾਉਣ ਦੀ ਲੋੜ ਖਾਤਰ ਉਸ ਆਪਣੀ ਪਾਰਟੀ ਤੋਂ ਇਲਾਵਾ ਹੋਰਨਾਂ ਖੱਬੇ ਪੱਖੀ ਪਾਰਟੀਆਂ ਤੇ ਕਿਸਾਨ ਜੱਥੇਬੰਦੀਆਂ ਦੀਆਂ ਸਟੇਜਾਂ 'ਤੇ ਵੀ ਗਾਉਣਾ ਸ਼ੁਰੂ ਕਰ ਦਿੱਤਾ। ਜਿੰਨਾਂ ਚਿਰ ਨਾਹਰਾ ਗਾਉਂਦਾ, ਅਜਮੇਰੋ ਧਿਆਨ ਨਾਲ ਉਸ ਨੂੰ ਗਾਉਂਦੇ ਨੂੰ ਵੇਖਦੀ ਰਹਿੰਦੀ। ਜਿਵੇਂ ਸਭ ਕੁਝ ਉਸਦੀ ਸਮਝ ਵਿਚ ਆ ਰਿਹਾ ਹੋਵੇ। ਗੀਤ ਦੀ ਸਮਾਪਤੀ 'ਤੇ ਨਾਹਰਾ ਮੁੱਠੀ ਬੰਦ ਕਰਕੇ 'ਇਨਕਲਾਬ ਜ਼ਿੰਦਾਬਾਦ' ਦਾ ਨਾਹਰਾ ਲਾਉਂਦਾ ਤਾਂ ਉਹ ਵੀ ਮੁੱਠੀ ਬੰਦ ਕਰਕੇ ਉੱਚੀ ਬਾਂਹ ਕਰਕੇ ਪੂਰੇ ਜੋਸ਼ ਆਪਣੇ ਮੂੰਹੋਂ ਆਂ ਆਂ ਆਂ ਦੀ ਚੀਕਵੀਂ ਅਵਾਜ਼ ਕੱਢਦੀ। ਧਰਨੇ ਮੁਜ਼ਾਹਰੇ ਵਿਚ ਪਹਿਲੀ ਵਾਰ ਆਏ ਲੋਕ ਤਾਂ ਉਸਦੀ ਅਵਾਜ਼ ਸੁਣ ਕੇ ਕੁਝ ਹੈਰਾਨੀ ਜਿਹੀ ਨਾਲ ਉਸ ਵੱਲ ਵੇਖਦੇ ਪਰ ਖੱਬੀਆਂ ਪਾਰਟੀਆਂ ਦੇ ਪੁਰਾਣੇ ਕਾਡਰ ਲਈ ਇਹ ਆਮ ਜਿਹੀ ਗੱਲ ਹੋ ਗਈ ਸੀ।

ਇਕ ਵਾਰ ਕਿਸਾਨ- ਮਜਦੂਰ ਸਭਾ ਵੱਲੋਂ ਲਾਏ ਸੜਕ ਰੋਕੂ ਧਰਨੇ ਸਮੇਂ ਪੁਲਿਸ ਨੇ ਦੋ ਮਿੰਟ ਵਿਚ ਧਰਨਾ ਸਮਾਪਤ ਕਰਨ ਜਾਂ ਨਤੀਜੇ ਭੁਗਤਣ ਦੀ ਚਿਤਾਵਨੀ ਦੇ ਦਿੱਤੀ। ਨਾਹਰਾ ਉਸ ਸਮੇਂ ਸੰਤ ਰਾਮ ਉਦਾਸੀ ਦਾ ਗੀਤ 'ਤੂੰ ਮਘਦਾ ਰਹੀ ਵੇ ਸੂਰਜਾਂ ਕੰਮੀਆਂ ਦੇ ਵਿਹੜੇ' ਗਾ ਰਿਹਾ ਸੀ। ਉਸ ਅੰਦਰਲੇ ਕਾਮਰੇਡ ਨੂੰ ਗੀਤ ਵਿਚਾਲੇ ਬੰਦ ਕਰਨਾ ਮਨਜੂਰ ਨਹੀਂ ਸੀ। ਪੁਲਿਸ ਨੂੰ ਡਾਂਗਾਂ ਉਲਾਰਦਿਆਂ ਵੇਖ ਕੇ ਗਿਣਤੀ ਦੇ ਪੱਕੇ ਕਾਮਰੇਡਾ ਨੂੰ ਛੱਡ ਕੇ ਬਾਕੀ ਸਾਰੇ ਤਮਾਸ਼ਬੀਨ ਏਧਰ ਉੱਧਰ ਖਿਸਕ ਗਏ। ਪੁਲਿਸ ਹੌਲਦਾਰ ਨੇ ਗਾ ਰਹੇ ਨਾਹਰੇ ਵੱਲ ਡਾਂਗ ਉਲਾਰੀ ਤਾਂ ਗੂੰਗੀ ਕਾਮਰੇਡਨੀ ਬੜੀ ਫੁਰਤੀ ਨਾਲ ਬਾਹਾਂ ਉਲਾਰ ਕੇ ਨਾਹਰੇ ਤੇ ਉਸ ਵਿੱਚਕਾਰ ਆ ਖੜ੍ਹੀ ਸੀ। ਉਸਦੀਆਂ ਆਂ ਆਂ ਆਂ ਆਂ ਕਰਕੇ ਮਾਰੀਆਂ ਚੀਕਾਂ ਨੇ ਥੋੜ੍ਹੇ ਚਿਰ ਲਈ ਹੌਲਦਾਰ ਨੂੰ ਸੰਸੋਪੰਜ ਵਿਚ ਪਾ ਦਿੱਤਾ ਸੀ। ਉਸ ਇਸ ਗੱਲ ਦਾ ਫਾਇਦਾ ਉਠਾਉਂਦਿਆਂ ਉਸ ਇਕ ਝਟਕੇ ਨਾਲ ਹੌਲਦਾਰ ਦੇ ਹੱਥੋਂ ਡਾਂਗ ਖੋਹ ਲਈ ਸੀ। ਹੌਲਦਾਰ ਉਸਨੂੰ ਗਲਾਵੇਂ ਤੋਂ ਫੜ੍ਹ ਕੇ ਘਸੀਟਣਾ ਤਾਂ ਚਾਹੁੰਦੀ ਸੀ ਪਰ ਪ੍ਰੈਸ ਦੀ ਮੌਜੂਦਗੀ ਤੋਂ ਡਰ ਗਿਆ। ਪੱਤਰਕਾਰਾ ਲਈ ਪੁਲਿਸ ਮੁਲਜ਼ਮ ਤੋਂ ਡਾਂਗ ਖੋਂਹਦੀ ਗੂੰਗੀ ਔਰਤ ਦੀ ਤਸਵੀਰ ਇੱਕ ਦੁਰਲੱਭ ਵਸਤੂ ਬਣ ਗਈ ਸੀ...ਇਸ ਲਈ ਅਗਲੇ ਦਿਨ ਸਾਰੀਆਂ ਅਖ਼ਬਾਰਾਂ ਦੇ ਲੋਕਲ ਐਡੀਸਨਾਂ ਦੇ ਫਰੰਟ ਪੇਜ਼ 'ਤੇ ਗੂੰਗੀ ਕਾਮਰੇਡਨੀ ਛਾਈ ਪਈ ਸੀ।

ਗੂੰਗੀ ਕਾਮਰੇਡਨੀ ਨਾਲ ਜੁੜੀ ਮੇਰੀ ਸੁਰਤੀ ਟਾਲ ਵਾਲੇ ਦੇ ਬੋਲਾਂ ਨੇ ਤੋੜ ਦਿੱਤੀ ਹੈ। ਉਸਨੂੰ ਪੱਠਿਆਂ ਦੇ ਪੈਸੇ ਦੇਣ ਤੋਂ ਬਾਅਦ ਮੈਂ ਬਿਨਾਂ ਬਕਾਇਆ ਲਏ ਹੀ ਵਾਪਸ ਮੁੜਣ ਲੱਗਾ ਹਾਂ ਤਾਂ ਉਹ ਬੋਲਿਆ ਹੈ, "ਸਰਦਾਰ ਜੀ ਅੱਜ ਕਿਵੇਂ ਵਾਹਲੇ ਈ ਉਲਝੇ ਜਿਹੇ ਲੱਗਦੇ ਹੋ...ਸੁੱਖ ਤਾਂ ਹੈ।"

"ਕੋਈ ਗੱਲ ਨਹੀ ਜੀ ਅਜਿਹੀ।" ਕਹਿੰਦਿਆਂ ਮੈਂ ਸਾਈਕਲ 'ਤੇ ਪੱਠੇ ਲੱਦ ਲਏ ਹਨ ਪਰ ਜਿਉਂ ਹੀ ਮੈਂ ਸਾਇਕਲ ਘਰ ਵਾਪਸੀ ਲਈ ਪੈਡਲ ਮਾਰੇ ਹਨ ਤਾਂ ਮੇਰੀ ਸੁਰਤੀ ਵਿੱਚੋਂ ਟੁੱਟੀ ਗੀਲ ਫਿਰ ਆਪਣੇ ਆਪ ਹੀ ਜੁੜ ਗਈ ਹੈ।

ਮੈਂ ਤੇ ਨਾਹਰਾ ਪਹਿਲੀ ਜਮਾਤ ਤੋਂ ਛੇਵੀਂ ਜਮਾਤ ਤੱਕ ਇੱਕਠੇ ਪੜ੍ਹੇ ਸਾਂ, ਪਰ ਛੇਵੀਂ ਤੋਂ ਬਾਅਦ ਉਸ ਪੜ੍ਹਾਈ ਵਿਚਾਲੇ ਹੀ ਛੱਡ ਦਿੱਤੀ ਸੀ। ਗਾਉਣ ਦਾ ਸ਼ੌਕ ਅਸੀਂ ਦੋਵੇਂ ਹੀ ਰੱਖਦੇ ਸਾਂ ਤੇ ਮੇਰੇ ਦਸਵੀਂ ਕਰਨ ਤੋਂ ਬਾਅਦ ਇਹੀਂ ਸ਼ੌਕ ਸਾਨੂੰ ਕਮਿਊਨਿਸਟ ਪਾਰਟੀ ਦੇ ਡਰਾਮਾ ਸੁਕਾਇਡ ਤੱਕ ਲੈ ਗਿਆ ਸੀ। ਡਰਾਮਾ ਪਾਰਟੀ 'ਚ ਰਲੇ ਤਾਂ ਅਸੀਂ ਆਪਣੇ ਸ਼ੌਕ ਨਾਲ ਸਾਂ ਪਰ ਚਲਦੇ ਡਰਾਮੇ

ਦੌਰਾਨ ਹੁੰਦੀਆਂ ਕਮਿਊਨਿਸਟ ਆਗੂਆਂ ਦੀ ਤਕਰੀਰਾਂ ਦਾ ਸਾਡੇ ਤੇ ਕੁਝ ਵਧੇਰੇ ਹੀ ਅਸਰ ਹੋਣਾ ਸ਼ੁਰੂ ਹੋ ਗਿਆ ਸੀ। ਨਾਹਰੇ ਨੂੰ ਪਾਰਟੀ ਲਾਈਨ ਕੁਝ ਵਧੇਰੇ ਹੀ ਜੱਚ ਗਈ ਸੀ। ਇਸ ਲਈ ਉਹ ਡਰਾਮੇ ਤੋਂ ਇਲਾਵਾ ਪਾਰਟੀ ਦੀਆਂ ਹੋਰ ਸਰਗਰਮੀਆਂ ਵਿੱਚ ਵੀ ਹਿੱਸਾ ਲੈਣ ਲੱਗਾ ਤੇ ਕਦੇ ਕਦੇ ਮੈਨੂੰ ਵੀ ਖਿੱਚ ਕੇ ਨਾਲ ਲਿਜਾਣ ਲੱਗਾ। ਇਸ ਤਰ੍ਹਾਂ ਹੌਲੀ ਹੌਲੀ ਪਾਰਟੀ ਵਿੱਚ ਉਸਦੀ ਪਛਾਣ ਡਰਾਮਾ ਕਲਾਕਾਰ ਤੋਂ ਇਲਾਵਾ ਬਲਾਕ ਪੱਧਰ ਦੇ ਆਗੂ ਵਜੋਂ ਵੀ ਬਣ ਗਈ ਸੀ।

ਨਾਹਰੇ ਨੇ ਪਾਰਟੀ ਦੇ ਵੱਖ ਵੱਖ ਫਰੰਟਾਂ 'ਤੇ ਪੰਦਰਾ ਸਾਲ ਇਕ ਜੁਝਾਰੂ ਜੋਧੇ ਵਜੋਂ ਡੱਟ ਕੇ ਕੰਮ ਕੀਤਾ। ਉਸਦੀ ਨਜ਼ਰ ਘਟਣ ਦੇ ਨਾਲ ਸਿਹਤ ਵੀ ਕੁਝ ਢਿੱਲੀ ਮੱਠੀ ਰਹਿਣ ਲੱਗ ਪਈ ਤਾਂ ਉਸਤੋਂ ਹੁਣ ਪਹਿਲਾਂ ਵਾਂਗ ਧਰਨੇ ਮੁਜ਼ਾਹਰਿਆ 'ਤੇ ਵੀ ਪਹਿਲਾਂ ਵਾਂਗ ਨਹੀਂ ਸੀ ਜਾਇਆਂ ਜਾਂਦਾ। ਭਾਵੇਂ ਕਾਮਰੇਡਨੀ ਨੇ ਉਸਦੀ ਸੇਵਾ ਸੰਭਾਲ ਵਿਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ ਪਰ ਪੈਸੇ ਦੀ ਥੁੜ੍ਹ ਕਾਰਨ ਉਸਦਾ ਸਹੀ ਇਲਾਜ਼ ਨਹੀਂ ਸੀ ਹੋ ਰਿਹਾ। ਮੈਂ ਪਿੰਡ ਜਾਂਦਾ ਤਾਂ ਉਸਦੇ ਨਾਂਹ ਨਾਂਹ ਕਰਦਿਆਂ ਵੀ ਹਜਾਰ ਦੋ ਹਜਾਰ ਉਸਦੀ ਜੇਬ ਵਿੱਚ ਪਾ ਆਉਂਦਾ ਪਰ ਇਸ ਤੋਂ ਵੱਧ ਸਹਾਇਤਾ ਕਰਨ ਦੀ ਪਰੋਖੋ ਮੇਰੇ ਵਿੱਚ ਵੀ ਨਹੀਂ ਸੀ।

ਘਰ ਦੀ ਕਬੀਲਦਾਰੀ ਚ ਉਲਝ ਜਾਣ ਕਾਰਨ ਪਿਛਲੇ ਤਿੰਨ ਮਹੀਨਿਆਂ ਤੋਂ ਮੈਥੋਂ ਪਿੰਡ ਨਹੀਂ ਸੀ ਜਾ ਹੋਇਆ। ਨਾਹਰੇ ਦਾ ਤਲਖ਼ ਅਵਾਜ਼ ਵਿਚ ਫ਼ੋਨ ਆਇਆ, "ਯਾਰ ਪਾਰਟੀ ਦੇ ਹੋਰ ਕਾਮਰੇਡ ਤਾਂ ਮੈਨੂੰ ਬੀਤੇ ਵਕਤ ਦੀ ਬਾਤ ਸਮਝ ਕੇ ਭੁੱਲ ਗਏ ਨੇ ... ਤੂੰ ਤਾਂ ਕਦੇ ਗੇੜਾ ਮਾਰ ਜਿਆ ਕਰ। ਦਿਲ ਹੌਲਾ ਹੋ ਜਾਂਦੇ ਤੇਰੇ ਨਾਲ ਗੱਲਾਂ ਕਰਕੇ...ਮੇਰੇ ਮਰੇ ਤੇ ਆਵੇਂਗਾ ਈ ।"

ਫੋਨ ਸੁਣ ਕੇ ਮੈਥੋਂ ਰਹਿ ਨਹੀਂ ਹੋਇਆਂ ਤੇ ਮੈਂ ਉਸ ਵੇਲੇ ਹੀ ਮੋਟਰ ਸਾਇਕਲ ਕੱਢ ਕੇ ਪਿੰਡ ਵੱਲ ਤੁਰ ਪਿਆ ਸਾਂ। ਪਿੰਡ ਪਹੁੰਚ ਕੇ ਉਦੋਂ ਮੈਨੂੰ ਉਭੱਲ ਚਿੱਤੀ ਜਿਹੀ ਲੱਗ ਗਈ ਜਦੋਂ ਮੈਂ ਹੱਡੀਆਂ ਦੀ ਮੁੱਠ ਬਣੇ ਹੋਏ ਨਾਹਰੇ ਨੂੰ ਵਿਹੜੇ ਵਿਚਲੀ ਨਿੰਮ ਹੇਠ ਅਲਾਣੀ ਮੰਜੀ 'ਤੇ ਗੁੱਛਾ ਮੁੱਛਾ ਹੋਏ ਨੂੰ ਵੇਖਿਆ। ਕਾਮਰੇਡਨੀ ਉਸਦੀਆਂ ਲੱਤਾਂ ਦਬਾ ਰਹੀ ਸੀ। ਉਸਨੂੰ ਵੇਖ ਕੇ ਯਕੀਨ ਨਹੀਂ ਸੀ ਆ ਰਿਹਾ ਕਿ ਉਹੀ ਕਾਮਰੇਡ ਨਾਹਰ ਸਿੰਘ ਐ ਜੋ ਪਾਰਟੀ ਦੀ ਡਰਾਮਾ ਟੀਮ ਵੱਲੋਂ ਖੇਡੇ ਡਰਾਮਿਆਂ ਦੌਰਾਨ ਸੈਂਕੜਿਆਂ ਦੀ ਤਦਾਦ ਵਿਚ ਪਹੁੰਚੇ ਲੋਕਾਂ ਨੂੰ ਕੀਲ ਕੇ ਬਹਾਈ ਰੱਖਦਾ ਸੀ ਤੇ ਚਾਰੇ ਪਾਸੇ ਨਾਹਰਾ ਨਾਹਰਾ ਈ ਹੁੰਦੀ ਸੀ। ਸਮਾਂ ਵੀ ਕਿਨਾਂ ਬਦਲ ਦਿੰਦੈ ਬੰਦੇ ਨੂੰ। ਤਿੰਨ ਮਹੀਨਿਆਂ ਵਿਚ ਹੀ ਕੀ ਤੋਂ ਕੀ ਬਣ ਗਿਐ ਉਹ।

"ਕਿਵੇਂ ਤੱਕੜੈਂ ਕਾਮਰੇਡਾ?" ਉਸਦੇ ਨੇੜੇ ਪਹੁੰਚ ਕੇ ਮੈਂ ਅਵਾਜ਼ ਦਿੱਤੀ ਤਾਂ ਉਸ ਤ੍ਰਭਕ ਕੇ ਅੱਖਾਂ ਖੋਲ੍ਹੀਆਂ ਸਨ।

"ਕੌਣ...ਕੁਲਵੰਤ ਐ...।" ਉਹਨੇ ਕੂਹਣੀਆਂ ਸਹਾਰੇ ਉੱਠਦਿਆਂ ਕਿਹਾ ਸੀ।

"ਮੈਂ ਤਾਂ ਸਮਝਿਆ ਸੀ ਕਿ ਤੂੰ ਵੀ ਹੋਰਨਾਂ ਕਾਮਰੇਡਾਂ ਵਾਂਗ ਮੈਨੂੰ ਭੁੱਲ ਭੁੱਲਾ ਗਿਆ ਹੋਣੈ...ਸ਼ੁਕਰ ਐ ਤਿੰਨ ਮਹੀਨਿਆਂ ਬਾਅਦ ਮੇਰੀ ਯਾਦ ਤਾਂ ਆਈ।" ਉਸ ਮੇਰੇ ਨਾਲ ਹੱਥ ਮਿਲਾਉਣ ਲਈ ਹੱਥ ਅੱਗੇ ਕੱਢਿਆ ਪਰ ਮੈਂ ਉਸ ਨਾਲ ਹੱਥ ਮਿਲਾਉਣ ਦੀ ਬਜਾਇ ਉਸਨੂੰ ਕਲਾਵੇ ਵਿਚ ਭਰ ਲਿਆ।

"ਬਸ ਯਾਰ! ਘਰੇਲੂ ਕੰਮ ਧੰਦੇ ਈ ਸੁਰਤ ਭੁਲਾਈ ਰੱਖਦੇ ਨੇ। ਤੇਰੇ ਬਿਮਾਰ ਹੋਣ ਦਾ ਪਤਾ ਚੱਲਿਆ ਤਾਂ ਰਹਿ ਨਹੀਂ ਹੋਇਆ। ਤਰੁੰਤ ਭੱਜਿਆਂ...ਕਿਵੇਂ ਪਹਿਲਾਂ ਨਾਲੋਂ ਕੁਝ ਵੱਲ ਐਂ?" ਮੈਂ ਉਸਦੇ ਮੋਢੇ ਤੇ ਹੱਥ ਰੱਖਦਿਆਂ ਪੁੱਛਿਆ ਸੀ ।

"ਹਾਂ, ਪਹਿਲਾਂ ਨਾਲੋਂ ਤਾਂ ਕੁਝ ਠੀਕ ਆਂ...ਹੁਣ ਤੂੰ ਆ ਗਿਐਂ ਤਾਂ ਤੇਰੇ ਨਾਲ ਗੱਲਾਂ ਕਰਕੇ ਹੋਰ ਠੀਕ ਹੋ ਜਾਵਾਂਗਾ।" ਉਸ ਮੁਸਕਰਾਉਂਦੇ ਹੋਏ ਕਿਹਾ ਸੀ ਪਰ ਉਸਦੀ ਮੁਸਕਰਾਹਟ ਸਾਡੀਆਂ ਪਹਿਲੋ ਹੁੰਦੀਆ ਰਹੀਆਂ ਮਿਲਣੀਆਂ ਦੇ ਮੁਕਾਬਲੇ ਬਹੁਤ ਫਿੱਕੀ ਸੀ। ਪਹਿਲਾਂ ਹੱਸਣ ਹਸਾਉਣ ਤੇ ਮਾਹੌਲ ਨੂੰ ਖੁਸ਼ਨੁਮਾ ਬਣਾਉਣ ਦੇ ਮਾਮਲੇ ਵਿਚ ਪਹਿਲਾਂ ਉਹ ਸਾਡੇ ਸਾਰੇ ਦੋਸਤਾਂ ਤੋਂ ਅੱਗੇ ਸੀ। ਉਹ ਕਿਸੇ ਹੰਢੇ ਹੋਏ ਮਰਾਸੀ ਵਾਂਗ ਅਗਲੇ 'ਤੇ ਟਕੋਰ ਵੀ ਕਰ ਜਾਂਦਾ ਸੀ ਤੇ ਤਰ੍ਹਾਂ-ਤਰ੍ਹਾਂ ਦੇ ਟੋਟਕੇ ਸੁਣਾ ਕੇ ਮਾਹੌਲ ਨੂੰ ਗੰਭੀਰ ਵੀ ਨਹੀਂ ਸੀ ਹੋਣ ਦਿੰਦਾ। ਉਸ ਨੂੰ ਪਹਿਲਾਂ ਵਾਲੀ ਟਹਿਕ ਵਿਚ ਵੇਖਣ ਲਈ ਮੈਂ ਮਾਖੌਲ ਕੀਤਾ "ਸੁਣਾ ਫਿਰ ਨਾਹਰ ਸਿਹਾਂ ਆਪਣੇ ਆਲਾ ਇਨਕਲਾਬ ਚੈਨੇ ਆਲਾ ਸੂਆ ਟੱਪ ਆਇਐ ਕਿ ਅਜੇ ਪਿੱਛੇ ਈ ਫਿਰਦੈ?"

"ਇਨਕਲਾਬ ਤਾਂ ਨੈਬੇ ਵਰਗੇ ਗਦਾਰਾਂ ਨੇ ਆਪਣੇ ਟਰੰਕ 'ਚ ਬੰਦ ਕਰ ਰੱਖਿਐ... ਪਤੰਦਰ ਹਵਾ ਈ ਨਹੀਂ ਲਵਾਉਂਦੇ...ਆਪਣੇ ਲਵੇ ਨ੍ਹੀਂ ਆਉਣ ਦਿੰਦੇ ਉਹ ਇਨਕਲਾਬ ਨੂੰ...ਖੁਸ਼ੀ ਝਾਕ ਰੱਖ!" ਗੱਲ ਨੂੰ ਹਾਸੇ ਵਿਚ ਪਾਉਣ ਦੀ ਪੁਰਾਣੀ ਆਦਤ ਅਨੁਸਾਰ ਉਹ ਥੋੜ੍ਹਾ ਟਹਿਕ ਤਾਂ ਪਿਆ ਸੀ ਪਰ ਪਾਰਟੀ ਦੇ ਸਾਬਕਾ ਬਰਾਂਚ ਸੱਕਤਰ ਕਾਮਰੇਡ ਨੈਬ ਸਿੰਘ ਪ੍ਰਤੀ ਕੁੜੱਤਣ ਉਸਦੇ ਚਿਹਰੇ ਤੋਂ ਅਜੇ ਵੀ ਸਾਫ਼ ਪੜ੍ਹੀ ਜਾ ਸਕਦੀ ਸੀ।

"ਯਾਰ ਇਨਕਲਾਬ ਨੂੰ ਪੁੱਠਾ ਗੇੜਾ ਦੇਣ ਵਾਲੇ ਤਾਂ ਹੋਰ ਵੀ ਬਹੁਤ ਨੇ...ਤੇਰੀ ਸੂਈ ਸਿਰਫ ਨੈਬੇ 'ਤੇ ਈ ਕਿਉਂ ਅਟਕੀ ਰਹਿੰਦੀ ਐ।" ਮੈਂ ਨਾਹਰੇ ਨੂੰ ਫਿਰ ਛੇੜਿਆ। ਮੇਰੀ ਨੈਬੇ ਨਾਲ ਕੋਈ ਹਮਦਰਦੀ ਨਹੀਂ ਸੀ ਸਗੋਂ ਮੈਨੂੰ ਵੀ ਉਸ ਵਿਰੁੱਧ ਕੁਝ ਬੋਲ ਸੁਣ ਕੇ ਮਾਨਸਿਕ ਰਾਹਤ ਮਿਲਦੀ ਸੀ। ਪਰ ਇਸ ਵੇਲੇ ਮੇਰਾ ਮਕਸਦ ਉਸਨੂੰ ਆਪਣੇ ਅੰਦਰਲੀ ਭੜਾਸ ਕੱਢਣ ਲਈ ਉਕਸਾਉਣਾ ਸੀ। ਨੈਬੇ ਵਿਰੁੱਧ ਬੋਲਣ ਤੋਂ ਬਾਅਦ ਉਹਦੇ ਚਿਹਰੇ 'ਤੇ ਥੋੜ੍ਹਾ ਰਾਹਤ ਦੇ ਭਾਵ ਆ ਜਾਂਦੇ ਸਨ, ਇਹ ਗੱਲ ਮੈਂ ਕਈ ਵਾਰ ਨੋਟ ਕੀਤੀ ਸੀ।

"ਬਾਕੀ ਸਾਰੇ ਸਾਡੇ ਜਮਾਤੀ ਦੁਸ਼ਮਣ ਨੇ ਪਰ ਇਹ ਪਾਰਟੀ ਦਾ ਗ਼ਦਾਰ ਐ.... ਆਹਮੋ - ਸਾਹਮਣੇ ਦੇ ਦੁਸ਼ਮਣ ਨਾਲੋਂ ਗ਼ਦਾਰ ਵੱਧ ਖਤਰਨਾਕ ਤੇ ਨੁਕਸਾਨਦੇਹ ਹੁੰਦੈ। ਤੈਨੂੰ ਯਾਦ ਨ੍ਹੀਂ...ਕਿਵੇਂ ਪਾਰਟੀ ਸਕੂਲਿੰਗ ਸਮੇਂ ਇਹ ਆਪਾਂ ਨੂੰ ਜਮਾਤੀ ਸੰਘਰਸ਼ ਬਾਰੇ ਤਿੱਖੇ ਭਾਸ਼ਣ ਦਿਆ ਕਰਦਾ ਸੀ ਤੇ ਹੁਣ ਪੁਲਿਸ ਦਾ ਕਹਿੰਦਾ ਕਹਾਉਂਦਾ ਟਾਊਟ ਐ ...ਮੁੰਡਾ ਇਹਦਾ ਪੁਲਿਸ ਨਾਲ ਮਿਲ ਕੇ ਸ਼ਰੇਆਮ ਨਸ਼ੇ ਵੇਚਦਾ ਐ।"

"ਪਾਰਟੀ ਦੀ ਉਪਰਲੀ ਲੀਡਰਸ਼ਿਪ ਵੀ ਤਾਂ ਨੈਬੇ ਵਰਗੇ ਉਨ੍ਹਾਂ ਲੋਕਾਂ ਨੂੰ ਈ ਅੱਗੇ ਰੱਖਦੀ ਰਹੀ ਐ ਜਿਹੜੇ ਚੰਗੀ ਗੁੰਜ਼ਾਇਸ ਵਾਲੇ ਚਿੱਟ ਕੱਪੜੀਏ ਹੋਣ...ਆਪਣੇ ਅਰਗਿਆਂ ਨੂੰ ਉਹ ਦਰੀਆਂ ਵਿਛਾਉਣ ਵਾਲੇ ਈ ਸਮਝਦੀ ਰਹੀ ਐ।" ਮੈਂ ਜਾਣ ਬੁੱਝ ਕੇ ਫਿਰ ਆਰ ਲਾਈ ਜੋ ਉਹ ਆਪਣੇ ਮਨ ਦੀ ਭੜਾਸ ਚੰਗੀ ਤਰ੍ਹਾਂ ਕੱਢ ਕੇ ਆਪਣੇ ਮਨ ਨੂੰ ਹੌਲਾ ਕਰ ਸਕੇ।

"ਤੂੰ ਠੀਕ ਕਹਿ ਰਿਹੈਂ ਕੁਲਵੰਤ! ਪਾਰਟੀ ਦੀ ਲੀਡਰਸ਼ਿਪ ਨੇ ਕਾਡਰ ਨੂੰ ਸੰਘਰਸ਼ੀ ਰਾਹਾਂ ਤੋਂ ਮੋੜ ਕੇ ਖੱਸੀ ਕਰ ਦਿੱਤੈ ਜਾਂ ਪਿਛਾਕੜੀ ਪਾਰਟੀਆਂ ਨਾਲ ਚੋਣ ਸਮਝੌਤੇ ਕਰਕੇ ਉਨ੍ਹਾਂ ਦੇ ਪਿੱਛਲੱਗੂ ਬਣਾ ਦਿੱਤੈ।" ਉਸ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਬਾਰੇ ਬੋਲ ਕੇ ਆਪਣੀ ਭੜਾਸ ਕੱਢ ਲਈ ਸੀ ਤਾਂ ਸਚਮੁੱਚ ਹੀ ਉਸਦੇ ਚਿਹਰੇ 'ਤੇ ਕੁਝ ਸਕੂਨ ਦੇ ਭਾਵ ਆ ਗਏ ਸਨ।

ਕਾਮਰੇਡਨੀ ਸਾਡੇ ਲਈ ਚਾਹ ਬਣਾਉਣ ਲਈ ਰਸੋਈ ਵਿਚ ਚਲੀ ਗਈ ਸੀ। ਨਾਹਰਾ ਸਰਕ ਕੇ ਮੇਰੇ ਹੋਰ ਨੇੜੇ ਹੋ ਗਿਆ ਤੇ ਤਰਲਾ ਜਿਹਾ ਲੈਣ ਵਰਗੀ ਅਵਾਜ਼ ਵਿਚ ਬੋਲਿਆ, "ਯਾਰ ਮੈਂ ਤਾਂ

ਤੈਨੂੰ ਇਕ ਜ਼ਰੂਰੀ ਕੰਮ ਲਈ ਬੁਲਾਇਐ।"

"ਅਜਿਹਾ ਕਿਹੜਾ ਕੰਮ ਐ ... ਜੇ ਮੇਰੇ ਕਰਨ ਗੋਚਰਾ ਹੋਇਆ ਤਾਂ ਜ਼ਰੂਰ ਕਰਾਂਗਾ।" ਮੈਂ ਉਤਸੁਕਤਾ ਨਾਲ ਪੁੱਛਿਆ।

"ਮੈਨੂੰ ਲੱਗਦੈ ਕਿ ਮੇਰੇ ਕੋਲ ਹੁਣ ਜ਼ਿੰਦਗੀ ਦੇ ਗਿਣਤੀ ਦੇ ਦਿਨ ਈ ਰਹਿ ਗਏ ਨੇ ... ਮੈਂ ਚਾਹੁੰਦਾਂ ਕਿ ਮੇਰੀ ਵਿਦਾਇਗੀ ਕਮਿਊਨਿਸਟ ਪਾਰਟੀ ਦੇ ਇੱਕ ਸਿਪਾਹੀ ਵਜੋਂ ਹੀ ਹੋਵੇ...ਬਾਕੀ ਕਾਮਰੇਡਾਂ ਦਾ ਤਾਂ ਤੈਨੂੰ ਪਤਾ ਈ ਐ...ਤੂੰ ਮੇਰੇ ਮਰਨ ਤੋਂ ਬਾਅਦ ਮੇਰੇ 'ਤੇ ਲਾਲ ਝੰਡਾ ਜ਼ਰੂਰ ਪਾ ਦੇਈਂ।" ਕਹਿੰਦਿਆਂ ਉਸਦੀਆਂ ਅੱਖਾਂ 'ਚੋਂ ਤ੍ਰਿਪ ਤ੍ਰਿਪ ਹੰਝੂ ਡਿੱਗਣ ਲੱਗੇ ਸਨ ਤੇ ਰੋਣ ਮੇਰਾ ਵੀ ਨਿੱਕਲ ਗਿਆ ਸੀ।

"ਮਰਨ ਨੈਬੇ ਵਰਗੇ ਗ਼ਦਾਰ...ਤੂੰ ਕਿਉਂ ਮਰੇ।" ਮੈਂ ਉਸ ਨੂੰ ਜੱਫੀ ਵਿਚ ਭਰ ਲਿਆ ਸੀ। ਮੈਨੂੰ ਉਸ ਵੇਲੇ ਇਸ ਗੱਲ ਦਾ ਤੀਬਰ ਅਹਿਸਾਸ ਹੋਇਆ ਸੀ ਕਿ ਜੇ ਪਾਰਟੀ ਦੀ ਸੋਚ ਅਜੇ ਵੀ ਕਿਸੇ ਦੇ ਦਿਲਾਂ ਵਿੱਚ 'ਚ ਧੜਕਦੀ ਐ ਤਾਂ ਉਹ ਕਾਮਰੇਡ ਨਾਹਰੇ ਤੇ ਅਜਮੇਰੋ ਵਰਗੇ ਹੇਠਲੇ ਪੱਧਰ ਦੇ ਕਮਰੇਡਾਂ ਦੇ ਦਿਲ ਹੀ ਹਨ...ਬਾਕੀਆਂ ਦਾ ਤਾਂ ਹੁਣ ਸਰਿਆਂ ਈ ਪਿਐ।

ਸਾਈਕਲ 'ਤੋਂ ਪੱਠਿਆਂ ਵਾਲੀ ਬੋਰੀ ਉਤਾਰ ਕੇ ਮੈਂ ਖੁਰਲੀ ਕੋਲ ਸੁੱਟ ਦਿੱਤੀ ਹੈ। ਮੇਰਾ ਦਿਲ ਕਰ ਰਿਹੈ ਕਿ ਮੈਂ ਭੁੱਬਾਂ ਮਾਰ ਕੇ ਰੋ ਲਵਾਂ। ਪਰ ਕਿਵੇਂ ਨਾ ਕਿਵੇਂ ਆਪਣੇ ਆਪ ਨੂੰ ਇਸ ਤਰ੍ਹਾਂ ਕਰਨ ਤੋਂ ਰੋਕਿਆ ਹੋਇਐ। ਹੱਥ ਮੇਰੇ ਭਾਵੇਂ ਖੁਰਲੀ ਵਿਚ ਮੱਝ ਲਈ ਪੱਠੇ ਪਾ ਰਹੇ ਹਨ ਪਰ ਖਿਆਲਾਂ ਵਿਚ ਮੈਂ ਆਪਣੇ ਯਾਰ ਦੀ ਬਲਦੀ ਚਿਖਾਂ ਕੋਲ ਹੀ ਖੋਲਤਾ ਹਾਂ... ਜਿਸ 'ਤੇ ਮੈਂ ਆਪਣੇ ਹੱਥੀਂ ਲਾਲ ਝੰਡਾ ਪਾਇਆ ਸੀ। ਕਾਮਰੇਡ ਦੀ ਦੇਹ ਤੇ ਝੰਡਾ ਪਾਉਣ ਲੱਗਿਆਂ ਕਾਮਰੇਡਨੀ ਨੇ ਝੰਡੇ ਦੀਆਂ ਦੋ ਨੁੱਕਰਾਂ ਹੱਥ ਵਿੱਚ ਫੜ ਕੇ ਕਿਵੇਂ ਮੇਰਾ ਸਾਥ ਦਿੱਤਾ ਸੀ ਤੇ ਕਿਵੇਂ ਸੱਜੇ ਹੱਥ ਦੀ ਮੁੱਠੀ ਬੰਦ ਕਰਕੇ ਆਂਅਆਂਅ ਕਰਦਿਆਂ ਬਾਹ ਅਸਮਾਨ ਵੱਲ ਉਠਾਈ ਸੀ, ਇਹ ਦ੍ਰਿਸ਼ ਮੇਰੀਆਂ ਅੱਖਾਂ ਅੱਗਿਓਂ ਦੂਰ ਨਹੀ ਸੀ ਹੋ ਰਿਹਾ।

ਨਾਹਰੇ ਦੀ ਮੌਤ ਤੋਂ ਮਹੀਨੇ ਕੁ ਬਾਅਦ ਮੈਂ ਤੇ ਮੇਰੀ ਪਤਨੀ ਗੂੰਗੀ ਕਾਮਰੇਡਨੀ ਦਾ ਪਤਾ ਸਾਰ ਲੈਣ ਲਈ ਗਏ ਸਾਂ ਤਾਂ ਉਹ ਦਾ ਠਿੱਬਿਆ ਸਰੀਰ ਵੇਖ ਕੇ ਪਤਨੀ ਨੇ ਹੌਲੀ ਜਿਹੀ ਮੇਰੇ ਕੰਨ ਕੋਲ ਕਿਹਾ ਸੀ, "ਲੱਗਦੈ ਹੁਣ ਇਹ ਵੀ ਬਹੁਤਾ ਚਿਰ ਨਹੀਂ ਕੱਟਦੀ।"

ਮਸਾਂ ਮਹੀਨਾ ਹੀ ਲੰਘਿਆ ਸੀ ਕਿ ਪਤਨੀ ਦਾ ਕਿਹਾ ਸੱਚ ਹੋ ਨਿਬੜਿਆ ਤੇ ਕਾਮਰੇਡਨੀ, ਕਾਮਰੇਡ ਦੇ ਪਿੱਛੇ ਈ ਤੁਰ ਗਈ ਸੀ।

ਪਤਨੀ ਵੀ ਮੇਰੇ ਨਾਲ ਗੂੰਗੀ ਕਾਮਰੇਡਨੀ ਅਜਮੇਰੋ ਦੇ ਸਸਕਾਰ 'ਤੇ ਜਾਣ ਲਈ ਤਿਆਰ ਹੋ ਚੁੱਕੀ ਹੈ। ਅਸੀਂ ਮੋਟਰ ਸਾਈਕਲ 'ਤੇ ਪਿੰਡ ਜਾਣ ਲਈ ਘਰੋਂ ਚੱਲ ਪਏ ਹਾਂ ਪਰ ਪਿੰਡ ਵਾਲੀ ਸੜਕ 'ਤੇ ਜਾਣ ਦੀ ਬਜਾਇ ਮੈਂ ਮੋਟਰ ਸਾਈਕਲ ਬਜ਼ਾਰ ਵੱਲ ਮੋੜ ਲਿਆ ਹੈ। ਪਤਨੀ ਨੇ ਹੈਰਾਨੀ ਨਾਲ ਮੈਥੋਂ ਪੁੱਛਿਆ ਹੈ, "ਏਧਰ ਕਿੱਧਰ ਚੱਲ ਪਏ?"

"ਚਿਰੰਜੀ ਦੀ ਦੁਕਾਨ ਤੋਂ ਪੰਜ ਮੀਟਰ ਲਾਲ ਕਪੜਾ ਲੈਂਦੇ ਚੱਲੀਏ...ਇੱਕ ਸਿਦਕਵਾਨ ਇਨਕਲਾਬੀ ਯੋਧੇ ਦਾ ਤਨ ਮਨ ਨਾਲ ਸਾਥ ਦੇਣ ਵਾਲਾ ਇਹ ਗੂੰਗਾ ਇਨਕਲਾਬ ਵੀ ਲਾਲ ਝੰਡੇ ਨਾਲ ਵਿਦਾ ਹੋਣ ਦਾ ਪੂਰਾ ਹੱਕ ਰੱਖਦੈ।

ਮੈਂ ਪਤਨੀ ਦੀ ਗੱਲ ਦਾ ਜਵਾਬ ਦੇਣ ਤੋਂ ਬਾਅਦ ਮੋਟਰ ਸਾਈਕਲ ਚਿਰੰਜੀ ਲਾਲ ਦੀ ਕਪੜੇ ਦੀ ਦੁਕਾਨ ਅੱਗੇ ਜਾ ਰੋਕਿਆ ਹੈ। ਮੋਬਾਇਲ -89682-82700

ਕਹਾਣੀ

# ਮੈਂ ਹਾਲੇ ਜਿਊਂਦਾ ਸਾਂ

**ਸਰਬਜੀਤ ਕੌਰ ਸੋਹਲ**



ਕੋਈ ਜਿਉਂਦੇ ਜੀ ਵੀ ਮਰਿਆ ਰਹੇ ਅਤੇ ਕੋਈ ਮਰਨ ਕਿਨਾਰੇ ਵੀ ਜੀ ਉੱਠੇ... ਹੋ ਸਕਦਾ ਹੈ ਨਾ...?

ਜੀਣ ਮਰਨ ਦੇ ਇਸ ਚੱਕਰ ਵਿੱਚ ਮੈਂ ਜੀਵਿਆ ਤਾਂ ਘੱਟ ਹੀ ਸਾਂ, ਮਰਿਆ ਵਧੇਰੇ ਸਾਂ।

ਤੁਸੀਂ ਕਹੋਗੇ ,ਚੰਗਾ ਭਲਾ ਤਾਂ ਹੈ, ਕੀ ਹੋਇਆ ਇਸ ਨੂੰ? ਐਵੇਂ ਨਖਰੇ ਕਰਦਾ...।

ਪਰ ਨਹੀਂ, ਸੱਚ ਮੰਨਿਓ, ਇਹ ਜੀਣਾ ਵੀ ਕੋਈ ਜੀਣਾ ਹੈ? ਗਿਣਤੀਆਂ- ਮਿਣਤੀਆਂ, ਸੱਜੇ -ਖੱਬੇ, ਇਧਰ-ਉਧਰ ਸਭ ਦਾ ਤਵਾਜ਼ਨ ਬਣਾਉਂਦਿਆਂ, ਜ਼ਿੰਦਗੀ ਨੂੰ ਅਰਥੀ ਵਾਂਗ ਢੋਂਹਦਿਆਂ, ਮੋਢੇ ਬਦਲਦਿਆਂ; ਜ਼ਿੰਦਗੀ ਕੋਲੋਂ ਦੀ ਹੀ ਲੰਘ ਚੱਲੀ ਸੀ।

ਜਿਸ ਨੂੰ ਮੈਂ ਹੁਣ ਤੱਕ ਜੀਣਾ ਸਮਝਦਾ ਰਿਹਾ, ਭਲਾ ਉਹ ਵੀ ਕੋਈ ਜੀਣਾ ਸੀ? ਸਮੇਂ ਦੀ ਭੱਠੀ ਚ ਪਿਆ ਲੋਹਾ ਤਪ ਤਪ ਕੇ ਸੋਨਾ ਥੋੜਾ ਹੋ ਜਾਂਦਾ। ਇਹ ਤਾਂ ਐਵੇਂ ਭਰਮ ਭੁਲੇਖਾ ਹੀ ਹੁੰਦਾ।

ਸਾਰੀ ਉਮਰ ਦਾ ਗਧੀ -ਗੇੜ ਕੱਖਾਂ ਤੋਂ ਲੱਖਾਂ ਤੇ ਲੱਖਾਂ ਤੋਂ ਕਰੋੜਾਂ ਤੀਕ ਅੱਪੜਦਿਆਂ, ਵਾਲਾਂ ਵਿੱਚ ਸਫੈਦੀ ਆ ਗਈ। ਭੱਜਿਆ ਹੀ ਐਡੀ ਤੇਜ ਸਾਂ ਕਿ ਮੌਸਮਾਂ, ਮੁਹੱਬਤਾਂ,ਮਿੱਤਰਾਂ ਨੂੰ ਜਾਨਣ ਤੇ ਮਾਨਣ ਦਾ ਅਹਿਸਾਸ ਹੀ ਕਿਤੇ ਪਿੱਛੇ ਛੁੱਟ ਗਿਆ ਹੋਇਆ ਸੀ।

ਆਪਣੇ ਵੱਲੋਂ ਤਾਂ ਮੈਂ ਕੋਈ ਕਸਰ ਨਹੀਂ ਛੱਡੀ ਸੀ। ਧੜਾ-ਧੜਾ , ਧੜਾ-ਧੜ ਕੰਮ, ਮੰਜ਼ਿਲ ਤੋਂ ਅਗਾਂਹ...ਇੱਕ ਹੋਰ ਮੰਜ਼ਿਲ, ਪ੍ਰਾਪਤੀਆਂ ਦੀ ਢੂਹੀ ਚੜ੍ਹਿਆ...ਮੈਂ ਐਵੇਂ ਕਿਵੇਂ...ਅੱਖਾਂ ਮੀਚੀ ਹੀ ਤੁਰਦਾ ਗਿਆ ਸਾਂ।

ਤਪਦੀਆਂ ਦੁਪਹਿਰਾਂ, ਠਰੀਆਂ ਰਾਤਾਂ, ਭਿੱਜੀਆਂ ਰੁੱਤਾਂ ਵੀ ਮੇਰੇ ਅਹਿਸਾਸਾਂ ਨੂੰ ਜਗਾ ਨਾ ਸਕਦੀਆਂ।

ਚੌਹ ਭੈਣਾਂ ਦਾ ਇਕਲੌਤਾ ਭਰਾ ਤੇ ਉਹ ਵੀ ਨਿੱਕਾ, ਮਾੜੂਆ ਜਿਹਾ , ਹਵਾ ਦੇ ਬੁੱਲੇ ਨਾਲ ਉੱਡ ਜਾਣ ਵਾਲਾ...।

ਪਰ ਉਹ ਕਹਿੰਦੇ ਨੇ ਨਾ ਜਿਸ ਜ਼ਿੰਦਗੀ ਦਿੱਤੀ ਏ, ਉਹ ਜਿਉਣ ਦੀਆਂ ਸਬੀਲਾਂ ਵੀ ਆਪੇ ਹੀ ਬਣਾ ਦਿੰਦਾ। ਅਲੂਆਂ ਜਿਹਾ ਮੈਂ, ਭੈਣਾਂ ਦਾ ਲਾਡਲਾ, ਪਰ ਇਹ ਲਾਡ ਲਡਿਕੇ ਵੀ ਕਿੱਥੇ ਕੰਮ ਆਉਂਦੇ ਨੇ, ਜਦੋਂ ਸਵਾਲ ਢਿੱਡ ਦੀ ਭੁੱਖ ਦਾ ਹੋਵੇ।

ਪਿਓ ਵਿਹੂਣਾ, ਮਾਮੇ ਦੇ ਰਹਿਮੋ ਕਰਮ ਤੇ ਜਿਉਂਦਿਆਂ ਔਖੇ ਸੌਖੇ ਦਸਵੀਂ ਤੱਕ ਅੱਪੜ ਗਿਆ। ਪੜ੍ਹਨ ਵਿਚ ਹੁਸ਼ਿਆਰ ਸਾਂ। ਛੇਵੀਂ ਸੱਤਵੀਂ ਤੋਂ ਹੀ ਸਾਇਕਲਾਂ ਵਾਲੀ ਦੁਕਾਨ ਤੇ ਪੈਂਚਰ ਲਾਉਣ ਦਾ ਕੰਮ ਸ਼ੁਰੂ ਕਰ ਲਿਆ। ਮੈਂ ਤਾਂ ਅੱਧੀ ਰੋਟੀ ਖਾ ਕੇ ਵੀ ਸੰਤੁਸ਼ਟ ਸਾਂ ਕਿ ਬਸ ਪੜ੍ਹਨ ਦੇ ਰਾਹ ਵਿੱਚ ਕੋਈ ਅੜਿਕਾ ਨਾ ਆਵੇ। ਕਾਲਜ ਦੀਆਂ ਥੱਬਾ ਸਾਰੀਆਂ ਫ਼ੀਸਾਂ ਭਰਨ ਅਤੇ ਘਰ ਦੇ ਆਮੁਕ ਖ਼ਰਚੇ ਜਰਨ ਲਈ ਮੈਂ ਕਾਲਜ ਤੋਂ ਆਉਂਦਿਆਂ ਹੀ ਫਰਨੀਚਰ ਵਾਲੀ ਦੁਕਾਨ 'ਤੇ ਅੱਪੜ ਜਾਂਦਾ।



ਮਿਹਨਤੀ ਸਾਂ, ਛੇਤੀ ਹੀ ਕੰਮ 'ਚ ਮੁਹਾਰਤ ਹਾਸਲ ਕਰ ਲਈ। ਥੱਕ ਜਾਂਦਾ, ਨੀਂਦ ਵੀ ਆਉਂਦੀ ਹੁੰਦੀ ਪਰ ਮੈਂ ਪੜ੍ਹਨ ਲਈ ਨੀਂਦ ਦਾ ਸਮਾਂ ਚੋਰੀ ਕਰਨਾ ਸਿੱਖ ਲਿਆ ਹੋਇਆ ਸੀ।

ਘਰੇ ਪੈਸੇ ਦੀ ਲੋੜ ਕਦੇ ਪੂਰੀ ਹੀ ਨਾ ਹੁੰਦੀ। ਦਬੜੂ-ਘੁਸੜੂ ਕਿਵੇਂ ਨਾ ਕਿਵੇਂ ਐਮ. ਏ. ਵਿਚ ਵੀ ਦਾਖ਼ਲਾ ਲੈ ਲਿਆ। ਦਾਖ਼ਲ ਤਾਂ ਹੋ ਗਿਆ ਪਰ ਮਜਬੂਰੀਆਂ ਦੇ ਆੜੇ ਹਰ ਪਲ ਦਰਦ ਦੀ ਆਹਟ ਪਛਾਣਦਿਆਂ, ਸਹਿਮ ਦੀ ਸੁਰੰਗ ਵਿੱਚਦੀ ਲੰਘਦਿਆਂ, ਡਰਦਾ- ਡਰਦਾ ਹੀ ਸਾਹ ਲੈਂਦਾ ਸਾਂ। ਫਿਰ ਇਕ ਦਿਨ, ਇਕ ਅਲੋਕਾਰ ਘਟਨਾ ਹੀ ਵਾਪਰ ਗਈ। ਪਤਾ ਨਹੀਂ ਇਹ ਘਟਨਾ ਸੀ ਜਾਂ ਦੁਰਘਟਨਾ, ਅਜੀਬ ਜਿਹੀ ਮਨੋ ਸਥਿਤੀ ਬਣੀ ਰਹਿੰਦੀ ਸੀ, ਮੇਰੀ।

ਉਹ ਮੇਰੇ ਨਾਲ ਹੀ ਐਮ. ਏ.ਵਿੱਚ ਪੜ੍ਹਦੀ ਸੀ। ਹੁਸ਼ਿਆਰ ਤਾਂ ਮੈਂ ਹੈਗਾ ਹੀ ਸਾਂ,ਹੋਰ ਉਸ ਨੂੰ ਪਤਾ ਨਹੀਂ ਮੇਰੀ ਕਿਹੜੀ ਗੱਲ ਭਾਅ ਗਈ ਕਿ ਉਹ ਚੁੰਬਕ ਵਾਂਗ ਮੇਰੇ ਵੱਲ ਖਿੱਚੀ ਤੁਰੀ ਆਈ।

ਮੈਂ ਇਸ ਗੱਲੋਂ ਵੀ ਅਣਜਾਣ ਨਹੀਂ ਸਾਂ ਕਿ ਉਸਦਾ ਤੇ ਮੇਰਾ ਕੋਈ ਮੇਚ ਨਹੀਂ ਸੀ। ਗ਼ਰੀਬ ਬੰਦੇ ਨੂੰ ਪਿਆਰ ਕਰਨ ਦਾ ਨਾ ਤਾਂ ਹੱਕ ਹੁੰਦਾ ਤੇ ਨਾ ਹੀ ਉਸ ਕੋਲ ਸਮਾਂ...। ਪਰ ਇਹ ਚੰਦਰਾ ਦਿਲ ਸਮਝਾਇਆਂ ਕਿੱਥੇ ਸਮਝਦਾ ਐ...। ਇਹ ਤਾਂ ਬਸ ਹਰ ਪਲ ਮਹਿਰਮ ਨੂੰ ਹੀ ਤੱਕਣਾ ਚਾਹੁੰਦਾ ਐ ...। ਅੱਖਾਂ ਦੀ ਭਾਸ਼ਾ ਦਿਲ ਤਾਂ ਸਮਝਦਾ ਸੀ ਪਰ ਧੁੰਦਲਕਾ ਜਿਹਾ ਅਸਹਿਜ ਵੀ ਕਰੀ ਰੱਖਦਾ। ਭਲਾ ਉਹਦਾ ਮੇਰਾ ਕੀ ਮੇਲ, ਉਹ ਤਾਂ ਘਰੋਂ ਚੰਗੀ ਸੀ ਤੇ ਮੈਂ ਗ਼ਰੀਬ...ਨਿਮਾਣਾ, ਨਿਤਾਣਾ, ਪਿਓ ਵਿਹੂਣਾ, ਭਾਰੀ ਗ੍ਰਹਿਸਤੀ ਦਾ ਬੋਝ ਆਪਣੇ ਕਮਜ਼ੋਰ ਮੋਢਿਆਂ 'ਤੇ ਚੁੱਕੀ ਫਿਰਦਾ।

ਬਸ ਓਨਾ ਕੁ ਸਮਾਂ ਹੀ ਸੁਖਾਵਾਂ ਹੁੰਦਾ ਜਦੋਂ ਤੱਕ ਕਾਲਜ ਵਿਚ ਪੰਮੀ ਮੇਰੇ ਸਾਹਮਣੇ ਤੁਰੀ ਫਿਰਦੀ, ਕਲਾਸਾਂ ਲਾਉਂਦੀ, ਦਿਸਦੀ ਰਹਿੰਦੀ।

ਪਤਾ ਨਹੀਂ ਰੱਬੋਂ ਵਰੋਸਾਇਆ ਇਹ ਕਿਹੋ ਜਿਹਾ ਤੰਤਰ ਸੀ ਕਿ ਬਿਨ ਬੋਲੇ ਹੀ ਅਗਲਾ ਸਭ ਕੁਝ ਜਾਣ ਲੈਂਦਾ ।ਉਮਰ ਹੀ ਇਹੋ ਜਿਹੀ ਸੀ ਕਿ ਬੁੱਲਾਂ ਦੀ ਥਾਂ ਅੱਖੀਆਂ ਬੋਲਦੀਆਂ।... ਤੇ ਇਸ ਉਮਰੇ ਅੱਖੀਆਂ ਦੀ ਭਾਸ਼ਾ ਪੜ੍ਹਨੀ ਮੈਂ ਸਿੱਖ ਗਿਆ ਸਾਂ।

ਪੰਮੀ ਦੀ ਮੁਹੱਬਤ ਵੀ ਮੇਰੇ ਪੈਰਾਂ ਦੀ ਬੇੜੀ ਨਾ ਬਣ ਸਕੀ ਮੇਰੇ ਮੋਢਿਆਂ ਤੇ ਅਜੇ ਵੀ ਦੋ ਵੱਡੀਆਂ ਭੈਣਾਂ ਦੇ ਵਿਆਹ ਦਾ ਭਾਰ ਬਾਕੀ ਸੀ। ਹਾਲਾਤ ਨੇ ਮੈਨੂੰ ਏਨੀ ਮੁਹਲਤ ਹੀ ਨਾ ਦਿੱਤੀ

ਕਿ ਮੈਂ ਆਪਣੇ ਵਿਆਹ ਦਾ ਫੈਸਲਾ ਲੈ ਸਕਦਾ।

ਪੰਮੀ ਦਾ ਵਿਆਹ ਤੈਹ ਹੋ ਗਿਆ। ਉਹ ਦੁਖੀ ਸੀ, ਮੇਰੇ ਵਰਗੇ ਕਮਜ਼ੋਰ ਬੰਦੇ ਨਾਲ ਪਿਆਰ ਪਾ ਕੇ...ਸ਼ਾਇਦ ਪਛਤਾ ਵੀ ਰਹੀ ਹੋਵੇ। ਉਂਝ ਉਸ ਨੇ ਆਪਣੇ ਵੱਲੋਂ ਜੋਰ ਬਹੁਤ ਲਾਇਆ , ਇਥੋਂ ਤੱਕ ਕਿ ਵਿਆਹ ਤੋਂ ਦੋ ਦਿਨ ਪਹਿਲਾਂ ਵੀ ਉਸ ਸੁਨੇਹਾ ਘੱਲਿਆ ਕਿ ਚਲ ਆਪਾਂ ਕਿਤੇ ਦੂਰ ਭੱਜ ਚੱਲੀਏ।

ਪਰ ਮੈਂ ਨਿਕਰਮਾ ਹੀ ਬਣਿਆ ਰਿਹਾ ਉਲਝਨਾਂ ’ਚ ਉਲਝਿਆ, ਬੂਹੇ ਬੈਠੀਆਂ ਭੈਣਾਂ ਦਾ ਧਿਆਨ, ਉਹਨਾਂ ਦੇ ਵਿਆਹ ਦਾ ਜਿੰਮਾ, ਮੇਰਾ ਹੀ ਤਾਂ ਸੀ। ਫੇਰ ਕੀ ਹੋਇਆ ਜੇ ਮੈਂ ਸਭਨਾਂ ਤੋਂ ਛੋਟਾ ਸਾਂ, ਲਾਡਲਾ ਸਾਂ, ਲਾਡ ਲੂਡ ਤਾਂ ਪਿਓ ਦੇ ਮਰਨ ਨਾਲ ਹੀ ਰਾਖ ਵਿੱਚ ਬਦਲ ਗਏ ਸਨ।

ਪੰਮੀ ਦਾ ਵਿਆਹ ਹੋ ਗਿਆ ਤੇ ਮੈਂ ਟੁੱਟੇ ਦਿਲ ਨਾਲ ਆਪਣੀ ਮਾਜ਼ੂਰੀ ਤੇ ਖ਼ੂਬ ਰੋਇਆ ਸਾਂ। ਭਲਾ ਕੋਈ ਐਡਾ ਵੀ ਮਜਬੂਰ ਹੋ ਸਕਦਾ? ਪੰਮੀ ਦੇ ਜਾਣ ਤੋਂ ਬਾਅਦ ਇੱਕ ਜੀ ਕਰੇ ਕਿ ਜਾਨ ਹੀ ਦੇ ਦਿਆਂ, ਕੀ ਥੁੜ੍ਹਿਆ ਇਹੋ ਜਿਹੀ ਜ਼ਿੰਦਗੀ ਤੋਂ...ਖ਼ੁਸ਼ੀ ਦੇ ਸੁਨਹਿਰੀ ਕਿੰਗਰੇ ਮੇਰੇ ਲਈ ਕਿਤੇ ਗੁੰਮ ਗੁਆਚ ਗਏ ਸਨ।... ਜੇ ਕਿਤੇ ਮੈਨੂੰ ਨੌਕਰੀ ਮਿਲ ਜਾਂਦੀ ਤਾਂ...ਜੇ ਕਿਤੇ ਪੰਮੀ ਦੇ ਮਾਪੇ ਕੁਝ ਅਟਕ ਜਾਂਦੇ ਤਾਂ...?

ਅਖੀਰ ਰੱਬ ਨੂੰ ਮੇਰੀ ਮਾਂ ’ਤੇ ਤਰਸ ਆ ਗਿਆ ਤੇ ਭੈਣਾਂ ਦੀਆਂ ਅਰਦਾਸਾਂ ਵੀ ਸੁਣੀਆਂ ਗਈਆਂ। ਮੈਨੂੰ ਫੌਜ ਵਿੱਚ ਨੌਕਰੀ ਮਿਲ ਗਈ ਸੀ। ਸ਼ੁਕਰ ਸ਼ੁਕਰ ਕਰਦਿਆਂ ਤੇ ਮਨੋ ਮਨੀਂ ਡਰਦਿਆਂ ਮਾਂ ਨੇ ਮੈਨੂੰ ਟਰੇਨਿੰਗ ਲਈ ਤੋਰ ਦਿੱਤਾ।

ਅਜੇ ਚਿੱਤ ਰਵਾਂ ਵੀ ਨਹੀਂ ਸੀ ਹੋਇਆ ਕਿ ਨਵਾਂ ਪੰਗਾ ਪੈ ਗਿਆ। ਸਾਡੀ ਬਟਾਲੀਅਨ ਦਾ ਕਮਾਂਡਰ ਬੜਾ ਕਮੀਨਾ ਤੇ ਲੌਂਡੇਬਾਜ ਸੀ। ਬਟਾਲੀਅਨ ਦੇ ਅਲੂਏਂ ਜਿਹੇ ਮੁੰਡਿਆਂ ਨੂੰ ਇਕੱਲਿਆਂ ਆਪਣੇ ਕਮਰੇ ’ਚ ਬੁਲਾਉਂਦਾ ਤੇ ਕੁੱਤੇ ਕੰਮ ਕਰਦਾ। ਓਹ ਕਈ ਦਿਨਾਂ ਤੋਂ ਮੈਨੂੰ ਘੇਰਨ ਨੂੰ ਫਿਰਦਾ ਸੀ। ਮੈਂ ਬਥੇਰਾ ਬਚਣ ਦੀ ਕੋਸ਼ਿਸ਼ ਕੀਤੀ ਪਰ ਇਕ ਦਿਨ ਉਸ ਨੇ ਮੈਨੂੰ ਘੇਰ ਹੀ ਲਿਆ। ਡਰ ਤਾਂ ਬੜਾ ਲੱਗਿਆ ਪਰ ਮੈਂ ਆ ਵੇਖਿਆ ਨਾ ਤਾਅ,ਦੇ ਓਸੇ ਦੇ ਡੰਡੇ ਨਾਲ ਹੀ ਦੂਹੋ ਦੂਹੀ ਧਰ ਲਿਆ। ਪਤਾ ਨਹੀਂ ਮੇਰੇ ਵਿਚ ਕਿਹੜਾ ਭੂਤ ਵੜ ਗਿਆ ਸੀ ਕਿ ਮੈਂ ਕੁੱਟ ਕੁੱਟ ਕੇ ਕਮਾਂਡਰ ਦਾ ਚੰਗਾ ਮੱਕੂ ਠੱਪਿਆ।

ਅਫ਼ਸਰ ਤਾਂ ਅਫ਼ਸਰ ਹੀ ਹੁੰਦਾ ਹੈ। ਮੇਰੀ ਕਿੱਥੇ ਸੁਣੀ ਜਾਣੀ ਸੀ, ਸਭ ਨੇ ਉਸ ਦੇ ਕਹੇ ਨੂੰ ਹੀ ਸੱਚ ਮੰਨਣਾ ਸੀ। ਇਸ ਤੋਂ ਪਹਿਲਾਂ ਕੇ ਮੇਰੇ ਖ਼ਿਲਾਫ਼ ਕੋਈ ਐਕਸ਼ਨ ਲਿਆ ਜਾਂਦਾ, ਮੈਂ ਚੁੱਪ ਚਾਪ ਰਾਤੋਂ ਰਾਤ ਭੱਜ ਆਇਆ ਸਾਂ।

ਅਖੇ, ਤਗੜੇ ਦਾ ਸੱਤੀਂ ਵੀਹੀਂ ਸੌ...ਇਹ ਦੁਨੀਆ ਤਾਂ ਸਿਰ ਸੁੱਟ ਕੇ ਜਿਊਣ ਵਾਲਿਆਂ ਨੂੰ ਹੀ ਲੋਟ ਆਉਂਦੀ ਏ। ਜੀ ਹਜੂਰੀ ਤੱਕ ਤਾਂ ਫਿਰ ਵੀ ਠੀਕ ਹੈ ਪਰ ਆਹ ਗੰਦਖਾਨਾ... ਮੈਥੋਂ ਨਹੀਂ ਸੀ ਹੋਣਾ। ਮੇਰੇ ਨਾਲ ਹੋਈਆਂ ਵਧੀਕੀਆਂ ਦਾ ਹਰਖ਼ ਈ ਸੀ ਕਿ ਮੇਰੇ ਵਰਗਾ ਮਲੂਕ ਜਿਹਾ ਮੁੰਡਾ ਐਨਾ ਹਿੰਸਕ ਹੋ ਗਿਆ ਕਿ ਕਮਾਂਡਰ ਦੀ ਯਹੀ ਤਹੀ ਫੇਰ ਦਿੱਤੀ। ਜਿਵੇਂ ਸਾਰੇ ਦਾ ਸਾਰਾ ਗੁਭਗੁਭਾਹਟ ਉਸ ਨੂੰ ਕੁੱਟ ਕੇ ਹੀ ਕੱਢਣਾ ਸੀ। ਖਪਿਆ ਖਪਿਆ, ਆਪ੍ਰਪਤੀ ਦੀਆਂ ਸਲਵਾਤਾਂ ਜਰਦਾ...ਜਿਵੇਂ ਮੈਂ ਕਿਤੇ ਇਸ ਧਰਤੀ ਦਾ ਹੀ ਨਾ ਹੋਵਾਂ। ਐਨਾ ਧੱਕਾ ਤੇ ਓਹ ਵੀ ਫੌਜ ਵਿਚ...।

‘ਭਲਾ ਐਡੀ ਮਾੜੀ ਕਿਸਮਤ ਵੀ ਕਿਸੇ ਦੀ ਹੋ ਸਕਦੀ ਹੈ? ਮੈਂ ਕੀ ਸਾਂ...? ਮਧੂਮੱਖੀ ਜਾਂ ਮੱਕੜੀ...ਮਧੂ ਮੱਖੀ ਜੋ ਸ਼ਹਿਦ ਦੀ ਭਾਲ ਵਿੱਚ ਅਣਥੱਕ ਰੀਅਲ ਇਨਪੁੱਟ ਪਾਉਂਦੀ ਤੇ ਮੈਨੂੰ ਵੀ

ਲੋੜ ਸੀ ਕਿਸੇ ਮਧੂਮੱਖੀ ਵਾਂਗ ਇਨਪੁੱਟ ਦੀ...। ਮੱਕੜੀ ਦਾ ਵਰਤਾਰਾ ਤਾਂ ਅਜਬੋ ਹੀ ਨਿਰਾਲਾ ਹੁੰਦਾ, ਮਕੜੀ ਦੀ ਇਨਪੁੱਟ ਤਾਂ ਆਪਣੇ ਹੀ ਅੰਦਰੋਂ ਪੈਦਾ ਹੁੰਦੀ ਆ। ਧਰਮ, ਦਰਸ਼ਨ, ਆਸਥਾ, ਵਿਸ਼ਵਾਸ ; ਇਹ ਸਭ ਧਾਰਨਾਵਾਂ ਮੇਰੇ ਕਿਸੇ ਕੰਮ ਨਹੀਂ ਆ ਰਹੀਆਂ ਸਨ।' ਸੋਚਦਿਆਂ ਮੈਂ ਪਾਗ਼ਲ ਹੋ ਰਿਹਾ ਸਾਂ।

ਮਸਲਾ ਤਾਂ ਫਿਰ ਰੋਜੀ ਰੋਟੀ ਤੇ ਪਿਓ ਦੀ ਗ੍ਰਹਿਸਥੀ ਨੂੰ ਸੰਭਾਲਣ ਦਾ ਸੀ। ਮੇਰੇ ਆਪਣੇ ਆਪ ਲਈ ਤਾਂ ਹਜੇ ਕੁਝ ਵੀ ਮੁਯੱਸਰ ਨਹੀਂ ਸੀ। ਓਧਰ ਮੇਰੀ ਹਿੰਮਤ ਪਤਾ ਨਹੀਂ ਕਿਹੜੇ ਯੁੱਗਾਂ ਯੁਗਾਂਤਰ ਦੀ ਸਿਰੜੀ ਸੀ ਕਿ ਜ਼ਿੰਦਗੀ ਦੇ ਹਰ ਦੁੱਖ ਮੁਸੀਬਤ ਨਾਲ ਦਸਤਪੰਜਾ ਲੈਂਦਿਆਂ ਮੈਂ ਅਗਾਂਹ ਤੁਰਦਾ ਜਾ ਰਿਹਾ ਸਾਂ।

ਐਨੀ ਢੀਠ ਮਿੱਟੀ ਆ ਮੇਰੀ ਕੇ ਹਾਰ ਈ ਨਹੀਂ ਮੰਨਦੀ। ਉਸ ਚਵਲ ਅਫ਼ਸਰ ਜਿਸ ਤੋਂ ਸਾਰੀ ਪਲਟੂਨ ਦੁਖੀ ਸੀ, ਨੂੰ ਕੁੱਟ ਕੇ ਮੈਨੂੰ ਤਾਂ ਸਵਾਦ ਹੀ ਬੜਾ ਆਇਆ। ਮੈਂ ਰਾਤੋ ਰਾਤ ਭੱਜ ਤਾਂ ਆਇਆ ਪਰ ਹੁਣ ਮੇਰਾ ਕੀ ਬਣੂ? ਨੌਕਰੀ ਤਾਂ ਗਈ,ਪਿੰਡ ਮਾਂ ਕੋਲ ਵੀ ਨਹੀਂ ਜਾ ਸਕਦਾ। ਕਿਸ ਮੂੰਹ ਨਾਲ ਜਾਵਾਂਗਾ? ਮਾਂ ਤਾਂ ਉੱਕਾ ਹੀ ਭੁੰਜੇ ਲਹਿ ਜਾਵੇਗੀ।...ਤੇ ਮੈਂ ਫਿਰ ਬੇਰੁਜ਼ਗਾਰ, ਬੇਆਸਰਾ, ਗਵਾਚੀ ਮੁਹੱਬਤ ਲਈ ਪੈਰਾਂ ਤੇ ਖੜਾ ਹੀ ਹੋਇਆ ਸਾਂ ਕੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਜਿਵੇਂ ਸੱਪ ਸੀੜੀ ਦੀ ਖੇਡ 'ਚ ਬੰਦਾ ਨੜਿੰਨਵੇਂ ਤੇ ਬੈਠੇ ਸੱਪ ਦੇ ਡੰਗਣ ਨਾਲ ਮੁੜ ਸਿਫ਼ਰ ਤੇ ਅੱਪੜ ਜਾਵੇ।

ਧੱਕਾ ਬਰਦਾਸ਼ਤ ਨਾ ਕਰਦਿਆਂ , ਮੈਂ ਹਿੰਮਤ ਵੀ ਤਾਂ ਵਿਖਾਈ ਨਾ...ਮੇਰਾ ਆਪੇ ਤੇ ਯਕੀਨ ਵੀ ਤਾਂ ਵੱਧ ਗਿਆ ਸੀ।' ਵੈਸੇ ਮੇਰਾ ਕੀ ਘਸ ਜਾਣਾ ਸੀ? ਬਟਾਲੀਅਨ ਦੇ ਬਾਕੀ ਮੁੰਡੇ ਵੀ ਤਾਂ ਉਸ ਦੇ ਮੂਹਰੇ ਕੁਸਕਦੇ ਨਹੀਂ ਸਨ। ਮਸਾਂ ਮਸਾਂ ਨੌਕਰੀ ਮਿਲੀ ਸੀ। ਹੁਣ ਮਾਂ ਨੂੰ ਕਿ ਕੀ ਜਵਾਬ ਦੇਵਾਂਗਾ?' ਸੋਚਦੇ ਸੋਚਦੇ ਰਾਤ ਹੋ ਗਈ ਸੀ।

ਰਾਤ ਕਿੱਥੇ ਜਾਵਾਂਗਾ? ਇਸ ਸ਼ਹਿਰ ਵਿਚ ਤਾਂ ਕੋਈ ਵਾਕਿਫ਼ ਵੀ ਨਹੀਂ । ਹਰ ਪਾਸੇ ਹਨੇਰ ਘੁੱਪ ਘੇਰ...। ਆਖਿਰ ਨੂੰ ਬਸ ਅੱਡੇ ਤੇ ਹੀ ਟਰੰਕ ਨੂੰ ਹੱਥ ਪਾ ਕੇ ਸੌਣ ਦੀ ਕੋਸ਼ਿਸ਼ ਕਰਨ ਲੱਗਾ। ਏਥੇ ਵੀ ਕਿਹੜਾ ਨੀਂਦ ਆਈ, ਹਰ ਪਾਸੇ ਰੌਲਾ, ਪੁਲੀਸ ਵਾਲਿਆਂ ਦਾ ਡਰ ਤੇ ਨਾਲੇ ਇਹ ਵੀ ਫ਼ਿਕਰ ਕੇ ਕੋਈ ਟਰੰਕ ਹੀ ਨਾ ਚੋਰੀ ਕਰ ਲਏ। ਕੰਮ ਦੀ ਭਾਲ? ਕਰਦਿਆਂ ਕਈ ਰਾਤਾਂ ਬਸ ਅੱਡੇ ਤੇ ਹੀ ਲੰਘਾਈਆਂ। ਓਹ ਤੇ ਭਲਾ ਹੋਵੇ ਉਸ ਸਰਦਾਰ ਦਾ ਜਿਸ ਦੀ ਨਜ਼ਰ ਮੇਰੇ ਤੇ ਪੈ ਗਈ। ਉਸ ਨੂੰ ਆਪਣੀ ਮਰੀ ਹੋਈ ਪਤਨੀ ਲਈ ਰਖਵਾਏ ਸਾਧਾਰਨ ਪਾਠ ਲਈ ਇਕ ਪਾਠੀ ਦੀ ਲੋੜ ਸੀ।

ਤੇ ਬਸ ਜਿਵੇਂ ਰੱਬ ਬਹੁੜਿਆ ਹੋਵੇ। ਮੇਰੀ ਕਿਸਮਤ ਦੇ ਜਿੰਦਰੇ ਲਈ ਚਾਬੀ ਲੱਭ ਗਈ ਸੀ। ਪਾਠ ਕਰਨ ਦੇ ਨਾਲ ਰੋਟੀ ਤੇ ਰਹਿਣ ਦਾ ਜੁਗਾੜ ਵੀ ਹੋ ਗਿਆ। ਸਰਦਾਰ ਜੀ ਨੂੰ ਮਾਂ ਵਿਹੂਣੇ ਤਿੰਨ ਬੱਚਿਆਂ ਲਈ ਟਿਊਸ਼ਨ ਪੜ੍ਹਾਉਣ ਵਾਲੇ ਦੀ ਲੋੜ ਵੀ ਸੀ। ਸੋ ਸਿਰ ਢੱਕਣ ਲਈ ਛੱਤ ਤੇ ਰੋਟੀ ਵੀ ਪੱਕੀ ਪਕਾਈ।

ਹੁਣ ਜ਼ਿੰਦਗੀ ਮੁੜ ਪਟੜੀ ਤੇ ਚੜ੍ਹ ਗਈ। ਜੀਵਨ ਦੇ ਸਫ਼ਰ ਦਾ ਅਗਲਾ ਅਧਿਆਇ ਸ਼ੁਰੂ ਹੋ ਗਿਆ। ਡੁੱਬਦੇ ਨੂੰ ਤਿਨਕੇ ਦਾ ਸਹਾਰਾ ਹੀ ਕਾਫੀ ਹੁੰਦਾ। ਇਸ ਸਹਾਰੇ ਨੇ ਮੈਨੂੰ ਦੌੜ ਲਈ ਤਿਆਰ ਕਰ ਦਿੱਤਾ ਸੀ।

ਕੋਈ ਬੰਦਾ ਭਲਾ ਕਿੰਨੇ ਘੰਟੇ ਕੰਮ ਕਰ ਸਕਦਾ? ਇਸ ਦਾ ਜਵਾਬ ਮੇਰੀ ਮੁਸ਼ੱਕਤ ਦੀਆਂ ਤਰਤੀਬਾਂ ਤੇ ਤਰਕੀਬਾਂ ਤੋਂ ਸਮਝਿਆ ਜਾ ਸਕਦਾ ਸੀ। ਆਪਣੀ ਮਿਹਨਤ ਸਦਕਾ ਮੈਂ ਉਸ

ਸਰਦਾਰ ਜੀ ਦੇ ਦਿਲ ਵਿੱਚ ਵਧੀਆ ਥਾਂ ਬਣਾ ਲਈ ਸੀ। ਓਹਨਾਂ ਦੇ ਰਸੂਖ਼ ਸਦਕਾ ਮੈਨੂੰ ਕਾਲਜ ਵਿੱਚ ਲੈਕਚਰਾਰ ਦੀ ਨੌਕਰੀ ਵੀ ਮਿਲ ਗਈ। ਭੈਣਾਂ ਦੇ ਵਿਆਹ ਕਰ ਮੈਂ ਮਾਂ ਨੂੰ ਆਪਣੇ ਕੋਲ ਸੱਦ ਲਿਆ। ਅਜੇ ਵੀ ਮੈਂ ਸ਼ਾਮ ਨੂੰ ਪ੍ਰਿੰਟਿੰਗ ਪ੍ਰੈਸ ਤੇ ਕੰਮ ਕਰਨ ਜਾਂਦਾ ਤੇ ਨਾਲੇ ਸਰਦਾਰ ਜੀ ਦੇ ਬੱਚਿਆਂ ਨੂੰ ਵੀ ਪੜ੍ਹਾ ਆਉਂਦਾ।

ਇਉਂ ਭੱਜੋ ਭਜਾਈ ਵਿੱਚ ਇਸ ਦੁਨੀਆਂ ਦੀਆਂ ਬਹਾਰਾਂ ਨੂੰ ਜਾਨਣ ਤੇ ਮਾਨਣ ਦੀ ਮੋਹਲਤ ਹੀ ਨਾ ਮਿਲੀ। ਇਹ ਸੁਰਜੀਤ ਵੀ ਤਾਂ ਪੰਮੀ ਦੀ ਸਹੇਲੀ ਸੀ। ਉਂਝ ਵਿਆਹ ਘਰਦਿਆਂ ਦੀ ਮਰਜ਼ੀ ਨਾਲ ਹੀ ਹੋਇਆ ਸੀ। ਵਿਹਾਰਕ ਜਿਹੇ ਇਸ ਰਿਸ਼ਤੇ ਵਿੱਚੋਂ ਇਕ ਧੀ ਤੇ ਮਗਰੋਂ ਇਕ ਪੁੱਤ ਵੀ ਪਰਿਵਾਰ ਦਾ ਹਿੱਸਾ ਬਣ ਗਏ।

ਹੁਣ ਕੁਝ ਕੁਝ ਰਾਹਤ ਮਹਿਸੂਸ ਹੋਣ ਲੱਗੀ ਸੀ। ਜ਼ਿੰਦਗੀ ਦੀਆਂ ਘੁਣਤਰਾਂ ਬੁਣਤਰਾਂ ਨੂੰ ਸਮਝਦਿਆਂ ਕਿਸੇ ਸੋਹਣੀ ਕੁੜੀ ਨੂੰ ਵੇਖ ਰਾਹਤ ਜਿਹੀ ਮਹਿਸੂਸ ਹੁੰਦੀ।

ਭਲਾ ਇਹ ਵੀ ਕੋਈ ਸਮਾਂ ਸੀ ਇਹੋ ਜਿਹਾ ਸੋਚਣ ਦਾ, ਘਾੜਤਾਂ ਘੜਨ ਦਾ ਪਰ ਮੈਂ ਵੀ ਕੀ ਕਰਦਾ ,ਜਿਉਣ ਦੀ ਸੋਝੀ ਹੀ ਹੁਣ ਆਈ ਸੀ...ਜਿਵੇਂ ਸੰਤੋੜ ਭੱਜੇ ਜਾਂਦੇ ਬੰਦੇ ਨੂੰ ਕਿਸੇ ਟੀਚੇ ਤੇ ਅੱਪੜ ਕੇ ਰਾਹਤ ਮਹਿਸੂਸ ਹੁੰਦੀ ਹੈ। ਮੈਂ ਕਰਦਾ ਵੀ ਕੀ...ਸੋਚਦਾ ਵੀ ਕਿਸ ਬਾਰੇ...ਹੁਣ ਤੱਕ ਦੀ ਭੱਜੋ ਦੌੜੀ ਵਿੱਚ ਮਹਿਸੂਸੀਆਤ ਨੂੰ ਕਿਸੇ ਡੀਪ ਫਰੀਜ਼ਰ ਵਿੱਚ ਜੋ ਲਾਇਆ ਹੋਇਆ ਸੀ। ਸਲੀਬ ਤੇ ਟੰਗੇ ਬੰਦੇ ਨੂੰ ਹਿਲਣ ਜੁਲਣ ਜਾਂ ਮਨ ਆਈ ਕਰਨ ਦੀ ਮੋਹਲਤ ਹੀ ਕਿੱਥੇ ਹੁੰਦੀ ਹੈ।

ਜਿਵੇਂ ਮੇਰੇ ਵੱਲੋਂ ਝੱਲੇ ਗਏ ਤਸੀਹੇ ਵੇਖ ਰੱਬ ਨੂੰ ਵੀ ਤਰਸ ਆ ਗਿਆ ਸੀ। ਹੁੰਮਸ ਭਰੇ ਮੌਸਮ ਵਿੱਚ ਉਹ ਹਵਾ ਦੇ ਬੁੱਲੇ ਵਾਂਗ ਹੁਲਾਸ ਬਣ ਕੇ ਆਈ ਸੀ। ਮੇਰੇ ਕਾਲਜ ਵਿੱਚ ਮਨੋਵਿਗਿਆਨ ਦੀ ਅਸਿਸਟੈਂਟ ਪ੍ਰੋਫੈਸਰ ਦੂਸਰੇ ਕਾਲਜ ਤੋਂ ਬਦਲ ਕੇ ਆਈ ਸੀ। ਜਿੰਨੀ ਸੋਹਣੀ ਓਨੀਂ ਹੀ ਸ਼ਾਲੀਨ, ਠਹਿਰੀ ਹੋਈ, ਸੁਲਝੀ ਸੁਲਝੀ।...ਕਿ ਹੁਣ ਮੈਨੂੰ ਕਾਲਜ ਪੜ੍ਹਾਉਣ ਜਾਣਾ ਚੰਗਾ ਲੱਗਣ ਲੱਗ ਪਿਆ। ਤਿਆਰ ਹੋਣ ਨੂੰ ਧੋਤੇ ਸਵਾਰੇ ਮੈਚਿੰਗ ਕੱਪੜੇ ਪਾਉਣ ਨੂੰ ਮਨ ਕਰਦਾ। ਸੁਰਜੀਤ ਨੂੰ ਮੇਰੇ ਵਿੱਚ ਆਈ ਇਸ ਤਬਦੀਲੀ ਦਾ ਪਤਾ ਨਾ ਲੱਗੇ ਇਸ ਲਈ ਮੈਂ ਉਸ ਨਾਲ ਆਪਣਾ ਵਤੀਰਾ ਤੇ ਵਰਤਾਰਾ ਉਵੇਂ ਦਾ ਉਵੇਂ ਹੀ ਰੱਖਦਾ ਜਿਵੇਂ ਮੈਂ ਘਰ ਵਿੱਚ ਹੁਣ ਤੱਕ ਵਿਚਰਦਾ ਆਇਆ ਸਾਂ।

ਕਾਲਜ ਦੇ ਵਿਦਿਆਰਥੀਆਂ ਦਾ ਟੂਰ ਪ੍ਰੋਗਰਾਮ ਬਣਿਆ ਤਾਂ ਸਬੱਬੀਂ ਅਸੀਂ ਦੋਵੇਂ ਬੱਸ ਵਿੱਚ ਨਾਲ ਨਾਲ ਬੈਠ ਗਏ। ਨਿੱਕੀਆਂ ਨਿੱਕੀਆਂ ਗੱਲਾਂ ਅਤੇ ਗਭਰੇਟਾਂ ਦੀਆਂ ਖ਼ਰਮਸਤੀਆਂ ਨਾਲ ਸਫ਼ਰ ਦਾ ਪਤਾ ਹੀ ਨਾ ਲੱਗਿਆ।

ਸ਼ਮੀਲ ਦੀ ਗ੍ਰਹਿਸਤੀ ਵੀ ਠੀਕ-ਠਾਕ ਚੱਲ ਰਹੀ ਸੀ ਕਿਤਾਬਾਂ ਪੜ੍ਹਨ ਦੇ ਨਾਲ ਨਾਲ ਕਵਿਤਾ ਲਿਖਣਾ, ਪੇਂਟਿੰਗ ਕਰਨਾ ਤੇ ਮਿਊਜ਼ਿਕ ਸੁਣਨਾ ਉਸਦੇ ਸ਼ੌਕ ਸਨ। ਪਤੀ ਆਰਮੀ ਅਫ਼ਸਰ ਸੀ ਤੇ ਉਸ ਦੀ ਪੋਸਟਿੰਗ ਬਾਰਡਰ ਤੇ ਹੋਈ ਨੂੰ ਸਾਲ ਹੋ ਗਿਆ ਸੀ।

ਮੇਰੀਆਂ ਕਵਿਤਾਵਾਂ ਨੂੰ ਉਸ ਨੇ ਕੈਂਪ ਫਾਇਰ ਸਮੇਂ ਗਾ ਕੇ ਸੁਣਾਇਆ ਤਾਂ ਮੈਂ ਹੈਰਾਨ ਹੀ ਰਹਿ ਗਿਆ। ਮੈਨੂੰ ਉਸਦਾ ਬੜਾ ਹੀ ਮੋਹ ਆਇਆ ਸੀ, ਉਸ ਵੇਲੇ...। ਚੁੱਪ ਚੁਪੀਤੇ ਬਿਨਾਂ ਕਿਸੇ ਉਚੇਚੇ ਤਰੱਦਦ ਤੋਂ ਅਸੀਂ ਸਹਿਜ ਸੁਭਾਵਿਕ ਹੀ ਇੱਕ ਦੂਜੇ ਦੇ ਨੇੜੇ ਆਉਂਦੇ ਗਏ। ਸੂਰਤ ਨਾਲੋਂ ਸੀਰਤ ਦੀ ਖਿੱਚ ਵਧੇਰੇ ਛਾਂਟੇ ਮਾਰਦੀ ਹੈ ਤੇ ਇਹੋ ਜਿਹਾ ਕੁਝ ਮੇਰੇ ਨਾਲ ਹੋ ਰਿਹਾ ਸੀ ।

ਉਸ ਦਿਨ ਤਾਂ ਹੱਦ ਹੀ ਹੋ ਗਈ ਸਟਾਫ ਰੂਮ ਵਿੱਚ ਅਸੀਂ ਦੋਵੇਂ ਹੀ ਬੈਠੇ ਸਾਂ। ਚਪੜਾਸੀ ਤੋਂ ਪਾਣੀ ਮੰਗਵਾਇਆ ਤੇ ਅਸੀਂ ਗੱਲੀਂ ਲੱਗ ਗਏ। ਸ਼ਮੀਲ ਦੀ ਕਲਾਸ ਸੀ ਤੇ ਉਹ ਉੱਠ ਕੇ ਕਲਾਸ

ਲੈਣ ਲਈ ਤੁਰ ਗਈ ।

ਮੈਂ ਬੁੱਤ ਬਣਿਆ ਉੱਥੇ ਹੀ ਬੈਠਾ ਰਿਹਾ। ਉਹਦੇ ਅੱਧੇ ਭਰੇ ਗਲਾਸ ਨੂੰ ਤੱਕਦਾ, ਜਿਸ ਨੂੰ ਉਸਨੇ ਬੁੱਲਾਂ ਦੀ ਛੋਹ ਪ੍ਰਾਪਤ ਸੀ। ਮੈਨੂੰ ਉਸ ਕਵਿਤਰੀ ਦੀ ਕਵਿਤਾ ਦੀਆਂ ਸਤਰਾਂ ਦਾ ਚੇਤਾ ਆ ਗਿਆ, ਜਿਸ ਨੇ ਕਿਸੇ ਇਹੋ ਜਿਹੀ ਅਵਸਥਾ ਉੱਤੇ ਹੀ ਕਵਿਤਾ ਲਿਖੀ ਸੀ। ਅਖੇ,

ਦੋਸਤ ਜਾਂ ਕੁਝ ਹੋਰ
ਨਹੀਂ ਮੈਨੂੰ ਪਤਾ
ਤੇਰੇ ਜਾਣ ਤੋਂ ਬਾਅਦ
ਬਸ ਐਨਾ ਹੀ ਕੀਤਾ ਏ
ਤੇਰੇ ਜੂਠੇ ਗਲਾਸ ਵਿੱਚ
ਬਸ ਪਾਣੀ ਪੀਤਾ ਏ...।

...ਤੇ ਮੈਂ ਸ਼ਮੀਲ ਦੇ ਬੁੱਲ੍ਹਾਂ ਦੀ ਛੋਹ ਵਾਲੇ ਗਲਾਸ ਨੂੰ ਚੁੱਕ ਪਾਣੀ ਪੀ ਗਿਆ। ਉਫ਼ ਮੇਰਿਆ ਰੱਬਾ! ਇਹ ਮੈਨੂੰ ਕੀ ਹੋ ਰਿਹਾ, ਭਲਾ ਮੇਰੀ ਉਮਰ ਵਿੱਚ ਵੀ ਕੋਈ ਇੰਝ ਕਰ ਸਕਦਾ। ਡਰਦਿਆਂ ਡਰਦਿਆਂ ਮੈਂ ਆਸੇ ਪਾਸੇ ਵੀ ਝਾਕਿਆ ਕਿ ਕਿਤੇ ਕਿਸੇ ਨੇ ਮੈਨੂੰ ਇੰਝ ਕਰਦਿਆਂ ਵੇਖ ਹੀ ਨਾ ਲਿਆ ਹੋਵੇ। ਸੂਖ਼ਮ ਜਹੇ ਇਹ ਅਹਿਸਾਸ, ਮੈਨੂੰ ਦੋਸਤੀ ਤੇ ਮੁਹੱਬਤ ਦੇ ਵਿਚਾਲੇ ਜਿਹੇ ਕਿਤੇ ਮਹਿਸੂਸ ਹੁੰਦੇ। ਭਲਾ ਸ਼ਮੀਲ ਨੂੰ ਮੇਰੇ ਉਸ ਪ੍ਰਤੀ ਇਹੋ ਜਿਹੇ ਅਹਿਸਾਸਾਂ ਦੀ ਸੂਹ ਹੋਵੇਗੀ?... ਉਂਝ ਉਸਦੀਆਂ ਅੱਖਾਂ ਵਿੱਚ ਮੇਰੇ ਲਈ ਜਰੂਰ ਕੁਝ ਖਾਸ ਉਚੇਚ ਹੁੰਦੀ। ਪੰਮੀ ਦੇ ਮੇਰੀ ਜ਼ਿੰਦਗੀ ਵਿੱਚੋਂ ਜਾਣ ਤੋਂ ਬਾਅਦ ਤਾਂ ਮੈਂ ਪਿਆਰ ਨੂੰ ਮਹਿਸੂਸ ਕਰਨਾ ਹੀ ਭੁੱਲ ਗਿਆ ਸਾਂ।...ਇਹ ਤਾਂ ਸ਼ਮੀਲ ਦੀ ਆਮਦ ਸੀ ਕਿ ਕੁਝ ਨਿੱਘਾ- ਨਿੱਘਾ ਜਿਹਾ ਅਹਿਸਾਸ ਰੂਹ ਤੇ ਤਾਰੀ ਹੀ ਰਹਿੰਦਾ। ਜੀਣ ਦਾ ਸਵਾਦ ਜਿਹਾ ਆਉਣ ਲੱਗਿਆ। ਹਵਾ ਵੱਧ ਮਹਿਕੀ ਮਹਿਕੀ ਲੱਗਦੀ , ਫੁੱਲ ਵਧੇਰੇ ਰੰਗੀਨ ਤੇ ਧੁੱਪ ਵਧੇਰੇ ਖਿੜੀ-ਖਿੜੀ। ਰੁੱਖ ਝੂਮਦੇ ਜਿਵੇਂ ਮੇਰੀ ਰੂਹ ਦੀ ਤਰਜਮਾਨੀ ਕਰਦੇ ਹੋਣ। ਹਰ ਪਲ ਚਿੱਤ ਘਾਊਂ ਮਾਊਂ ਜਿਹਾ ਕਰਦਾ ਰਹਿੰਦਾ। ਮੈਂ ਸ਼ਮੀਲ ਦੇ ਸਾਹਮਣੇ ਹੋਣ ਦੇ ਬਹਾਨੇ ਲੱਭਦਾ।

ਜ਼ਿੰਦਗੀ ਦੀਆਂ ਕੁੜੱਤਣਾਂ ਪੀਂਦਿਆਂ ਪੀਂਦਿਆਂ ਜਿਵੇਂ ਆਬੇ -ਹਿਆਤ ਲੱਭ ਗਿਆ ਹੋਵੇ ।ਕਦੇ ਕਦੇ ਤਾਂ ਮੈਨੂੰ ਆਪਣੇ ਆਪ ਚੋਂ ਹੀ ਖੁਸ਼ਬੂ ਆਉਂਦੀ ਮਹਿਸੂਸ ਹੁੰਦੀ। ਓਦੋਂ ਮੇਰਾ ਸਿਰ ਰੱਬ ਲਈ ਸ਼ੁਕਰਾਨੇ ਵਜੋਂ ਨਿਵ ਜਾਂਦਾ। ਸ਼ਮੀਲ ਦੀ ਹੋਂਦ ਨੇ ਮੇਰੀ ਜ਼ਿੰਦਗੀ ਦੇ ਬੇਰੰਗ ਕੈਨਵਸ ਉੱਤੇ ਰੰਗਾਂ ਦੀ ਛਹਿਬਰ ਹੀ ਲਾ ਦਿੱਤੀ ਸੀ

...ਤੇ ਉਸ ਦਿਨ ਪਤਾ ਨਹੀਂ ਕਿਹੜੀ ਰੌਂ ਵਿੱਚ ਬੈਠਿਆ ਮੈਂ ਜੂਠੇ ਗਲਾਸ ਵਿੱਚੋਂ ਪਾਣੀ ਪੀਣ ਵਾਲੀ ਹਰਕਤ ਬਾਰੇ ਦੱਸ ਬੈਠਾ। ਇੱਕ ਵਾਰ ਤਾਂ ਲੱਗਿਆ ਕਿ ਸ਼ਮੀਲ ਕਿਤੇ ਗੁੱਸਾ ਹੀ ਨਾ ਕਰ ਲਵੇ। ਡਰਿਆ ਡਰਿਆ ਮੈਂ ਉਸ ਦੇ ਚਿਹਰੇ ਦੇ ਹਾਵ ਭਾਵ ਵੇਖ ਰਿਹਾ ਸਾਂ , ਪਹਿਲਾਂ ਤਾਂ ਉਹ ਚੁੱਪ ਜਿਹਾ ਹੀ ਕਰ ਗਈ ਪਰ ਫਿਰ ਮੇਰਾ ਮੂੰਹ ਵੇਖ ਉਹ ਠਠਿਆ ਕੇ ਹੱਸ ਪਈ। ਹੱਸਦਿਆਂ ਹੱਸਦਿਆਂ ਉਸ ਦੀਆਂ ਅੱਖਾਂ ਵਿੱਚ ਅੱਥਰੂ ਹੀ ਤਾਂ ਆ ਗਏ। ਕੁਝ ਸਹਿਜ ਹੋਈ ਤਾਂ ਉਸ ਹੌਲੀ ਜਿਹੀ ਆਪਣੇ ਸੱਜੇ ਹੱਥ ਨਾਲ ਮੇਰੇ ਖੱਬੇ ਹੱਥ ਨੂੰ ਘੁੱਟ ਲਿਆ ਤੇ ਨਾਲ ਦੀ ਨਾਲ ਮੇਜ ਦੇ ਹੇਠਾਂ ਦੀ ਆਪਣੀ ਸੱਜੀ ਲੱਤ ਨਾਲ ਮੇਰੀ ਖੱਬੀ ਲੱਤ ਨੂੰ ਘੁੱਟ ਕੇ ਛੂਹ ਲਿਆ। ਸੂਖ਼ਮ ਜਿਹੇ ਇਹ ਭਾਵ, ਬਿਨਾਂ ਕਿਸੇ ਲਗ-ਲਗਾਵ, ਤਰਲ- ਤਰਲ ਜਿਹੇ ਹਵਾ ਵਿੱਚ ਫੈਲ ਗਏ। ਉਸ ਪਲ ਅਸੀਂ ਦੋਵੇਂ ਹੋਰਨਾਂ ਦੀ ਹੋਂਦ ਨੂੰ ਭੁਲਾਉਂਦਿਆਂ ਤਰਲ ਅਹਿਸਾਸਾਂ ਦੀ ਬੇੜੀ ਵਿੱਚ ਸਵਾਰ ਹੋ ਪਤਾ ਨਹੀਂ ਮੁਹੱਬਤ ਦੇ ਕਿਸ ਪੱਤਣ

ਤੇ ਪਹੁੰਚ ਗਏ। ਝਨਾਂ ਦੇ ਕੰਢੇ ਬੈਠੇ ਸੋਹਣੀ ਮਹੀਵਾਲ ਜਿਵੇਂ ਸਾਡੀਆਂ ਰੂਹਾਂ ਵਿੱਚ ਸਮਾ ਗਏ ਹੋਣ।

ਯੂਥ ਫੈਸਟੀਵਲ ਦੇ ਆਖ਼ਰੀ ਦਿਨ ਇਨਾਮਾਂ ਦੀ ਵੰਡ ਉਪਰੰਤ ਕਾਫੀ ਹਨੇਰਾ ਹੋ ਗਿਆ ਤਾਂ ਮੈਂ ਸ਼ਮੀਲ ਨੂੰ ਘਰ ਛੱਡਣਾ ਮੁਨਾਸਿਬ ਸਮਝਿਆ। ਮੌਸਮ ਦੀਆਂ ਅਲਾਮਤਾਂ ਕਿਸੇ ਤੂਫਾਨ ਦੇ ਆਉਣ ਦੀ ਨਿਸ਼ਾਨਦੇਹੀ ਕਰ ਰਹੀਆਂ ਸਨ।

ਮੋਟਰਸਾਈਕਲ ਦੇ ਪਿੱਛੇ ਬੈਠੀ ਸ਼ਮੀਲ ਹਜੋਕਾ ਵੱਜਣ ਨਾਲ ਮੇਰੇ ਨਾਲ ਖਹਿ ਜਾਂਦੀ ਤੇ ਫਿਰ ਸਹਿਵਨ ਹੀ ਇਸ ਵਿਹਾਰ ਤੋਂ ਅਚਕਚਾ, ਮੁੜ ਸੰਭਲ ਕੇ ਬੈਠ ਜਾਂਦੀ।

ਸ਼ਾਇਦ ਅੱਜ ਕੁਦਰਤ ਨੇ ਸਾਡੇ ਲਈ ਕੁਝ ਹੋਰ ਹੀ ਸੋਚ ਰੱਖਿਆ ਸੀ। ਬਾਰਿਸ਼ ਦੀਆਂ ਮੋਟੀਆਂ ਮੋਟੀਆਂ ਕਣੀਆਂ ਧੜੱਪ ਧੜੱਪ ਡਿੱਗਣ ਲੱਗੀਆਂ...ਭਿੱਜਣ ਤੋਂ ਬਚਦੇ ਅਸੀਂ ਅੰਦਰੋਂ ਅੰਦਰੀ ਗਹਿਗੱਚ ਭਿੱਜਦੇ ਜਾ ਰਹੇ ਸਾਂ। ਪਿਆਰ ਦੀ ਮੰਜ਼ਿਲ ਨਹੀਂ... ਸਗੋਂ ਮੰਜ਼ਿਲ ਦਾ ਸਫ਼ਰ ਰੂਹ ਨੂੰ ਸਰਸ਼ਾਰ ਕਰਦਾ ਹੈ। ਇਸ ਦਾ ਅਹਿਸਾਸ ਸਾਨੂੰ ਦੋਵਾਂ ਨੂੰ ਹੀ ਹੋ ਰਿਹਾ ਸੀ।

ਸ਼ਮੀਲ ਨੂੰ ਘਰ ਦੇ ਮੂਹਰੇ ਉਤਾਰ ਮੈਂ ਮੁੜਨ ਹੀ ਲੱਗਿਆ ਸਾਂ ਕਿ ਉਸ ਤੇਜ ਮੀਂਹ ਦਾ ਹਵਾਲਾ ਦਿੰਦਿਆਂ ਕੁਝ ਚਿਰ ਰੁਕਣ ਲਈ ਕਿਹਾ। ਅੰਨਾ ਕੀ ਭਾਲੇ ਦੋ ਅੱਖਾਂ... ਤੇ ਮੈਂ ਬਨਾਉਟੀ ਜਿਹੀ ਨਾ ਨੁੱਕਰ ਕਰਦਿਆਂ ਉਸ ਦੀ ਗੱਲ ਮੰਨ ਲਈ ਸੀ। ਭਿੱਜੀ ਸਾੜ੍ਹੀ ਵਿੱਚ ਉਸ ਦੇ ਸਰੀਰ ਦੀਆਂ ਸਾਰੀਆਂ ਉਚਾਈਆਂ ਖਾਈਆਂ ਉਘੜ ਕੇ ਸਾਹਮਣੇ ਆ ਗਈਆਂ ਸਨ। ਮੇਰੇ ਅੰਦਰਲਾ ਮਰਦ ਪਹਿਲੀ ਵਾਲੀ ਬੇਕਾਬੂ ਹੁੰਦਾ ਮਹਿਸੂਸ ਹੋ ਰਿਹਾ ਸੀ। ਜ਼ਿੰਦਗੀ ਦੇ ਐਨੇ ਸਾਲ ਤਾਂ ਐਵੇਂ ਹੀ ਲੰਘ ਗਏ ਸਨ, ਅਣਜੀਵਿਆਂ ਤੇ ਅਣਮਹਿਸੂਸਿਆਂ...।

ਅਚਾਨਕ ਬਿਜਲੀ ਐਨੀ ਜੋਰ ਦੀ ਕੜਕੀ ਜਿਵੇਂ ਨੇੜੇ ਹੀ ਕਿਤੇ ਡਿੱਗੀ ਹੋਵੇ। ਸ਼ਮੀਲ ਡਰ ਕੇ ਮੇਰੇ ਨਾਲ ਆ ਲੱਗੀ। ਕੁਝ ਚਿਰ ਅਸੀਂ ਇਸੇ ਅਵਸਥਾ ਵਿੱਚ ਖੜ੍ਹੇ ਰਹੇ।... ਫਿਰ ਜਿਵੇਂ ਉਸ ਨੂੰ ਆਪਣੇ ਆਪ ਤੋਂ ਹੀ ਸੰਗ ਆ ਗਈ ਹੋਵੇ, ਉਹ ਛਿਟਕ ਕੇ ਮੇਰੇ ਤੋਂ ਵੱਖ ਹੋ ਗਈ।

"ਤੁਸੀਂ ਤਾਂ ਪੂਰੇ ਭਿੱਜ ਗਏ, ਬਿਮਾਰ ਨਾ ਹੋ ਜਾਇਓ, ਮੈਂ ਤੁਹਾਨੂੰ ਇਹਨਾਂ ਦੇ ਕੱਪੜੇ ਲਿਆ ਦਿੰਦੀ ਆਂ ,ਬਾਥਰੂਮ ਉਹ ਸਾਹਮਣੇ ਹੈ, ਸੱਜੇ ਪਾਸੇ...।" ਮੇਰੀ ਗੱਲ ਸੁਣੇ ਬਿਨਾਂ ਹੀ ਉਹ ਆਪਣੇ ਪਤੀ ਦੇ ਕੱਪੜੇ ਲੈਣ ਤੁਰ ਗਈ।

ਸ਼ਮੀਲ ਦੇ ਪਤੀ ਦੇ ਕੱਪੜੇ ਪਾਈ ਮੈਂ ਅਸਹਿਜ ਜਿਹਾ ਮਹਿਸੂਸ ਕਰ ਰਿਹਾ ਸਾਂ। ਆਲੇ ਦੁਆਲੇ ਦਾ ਮੁਆਇਨਾ ਕਰਦਿਆਂ ਪ੍ਰਤੀਤ ਹੋਇਆ ਜਿਵੇਂ ਘਰ ਵਿੱਚ ਹੋਰ ਕੋਈ ਵੀ ਨਹੀਂ ਸੀ ।

ਨਾਈਟ ਸੂਟ ਪਾਈ, ਵਾਲਾਂ ਨੂੰ ਤੌਲੀਏ 'ਚ ਵਲੇਟੀ ਸ਼ਮੀਲ ਬੜੀ ਪਿਆਰੀ ਲੱਗ ਰਹੀ ਸੀ। ਮੈਨੂੰ ਆਪਣੇ ਪਤੀ ਦੇ ਕੱਪੜਿਆਂ ਵਿੱਚ ਵੇਖ ਉਹ ਹੋਰ ਵੀ ਖਿੜ ਗਈ ।

"ਜਚ ਰਹੇ ਹੋ ਜਨਾਬ! ਕਿਤੇ ਨਜ਼ਰ ਨਾ ਲੱਗ ਜਾਵੇ, ਅੱਛਾ ਦੱਸੋ ਕੀ ਪੀਓਗੇ? ਚਾਹ, ਕਾਫੀ, ਰੰਮ,ਵਾਈਨ,ਵਿਸਕੀ...ਫੌਜੀਆਂ ਦੇ ਘਰਾਂ ਵਿੱਚ ਬਾਰ ਤਾਂ ਭਰੀ ਹੀ ਰਹਿੰਦੀ ਹੈ।" ਉਸ ਹੱਸ ਕੇ ਮੇਰੇ ਕੋਲ ਹੀ ਸੋਫੇ 'ਤੇ ਬੈਠਦਿਆਂ ਕਿਹਾ।

"ਕੁਝ ਵੀ, ਜੋ ਤੁਹਾਡਾ ਜੀ ਕਰੇ, ਪਿਆ ਦਿਓ।" ਮੇਰੇ ਅੰਦਰਲਾ ਮਰਦ ਬੇਚੈਨ ਤਾਂ ਜ਼ਰੂਰ ਸੀ ਪਰ ਹਜੇ ਵੀ ਸੁੰਗੜਿਆ ਬੈਠਾ ਸੀ। ਸ਼ਮੀਲ ਨੇ ਝੱਟਪਟ ਵਾਈਨ ਦੀ ਬੋਤਲ ਖੋਲੀ ਤੇ ਦੋ ਗਲਾਸਾਂ ਵਿੱਚ ਪਾਉਂਦਿਆਂ ਇਸ਼ਾਰੇ ਨਾਲ ਗਿਲਾਸ ਚੁੱਕਣ ਲਈ ਕਿਹਾ।

"ਚੀਅਰਸ!" ਦੋਹਾਂ ਦੇ ਮੂੰਹੋਂ ਇਕੱਠੇ ਹੀ ਨਿਕਲਿਆ। ਉਹ, ਕੁਝ ਖਾਣ ਲਈ ਲਿਆਉਣਾ ਤਾਂ ਮੈਂ ਭੁੱਲ ਹੀ ਗਈ। "ਬਸ...ਇਕ ਮਿੰਟ...।" ਤੇ ਉਹ ਰਸੋਈ ਵੱਲ ਤੁਰ ਗਈ ।

ਖ਼ੂਬਸੂਰਤ ਟਰੇ ਵਿੱਚ ਮੂੰਗਫਲੀ, ਚਿਪਸ, ਨਮਕੀਨ ਬਦਾਮ ਲਈ ਉਹ ਮੁੜ ਮੇਰੇ ਹੋਰ ਨੇੜੇ ਹੋ ਕੇ ਬਹਿ ਗਈ। ਵਾਈਨ ਦੇ ਸਰੂਰ ਨਾਲ ਦਿਲੋ ਦਿਮਾਗ ਨੂੰ ਮਾਰੇ ਜਿੰਦਰੇ ਤੜੱਕ ਦੇਣੀ ਖੁੱਲ੍ਹ ਗਏ। ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਅਸੀਂ ਸਿਪ ਸਿਪ ਕਰਦੇ ਵਾਈਨ ਪੀਣ ਲੱਗੇ।

"ਪਤੀ ਦੇਵ ਤਾਂ ਕਦੇ ਕਦਾਈਂ ਦੋ ਤਿੰਨ ਮਹੀਨਿਆਂ ਮਗਰੋਂ ਹੀ ਛੁੱਟੀ ਆਉਂਦੇ ਨੇ ...ਤੇ ਹੁਣ ਮੈਂ ਆਪਣੇ ਆਪ ਨਾਲ ਰਹਿਣਾ ਸਿੱਖ ਲਿਆ ਹੋਇਆ। ਕੰਮ ਵਾਲੀ ਘਰ ਦੀ ਸਾਫ਼ ਸਫ਼ਾਈ ਕਰ ਰੋਟੀ ਖਵਾ ਜਾਂਦੀ ਐ...ਤੇ ਯਾਰ ਹੋਰੀਂ ਸ਼ਾਮ ਨੂੰ ਖ਼ੂਬਸੂਰਤ ਬਣਾਉਣ ਲਈ ਵਾਈਨ ਦੇ ਨਾਲ ਨਾਲ ਮਿਊਜਿਕ ਦਾ ਲੁਤਫ਼ ਲੈਂਦੇ ਨੇ...ਜਾਂ ਫਿਰ ਕੋਈ ਕਿਤਾਬ ਪੜ੍ਹ ਲਈ ਦੀ ਐ।...ਵੈਸੇ ਵੀ ਮੈਂ ਸਾਈਕੋਲੋਜੀ ਨਾਲ ਸੰਬੰਧਿਤ ਨਵੇਂ ਨਵੇਂ ਵਿਸ਼ਿਆਂ ਨੂੰ ਪੜਦੀ ਰਹਿੰਦੀ ਹਾਂ।"' ਉਸ ਡੂੰਘਾ ਸਾਹ ਭਰਦਿਆਂ ਕਿਹਾ।

ਪਤਾ ਨਹੀਂ ਮੀਂਹ ਰੁਕਿਆ ਸੀ ਕਿ ਨਹੀਂ ਪਰ ਸਾਡੇ ਦੋਹਾਂ ਅੰਦਰ ਰਿੰਮ ਝਿੰਮ ਦੀ ਛਹਿਬਰ ਲੱਗੀ ਹੋਈ ਸੀ । ਭਲਾ ਇੰਝ ਵੀ ਕੋਈ ਕਿਸੇ ਨਾਲ ਨਾਤਾ ਜੋੜ ਸਕਦਾ।

ਸ਼ਮੀਲ ਨੇ ਵਾਈਨ ਦੀ ਬੋਤਲ ਚੁੱਕੀ ਅਤੇ ਦੋਵਾਂ ਖਾਲੀ ਗਲਾਸਾਂ ਵਿੱਚ ਪਾ ਦਿੱਤੀ। ਪਤਾ ਨਹੀਂ ਹੁਣ ਅੱਗੇ ਕੀ ਹੋਣ ਵਾਲਾ ਸੀ। ਸੋਚ ਕੇ ਹੀ ਮਨ ਲੱਡੂ ਭੌਰ ਰਿਹਾ ਸੀ।

ਮੈਂ ਦੁਵਿਧਾ ਵਿੱਚ ਸਾਂ ਕਿ ਘਰੇ ਸੁਰਜੀਤ ਉਡੀਕ ਰਹੀ ਹੋਣੀ ਹੈ। ਮੈਂ ਰੈਸਟਰੂਮ ਜਾਣ ਦੇ ਬਹਾਨੇ ਉੱਠਿਆ ਅਤੇ ਪਤਨੀ ਨੂੰ ਖਰਾਬ ਮੌਸਮ ਦਾ ਹਵਾਲਾ ਦਿੰਦਿਆਂ ਕਾਲਜ ਦੇ ਗੈਸਟ ਹਾਊਸ ਵਿੱਚ ਰੁਕਣ ਦਾ ਕਹਿ ਦਿੱਤਾ। ਅੱਗੇ ਕਦੇ ਐਦਾਂ ਨਹੀਂ ਸੀ ਹੋਇਆ ਕਿ ਮੈਂ ਝੂਠ ਮੂਠ ਦਾ ਬਹਾਨਾ ਲਾਇਆ ਹੋਵੇ। ਦਿਲ 'ਚ ਸਹਿਮ ਜਿਹਾ ਤਾਂ ਸੀ ਹੀ,' ਚਲੋ ਵੇਖੀ ਜਾਊ।' ਮੈਂ ਆਪਣੇ ਆਪ ਨੂੰ ਤਸੱਲੀ ਦਿੰਦਿਆਂ ਘਰ ਦੀਆਂ ਸੋਚਾਂ ਤੋਂ ਖਹਿੜਾ ਛੁਡਾਇਆ।

"ਹੁਣ ਮੈਨੂੰ ਚੱਲਣਾ ਚਾਹੀਦਾ, ਮੀਂਹ ਵੀ ਕੁਝ ਘਟ ਗਿਆ।" ਮੈਂ ਖਿੜਕੀ ਵਿੱਚੋਂ ਬਾਹਰ ਵੇਖਦਿਆਂ ਕਿਹਾ ਸੀ।

"ਪਰ ਮੋਟਰਸਾਈਕਲ ਤੇ ਜਾਂਦਿਆਂ ਤੁਸੀਂ ਭਿੱਜ ਜਾਓਗੇ, ਫਿਰ ਐਵੇਂ ਹੀ ਨਾ ਕਿਤੇ ਬਿਮਾਰ ਹੋ ਜਾਇਓ। ਆਰਾਮ ਨਾਲ ਬੈਠੋ ਇਥੇ, ਕੋਈ ਨਹੀਂ ਆਉਂਦਾ।" ਸ਼ਮੀਲ ਦੀਆਂ ਨਸ਼ੀਲੀਆਂ ਅੱਖਾਂ ਦੇ ਡੋਰੇ ਇਸਰਾਰ ਕਰ ਰਹੇ ਸਨ।

ਮੇਰਾ ਵੀ ਕਿਹੜਾ ਜਾਣ ਨੂੰ ਜੀ ਕਰ ਰਿਹਾ ਸੀ ਪਰ ਰਸਮੋ ਰਸਮੀ ਸ਼ਾਲੀਨਤਾ ਵਿਖਾਉਂਦਿਆਂ ਤਾਂ ਕਹਿਣਾ ਬਣਦਾ ਸੀ।

ਸ਼ਮੀਲ ਨੇ ਆਪਣਾ ਸਿਰ ਮੇਰੇ ਮੋਢੇ ਤੇ ਰੱਖਦਿਆਂ ਅੱਖਾਂ ਮੀਟ ਲਈਆਂ। ਸ਼ਾਇਦ ਉਹ ਐਨੀ ਕੁ ਇਕੱਲੀ ਸੀ ਕਿ ਉਸ ਵੇਲੇ ਮੇਰਾ ਓਹਦੇ ਕੋਲ ਹੋਣਾ ਹੀ ਅਨਮੋਲ ਸੀ, ਉਸ ਲਈ...।

ਆਪੋ ਆਪਣੇ ਅੰਦਰ ਲੱਥੇ ਅਸੀਂ ਚੁੱਪ ਚਾਪ ਇੱਕ ਦੂਜੇ ਦੇ ਸਾਹਾਂ ਦੀਆਂ ਸਰਗੋਸ਼ੀਆਂ ਸੁਣ ਰਹੇ ਸਾਂ। ਅੱਖਾਂ ਕੰਨ ਨੱਕ ਸਭ ਦੇ ਸਭ ਆਪੋ ਆਪਣਾ ਕੰਮ ਛੱਡ, ਜਿਵੇਂ ਗੱਲਾਂ ਕਰਨ ਲੱਗ ਗਏ ਹੋਣ।

ਮਹਿਸੂਸੀਆਤ ਦੀ ਪੱਧਰ ਆਪਣੀ ਚਰਮ ਸੀਮਾ 'ਤੇ ਸੀ। ਭਲਾ ਕੋਈ ਕਿਸੇ ਨਾਲ ਇੰਝ ਵੀ ਬੈਠ ਸਕਦਾ। ਜਿਸਮਾਂ ਦੀ ਨਹੀਂ... ਬਾਤ, ਰੂਹਾਂ ਦੀ ਹੋ ਰਹੀ ਸੀ। ਮੈਨੂੰ ਫਿਰ ਉਸ ਕਵਿਤਰੀ ਦੀ ਕਵਿਤਾ ਦੀਆਂ ਉਹ ਸਤਰਾਂ ਯਾਦ ਆ ਗਈਆਂ...

ਤੂੰ ਹੁੰਦਾ

ਮੇਰਾ ਪਿਤਾ ਭਰਾ ਪਤੀ ਪੁੱਤਰ
ਤੇ ਕਦੀ ਮੇਰਾ ਸਖਾ ਮਿੱਤਰ
ਮੈਂ ਕਵਿਤਾ ਹੋ ਗਈ
ਜਦੋਂ ਤੇਰੇ ਮੋਢੇ ਤੇ
ਸਿਰ ਰੱਖ ਕੇ ਸੌਂ ਗਈ...।

ਪਤਾ ਨਹੀਂ ਇਸ ਵੇਲੇ ਅਸੀਂ ਕਿਸ ਰਿਸ਼ਤੇ ਦੀ ਧਰਾਤਲ ਤੇ ਵਿਚਰ ਰਹੇ ਸਾਂ? ਕੁਝ ਰਿਸ਼ਤਿਆਂ ਦੇ ਤਾਂ ਨਾਮ ਵੀ ਨਹੀਂ ਹੁੰਦੇ?

ਸ਼ਮੀਲ ਦੀ ਤੰਦਰਾ ਭੰਗ ਨਾ ਹੋਵੇ ਇਸ ਲਈ ਮੈਂ ਆਪਣੀ ਬਾਂਹ ਉਸ ਦੇ ਮੋਢਿਆਂ ਉੱਤੋਂ ਦੀ ਵਲਾ ਕੇ ਉਸ ਨੂੰ ਚੰਗੀ ਤਰ੍ਹਾਂ ਆਪਣੇ ਨਾਲ ਲਾ ਲਿਆ।

ਪਤਾ ਨਹੀਂ ਇਹਦੇ ਮਨ ਵਿੱਚ ਕੀ ਚੱਲ ਰਿਹਾ ਹੋਵੇਗਾ? ਇਹ ਮੈਨੂੰ ਇੱਕ ਚੰਗਾ ਦੋਸਤ ਹੀ ਸਮਝ ਰਹੀ ਹੋਵੇ, ਇਸੇ ਉਧੇੜ ਬੁਣ ਵਿੱਚ ਖੁੱਭਿਆ ਮੈਂ ਆਪਣੇ ਵੱਲੋਂ ਕੋਈ ਅਜਿਹੀ ਹਰਕਤ ਨਹੀਂ ਸੀ ਕਰਨਾ ਚਾਹੁੰਦਾ, ਜਿਸ ਨਾਲ ਸ਼ਮੀਲ ਸਾਹਵੇਂ ਮੈਨੂੰ ਸ਼ਰਮਿੰਦਾ ਹੋਣਾ ਪਵੇ।

ਜਦੋਂ ਕੋਈ ਔਰਤ ਤੁਹਾਡੇ ਤੇ ਇਸ ਤਰ੍ਹਾਂ ਇਤਬਾਰ ਕਰਦੀ ਹੈ ਤਾਂ ਉਸ ਵੇਲੇ ਤੁਸੀਂ ਉਸ ਲਈ ਸਾਰੇ ਰਿਸ਼ਤਿਆਂ ਨਾਲੋਂ ਅਨਮੋਲ ਹੋ ਗਏ ਹੁੰਦੇ ਹੋ।

ਸੈਕਸ ਦਾ ਕੀ ਹੈ ਇਹ ਤਾਂ ਬੰਦਾ ਕਿਸੇ ਨਾਲ ਵੀ ਕਰ ਸਕਦੇ ਹਨ ਪਰ ਅਜਿਹਾ ਵਿਲੱਖਣ ਅਹਿਸਾਸ ਮੇਰੇ ਲਈ ਬੜਾ ਹੀ ਵਡਮੁੱਲਾ ਸੀ ।

ਸ਼ਾਇਦ ਅੱਧਾ ਘੰਟਾ ਜਾਂ ਘੰਟਾ ਅਸੀਂ ਐਵੇਂ ਹੀ ਬੈਠੇ ਰਹੇ ਸਾਂ। ਅਚਾਨਕ ਸ਼ਮੀਲ ਨੇ ਅੱਗੇ ਵੱਧਦਿਆਂ ਮੇਰੇ ਮੱਥੇ ਨੂੰ ਚੁੰਮ ਲਿਆ।

"ਤੂੰ ਬਹੁਤ ਚੰਗਾ ਤੇ ਪਿਆਰਾ ਇਨਸਾਨ ਹੈਂ। ਮੈਨੂੰ ਮਾਣ ਹੈ ਕਿ ਤੂੰ ਮੇਰੀ ਇਸ ਨੀਰਸ ਜ਼ਿੰਦਗੀ ਨੂੰ ਖ਼ਲੂਸ ਦੇ ਅਹਿਸਾਸਾਂ ਨਾਲ ਲਬਾ -ਲਬ ਭਰ ਦਿੱਤਾ।" ... ਤੇ ਬਾਕੀ ਗੱਲ ਉਸਦੇ ਮੂੰਹ ਵਿੱਚ ਹੀ ਰਹਿ ਗਈ , ਸ਼ਮੀਲ ਨੇ ਅੱਗੇ ਵੱਧ ਕੇ ਮੇਰੇ ਬੁੱਲਾਂ ਤੇ ਬੁੱਲ ਰੱਖ ਦਿੱਤੇ। ਸਾਡੇ ਦੋਹਾਂ ਦੇ ਸਰੀਰ ਹਰਕਤ ਵਿੱਚ ਆ ਗਏ ਤੇ ਫਿਰ ਜਿਸ ਸ਼ਿੱਦਤ ਨਾਲ ਅਸੀਂ ਦੋਵੇਂ ਸਿਖਰ ਵੱਲ ਵਧੇ, ਇਹ ਪਹਿਲਾਂ ਮੇਰੇ ਨਾਲ ਕਦੇ ਵੀ ਨਹੀਂ ਸੀ ਹੋਇਆ। ਸ਼ਾਇਦ ਮੈਂ ਪਹਿਲੀ ਵਾਰੀ ਸੈਕਸ ਦੇ ਇਸ ਨਿਆਰੇ ਅਹਿਸਾਸ ਦੇ ਮਰਮ ਨੂੰ ਜਾਣ ਸਕਿਆ ਸਾਂ। ਸ਼ਿੱਦਤ ਦੇ ਦਰਿਆ ਵਿੱਚ ਤੈਰਦੇ ਅਸੀਂ ਦੋਵੇਂ ਇਸ ਜਹਾਨ ਤੇ ਉਸ ਜਹਾਨ ਨੂੰ ਵੀ ਭੁੱਲ ਗਏ ਸਾਂ। ਇਹ ਜਿਸਮਾਂ ਦੀ ਖੇਡ ਨਹੀਂ ਸੀ, ਇਹ ਤਾਂ ਧਿਆਨ ਜਹੀ ਕੋਈ ਅਵਸਥਾ ਸੀ। ਸ਼ੂਨਯ 'ਚ ਜਾਣਾ ਹੀ ਤਾਂ ਭਗਤੀ ਹੁੰਦੀ ਹੈ ।

ਕਮਾਲ ਹੈ, ਬਸ ਇਕ ਇਸ ਅਹਿਸਾਸ ਦੇ ਆਸਰੇ ਹੀ ਜ਼ਿੰਦਗੀ ਦੀਆਂ ਸਾਰੀਆਂ ਤੰਗੀਆਂ ਤੁਰਸ਼ੀਆਂ, ਦੁਸ਼ਵਾਰੀਆਂ ਭੁੱਲੀਆਂ ਜਾ ਸਕਦੀਆਂ ਸਨ।

ਉਸੇ ਅਵਸਥਾ ਵਿੱਚ ਪਏ ਅਸੀਂ ਚਿੜੀਆਂ ਦੀਆਂ ਆਵਾਜ਼ਾਂ ਸੁਣ ਕੇ ਹੀ ਉੱਠੇ ਸਾਂ। ਕਿਤੇ ਕੋਈ ਮਲੀਨਤਾ ਨਹੀਂ ਸੀ ਤੇ ਨਾ ਹੀ ਸ਼ਮੀਲ ਦੀਆਂ ਅੱਖਾਂ ਵਿੱਚ ਕੋਈ ਪਛਤਾਵਾ।

ਸਹਜ ਜਿਹੇ ਅਸੀਂ ਕਾਲਜ ਜਾਂਦੇ। ਮਿਲਦੇ, ਗੱਲਾਂ ਕਰਦੇ, ਹੱਸਦੇ, ਦੁੱਖ ਸੁੱਖ ਵੰਡਦੇ ਤੇ ਮੁੜ ਕਦੇ ਇਹੋ ਜਿਹੀ ਸਥਿਤੀ ਨਾ ਬਣੀ। ਸ਼ਾਇਸਤਾ ਜਿਹੀਆਂ ਸਾਡੀਆਂ ਮੁਲਾਕਾਤਾਂ... ਇੱਕ ਦੂਜੇ ਦੇ ਸਾਥ ਦਾ ਵਡਮੁੱਲਾ ਅਹਿਸਾਸ...ਇਵੇਂ ਮਹਿਸੂਸ ਹੁੰਦਾ ਜਿਵੇਂ ਮੇਰੀਆਂ ਸਾਰੀਆਂ ਖਾਹਿਸ਼ਾਂ ਹੀ ਪੂਰੀਆਂ ਹੋ ਗਈਆਂ ਹੋਣ...ਜਿਵੇਂ ਅਨੰਤ ਬ੍ਰਹਮੰਡ ਦਾ ਭ੍ਰਹਮਣ ਕਰਕੇ ਆਤਮਾ ਅਸੀਮ ਦੀ ਥਾਹ

ਤੀਕ ਅੱਪੜ ਗਈ ਹੋਵੇ। ਅੱਜ ਮੈਨੂੰ ਇਸੇ ਦੀ ਲੋੜ ਸੀ।

'ਗੁੰਝਲ ਜਿਹੀ ਕੋਈ , ਇਕ ਖੁਤਖੁਤੀ, ਕੋਈ ਕਿਕ ਤਾਂ ਹੋਵੇ...ਇਸ ਸਰਲ ਸਪਾਟ ਜ਼ਿੰਦਗੀ ਵਿੱਚ...। ਪਿਆਰ ਓਬੈਸ਼ਨ ਹੈ, ਜ਼ਿੰਦਗੀ ਵੀ, ਕੋਈ ਅਸੀਮ ਅਥਾਹ ਜਿਹੇ ਪਲ। ਜਿਵੇਂ ਕੋਈ ਅਜਨਬੀ ਐਵੇਂ ਹੀ ਕਿਤੇ ਇਕੱਲਤਾ ਨੂੰ ਭੰਗ ਕਰਨ ਲਈ ਆ ਜਾਵੇ। ਕੁਝ ਪਲ...ਖ਼ੁਸ਼ ਖ਼ਆਬ ਜਹੇ...।' ਮੈਂ ਸੋਚਦਾ।

'ਸ਼ਮੀਲ ਸੋਚਦੀ...ਆਪਣੇ ਆਪ ਦੀ ਹੀ ਤੋੜ ਭੰਨ ਕਰਦੀ... ਇਹ ਵੀ ਕੀ ਜ਼ਿੰਦਗੀ ਹੈ, ਭਲਾ...ਉਡੀਕ...ਉਡੀਕ...ਤੇ ਉਡੀਕ...ਕੋਈ ਤਾਂ ਹੋਵੇ ਨਾ ਯਾਦ ਕਰਨ ਯੋਗ... ਉਸ ਹਨੇਰੀ ਝੱਖੜ ਵਰਗੀ ਰਾਤ ਜਿਹਾ...ਕੀ ਸੀ ਭਲਾ? ਉਹ...। ਪਲਾਂ ਚ ਸਾਲਾਂ ਦਾ ਜੀਵਨ ਜਿਉਣ ਦਾ ਅੰਦਾਜ਼ ਜਿਹਾ... ਸ਼ਮੀਲ ਵੀ ਕਿੱਥੇ ਭੁੱਲੀ ਸੀ, ਉਹ ਰਾਤ...। ਸਾਫ਼- ਸਫ਼ਾਕ...ਦਿਲ ਦੀਆਂ ਤਰਬਾਂ ਛੂੰਹਦੀ ਮੁਹੱਬਤ...। ਸਿਰਫ਼ ਇੱਕ ਰਾਤ... ਜ਼ਿੰਦਗੀ ਦਾ ਅਨਮੋਲ ਸਰਮਾਇਆ।

...ਤੇ ਮੇਜਰ ਸਾਹਿਬ, ਬਹਾਦਰੀ ਦਾ ਤਗਮਾ ਲਈ... ਇੰਨੇ ਸਾਲਾਂ ਚ ਵੀ ਮੁਸਲਸਲ ਅਜਨਬੀ... ਵਿਹਾਰਕ ਜਿਹਾ ਰਿਸ਼ਤਾ...। ਅਸੀਂ ਦੋਵੇਂ ਕਦੀ ਨਾਲ ਹੀ ਨਹੀਂ ਸਾਂ ਹੁੰਦੇ...। ਟਾਈਮ ਤਾਂ ਟਰੈਵਲ ਕਰਦਾ... ਪਰ ਅਸੀਂ ਰੁਕੇ ਜਹੇ, ਉਥੇ ਹੀ...। ਬਹੁਤੀ ਵਾਰੀ ਅਜਨਬੀ ਜਿਹੇ...।

ਓਹ ਖ਼ੂਬਸੂਰਤ ਮੌਕਾ ਮੇਲ...ਜਿਸ ਵਿਚ ਕਿਤੇ ਵੀ ਕੋਈ ਬਦਨੀਤੀ ਨਹੀਂ...ਕੋਈ ਲਾਲਚ ਵੀ ਨਹੀਂ ...। ਖ਼ਲਾਅ ਵਿਚ ਵਿਚਰਦੀ ਤਨਹਾ ਜਿਹੀ ਮੈਂ...। ਮੌਸਮ ਤੇ ਮਾਹੌਲ ਦਾ ਸਮਨਵੈ, ਤੂਫ਼ਾਨ ਤੇ ਅਸੀਂ... ਜਿਵੇਂ ਸੰਪੂਰਨ ਜ਼ਿੰਦਗੀ ਉਹਨਾਂ ਪਲਾਂ 'ਚ ਸਿਮਟ ਕੇ ਰਹਿ ਗਈ ਹੋਵੇ। ਤਾਉਮਰ...ਤੇ ਤੱਟ-ਫਟ...।

ਕੋਈ ਮੇਜਰ ਸਾਹਿਬ ਨੂੰ ਸਮਝਾਵੇ ਤਾਂ ਸਹੀ ਕਿ ਮੈਨੂੰ ਕੀ ਚਾਹੀਦਾ...? ਬਸ ਅਜਨਬੀਅਤ ਦੀ ਕੰਧ ਨੂੰ ਢਾਹੁਣਾ ਚਾਹੁੰਦੀ ਸੀ...ਸ਼ਮੀਲ...। ਇਹ ਭਲਾ ਕਿਹੋ ਜਿਹੀ ਗੁੰਝਲ ਸੀ, ਕਿਉਂ ਬੰਦੇ ਨੂੰ ਸਮਝ ਨਹੀਂ ਆਉਂਦੀ ਕਿ ਔਰਤ ਦੀ ਚਾਹਤ, ਨਿੱਕੀ ਜਿਹੀ ਖਾਹਿਸ਼, ਅਟਕੇ ਪਲਾਂ ਚ ਭੋਰਾ ਕੁ ਰਵਾਨੀ, ਕਿਸੇ ਫੁੱਲਝੜੀ ਵਾਂਗ ਚਿੰਗਾਰੀਆਂ ਛੱਡਦੀ ਜ਼ਿੰਦਗੀ।

ਭਲਾ ਔਰਤ ਮਰਦ ਪਾਣੀ ਦੇ ਗਲਾਸ, ਚਾਹ ਤੇ ਕੱਪ, ਕਾਫੀ ਦੇ ਮਗ, ਅਤੇ ਵਾਈਨ ਦੇ ਪੈਗ ਨਾਲ ਚੀਅਰਸ ਕਿਉਂ ਨਹੀਂ ਕਰ ਸਕਦੇ? ਕਿਉਂ ਲੁਕਦੇ ਲੁਕਾਉਂਦੇ ਨੇ ...ਖ਼ੂਬੀਆਂ, ਖਾਮੀਆਂ ਬੇਝਿਜਕ ਜਿਹੇ ਕਿਉਂ ਨਹੀਂ ਦਰਸਾਉਂਦੇ...? ਰੱਬੋਂ ਵਰੋਸਾਈਆਂ ਰਹਿਮਤਾਂ ਬਰਕਤਾਂ ਨੂੰ ਸਹਿਜ ਜਿਹੇ ਕਿਉਂ ਝੋਲੀ ਨਹੀਂ ਪਵਾਉਂਦੇ। ਨਾ ਸਹੀ, ਸਰੀਰਾਂ ਵਿੱਚਲੀ ਰਮਣੀਕਤਾ... ਮਨ ਵਿਚਲੀ ਵੇਵਲੈਂਥ ...ਕਿਉਂ ਨਹੀਂ ਹੰਢਾਉਂਦੇ?

ਇੱਕ ਦੂਜੇ ਦੇ ਦਿਲ ਵਿਚਲੀ ਸੰਜੀਦਗੀ ਵੇਖਣ ਸਮਝਣ ਦੀ ਲੋੜ ਹੀ ਮਹਿਸੂਸ ਨਹੀਂ ਕਰਦੇ। ਕਿਉਂ ਨਹੀਂ ਘੰਟੀ ਵੱਜਦੀ...ਉਹ ਛਿਣ, ਉਹ ਘੜੀ...ਜਦੋਂ ਦੋ ਜਣੇ ਆਪਣੇ ਆਪੇ ਨੂੰ ਭੁੱਲ ਭੁਲਾ ਦੂਜੇ ਅੰਦਰ ਵਿਚਰਦੇ ਨੇ...ਜਿੰਦਾ ਹੁੰਦੇ ਵੀ ਹਾਂ...ਜਾਂ ਮਰੇ ਹੋਏ, ਅਸੀਂ...। ਹੁਣ ਤੁਸੀਂ ਹੀ ਦੱਸੋ ਦਿਮਾਗ਼ੀ ਘੁਣਤਰਾਂ ਦੀ ਬੁਣਤੀ ਦਾ ਤਾਣਾ ਪੇਟਾ ਕਿਉਂ ਉਲਝਿਆ ਹੀ ਰਹਿੰਦਾ?

ਸ਼ਮੀਲ ਦੀ ਉਲਝੀ ਜਿਹੀ ਜ਼ਿੰਦਗੀ ਵਿੱਚ ਉਹ ਠੰਡੀ ਹਵਾ ਦੇ ਬੁੱਲੇ ਜਿਹਾ ਹੀ ਸੀ। ਇੱਕ ਤਾਂ ਸ਼ਮੀਲ ਦਾ ਮਨੋਵਿਗਿਆਨੀ ਹੋਣਾ ਤੇ ਦੂਸਰਾ ਮੇਜਰ ਸਾਹਿਬ ਦਾ ਵਿਹਾਰਕ ਸਾਖਿਆਤਕਾਰ ਉਲਝੇਵੇਂ- ਉਲਝੇਵੇਂ ਤੇ ਬਸ ਉਲਝੇਵੇਂ...ਕੋਈ ਕੀ ਜਾਣੇ ,ਦਿਲ ਦਰਿਆ ਸਮੁੰਦਰੋਂ ਡੂੰਘੇ, ਕੌਣ ਕਿੱਥੇ ਕਦੋਂ ਕਿਵੇਂ ਚੰਗਾ ਲੱਗ ਜਾਵੇ...ਦਿਲ ਨੂੰ ਛੂਹ ਜਾਵੇ...ਜਿਵੇਂ ਮੈਰੀ ਕ੍ਰਿਸਮਸ,

ਹੈਪੀ ਦਿਵਾਲੀ ਜਾਂ ਫਿਰ ਈਦ ਮੁਬਾਰਕ...।

ਮਨ ਦੀ ਇਸ ਅਵੱਸਥਾ ਦਾ ਭਲਾ ਕੋਈ ਕੀ ਕਰੇ? ਕਿਸ ਨੂੰ ਦੱਸੇ...?

ਚਾਨਣ ਤੇ ਹਨ੍ਹੇਰਾ, ਦਿਨ ਤੇ ਰਾਤ, ਖ਼ੁਸ਼ੀ ਤੇ ਗ਼ਮੀ, ਪੱਤਝੜ੍ਹ ਤੇ ਬਾਹਰ...ਸਭ ਨਾਲੋਂ ਨਾਲ ਚਲਦੇ ,ਓਵੇਂ ਜਿਵੇਂ ਸ਼ਮੀਲ ਦੀ ਜ਼ਿੰਦਗ਼ੀ ਵਿਚ ਮੇਜਰ ਸਾਹਿਬ ਤੇ ਮੈਂ...।

ਜ਼ਿੰਦਗ਼ੀ ਕਿੱਥੋਂ ਤੁਰੀ ਤੇ ਕਿੱਥੇ ਪਹੁੰਚ ਗਈ। ਸ਼ਮੀਲ ਸੋਚਦੀ...। ਫਿਰ ਕਦੇ ਓਹੋ ਜਿਹੀ ਹਨ੍ਹੇਰੀ ਵਗੀ ਹੀ ਨਹੀਂ, ਨਾ ਬਿਜਲੀ ਚਮਕੀ ਤੇ ਨਾ ਮੀਂਹ ਪਿਆ।

ਆਪੋ ਆਪਣੀਆਂ ਗ੍ਰਹਿਸਤੀਆਂ 'ਚ ਨਿਭਦੇ ਅਸੀਂ ਦੁਨੀਆਂ ਦੀ ਭੀੜ ਵਿੱਚ ਗਵਾਚ ਜਿਹੇ ਗਏ ਸਾਂ।

ਅੱਜ ਸੱਤ ਅੱਠ ਸਾਲ ਬਾਅਦ ਫਿਰ ਸ਼ਮੀਲ ਮਿਲੀ ਸੀ ਅੱਗੇ ਨਾਲੋਂ ਵੀ ਗਹਿਰ ਗੰਭੀਰ ਅਜਨਬੀਅਤ ਦੀ ਗੁਫਾ ਵਿੱਚ ਡੂੰਘੀ ਡੁੱਬੀ ਜਿਹੀ ਪਤਾ ਨਹੀਂ ਉਹ ਤੇ ਮੈਂ ਕਿਹੜੇ ਕਿਹੜੇ ਹਾਦਸਾਤ ਵਿੱਚ ਦੀ ਲੰਘਦੇ ਰਹੇ ਸਾਂ।

ਮੇਜਰ ਸਾਹਿਬ ਦੀ ਬਦਲੀ ਹੋਣ ਕਾਰਨ ਸ਼ਮੀਲ ਵੀ ਡੈਪੂਟੇਸ਼ਨ ਤੇ ਦਿੱਲੀ ਚਲੀ ਗਈ ਤੇ ਹੁਣ ਮੁੜ ਵਾਪਸ ਕਾਲਜ ਵਿੱਚ ਜੋਇਨ ਕਰ ਲਿਆ ਸੀ। ਮੇਰੀ ਸੋਚ ਸ਼ਮੀਲ ਦੀਆਂ ਅੱਖਾਂ ਵਿੱਚਲੇ ਡੱਕੋ ਡੋਲਿਆਂ ਵਿੱਚ ਮੁੜ ਓਸੇ ਅਹਿਸਾਸ ਦਾ ਸਪਰਸ਼ ਲੱਭਣ ਦੀ ਕੋਸ਼ਿਸ਼ ਕਰ ਰਹੀ ਸੀ।

ਬੰਦੇ ਦੀ ਲਾਲਸਾ ਵੀ ਕਦੇ ਖਤਮ ਨਹੀਂ ਹੁੰਦੀ। ਪਤਾ ਹੈ ਮੈਨੂੰ ਕਿ ਮੁੜ ਉਹ ਸਮਾਂ, ਓਹ ਪਲ ਛਿਣ ਮਹਿਸੂਸਿਆਤ ਕਦੇ ਨਹੀਂ ਆਉਣੀ...ਪਰ ਮੈਂ ਵੀ ਤਾਂ ਦਿਲ ਦੇ ਹੱਥੋਂ ਡਾਢਾ ਮਜ਼ਬੂਰ ਸੀ।

ਦਬੜੂ ਘੁਸੜੂ ਮੈਂ ਸਮੇਂ ਦੀਆਂ ਗੰਢਾਂ ਖੋਲ੍ਹਦਾ ਤੁਰਿਆ ਗਿਆ। ਪਤਾ ਹੀ ਨਹੀਂ ਲੱਗਦਾ ਕਿ ਜਿਉਂਦਾ ਵੀ ਹਾਂ ਕਿ ਮਰਿਆ ਹੋਇਆ। ਭਲਾ ! ਜ਼ਿੰਦਗੀ ਚੈਨ ਨਾਲ ਜਿਉਣ, ਰਹਿਣ ਦੀ ਮੋਹਲਤ ਕਿਉਂ ਨਹੀਂ ਦਿੰਦੀ? ਸੌਖਾ-ਸੌਖਾ ਜਿਉਣਾ ਹੋਵੇ ਤਾਂ... ਕਿਸੇ ਦਾ ਕੀ ਘਸ ਚਲਿਆ?

ਅੱਜ ਕਾਲਜ ਵਿੱਚ ਪੁਰਾਣੇ ਪਾਸ ਆਊਟ ਵਿਦਿਆਰਥੀਆਂ ਦੀ ਮਿਲਣੀ ਸੀ। ਬਹੁਤ ਸਾਰੇ ਵਿਦਿਆਰਥੀ ਜੋ ਕਾਲਜ ਵਿੱਚੋਂ ਪੜ੍ਹ ਕੇ ਜਾ ਚੁੱਕੇ ਸਨ, ਅੱਜ ਬੀਤੇ ਦਿਨਾਂ ਨੂੰ ਯਾਦ ਕਰ ਕਰ ਕੇ ਖ਼ੁਸ਼ ਹੋ ਰਹੇ ਸਨ। ਹਾਸੇ-ਠੱਠੇ -ਠਹਾਕੇ...ਰੌਣਕਾਂ।

ਪਿਆਰ-ਗਲਵਕੜੀਆਂ, ਦਿਲਜੋਈਆਂ...। ਖ਼ੁਸ਼ੀ 'ਚ ਖੀਵਿਆਂ ਰੂਹਾਂ...ਤੇ ਕੁਝ ਓਹ ਵੀ ਜਿਨ੍ਹਾਂ ਦੀਆਂ ਟੁੱਟ ਗਈਆਂ ਸੀ ਜੋੜੀਆਂ...।

ਮੈਂ ਵੀ ਸ਼ਮੀਲ ਨਾਲ ਪੁਰਾਣੀਆਂ ਯਾਦਾਂ ਦੀ ਗੁਦਗੁਦੀ ਮਹਿਸੂਸ ਕਰ ਰਿਹਾ ਸਾਂ। ਬੰਦਾ ਕਿੰਨਾ ਵੀ ਯਤਨ ਕਰ ਲਵੇ ਬੀਤੇ ਹੋਏ ਪਲ ਮੁੜ ਕਦੀ ਨਹੀਂ ਆਉਂਦੇ। ਬੰਦਾ ਵੀ ਅਜੀਬ ਸ਼ੈਅ ਹੈ ਬੀਤੇ ਨੂੰ ਯਾਦ ਕਰਕੇ ਖ਼ੁਸ਼ ਹੋ ਸਕਦਾ ਹੈ ਤੇ ਜਾਂ ਫਿਰ ਉਦਾਸ...।

ਮੇਰੇ ਲਈ ਸ਼ਮੀਲ ਦਾ ਸਾਥ ਨਿਘ ਭਰਪੂਰ ਸੀ। ਚਿੱਤ ਘਾਉਂ ਮਾਉਂ ਕਰਦਾ ਪ੍ਰਤੀਤ ਹੋ ਰਿਹਾ ਸੀ। ਕਾਸ਼ !ਅੱਜ ਫਿਰ ਬਿਜਲੀ ਕੜਕੇ ਮੀਂਹ ਪਵੇ ਤੇ...ਆਪੋ ਆਪਣੀਆਂ ਸੋਚਾਂ ਚ ਗ੍ਰਸਤ ਅਸੀਂ ਓਹਨਾਂ ਪਲਾਂ ਨੂੰ ਫਿਰ ਤੋਂ ਜਿਉਣ ਦੀ ਖਾਹਿਸ਼ ਲਈ ਸਬੀਲਾਂ ਘੜ ਰਹੇ ਸਾਂ।

ਪਾਰਟੀ ਕਾਫੀ ਲੇਟ ਖ਼ਤਮ ਹੋਈ ਸੀ। ਚਾਹਤਾਂ ਦੀ ਡੋਰ ਫੜੀ ਮੈਂ ਸ਼ਮੀਲ ਨੂੰ ਕੁਝ ਚਿਰ ਹੋਰ ਰੁਕਣ ਲਈ ਤਰਲਾ ਕੀਤਾ।

"ਕੌਫੀ ਜਾਂ ਵਾਈਨ...?" ਹੋਟਲ ਦੇ ਰੈਸਟੋਰੈਂਟ ਵਿਚ ਬੈਠਦਿਆਂ ਮੈਂ ਸ਼ਮੀਲ ਨੂੰ ਪੁੱਛਿਆ।

"ਵਾਈਨ ,ਉਸ ਦਿਨ ਵਾਂਗ...।" ਅੱਗੋਂ ਕੁਝ ਹੋਰ ਕਹਿੰਦੀ ਕਹਿੰਦੀ ਓਹ ਝਿਜਕ ਗਈ।

ਆਪੋ ਆਪਣੀ ਦੁਨੀਆ ਨਾਲੋਂ ਨਾਤਾ ਤੋੜਦਿਆਂ ਅਸੀਂ ਵਾਹੋ- ਦਾਹੀ ਉਸ ਪੁਰਾਣੇ ਪਲਾਂ ਵੱਲ ਮੁੜਨਾ ਤਾਂ ਚਾਹੁੰਦੇ ਸਾਂ ਪਰ ਬੁੱਲ ਸਾਥ ਲਈ ਦੇ ਰਹੇ ਸਨ।

"ਸ਼ਮੀਲ! ਜੇ ਘਰੇ ਕੋਈ ਪਰੇਸ਼ਾਨੀ ਨਾ ਹੋਵੇ ਤਾਂ ਅੱਜ ਇੱਥੇ ਹੀ ਰਹਿ ਜਾਂਦੇ ਆ, ਉਂਝ ਵੀ ਕਾਫੀ ਦੇਰ ਹੋ ਗਈ।" ਮੈਂ ਝਿਜਕਦਿਆਂ ਪੁੱਛਿਆ।

ਪੁਰਾਣੇ ਵਿਦਿਆਰਥੀ ਵੀ ਇਸੇ ਹੋਟਲ ਵਿੱਚ ਠਹਿਰੇ ਹੋਏ ਸਨ। ਯਾਦਾਂ ਦੀਆਂ ਘੁੰਮਣ ਘੇਰੀਆਂ ਅਤੇ ਬੀਤ ਗਏ ਖ਼ੂਬਸੂਰਤ ਪਲਾਂ ਨੂੰ ਮੁੜ ਸੁਰਜੀਤ ਕਰਨ ਦੀਆਂ ਕੋਸ਼ਿਸ਼ਾਂ ਵਾਲਾ ਮਾਹੌਲ ...ਸਾਡੇ ਤੇ ਵੀ ਅਸਰ ਅੰਦਾਜ਼ ਸੀ। ਨਿੱਕੀਆਂ ਨਿੱਕੀਆਂ ਗੱਲਾਂ ਕਰਦਿਆਂ, ਅਸੀਂ ਕਮਰੇ ਵਿੱਚ ਸਹਿਜ ਜਹੇ ਬੈਠੇ ਸਾਂ। ਕਿਤੇ ਕੋਈ ਕਾਹਲੀ ਨਹੀਂ ਸੀ, ਇੱਕ ਦੂਜੇ ਦਾ ਸਾਥ ਸੀ ਤੇ ਖ਼ੂਬਸੂਰਤ ਅਹਿਸਾਸ...।



"ਮੈਂ ਤੈਨੂੰ ਹੱਗ ਕਰ ਸਕਦਾਂ?" ਅਚਾਨਕ ਮੇਰੇ ਮੂੰਹੋਂ ਨਿਕਲਿਆ।

ਸ਼ਮੀਲ ਚੁੱਪ ਚਾਪ ਸਹਿਜੇ ਜਿਹੇ ਮੇਰੇ ਕਲਾਵੇ ਵਿੱਚ ਸਰਕ ਆਈ। ਕਿੰਨਾ ਹੀ ਚਿਰ ਅਸੀਂ ਇੱਕ ਦੂਜੇ ਦੀਆਂ ਧੜਕਣਾ ਨੂੰ ਸੁਣਦੇ ਰਹੇ। ਚੁੱਪਚਾਪ ਖਾਮੋਸ਼ ਜਿਵੇਂ ਕੁਝ ਕਹਿਣ ਸੁਣਨ ਦੀ ਲੋੜ ਹੀ ਨਾ ਹੋਵੇ। ਸ਼ਮੀਲ ਦੀ ਗਲਵੱਕੜੀ ਨੇ ਜਿਵੇਂ ਮੈਨੂੰ ਮੁੜ ਸੁਰਜੀਤ ਕਰ ਦਿੱਤਾ ਸੀ । ਸਿਲ ਪੱਥਰ ਹੋਇਆ ਮੇਰਾ ਸਰੀਰ ਭਾਂਬੜ ਵਾਂਗਰਾ ਮਘਣ ਲੱਗ ਪਿਆ ਸੀ। ਮਨ ਦੀ ਡੂੰਘੀ ਧਰਾਤਲ ਤੇ ਪਿਆ ਮੁਹੱਬਤੀ ਅਹਿਸਾਸ ਮੁੜ ਗੁਦਗਦੀ ਕਰ ਰਿਹਾ ਸੀ।

ਸਾਹੋ ਸਾਹੀ ਹੋਏ ਅਸੀਂ ਅਜੇ ਵੀ ਚੁੱਪਚਾਪ ਅਬੋਲ ਪਏ ਸਾਂ। ਸ਼ਮੀਲ ਨੇ ਚਾਦਰ ਦਾ ਪੱਲਾ ਖਿੱਚ ਕੇ ਆਪਣੇ ਆਪ ਨੂੰ ਢੱਕ ਲਿਆ ਸੀ। ਜ਼ਿੰਦਗੀ ਤਾਂ ਸੀ...ਠੀਕ ਠਾਕ ਵੀ ਸੀ...ਪਰ ਕਿਕ ਕਿਧਰੇ ਨਹੀਂ ਸੀ। ਇਹ ਪਲ ਥੋੜ ਚਿਰੇ, ਸੀਮਤ ਸਨ...ਪਰ ਬੜੇ ਅਨਮੋਲ ਸਨ। ਮੈਂ ਤਾਂ ਭੁੱਲ ਹੀ ਗਿਆ ਸਾਂ ਜਿਉਣ ਦਾ ਵਲ...। ਸ਼ਮੀਲ ਦੀ ਅਹਿਸਾਸੇ -ਸ਼ਿੱਦਤ ਅਤੇ ਸਮਰਪਣ ਭਾਵਨਾ ਕਰਕੇ , ਮੈਂ ਸਿਖਰ ਤੇ ਅਪੜਿਆ ਮਹਿਸੂਸ ਕਰ ਰਿਹਾ ਸਾਂ।

"ਨਿਰੀ ਸੈਕਸ ਤਾਂ ਨਹੀਂ ਸੀ, ਇਹ...। ਇਹ ਮੁਲਾਕਾਤ, ਇਹ ਪਲ, ਬੜੇ ਅਨਮੋਲ ਸਨ। ਸਾਂਭਣਯੋਗ...ਫਿਰ ਕਦੇ ਇਹ ਸਮਾਂ ਆਵੇ ਜਾਂ ਨਾ ਆਵੇ।"

ਮਰਿਆ ਜਿਹਾ ਮੇਰਾ ਮਨ ਮੁੜ ਧੜਕਦਾ ਮਹਿਸੂਸ ਹੋ ਰਿਹਾ ਸੀ। ਸ਼ਮੀਲ ਅੱਖਾਂ ਮੀਟੀ, ਮੇਰੀ ਬਾਂਹ ਤੇ ਸਿਰ ਰੱਖੀ, ਸੁੱਤੀ ਪਈ ਬੜੀ ਪਿਆਰੀ ਲੱਗ ਰਹੀ ਸੀ।

... ਤੇ ਮੇਰਾ ਮਨ ਅਸਮਾਨੀ ਉਡਾਰੀਆਂ ਲਾਉਂਦਾ, ਆਪਣੇ ਆਪ ਨੂੰ ਯਕੀਨ ਦਵਾ ਰਿਹਾ ਸੀ..."ਕਿ ਮਰਿਆ ਨਹੀਂ ਸਾਂ... ਮੈਂ ਹਾਲੇ ਜਿਉਂਦਾ ਹਾਂ।" (**ਸੰਪਰਕ 98151-72073**)

ਕਹਾਣੀ

# ਮਿਰਗਛਲੀ

**ਹਰਮੇਸ਼ ਮਾਲੜੀ**



ਮੰਜੀ ਦੀ ਦੌਣ ਕੱਸਦਿਆਂ, ਰੌਣਕੀ ਨੇ ਜ਼ੋਰ ਦੀ ਈਂਅ ਕਿਹਾ ਤੇ ਮੁੰਜ ਦੀ ਰੱਸੀ ਉਹਦੇ ਹੱਥ ਕੋਲੋਂ ਟੁੱਟ ਗਈ, ਸੱਜੇ ਹੱਥ ਦਾ ਸਾਰਾ ਜ਼ੋਰ ਰੱਸੀ 'ਤੇ ਪਾਇਆ ਹੋਣ ਕਰਕੇ ਉਹਦਾ ਮੂੰਹ ਜ਼ੋਰ ਨਾਲ ਦੌਣ 'ਤੇ ਵੱਜਾ... 'ਓ ਤੇਰੀ... ਭ..., ਉਹਦੇ ਮੂੰਹੋਂ ਮਸੀਂ ਨਿਕਲਿਆ।

"ਇਹ ਵੀ ਤੋੜਤੀ !... ਜ਼ੋਰ ਜ਼ਰਾ ਘੱਟ ਲਾ ਲਾ...।" ਲਾਗੇ ਬੈਠੀ ਸ਼ੀਨਾ ਨੂੰ ਲੱਗਾ ਜਿਵੇਂ ਮੰਜੀ ਦਾ ਸਰਾਉ ਟੁੱਟ ਗਿਆ।

"ਮੇਰਾ ਮੂੰਹ ਭੱਜ ਗਿਆ ਇਹਨੂੰ ਮੰਜੀ ਦੀ ਪਈ ਹੋਈ ਆ... ਭ..ਚ... ਚੌਣਾਂ ਸਾਰੀ ਦਿਹਾੜੀ ਲੋਟਣੀਆਂ ਲਾਉਂਦਾ ਰਹਿੰਦਾ, ਇਹ ਨ੍ਹੀਂ ਵੀ 'ਮਾਂ' ਨੂੰ ਕੱਸ ਵੀ ਲਈਏ...।" ਬੋਲਦੇ ਬੋਲਦੇ ਰੌਣਕੀ ਨੂੰ ਸਾਹ ਚੜ੍ਹ ਗਿਆ, ਦਮੇ ਦਾ ਮਰੀਜ਼ ਹੋਣ ਕਰਕੇ ਰਤਾ ਉੱਚੀ ਬੋਲਿਆ ਵੀ ਉਹਦਾ ਦਮ ਉੱਖੜ ਜਾਂਦਾ ਸੀ।

...ਸ਼ੀਨਾ ਨੇ ਇਕ ਨਜ਼ਰ ਮੰਜੀ ਵੱਲ ਵੇਖਿਆ, ਮੁੰਜ ਦੇ ਬਾਣ ਨਾਲ ਚੌਂਕੜੀਆਂ ਬੁਣੀ ਹੋਈ ਮੰਜੀ ਦੀਆਂ ਕਈ ਰੱਸੀਆਂ ਟੁੱਟ ਕੇ ਹੇਠਾਂ ਵੱਲ ਨੂੰ ਲਮਕੀਆਂ ਹੋਈਆਂ ਸਨ, ਬਾਂਸ ਦੀਆਂ ਬਾਹੀਆਂ ਵਿਚਕਾਰੋਂ ਕੱਸ ਪੈਣ ਕਰਕੇ ਅੰਦਰ ਵੱਲ ਨੂੰ ਇਉਂ ਧੱਸ ਗਈਆਂ ਸਨ ਜਿਵੇਂ ਰੌਣਕੀ ਦਾ ਢਿੱਡ ਅੰਦਰ ਵੱਲ ਨੂੰ ਪਿਚਕਿਆ ਹੋਇਆ ਸੀ।... ਮੰਜੀ ਤੋਂ ਨਜ਼ਰ ਹਟਾ ਕੇ ਉਸ ਇਕ ਪਲ ਰੌਣਕੀ ਵੱਲ ਤੱਕਿਆ "ਤਾਰੂ ਦੇ ਭਾਪਾ ਤੂੰ ਕੀ... ਰੋਜ਼ ਈ ਢੋਲਕੀ ਵਾਂਗੂੰ ਕੱਸਣ ਬਹਿ ਜਾਨੈਂ...।" ਸ਼ੀਨਾ ਦੇ ਢੋਲਕੀ ਕਹਿਣ 'ਤੇ ਰੌਣਕੀ ਫੇਰ ਭੜਕ ਪਿਆ "ਹੋਰ ਝੋਲ਼ੀ 'ਚ ਪੈ ਕੇ ਹੂਟੇ ਲਿਆ ਕਰਾਂ... ਭ... ਚ... ਦਸ ਮਿੰਟ ਕਿਤੇ ਲੱਕ ਸਿੱਧਾ ਕਰਨਾ ਹੁੰਦਾ, ਇਹ'ਤੇ ਪੈ ਕੇ ਹੋਰ ਦੁਖਣ ਲੱਗ ਪੈਂਦਾ...।" ਰੌਣਕੀ ਨੂੰ ਇਸ ਗੱਲ ਨੇ ਹੋਰ ਗੁੱਸਾ ਚੜ੍ਹਾ ਦਿੱਤਾ ਸੀ ਬਈ ਸ਼ੀਨਾ ਨੇ ਉਹਦੇ ਮੂੰਹ ਭੱਜ ਜਾਣ 'ਤੇ ਹਜੇ ਤਾਈਂ ਵੀ ਅਫ਼ਸੋਸ ਨਹੀਂ ਸੀ ਜਤਾਇਆ, ਉਹ ਤਾਂ 'ਹਜੇ ਵੀ ਟੁੱਟੀਆਂ ਲਮਕੀਆਂ ਰੱਸੀਆਂ ਵੱਲ ਹੀ ਦੇਖੀ ਜਾਂਦੀ ਸੀ।

...ਇਹ ਨਿੱਕੀ ਜਿਹੀ ਮੰਜੀ ਉਹਨਾਂ ਉਦੋਂ ਬਣਵਾਈ ਸੀ ਜਦੋਂ ਤਾਰੂ ਹਾਲੇ ਨਿੱਕਾ ਜਿਹਾ ਹੁੰਦਾ ਸੀ, ਗਰਮੀਆਂ-ਸਰਦੀਆਂ 'ਚ ਧੁੱਪੇ ਛਾਵੇਂ ਕਰਨ ਦੀ ਬੜੀ ਸੌਖ ਰਹਿੰਦੀ ਸੀ... ਘਰ ਤਾਂ ਉਹਨਾਂ ਦੇ ਹਨੇਰੀ ਵਗਦੀ ਤੋਂ ਵੀ ਹਵਾ ਨਹੀਂ ਸੀ ਲੱਗਦੀ।... ਗਰਮੀਆਂ ਨੂੰ ਤਾਂ ਘਰੇ ਦਮ ਘੁੱਟਣ ਲੱਗ ਪੈਂਦਾ ਸੀ। ਸ਼ੀਨਾ, ਸੜ੍ਹਕ ਕਿਨਾਰੇ ਡੇਕਾਂ ਥੱਲੇ ਮੰਜੀ ਡਾਹੀ... ਸਾਰੀ ਸਾਰੀ ਦਿਹਾੜੀ ਤਾਰੂ ਨੂੰ ਪੱਖੀ ਝੱਲਦੀ... ਪਰ ਕਿਤੇ ਕਿਤੇ ਜਦੋਂ ਉਹ ਅਖ਼ਤਾ ਹੋ ਜਾਂਦੀ ਤਾਂ ਬਿਜਲੀ ਵਾਲਿਆਂ ਨੂੰ ਗਾਲ਼ਾਂ ਕੱਢਣ ਲੱਗ ਪੈਂਦੀ... ਵਿੱਚੇ ਈ ਉਹ ਰੌਣਕੀ ਕੇ ਟੱਬਰ ਨੂੰ ਧਰ ਲੈਂਦੀ "ਔਂਤਰੇ... ਓਦੋਂ ਕਹਿੰਦੇ... ਅਖੇ... ਔਹ ਸੜਕ ਤਾਈਂ ਸਾਰਾ ਥਾਂ ਸਾਡਾ ਈ ਆ... ਨਿਕਲਿਆ ਝੁੰਗੇ 'ਚੋਂ ਦੋ ਮਰਲੇ... ਮੰਜੀ ਡਾਉਣ ਨੂੰ ਥਾਂ ਨਹੀਂ..."।

ਸ਼ੀਨਾ ਜਦੋਂ ਵਿਆਹੀ ਆਈ ਸੀ ਤਾਂ ਸੜਕ ਨਾਲ ਦਾ ਇਹ ਸਾਰਾ ਪਲਾਟ ਵੇਹਲਾ ਹੀ ਪਿਆ



ਹੁੰਦਾ ਸੀ, ਰੌਣਕੀ ਕਾ ਕੱਚਾ ਘਰ ਸੜਕ ਨਾਲੋਂ ਹੱਟਵਾਂ ਸੀ, ਜੀਹਨੂੰ ਰਾਹ ਪੰਜ ਫੁੱਟੀ ਗਲੀ ਵੱਲੋਂ ਲੱਗਦਾ ਸੀ। ਪਰ ਵਿਚੋਲਣ ਨੇ ਉਂਗਲ ਘੁੰਮਾ ਦਿੱਤੀ... " ਸੁਖ ਨਾਲ ਔਹ ਸੜ੍ਹਕ ਤਾਈਂ ਸਾਰਾ ਥਾਂ ਇਹਨਾਂ ਦਾ ਹੀ ਆ... ਆਪੇ ਕੱਚਿਆਂ ਤੋਂ ਪੱਕੇ ਬਣ ਜਾਣਗੇ... ਮੁੰਡੇ ਸੁੱਖ ਨਾਲ ਬਥੇਰੇ ਕਮਾਊ ਆ"!

ਪਿੱਛੋਂ, ਭਰਾਵਾਂ ਵੰਡ 'ਚ, ਰੌਣਕੀ ਦੇ ਹਿੱਸੇ ਜਿਹੜੇ ਦੋ ਮਰਲੇ ਆਏ, ਉਹਨਾਂ ਦਾ ਆਲਾ ਦੁਆਲਾ ਜਦੋਂ ਛੱਤਿਆ ਗਿਆ ਤਾਂ ਰੌਣਕੀ ਕਾ ਘਰ ਪੀਪੇ ਵਰਗਾ ਬਣ ਗਿਆ ਜਿਥੇ ਨਾ ਧੁੱਪ ਜਾਂਦੀ ਸੀ ਨਾ ਹਵਾ ਲੱਗਦੀ ਸੀ। ਪਿੱਛੇ ਇਕ ਕੋਠਾ ਸੀ, ਜੀਹਦੇ ਦਰਵਾਜ਼ੇ ਤੋਂ ਸਿੱਧਾ ਗਲੀ ਵਾਲਾ ਦਰਵਾਜ਼ਾ ਸੀ, ਦੋਂਹ ਦਰਵਾਜ਼ਿਆਂ ਲਈ ਪੰਜ ਫੁੱਟ ਥਾਂ ਛੱਡ ਕੇ ਬਾਕੀ ਬਚਦੀ ਥਾਂ 'ਚ ਬਰਾਂਡੇ ਨੁਮਾ ਛੱਤੜਾ ਜਿਹਾ ਛੱਤਿਆ ਹੋਇਆ ਸੀ ਜੀਹਦੀ ਇੱਕ ਨੁਕਰੇ ਰੌਣਕੀ ਆਪਣੀ ਖੱਚਰ ਬੰਨ੍ਹਦਾ ਸੀ ਤੇ ਦੂਜੀ ਨੁਕਰੇ ਹੋਰ ਨਿੱਕ-ਸੁੱਕ ਪਿਆ ਹੁੰਦਾ ਸੀ। ਦੋਹਾਂ ਦਰਵਾਜ਼ਿਆਂ ਲਈ ਛੱਡੇ ਲਾਂਘੇ 'ਚ ਬੂਰੇ ਵਾਲੀ ਅੰਗੀਠੀ ਰੱਖ ਕੇ ਸ਼ੀਨਾ ਰੋਟੀ ਟੁੱਕ ਕਰਿਆ ਕਰਦੀ ਸੀ.... ਹੁਣ ਜਦੋਂ ਦਾ ਰੌਣਕੀ ਦਾ ਰੇੜ੍ਹਾ ਤੇ ਖੱਚਰ ਵਿਕੀ ਸੀ... ਖੱਚਰ ਵਾਲੀ ਜਗ੍ਹਾ ਉਹਦੀ ਮੰਜੀ ਆ ਗਈ ਸੀ... ਹੁਣ ਵੀ ਉਹ ਉੱਥੇ ਹੀ ਮੰਜੀ ਨੂੰ ਕੱਸ ਰਿਹਾ ਸੀ ਤੇ ਸ਼ੀਨਾ ਰੋਟੀ ਟੁੱਕ ਦੇ ਆਹਰ ਲੱਗੀ ਹੋਈ ਸੀ।

ਰੌਣਕੀ ਨੇ ਸ਼ਾਇਦ ਟੁੱਟੀ ਰੱਸੀ ਗੰਢ ਲਈ ਸੀ ਤੇ ਉਹਦਾ ਦਮ ਵੀ ਸਾਂਵਾ ਸੀ, ਸ਼ੀਨਾ ਵੱਲ ਦੇਖੇ ਬਿਨਾਂ ਹੀ ਉਹ ਪੈਂਤੜਾ ਬਦਲ ਕੇ ਫਿਰ ਸ਼ੁਰੂ ਹੋ ਗਿਆ "ਮਖ ਲਾਟ ਸਾਬ੍ਹ ਕਿਥੇ ਆ... ਪਤਾ ਕੁਛ...?"

ਸ਼ੀਨਾ ਚੁੱਪ ਰਹੀ... ਉਹਦੇ ਮਨ 'ਚ ਸੀ ਐਵੇਂ ਕਲੇਸ਼ ਨਾ ਛਿੜ ਜਾਵੇ ਪਰ ਰੌਣਕੀ ਨੇ ਉਹਦੇ ਹੁੰਗਾਰੇ ਤੋਂ ਬਿਨਾਂ ਹੀ ਆਪਣਾ 'ਵਿਖਿਆਨ' ਜਾਰੀ ਰੱਖਿਆ "ਘਰ ਤਾਂ ਇਹਦੀ... ਨ੍ਹੀ ਲੱਗਦੀ ... ਕੈ ਵਾਰੀ ਕਿਹਾ ਕਮੂਤ ਦੀ ਮਾਰ ਨੂੰ ਬਈ ਭੰਗ ਪੀਣਿਆਂ ਦਾ ਖਹਿੜਾ ਛੱਡ ਦੇ... ਕੰਨ ਗਲੇਲ

ਈ ਨ੍ਹੀਂ ਪਾਉਂਦਾ... ਅਖੇ... ਭੈੜੇ ਭੈੜੇ  ਯਾਰ ਮੇਰੀ ਫੱਤੋ ਦੇ...।"

"ਤਾਰੂ ਦੇ ਭਾਪਾ... ਕਿਉਂ ਐਵੇਂ ਬੋਲੀ ਜਾਨੈਂ... ਬਾਬੇ ਸੁਥਰੇ ਈ ਗਿਆ ਹੋਣੈਂ... ਹੋਰ ਉਨ੍ਹੇ ਕਿੱਥੇ ਜਾਣੈ...।"

"ਇਕ ਤਾਂ ਭ...ਚ... ਇਹਦੇ ਮਾਤਾ ਬਾਬੇ ਈ ਨੀ ਸੂਤ ਆਉਂਦੇ, ਜਦੋਂ ਦੇਖੋ... ਮਾ...।" ਕੁਝ ਕਹਿੰਦਿਆਂ ਕਹਿੰਦਿਆਂ ਰੌਣਕੀ ਰੁਕ ਗਿਆ। ਸ਼ਾਇਦ ਉਸ, ਸ਼ੀਨਾ ਦੇ ਚਿਹਰੇ ਦਾ ਭਖਾ ਤਾੜ ਲਿਆ ਸੀ... ਪਰ ਬੁੜ ਬੁੜ ਕਰਨੋਂ ਉਹ ਅਜੇ ਵੀ ਨਹੀਂ  ਸੀ ਹਟਿਆ।

ਅੱਜ ਤੀਜਾ ਦਿਨ ਸੀ... ਰੌਣਕੀ, ਇਸੇ ਤਰ੍ਹਾਂ ਬੋਲੀ ਜਾ ਰਿਹਾ ਸੀ... ਕਦੇ ਉਹ ਤਾਰੂ ਨੂੰ ਧਰ ਲੈਂਦਾ... ਕਦੇ ਸੱਤੀ ਨੂੰ ਤੇ ਕਦੇ ਰੱਜੀ ਨੂੰ... 'ਸ਼ੀਨਾ ਤਾਂ ਉਹਦੇ 'ਸਿੱਧੇ ਹਮਲੇ' ਹੇਠ ਸੀ ਜਿਵੇਂ ਕਿਤੇ ਤਾਰੂ ਦਾ ਰਿਸ਼ਤਾ ਸ਼ੀਨਾ ਨੇ ਹੀ ਤੁੜਵਾਇਆ ਹੋਵੇ,... ਪਰਸੋਂ ਜਦੋਂ, ਸੱਤੀ ਗੁਆਂਢਣ, ਘਰ ਆ ਕੇ ਰਿਸ਼ਤਿਓਂ ਜਵਾਬ ਦੇ ਕੇ ਗਈ ਸੀ... ਉਦੋਂ ਨਾ ਤਾਰੂ ਘਰ ਸੀ ਨਾ ਰੌਣਕੀ, ਤਾਰੂ ਨੂੰ ਜਦੋਂ ਪਤਾ ਲੱਗਿਆ ਉਹ ਤਾਂ ਉਦੋਂ ਹੀ ਘਰੋਂ 'ਉਡੰਤਰ' ਹੋ ਗਿਆ... ਸਦਮੇ ਦੀ ਮਾਰੀ ਸ਼ੀਨਾ ਘਰੋਂ ਬਾਹਰ ਨੀ ਸੀ ਨਿਕਲੀ, ਉਸ ਰੌਣਕੀ ਨੂੰ ਬਥੇਰੇ ਵਾਸਤੇ ਪਾਏ ਸਨ "ਤਾਰੂ ਦੇ ਭਾਪਾ ਕਰਮਾਂ ਦੀਆਂ ਗੱਲਾਂ, ਜੂੜੀ ਸੰਜੋਗਾਂ ਤੋਂ ਬਗ਼ੈਰ ਕੁਝ ਨੀ ਹੁੰਦਾ... ਜਦੋਂ ਕੁੜੀ ਨ੍ਹੀਂ ਮੰਨਦੀ, ਸੱਤੀ ਹੋਰੀਂ ਕੀ ਕਰਨ।" ਪਰ ਰੌਣਕੀ ਨੂੰ ਲੱਗਦਾ ਸੀ ਜਿਵੇਂ ਕੁੜੀ ਵਾਲਿਆਂ ਨੇ ਉਹਨਾਂ ਦੀ ਬੂਹੇ ਅੱਗਿਓਂ ਜੰਞ ਮੋੜ'ਤੀ ਹੋਵੇ।


ਸਾਰੇ ਮੁਹੱਲੇ 'ਚ ਤਾਂ ਤਾਰੂ ਦੇ ਵਿਆਹ ਦੀ ਚਰਚਾ ਇਉਂ ਛਿੜੀ ਹੋਈ ਸੀ ਜਿਵੇਂ ਕੋਈ ਚਿਰਾਂ ਦਾ ਅੜਿਆ ਪੰਚਾਇਤੀ ਕੰਮ ਹੋਣ ਲੱਗਾ ਹੋਵੇ... ਮਤੇ ਇਹਦੇ ਨਾਲ ਸਾਰੇ ਮੁਹੱਲੇ ਨੂੰ ਸੌਖ ਹੋ ਜਾਣੀ ਹੋਵੇ!

....ਤੀਹਾਂ ਦੀ ਵਰੇਸ ਟੱਪ ਚੁੱਕੇ ਤਾਰੂ ਦਾ ਕੱਦ ਵੀ, ਪਿਉ ਵਾਂਗ ਪੰਜ ਫੁੱਟ 'ਤੇ ਹੀ ਅਟਕ ਗਿਆ ਸੀ, ਪਰ ਪਿਓ ਦੇ ਉਲਟ ਤਾਰੂ ਦਾ ਢਿੱਡ ਬੀਨ ਵਾਂਗ ਫੁੱਲਿਆ ਹੋਇਆ ਸੀ, ਜੀਹਦੇ ਕਰਕੇ ਉਹਦਾ ਨਾਂਅ ਤਾਰੂ ਬੀਨ ਪੱਕ ਗਿਆ ਸੀ।... ਉਹਦੇ ਮੋਢਿਆਂ 'ਤੇ ਲੱਗਿਆ ਸਿਰ ਦੇਖ ਕੇ ਇਉਂ ਲੱਗਦਾ ਸੀ ਜਿਵੇਂ ਧੌਣ ਹੋਵੇ ਹੀ ਨਾ, ਇਹ ਤਾਂ ਉਹਦੇ ਗਲ਼ 'ਚ ਪਾਈ ਚਾਂਦੀ ਦੀ ਸਿੰਙੀ ਕਰਕੇ ਲੱਗਦਾ ਸੀ ਬਈ ਧੌਣ ਹੈਗੀ ਆ, ਪਰ ਸਿੰਙੀ 'ਚ ਪਰੋਏ ਕਾਲੇ ਧਾਗੇ ਨੂੰ ਉਸ ਗਲ਼ ਦੁਆਲੇ ਇਉਂ ਪੀਚਿਆ ਹੋਇਆ ਸੀ ਬਈ ਬੋਲਣ ਲੱਗੇ ਗਲ਼ ਦੀਆਂ ਨਾੜਾਂ ਫੁੱਲਦੀਆਂ ਸਨ, ਜਦੋਂ ਉਹ ਘੈਂ ਘੈਂ ਕਰਕੇ ਬੋਲਦਾ ਤਾਂ ਦੇਖਣ ਵਾਲੇ ਨੂੰ ਲੱਗਦਾ ਕਿ ਧਾਗੇ ਦੀ ਘੋਟ ਕਰਕੇ ਨਾੜਾਂ ਫੁੱਲਦੀਆਂ,... ਪਰ ਤਾਰੂ ਸਹਿਜ ਸੀ, ਦੀਨ ਦੁਨੀਆ ਤੋਂ ਬੇਖ਼ਬਰ... ਆਪਣੀ ਦੁਨੀਆ 'ਚ ਮਸਤ... ਵਿਆਹ ਦੀ ਆਸ ਉਸ ਲਗਪਗ ਮੁਕਾਅ ਛੱਡੀ ਸੀ!

...ਜਿਉਂ ਰੌਣਕੀ ਨੂੰ ਦਮੇ ਦੀ ਮਰਜ ਨੇ 'ਦਬੋਚਿਆ' ਸੀ ਘਰ ਦਾ ਸਾਰਾ ਜਾਂਵੀਆਂ ਹੀ ਵਿਗੜ ਗਿਆ ਸੀ। ਤਾਰੂ ਤੋਂ ਛੋਟੀਆਂ ਦੋਵੇਂ ਕੁੜੀਆਂ ਦੇ 'ਮਾੜੇ ਪਤਲੇ' ਕਾਰਜ ਕਰਦਿਆਂ, ਵਿਆਜੂ ਪੈਸਿਆਂ ਨੇ ਉਹਦਾ ਰੇੜਾ ਤੇ ਖੱਚਰ ਵਿਕਾ ਦਿੱਤੇ ਸੀ।... ਤਾਰੂ ਦੀ ਵਿਰਲੀ ਟਾਵੀਂ ਦਿਹਾੜੀ ਨਾਲ ਘਰ ਦਾ ਚੁੱਲ੍ਹਾ ਤਾਂ ਤੱਪਦਾ ਸੀ ਪਰ ਮੁੜ ਘਰ 'ਤੇ ਇਕ ਇੱਟ ਵੀ ਨਹੀਂ ਸੀ ਲੱਗੀ, ਨਾ ਟੀਪ ਦਾ ਪਲੱਸਤਰ... ਨੰਗੀਆਂ ਕੰਧਾਂ ਦੀਆਂ ਵਿੱਥਾਂ 'ਚ ਕਿਰਲੀਆਂ ਦਾ ਵਾਸਾ ਸੀ।

....ਤਾਰੂ ਨੂੰ 'ਦੇਖਣ' ਵਾਲੇ ਤਾਂ ਕਈ ਆਏ ਪਰ ਉਹ ਜਾਂ ਤਾਂ ਉਹਦੇ ਬੇਢੱਬੇ ਜਿਹੇ ਸਰੀਰ ਨੂੰ ਨਿੰਦ ਜਾਂਦੇ ਜਾਂ ਘਰ ਦੀ ਹਾਲਤ ਦੇਖ ਕੇ ਜਵਾਬ ਦੇ ਜਾਂਦੇ... 'ਇਹ ਰੱਜੀ ਵਾਲਾ ਰਿਸ਼ਤਾ ਤਾਂ ਬੈਠੇ ਬਿਠਾਏ ਉਹਨਾਂ ਦੀ ਝੋਲੀ 'ਚ ਬੇਰ ਵਾਂਗ ਡਿੱਗਿਆ ਸੀ... ਬਸ ਇਉਂ ਕਹਿ ਲਓ ਬਈ, ਓਦਣ

ਕਬੂਤਰ, ਕਾਸਦ ਬਣ ਕੇ ਉਹਨਾਂ ਦੇ ਕੋਠੇ ’ਤੇ ਆਣ ਬੈਠਾ ਸੀ। ਗਲੀ ’ਚ ਨਿਆਣਿਆਂ ਦੀ ਰੌਲੀ ਸੁਣਕੇ.., ਖਿਝਿਆ ਹੋਇਆ ਤਾਰੂ ਅੰਦਰੋਂ ਬਾਹਰ ਨਿਕਲਿਆ,



“ਕੀ ਗੱਲ ਓਏ ਭੂਤਨੀ ਦਿਓ... ਖੱਪ ਪਾਈ ਆ...।” ਉਹਦੀ ਜਾਚੇ ਵੀ ਨਿਆਣਿਆਂ ਦਾ ਪਤੰਗ ਡਿੱਗ ਪਿਆ ਹੋਣੈ।

“’ਤਾਡੇ ਕੋਠੇ ’ਤੇ ਕਬੂਤਰ ਆ...।” ਸਾਹ ਚੜ੍ਹੇ ਨਿਆਣਿਆਂ ਦੀ ’ਕੱਠੀ ਆਵਾਜ਼ ਸੀ।

“ਕਿੱਥੇ ਆ ਓਏ?” ਤਾਰੂ ਦਾ ਇਕ ਦਮ ਜ਼ਿਹਨ ਬਦਲ ਗਿਆ। ਕੰਧ ਦੇ ਦਾੜ੍ਹੇ ’ਚ ਪੈਰ੍ਹ ਫਸਾ ਕੇ ਉਸ ਧੌਣ ਜਦੋਂ ਬਨ੍ਹੇਰੇ ਤੱਕ ਉਤਾਂਹ ਕੀਤੀ ਤਾਂ ਬੱਕਿਆਂ ਹੀ ਇਕ ਨੁੱਕਰੇ, ਕਬੂਤਰ ਸੈਹਮਿਆ ਬੈਠਾ ਸੀ। ਦਾੜ੍ਹੇ ’ਤੇ ਲਮਕੇ ਲਮਕੇ ਨੇ ਉਸ ਸ਼ੀਨਾ ਨੂੰ ਹੌਲੀ ਜਿਹੇ ਆਵਾਜ਼ ਦਿੱਤੀ “ਮੰਮੀਏ... ਇਕ ਰੋਟੀ ਫੜਾਈਂ।”... ਮਲਕ ਮਲਕ ਬਿੱਲੀ ਵਾਂਗ ਕੋਠੇ ’ਤੇ ਚੜ੍ਹਦਿਆਂ, ਰੋਟੀ ਦੇ ਭੋਰੇ ਕਬੂਤਰ ਵੱਲ ਸੁੱਟਦਿਆਂ; ਆ... ਆ... ਕਰਦਿਆਂ ਦੀ ਉਹਦੀ ਨਿਗ੍ਹਾ ਅਚਾਨਕ ਮੰਗੇ ਹਲਵਾਈ ਕੇ ਕੋਠੇ ’ਤੇ ਗਈ, ਤਾਂ ਰੱਜੀ ਅਡੋਲ ਖੜ੍ਹੀ, ਕਬੂਤਰ ਫੜ੍ਹ ਹੁੰਦਾ ਦੇਖ ਰਹੀ ਸੀ।“ ਇਹ ਕੌਣ ਆ? ਤਾਰੂ ਇਕ ਦਮ ਚੌਂਕ ਗਿਆ। “ਹਈਛਾ... ਮੰਗੇ ਦੀ ਸਾਲੀ” ਦੂਜੇ ਪਲ ਆਪੇ ਉਸ ਆਪਣੇ ਆਪ ਨੂੰ ਜਵਾਬ ਦਿੱਤਾ। ...ਆ... ਆ... ਤਾਂ ਉਹ ਕਬੂਤਰ ਨੂੰ ਕਰ ਰਿਹਾ ਸੀ ਪਰ ਦੇਖ ਕੁੜੀ ਵੱਲ ਰਿਹਾ ਸੀ, ਕਬੂਤਰ ਵੱਲੋਂ ਬੇਧਿਆਨਾ ਹੋਣ ਕਰਕੇ, ਨੇੜ੍ਹੇ ਗਿਆਂ ਤੋਂ ਕਬੂਤਰ ਫ਼ੁਰਰ ਕਰਕੇ ਉੱਡ ਗਿਆ, ਰੱਜੀ ਖਿੜ੍ਹਖਿੜ੍ਹਾ ਕੇ ਹੱਸ ਪਈ, ਤਾਰੂ ਦੀਆਂ ਵਾਛਾਂ ਖਿੜ ਗਈਆਂ “ਕਬੂਤਰੀ ਸੀ ਓਏ!” ਉਸ ਉੱਚੀ ਦੇਣੀਂ ਕਿਹਾ।

“ਉੱਡ ਗਈ ਫੇ...।” ਨਿਆਣਿਆਂ ਦੇ ਮੂੰਹ ਮਸੋਸੇ ਗਏ।

“ਨਹੀਂ ਹਾਲੇ ਖੜ੍ਹੀ।” ਤਾਰੂ ’ਚ ਪਤਾ ਨੀਂ ਕਿੱਥੋਂ ਹਿੰਮਤ ਆ ਗਈ ਸੀ।

ਰੱਜੀ ਹੱਸਦੀ ਹੱਸਦੀ ਤਾਰ ਤੋਂ ਕੱਪੜੇ ਲਾਹ ਕੇ ਹੇਠਾਂ ਚਲੀ ਗਈ ਪਰ ਤਾਰੂ ਦਾ ਕੋਠੇ ਤੋਂ ਹੇਠਾਂ ਆਉਣ ਨੂੰ ਜੀਅ ਨਹੀਂ ਸੀ ਕਰਦਾ।

.... ਗਲੀ ਤੋਂ ਬਾਹਰ ਜਿਹੜੀ ਸੜਕ ਤਾਰੂ ਕੇ ਘਰਾਂ ਨੂੰ ਲਗਦੀ ਸੀ ਉਹੀ ਸੜਕ ਥੋੜ੍ਹਾ ਅੱਗਿਓਂ, ਕੂਹਣੀ ਮੋੜ ਮੁੜ ਕੇ ਮੰਗੇ ਹਲਵਾਈ ਕੇ ਘਰਾਂ ਅੱਗੋਂ ਦੀ ਲੰਘਦੀ ਸੀ, ਪਿਛਵਾੜੇ ਤੋਂ ਦੋ ਘਰ ਛੱਡ ਤਾਰੂ ਤੇ ਮੰਗੇ ਕੇ ਘਰਾਂ ਦੀਆਂ ਪਿੱਠਾਂ ਜੁੜਦੀਆਂ ਸਨ।

...ਵੈਸੇ ਵੀ ਆਂਢ-ਗੁਆਂਢ ਦੇ ਸਾਰੇ ਘਰਾਂ ’ਚ ਆਏ ਗਏ ਪ੍ਰਾਹੁਣਿਆਂ ਬਾਰੇ ਇੱਕ ਦੂਜੇ ਨੂੰ ਪਤਾ ਹੀ ਹੁੰਦਾ-ਅਜੇ ਕੁਝ ਦਿਨ ਹੀ ਹੋਏ ਸਨ ਰੱਜੀ ਆਪਣੀ ਭੈਣ ਦੇ ਘਰ ਆਈ ਸੀ। ...ਖੋਜੀਆਂ ਵਾਂਗ ਪੈੜ੍ਹ ਨੱਪਦਿਆਂ ਤਾਰੂ ਨੇ ਸਾਰਾ ਪਤਾ ਕਰ ਲਿਆ ਸੀ।

ਅਗਲੇ ਦਿਨ ਹੀ ਉਸ ਯਾਰਾਂ ਬੇਲੀਆਂ ਤੋਂ ਪੈਸੇ ਉਧਾਰ ਫੜ ਕੇ, ਲੱਕੜ ਦੀ ਪੌੜੀ ਲਿਆਣ ਕੇ, ਬੂਹੇ ਦੀ ਇਕ ਨੁੱਕਰੋਂ ਕੋਠੇ ਨੂੰ ਲਾ ਦਿੱਤੀ।... ਸ਼ੀਨਾ ਨੇ ਬੜੀ ਖ਼ੁਸ਼ੀ ਕੀਤੀ “ਵੇ ਪੁੱਤ ਆਹ ਤਾਂ ਤੂੰ

ਬਾਹਲਾ ਚੰਗਾ ਕੀਤਾ... ਮੈਨੂੰ ਸ਼ਿੰਦੋ ਕਿਆਂ ਵੱਲ ਦੀ ਹੋ ਕੇ ਜਾਣਾ ਪੈਂਦਾ ਸੀ।''... ਪਰ ਦੂਜੇ ਦਿਨ, ਜਦੋਂ ਤਾਰੂ ਨੇ ਕਬੂਤਰਾਂ ਵਾਲੀ ਛੱਤਰੀ ਲਿਆਣ ਕੇ ਗੱਡ ਦਿੱਤੀ ਤਾਂ ਰੌਣਕੀ 'ਤੱਤਾ' ਹੋ ਗਿਆ। ''ਬਸ ਇਸੇ ਦੀ ਕਸਰ ਦੀ ਕੰਜਰ ਦਿਆ, ਦਾਣੇ ਤਾਂ ਆਪਣੇ ਖਾਣ ਨੂੰ ਹੈ ਨੀਂ, ਇਹਨਾਂ ਨੂੰ ਕਿੱਥੋਂ ਪਾਉਣੈ ਆ...।''

''ਮੈਂ ਕਿਹੜਾ ਰੱਖਣੈ ਆ... ਐਵੇਂ ਬੋਲੀ ਜਾਨਾਂ...।''

''ਨਾਂ ਛੱਤਰੀ 'ਤੇ ਮਾਂ ਨੂੰ ਬਿਠਾਉਣਾ...।''

ਤਾਰੂ ਨੂੰ ਕੋਈ ਜਵਾਬ ਨਹੀਂ ਸੀ ਔੜਿਆ। ਉਂਝ ਵੀ ਉਹਨੂੰ ਕਬੂਤਰਾਂ ਦਾ ਸ਼ੌਕ ਨਹੀਂ ਸੀ... ਪਰ ਪਿਉ ਨੂੰ ਕੀ ਦੱਸੇ।... ਖ਼ੈਰ... ਤਾਰੂ ਸਵੇਰੇ ਸਾਜਰੇ ਹੀ ਚੰਨਣ ਸਿੰਘ ਕੀ ਮੋਟਰ ਤੋਂ ਨਾਹ ਧੋ ਕੇ, ਬੋਦੇ ਵਾਹ ਕੇ, ਕੋਠੇ 'ਤੇ ਚੜ੍ਹ ਜਾਂਦਾ ਤੇ ਹੋਰਨਾਂ ਕਬੂਤਰਬਾਜ਼ਾਂ ਦੇ ਉੱਡਦੇ ਕਬੂਤਰਾਂ ਨੂੰ ਐਵੇਂ ਆ ਆ ਕਰੀ ਜਾਂਦਾ... ਅਸਲ 'ਚ ਉਹ ਰੱਜੀ ਨੂੰ ਹੀ ਕਹਿ ਰਿਹਾ ਹੁੰਦਾ ਸੀ ਕੋਠੇ 'ਤੇ ਆ... ਆ...।

ਕਦੀ ਕਦੀ ਰੱਜੀ, ਕਿਸੇ ਭਟਕੇ ਕਬੂਤਰ ਵਾਂਗ ਕੋਠੇ 'ਤੇ ਆ ਵੀ ਜਾਂਦੀ ਸੀ 'ਮਾੜੀਆਂ ਮੋਟੀਆਂ ਹਾਸੀਆਂ ਖੇਡੀਆਂ ਹੋ ਜਾਂਦੀਆਂ ਸਨ, ਜਿਹਨਾਂ ਨੂੰ ਤਾਰੂ ਬੜੇ ਚਿਟਕਾਰੇ ਲਾ ਕੇ ਆਪਣੇ ਯਾਰਾਂ ਬੇਲੀਆਂ ਨੂੰ ਵਾਰ-ਵਾਰ ਦੱਸਦਾ। ਪਰ ਅਜੇ ਤਾਈਂ... ਰੱਜੀ ਨਾਲ ਉਹਦਾ ਕੋਈ ਬੋਲ ਸਾਂਝਾ ਨਹੀਂ ਸੀ ਹੋਇਆ।

ਕੋਠਿਆਂ ਦੀਆਂ ਛੱਤਾਂ 'ਤੇ ਹੁੰਦੀ ਇਹ ਗੁਟਰਗੂੰ ਭਲਾ ਗੁੱਝੀ ਕਿੱਥੋਂ ਰਹਿਣੀ ਸੀ। ਮਡੀਰ ਨੇ 'ਦੋ ਦੀਆਂ ਚਾਰ' ਬਣਾ ਕੇ ਚਟਕੂਲੇ 'ਤੋਰ' ਦਿੱਤੇ ''ਲੈ ਬਈ ਅੰਨ੍ਹੇ ਦੇ ਪੈਰ੍ਹ ਹੇਠ ਬਟੇਰਾ ਆਉਂਦਾ ਹੁੰਦਾ— ਤਾਰੂ ਦੀ ਛੱਤਰੀ 'ਤੇ ਕਬੂਤਰੀ ਆ ਗਈ... ਦੇਖੋਂ ਕਿੰਨੇ ਦਿਨ ਰਹਿੰਦੀ ਆ...।''

ਰੌਣਕੀ ਤੇ ਸ਼ੀਨਾ ਨੂੰ ਜਦੋਂ ਪਤਾ ਲੱਗਿਆ ਤਾਂ ਉਹਨਾਂ ਮਨੋ-ਮਨੀ ਰੱਬ ਦਾ ਸ਼ੁਕਰ ਮਨਾਇਆ। ਸ਼ੀਨਾ ਨੇ ਆਪ ਈ ਜਾ ਕੇ ਰੱਜੀ ਦੀ ਭੈਣ ਸੱਤੀ ਨਾਲ ਗੱਲ ਖੋਲ੍ਹ ਲਈ ''ਦੇਖ ਲਾ ਧੀਏ... ਤੇਰੇ ਸਾਮ੍ਹਣੇ ਆ ਜੋ ਕੁਝ ਹੈਗਾ... ਅੱਜ ਕੱਲ੍ਹ ਨਿਆਣੇ ਆਪਣੀਆਂ ਮਰਜ਼ੀਆਂ ਕਰਦੇ... ਵੈਸੇ ਸਾਨੂੰ ਮਨਜ਼ੂਰ ਆ' ਜੇ ਤੁਸੀਂ ਕਹੋ ਤਾਂ...।''

ਕਈ ਵਲ਼ ਵਲ਼ੇਵੇਂ ਪਾ ਕੇ ਸ਼ੀਨਾ ਨੇ ਸੱਤੀ ਨੂੰ ਰਿਸ਼ਤੇ ਲਈ ਰਾਜ਼ੀ ਕਰ ਲਿਆ।

ਰੱਜੀ ਦਾ ਭਰਾ ਕੋਈ ਨਹੀਂ ਸੀ... ਤਿੰਨੋਂ ਵੱਡੀਆਂ ਭੈਣਾਂ ਵਿਆਹੀਆਂ ਹੋਈਆਂ ਸਨ ਤੇ ਵਿਧਵਾ ਮਾਂ ਨੇ ਸਾਰੀ ਜ਼ਿੰਮੇਵਾਰੀ ਵੱਡੀਆਂ ਧੀਆਂ 'ਤੇ ਸੁੱਟੀ ਹੋਈ ਸੀ... ਇਸੇ ਕਰਕੇ ਹੀ ਸੱਤੀ ਨੇ ਆਪਣੇ ਵੱਲੋਂ ਹਾਂ ਕਰ ਦਿੱਤੀ ਸੀ।.... ਉਂਝ ਵੀ ...'ਸਾਰੀਆਂ ਕੁੰਡਲੀਆਂ ਤਾਂ ਮਿਲਦੀਆਂ ਸਨ'.... ਸਭ ਤੋਂ ਵੱਧ ਕੇ ਆਪਣੇ ਵਰਗੇ ਹੀ ਮਾਤੜ ਭਾਈ ਸਨ... ਸ਼ੀਨਾ 'ਤੇ ਰੌਣਕੀ ਬਾਗੋਬਾਗ ਸਨ, ਚਲੋ ਜੱਗ 'ਤੇ ਸਾਡਾ ਵੀ ਨਾਂ ਰਹਿਜੂ...। ਕੁੜੀ ਦਾ ਕੱਦ ਭਾਵੇਂ ਆਮ ਕੁੜੀਆਂ ਨਾਲੋਂ ਮੱਧਰਾ ਸੀ ਪਰ ਉਹ ਸੱਜਦੀ ਫੱਬਦੀ ਸੀ... ਸ਼ੀਨਾ ਦੇ ਘਰ ਤਾਂ 'ਚੰਦ' ਚੜ੍ਹ ਜਾਣਾ ਸੀ।.. ਤਿੰਨੋਂ ਜੀਅ, ਘੜੀਆਂ ਗਿਣਦੇ ਸਨ ਕਦੋਂ ਉੱਧਰੋਂ ਦਿਨ 'ਪੱਕੇ' ਕਰਨ ਦਾ ਸੁਨੇਹਾ ਆਉਂਦਾ... ਪਰ ਆ ਗਿਆ ਟਕੇ ਵਰਗਾ ਜਵਾਬ...।

ਰੌਣਕੀ ਨੂੰ ਰਹਿ ਰਹਿ ਕੇ ਹੌਲ ਪੈਂਦੇ ਸਨ... ''ਕ...ਚ... ਲੋਕਾਂ ਦਾ ਥੇਕ ਈ ਕੋਈ ਨ੍ਹੀਂ... ਕੁੜ ਕੁੜ ਕਿਤੇ... ਅੰਡੇ ਕਿਤੇ... ਬਈ ਦੱਸ ਕੰਜਰ ਦੀਏ ਜੇ ਕਿਤੇ ਹੋਰ ਸਾਈਆਂ ਵਧਾਈਆਂ ਲਾਈਆਂ ਹੋਈਆਂ ਸੀ ਸਾਨੂੰ ਭਲੇ ਮਾਣਸਾ ਤੂੰ ਕਾਹਤੋਂ ਖੱਜਲ ਕੀਤਾ।''

''ਤਾਰੂ ਦੇ ਭਾਪਾ ਹੁਣ ਇਹਨਾਂ ਗੱਲਾਂ ਦਾ ਕੀ 'ਫੈਦਾ।''

"'ਫੈਦਾ!... ਜੇ ਕੁੜੀ ਮੰਨਦੀ ਨਹੀਂ ਸੀ ਤਾਂ ਲੰਗੜੀ ਨੇ ਹਾਂ ਕਿਉਂ ਕੀਤੀ।"

ਰੌਣਕੀ ਸੱਤੀ ਨੂੰ ਬੁਰਾ ਭਲਾ ਕਹਿਣ ਲੱਗ ਪਿਆ। ਸੱਤੀ, ਇਕ ਲੱਤੋਂ ਥੋੜ੍ਹਾ ਝੋਲਾ ਖਾ ਕੇ ਤੁਰਦੀ ਸੀ। ਬਚਪਨ 'ਚ ਹੋਏ ਪੋਲੀਓ ਕਰਕੇ ਉਹਦੀ ਇਕ ਲੱਤ ਕਮਜ਼ੋਰ ਸੀ। ਇਸੇ ਕਰਕੇ ਉਹ ਪਹਿਲਾਂ ਦੋ ਜ਼ਨਾਨੀਆਂ ਛੱਡ ਚੁੱਕੇ, ਆਪਣੇ ਤੋਂ ਵੱਡੀ ਉਮਰ ਦੇ ਮੰਗੇ ਦੀ ਤੀਜੀ ਪਤਨੀ ਬਣੀ ਸੀ।

....ਲੋਕਾਂ ਨੇ ਮੰਗੇ ਦੀ ਮਾਂ ਗਿਆਨੋ ਦੇ 'ਮੂੰਹ 'ਚ' ਬਥੇਰੀਆਂ ਛਿੱਬੀਆਂ ਦਿੱਤੀਆਂ ਸਨ।

"ਲੈ ਚੰਗੀਆਂ ਭਲੀਆਂ ਛੱਡ ਕੇ... ਆਹ ਲੇਡੀ ਸਾਈਕਲ ਵਾਲੀ ਲੈ ਆਂਦੀ ਆ...।" ਪੋਲੀਓ ਕਰਕੇ ਸੱਤੀ ਸਾਇਕਲ 'ਤੇ ਹੀ ਇਧਰ ਓਧਰ ਜਾਂਦੀ ਸੀ। ਦਰਅਸਲ ਪਹਿਲਾ, ਮੰਗੇ ਦਾ ਹਲਵਾਈ ਵਾਲਾ ਕੰਮ ਚੰਗਾ ਚੱਲਦਾ ਸੀ.. ਉਦੋਂ... ਗਿਆਨੋ 'ਮੇਰਾ 'ਕੱਲ੍ਹਾ 'ਕੱਲ੍ਹਾ ਪੁੱਤ ਕਹਿ ਕੇ' ਬਥੇਰੇ ਨਖ਼ਰੇ ਕਰਦੀ ਸੀ... ਪਰ ਕੁਝ ਚਿਰ ਬਾਅਦ ਹੀ ਜਦੋਂ ਵਿਆਹਾਂ ਦਾ ਪ੍ਰਚਲਨ ਮੈਰਿਜ ਪੈਲਸਾਂ 'ਚ ਹੋਣ ਲੱਗ ਪਿਆ ਤਾਂ ਮੰਗੇ ਦੇ ਖੁਰਚਣੇ ਕੜਾਹੀਆਂ ਵੱਡੇ ਠੇਕੇਦਾਰਾਂ ਦਾ ਮੁਕਾਬਲਾ ਨਾ ਕਰ ਸਕੇ। ਪੈਲਸਾਂ 'ਚ ਕੰਮ ਫੜ੍ਹਨ ਕਈ ਲੱਖਾਂ ਰੁਪਈਏ ਚਾਹੀਦੇ ਸਨ ਉਹ ਮੰਗੇ ਕੋਲ ਹੈਨੀ ਸੀ... ਕੰਮ 'ਠਾਂਹ ਨੂੰ ਜਾ ਰਿਹਾ ਸੀ ਤੇ ਉਮਰ ਵਧਦੀ ਜਾਂਦੀ ਸੀ... ਅਖ਼ੀਰ ਮੰਗੇ ਨੂੰ 'ਲੇਡੀ ਸਾਈਕਲ' ਵਾਲੀ ਸੱਤੀ ਨਾਲ ਵਿਆਹ ਕਰਵਾਉਣਾ ਪਿਆ।

"ਤਾਰੂ ਦੇ ਭਾਪਾ ਚੁੱਪ ਕਰ, 'ਤ੍ਰਕਾਲਸੀਆਂ ਦਾ ਵੇਲਾ, ਕਿਉਂ ਐਵੇਂ ਕਿਸੇ ਦੀ ਧੀ ਭੈਣ ਨੂੰ ਮੰਦਾ ਚੰਗਾ ਬੋਲਦੈਂ...।" ਕਹਿ ਕੇ ਸ਼ੀਨਾ ਨੇ 'ਡੂੰਘੀ ਚੁੱਪੀ ਧਾਰ ਲਈ... ਜਿਵੇਂ ਰੌਣਕੀ ਨਾਲ਼ ਰੁੱਸ ਗਈ ਹੋਵੇ!

ਬੁੜ ਬੁੜ ਕਰਦਾ ਰੌਣਕੀ ਵੀ ਅਖ਼ੀਰ ਚੁੱਪ ਕਰ ਗਿਆ ਤੇ ਹੌਲੀ-ਹੌਲੀ ਮੰਜੀ 'ਤੇ ਟੇਢਾ ਹੋ ਗਿਆ ਪਰ ਨੀਂਦ ਕਿੱਥੇ? ਉਹਦੇ ਮਨ 'ਚ ਤਾਂ 'ਤੂਫ਼ਾਨ' ਉੱਠਿਆ ਹੋਇਆ ਸੀ, ਚੁੱਪ ਦੀ ਇਸ ਘੜੀ ਉਸ ਦਿਮਾਗ਼ ਨੂੰ ਇਕਾਗਰ ਕਰਨ ਦੀ ਕੋਸ਼ਿਸ਼ ਕੀਤੀ...। "ਇਹ ਸਾਡੇ ਨਾਲ ਬਣਿਆ ਕੀ?... ਮਸੀਂ ਤਾਂ ਕਿਤੇ 'ਮਾਰਾਂਜ ਨੇ ਸੁਣੀ ਸੀ... ਉਹ ਵੀ ਹੁਣ!...।"

ਸੋਚਦਾ ਸੋਚਦਾ ਉਹ ਕਈ ਵਰ੍ਹੇ ਪਿਛਾਂਹ ਪਰਤ ਗਿਆ, ਵਿਆਹ ਤਾਂ ਉਹਦਾ ਆਵਦਾ ਵੀ ਬੜੀ ਮੁਸ਼ਕਲ ਨਾਲ ਹੋਇਆ ਸੀ।... ਅਣਘੜ੍ਹ ਜਿਹੀਆਂ ਲਟੈਣਾਂ ਵਾਲਾ ਇੱਕੋ ਵੱਡਾ ਸਾਰਾ ਕੱਚਾ ਕੋਠਾ ਸੀ, ਮਾਂ ਪਿਉ ਸਣੇ ਕੁਲ ਨੌਂ ਢਿੱਡ ਖਾਣ ਵਾਲੇ ਸਨ, ਇਕੱਲੇ ਪਿਉ ਦੇ ਕੀਤਿਆਂ ਕਿੱਥੋਂ ਸਰਦਾ ਸੀ... ਵੱਡਾ ਹੋਣ ਕਰਕੇ ਰੌਣਕੀ, ਚੌਦ੍ਹਾਂ ਪੰਦਰ੍ਹਾਂ ਸਾਲਾਂ ਦੀ ਉਮਰੇ ਹੀ ਸ਼ਹਿਰ ਜਾ ਕੇ ਸੀਮੇਂਟ ਦੀਆਂ ਬੋਰੀਆਂ ਢੋਣ ਲੱਗ ਪਿਆ ਸੀ। ਪਿੰਡ ਨਾਲੋਂ ਦਿਹਾੜੀ ਤਾਂ ਜ਼ਿਆਦਾ ਬਣਦੀ ਸੀ ਪਰ ਆਥਣ ਤਾਈਂ ਸੀਮੈਂਟ ਨਾਲ ਮੂੰਹ ਸਿਰ ਏਦਾਂ ਲਿਬੜ ਜਾਂਦਾ ਸੀ ਬਈ ਰੌਣਕੀ 'ਭਊ' ਬਣਿਆ ਘਰੇ ਆਉਂਦਾ। ਵਰ੍ਹਿਆਂ ਬੱਧੀ ਇਹੋ ਕੰਮ ਕਰਦਿਆਂ ਉਹਦਾ ਅਸਲੀ ਚਿਹਰਾ ਲੋਕਾਂ ਨੂੰ ਭੁੱਲ ਈ ਗਿਆ ਸੀ। ਹਰ ਵਕਤ ਸੀਮੇਂਟ 'ਪਾਊਡਰ' ਦੇ ਲੇਪ ਨੇ ਉਹਦੀ ਦੇਹ ਦਾ ਰੰਗ ਵੀ ਸੀਮੈਂਟ ਵਰਗਾ ਕਰ ਦਿੱਤਾ ਸੀ।... ਬਾਪੂ ਦੀ ਘਰ ਕਬੀਲਦਾਰੀ ਤੋਰਦਿਆਂ ਆਪਣੇ ਤੋਂ ਛੋਟੀਆਂ ਦੋਂਹ ਭੈਣਾਂ ਦੇ ਵਿਆਹ ਤੋਂ ਬਾਅਦ, ਜਦੋਂ ਰੌਣਕੀ ਦੀ ਵਾਰੀ ਤਾਂ ਉਹ ਪਕਰੋੜ ਹੋ ਗਿਆ ਸੀ... ਇਹ ਤਾਂ ਉਹਦੇ ਮਾਮੇ ਦੀ ਨੂੰਹ ਸਵਰਨੀ ਨੇ ਝੂਠ ਝਾਠ ਬੋਲ ਕੇ ਰੌਣਕੀ ਨੂੰ ਪ੍ਰਨਾਅ ਦਿੱਤਾ ਸੀ...ਨਹੀਂ ਤਾਂ ਸ਼ੀਨਾ ਤੇ ਉਹਦਾ ਮੇਲ ਕੀ ਸੀ। ਪਰ ਮੁੜ ਸਵਰਨੀ ਕਦੇ ਸ਼ੀਨਾ ਦੇ ਮੱਥੇ ਨ੍ਹੀਂ ਸੀ ਲੱਗੀ... ਸ਼ੀਨਾ ਹੁਣ ਤਾਈਂ ਉਹਨੂੰ ਫਫੇਕੁੱਟਣੀ ਕਹਿੰਦੀ ਸੀ "ਪੁੱਤਾਂ ਪਿੱਟੀ ਮੇਰੇ ਮਾਪਿਆਂ ਨੂੰ ਛਲ਼ ਗਈ...।"

ਪਏ ਪਏ ਰੌਣਕੀ ਨੂੰ ਇਕ ਦਮ ਝੁਣਝੁਣੀ ਜਿਹੀ ਆਈ ਜਿਵੇਂ ਕੁਝ ਕੌੜਾ ਖਾਧਾ ਗਿਆ ਹੋਵੇ,

ਉਸ ਇਕ ਦਮ ਅੱਖਾਂ ਉਘਾੜੀਆਂ, ਜਗਦੇ ਬੱਲਬ ਕਾਰਨ ਉਹਦੀਆਂ ਅੱਖਾਂ ਚੁੰਧਿਆ ਗਈਆਂ. ਉਹਨੂੰ ਪਤਾ ਈ ਨਾ ਲੱਗਾ ਕਿਹੜੇ ਵੇਲੇ ਸ਼ੀਨਾ ਨੇ ਛੱਤੜੇ ਵਾਲਾ ਬੱਲਬ ਜਗਾ ਦਿੱਤਾ ਸੀ... ਬੱਲਬ ਦੀ ਤੇਜ਼ ਰੋਸ਼ਨੀ ਵਿੱਚ ਵੀ ਉਹਨੂੰ ਆਪਣਾ ਆਪ ਹਨੇਰੇ 'ਚ ਘਿਰਿਆ ਲੱਗਾ। "ਇਹ ਤਾਂ ਸਾਡੇ ਨਾਲ ਮਿਰਗਛਲ ਹੋ ਗਿਆ... ਭੋਰਾ ਭਰ ਕੁੜੀ ਸਾਰਿਆਂ ਨੂੰ ਛਲ਼ ਗਈ...ਮਿਰਗਛਲੀ...।" ਸੁਤੇ ਹੀ ਉਹਦੇ ਮੂੰਹੋਂ ਨਿਕਲ ਗਿਆ। ਸਤਨਾਮ ਪੰਚ ਦੀ ਕਹੀ ਗੱਲ ਠਕ ਠਕ ਕਰਕੇ ਉਹਦੇ ਮਨ ਮਸਤਕ 'ਚ 'ਵੱਜਣ' ਲੱਗ ਪਈ। 'ਰੌਣਕਾ, ਕਿਹੜਾ ਕੋਈ ਮੰਗਣੀ ਕੁੜਮਾਈ ਹੋਈ ਸੀ...।'

ਪਰਸੋਂ ਸ਼ਾਮੀਂ ਹਰਖ਼ਿਆ ਹੋਇਆ ਰੌਣਕੀ ਸਤਨਾਮ ਪੰਚ ਕੋਲ ਗਿਆ ਸੀ...ਜਿਵੇਂ ਮੁੱਲਾਂ ਦੀ ਦੌੜ ਮਸੀਤ ਤਾਈਂ...ਰੌਣਕੀ ਦਾ ਢਾਰਸ ਵੀ ਸਤਨਾਮ ਹੀ ਸੀ। "ਸਤਨਾਮ ਸਿਹਾਂ ਆਪਾਂ ਕਾਦੀਆਂ ਚੱਲਣਾ 'ਪੰਚੈਤ ਲੈ ਕੇ...।" ਬੜੇ ਬੁਝੇ ਮਨ ਨਾਲ ਉਸ ਆਖਿਆ ਸੀ।

"ਰੌਣਕਾ... ਏਦਾਂ ਦੇ ਕੰਮਾਂ 'ਚ ਪੰਚਾਇਤਾਂ ਨੀ ਹੁੰਦੀਆਂ... ਕਿਹੜਾ ਕੋਈ ਮੰਗਣੀ ਕੁੜਮਾਈ ਹੋਈ ਸੀ... ਐਵੇਂ ਸਰੋਸਰੀ ਦੀ ਗੱਲ ਸੀ... ਤੁਸੀਂ ਤੇ ਐਵੇਂ ਈ...।"

ਰੌਣਕੀ ਨੂੰ ਅੱਗੋਂ ਕੋਈ ਗੱਲ ਨਹੀਂ ਸੀ ਔੜੀ ਤੇ ਉਹ ਚੁੱਪ ਚਾਪ ਆਪਣੇ ਘਰ ਮੁੜ ਆਇਆ ਸੀ ਜਿਵੇਂ ਪਿਆਸਾ ਮਿਰਗ ਤੱਪਦੇ ਟਿੱਬਿਆਂ ਨੂੰ ਪਾਣੀ ਸਮਝ ਕੇ ਗਿਆ ਹੋਵੇ ਤੇ ਅੱਗੋਂ ਉਹਨੂੰ ਰੇਤ ਮਿਲੀ ਹੋਏ।

ਮੰਜੀ 'ਤੇ ਲੇਟਿਆਂ, ਰੌਣਕੀ ਸਤਨਾਮ ਨਾਲ ਹੋਈਆਂ ਗੱਲਾਂ ਨੂੰ ਮਨ ਦੀ 'ਫ਼ਿਰਕੀ' 'ਤੇ ਚਾੜ੍ਹ ਕੇ ਜੁਗ਼ਾਲੀ ਕਰਨ ਲੱਗ ਪਿਆ।

"ਜੇ ਸਤਨਾਮ ਨੂੰ ਪਹਿਲਾਂ ਹੀ ਕੁਝ ਪਤਾ ਸੀ ਤਾਂ ਉਸ ਦੱਸਿਆ ਕਿਉਂ ਨਾ...।"

ਸਤਨਾਮ ਉਹਨਾਂ ਦੀ ਬਰਾਦਰੀ 'ਚੋਂ ਨਹੀਂ ਸੀ.. ਪਰ ਭਲਾ ਬੰਦਾ ਸੀ... ਹਰ ਵੇਲੇ ਹੱਸਦਾ ਰਹਿਣ ਵਾਲਾ, ਦਸ ਬਾਰ੍ਹਾਂ ਸਾਲ ਦੁਬੱਈ 'ਚ ਲਾ ਕੇ ਉਸ ਘਰ ਮਕਾਨ ਚੰਗਾ ਬਣਾ ਲਿਆ ਸੀ... ਇੱਥੇ ਵੀ ਉਹਦਾ ਲੱਕੜ ਦਾ ਕੰਮ ਚੰਗਾ ਚੱਲਦਾ ਸੀ। ਇਸੇ ਕਰਕੇ ਮਹੁੱਲੇ ਵਾਲ਼ਿਆਂ ਨੇ ਉਹਨੂੰ ਪੰਚ ਚੁਣਿਆ ਸੀ। ...ਤਾਰੂ ਦਾ ਰਿਸ਼ਤਾ ਹੋਣ ਦੀ ਖ਼ਬਰ ਸਭ ਤੋਂ ਪਹਿਲ਼ਾ ਰੌਣਕੀ ਨੇ ਸਤਨਾਮ ਨਾਲ਼ ਹੀ ਸਾਝੀਂ ਕੀਤੀ ਸੀ।

"ਲੈ ਬਈ ਸਰਦਾਰਾ ਤਕੜਾ ਹੋ ਜਾ... ਹੁਣ ਮਦਦ ਕਰਨੀ ਆ।"

"ਕਿਉਂ, ਕਿਸੇ ਨਾਲ਼ ਝਗੜਾ ਹੋ ਗਿਆ?" ਆਪਣੇ ਲਈ ਸਰਦਾਰ ਸ਼ਬਦ ਵਰਤੇ ਜਾਣ ਕਰਕੇ ਸਤਨਾਮ ਦਾ ਹਾਸਾ ਨਿਕਲ ਗਿਆ। ਭਾਵੇਂ ਸਤਨਾਮ ਦਾ ਸਾਰਾ ਪਰਿਵਾਰ ਹੀ ਗੁਰਸਿੱਖ ਸੀ ਪਰ ਮਿਸਤਰੀਆਂ 'ਚੋਂ ਹੋਣ ਕਾਰਨ ਕਿਸੇ ਨੇ ਉਹਨੂੰ ਕਦੇ ਸਰਦਾਰ ਨਹੀਂ ਸੀ ਕਿਹਾ... ਰੌਣਕੀ ਨੇ ਵੀ ਪਹਿਲੀ ਵਾਰ ਕਿਹਾ ਸੀ।

"ਉਹ ਨਹੀਂ... ਆਪਣੇ ਤਾਰੂ ਦਾ ਰਿਸ਼ਤਾ ਹੋ ਗਿਆ।"

"ਅੱਛਾ!"... ਸਤਨਾਮ ਦਾ ਹਾਸਾ ਅਜੇ ਵੀ ਨਹੀਂ ਸੀ ਥੰਮਿਆ, "ਕਿਥੇ ਹੋਇਆ ਰਿਸ਼ਤਾ... ਬਈ" ਸਤਨਾਮ ਦੀ ਦਿਲਚਸਪੀ ਜਾਗ ਪਈ।

"ਆਹ...।" ਜਿੱਥੇ ਰੌਣਕੀ ਤੇ ਸਤਨਾਮ ਖੜ੍ਹੇ ਸਨ, ਸਾਹਮਣੇ ਹੀ ਤਾਂ ਮੰਗੇ ਕਾ ਘਰ ਸੀ। ਰੌਣਕੀ ਕੁਝ ਝੇਪ ਮੰਨ ਗਿਆ।

"ਦੱਸਦੇ ਦੱਸਦੇ... ਰੌਣਕਾ... ਤੂੰ ਤਾਂ ਐਂ ਸੰਗਦਾ ਜਿੱਦਾਂ ਤੇਰਾ ਰਿਸ਼ਤਾ ਹੋਇਆ ਹੋਵੇ।"

"ਓਏ ਆਹ, ਮੰਗੇ ਦੀ ਸਾਲੀ ਨੀਂ... ਕਾਦੀਆਂ ਤੋਂ ਇੱਥੇ ਹੀ ਆਈ ਹੋਈ ਆ... ਮੱਧਰੀ ਜਿਹੀ

ਕੁੜੀ ਆ... ਤੂੰ...।"

"ਅੱਛਾ! ਜਿਹੜੀ!!" ਸਤਨਾਮ ਦੇ ਮੂੰਹੋਂ ਕੋਈ ਹੋਰ ਗੱਲ ਨਿਕਲ ਚੱਲੀ ਸੀ, ਪਰ ਉਸ ਜ਼ੁਬਾਨ 'ਤੇ ਕਾਬੂ ਕਰ ਲਿਆ ਪਰ ਰੌਣਕੀ ਉਸੇ ਹੁਲਾਸ ਵਿਚ ਬੋਲੀ ਗਿਆ। "ਘਰ ਬਾਰ੍ਹ ਤਾਂ ਦੇਖ ਗਏ ਆ... ਖ਼ੈਰ, ਮੁੰਡਾ ਤਾਂ ਦੇਖਿਆ ਈ ਹੋਇਆ... ਬਸ ਹੁਣ... 'ਮਾਰਾਂਜ ਸੁੱਖ... ਰੁੱਖੇ...'ਤਾਡੇ ਭਰਾਵਾਂ ਦੇ ਸਿਰ 'ਤੇ ਈਆਂ।"

ਕਲਾਣ ਬੋਲਣ ਵਾਂਗ ਰੌਣਕੀ ਬਿਨਾਂ ਰੁਕੇ ਬੋਲੀ ਗਿਆ। ਸਤਨਾਮ ਨੂੰ ਉਹਦੀ ਗੱਲ 'ਤੇ ਹਾਸਾ ਵੀ ਆਇਆ ਤੇ ਤਰਸ ਵੀ ਪਰ ਉਸ ਕੋਈ ਹੋਰ ਗੱਲ ਕਰਨੀ ਮੁਨਾਸਬ ਨਾ ਸਮਝੀ। "ਚੰਗਾ ਚੰਗਾ ਰੌਣਕਾ ਜੋ ਹੋ ਸਕਿਆ ਜ਼ਰੂਰ ਕਰਾਂਗੇ...।"

ਕਹਿ ਕੇ ਸਤਨਾਮ ਆਪਣੇ ਘਰ ਵੱਲ ਤੁਰ ਪਿਆ। ਅਗਲੇ ਦਿਨ ਈ... ਮਹੱਲੇ 'ਚ ਚੁਟਕਲਾ ਬਣ ਗਿਆ, "ਲੈ ਬਈ ਘਰ-ਬਾਰ੍ਹ ਤਾਂ ਦੇਖ... ਗਏ ਆ।"

ਸਤਨਾਮ ਤੋਂ ਬਿਨਾਂ ਰੌਣਕੀ ਨੇ ਕਈਆਂ ਹੋਰਾਂ ਨੂੰ ਵੀ ਵਿਆਹ 'ਤੇ ਮਦਦ ਕਰਨ ਲਈ ਰਾਜੀ ਕਰ ਲਿਆ ਸੀ.. ਉਹ ਤਾਂ ਇਹ ਵੀ ਕਹੀ ਜਾਂਦਾ ਸੀ "ਊਂ ਸਾਨੂੰ ਕੀ ਆ... ਕੰਨਿਆਂ ਦਾਨ ਈ ਕਰਨਾ ਭਾਵੇਂ ਮੰਗਾ ਇੱਥੋਂ ਹੀ ਤੋਰ ਦੇਵੇ...।"

ਜਵਾਬ ਮਿਲਣ ਤੋਂ ਹਫ਼ਤਾ ਕੁ ਪਹਿਲਾਂ ਹੀ ਰੱਜੀ ਇੱਥੋਂ ਚਲੀ ਗਈ ਸੀ.. ਰੌਣਕੀ ਹੋਰਾਂ ਇਸਨੂੰ ਚੰਗਾ ਈ ਜਾਣਿਆ ਸੀ...'ਸੌ ਐਵੇਂ ਗੱਲਾਂ ਨਿਕਲਦੀਆਂ, ਉਹਨਾਂ ਦੀ ਜਾਚੇ ਇਹ ਚੰਗੀ ਗੱਲ ਸੀ... ਸਾਰੀਆਂ ਰਸਮਾਂ ਕਾਦੀਆਂ ਤੋਂ ਹੀ ਹੋਣ ਤਾਂ ਚੰਗਾ...। ਪਰ ਪਰਸੋਂ ਸੱਤੀ ਘਰ ਆ ਕੇ ਜਵਾਬ ਦੇ ਗਈ ਸੀ।...ਪਲ ਪਲ ਗਿਣਦੇ ਸਾਰੇ ਟੱਬਰ ਨੂੰ 'ਜਵਾਬ' ਨੇ 'ਡੂੰਘੀ ਖਾਈ' 'ਚ ਸੁੱਟ ਦਿੱਤਾ ਸੀ...।

"ਮਖਿਆ ਤਾਰੂ ਦੇ ਭਾਪਾ...।" ਸ਼ੀਨਾ ਦੀ ਮਰੀਅਲ ਜਿਹੀ ਅਵਾਜ਼ ਨੇ ਉਹਦੀ ਬਿਰਤੀ ਤੋੜ ਦਿਤੀ ਸੀ।

"ਮਖਿਆ—ਜਾਹ... ਕਿਤੇ ਮੁੰਡੇ ਨੂੰ ਭਾਲ਼ ਲਿਆ... ਇਉਂ ਸਿਰ ਸਿੱਟਿਆਂ ਤਾਂ ਨੀ ਸਰਨਾ...।"

ਅਣਮੰਨੇ ਜਿਹੇ ਮਨ ਨਾਲ ਉੱਠ ਕੇ ਰੌਣਕੀ ਨੇ ਪੈਰ੍ਹਾਂ 'ਚ ਚੱਪਲਾਂ ਅੜਾਈਆਂ ਤੇ ਬਿਨਾਂ ਬੋਲੇ ਘਰੋਂ ਨਿਕਲ ਗਿਆ!

ਬਾਹਰ ਸੜ੍ਹਕ 'ਤੇ ਹਨੇਰਾ ਵਾਹਵਾ ਸੰਘਣਾ ਸੀ, ਰੌਣਕੀ ਨੇ ਦੇਖਣ ਕਿੱਥੇ ਜਾਣਾ ਸੀ... ਉਹਦਾ ਤਾਂ ਇੱਕੋ ਹੀ ਟਿਕਾਣਾ ਸੀ, 'ਮੰਗੇ ਕੇ ਘਰਾਂ ਮੂਹਰੇ ਪਏ ਪਾਈਪ'...।

ਸ਼ਹਿਰ ਵਾਲੇ ਕੰਪਾਨੀਆਂ ਨੇ ਮੰਗੇ ਕੇ ਘਰਾਂ ਅੱਗੇ, ਸੜਕ ਦੇ ਦੂਜੇ ਪਾਸੇ ਮਾਰਬਲ ਸਟੋਰ ਬਣਾਉਣ ਲਈ ਇਕ ਕਿੱਲਾ ਜ਼ਮੀਨ ਖ਼ਰੀਦੀ ਹੋਈ ਸੀ ਜਿਹੜੀ 'ਹਜੇ ਤਾਂਈਂ ਵੇਹਲੀ ਪਈ ਸੀ... ਵੇਹਲੀ ਪਈ ਜ਼ਮੀਨ 'ਚ ਆਪੇ ਉੱਗੀਆਂ ਟਾਹਲੀਆਂ, ਡੇਗਾਂ ਵਾਹਵਾ ਛਾਂ ਦੇਣ ਜੋਗੀਆਂ ਹੋ ਗਈਆਂ ਸਨ... ਵੇਹਲੀ ਥਾਂ ਦੇਖ ਕੇ ਪੰਚਾਇਤ ਨੇ ਇੱਥੇ ਸੀਵਰੇਜ ਵਾਲੇ ਪਾਈਪ ਰੱਖੇ ਹੋਏ ਸਨ, ਜਿਹਨਾਂ 'ਤੇ ਸਵੇਰੇ ਸ਼ਾਮ ਰੌਣਕੀ ਤੇ ਮੰਗੇ ਦਾ ਪਿਉ ਮੁੱਖਾ... ਗੱਲਾਂ ਨਾ ਮੁੱਕਣ ਦਿੰਦੇ, ਕਦੇ ਕਦੇ ਉਹਨਾਂ 'ਚ ਸਤਨਾਮ ਵੀ ਸ਼ਾਮਲ ਹੋ ਜਾਂਦਾ...ਜਦੋਂ ਦੀ ਤਾਰੂ ਦੇ ਰਿਸ਼ਤੇ ਦੀ ਗੱਲ ਚੱਲੀ ਸੀ... ਰੌਣਕੀ ਸਾਜਰੇ ਈ ਆ ਕੇ ਪਾਈਪਾਂ 'ਤੇ ਆ ਕੇ ਬਹਿ ਜਾਂਦਾ ਸੀ... ਜਿਵੇਂ ਮੰਗੇ ਕੇ ਘਰ ਦੀ ਰਾਖੀ ਕਰਦੇ ਹੋਵੇ... ਪਰ ਪਰਸੋਂ ਤੋਂ ਉਹ ਇੱਧਰ ਨਹੀਂ ਸੀ ਆਇਆ।

ਸੜ੍ਹਕ ਦਾ ਮੋੜ ਮੁੜਦਿਆਂ ਹੀ, ਮੁੱਖੇ ਕੇ ਘਰਾਂ ਅੱਗੇ, ਖੰਭੇ 'ਤੇ ਜਗਦੇ ਬੱਲਬ ਦੀ ਰੋਸ਼ਨੀ 'ਚ

ਉਸਨੂੰ ਸਾਫ਼ ਦਿਸ ਪਿਆ, ਮੰਗੇ ਨੇ ਘਰਾਂ ਅੱਗੇ ਵਾਹਵਾ ਬੰਦੇ ਬੁੜੀਆਂ ਖੜ੍ਹੇ ਸਨ.. ਰੌਣਕੀ ਦੇ ਦਿਲ ਦੀ ਧੜਕਣ ਤੇਜ਼ ਹੋ ਗਈ... ਚਾਰ ਕਦਮ ਉਸ ਅੱਗੇ ਪੁੱਟੇ ਤਾਂ ਕਿਸੇ ਜ਼ਨਾਨੀ ਦੇ ਰੋਣ ਦੀ ਆਵਾਜ਼ ਉਹਦੇ ਕੰਨੀਂ ਪਈ, ਰੌਣਕੀ ਦੇ ਕਦਮ ਉੱਥੇ ਹੀ ਰੁਕ ਗਏ, ਏਦੂੰ ਪਹਿਲਾਂ ਕਿ ਉਹ ਕੁਝ ਸੋਚਦਾ... ਉਹਨੂੰ ਸਤਨਾਮ ਆਪਣੇ ਵੱਲ ਆਉਂਦਾ ਦਿਸਿਆ। "ਕਿੱਦਾਂ... ਕੀ ਗੱਲ ਹੋਗੀ?" ਸਹਿਮੀ ਜਿਹੀ ਆਵਾਜ਼ 'ਚ ਉਸ ਪੁੱਛਿਆ।

"ਬੜੀ ਮਾੜੀ ਗੱਲ ਹੋਈ ਰੌਣਕਾ...।"

"ਮਖ ਹੋਇਆ ਕੀ ਆ...।" ਰੌਣਕੀ ਕਾਹਲਾ ਪੈ ਗਿਆ।

"ਉਹ ਮੰਗੇ ਦੀ ਸਾਲੀ ਨੀ ਸੀ...।"

" ....ਰੱਜੀ !" ਰੌਣਕੀ ਦਾ ਮੂੰਹ ਅੱਡਿਆ ਗਿਆ।"

"ਆਹੋ...।"

"ਕੀ ਹੋਇਆ?"

"ਯਾਰ ਉਹਨੂੰ ਮਾਰਤਾ ਕਿਸੇ ਨੇ...।" ਸਤਨਾਮ ਨੇ ਓਪਰੇ ਜਿਹੇ ਅਫ਼ਸੋਸੀ ਲਹਿਜ਼ੇ 'ਚ ਕਿਹਾ ਸੀ ਪਰ ਰੌਣਕੀ ਸੁੰਨ੍ਹ ਹੋ ਗਿਆ। ਇਕਦਮ ਉਹਦੇ ਮਨ 'ਚ ਆਇਆ 'ਕਿਤੇ ਤਾਰੂ ਨੇ ਤਾਂ ਨੀ...!" ਸਤਨਾਮ ਹੌਲੀ-ਹੌਲੀ ਉਸਨੂੰ ਕੁਝ ਦੱਸ ਰਿਹਾ ਸੀ... ਪਰ ਰੌਣਕੀ ਹੋਰ ਹੀ ਵਹਿਣਾਂ 'ਚ ਵਹਿ ਗਿਆ... "ਕੀ ਪਤਾ ਹੁੰਦਾ... ਮਡੀਰ ਨਾਲ ਰਲ਼ ਕੇ... ਅਸੀਂ ਤਾਂ ਜੀਂਦੇ ਮਰ ਜਾਂਗੇ...।" ਰੌਣਕੀ ਦੀ ਚੀਕ ਨਿਕਲਣ ਵਾਲੀ ਹੋਗੀ...।

"ਰੌਣਕਾ... ਓ ਰੌਣਕਾ...।" ਸਤਨਾਮ ਨੇ ਉਹਨੂੰ ਮੋਢਿਆਂ ਤੋਂ ਫੜ੍ਹ ਕੇ ਹਲੂਣਿਆ।

"ਹਾਂ...ਹਾਂ...।"

"ਦੁਪਹਿਰੇ ਜਿਹੇ, ਕਹਿੰਦੇ... ਸਿੱਧਵਾਂ.. ਲਾਗੇ ਕੋਈ ਪੈਲਸ ਆਂ, ਉੱਥੇ ਆਂਦੇ ਕਿਸੇ ਬਰਾਤੀ ਨੇ ਗੋਲੀ ਮਾਰਤੀ'...।"

"ਪੈਲਸ...ਗੋਲੀ...ਬਰਾਤੀ... ਰੌਣਕੀ ਦੇ ਕੁਝ ਪੱਲੇ ਨਹੀਂ ਸੀ ਪੈ ਰਿਹਾ...।"

"ਕੁੜੀ ਡਾਂਸਰ ਸੀ ਨਾ...।" ਸਤਨਾਮ ਨੇ ਪਤਾ ਨੀਂ ਹੋਰ ਕੀ-ਕੀ, ਕਿਹਾ ਸੀ... ਪਰ ਰੌਣਕੀ ਨੇ ਸੁਣਿਆ ਨਾ... ਪੈਰ ਘੜੀਸਦਾ ਉਹ ਘਰ ਆ ਗਿਆ... ਅਜੇ ਉਹ ਬੂਹੇ 'ਚ ਹੀ ਸੀ... ਗੁਆਂਢੋ...ਪੰਮੇ ਮੱਟੀ ਦੀ ਕੁੜੀ ਤੇ ਸ਼ੀਨਾ ਫੋਨ ਨੂੰ 'ਚਿੰਬੜੀਆਂ' ਹੋਈਆਂ ਸਨ...। "ਤਾਇਆ ਕੁਝ ਲੱਗਾ ਪਤਾ...?" ਪੰਮੇ ਦੀ ਕੁੜੀ ਨੇ ਸੁਤੇ ਹੀ ਕਿਹਾ, ਪਰ ਰੌਣਕੀ ਚੁੱਪਚਾਪ ਮੰਜੀ 'ਤੇ ਲੇਟ ਗਿਆ... ਸ਼ੀਨਾ ਦੀਆਂ ਅੱਖਾਂ 'ਚੋਂ ਵਗੇ ਪਾਣੀ ਨਾਲ ਮੋਬਾਇਲ ਦੀ ਸਕਰੀਨ ਧੁੰਦਲੀ ਹੋ ਗਈ ਤੇ ਗਲ਼ਾ ਭਾਰਾ ਹੋ ਗਿਆ "ਤਾਰੂ ਦੇ ਭਾਪਾ... ਆਹ ਵੇਖ...'ਮਬੈਲ 'ਤੇ ਖ਼ਬਰ ਚੱਲੀ ਜਾਂਦੀ... 'ਆਂਦੇ ਕੁੜੀ ਮਾੜੀ ਨਹੀਂ ਸੀ ...ਘਰ ਗਰੀਬੀ ਕਰਕੇ... ਜਾਂਦੀ ਸੀ... ਨੱਚਣ.... ਹਾਏ ਨੀ ਧੀਏ !... ਤੂੰ ਤਾਂ ਆਪ ਛਲ਼ੀ ਗਈ..."। ਸ਼ੀਨਾ ਨੇ ਫੋਨ ਪੰਮੇ ਦੀ ਕੁੜੀ ਨੂੰ ਫੜਾ ਦਿੱਤਾ....ਉਹਨੂੰ ਕੋਠੇ ਤੋਂ ਕਿਸੇ ਦੇ ਹੋਣ ਦੀ ਬਿੜ੍ਹਕ ਆ ਗਈ ਸੀ...ਕੋਠੇ 'ਤੇ ਠਕ ਠਕ ਸੁਣਕੇ ਰੌਣਕੀ ਚੌਂਕਿਆ, "ਕਿਹੜੈ?

"ਮੈਂ ਆਂ ਭਾਪਾ...।" ਤਾਰੂ ਦਾ ਖ਼ਰਵਾ ਜਿਹਾ ਜਵਾਬ ਸੀ

"ਤੂੰ ਕੀ ਕਰਦਾ...?

"ਛੱਤਰੀ ਪੁੱਟਦਾ...।"

"ਰਹਿਣ ਦੇ ਪੁੱਤ ਕਬੂਤਰ ਰੱਖਾਂਗੇ।" (**ਸੰਪਰਕ 98724-53246**)

ਕਹਾਣੀ

# ਜਨਮ ਸਫ਼ਲ ਹੋਇਓ ਮੈਂਡਾ

**ਸੋਮਾ ਸਬਲੋਕ**



ਇੰਝ ਨਹੀਂ ਕਿ ਉਹ ਉਸ ਸਭ ਕਾਸੇ ਤੋਂ ਅਣਜਾਣ ਸੀ ਜੋ ਕੁੱਝ ਉੱਥੇ ਦੱਸਿਆ ਜਾਂਦਾ ਸੀ। ਸਭ ਕੁੱਝ ਪਤਾ ਸੀ ਉਸਨੂੰ...

ਉਸ ਕੋਲ ਬਹੁਤ ਸਾਰੇ ਕਾਰਣ ਸਨ ਜਿਹਨਾਂ ਕਰ ਕੇ ਉਹ ਉੱਥੇ ਜਾਣ ਤੋਂ ਇਨਕਾਰੀ ਸੀ। ਬਥੇਰਾ ਜੋਰ ਲਾ ਲੈਂਦੇ ਘਰ ਦੇ ਕਿ ਉਹਨਾਂ ਨਾਲ ਕਦੇ ਤਾਂ ਉੱਥੇ ਜਾਵੇ...ਗੁਰੂ ਮਹਾਰਾਜ ਦੇ ਦਰਸ਼ਨ ਕਰੇ... ਸਿੱਧੇ ਰਾਹ ਪਵੇ... ਪਰ ਕਿੱਥੇ? ਸਵਾਲ ਹੀ ਪੈਦਾ ਨਹੀਂ ਸੀ ਹੁੰਦਾ।

"ਲਗਦਾ ਨਹੀਂ ਕਿ ਤੂੰ ਸਾਡਾ ਧੀ ਪੁੱਤ ਹੈਗਾ... ਕਹਿਣਾ ਮੰਨਦਾ ਨਹੀਂ-ਨਮੁੜ ਕਿਸੇ ਥਾਂ ਦਾ' ਕਦੇ ਬਾਪੂ ਇਹ ਬੋਲਦਾ ਤੇ ਕਦੇ ਬੇਬੇ ਦੇ ਇਹੋ ਜਿਹੇ ਬਚਨ ਹੁੰਦੇ।

ਉਵੇਂ ਉਹ ਆਗਿਆਕਾਰ ਬਥੇਰਾ ਸੀ ਉਹਨਾਂ ਦੋਹਾਂ ਦਾ... ਮਜਾਲ ਕਿ ਉਹਨਾਂ ਨੂੰ ਕੰਡਾ ਵੀ ਚੁਭਣ ਦੇਵੇ... ਪਰ ਇਸ ਮਾਮਲੇ ਵਿੱਚ ਉਹ ਆਗਿਆਕਾਰੀ ਨਹੀਂ ਸੀ। ਉਹਨਾਂ ਦੇ ਇਸ ਬਾਰੇ ਕੁੱਝ ਕਹਿਣ ਤੇ ਉਹ ਅੱਗਿਓਂ ਜਵਾਬ ਦਿੰਦਾ,

"ਕੋਈ ਨਾ... ਤੁਸੀਂ ਕਿਹੜਾ ਮੇਰੇ ਕਹਿਣੇ ਲਗਦੇ ਹੈਗੇ... ਲੱਗ ਜਾਉ ਮੇਰੇ ਕਹਿਣੇ... ਨਾ ਲੁਟਾਓ ਆਪਣਾ ਘਰ...ਜਾਣ ਬੁੱਝ ਕੇ... ਤੁਹਾਨੂੰ ਵੀ ਚਾਨਣ ਤਾਂ ਹੈਗਾ ਸਭ ਕਾਸੇ ਦਾ... ਸਭ ਸਾਫ ਏ ਚਿੱਟੇ ਦਿਨ ਵਾਂਗੂੰ... ਪਰ ਨਹੀਂ , ਫੇਰ ਵੀ... ਬਸ ਠੀਕ ਆ ਕਰੀ ਜਾਉ ਪਰ ਘੱਟੋ ਘੱਟ ਮੈਨੂੰ ਤਾਂ ਪਰੇਸ਼ਾਨ ਨਾ ਕਰੋ।" ਅੱਗੋਂ ਸੂਰਮਾ ਖਿਝ ਕੇ ਕਹਿੰਦਾ।

ਤੇ ਇੱਕ ਐਤਵਾਰ ਨੂੰ ਉਹ ਇਸੇ ਪਰੇਸ਼ਾਨੀ ਵਿੱਚ ਹੋਣ ਦੇ ਬਾਵਜੂਦ ਉੱਠ ਤੁਰਿਆ ਉਹਨਾਂ ਨਾਲ ਇਹ ਸੋਚ ਕੇ ਕਿ ਜਿਸ ਗੱਲ ਨੂੰ ਘਰ ਦੇ ਮੰਨਦੇ ਨਹੀਂ, ਅੱਜ ਉਹੀ ਗੱਲ ਮਨਵਾਉਣੀ ਏ ਉਹਨਾਂ ਨੂੰ।

***

ਭਰ ਸਿਖਰ ਦੁਪਹਿਰ ਕਾਂ ਦੀ ਅੱਖ ਵੀ ਬਾਹਰ ਨਿਕਲ ਰਹੀ ਸੀ। ਦੂਰ ਦੂਰ ਤੱਕ ਬਸ ਸਿਰ ਹੀ ਸਿਰ ਦਿਖਾਈ ਦੇ ਰਹੇ ਸਨ। ਪੰਡਾਲ ਵਿੱਚ ਬੈਠੇ ਸ਼ਰਧਾਲੂ ਪਸੀਨੇ ਨਾਲ ਤਰ ਬ ਤਰ ਹੋਏ ਬੈਠੇ ਸਨ। ਪਰ ਮਜਾਲ ਕਿ ਉਹਨਾਂ ਨੂੰ ਕੋਈ ਪਰੇਸ਼ਾਨੀ ਹੋ ਰਹੀ ਹੋਵੇ। ਧਰਮ ਕਰਮ ਦੇ ਕੰਮ ਵਿੱਚ ਇਹਨਾਂ ਲੋਕਾਂ ਨੂੰ ਕੋਈ ਪਰੇਸ਼ਾਨੀ ਨਹੀਂ ਹੁੰਦੀ ਹੁੰਦੀ! ਗੁਰੂ ਮਹਾਰਾਜ ਦਾ ਸਤਿਸੰਗ ਜੋਰਾਂ ਤੇ ਸੀ। ਉਹ ਆਪਣੀ ਭਗਤ ਲੋਕਾਈ ਨੂੰ ਪ੍ਰਵਚਨ ਕਰ ਰਹੇ ਸਨ-

-ਇਹ ਸੰਸਾਰ ਇੱਕ ਭੁੱਲ-ਭੁਲੱਈਆ ਏ

-ਇਸ ਦੇ ਮੋਹ-ਜੰਜਾਲ 'ਚ ਫਸਣਾ ਆਪਣੇ ਅਸਲੀ ਸੱਚ ਤੋਂ ਵਿਮੁੱਖ ਹੋਣਾ ਹੈ

-ਇਹ ਦੁਨੀਆ ਭਰਮਜਾਲ ਏ... ਇਸ ਵਿੱਚੋਂ ਆਪਣੇ ਆਪ ਨੂੰ ਕੱਢਣਾ ਏ

-ਪਰਮ ਸੱਚ ਨੂੰ ਪਾਉਣਾ ਏ, ਤੇ ਉਹ ਪਰਮ ਸੱਚ ਇੱਕ ਹੀ ਹੈ...

-ਸਾਡੀਆਂ ਦੁਨਿਆਵੀ ਅੱਖਾਂ ਨੂੰ ਉਹ ਦਿਸਦਾ ਨਹੀਂ

–ਕਣ ਕਣ ਵਿੱਚ ਉਸ ਦਾ ਵਾਸ ਹੈ

–ਉਸ ਦੀ ਮਰਜ਼ੀ ਤੋਂ ਬਿਨਾਂ ਪੱਤਾ ਵੀ ਨਹੀਂ ਹਿਲਦਾ

–ਮਨੁੱਖ ਕੋਈ ਕਰਮ ਆਪਣੀ ਮਰਜ਼ੀ ਨਾਲ ਨਹੀਂ ਸਗੋਂ ਉਸ ਦੇ ਹੁਕਮ 'ਚ ਬੱਝ ਕੇ ਕਰਦਾ ਏ

–ਇਸ ਲਈ ਬੱਚਾ, ਉਸ ਨੂੰ ਉਹਨਾਂ ਅੱਖਾਂ ਨਾਲ ਦੇਖੋ ਜਿਹਨਾਂ ਨਾਲ ਉਹ ਦਿਖਾਈ ਦਿੰਦਾ ਹੈ... ਉਸ ਨੂੰ ਆਪਣੇ ਅੰਦਰ ਮਹਿਸੂਸ ਕਰੋ... ਉਹ ਤੁਹਾਡੇ ਅੰਦਰ ਏ

–ਉਸ ਦੀ ਰਜ਼ਾ ਵਿੱਚ ਰਹੋ...

ਸੂਰਮਾ ਇਹ ਬੋਲ ਸੁਣ ਕਿਹਾ ਸੀ। ਮਹਿਸੂਸ ਕਰ ਰਿਹਾ ਸੀ।

ਗੁਰੂ ਮਹਾਰਾਜ ਦੇ ਦਗ ਦਗ ਕਰਦੇ ਚਿਹਰੇ ਵੱਲ ਦੇਖ ਰਿਹਾ ਸੀ। ਉਸ ਦੀਆਂ ਅੱਖਾਂ–ਪਲਕਾਂ ਬੇ–ਆਰਾਮ ਜਿਹੀਆਂ ਹੋ ਰਹੀਆਂ ਸਨ ਅਤੇ ਮਨ ਅੰਦਰਲੀ ਹਲਚਲ ਉਸ ਨੂੰ ਬੇਚੈਨ ਕਰ ਰਹੀ ਸੀ। ਉਹ ਬੇਖੌਫ ਹੋ ਗਿਆ । ਉਸ ਇਕਦਮ ਆਪਣੀ ਸੱਜੀ ਬਾਂਹ ਉੱਪਰ ਨੂੰ ਚੁੱਕ ਲਈ ਜਿਵੇਂ ਕੋਈ ਵਿਦਿਆਰਥੀ ਵੱਲੋਂ ਪੁੱਛੇ ਗਏ ਪ੍ਰਸ਼ਨ ਦਾ ਜਵਾਬ ਦੇਣ ਲਈ ਆਪਣੀ ਬਾਂਹ ਉੱਤੇ ਚੁੱਕ ਕੇ ਆਗਿਆ ਲੈਂਦਾ ਹੈ। ਉਸ ਦਾ ਹੱਥ ਉੱਪਰ ਚੁੱਕਿਆ ਦੇਖ ਕੇ ਗੁਰੂ ਮਹਾਰਾਜ ਦਾ ਇੱਕ ਸੇਵਾਦਾਰ ਉਸ ਵੱਲ ਬੜੀ ਕਾਹਲੀ ਨਾਲ ਆਇਆ ਤੇ ਮਾਈਕ ਉਸ ਨੂੰ ਫੜਾ ਦਿੱਤਾ।

"ਪ੍ਰਨਾਮ ਗੁਰੂ ਮਹਾਰਾਜ ! ਗੁਰੂ ਜੀ, ਮੈਂ ਬੇਨਤੀ ਕਰਨੀ ਚਾਹੁੰਨਾ ਕਿ ਪਿਛਲੇ ਕਈ ਦਹਾਕਿਆਂ ਤੋਂ ਸਾਡੇ ਸਮਾਜ ਅੰਦਰ ਬੜੀਆਂ ਬੇਨਿਯਮੀਆਂ ਨੇ ਪੈਰ ਪਸਾਰੇ ਹੋਏ ਨੇ। ਆਪ ਜੀ ਦੇ ਪ੍ਰਵਚਨ ਮੁਤਾਬਕ ਮਨੁੱਖਾਂ ਨੂੰ ਇੱਕ ਅਦਿੱਖ ਤਾਕਤ ਦੀ ਰਜ਼ਾ ਵਿੱਚ ਰਹਿ ਕੇ ਸਭ ਕੁੱਝ ਕਰਨਾ ਚਾਹੀਦਾ , ਉਸ ਦਾ ਭਾਣਾ ਮੰਨਣਾ ਚਾਹੀਦਾ।"

'ਮਹਾਰਾਜ, ਦੇਖਦੇ ਹਾਂ ਕਿ ਮਨੁੱਖ ਕੀ ਸੁੱਚਮੁੱਚ ਉਹੀ ਕਰ ਰਿਹਾ ਜੋ ਉਸ ਨੂੰ ਉਹ ਤਾਕਤ ਕਰਨ ਲਈ ਕਹਿੰਦੀ ਹੈ।" ਸੂਰਮੇ ਨੇ ਸਵਾਲ ਕੀਤਾ।

"ਬੱਚਾ, ਕਹਿਣਾ ਕੀ ਚਾਹੁਨੈ?" ਗੁਰੂ ਜੀ ਨੇ ਬੜੇ ਠਰ੍ਹਮੇ ਨਾਲ ਪੁੱਛਿਆ।

"ਇਹੋ, ਮਹਾਰਾਜ ਕਿ ਧਰਮਗੁਰੂ, ਪਰਚਾਰਕ ਬਾਰ ਬਾਰ ਇਹੋ ਸਿੱਖਿਆ ਦੇ ਰਹੇ ਨੇ... ਬਾਰ ਬਾਰ ਇੱਕੋ ਤਰ੍ਹਾਂ ਦਾ ਪ੍ਰਚਾਰ ਕਰ ਰਹੇ ਨੇ ਕਿ ਉਹਦੀ ਰਜ਼ਾ 'ਚ ਰਹੋ, ਉਹਦਾ ਹੁਕਮ ਮੰਨੋ, ਆਪ ਜੀ ਨੇ ਵੀ ਇਹੋ ਮਤ ਦਿੱਤੀ... ਇਹ ਸਭ ਤਾਂ ਅਸੀਂ ਬਹੁਤ ਸੁਣ ਲਿਆ ਹੈ ਤੇ ਪੜ੍ਹਿਆ ਵੀ ਹੈ।"

"ਹਾਂ ਬੱਚਾ ! ਛੇਤੀ ਕਰ। ਪ੍ਰਚਾਰ ਨਾ ਕਰ। ਇਹ ਤੇਰਾ ਕੰਮ ਨਹੀਂ। ਅੱਗੇ ਕੁੱਝ ਹੋਰ ਬੋਲ।" ਗੁਰੂ ਮਹਾਰਾਜ ਕੁੱਝ ਔਖਾ ਜਿਹਾ ਮਹਿਸੂਸ ਕਰਦੇ ਹੋਏ ਬੋਲੇ।

"ਗੁਰੂ ਜੀ ਕੀ ਇਸ ਤਰ੍ਹਾਂ ਦੀ ਸ਼ਬਦਾਵਲੀ ਦਾ ਕੋਈ ਅਰਥ ਹੈ?

ਕਿੰਨੇ ਕੁ ਨੇ ਜਿਹਨਾਂ ਨੇ ਇਹਨਾਂ ਸ਼ਬਦਾਂ ਨੂੰ ਦਿਲ–ਦਿਮਾਗ ਵਿੱਚ ਬੈਠਾਇਆ ਏ? ਸਮੇਟ ਕੇ ਰੱਖਿਆ ਏ।"

"ਸਮਾਜ ਨੂੰ ਦੇਖਦੇ ਹੋਏ, ਧਰਮ ਅਸਥਾਨਾਂ ਤੇ ਵਿਚਰਦੇ ਹੋਏ ਬਹੁਤ ਕੁੱਝ ਅਜਿਹਾ ਦੇਖਣ, ਸੁਣਨ ਸਮਝਣ ਨੂੰ ਮਿਲਦਾ ਹੈ ਜੋ ਮਨੁੱਖਤਾ ਦੇ ਨਾਂ ਤੇ ਕਲੰਕ ਹੈ।

ਗੁਰੂ ਮਹਾਰਾਜ ਦੇ ਚਿਹਰੇ ਤੇ ਉਤਰਦੇ–ਚੜ੍ਹਦੇ ਭਾਵ ਦੇਖ ਕੇ ਉਹਨਾਂ ਦੇ ਕਰਿੰਦੇ ਨੇ ਉਸ ਨੂੰ ਬਿਠਾਉਣਾ ਚਾਹਿਆ। ਭਰੇ ਪੰਡਾਲ ਵਿੱਚ ਇਵੇਂ ਨਹੀਂ ਸੀ ਕਿ ਲੋਕ ਵੀ ਉਸ ਦੇ ਮਗਰ ਪੈ ਗਏ ਹੋਣ। ਉਹ ਤਾਂ ਮਹਾਰਾਜ ਦੇ ਪ੍ਰਵਚਨ ਦੇ ਮੁੜਦੇ ਰੁੱਖ ਨੂੰ ਦੇਖ ਸੁਣ ਰਹੇ ਸਨ।

ਜਿਸ ਸੇਵਾਦਾਰ ਨੇ ਉਸ ਨੂੰ ਮਾਈਕ ਦਿੱਤਾ ਸੀ, ਉਹ ਉਸ ਤੋਂ ਮਾਈਕ ਖੋਹ ਲੈਣ ਦੀ ਰੌਂਅ



ਵਿੱਚ ਅੱਗੇ ਵਧਿਆ ਪਰ ਉਸ ਮਾਈਕ ਵਾਪਿਸ ਨਾ ਕੀਤਾ। ਉਸ ਮਹਾਰਾਜ ਜੀ ਪਾਸੋ ਸਿਰਫ ਇੱਕ ਹੋਰ ਗੱਲ ਕਹਿਣ ਦੀ ਆਗਿਆ ਮੰਗੀ। ਮਹਾਰਾਜ ਨੇ ਆਪਣੀ ਉਦਾਰਤਾ ਕਾਇਮ ਰੱਖਦਿਆਂ ਉਸ ਨੂੰ ਇਜਾਜ਼ਤ ਦੇ ਦਿੱਤੀ।

"ਹਾਂ ਬੱਚਾ, ਦੱਸ...।"

"ਗੁਰੂ ਮਹਾਰਾਜ ਜੀ, ਆਪ ਉਹਨਾਂ ਲੋਕਾਂ ਬਾਰੇ ਕੀ ਕਹਿਣਾ ਚਾਹੋਗੇ ਜਿਹੜੇ ਕੰਨਿਆ ਭਰੂਣ ਹੱਤਿਆ ਜਿਹਾ ਮੰਦਭਾਗਾ ਕਾਰਾ ਕਰਦੇ ਹਨ?" ਗੁਰੂ ਜੀ ਨੇ ਇਹੋ ਜਿਹੇ ਪ੍ਰਸ਼ਨ ਬਾਰੇ ਕਦੇ ਸੋਚਿਆ ਹੀ ਨਹੀਂ ਸੀ।

ਉਹਨਾ ਨੇ ਸੂਰਮੇ ਵੱਲ ਘੂਰ ਕੇ ਦੇਖਿਆ ਪਰ ਅਗਲੇ ਹੀ ਪਲ ਉਹ ਸ਼ਾਂਤ ਹੋ ਗਏ। ਉਹਨਾਂ ਬੜੇ ਠਰ੍ਹਮੇ ਨਾਲ ਕਿਹਾ,

"ਮੈਨੂੰ ਉਹਨਾਂ ਨਾਲ ਹਮਦਰਦੀ ਹੈ।"

"ਮੈਂ ਉਹਨਾਂ ਨੂੰ ਪ੍ਰੇਮ ਕਰਦਾ ਹਾਂ।"

"ਮੈਂ ਉਹਨਾਂ ਨੂੰ ਆਸ਼ੀਰਵਾਦ ਦਿੰਦਾ ਹਾਂ।"

ਪੰਡਾਲ ਵਿੱਚ ਇੱਕ ਦਮ ਚੁੱਪ ਪੱਸਰ ਗਈ... ਕਿੱਥੇ ਤਾਂ ਚਾਰੇ ਪਾਸੋ ਭੀਂ ਭੀਂ ਦੀ ਆਵਾਜ਼ ਸਰਕ ਰਹੀ ਸੀ ਤੇ ਕਿੱਥੇ ਹੁਣ ਸੁੰਨ ਸਮਾਧ ਛਾ ਗਈ ਸੀ।

ਮਹਾਰਾਜ ਜੀ ਦੇ ਇਹ ਬਚਨ ਸੁਣਦਿਆਂ ਸਾਰ ਹੀ ਉਹਨਾਂ ਦੇ ਸਪੈਸਲ ਸ਼ਰਧਾਲੂ ਬੜਾ ਸ਼ਰਮਿੰਦਾ ਹੋਏ, ਉਹਨਾਂ ਬੜਾ ਅਸਹਿਜ ਮਹਿਸੂਸ ਕੀਤਾ। ਨੀਵੀਂ ਪਾਈ ਬੈਠੇ ਉਹ ਸੋਚਣ ਲੱਗੇ–

"ਮਹਾਰਾਜ ਜੀ ਨੇ ਇਹ ਕੀ ਬੋਲ ਦਿੱਤਾ... ਕਿ ਉਹ ਉਹਨਾਂ ਹਤਿਆਰਿਆਂ ਨੂੰ ਪ੍ਰੇਮ ਕਰਦੇ ਹਨ? ਉਹਨਾਂ ਨਾਲ ਹਮਦਰਦੀ ਰੱਖਦੇ ਹਨ?"

ਪਰ ਗੁਰੂ ਮਹਾਰਾਜ ਦੇ ਚਿਹਰੇ ਤੇ ਐਦਾਂ ਦੇ ਕੋਈ ਭਾਵ ਨਾ ਉੱਭਰੇ ਕਿ ਉਹਨਾਂ ਨੇ ਕੁੱਝ ਅਣਸੁਖਾਵਾਂ ਬੋਲ ਦਿੱਤਾ ਹੋਵੇ। ਉਹਨਾਂ ਦੇ ਚਿਹਰੇ ਤੇ ਪਹਿਲਾਂ ਜਿਹਾ ਜਲੌਅ ਹੀ ਕਾਇਮ ਰਿਹਾ।

ਕਿਸੇ ਤਰ੍ਹਾਂ ਦਾ ਕੋਈ ਪਛਤਾਵਾ ਉਹਨਾਂ ਨੂੰ ਮਹਿਸੂਸ ਨਾ ਹੋਇਆ।

ਸਾਹਮਣੇ ਬੈਠਾ ਜਨ ਸਮੂਹ ਆਪਸ ਵਿੱਚ ਘੁਸਰ ਮੁਸਰ ਕਰਦਾ ਰਿਹਾ। ਲੋਕ ਭਰਵੱਟੇ ਉੱਪਰ ਨੀਵੇਂ ਕਰ ਕੇ ਅੱਖਾਂ ਹੀ ਅੱਖਾਂ ਵਿੱਚ ਇੱਕ ਦੂਜੇ ਨਾਲ ਸਵਾਲ ਜਵਾਬ ਕਰਦੇ ਰਹੇ।

ਮਹਾਰਾਜ ਜੀ ਨੇ ਆਪਣਾ ਪ੍ਰਵਚਨ ਜਾਰੀ ਰੱਖਦੇ ਹੋਏ ਕਿਹਾ, "ਓ ਭਾਈ ਵਿਚਾਰੇ ਗਰੀਬੜਿਓ... ਤੁਸੀਂ ਇੱਕ ਔਰਤ, ਇੱਕ ਬੱਚੀ, ਨਾਰੀ ਸ਼ਕਤੀ ਬਾਬਤ ਕੀ ਵਿਚਾਰ ਰੱਖਦੇ ਓ?"

"ਇਕ ਔਰਤ ਦਾ ਕਿਵੇਂ ਸ਼ੋਸ਼ਣ ਹੋ ਸਕਦਾ ਏ?

"ਉਸ ਦਾ ਸ਼ੋਸ਼ਣ ਕਿੱਥੇ ਹੋ ਸਕਦਾ ਏ?"

"ਕੌਣ ਕਰ ਸਕਦਾ ਏ ਉਸ ਦਾ ਸ਼ੋਸ਼ਣ ?" ਕਹਿ ਕੇ ਉਹਨਾਂ ਆਪਣੇ ਸੱਜੇ ਤੇ ਫੇਰ ਖੱਬੇ ਹੱਥ ਨਜ਼ਰ ਘੁਮਾਈ।

ਪੰਡਾਲ ਵਿੱਚ ਲੱਗਭਗ ਹਰੇਕ ਬੰਦਾ ਉਹਨਾਂ ਦੇ ਅੱਗੇ ਤੋਂ ਅੱਗੇ ਹੋਰ ਬੋਲ ਸੁਣਨ ਲਈ ਉਤਾਵਲਾ ਹੋ ਰਿਹਾ ਸੀ।

"ਔਰਤ ਸਾਰੇ ਸੰਸਾਰ ਦੀ ਜਣਨੀ ਹੈ। ਉਹ ਸਾਰੀ ਮਨੁੱਖ ਕੌਮ ਨੂੰ ਪਾਲਦੀ ਏ। ਤੁਹਾਨੂੰ ਭਲੀਭਾਂਤ ਪਤਾ ਹੈ। ਕੰਨਿਆ ਭਰੂਣ ਨੂੰ ਖ਼ਤਮ ਕਰਨਾ ਜਾਂ ਨਵਜੰਮੀ ਬੱਚੀ ਦਾ ਕਤਲ ਕਰਨਾ ਦੈਂਤਾਂ ਦਾ ਕਾਰਾ ਏ। ਇਹ ਬੜਾ ਘਿਰਣਾਯੋਗ ਅਪਮਾਨ ਹੀ ਨਹੀਂ ਸਗੋਂ ਬੜਾ ਭਾਰੀ ਪਾਪ ਏ। ਅਜਿਹੇ ਲੋਕਾਂ ਲਈ ਮੌਤ ਦੀ ਸਜ਼ਾ ਵੀ ਥੋੜੀ ਹੈ। ਇਹਨਾਂ ਨੂੰ ਤਾਂ ਇਸ ਤੋਂ ਵੱਧ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ।"

ਸੂਰਮਾ ਇੱਕ ਵਾਰ ਫੇਰ ਸੋਚੀਂ ਪੈ ਗਿਆ। ਇੱਕ ਵਾਰ ਫੇਰ ਗੁਰੂ ਮਹਾਰਾਜ ਨੇ ਕਿਹਾ,

"ਇਹਨਾਂ ਜੰਗਲੀਆਂ ਨੂੰ ਉਹਨਾਂ ਗੈਬੀ ਤਾਕਤਾਂ ਦੇ ਕ੍ਰੋਧ ਦਾ ਸਾਹਮਣਾ ਕਰਨਾ ਪਵੇਗਾ...

"ਉਦੋਂ ਇਹਨਾਂ ਨੂੰ ਆਪਣੇ ਮੰਦੇ ਕੰਮਾਂ ਦਾ ਪਤਾ ਲੱਗੂਗਾ।"

"ਦਿਨ ਖ਼ਤਮ ਹੋਵੇਗਾ ਅਤੇ ਰਾਤ ਘਿਰ ਆਵੇਗੀ।"

"ਅਜਿਹੇ ਲੋਕਾਂ ਦੀਆਂ ਦੇਹਾਂ ਅਸਹਿ ਦਰਦ ਨਾਲ ਆਕੜ ਜਾਣਗੀਆਂ।"

"ਅਚਾਨਕ ਚਾਰੇ ਪਾਸੇ ਕਾਲਾ ਘੋਰ ਹਨ੍ਹੇਰਾ ਛਾ ਜਾਵੇਗਾ।"

"ਉਦੋਂ ਇਹਨਾਂ ਨੂੰ ਕੁੱਝ ਨਹੀਂ ਸੁੱਝਣਾ।"

"ਉਦੋਂ ਇਹਨਾਂ ਦੀ ਅਕਲ ਟਿਕਾਣੇ ਆਉਣੀ।"

"ਦੇਵਤਿਆਂ ਦੇ ਅਥਾਹ ਕ੍ਰੋਧ ਕਾਰਣ ਇਹਨਾਂ ਦੀ ਆਤਮਾ ਦੇ ਵਿਥੜੇ ਉੱਡ ਜਾਣੇ।"

"ਯਕੀਨ ਕਰੋ... ਐਸਾ ਹੋ ਕੇ ਰਹੇਗਾ।"

"ਉਦੋਂ ਕਿਸੇ ਦੀਆਂ ਅਰਜੋਈਆਂ ਕੰਮ ਨਹੀਂ ਆਉਣਗੀਆਂ।"

"ਉਹਨਾਂ ਦੀ ਅਜਿਹੀ ਭੈੜੀ ਹਾਲਤ ਦੇਖ ਕੇ ਪੱਥਰ ਦਿਲ ਇਨਸਾਨ ਵੀ ਰੋਂਦਾ ਹੋਇਆ ਪਰਮਾਤਮਾ ਨੂੰ ਕਹੇਗਾ-'ਰਹਿਮ ਕਰੋ ਮੇਰੇ ਸਾਂਈਂ ਇਹਨਾਂ ਤੇ ਰਹਿਮ ਕਰੋ।"

"ਇਸੇ ਕਰ ਕੇ ਮੇਰੀ ਇਹਨਾਂ ਲੋਕਾਂ ਨਾਲ ਹਮਦਰਦੀ ਏ।"


***

ਕਥਾ ਸਮਾਪਤ ਹੋ ਗਈ ਸੀ।

ਜਨਸਮੂਹ ਖਿੰਡਰ ਗਿਆ ਸੀ।

ਪੰਡਾਲ ਖਾਲੀ ਹੋ ਗਿਆ ਸੀ।

ਸੂਰਮਾ ਆਪਣੇ ਘਰ ਆ ਗਿਆ ਸੀ ਤੇ ਆਉਂਦਾ ਹੀ ਬੇਚੈਨ ਜਿਹਾ ਮਹਿਸੂਸ ਕਰਦਾ ਕਰਦਾ ਉਹ ਚੁਬਾਰੇ ਚੜ੍ਹ ਗਿਆ। ਟੀ-ਸ਼ਰਟ ਲਾਹ ਕੇ ਪਰ੍ਹਾਂ ਵਗਾਹ ਮਾਰੀ। ਫੋਲਡਿੰਗ ਬੈੱਡ 'ਤੇ ਲੰਮਾ ਪੈ ਗਿਆ। ਨਜ਼ਰਾਂ ਚਲਦੇ ਸੀਲਿੰਗ ਫੈਨ ਤੇ ਟਿਕ ਗਈਆਂ।




''ਹੈਂਅ ... ਇਹਦੇ ਪਰ ਕਿਧਰ ਗਏ?''

''ਅੱਛਾਆ... ਇੱਕਮਿਕ ਹੋ ਗਏ ਹੋਣੇ।''

''ਲਿਵ ਲੱਗ ਗਈ ਹੋਣੀ ਇਹਨਾਂ ਦੀ ਹਵਾ ਦੇ ਨਾਲ।''

''ਵਾਹ! ਗੁਰੂ ਮਹਾਰਾਜਿਆ ਵਾਹ! ਕਾਨੂੰਨੀ ਤੌਰ ਤੇ ਮਿਲਣ ਵਾਲੀ ਸਜ਼ਾ ਦਾ ਕੋਈ ਖੌਫ਼ ਨਹੀਂ... ਇਹ ਜਾਣਦੇ ਹੋਏ ਵੀ ਕਿ ਜਿਉਂਦੇ ਇਨਸਾਨ ਨੇ ਜਿਹੜੀ ਖ਼ਤਾ ਕੀਤੀ, ਸਜ਼ਾ ਤਾਂ ਉਹਨੂੰ ਜਿਉਂਦੇ ਜੀਅ ਹੀ ਮਿਲਣੀ...ਉਹ ਵੀ ਕਾਨੂੰਨ ਅਨੁਸਾਰ

''ਪਰ ਕਿੱਥੇ...?''

ਇਹਨਾਂ ਨੇ ਆਪਣੀ ਹੱਟੀ ਚਲਾਉਣੀ...ਪਰਲੋਕ ਦਾ ਭੈਅ ਦੇ ਕੇ।''

ਸੂਰਮੇ ਦੇ ਬੋਲ ਸਿਰਫ ਉਸ ਨੂੰ ਹੀ ਸੁਣ ਰਹੇ ਸਨ।

***

''ਕੀ ਲੋੜ ਸੀ ਗੁਰੂ ਮਹਾਰਾਜ ਨਾਲ ਸਵਾਲ ਜਵਾਬ ਕਰਨ ਦੀ?... ਕਿੱਥੋਂ ਦਾ ਗਿਆਨੀ-ਧਿਆਨੀ ਹੈਗਾ ਏ ਤੂੰ...? ਤੂੰ ਅੱਜ ਸਤਸੰਗੀਆਂ ਮੂਹਰੇ ਸਾਡੀ ਨੱਕ ਵਢਾ ਤੀ...।''

ਬਾਪੂ ਤੇ ਬੇਬੇ ਡਾਢੇ ਤੜਫ਼ ਰਹੇ ਸਨ।

''...।''

''ਕੰਜਰ ਇੱਕ ਜੰਮਿਆ... ਉਹ ਵੀ ਵੱਟਾ...।'' ਨਮੋਸ਼ੀ ਦੇ ਮਾਰੇ ਉਹ ਦੋਵੇਂ ਜਣੇ ਜਿਵੇਂ ਖਾਮੋਸ਼ ਹੋ ਗਏ। ਕੱਲੀ ਕਾਰੀ ਔਲਾਦ ਨੂੰ ਹੋਰ ਕਹਿੰਦੇ ਵੀ ਤਾਂ ਕੀ?

ਸੂਰਮਾ ਸੋਚਾਂ ਵਿੱਚ ਪਿਆ ਛਟਪਟਾ ਰਿਹਾ ਸੀ... ਕਿਵੇਂ ਸਮਝਾਵੇ ਬਈ ਇਹ ਤਾਂ ਰੋਟੀਆਂ ਕਾਰਨ ਪੂਰੇ ਤਾਲ ਨੇ...ਅਜਿਹੇ ਡਮਰੂ ਵਜਾਵਿਆਂ ਨੂੰ ਵੀ ਚੰਗੀ ਤਰ੍ਹਾਂ ਪਤਾ ਭਾਈ ਬੰਦਾ ਮਰ ਗਿਆ...ਸਾੜ ਦਿੱਤਾ... ਸਵਾਹ ਜਲ ਪ੍ਰਵਾਹ ਕਰ ਦਿੱਤੀ, ਉਸ ਦੇ ਬਾਕੀ ਦੇ ਵੀ ਛੰਗਣ-ਮੰਗਣ ਕਰ ਦਿੱਤੇ...ਕਹਾਣੀ ਖ਼ਤਮ ਹੁਣ ਅੱਗੇ ਹੋਰ ਕਿੱਥੇ ਜਾਣਾ ਉਹਨੇ...? ਕਿਹੜੇ ਖੌਲਦੇ ਤੇਲ 'ਚ ਸਾੜਿਆ ਜਾਣਾ ਉਹਨੂੰ...ਸਾਲੇ ਇੱਦਾਂ ਗੱਲਾਂ ਕਰਦੇ ਜਿੱਦਾਂ ਟਿਕਟ ਖਰੀਦ ਕੇ ਗਏ ਤੇ ਇਹ ਸਭ ਹੁੰਦਾ ਦੇਖ ਕੇ ਆਏ... ਤੇ ਆ ਕੇ ਹੁਣ ਉਹਦੀ ਕੁਮੈਂਟਰੀ ਕਰ ਰਹੇ ! ਕਿਵੇਂ ਮੇਰੇ ਸਵਾਲ ਦਾ ਜਵਾਬ ਘੁਮਾ ਫਰਾ ਕੇ ਦਿੱਤਾ... ਮਾਂ ਦਾ ਗੁਰੂ ਮਹਾਰਾਜ !! ***

ਬੀ. ਏ. ਪਾਸ ਸੁਮੇਰ ਉਰਫ ਸੂਰਮਾ ਚੰਗਾ ਪਾੜ੍ਹਾ ਸੀ। ਕਈ ਮਜਮੂਨਾਂ ਦਾ ਉਸ ਕੋਲ ਗਿਆਨ ਸੀ। ਕਹਿੰਦੀ ਕਹਾਉਂਦੀ ਅਖ਼ਬਾਰ ਵਿੱਚ ਪਰੂਫ਼ ਰੀਡਰ ਹੋਣ ਕਾਰਣ ਬੀਤੇ ਤੇ ਮੌਜੂਦਾ ਹਾਲਾਤ ਤੇ ਉਸ ਦੀ ਚੰਗੀ ਪਕੜ ਸੀ। ਸਮਾਜ ਵਿੱਚ ਵਿਆਪਤ ਪਖੰਡ ਤੇ ਉਹ ਪੈਨੀ ਨਜ਼ਰ ਰੱਖਦਾ। ਥੋੜੇ ਕੀਤੇ ਉਹ ਆਪਣੀ ਗੱਲ ਭੁੰਜੇ ਨਾ ਸੀ ਪੈਣ ਦਿੰਦਾ।

ਅੱਜ ਦਾ ਵਾਕਿਆ ਹਾਲੇ ਉਸ ਦੇ ਦਿਮਾਗ 'ਚੋਂ ਪਾਸੇ ਨਹੀਂ ਸੀ ਹੋਇਆ ਕਿ ਉਸ ਦੀ ਸੂਈ ਫੇਸਬੁੱਕ 'ਤੇ ਚਲਦੇ ਇੱਕ ਹੋਰ ਬਾਬੇ ਦੇ ਡਰਾਮੇ ਤੇ ਅੜ੍ਹ ਗਈ। ਉਹ ਆਪ ਮੁਹਾਰੇ ਆਪਣੇ ਨਾਲ ਸੰਵਾਦ ਰਚਾਉਣ ਲੱਗਾ।

"ਸਾਲਾ ਮੰਨਦਾ ਕਿਹੜਾ ਹੈਗਾ ਕਿਸੇ ਦੀ ਕੋਈ ਗੱਲ...ਡਰਪੋਕਾਂ ਦਾ ਭੌਣ।

ਇਹਨਾਂ ਬਾਬਿਆਂ-ਬੂਬਿਆਂ ਦੀਆਂ ਗੱਲਾਂ ਇਹਨਾਂ ਨੂੰ ਰਾਸ ਆਉਂਦੀਆਂ।"

"ਬਣੀ-ਬਣਾਈ ਡੰਡੀ ਤੇ ਇਹਨਾਂ ਨੂੰ ਤੁਰਨ ਲਾ ਦਿੰਦੇ... ਇਹ ਤੁਰੀ ਜਾਂਦੇ... ਭੇਡਾਂ ਵਾਂਗ... ਸਿਰ ਚੁੱਕਦੇ ਈ ਨਹੀਂ ਉੱਪਰ ਨੂੰ... ਭਾਈ ਰਾਹ ਦੇਖ ਕੇ ਆਪਣੇ ਮੁਤਾਬਕ ਤੁਰ ਲੈਣ।"

"ਆਹ ਮੇਰੀ ਬੇਬੇ ਵਾਰੇ ਨੀਂ ਆਉਣ ਦਿੰਦੀ... ਅਖੇ ਇੱਦਾਂ ਨਹੀਂ ਕਰੀਦਾ... ਇੱਦਾਂ ਨਹੀਂ ਕਹੀ ਦਾ.. ਡਰੀਦਾ... ਬਾਬਿਆਂ ਦੀ ਪਹੁੰਚ ਤੋਂ... ਪਤਾ ਨਹੀਂ ਤੈਨੂੰ ਇਹ ਭਲੇ ਲੋਕ ਰੱਬ ਵਲੋਂ ਭੇਜੇ ਗਏ ਹੁੰਦੇ ਆ... ਕੁਰਾਹੇ ਪਈ ਲੋਕਾਈ ਨੂੰ ਸਿੱਧੇ ਰਾਹ ਪਾਉਣ ਲਈ।"

ਸੂਰਮੇ ਨੂੰ ਇਹਨਾਂ ਗੱਲਾਂ ਤੋਂ ਚਿੜ੍ਹ ਚੜ੍ਹਦੀ।

***

"ਸੂਰਮੇ ਭਰਾ...ਅ, ਅੱਜ ਜਾਣਾ ਨੀਂ ਕੰਮ ਤੇ...?" ਸੂਰਮੇ ਨੂੰ ਹੇਠਾਂ ਨਾ ਦੇਖ ਕੇ ਮਨੇਜਰ ਸਿੱਧਾ ਚੁਬਾਰੇ ਚੜ੍ਹ ਗਿਆ। ਉਹ ਸੂਰਮੇ ਦੀ ਮੰਜੀ ਦੀ ਪਵਾਂਦ ਵੱਲ ਬੈਠ ਗਿਆ ਤੇ ਉਸ ਦਾ ਹਾਲ ਚਾਲ ਪੁੱਛਣ ਲੱਗਾ। ਸੂਰਮੇ ਨੇ ਆਪਣਾ ਹਾਲ ਵੀ ਤੇ ਚਾਲ ਵੀ ਸਭ ਸਹੀ ਦੱਸਿਆ। ਮਨੇਜਰ ਵੀ ਉਸੇ ਅਖ਼ਬਾਰ ਦੇ ਦਫ਼ਤਰ ਵਿੱਚ ਮਸ਼ੀਨ-ਮੈਨ ਸੀ।

ਸੂਰਮਾ ਉੱਠਿਆ। ਪੈਂਟ ਕਮੀਜ ਪਹਿਨੀ ਤੇ ਦੋਵੇਂ ਜਣੇ ਥਪਾ ਥੱਪ ਹੇਠਾਂ ਉੱਤਰ ਗਏ। ਬੇਬੇ ਪੈੜ ਨੱਪਦੀ ਅਵਾਜ਼ਾਂ ਮਾਰਦੀ ਰਹਿ ਗਈ ਪਰ ਉਹਨਾਂ ਦੋਹਾਂ ਭਲੇ ਮਾਣਸਾਂ ਨੇ ਉਸਦੀ ਇੱਕ ਨਾ ਸੁਣੀ।

ਸੂਰਮਾ ਰੋਟੀ ਵਾਲਾ ਡੱਬਾ ਲੈ ਕੇ ਨਾ ਗਿਆ।

ਚਾਹ ਦਾ ਘੁੱਟ ਭਰ ਕੇ ਨਾ ਗਿਆ।

ਬੇਬੇ ਨੂੰ ਮਿਲ ਕੇ ਨਾ ਗਿਆ।

***

'ਮਨੇਜਰਾ, ਅੱਜ ਆਪਾਂ ਤੇਰੇ ਸੈਕਲ ਤੇ ਹੀ ਚਲਦੇ ਆਂ ਦਫ਼ਤਰ ਨੂੰ।"

"ਨਹੀਂ ਭਾਉ... ਚਿਰ ਲੱਗ ਜਾਣਾ... ਮੈਨੂੰ ਪਤਾ ਹੁੰਦਾ ਤਾਂ ਮੈਂ ਸਕੂਟਰ ਲੈ ਆਉਣਾ ਸੀ।"

"ਚਲ ਕਿਤੇ ਨ੍ਹੀਂ ... ਇੱਕ ਦਿਨ ਦੇਰ ਸਵੇਰ ਹੋ ਗੀ ਤਾਂ ਕੁੱਝ ਨੀਂ ਹੁੰਦਾ। ਅੱਗੇ ਤਾਂ ਅਸੀਂ ਕਿੰਨਾ ਚਿਰ ਪਹਿਲਾਂ ਹੀ ਪਹੁੰਚ ਜਾਨੇ ਆ... ਕੁੱਝ ਨਹੀਂ ਕਹਿੰਦਾ ਬੀਰ ਸਿਉਂ... ਆਪਣਾ ਈ ਜੋਟੀ ਦਾਰ ਆ।"

ਸੱਚ, ਐਦਾਂ ਦੱਸ... ਅੱਜ ਤਾਂ ਸੋਮਵਾਰ ਆ... ਤੇਰਾ ਵਰਤ ਹੋਣਾ, ਸ਼ਿਵ ਜੀ ਦਾ... ਭਰਾਵਾ ਸਾਉਣ ਚੱਲ ਰਿਹਾ... ਹੈ ਨਾ।"

"ਹਾਂ ਹਾਂ, ਕਿਉਂ ਨਹੀਂ, ਚੱਲ ਰਿਹਾ ਸਾਉਣ... ਬੜਾ ਆਨੰਦ ਵਾ।" ਮਨੇਜਰ ਨੇ ਲੋਰ ਜਿਹੀ ਵਿੱਚ ਜਵਾਬ ਦਿੱਤਾ।

"ਠੀਕ ਆ... ਆਨੰਦ 'ਚ ਰਹਿਣਾ ਚਾਹੀਦਾ... ਸ਼ਿਵ ਹੈਨ ਹੀ ਪ੍ਰਾਣੀ ਨੂੰ ਅੰਤਾਂ ਦੇ ਆਨੰਦ ਵਿੱਚ ਰੱਖਣ ਵਾਲੇ ਦੇਵਤਾ।" ਤੇ ਮਸ਼ਕਰੀ ਜਿਹੀ ਨਾਲ ਉਸ ਮਨੇਜਰ ਦੇ ਚੂੰਢੀ ਵੱਢੀ। ਮਨੇਜਰ ਸਭ ਸਮਝ ਗਿਆ।

***

"ਮਨੇਜਰਾ, ਦੇਖ ਤੇਰਾ ਟੱਬਰ ਵੀ ਸ਼ਿਵ ਜੀ ਕੇ ਟੱਬਰ ਜਿੱਡਾ... ਹੈ ਨਾ... ਤੂੰ ਭਾਬੀ ਕਮਲ ਤੇ ਨਿੱਕਾ ਨੰਤੀ।"

"ਹਾਂ ਬਾਈ... ਛੋਟੀ ਗਰ੍ਹਿਸਤੀ ਸਹੀ ਰਹਿੰਦੀ। ਨਿਆਣੇ ਵਧੀਆ ਪਲ ਜਾਂਦੇ... ਚੰਗਾ ਪੜ੍ਹਾ-ਲਿਖਾ ਹੋ ਜਾਂਦਾ ਉਹਨਾਂ ਨੂੰ...।" ਮਨੇਜਰ ਨੇ ਸਿਆਣੇ ਬਾਪ ਵਾਲੀ ਗੱਲ ਕੀਤੀ।

"ਹੂੰਅ... ਗੱਲ ਤੂੰ ਸਿਆਣੀ ਕੀਤੀ।

"ਅੱਛਾ ਮਨੇਜਰ, ਇੱਕ ਗੱਲ ਕਰਾਂ... ਗੁੱਸਾ ਨਾ ਕਰੀਂ ਭਰਾ ਇਹ ਗੱਲ ਕਰਨ ਦਾ ਮੇਰਾ ਮਤਲਬ ਉਹ ਨੀਂ ਹੈਗਾ... ਜੋ ਮੈਨੂੰ ਲੱਗਦਾ, ਤੂੰ ਸਮਝ ਲੈਣਾ...।" ਪੁੱਠਾ ਨਾ ਸੋਚੇਂ ਤਾਂ ਬੋਲਾਂ?"

"ਹਾਂ ਦੱਸ ਤੇਰੀ ਗੱਲ ਦਾ ਕੋਈ ਗੁੱਸਾ ਨੀਂ।"

"ਯਾਰ ਤੂੰ ਸ਼ਿਵ ਜੀ ਦੇਵਤਾ ਦਾ ਕਿੰਨਾ ਵੱਡਾ ਭਗਤ ਏਂ...! ਹੈ ਨਾ? ਤੈਨੂੰ ਐਨਾ ਤਾਂ ਪਤਾ ਹੋਣਾ ਕਿ ਉਹਨਾਂ ਦੇ ਪੁੱਤਰ ਗਣੇਸ਼ ਦਾ ਸਿਰ ਕਿਸਨੇ ਵੱਢਿਆ ਸੀ? ਕਿਉਂ ਵੱਢਿਆ ਸੀ? ਕਹਿੰਦੇ ਹੋਏ ਸੂਰਮੇ ਨੇ ਕੰਨ ਉਸ ਵੱਲ ਖੜੇ ਕਰ ਲਏ।

"ਇਹਦੇ ਬਾਰੇ ਤਾਂ ਇਕ ਕਹਾਣੀ ਸੁਣਦੇ ਆਂ ਬਈ।"

"ਹਾਂ ਹਾਂ ਚੰਗਾ, ਸੁਣਾ ਫੇਰ।' ਇਹਨਾਂ ਸ਼ਬਦਾਂ 'ਚੋਂ ਸੂਰਮੇ ਦਾ ਉਤਾਵਲਾਪਨ ਝਲਕਿਆ।

"ਕਹਿੰਦੇ ਨੇ ਬਈ ਇੱਕ ਦਿਨ ਮਾਤਾ ਗੌਰਾਂ ਨਹਾਉਣ ਲੱਗੀ ਤਾਂ ਉਸ ਨੂੰ ਖਿਆਲ ਆਇਆ ਕਿ ਘਰ ਅੰਦਰ ਕੋਈ ਨਹੀਂ ਹੈਗਾ... ਨੌਂਦੀ ਨੂੰ ਕੋਈ ਉੱਪਰੋਂ ਆ ਨਾ ਜਾਵੇ... ਉਹ ਸੋਚੀਂ ਪੈ ਗਈ... ਅਖੀਰ ਉਸ ਨੂੰ ਇੱਕ ਤਰਕੀਬ ਸੁੱਝੀ।"

"????"

"ਗੌਰਾਂ ਮਾਂ ਪਾਰਵਤੀ ਸੀ... ਸ਼ਿਵ ਜੀ ਦੀ ਧਰਮ ਪਤਨੀ... ਤਰਕੀਬ ਇਹ ਕਿ ਉਸ ਆਪਣੇ ਸਰੀਰ ਤੇ ਵੱਟਣਾ ਲਾਇਆ... ਉਸ ਨੂੰ ਥੋੜ੍ਹਾ ਸੁਕਾਇਆ। ਫੇਰ ਉਸ ਵੱਟਣੇ ਵਾਲੇ ਪਦਾਰਥ ਨੂੰ ਹੱਥ ਨਾਲ ਰਗੜ ਕੇ ਸ਼ਰੀਰ ਤੋਂ ਉਤਾਰ ਲਿਆ। ਅਤੇ ਉਸ ਨੂੰ ਇਕੱਠਾ ਕਰ ਕੇ ਉਸ ਦੀ ਇੱਕ ਮੂਰਤੀ ਬਣਾਈ... ਮੁੰਡੇ ਦੀ ਮੂਰਤੀ। ਫੇਰ ਉਸ ਮੂਰਤੀ ਵਿੱਚ ਜਾਨ ਪਾ ਦਿੱਤੀ। ਮੂਰਤੀ ਵਾਲਾ

ਬੱਚਾ ਸੁਰਜੀਤ ਹੋ ਗਿਆ। ਮਾਤਾ ਗੌਰਾਂ ਨੇ ਉਸ ਬੱਚੇ ਨੂੰ ਘਰ ਦੇ ਬਾਹਰਲੇ ਬੂਹੇ ਤੇ ਰਾਖੀ ਕਰਨ ਲਈ ਬਿਠਾ ਦਿੱਤਾ।''

''????''

''ਉੱਧਰੋਂ ਅਚਾਨਿਕ ਸ਼ਿਵ ਜੀ ਆ ਗਏ। ਉਹਨਾਂ ਬੂਹੇ ਤੇ ਇੱਕ ਬੱਚਾ ਬੈਠਿਆ ਦੇਖਿਆ... ਸ਼ਿਵਜੀ ਅੰਦਰ ਜਾਣ ਲੱਗੇ ਤਾਂ ਉਸ ਬੱਚੇ ਨੇ ਉਹਨਾਂ ਨੂੰ ਅੰਦਰ ਜਾਣ ਤੋਂ ਰੋਕਿਆ ਤੇ ਕਿਹਾ ਕਿ ਤੁਸੀਂ ਅੰਦਰ ਨਹੀਂ ਜਾ ਸਕਦੇ।

ਸ਼ਿਵ ਜੀ ਨੇ ਪੁੱਛਿਆ, ''ਕਿਉਂ?'' ਮੈਂ ਅੰਦਰ ਕਿਉਂ ਨਹੀਂ ਜਾ ਸਕਦਾ...। ਬੱਚੇ ਨੇ ਜਵਾਬ ਦਿੱਤਾ।

ਇਹ ਸੁਣ ਕੇ ਸ਼ਿਵ ਜੀ ਕ੍ਰੋਧਿਤ ਹੋ ਗਏ। ਉਹਨਾਂ ਆਪਣੇ ਤ੍ਰਿਸ਼ੂਲ ਨਾਲ ਉਸ ਬੱਚੇ ਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ ਤੇ ਅੰਦਰ ਚਲੇ ਗਏ।

ਉਹਨਾਂ ਨੂੰ ਅੰਦਰ ਆਇਆ ਦੇਖ ਮਾਂ ਪਾਰਵਤੀ ਬਹੁਤ ਹੈਰਾਨ ਹੋਈ। ਉਹ ਕਹਿਣ ਲੱਗੀ– ਸਵਾਮੀ ਆਪ ਅੰਦਰ ਕਿਵੇਂ ਆ ਗਏ? ਬਾਹਰ ਤਾਂ ਮੇਰਾ ਪੁੱਤਰ ਬੂਹੇ ਤੇ ਰਾਖੀ ਕਰ ਰਿਹਾ ਸੀ।

ਸ਼ਿਵਜੀ ਕਹਿਣ ਲੱਗੇ–''ਮੈਂ ਉਸ ਦਾ ਸਿਰ ਵੱਢ ਦਿੱਤਾ ਹੈ। ਨਾਲੇ ਮੈਨੂੰ ਇਹ ਤਾਂ ਦੱਸੋ ਕਿ ਮੈਂ ਤਾਂ ਬਾਰਾਂ ਸਾਲ ਤਪੱਸਿਆ ਕਰਨ ਮਗਰੋਂ ਪਰਤਿਆਂ ਹਾਂ...ਉਸ ਪੁੱਤਰ ਦੀ ਪੈਦਇਸ਼ ਕਿਵੇਂ ਹੋ ਗਈ।''

'ਫੇਰ? ਅੱਗੇ...?' ਸੂਰਮਾ ਪੂਰੀ ਕਹਾਣੀ ਸੁਣਨ ਲਈ ਕਾਹਲਾ ਪੈ ਰਿਹਾ ਸੀ।

''ਯਾਰ ਮਾਂ ਪਾਰਵਤੀ ਨੇ ਉਸ ਦੀ ਪੈਦਾਇਸ਼ ਬਾਰੇ ਸਾਰੀ ਕਹਾਣੀ ਉਵੇਂ ਦੀ ਉਵੇਂ ਸੁਣਾ ਦਿੱਤੀ। ਜਿਵੇਂ ਉਸ ਨੂੰ ਪੈਦਾ ਕੀਤਾ ਸੀ। ਕਹਾਣੀ ਸੁਣਾਉਣ ਮਗਰੋਂ ਉਹ ਉਸ ਦਾ ਸਿਰ ਦੁਬਾਰਾ ਜੋੜ ਕੇ ਦੇਣ ਦੀ ਜਿਦ ਕਰਨ ਲੱਗੀ

''ਪੁੱਤਰ ਦੇ ਮੋਹ ਵਿੱਚ ਕਰਲਾਉਂਦੀ ਪਾਰਵਤੀ ਨੂੰ ਦੇਖ ਕੇ ਸ਼ਿਵ ਜੀ ਕਹਿਣ ਲੱਗੇ–ਭਲੀਏ ਲੋਕੇ, ਇਸ ਦਾ ਸਿਰ ਮੁੜ ਜੋੜਨਾ ਔਖਾ ਏ ਕਿਉਂਕਿ ਇਹ ਸ਼ਿਵਲੋਕ ਪੁੱਜ ਗਿਆ ਹੈ... ਪਰ ਪਾਰਵਤੀ ਨਾ ਮੰਨੀ। ਉਹ ਆਪਣੀ ਗੱਲ ਤੇ ਅੜੀ ਰਹੀ... ਵਿਰਲਾਪ ਕਰਦੀ ਰਹੀ। ਫਿਰ ਸ਼ਿਵ ਜੀ ਉੱਥੋਂ ਚਲੇ ਗਏ। ਕੁੱਝ ਦੇਰ ਬਾਅਦ ਜਦੋਂ ਉਹ ਪਰਤੇ ਤਾਂ ਉਹਨਾਂ ਕੋਲ ਹਾਥੀ ਦੇ ਬੱਚੇ ਦਾ ਸਿਰ ਸੀ। ਉਹਨਾਂ ਹਾਥੀ ਦੇ ਬੱਚੇ ਦਾ ਉਹ ਸਿਰ ਗਣੇਸ਼ ਦੇ ਧੜ ਨਾਲ ਜੋੜ ਦਿੱਤਾ ਅਤੇ ਬੱਚੇ ਨੂੰ ਜਿਉਂਦਾ ਕਰ ਦਿੱਤਾ।

'ਆਪਣੇ ਪੁੱਤਰ ਨੂੰ ਮੁੜ ਜੀਵਿਆ ਦੇਖ ਕੇ ਮਾਂ ਪਾਰਵਤੀ ਬਹੁਤ ਪ੍ਰਸੰਨ ਹੋਈ ਉਸ ਦੀ ਪ੍ਰਸੰਨਤਾ ਕਾਰਣ ਸ਼ਿਵਜੀ ਦੀ ਚਿੰਤਾ ਖ਼ਤਮ ਹੋ ਗਈ।

ਫੇਰ ਉਹ ਸਾਰੇ ਖੁਸ਼ੀ ਖੁਸ਼ੀ ਆਪਣੇ ਘਰ ਸੰਸਾਰ ਵਿੱਚ ਰਹਿਣ ਲੱਗੇ।''

ਮਨੇਜਰ ਦੇ ਮੂੰਹੋਂ ਇਹ ਕਥਾ ਸੁਣ ਕੇ ਸੂਰਮਾ ਬੜਾ ਹੈਰਾਨ ਹੋਇਆ। ਮਨੋਮਨੀਂ ਸੋਚਣ ਲੱਗਾ,

''ਮਨੇਜਰ ਗਿਆਨੀ ਬੰਦਾ... ਇਹਨੂੰ ਕਹੂੰਗਾ ਬਈ ਇਹ ਕਥਾਵਚਕ ਬਣ ਜਾਵੇ... ਭਗਤਜਨ ਤਾਂ ਹੈਗਾ ਈ ਆ... ਸੁਹਣੀ ਕਥਾ ਕਰ ਲਿਆ ਕਰੂਗਾ... ਨਾਲੇ ਦੋ ਦੋ ਤੇ ਨਾਲੇ ਚੋਪੜੀਆਂ ਖਾਊ... ਟੱਬਰਟੀਰ ਸੁਹਣਾ ਪਾਲ ਲਊ... ਇੱਜਤਮਾਣ ਸੋ ਅੱਡ... ਹਾਂ ਇੱਕ ਗੱਲ ਹੋਰ...

ਜੱਬਲੀਆਂ ਤਾਂ ਨਾ ਮਾਰੂ ਉਸ ਗੁਰੂ ਮਹਾਰਾਜ ਵਾਂਗ ਜਿਹੜਾ ਕਹਿੰਦਾ ਕਿ ਜੇਕਰ ਸ਼ਿਵਜੀ ਨੇ ਆਪਣੇ ਪੁੱਤਰ ਗਣੇਸ਼ ਦੇ ਸਿਰ ਦੇ ਬੱਕਰੇ ਦਾ ਸਿਰ ਨਾ ਲਾਇਆ ਹੁੰਦਾ ਤਾਂ ਅੱਜ ਧਰਤੀ ਦੇ ਸਭ

ਤੋਂ ਵੱਡੇ ਸਰਜਨ ਭਗਵਾਨ ਸ਼ੰਕਰ ਨਾ ਕਹਾਉਂਦੇ।"

***

ਉਸ ਦਿਨ ਗਣੇਸ਼ ਵਾਲਾ ਪ੍ਰਸੰਗ ਸਪਸ਼ਟ ਹੋ ਗਿਆ। ਸੂਰਮੇ ਤੋਂ ਰਿਹਾ ਨਾ ਗਿਆ। ਉਸ ਲੰਚ ਬਰੇਕ ਵੇਲੇ ਮਨੇਜਰ ਨੂੰ ਗੁਰੂ ਮਹਾਰਾਜ ਦੀ ਗਣੇਸ਼ ਦੇ ਸਿਰ ਤੇ ਬੱਕਰੇ ਦਾ ਸਿਰ ਲਾਉਣ ਵਾਲਾ ਪ੍ਰਸੰਗ ਕਹਿ ਸੁਣਾਇਆ। ਸੁਣ ਕੇ ਮਨੇਜਰ ਨੇ ਆਪਣੇ ਮੱਥੇ 'ਤੇ ਹੱਥ ਮਾਰਿਆ ਤੇ ਕਹਿਣ ਲੱਗਾ–

"ਸੂਰਮੇ ਭਰਾ, ਕੀ ਇਹਨਾਂ ਬਾਬਿਆਂ ਨੇ ਪਖੰਡ ਫੜਿਆ ਹੋਇਆ... ਲੋਕਾਂ ਨੂੰ ਭੰਬਲ-ਭੂਸੇ ਵਿੱਚ ਪਾਇਆ ਹੋਇਆ, ਕਿੱਦਾਂ ਇਹ ਸੱਚ ਨੂੰ ਮਰੋੜੀ ਦੇ ਦਿੰਦੇ ਆ... ਮੈਨੂੰ ਲਗਦਾ... ਇਹਨਾਂ ਨੂੰ ਪਤਾ ਈ ਐਨਾ ਕੁ ਆ... ਧਰਮ ਨੂੰ ਇਹਨਾਂ ਲੋਕਾਂ ਨੇ ਧੰਦਾ ਬਣਾ ਲਿਆ ਹੋਇਆ... ਆਪਣੀ ਆਪਣੀ ਹੱਟੀ ਸਜਾ ਕੇ ਬੈਠੇ ਹੋਏ ਆ... ਜੋ ਪੁੱਠਾ ਸਿੱਧਾ ਕੋਲ ਹੈਗਾ, ਬਸ ਵੇਚੀ ਜਾਂਦੇ ਆ। ਸੂਰਮੇ, ਮੈਨੂੰ ਇਸ ਗੱਲ ਦਾ ਪਰੂਫ਼ ਦੇ ... ਮੈਂ ਵੀ ਇੱਧਰਲੇ ਪਾਸੇ ਨੂੰ ਕੁੱਝ ਸੋਚਾਂ...

ਸੂਰਮੇ ਨੇ ਵੀਡਿਓ ਸ਼ੇਅਰ ਕਰ ਦਿੱਤੀ।

ਮੈਗਜ਼ੀਨ ਵਾਲੇ ਪੰਨੇ ਦੇ ਪਰੂਫ਼ ਪੜ੍ਹਦਿਆਂ ਹੋਇਆਂ ਸੂਰਮੇ ਦਾ ਮਨ ਅੱਜ ਫੇਰ ਉੱਖੜ ਗਿਆ। ਉਹ ਡਾਢਾ ਬੇਚੈਨ ਹੋਇਆ। ਇੱਕ ਵਾਰ ਤਾਂ ਉਸ ਆਪਣੇ ਆਪ ਨੂੰ ਝੰਜੋੜਿਆ–ਕੀ ਸੋਚੀ ਜਾਨਾ ਏਂ ਐਵੇਂ... ਤੈਨੂੰ ਹੋਰ ਤਾਂ ਕੋਈ ਚਿੰਤਾ ਹੈ ਨੀਂ... ਨਾ ਘਰ ਦੀ... ਨਾ ਕੋਈ ਹੋਰ... ਇਹਨਾਂ ਮਸਲਿਆਂ ਤੋਂ ਤੂੰ ਕੀ ਲੈਣਾ...? ਕਰਨ ਦੇ ਲੋਕਾਂ ਨੂੰ ਜੋ ਕਰਦੇ... ਤੇਰੇ ਤੋਂ ਕਿਹੜਾ ਕੁੱਝ ਮੰਗਦੇ ਨੇ... ਸਮਾਂ ਉਹਨਾਂ ਦਾ ਆਪਣਾ ... ਸੋਚ ਉਹਨਾਂ ਦੀ ਆਪਣੀ... ਦਿਲਚਸਪੀ ਉਹਨਾਂ ਦੀ ਆਪਣੀ... ਜਾਣ ਜਿੱਥੇ ਨੂੰ ਜਾਂਦੇ ਆ... ਨਾਲੇ... ਬਾਬਿਆਂ ਦੀਆਂ ਗੱਲਾਂ ਨਾਲ ਤੇਰਾ ਕੀ ਗਵਾਚਦਾ...? ਕਰਨ ਦੇ ਉਹਨਾਂ ਨੂੰ ਕਮਾਈਆਂ... ਉਹਨਾਂ ਵੀ ਤਾਂ ਢਿੱਡ ਪਾਲਣਾ।"

ਪਰ ਕਿੱਥੇ? ਉਸ ਦੇ ਸਰੋਕਾਰ ਉਹਨੂੰ ਬੇਚੈਨ ਕਰ ਰਹੇ ਸਨ। ਉਸ ਨੂੰ ਇਹ ਸਾਰਾ ਕੁੱਝ ਅਡੰਬਰ ਲੱਗਦਾ... ਇੱਕ ਅਜਿਹਾ ਢਕੋਸਲਾ ਜਿਸ ਨਾਲ ਕਿਸੇ ਸਮਾਜਿਕ, ਆਰਥਿਕ, ਮਸਲੇ ਰੁਜਗਾਰ ਦਾ ਮਸਲਾ, ਭਿਖਮੰਗਿਆਂ ਦਾ ਮਸਲਾ, ਔਰਤਾਂ ਦੀ ਬੇਪਤੀ ਦਾ ਮਸਲਾ, ਲੋਕਾਂ ਦੇ ਮਨਾਂ ਵਿੱਚ ਮਸਲੇ ਪਹਿਲਾਂ ਤੋਂ ਹੀ ਵਿਆਪਤ ਅੰਧ ਵਿਸ਼ਵਾਸਾਂ ਦਾ ਮਸਲਾ ਆਦਿ ਕਿਸੇ ਵੀ ਮਸਲੇ ਦਾ ਅੰਤ ਨਹੀਂ ਸੀ ਹੋ ਰਿਹਾ। ਸਭ ਤੋਂ ਵੱਡੀ ਗੱਲ ਇਹ ਕਿ ਪ੍ਰਾਚੀਨ ਸਾਹਿਤ ਤੇ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਜਾ ਰਿਹੈ।

***

ਲੰਚ ਬਰੇਕ ਹੋ ਗਈ ਸੀ। ਸੂਰਮੇ ਨੇ ਆਪਣਾ ਟਿਫਿਨ ਚੁੱਕਿਆ ਤੇ ਦਫ਼ਤਰੋਂ ਬਾਹਰ ਹੋ ਗਿਆ। ਮਨੇਜਰ ਦੀ ਰਾਤ ਦੀ ਡਿਊਟੀ ਸੀ, ਇਸ ਲਈ ਉਹ ਦਫ਼ਤਰ ਨਹੀਂ ਸੀ ਆਇਆ। ਸੂਰਮੇ ਨੇ ਢਾਬੇ ਤੇ ਬੈਠ ਕੇ ਰੋਟੀ ਖਾਧੀ । ਚਾਹ ਪੀਤੀ। ਥੋੜਾ ਫਰੈੱਸ਼ ਹੋਣ ਲਈ ਉਹ ਸ਼ੋਰਟ ਕੱਟ ਤੇ ਤੁਰਦਾ ਹੋਇਆ ਪਾਰਕ ਦੇ ਛਾਂ ਦਾਰ ਦਰੱਖਤਾਂ ਹੇਠ ਆ ਕੇ ਬੈਠ ਗਿਆ।

ਫੇਸਬੁੱਕ ਚਲਾ ਲਈ। ਅੱਜ ਕਮਾਲ ਦੀ ਸ਼ਾਇਰੀ ਦੀਆਂ ਵੀਡਿਓਜ਼ ਚੱਲ ਰਹੀਆਂ ਸਨ। ਇੱਕ ਸੇਅਰ ਉਸ ਨੂੰ ਬੜਾ ਪਸੰਦ ਆਇਆ। ਉਸ ਨੇ ਇਹ ਕਈ ਵਾਰ ਸੁਣਿਆ ਤੇ ਰਟ ਲਿਆ

"ਭਾਰਤ ਮੇਂ ਸਬ ਸੇ ਬੜਾ ਧੰਦਾ 'ਧਰਮ' ਕਾ ਹੈ

ਦੂਸਰਾ ਰਾਜਨੀਤੀ ਕਾ ਹੈ

ਔਰ ਤੀਸਰਾ ਦਲਾਲੀ

ਮਜ਼ੇ ਕੀ ਬਾਤ ਹੈ ਕਿ ਤੀਨੋਂ ਟੈਕਸ ਫ੍ਰੀ ਹੈਂ।''

ਅੱਜ ਦੇ ਸਮੇਂ ਲਈ ਇਹ ਸ਼ੇਅਰ ਉਸ ਨੂੰ ਬੜਾ ਢੁਕਵਾਂ ਲੱਗਾ। ਉਸ ਮਨੇਜਰ ਨੂੰ ਇਹ ਸ਼ੇਅਰ ਕਰ ਦਿੱਤਾ।

ਮਨੇਜਰ ਨੇ ਰਾਤ ਦੀ ਸ਼ਿਫ਼ਟ ਵਿੱਚ ਡਿਊਟੀ ਤੇ ਆਉਣਾ ਸੀ ਤੇ ਦਿਨੇ ਉਸ ਆਰਾਮ ਕਰਨਾ ਸੀ। ਪਹਿਲਾਂ ਵੀ ਉਹ ਇਸੇ ਤਰ੍ਹਾਂ ਕਰਿਆ ਕਰਦਾ ਸੀ। ਰਾਤ ਦੀ ਸਿਫਟ ਤੇ ਡਿਊਟੀ ਵਾਲੇ ਦਿਨ ਉਹ ਦਿਨੇ ਰੱਜ ਕੇ ਸੌਂ ਲੈਂਦਾ ਸੀ। ਪਰ ਅੱਜ ਉਹ ਇਵੇਂ ਨਾ ਕਰ ਸਕਿਆ। ਅੱਜ ਉਸ ਦਾ ਧਿਆਨ ਸੂਰਮੇ ਦੀਆਂ ਗੱਲਾਂ ਵੱਲ ਸੀ। ਉਹ ਸੋਚ ਰਿਹਾ ਸੀ ਸੂਰਮਾ ਕਿਤੇ ਤਾਂ ਸਹੀ ਹੈਗਾ... ਅਸੀਂ ਤਾਂ ਡਰ ਦੇ ਮਾਰੇ ਬਾਬਿਆਂ ਦਾ ਸਭ ਕੁੱਝ ਕਿਹਾ ਮੰਨਦੇ ਰਹਿਨੇ ਆਂ... ਵਰਤ ਰੱਖਦੇ ਰਹਿਨੇ ਆ... ਰੱਬ ਤੋਂ ਭੈਅ ਖਾਨੇ ਆਂ... ਬਈ ਕੁੱਝ ਮਾੜਾ ਨਾ ਵਾਪਰ ਜਾਵੇ ਸਾਡੇ ਨਾਲ... ਟੱਬਰ ਤੇ ਕੋਈ ਬਿਪਤਾ ਨਾ ਆ ਜਾਵੇ... ਪਰ ਸੂਰਮਾ ...? ਉਹ ਤਾਂ ਐਦਾਂ ਦਾ ਕੁੱਝ ਮੰਨਦਾ ਨੀਂ... ਫੇਰ ਵੀ ਉਸ ਦੀ ਜ਼ਿੰਦਗੀ ਲਾਈਨ ਤੇ ਠੀਕ ਠਾਕ ਚੱਲ ਰਹੀ। ਲਗਦਾ ਸੂਰਮਾ ਸਾਡੇ ਨਾਲੋਂ ਕਿਤੇ ਵੱਧ ਸਹੀ ਹੈਗਾ। ਦੇਖਦਾਂ... ਪਰਤੌਨਾ ਇਹਨਾਂ ਗੱਲਾਂ ਨੂੰ..

''ਨਾਲੇ ਦੂਜੀ ਗੱਲ, ਮੇਰੇ ਬੱਚੇ ਵੀ ਵੱਡੇ ਹੋ ਰਹੇ ਆ... ਉਹਨਾਂ ਨੂੰ ਦਿਮਾਗ ਨਾਲ ਸੋਚਣ ਵਾਲੇ ਪਾਸੇ ਤੋਰਨਾ...।''

ਮਨੇਜਰ ਨੇ ਯੂਟਿਊਬ ਖੋਲ ਲਈ। ਸਤਿਸੰਗ ਵਾਲਾ ਚੈਨਲ ਚਲਾ ਲਿਆ। ਵੀਡਿਓ ਰੀਵਾਂਇੰਡ ਕਰ ਕੇ ਦੇਖਣ ਲੱਗਾ। ਗੁਰੂ ਮਹਾਰਾਜ ਪ੍ਰਵਚਨ ਕਰ ਰਹੇ ਸਨ, ''ਇਸਤਰੀਆਂ ਨੂੰ ਧਰਤੀ ਉੱਪਰ ਛਾਤੀ ਦੇ ਭਾਰ ਲੇਟ ਕੇ ਪੁਰਸ਼ਾਂ ਵਾਂਗ ਦੰਡੌਤ ਨਹੀਂ ਕਰਨੀ ਚਾਹੀਦੀ, ਕਿਉਂਕਿ ਧਰਤੀ ਸਾਡੀ ਮਾਂ ਹੈ। ਇਸਤਰੀਆਂ ਦਾ ਇਵੇਂ ਕਰਨ ਨਾਲ ਉਹਨਾਂ ਦੇ ਸਤਨਾਂ ਦਾ ਭਾਰ ਧਰਤੀ 'ਤੇ ਪੈਂਦਾ ਹੈ ਜਿਸ ਕਾਰਣ ਧਰਤੀ ਡਗਮਗਾਉਣ ਲੱਗਦੀ ਹੈ।''

''ਵਾਹ ਗੁਰੂ ਜੀ ਵਾਹ! ਕਿੰਨਾ ਖੋਜ ਕੇ ਲਿਆਂਦਾ ਪ੍ਰਸੰਗ ਸੁਣਾਇਆ! ਇਸਤਰੀਆਂ ਦੰਡੌਤ ਨਾ ਕਰਨ... ਇਸ ਲਈ ਨਾ ਕਰਨ ਕਿਉਂ ਕਿ ਉਹਨਾਂ ਦੀਆਂ ਛਾਤੀਆਂ ਦੇ ਭਾਰ ਨਾਲ ਧਰਤੀ ਡਗਮਗਾਉਣ ਲੱਗ ਜਾਂਦੀ ਏ... ਲਗਦਾ ਏ ਕਿ ਸੂਰਮਾ ਸਹੀ ਕਹਿੰਦਾ... ਬੇਸਿਰ ਪੈਰ ਦੀਆਂ ਗੱਲਾਂ ਕਰ ਕੇ ਬਾਬੇ ਬੂਬਣੇ ਲੋਕਾਂ ਦੇ ਮਨਾਂ 'ਚ ਅਗਿਆਨ ਭਰੀ ਜਾਂਦੇ ਨੇ ਠਗ ਰਹੇ ਨੇ ਇਹ ਲੋਕਾਈ ਨੂੰ... ਸਮਝਣਾ ਚਾਹੀਦਾ ਲੋਕਾਂ ਨੂੰ... ਸੋਚਣਾ ਚਾਹੀਦਾ... ਦਿਮਾਗ਼ ਲੜਾਉਣਾ ਚਾਹੀਦਾ... ਵਿਚਾਰਨਾ ਚਾਹੀਦਾ ਇਹ ਤੇ ਐਦਾਂ ਦੇ ਹੋਰ ਪ੍ਰਸੰਗ... ਬਈ ਮਹਾਰਾਜ ਜੀ, ਇਸਤਰੀ ਉੱਠਦੀ ਬੈਠਦੀ ਤੁਰਦੀ ਖਲੋਂਦੀ ਲੇਟਦੀ ਉਦੋਂ ਉਸ ਦੀਆਂ ਛਾਤੀਆਂ ਨਾਲ ਈ ਹੁੰਦੀਆਂ... ਉਦੋਂ ਉਹਨਾਂ ਦਾ ਭਾਰ ਉਹਨਾਂ ਦੇ ਸਰੀਰ ਨਾਲ ਨਹੀਂ ਹੁੰਦਾ?

ਸਹੀ ਕਹਿੰਦਾ ਸੂਰਮਾ

ਇਹ ਵੀਡਿਓ ਉਸ ਨੇ ਸੂਰਮੇ ਨੂੰ ਸ਼ੇਅਰ ਕਰ ਦਿੱਤੀ ਤੇ ਨਾਲ ਹੀ ਉਸ ਨੂੰ ਕਾਲ ਕਰਕੇ ਵੀਡਿਓ ਦੀ ਪਰਖ ਪੜਚੋਲ ਵੀ ਕਰ ਦਿੱਤੀ। ਸੂਰਮਾ ਉਸ ਦੀਆਂ ਗੱਲਾਂ ਸੁਣ ਕੇ ਹੈਰਾਨ ਸੀ। ਉਸ ਮਨੇਜਰ ਨੂੰ ਜਵਾਬ ਦਿੱਤਾ, ''ਭਾਈ ਮੇਰੇ, ਮਨੇਜਰ ਜਨਮ ਸਫ਼ਲ ਹੋ ਗਿਆ... ਆਖਿਰ ਤੈਨੂੰ ਜਾਗ ਆ ਗਈ।''

(**ਸੰਪਰਕ-98146-93992**)

ਕਹਾਣੀ

# ਕਾਗਜ਼ ਉਤੇ ਛਪੀ ਐਨਕ

**ਤੇਲੂ ਰਾਮ ਕੁਹਾੜਾ**



ਹਸਪਤਾਲ ਦੇ ਨਾਲ ਖੁੱਲ੍ਹੇ ਮੈਦਾਨ ਵਿੱਚ ਸਜੇ ਮੰਚ ਉਤੇ ਵਿਸ਼ਵ ਧਰਤੀ ਦਿਵਸ ਮਨਾਇਆ ਜਾ ਰਿਹਾ ਸੀ। ਆਪਣੇ ਆਲੇ ਦੁਆਲੇ ਨੂੰ ਕਿਵੇਂ ਸਾਫ਼ ਰੱਖਣਾ ਹੈ? ਇਸ ਸਬੰਧੀ ਭਾਸ਼ਨ ਦਿੱਤੇ ਜਾਣੇ ਸਨ।ਕਸਬੇ ਵਿੱਚ ਸਫ਼ਾਈ ਵੀ ਸ਼ੁਰੂ ਕੀਤੀ ਜਾਣੀ ਸੀ।ਹੋਣ ਵਾਲੇ ਸਮਾਗਮ ਦਾ ਉਦਘਾਟਨ ਕਰਨ ਵਾਲਾ ਨੇਤਾ ਆਪਣੀ ਕਾਰ ਵਿੱਚੋਂ ਉਤਰਿਆ। ਉਸਦੇ ਗਲ਼ ਵਿੱਚ ਹਾਰ ਪਾ ਕੇ ਉਸਦਾ ਨਿੱਘਾ ਸਵਾਗਤ ਕੀਤਾ ਗਿਆ। ਉਸਨੂੰ ਚੋਣਵੀਆਂ ਸ਼ਖ਼ੀਅਤਾਂ ਦੇ ਨਾਲ ਪੰਡਾਲ ਦੇ ਬਾਹਰ ਹੀ ਰੋਕ ਲਿਆ ਗਿਆ। ਸਾਰਿਆਂ ਦੇ ਹੱਥਾਂ ਵਿਚ ਝਾੜੂ ਫੜਾਕੇ ਉਹਨਾਂ ਨੂੰ ਇਕ ਕਤਾਰ ਵਿੱਚ ਖੜ੍ਹਾਇਆ ਗਿਆ। ਕੈਮਰੇ ਵਾਲੇ ਨੇ ਕਤਾਰ ਦੇ ਸਾਹਮਣੇ ਆ ਕੇ ਸਾਰਿਆਂ ਨੂੰ ਆਪਣੇ, ਆਪਣੇ ਝਾੜੂ ਫੜਕੇ ਜ਼ਮੀਨ ਸਾਫ਼ ਕਰਨ ਲਈ ਕਿਹਾ। ਜਿਉਂ ਹੀ ਸਾਰਿਆਂ ਨੇ ਜ਼ਮੀਨ ਉਤੇ ਝਾੜੂ ਮਾਰਨੇ ਸ਼ੁਰੂ ਕੀਤੇ ਕੈਮਰੇ ਵਾਲੇ ਨੇ ਤੁਰੰਤ ਉਹਨਾਂ ਨੂੰ ਆਪਣੇ ਕੈਮਰੇ ਵਿਚ ਬੰਦ ਕਰ ਲਿਆ। ਤਸਵੀਰ ਖਿੱਚੀ ਗਈ ਤਾਂ ਸਾਰਿਆਂ ਨੇ ਝਾੜੂ ਹੇਠਾਂ ਸੁਟ ਕੇ ਤਾੜੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਤਸਵੀਰ ਖਿਚਾਉਣ ਵਾਲੇ ਹੌਲੀ, ਹੌਲੀ ਪੰਡਾਲ ਵਿਚ ਨੂੰ ਜਾਣ ਲੱਗੇ। ਪਰ, ਕੁਝ ਬੰਦੇ ਤਸਵੀਰ ਖਿਚਾ ਕੇ ਆਪਣੇ ,ਆਪਣੇ ਘਰਾਂ ਨੂੰ ਖਿਸਕ ਗਏ। ਪੰਡਾਲ ਵਿੱਚ ਇਕੱਠ ਕਰਨ ਲਈ ਹਸਪਤਾਲ ਦੇ ਅਮਲੇ ਨੂੰ ਵੀ ਬੁਲਾਇਆ ਗਿਆ ਸੀ ।ਮੰਚ ਉਤੇ ਰੰਗਾ- ਰੰਗ ਪ੍ਰੋਗਰਾਮ ਸ਼ੁਰੂ ਹੋ ਚੁਕਿਆ ਸੀ। ਵਿੱਚ, ਵਿੱਚ ਕਿਸੇ ਨਾ ਕਿਸੇ ਬੁਲਾਰੇ ਨੂੰ ਵੀ ਬੁਲਾਇਆ ਜਾ ਰਿਹਾ ਸੀ।

ਆਖਰੀ ਬੁਲਾਰਾ ਧਰਤੀ ਨੂੰ ਪ੍ਰਦੂਸ਼ਤ ਕਰਨ ਲਈ ਆਲੇ ਦੁਆਲੇ  ਵਿਚ ਪਲਾਸਿਟਕ ਦੇ ਕਚਰੇ ਖਿੰਡਾਉਣ ਵਾਲਿਆਂ ਨੂੰ ਦੋਸ਼ੀ ਠਹਿਰਾ ਰਿਹਾ ਸੀ।ਉਹ ਵਾਰ, ਵਾਰ ਕਹਿ ਰਿਹਾ ਸੀ "ਲੋਕਾਂ ਨੂੰ ਚਾਹੀਦਾ ਉਹ ਪਲਾਸਿਟਕ ਦੇ ਲਿਫ਼ਾਫ਼ੇ ਆਦਿ ਨੂੰ ਵਰਤਣ ਪਿਛੋਂ ਸੜਕਾਂ ਉੱਤੇ, ਅਤੇ ਗਲੀਆਂ ਵਿੱਚ ਨਾ ਸੁਟਣ।" ਹਸਪਤਾਲ ਦੀਆਂ ਕੰਧਾਂ ਨਾਲ ਟਕਰਾ ਕੇ ਉਸਦੀ ਆਵਾਜ਼ ਗੂੰਜ ਰਹੀ ਸੀ। ਉਸੇ ਹਸਪਤਾਲ ਦੇ ਬਾਹਰ ਖੜ੍ਹੇ ਸਾਈਕਲ ਰੇਹੜੇ ਉਤੇ ਬੋਰੇ ਦੀ ਥਾਂ ਕਰਮੀ ਨਾਮ ਦੀ ਇਕ ਔਰਤ ਖ਼ੂਨ ਨਾਲ ਲੱਥ ਪੱਥ ਹੋਈ ਪਈ ਸੀ। ਉਸਦੇ ਕੱਪੜੇ ਵੀ ਖ਼ੂਨ ਨਾਲ ਲਿਬੜੇ ਹੋਏ ਸਨ। ਅੱਖ ਦੇ ਕੋਏ ਕੋਲੋਂ ਖ਼ੂਨ ਦੀ ਲਕੀਰ ਜਿਹੀ ਉਸਦੇ ਬੁਲ੍ਹਾਂ ਵੱਲ ਨੂੰ ਵੱਗ ਕੇ ਜੰਮੀ ਹੋਈ ਸੀ ਉਸਦੇ ਆਲੇ ਦੁਆਲੇ ਉਸਦੇ ਭਾਈਚਾਰੇ ਵਿੱਚੋਂ ਕੁਝ ਔਰਤਾਂ ਅਤੇ ਮਰਦ ਬਹੁਤ ਹੀ ਚਿੰਤਾ ਵਿੱਚ ਖੜ੍ਹੇ ਸਨ। ਸਾਰਿਆਂ ਦੇ ਕੱਪੜੇ, ਹੱਥ, ਮੂੰਹ ਕਾਲਖ ਨਾਲ ਭਰੇ ਹੋਏ ਸਨ। ਜਿਵੇਂ ਸਾਰੇ ਹੀ ਕਿਸੇ ਰਾਖ ਦੇ ਢੇਰ ਵਿੱਚੋਂ ਨਿਕਲਕੇ ਆਏ ਹੋਣ। ਉਹਨਾਂ ਨੇ ਕਰਮੀਂ ਨੂੰ ਚੁਕ ਕੇ ਹਸਪਤਾਲ ਦੇ ਬਰਾਂਡੇ ਵਿੱਚ ਪਏ ਇਕ ਬੈਂਚ ਉਤੇ ਪਾ ਦਿੱਤਾ। ਕਰਮੀਂ ਦਾ ਘਰ ਵਾਲਾ ਕਰਮੀ ਨੂੰ ਦਾਖਲ ਕਰਨ ਵਾਸਤੇ ਕਹਿਣ ਲਈ ਇਕ ਕਮਰੇ ਵਿੱਚ ਵੜਿਆ। ਉਸਨੂੰ ਕਿਹਾ ਗਿਆ " ਬਸ ਹੁਣੇ ਡਾਕਟਰ ਸਾਹਿਬ ਆ ਜਾਂਦੇ ਨੇ।" ਕਰਮੀ ਦਾ ਪਤੀ ਉਦਾਸ ਜਿਹਾ ਹੋ ਕੇ ਬਾਹਰ ਆ ਗਿਆ। ਡਾਕਟਰੀ ਸਹਾਇਤਾ ਨਾ ਮਿਲਣ ਕਰਕੇ ਉਹ ਸਾਰੇ ਗੁੱਸੇ ਵਿੱਚ ਸਨ। ਉਹਨਾਂ ਵਿੱਚੋਂ ਕੋਈ ਨਾ ਕੋਈ ਹਸਪਤਾਲ ਦੇ ਅੰਦਰ ਜਾਂਦਾ,

ਕਚੀਚੀ ਜਿਹੀ ਵੱਟ ਕੇ ਬੇਵਸ ਜਿਹਾ ਹੋ ਕੇ ਬਾਹਰ ਆ ਜਾਂਦਾ ਕਿਉਂਕਿ ਉਹਨਾਂ ਦਾ ਦਰਦ ਸੁਣਨ ਵਾਲਾ ਕੋਈ ਵੀ ਆਪਣੀ ਸੀਟ ਉੱਤੇ ਨਹੀਂ ਸੀ ਬੈਠਾ। ਬਹੁਤ ਸਾਰੇ ਕਰਮਚਾਰੀ ਅਤੇ ਡਾਕਟਰ ਸਫ਼ਾਈ ਮੁਹਿੰਮ ਦੇ ਉਦਘਾਟਨੀ ਸਮਾਗਮ ਵਿੱਚ ਬੈਠੇ ਰੰਗਾ ਰੰਗ ਪ੍ਰੋਗਰਾਮ ਦਾ ਆਨੰਦ ਮਾਣ ਰਹੇ ਸਨ। ਨੀਮ ਬੇਹੋਸ਼ੀ ਦੀ ਹਾਲਤ ਵਿੱਚ ਕਰਮੀਂ ਦੇ ਮੂੰਹੋਂ ਕਦੇ, ਕਦੇ ਕੋਈ ਸ਼ਬਦ ਨਿਕਲਦਾ ਜਿਸਦੀ ਕਿਸੇ ਨੂੰ ਸਮਝ ਹੀ ਨਾ ਪੈਂਦੀ।

ਕਰਮੀ ਦਾ ਪਰਿਵਾਰ ਰੇਲਵੇ ਲਾਈਨ ਦੇ ਕੋਲ ਵੱਸੀਆਂ ਝੁਗੀਆਂ ਵਿੱਚੋਂ ਇਕ ਝੁੱਗੀ ਵਿੱਚ ਰਹਿੰਦਾ ਸੀ। ਕਈ ਉਹਨਾਂ ਨੂੰ ਓਡਾਂ ਦੀਆਂ ਝੁੱਗੀਆਂ ਕਹਿੰਦਾ ਅਤੇ ਕੋਈ ਬੱਦੂਆਂ ਦੀਆਂ। ਉਹਨਾਂ ਦੇ ਵਡੇਰੇ ਛੱਜ ਘਾੜੇ ਸਨ ਪਰ ਸਮੇਂ ਦੇ ਬਦਲਣ ਨਾਲ ਛੱਜਾਂ ਦੀ ਵਰਤੋਂ ਨਾ ਵਰਗੀ ਹੀ ਰਹਿ ਗਈ ਸੀ। ਇਸ ਲਈ ਪੀੜ੍ਹੀ ਬਦਲਣ ਦੇ ਨਾਲ ਉਹ ਕਬਾੜ ਦਾ ਕੰਮ ਕਰਨ ਲੱਗ ਪਏ। ਉਹ ਗਲੀ, ਗਲੀ ਜਾ ਕੇ ਕਬਾੜ ਨਹੀਂ ਸਨ ਖਰੀਦਦੇ। ਉਹ ਸਵੇਰ ਨੂੰ ਝੁੱਗੀਆ ਵਿੱਚੋਂ ਨਿਕਲ ਜਾਂਦੇ ਰੂੜੀਆਂ ਤੋਂ ਪਲਾਸਟਿਕ ਦੇ ਲਿਫ਼ਾਫ਼ੇ, ਸੜਕਾਂ ਦੇ ਕੰਢਿਆਂ ਤੋਂ ਖਾਲੀ ਬੋਤਲਾਂ, ਜੂਸ ਵਾਲੀਆਂ ਖਾਲੀ ਡੱਬੀਆਂ, ਗੱਤੇ ਦੇ ਡੱਬੇ। ਪਾਟੇ ਪੁਰਾਣੇ ਕੱਪੜੇ, ਟੁੱਟੀਆਂ ਘਸੀਆਂ ਜੁੱਤੀਆ, ਚੱਪਲਾਂ ਕੁਝ ਵੀ ਮਿਲਦਾ ਉਸਨੂੰ ਚੁੱਕ ਲੈਂਦੇ। ਕਈ ਵਾਰੀ ਕਿਤੋਂ ਨਾ ਕਿਤੋਂ ਮਿਲੇ ਤਾਰਾਂ ਦੇ ਟੁਕੜੇ ਖਿੰਡੀਆਂ ਹੋਈਆ ਲੋਹੇ ਦੀਆਂ ਮੇਖਾਂ, ਪੱਤੀਆਂ ਖੁਰੀਆਂ ਨੂੰ ਵੀ ਚੁਕ ਲੈਂਦੇ। ਉਹ ਸਾਰਾ ਕੁਝ ਇਕ ਸਾਈਕਲ ਰੇੜੇ ਤੇ ਲੱਦ ਕੇ ਆਪਣੀ ਝੁੱਗੀ ਕੋਲ ਸਾਰੀਆਂ ਚੀਜ਼ਾਂ ਨੂੰ ਵੱਖ, ਵੱਖ ਕਰੇ ਕਿਸੇ ਕਬਾੜੀਏ ਕੋਲ ਵੇਚ ਦਿੰਦੇ।

ਕਰਮੀਂ ਦਾ ਪਤੀ ਵੀ ਕਬਾੜ ਦਾ ਕੰਮ ਹੀ ਕਰਦਾ ਸੀ। ਉਸਦੀ ਇਕ ਲੱਤ ਅਤੇ ਬਾਂਹ ਵਿੱਚ ਜਮਾਂਦਰੂ ਕਜ ਸੀ। ਉਹ ਡੁੱਡ ਮਾਰਕੇ ਤੁਰਦਾ ਸੀ। ਕਰਮੀਂ ਦੇ ਮਾਪਿਆਂ ਨੇ ਦੇਖਿਆ ਕਿ ਉਹ ਮਿਹਨਤੀ ਸੀ। ਦੇਖਣ ਵਾਲੀ ਗੱਲ ਉਹਨਾਂ ਨੇ ਇਹ ਵੀ ਦੇਖੀ ਸੀ ਕਿ ਉਸਦੇ ਪਤੀ ਕੋਲ ਰਹਿਣ ਲਈ ਆਪਣੀ ਝੁੱਗੀ ਅਤੇ ਇਕ ਸਾਈਕਲ ਰੇਹੜਾ ਵੀ ਸੀ। ਕਰਮੀਂ ਵਿਆਹ ਤੋਂ ਥੋੜ੍ਹਾ ਦਿਨ ਪਿੱਛੋਂ ਹੀ ਆਪਣੇ ਪਤੀ ਨਾਲ ਕੰਮ ਤੇ ਜਾਣ ਲੱਗ ਪਈ ਸੀ। ਛੇਤੀ ਹੀ ਉਸਦੇ ਚੂੜੇ ਅਤੇ ਸੁਰਖੀ ਬਿੰਦੀ ਦੀ ਚਮਕ ਫਿੱਕੀ ਪੈ ਗਈ ਸੀ।

ਉਸਦਾ ਪਤੀ ਸਾਈਕਲ ਰੇਹੜਾ ਘਸੀਟਦਾ। ਕਰਮੀਂ ਨੂੰ ਜਿਥੇ ਵੀ ਕੋਈ ਚੀਜ਼ ਨਜ਼ਰ ਆਉਂਦੀਂ ਉਸਨੂੰ ਚੁਕਕੇ ਉਹ ਰੇਹੜੇ ਉਤੇ ਪਏ ਵੱਡੇ ਸਾਰੇ ਬੋਰੇ ਵਿੱਚ ਲਿਆ ਕੇ ਰੱਖ ਦਿੰਦੀ। ਕਈ ਵਾਰ ਉਹ ਆਪਣੇ ਸਾਈਕਲ ਰੇਹੜੇ ਨੂੰ ਨਿਵੇਕਲੀ ਜਿਹੀ ਥਾਂ ਉਤੇ ਖੜ੍ਹਾ ਕੇ ਇਕੱਲੇ, ਇਕੱਲੇ ਕਬਾੜ ਚੁਗਣ ਲਈ ਨਿਕਲ ਜਾਂਦੇ। ਉਸ ਵੇਲੇ ਉਹਨਾਂ ਨੇ ਛੋਟੀਆਂ, ਛੋਟੀਆਂ ਜਿਹੀਆਂ ਝੋਲੀਆਂ ਵੀ ਬਾਹਾਂ ਵਿੱਚ ਜਾਂ ਮੋਢਿਆਂ ਤੇ ਲਟਕਾਈਆ ਹੁੰਦੀਆਂ। ਜਦੋਂ ਉਹ ਝੋਲੀਆਂ ਭਰ ਜਾਂਦੀਆਂ ਤਾਂ ਉਹਨਾਂ ਨੂੰ ਸਾਈਕਲ ਰੇਹੜੇ ਉਤੇ ਪਏ ਬੋਰੇ ਵਿੱਚ ਪਾ ਦਿੰਦੇ। ਰੋਟੀ ਦਾ ਸਮਾਂ ਹੁੰਦਾ ਤਾਂ ਉਹ ਕਿਸੇ ਦਰੱਖਤ ਹੇਠਾਂ ਬੈਠ ਕੇ ਘਰੋਂ ਬਣਾ ਕੇ ਲਿਆਂਦੇ ਹੋਏ ਚੌਲ ਜਾਂ ਰੋਟੀਆਂ ਖਾ ਕੇ ਜਦੋਂ ਪਾਣੀ ਪੀਂਦੇ ਤਾਂ ਉਹਨਾਂ ਨੂੰ ਪੇਟ ਭਰਨ ਤੋਂ ਪਿਛੋਂ ਆਨੰਦ ਜਿਹਾ ਮਹਿਸੂਸ ਹੁੰਦਾ। ਬੜੀ ਮੁਸ਼ੱਕਤ ਤੋਂ ਪਿਛੋਂ ਜਦੋਂ ਉਹਨਾਂ ਨੂੰ ਪੇਟ ਭਰਨ ਲਈ ਰੋਟੀ ਮਿਲਦੀ ਤਾਂ ਕਰਮੀਂ ਦੇ ਮੂੰਹੋਂ ਅਚਾਨਕ ਨਿਕਲ ਜਾਂਦਾ "ਰੱਬ ਸਭ ਨੂੰ ਪੇਟ ਭਰਕੇ ਖਾਣ ਨੂੰ ਦੇਵੇ।" ਉਹਨਾਂ ਨੇ ਸੁਣਿਆ ਹੋਇਆ ਸੀ ਕਿ ਸਰਕਾਰ ਬਹੁਤ ਲੋਕਾਂ ਨੂੰ ਮੁਫ਼ਤ ਕਣਕ ਦਾਲ ਆਦਿ ਦਿੰਦੀ ਹੈ। ਪਰ ਜਦੋਂ ਉਹ ਮੁਫ਼ਤ ਆਟਾ ਦਾਲ ਲੈਣ ਦੀ ਗੱਲ ਸੋਚਦੇ ਤਾਂ ਕੋਈ ਵੀ ਉਹਨਾਂ ਦੀ ਰਿਹਾਇਸ਼ ਨੂੰ ਤਸਦੀਕ ਨਾ ਕਰਦਾ ਅਤੇ ਉਹਨਾਂ ਦਾ ਰਾਸ਼ਨ

ਕਾਰਡ ਬਣਾਉਣ ਲਈ ਕੋਈ ਵੀ ਰਾਜੀ ਨਾ ਹੁੰਦਾ। ਫਿਰ ਉਹ ਮਨ ਹੀ ਮਨ ਸੋਚਦੇ "ਉਹ ਕਿਸ ਦੇਸ਼ ਦੇ ਵਾਸੀ ਹਨ! ਉਹ ਅਜੇ ਵੀ ਜਾਂਗਲੀ ਹਨ ? ਜਾਂ ਹਵਾ ਵਿੱਚ ਲਟਕਦੇ ਸਰੀਰ ਹਨ?"



ਉਹਨਾਂ ਦੇ ਦੋ ਧੀਆਂ ਤੇ ਇਕ ਪੁੱਤਰ ਉਡਾਰ ਹੋ ਗਏ। ਘਰ ਦਾ ਖਰਚਾ ਹੋਰ ਵੱਧ ਗਿਆ। ਉਹਨਾਂ ਨੇ ਆਪਣੇ ਬੱਚਿਆ ਨੂੰ ਵੀ ਆਪਣੇ ਨਾਲ ਹੀ ਕੰਮ ਵਿੱਚ ਲਾ ਲਿਆ। ਉਹ ਵੀ ਆਪਣੇ ਮਾਂ ਪਿਓ ਵਾਂਗ ਸ਼ਾਮ ਤੱਕ ਵੱਖ, ਵੱਖ ਚੀਜਾਂ ਚੁੱਗ ਚੁੱਗ ਕੇ ਇਕੱਠਾ ਕਰਕੇ ਵੇਚਦੇ। ਮਾਂ ਪਿਓ ਉਹਨਾਂ ਕੋਲੋਂ ਉਹ ਸਾਰੇ ਪੈਸੇ ਲੈ ਲੈਂਦੇ। ਦੁਕਾਨਦਾਰਾਂ ਵੱਲੋਂ ਫ਼ਲਾਂ ਦੀਆਂ ਦੁਕਾਨਾਂ ਦੁਆਲੇ ਸੁੱਟੇ ਗਲੇ ਸੜੇ ਫ਼ਲਾਂ ਵਿੱਚੋਂ ਕੋਈ ਨਾ ਕੋਈ ਫ਼ਲ ਚੁੱਕਕੇ ਜਿੰਨਾ ਕੁਝ ਖਾਣ ਵਾਲਾਂ ਹੁੰਦਾ ਦੰਦਾਂ ਜਾਂ ਹੱਥਾਂ ਨਾਲ ਸਾਫ਼ ਕਰਕੇ ਖਾ ਕੇ ਆਪਣੀ ਇੱਛਾ ਪੂਰੀ ਕਰਦੇ । ਜਦੋਂ ਕਈ ਵਾਰ ਸੂਰਾਂ ਵਾਲੇ ਉਹਨਾਂ ਤੋਂ ਪਹਿਲਾਂ ਹੀ ਸਭ ਕੁਝ ਹੂੰਝ ਕੇ ਲੈ ਜਾਂਦੇ ਤਾਂ ਉਹਨਾਂ ਨੂੰ ਲੱਗਦਾ ਜਿਵੇਂ ਉਹਨਾਂ ਦੀਆਂ ਖਾਣ ਵਾਲੀਆਂ ਚੀਜਾਂ ਉਤੇ ਡਾਕਾ ਪੈ ਗਿਆ ਹੋਵੇ। ਉਹ ਮਨ ਹੀ ਮਨ ਵਿੱਚ ਉਹਨਾਂ ਨੂੰ ਗਾਲ੍ਹਾਂ ਕੱਢਦੇ-ਕੱਢਦੇ ਸੜਕ ਦੁਆਲੇ ਤੋਂ ਖਿੰਡੀਆਂ ਚੀਜਾਂ ਇਕੱਠੀਆ ਕਰਨ ਲੱਗ ਜਾਂਦੇ।

ਕੁੜੀਆਂ ਨੂੰ ਛੋਟੀ ਉਮਰ ਵਿੱਚ ਹੀ ਵਿਆਹ ਕੇ ਜਿਵੇਂ ਉਹਨਾਂ ਨੇ ਆਪਣੇ ਸਿਰ ਤੋਂ ਭਾਰ ਲਾਹ ਲਿਆ ਹੋਵੇ। ਮੁੰਡਾ ਥੋੜ੍ਹਾ ਵੱਡਾ ਹੋਇਆ ਤਾਂ ਔਖੇ ਸੌਖੇ ਹੋਕੇ ਉਹਨਾਂ ਨੇ ਉਸਨੂੰ ਵੀ ਸਾਈਕਲ ਰੇੜ੍ਹਾ ਲੈ ਦਿੱਤਾ। ਮਾਂ ਕਿਸੇ ਪਾਸੇ ਨੂੰ, ਪਿਉ ਕਿਸੇ ਪਾਸੇ ਨੂੰ ਅਤੇ ਉਹਨਾਂ ਦਾ ਮੁੰਡਾ ਕਿਸੇ ਪਾਸੇ ਨੂੰ ਕਚਰਾ ਕਬਾੜ ਚੁਗਣ ਲਈ ਨਿਕਲ ਜਾਂਦਾ। ਸਾਰਾ ਕੁਝ ਵੇਚ ਵੱਟ ਕੇ ਉਹ ਜਦੋਂ ਘਰ ਆਉਂਦੇ ਤਾਂ ਉਹ ਰੋਜਾਨਾ ਖਰਚੇ ਜਿੰਨੇ ਪੈਸੇ ਮਸਾ ਹੀ ਵੱਟਕੇ ਲਿਆਉਂਦੇ।

ਇਕ ਦਿਨ ਉਹ ਘਰੋਂ ਤਾਂ ਉਹ ਇਕੱਠੇ ਹੀ ਨਿਕਲੇ। ਪਰ ਕਬਾੜ ਚੁੱਗਦੇ, ਚੁੱਗਦੇ ਉਹ ਇਕ ਦੂਜੇ ਤੋਂ ਵੱਖ ਹੋ ਗਏ। ਮੁੰਡਾ ਕਿਸੇ ਪਾਸੇ ਨੂੰ ਨਿਕਲ ਗਿਆ ਅਤੇ ਉਸਦੇ ਮਾਂ ਪਿਓ ਕਿਸੇ ਹੋਰ ਪਾਸੇ ਨੂੰ ਨਿਕਲ ਗਏ। ਉਹ ਇਧਰੋਂ ਉਧਰੋਂ ਇਕੱਠਾ ਕੀਤਾ ਕਬਾੜ ਆਪਣੀ ਝੋਲੀ ਵਿੱਚ ਇਕੱਠਾ ਕਰਕੇ ਸਾਈਕਲ ਰੇਹੜੇ ਉਤੇ ਪਏ ਬੋਰੇ ਵਿੱਚ ਪਾ ਦਿੰਦੇ ।ਕਰਮੀਂ ਦਾ ਪਤੀ ਇਕ ਪੈਲੇਸ ਦੁਆਲੇ ਤੋਂ ਕਚਰਾ ਇਕੱਠਾ ਕਰਨ ਲੱਗਿਆ। ਕਰਮੀਂ ਨੇ ਦੇਖਿਆ ਸੜਕ ਦੇ ਦੂਜੇ ਪਾਸੇ ਕੁਝ ਬੋਤਲਾਂ ਪਈਆਂ ਸਨ। ਉਹ ਕਾਹਲੀ ਨਾਲ ਸੜਕ ਪਾਰ ਕਰਨ ਲੱਗੀ ਤਾਂ ਇਕ ਕਾਰ ਦੀ ਲਪੇਟ ਵਿੱਚ ਆ ਗਈ। ਉਸਨੇ ਬਹੁਤ ਰੌਲਾ ਪਾਇਆ ਫਿਰ ਵੀ ਕਾਰ ਵਾਲਾ ਉਸਨੂੰ ਘਸੀਟਦਾ, ਘਸੀਟਦਾ ਕਾਫੀ ਦੂਰ ਤੱਕ ਲੈ ਗਿਆ। ਅਚਨਚੇਤ ਉਹ ਕਾਰ ਨਾਲੋਂ ਵੱਖ ਹੋ ਗਈ। ਕਾਰ ਵਾਲਾ ਕਾਰ ਦੀ ਹਨੇਰੀ

ਬਣ ਕੇ ਅਲੋਪ ਹੋ ਗਿਆ।

ਕਰਮੀਂ ਨੂੰ ਜ਼ਖ਼ਮੀ ਦੇਖਕੇ ਕੁਝ ਲੋਕ ਉਸਦੇ ਦੁਆਲੇ ਇਕੱਠੇ ਗਏ। ਇਕ ਤਰਸਵਾਨ ਨੇ ਉਸਦੇ ਮੂੰਹ ਵਿੱਚ ਪਾਣੀ ਪਾਇਆ। ਉਸਦੇ ਕੱਪੜੇ ਪਾਟ ਗਏ ਸਨ। ਸਰੀਰ ਪੂਰੀ ਤਰ੍ਹਾਂ ਰਗੜਿਆ ਗਿਆ ਸੀ। ਉਹ ਚੀਕ, ਚੀਕ ਕੇ ਕਹਿ ਰਹੀ ਸੀ, "ਮੈਂ ਮਰ ਗਈ, ਮੈਂ ਮਰ ਗਈ।" ਜਦੋਂ ਉਸਦੇ ਪਤੀ ਨੂੰ ਪਤਾ ਲੱਗਿਆ ਤਾਂ ਉਹ ਵੀ ਤੁਰੰਤ ਉਥੇ ਪੁੱਜ ਗਿਆ। ਉਸਨੇ ਕਰਮੀ ਨੂੰ ਆਪਣੇ ਸਾਈਕਲ ਰੇਹੜੇ ਉਤੇ ਪਾਇਆ ਅਤੇ ਨੇੜੇ ਦੇ ਅੱਡੇ ਵਿੱਚ ਡਾਕਟਰ ਕੋਲ ਲੈ ਗਿਆ। ਡਾਕਟਰ ਨੇ ਉਸਦੀ ਮਲ੍ਹਮ ਪੱਟੀ ਕੀਤੀ। ਦਰਦ ਰੋਕਣ ਵਾਲਾ ਟੀਕਾ ਲਾ ਕੇ ਕਿਹਾ "ਇਸਨੂੰ ਹਸਪਤਾਲ ਲੈ ਜਾਓ।" ਕਰਮੀਂ ਦਾ ਪਤੀ ਉਸੇ ਸਾਈਕਲ ਰੇਹੜੇ ਉਤੇ ਉਸਨੂੰ ਨੇੜਲੇ ਕਸਬੇ ਦੇ ਹਸਪਤਾਲ ਨੂੰ ਲੈ ਕੇ ਚੱਲ ਪਿਆ। ਰਸਤੇ ਵਿੱਚ ਉਸਨੇ ਆਪਣੇ ਭਾਈਚਾਰੇ ਅਤੇ ਅਪਣੇ ਮੁੰਡੇ ਨੂੰ ਵੀ ਫੋਨ ਕੀਤਾ। ਇਕ, ਇਕ ਦੋ ਦੋ ਕਰਕੇ ਝੁੱਗੀਆਂ ਵਿੱਚ ਵੱਸਦਾ ਭਾਈਚਾਰਾ ਵੀ ਹਸਪਤਾਲ ਪੁੱਜ ਗਿਆ। ਭਾਈਚਾਰਾ ਕਰਮੀਂ ਦੀ ਹਾਲਤ ਦੇਖ ਕੇ ਬਹੁਤ ਪ੍ਰੇਸ਼ਾਨ ਸੀ।

ਕਰਮੀਂ ਦਾ ਮੁੰਡਾ ਇਕੱਠਾ ਕੀਤਾ ਕਚਰਾ ਉਥੇ ਹੀ ਸੁਟ ਕੇ ਬਹੁਤ ਹੀ ਤੇਜੀ ਨਾਲ ਹਸਪਤਾਲ ਨੂੰ ਆਪਣਾ ਸਾਈਕਲ ਰੇੜਾ ਲਈ ਜਾਂਦਾ ਸੀ। ਉਸਨੂੰ ਲੱਗਿਆ ਜਿਵੇਂ ਉਸਦੀਆਂ ਲੱਤਾਂ ਕੰਬ ਰਹੀਆਂ ਸਨ। ਉਸਨੂੰ ਇਕ ਵਾਰ ਤਾਂ ਲੱਗਿਆ ਜਿਵੇਂ ਉਸਦੇ ਸਰੀਰ ਵਿੱਚ ਜਾਨ ਹੀ ਨਾ ਹੋਵੇ। ਉਸਨੂੰ ਸਾਹ ਚੜ੍ਹਿਆ ਹੋਇਆ ਸੀ। ਉਸਦੀ ਜ਼ੁਬਾਨ ਸੁੱਕ ਰਹੀ ਸੀ। ਉਸਨੇ ਆਪਣਾ ਸਾਈਕਲ ਰੇਹੜਾ ਰੋਕਿਆ ਹੈਂਡਲ ਨਾਲ ਲਟਕਦੇ ਝੋਲੇ ਵਿੱਚੋਂ ਪਾਣੀ ਦੀ ਬੋਤਲ ਕੱਢੀ। ਪਾਣੀ ਪੀ ਕੇ ਆਪਣਾ ਸੰਘ ਗਿੱਲਾ ਕਰਕੇ ਹਸਪਤਾਲ ਵੱਲ ਨੂੰ ਚੱਲ ਪਿਆ।

ਉਸਦੀਆਂ ਅੱਖਾਂ ਅੱਗੇ ਉਸਦੀ ਮਾਂ ਦਾ ਚਿਹਰਾ ਘੁੰਮਣ ਲੱਗਿਆ, ਇਕ ਉਦਾਸ ਜਿਹਾ ਭੈ ਭੀਤ ਚਿਹਰਾ। ਉਸ ਨੂੰ ਯਾਦ ਆ ਰਿਹਾ ਸੀ ਜਿਸ ਦਿਨ ਉਸਨੇ ਆਪਣੀ ਮਾਂ ਨੂੰ ਆ ਕੇ ਦੱਸਿਆ ਸੀ "ਮਾਂ ਮੈਂ ਅੱਜ ਇਕ ਟੋਭੇ ਵਿੱਚੋਂ ਖਾਲੀ ਬੋਤਲਾਂ ਕੱਢਦਾ ਕੱਢਦਾ ਟੋਭੇ ਵਿੱਚ ਡਿੱਗ ਪਿਆ। ਟੋਭੇ ਵਿੱਚ ਇਕ ਟਾਹਲੀ ਟੁੱਟ ਕੇ ਡਿੱਗੀ ਪਈ ਸੀ ਜਿਸਦਾ ਸਹਾਰਾ ਲੈਕੇ ਮੈਂ ਬਾਹਰ ਆ ਗਿਆ। ਉਸਦੀ ਮਾਂ ਨੇ ਉਸਦੇ ਚਿੱਕੜ ਨਾਲ ਲਿਬੜੇ ਹੋਏ ਕੱਪੜਿਆਂ ਦੀ ਪ੍ਰਵਾਹ ਨਾ ਕਰਦੇ ਹੋਏ ਉਸਨੂੰ ਘੁੱਟ ਕੇ ਆਪਣੀ ਗਲਵੱਕੜੀ ਵਿੱਚ ਘੁਟਦਿਆਂ ਕਿਹਾ ਸੀ "ਵੇ ਪੁੱਤ ਅੱਜ ਤੋਂ ਬਾਅਦ ਤੂੰ ਕਦੇ ਵੀ ਕਿਸੇ ਟੋਭੇ ਵਿੱਚ ਨਹੀਂ ਵੜਨਾ। ਟੋਭੇ ਦੀ ਦਲਦਲ ਨੇ ਤਾਂ ਕਈ ਜਾਨਾਂ ਲਈਆਂ ਨੇ ਸ਼ੁਕਰ ਹੈ ਪੁੱਤ ਤੂੰ ਬਚ ਕੇ ਆ ਗਿਆ । ਉਸ ਟੋਭੇ ਵਿੱਚੋਂ ਤਾਂ ਕੋਈ ਵੀ ਬਚ ਕੇ ਨਹੀਂ ਆਇਆ।" ਉਹ ਸੋਚਾਂ ਵਿੱਚ ਡੁਬਿਆ ਹੋਇਆ ਸੀ ਉਸਦੇ ਸਾਈਕਲ ਰੇਹੜੇ ਦੀ ਚੇਨ ਉਤਰ ਗਈ ਤਾਂ ਉਹ ਭੂਤ ਵਿੱਚੋਂ ਵਰਤਮਾਨ ਵਿੱਚ ਆ ਕੇ ਜਿਵੇਂ ਚੇਨ ਨੂੰ ਕੋਸਣ ਲੱਗਿਆ "ਤੂੰ ਵੀ ਹੁਣੇ ਉਤਰਨਾ ਸੀ?" ਉਸਨੇ ਛੇਤੀ, ਛੇਤੀ ਚੇਨ ਚੜ੍ਹਾ ਕੇ ਰੇੜੇ ਉਤੇ ਬੈਠ ਕੇ ਜਿਵੇਂ ਉਸਦੀ ਰੇਲ ਬਣਾ ਦਿੱਤੀ ਹੋਵੇ। ਜਿਤਨਾ ਤੇਜ ਉਹ ਰੇਹੜੇ ਨੂੰ ਚਲਾ ਰਿਹਾ ਸੀ ਉਤਨੀ ਹੀ ਤੇਜੀ ਨਾਲ ਉਸਦੀ ਮਾਂ ਦਾ ਚਿਹਰਾ ਉਸਦੀਆਂ ਅੱਖਾਂ ਅੱਗੇ ਘੁੰਮ ਰਿਹਾ ਸੀ। ਉਸੇ ਦਿਨ ਸ਼ਾਮ ਨੂੰ ਉਸਦੀ ਮਾਂ ਨੇ ਚੌਲ ਰਿੰਨ੍ਹ ਕੇ ਸਾਰੀਆਂ ਝੁੱਗੀਆਂ ਵਿੱਚ ਵੰਡੇ ਸਨ ਅਤੇ ਆਪਣੇ ਪੁੱਤ ਦੀ ਅੱਗੇ ਲਈ ਖ਼ੈਰ ਮੰਗੀ ਸੀ "ਮੇਰੀ ਖ਼ੈਰ ਮੰਗਣ ਵਾਲੀ ਮੇਰੀ ਮਾਂ ਨੂੰ ਕੁਸ਼ ਨਾ ਹੋਵੇ ਰੱਬਾ।" ਇਹ ਸੋਚਦਾ, ਸੋਚਦਾ ਉਹ ਹਸਪਤਾਲ ਦੇ ਬਰਾਂਡੇ ਵਿੱਚ ਬੈਂਚ ਉੱਤੇ ਪਈ ਆਪਣੀ ਮਾਂ ਕੋਲ ਪੁੱਜ ਗਿਆ। ਉਹ ਨੀਮ ਬੇਹੋਸ਼ੀ ਵਿੱਚ ਪਈ ਸੀ। ਉਹ ਇਕ ਦਮ ਆਪਣੀ ਮਾਂ ਨੂੰ ਲਿਪਟਦਾ ਹੋਇਆ ਉੱਚੀ ਦੇ ਕੇ ਚੀਖਿਆ "ਮਾਂ" ਉਸਦੀ ਮਾਂ ਨੇ ਆਪਣੇ ਪੁੱਤ ਦੀ

ਆਵਾਜ਼ ਸੁਣਕੇ ਇਕ ਵਾਰ ਅੱਖਾਂ ਖੋਲ੍ਹਕੇ ਉਸ ਵੱਲ ਦੇਖਿਆ। ਉਸਦੀਆਂ ਅੱਖਾਂ ਵਿਚ ਹੰਝੂ ਦੇਖ ਕੇ ਉਸਦੇ ਮੁੰਡੇ ਨੂੰ ਜਿਵੇਂ ਇਕ ਦਮ ਝਟਕਾ ਜਿਹਾ ਲੱਗਿਆ। ਉਸਨੇ ਮਾਂ ਦੇ ਹੰਝੂ ਸਾਫ਼ ਕੀਤੇ। ਉਸਦੀ ਮਾਂ ਨੇ ਇਕ ਹਉਂਕਾ ਭਰਕੇ ਫਿਰ ਅੱਖਾਂ ਬੰਦ ਕਰ ਲਈਆਂ। ਉਸਦੀਆਂ ਬੰਦ ਅੱਖਾਂ ਨੇ ਉਸਦੇ ਪੁੱਤ ਨੂੰ ਜਿਵੇਂ ਪੂਰੀ ਤਰ੍ਹਾਂ ਹਿਲਾ ਕੇ ਰਖ ਦਿੱਤਾ ਹੋਵੇ । ਉਹ ਕੰਬਦੀ ਆਵਾਜ਼ ਵਿੱਚ ਬੋਲਿਆ "ਜੇ ਇਥੇ ਡਾਕਟਰ ਨਹੀਂ ਤਾਂ ਮਾਂ ਨੂੰ ਕਿਤੇ ਹੋਰ ਲੈ ਚੱਲੋ।"



ਉਧਰੋਂ ਸਪੀਕਰ ਦੀ ਅਵਾਜ਼ ਬੰਦ ਹੋ ਗਈ। ਧਰਤੀ ਦਿਵਸ ਪ੍ਰੋਗਰਾਮ ਸਮਾਪਤ ਹੋ ਗਿਆ। "ਦੇਖਦੇ ਹਾਂ, ਆ ਜਾਂਦੇ ਨੇ ਡਾਕਟਰ...। ਕਰਮੀ ਦਾ ਪਤੀ ਕਹਿ ਹੀ ਰਿਹਾ ਸੀ ਕਿ ਡਾਕਟਰ ਦੀ ਗੱਡੀ ਹਸਪਤਾਲ ਦੇ ਅੰਦਰ ਆ ਕੇ ਰੁਕ ਗਈ। ਡਾਕਟਰ ਬੈਂਚ ਉੱਤੇ ਪਈ ਕਰਮੀਂ ਕੋਲ ਦੀ ਲੰਘਣ ਲੱਗਿਆ ਤਾਂ ਕਰਮੀਂ ਦਾ ਪਤੀ ਹੱਥ ਜੋੜਕੇ ਕਹਿਣ ਲੱਗਿਆ "ਡਾਕਟਰ ਸਾਹਿਬ ਇਹਨੂੰ ਬਚਾ ਲਵੋ ਬਹੁਤ ਔਖੀ ਹੈ।" ਡਾਕਟਰ ਨੇ ਕੁਝ ਪਲ ਰੁਕ ਕੇ ਕਰਮੀ ਨੂੰ ਹਿਲਾ ਕੇ ਦੇਖਿਆ। ਉਸਦੇ ਹੱਥ ਫੜਕੇ ਦੇਖੇ ਅਤੇ ਕਿਹਾ "ਇਸਦਾ ਖ਼ੂਨ ਬਹੁਤ ਬਹਿ ਗਿਆ ਹੈ। ਇਥੇ ਸਾਡੇ ਕੋਲ ਖ਼ੂਨ ਦਾ ਕੋਈ ਪ੍ਰਬੰਧ ਨਹੀਂ ਹੈ। ਇਸਨੂੰ ਤੁਰੰਤ ਸ਼ਹਿਰ ਦੇ ਹਸਪਤਾਲ ਲੈ ਜਾਓ। ਇਕ ਜਣਾ ਆ ਜਾਓ ਅੰਦਰ ਅਸੀਂ ਚਿੱਠੀ ਲਿਖ ਦਿੰਦੇ ਹਾਂ'। ਕਰਮੀਂ ਦੇ ਘਰ ਵਾਲਾ ਡਾਕਟਰ ਨਾਲ ਅੰਦਰ ਨੂੰ ਚਲਿਆ ਗਿਆ। ਉਸਦਾ ਮੁੰਡਾ ਬਹੁਤ ਹੀ ਤੇਜੀ ਨਾਲ ਦੌੜ ਕੇ ਥੋੜੀ ਦੂਰ ਇਕ ਪਿੱਪਲ ਹੇਠ ਖੜ੍ਹੇ ਟੈਂਪੂਆਂ ਵਿੱਚੋਂ ਟੈਂਪੂ ਲੈਣ ਚਲਿਆ ਗਿਆ। ਡਾਕਟਰ ਵੱਲੋਂ ਲਿਖੀ ਚਿੱਠੀ ਲੈ ਕੇ ਕਰਮੀਂ ਦੇ ਘਰ ਵਾਲਾ ਬਾਹਰ ਆਇਆ ਤਾਂ ਉਥੇ ਖੜ੍ਹੇ ਉਸਦੇ ਭਾਈਚਾਰੇ ਦੇ ਬੰਦਿਆਂ ਨੇ ਆਪਣੀਆਂ ਆਪਣੀਆਂ ਜੇਬਾਂ ਵਿੱਚੋਂ ਪੈਸੇ ਕੱਢਕੇ ਕਰਮੀਂ ਦੇ ਪਤੀ ਨੂੰ ਦੇ ਦਿੱਤੇ। ਕਰਮੀਂ ਦਾ ਮੁੰਡਾ ਵੀ ਟੈਂਪੂ ਲੈ ਕੇ ਆ ਗਿਆ। ਉਹਨਾਂ ਦੇ ਭਾਈਚਾਰੇ ਦੇ ਤਿੰਨ ਚਾਰ ਮੁੰਡੇ ਵੀ ਉਸਦੇ ਨਾਲ ਜਾਣ ਲਈ ਤਿਆਰ ਹੋ ਗਏ ਤਾਂ ਕਿ ਲੋੜ ਪੈਣ ਤੇ ਉਹ ਉਥੇ ਖ਼ੂਨ ਦੇ ਸਕਣ।

ਬਹੁਤ ਹੀ ਮੁਸ਼ਕਿਲ ਨਾਲ ਉਹਨਾਂ ਨੇ ਕਰਮੀਂ ਨੂੰ ਟੈਂਪੂ ਦੀ ਪਿਛਲੀ ਸੀਟ ਉੱਤੇ ਪਾਇਆ। ਉਸਦੇ ਮੁੰਡੇ ਨੇ ਇਕ ਲੱਤ ਟੈਂਪੂ ਦੀ ਸੀਟ ਤੋਂ ਹੇਠਾਂ ਲਟਕਾਈ ਹੋਈ ਸੀ, ਦੂਜੀ ਇਕੱਠੀ ਕਰਕੇ ਸੀਟ 'ਤੇ ਰੱਖੀ ਹੋਈ ਸੀ। ਜਿਸਦੇ ਗੋਡੇ ਉਤੇ ਉਸਨੇ ਆਪਣੀ ਮਾਂ ਦਾ ਸਿਰ ਰੱਖਿਆ ਹੋਇਆ ਸੀ। ਡਰਾਈਵਰ ਦੇ ਬੈਠਦੇ, ਬੈਠਦੇ ਹੀ ਧਰਤੀ ਦਿਵਸ ਸਾਮਗਮ ਵਿੱਚੋਂ ਆਇਆ ਇਕ ਬੰਦਾ ਟੈਂਪੂ ਦੇ ਸਾਹਮਣੇ ਵਾਲੇ ਸ਼ੀਸ਼ੇ ਉੱਤੇ ਇਕ ਕਾਗਜ਼ ਚਪਕਾ ਗਿਆ। ਉਸ ਉੱਤੇ ਇਕ ਐਨਕ ਛਪੀ ਹੋਈ ਸੀ। ਐਨਕ ਦੇ ਇਕ ਸ਼ੀਸੇ ਉਤੇ ਸਵੱਛ ਛਪਿਆ ਹੋਇਆ ਸੀ ਅਤੇ ਦੂਜੇ ਉਤੇ ਭਾਰਤ। ਪਰ ਟੈਂਪੂ ਵਿੱਚ ਬੈਠਣ ਵਾਲੇ ਸਾਰੇ ਹੀ ਅਨਪੜ੍ਹ ਸਨ। ਕਿਸੇ ਤੋਂ ਕੁਝ ਵੀ ਪੜ੍ਹ ਨਹੀਂ ਸੀ ਹੁੰਦਾ। ਉਹਨਾਂ ਨੂੰ ਤਾਂ ਕੇਵਲ ਐਨਕ ਹੀ ਨਜ਼ਰ ਆਉਂਦੀ ਸੀ। (**ਸੰਪਰਕ: 94633-53760** )

# ਜਨ ਬੋਧ :

## ਇੱਕ ਅਗਿਆਤ ਦਾ ਖ਼ਤ



**ਮੂਲ ਲੇਖਕ : ਪ੍ਰਿਯਵੰਦ**

**ਅਨੁਵਾਦ : ਸ਼ਬਦੀਸ਼**


ਪਿਆਰੇ ਪ੍ਰਿਯਵੰਦ

ਅਨਜਾਣ ਲੋਕਾਂ ਦੇ ਖ਼ਤ ਮਿਲਣੇ ਨਵੀਂ ਗੱਲ ਨਹੀਂ ਹੈ। ਹਰ ਖ਼ਤ ਡਾਕੇ ਪਾਇਆ ਜਾਏ ਤੇ ਪੜ੍ਹਿਆ ਵੀ ਜਾਏ; ਇਹ ਜ਼ਰੂਰੀ ਨਹੀਂ ਹੈ। ਇਹਨੂੰ ਵੀ ਐਦਾਂ ਦਾ ਹੀ ਖ਼ਤ ਸਮਝੋ। ਮੈਂ ਇੱਕ 'ਓਲਡ ਹੋਮ' 'ਚ ਦੋ ਕਮਰਿਆਂ ਦੇ ਨਾਲ ਬਣੀ ਛੋਟੀ ਜਿਹੀ ਰਸੋਈ ਵਾਲੇ ਘਰ 'ਚ ਕੁਝ ਪਰਛਾਵਿਆਂ ਦੇ ਨਾਲ ਰਹਿੰਦੀ ਹਾਂ। ਇਹ ਪਰਛਾਵੇਂ ਗਮਲਿਆਂ ਦੇ ਪੌਦਿਆਂ, ਬਾਹਰ ਦੇ ਲੈਂਪ ਪੋਸਟ, ਇੱਕ ਕੋਨੇ 'ਚ ਰੱਖੇ ਭਿਖਸ਼ੂ ਤੇ ਛੱਤ 'ਤੇ ਝੂਲਦੀ ਬਾਂਸ ਦੀ ਚਿੜੀ ਦੇ ਹਨ। ਇਨ੍ਹਾਂ ਦੇ ਰੰਗ ਕਦੇ ਕਾਲੇ, ਕਦੇ ਸਲੇਟੀ ਤੇ ਕਦੇ ਘਸਮੈਲੇ ਹੁੰਦੇ ਹਨ। ਮੈਂ ਇਨ੍ਹਾਂ 'ਚ ਰਹਿੰਦੀ ਤੇ ਘੁੰਮਦੀ ਹੋਈ ਖ਼ੁਸ਼ ਹਾਂ।

ਖ਼ੁਸ਼ ਇਸ ਲਈ ਵੀ ਹਾਂ ਕਿ ਮੈਂ ਇਸ ਤੋਂ ਪਹਿਲਾਂ ਕਦੇ ਵੀ ਖਿੜਕੀ 'ਚ ਬਹਿ ਕੇ ਚੰਦ ਨਹੀਂ ਸੀ ਤੱਕਿਆ। ਨਦੀ ਦੀ ਕਲ-ਕਲ, ਝੂਟੇ ਲੈਂਦੇ ਉੱਚੇ ਦੇਵਦਾਰਾਂ ਦਾ ਗੀਤ ਨਹੀਂ ਸੀ ਸੁਣਿਆ। ਮੈਂ ਇਸ ਤੋਂ ਪਹਿਲਾਂ ਜਾਣਦੀ ਨਹੀਂ ਸਾਂ ਕਿ ਖੇਤਾਂ ਵਿੱਚ ਪੱਕਦੀ ਫ਼ਸਲ ਦੀ ਖ਼ੁਸ਼ਬੂ ਕਿਹੋ ਜਿਹੀ ਹੁੰਦੀ ਹੈ? ਪ੍ਰਵਾਸੀ ਪੰਛੀ ਆਕਾਸ਼ ਵਿੱਚ ਕਿਵੇਂ ਸੰਗੀਤਕ ਸੁਰਾਂ ਦੀ ਤਰ੍ਹਾਂ ਕਤਾਰ ਬਣਾ ਕੇ ਉੱਡਦੇ ਹਨ; ਤੇ ਧਰਤੀ 'ਤੇ ਓਨੇ ਹੀ ਗੀਤ ਲਿਖੇ ਗਏ ਹਨ, ਜਿੰਨੇ ਅੰਬਰ 'ਚ ਤਾਰੇ ਹਨ। ਇੱਥੇ ਮੇਰੇ ਕੋਲ ਇਕਾਂਤ ਤੇ ਸਮਾਂ, ਦੋਵੇਂ ਬਹੁਤ ਹਨ। ਜਦ ਮਨ ਕਰਦਾ ਸੌਂਦੀ ਹਾਂ; ਜਦ ਜੀਅ ਕਰਦਾ ਹੈ, ਉੱਠਦੀ ਹਾਂ। ਘਰ ਦੇ ਜਿਸ ਹਿੱਸੇ 'ਚ, ਜਿਵੇਂ ਚਾਹਵਾਂ, ਰਹਿੰਦੀ ਹਾਂ। ਵਿਹਲੇ ਵੇਲ਼ੇ ਆਪਣੇ ਬਚੇ ਹੋਏ ਜੀਵਨ ਦੇ ਮਕਸਦ ਤੇ ਜੀਣ ਦੇ ਤੌਰ-ਤਰੀਕੇ ਬਾਬਤ ਸੋਚਦੀ ਹਾਂ। ਕਦੇ-ਕਦਾਈਂ ਬੀਤ ਚੁੱਕੇ ਜੀਵਨ ਦੀਆਂ ਸਚਾਈਆਂ ਸਮਝਣ ਦਾ ਯਤਨ ਕਰਦੀ ਹਾਂ। ਕਦੇ-ਕਦੇ ਜੀਵਨ ਦੀਆਂ ਉਨ੍ਹਾਂ ਔਖੀਆਂ ਬੁਝਾਰਤਾਂ ਦਾ ਹੱਲ ਭਾਲਣ ਦੀ ਕੋਸ਼ਿਸ਼ ਕਰਦੀ ਹਾਂ, ਜਿਨ੍ਹਾਂ ਲਈ ਸਮਾਂ ਹੀ ਨਹੀਂ ਸੀ ਮਿਲਿਆ। ਜੇ ਮਿਲ ਵੀ ਗਿਆ ਸੀ ਤਾਂ ਇਨ੍ਹਾਂ ਬੁਝਾਰਤਾਂ ਦੇ ਮੋੜ-ਘੋੜ ਤੇ ਇਨ੍ਹਾਂ ਦੀ ਗਹਿਰਾਈ ਵਿੱਚ ਉਤਰਨ ਦਾ ਤਰਕ-ਵਿਵੇਕ ਹੀ ਨਹੀਂ ਸੀ। ਮੈਂ ਉਨ੍ਹਾਂ ਨੂੰ ਕਦੇ ਹੱਲ ਨਾ ਕਰ ਸਕੀ।

ਮੈਂ ਹੁਣ ਬਹੁਤ ਸਾਰੀਆਂ ਨਵੀਆਂ ਗੱਲਾਂ ਵੀ ਸੋਚਣ ਲੱਗੀ ਹਾਂ। ਤੁਸੀਂ ਸੋਚੋਗੇ; ਏਨੀ ਲੰਮੀ ਉਮਰ ਜੀਅ ਕੇ ਕੋਈ ਨਵੀਆਂ ਗੱਲਾਂ ਕਿਵੇਂ ਸੋਚ ਸਕਦਾ ਹੈ? ਮੈਨੂੰ ਹੋਰਨਾਂ ਦਾ ਪਤਾ ਨਹੀਂ, ਪਰ ਮੈਂ ਸੋਚਦੀ ਹਾਂ। ਜਿਵੇਂ ਇਹ ਗੱਲ ਪਹਿਲਾਂ ਕਦੇ ਨਹੀਂ ਸੋਚੀ ਕਿ ਜਿਹਨੂੰ ਅਸੀਂ ਅਕਸਰ ਵੇਖਦੇ ਹਾਂ, ਉਹਦੇ ਅਸਲ ਰੂਪ ਨੂੰ ਕਦੇ ਵੀ ਨਹੀਂ ਵੇਖਿਆ ਹੁੰਦਾ। ਅਸੀਂ ਇੱਕ ਵਾਰ ਵੀ ਨਹੀਂ ਸੋਚਦੇ ਕਿ ਇਹ ਜਿਵੇਂ ਦਾ ਦਿਖਦਾ ਹੈ; ਕੀ ਸੱਚ-ਮੁੱਚ ਉਵੇਂ ਦਾ ਹੀ ਹੈ? ਇਹ ਉਸ ਤੋਂ ਵੱਖਰਾ ਤੇ ਉਸ ਤੋਂ ਪਰ੍ਹੇ ਦੀ ਕੋਈ ਹੋਰ ਸ਼ੈਅ ਤਾਂ ਨਹੀਂ ਏਂ? ਜਾਂ ਫ਼ਿਰ ਕਿਸੇ ਦਾ ਇਕਾਂਤ; ਕਿਸੇ ਦੀ ਮੌਤ; ਕਿਸੇ ਭੁੱਲੇ ਹੋਏ ਰੁਮਾਲ ਦੇ ਇਰਦ-ਗਿਰਦ ਲਿਖੇ ਗਏ ਦੇ ਅਸਲੀ ਅਰਥ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ। ਕਿਸੇ ਟੁੱਟੇ ਹੋਏ

ਪੱਤੇ 'ਚੋਂ ਉਗਮੀ ਉਦਾਸੀ ਦਾ ਲੇਖਾ ਨਹੀਂ ਪੜ੍ਹਦੇ। ਅੱਧੀ ਰਾਤੇ ਤੁਰਦੇ ਪੈਰਾਂ ਦੀ ਆਹਟ 'ਚੋਂ ਫੁੱਟਦੇ ਦੁੱਖ ਦੇ ਸਾਹ ਨਹੀਂ ਸੁਣਦੇ।



ਇੱਥੇ ਆ ਕੇ ਹੀ ਗੱਲ ਖਾਨੇ ਪਈ ਹੈ ਕਿ ਬਿਹਤਰ ਤੇ ਸੁਖੀ ਜੀਵਨ ਜੀਣ ਲਈ ਬਹੁਤ ਜ਼ਿਆਦਾ ਚੀਜ਼ਾਂ ਦੀ ਲੋੜ ਨਹੀਂ ਹੁੰਦੀ। ਕੋਈ ਪ੍ਰਕਿਰਤੀ, ਪ੍ਰੇਮ, ਕਵਿਤਾ ਤੇ ਆਜ਼ਾਦੀ ਨਾਲ ਜੀਅ ਲਵੇ ਤਾਂ ਜ਼ਿੰਦਗੀ ਨੂੰ ਸੁਖੀ ਬਣਾਉਣ ਲਈ ਏਨਾ ਹੀ ਬਹੁਤ ਹੈ, ਲੱਖਾਂ ਲੋਕਾਂ ਨੂੰ ਇਹ ਵੀ ਨਹੀਂ ਮਿਲਦਾ। ਉਨ੍ਹਾਂ ਦੇ ਹਿੱਸੇ ਉਹ ਆਉਂਦਾ ਹੈ, ਜੋ ਉਹ ਕਦੀ ਨਹੀਂ ਚਾਹੁੰਦੇ। ਉਨ੍ਹਾਂ ਨੂੰ ਯੁੱਧ, ਨਫ਼ਰਤ, ਹਿੰਸਾ, ਗਰੀਬੀ, ਭੁੱਖ ਤੇ ਬਿਮਾਰੀਆਂ ਮਿਲਦੀਆਂ ਹਨ, ਜਿਨ੍ਹਾਂ ਨੂੰ ਚੁੱਪ-ਚਾਪ ਬਰਦਾਸ਼ਤ ਕਰਦੇ ਹੋਏ ਸਾਹ ਵਰੋਲਦੇ ਰਹਿੰਦੇ ਹਨ। ਫ਼ਿਲਹਾਲ ਏਥੇ ਮੈਨੂੰ ਉਹ ਸਭ ਕੁਝ ਮਿਲਿਆ ਹੈ, ਜੋ ਜ਼ਿੰਦਗੀ ਨੂੰ ਸੁਖੀ ਬਣਾਉਂਦਾ ਹੈ। ਮੈਂ ਇਹਨੂੰ ਹੁਣ ਹੱਥੋਂ ਨਹੀਂ ਜਾਣ ਦਿਆਂਗੀ।

ਇੱਥੇ ਹਫ਼ਤੇ 'ਚ ਦੋ ਵਾਰ, ਤਿੰਨ ਘੰਟੇ ਲਈ, ਬਾਹਰ ਜਾਣ ਦੀ ਖੁੱਲ੍ਹ ਮਿਲਦੀ ਹੈ। ਓਦੋਂ ਵੀ ਦੇਖ-ਭਾਲ ਕਰਨ ਲਈ ਨਾਲ ਇੱਕ ਲੜਕੀ ਰਹਿੰਦੀ ਹੈ। ਕੱਲ੍ਹ ਮੈਂ ਉਹਦੇ ਨਾਲ ਉਸ ਬਹੁਤ ਪੁਰਾਣੇ ਕਾੱਫ਼ੀ ਹਾਊਸ ਚਲੀ ਗਈ, ਜੋ ਇੱਕ ਤੰਗ ਗਲੀ ਨੂੰ ਬੰਦ ਕਰਦਾ ਹੋਇਆ ਉਸਾਰਿਆ ਗਿਆ ਹੈ। ਉਹਦੀ ਵਜ੍ਹਾ ਕਰਕੇ ਗਲੀ ਵਿੱਚ ਹਰ ਪਲ ਕਾੱਫ਼ੀ ਦੀ ਖ਼ੁਸ਼ਬੂ ਬਿੱਖਰੀ ਰਹਿੰਦੀ ਹੈ। ਮੈਂ ਕਾੱਫ਼ੀ ਹਾਊਸ ਵਿੱਚ ਬੈਠੀ ਨੇ ਚਾਰੇ ਪਾਸੇ ਨਜ਼ਰ ਦੌੜਾਈ। ਮੇਰੀ ਸੱਜੀ ਤਰਫ਼ ਇੱਕ ਸੁੰਦਰ ਤੇ ਜਵਾਨ ਔਰਤ ਪਾਈਪ ਪੀ ਰਹੀ ਸੀ। ਮੈਂ ਪਹਿਲੀ ਵਾਰ ਕਿਸੇ ਔਰਤ ਨੂੰ ਪਾਈਪ ਪੀਂਦੇ ਵੇਖਿਆ ਸੀ। ਪਾਈਪ ਦੇ ਅਗਲੇ ਹਿੱਸੇ ਨੇ ਉਹਦੇ ਸੁੰਦਰ ਚਿਹਰੇ ਨੂੰ ਢੱਕ ਲਿਆ ਸੀ। ਉਸਦੀ ਨੰਨ੍ਹੀ ਜਿਹੀ ਨੱਕ ਤੇ ਮੁਲਾਇਮ ਹੋਠਾਂ ਦੇ ਸਾਹਮਣੇ ਧੂੰਆਂ ਬਿਖੇਰਦਾ ਪਾਈਪ ਬੇਹੂਦਾ ਲੱਗ ਰਿਹਾ ਸੀ। ਕਿਸੇ ਹਲਕੇ ਤੇ ਸ਼ਾਂਤ ਰੰਗ ਦੀ ਪੇਂਟਿੰਗ ਵਿੱਚ ਫੂਹੜ ਢੰਗ ਨਾਲ ਭੱਦਾ ਰੰਗ ਭਰ ਦੇਣ ਵਰਗਾ। ਉਹਦੀ ਟੇਬਲ 'ਤੇ ਇੱਕ ਬਾਉਲ ਵਿੱਚ ਸੁਰਖ਼ ਰੰਗ ਦਾ ਸੂਪ ਪਿਆ ਸੀ। ਉਹਦੇ 'ਚੋਂ ਭਾਫ਼ ਉੱਠ ਰਹੀ ਹੈ। ਵੇਟਰ ਆਇਆ ਤਾਂ ਮੈਂ ਉਸ ਤਰਫ਼ ਇਸ਼ਾਰਾ ਕਰਕੇ ਪੁੱਛਿਆ; ਉਹ ਸੂਪ ਕਿਸ ਚੀਜ਼ ਦਾ ਹੈ? ਉਹਨੇ ਦੱਸਿਆ; ਅਲੂਚੇ, ਚੁਕੰਦਰ ਤੇ ਗਾਜਰ ਦਾ ਹੈ। ਮੈਂ ਓਸੇ ਤਰ੍ਹਾਂ ਦੇ ਦੋ ਸੂਪ ਆਰਡਰ ਕਰ ਦਿੱਤੇ। ਵੇਟਰ ਦੇ ਤੁਰ ਜਾਣ ਤੋਂ ਬਾਅਦ, ਮੈਂ ਲੜਕੀ ਨੂੰ ਮੇਜ਼ 'ਤੇ ਇਕੱਲੀ ਛੱਡ ਕੇ ਉਸ ਔਰਤ ਕੋਲ ਚਲੇ ਗਈ।

"ਪਾਈਪ ਪੀਂਦੇ ਹੋਏ ਤੁਸੀਂ ਚੰਗੇ ਨਹੀਂ ਲੱਗਦੇ।" ਮੈਂ ਬਿਨਾ ਭੂਮਿਕਾ ਦੇ ਭੱਦੇ ਢੰਗ ਨਾਲ ਕਿਹਾ। ਉਸਨੇ ਮੇਰੇ ਵੱਲ,ਪਲ ਭਰ ਲਈ, ਹੈਰਾਨੀ ਨਾਲ ਵੇਖਿਆ। ਜ਼ਾਹਰ ਹੈ; ਉਹਨੂੰ ਮੇਰਾ ਇਉਂ ਬੋਲਣਾ ਚੰਗਾ ਨਹੀਂ ਸੀ ਲੱਗਿਆ, ਪਰ ਉਹ ਮੇਰੀ ਉਮਰ ਦਾ ਲਿਹਾਜ਼ ਕਰਦਿਆਂ ਕੁਝ ਨਾ ਬੋਲੀ। ਉਹਨੇ ਪਾਈਪ ਮੂੰਹ 'ਚੋਂ ਬਾਹਰ ਕਢ ਕੇ ਬੁੱਲ੍ਹਾਂ ਨਾਲ ਲਗਾ ਲਿਆ।

"ਇਹਦੇ ਨਾਲ ਤੁਹਾਡੇ ਸੁੰਦਰ ਹੋਂਠ ਛੁਪ ਜਾਂਦੇ ਨੇ।" ਮੈਂ ਕਿਹਾ। ਉਹ ਕੁਝ ਨਾ ਬੋਲੀ। ਕੁਝ ਪਲ ਮੈਨੂੰ ਘੂਰਦੀ ਰਹੀ ਤੇ ਫ਼ਿਰ ਉਸਨੇ ਪਾਈਪ ਨੂੰ ਮੂੰਹ ਤੋਂ ਪਰ੍ਹੇ ਕਰ ਲਿਆ। ਉਹਦੇ ਬੁੱਲ੍ਹ ਇਕ ਤਰਫ਼ ਤੋਂ ਕੱਟੇ ਹੋਏ ਸਨ। ਕੋਈ ਵੱਡਾ ਆਪਰੇਸ਼ਨ ਹੋਇਆ ਸੀ।

"ਬਹੁਤ ਵਾਰ ਸਾਨੂੰ ਜਿੰਨਾ ਦਿਖਦਾ ਹੈ, ਸਿਰਫ਼ ਓਨਾ ਹੀ ਨਹੀਂ ਹੁੰਦਾ।" ਉਹਦੀ ਉਦਾਸੀ ਬੋਲੀ ਸੀ। ਮੈਂ ਚੌਂਕ ਗਈ। ਉਹਨੇ ਉਹੀ ਗੱਲ ਕਹੀ ਸੀ, ਜੋ ਇਹਨੀਂ ਦਿਨੀਂ ਮੈਂ ਸੋਚ ਰਹੀ ਸਾਂ।

"ਬੈਠੋ; ਸੂਪ ਪੀਓ।" ਉਹਨੇ ਮੁਸਕਰਾ ਕੇ ਕੁਰਸੀ ਦੀ ਦੂਸਰੀ ਤਰਫ਼ ਇਸ਼ਾਰਾ ਕੀਤਾ।

"ਸ਼ੁਕਰੀਆ; ਮੈਂ ਤੁਹਾਡਾ ਸੂਪ ਵੇਖ ਕੇ ਏਹੀ ਆਰਡਰ ਕੀਤਾ ਹੈ। ਔਹ ਵੇਖੋ...ਆ ਵੀ ਗਿਆ।" ਮੈਂ ਆਪਣੇ ਮੇਜ਼ ਵੱਲ ਆਉਂਦੇ ਵੇਟਰ ਵੱਲ ਇਸ਼ਾਰਾ ਕੀਤਾ ਤੇ ਆਪਣੀ ਕੁਰਸੀ 'ਤੇ ਪਰਤ ਆਈ।

ਸੂਪ ਪੀਂਦੀ ਹੋਈ ਸੋਚ ਰਹੀ ਸਾਂ; ਅਸੀਂ ਸਾਰੇ ਇਸੇ ਤਰ੍ਹਾਂ, ਆਪਣੀ ਪੂਰੀ ਜ਼ਿੰਦਗੀ ਲਾ-ਪ੍ਰਵਾਹੀ, ਅੱਧੇ-ਅਧੂਰੇ ਮਨ ਨਾਲ, ਟੁੱਕੜਿਆਂ ਵਿੱਚ, ਗਲਤ ਢੰਗ ਨਾਲ ਜੀਂਦੇ ਹੋਏ ਗੁਜ਼ਾਰ ਦਿੰਦੇ ਹਾਂ। ਕੁਝ ਵੀ ਪੂਰੀ ਤਰ੍ਹਾਂ ਨਹੀਂ ਵੇਖਦੇ, ਨਹੀਂ ਜੀਂਦੇ, ਕੁਝ ਨਹੀਂ ਜਾਣਦੇ। ਆਪਣੇ ਮਨ ਦੀ ਕੋਈ ਸਿਲਵਟ ਪੂਰੀ ਤਰ੍ਹਾਂ ਨਹੀਂ ਖੋਲ੍ਹਦੇ। ਆਪਣੇ ਕਿਸੇ ਵਿਚਾਰ ਦੇ ਦੋਵੇਂ ਸਿਰੇ ਨਹੀਂ ਛੂੰਹਦੇ। ਪਰਿਵਾਰ ਤੇ ਬੱਚਿਆਂ ਦੀ ਖ਼ੁਸ਼ੀ ਨੂੰ ਆਪਣੀ ਤਸੱਵਰ ਕਰਦਿਆਂ, ਅਕਸਰ ਓਸੇ ਵਿੱਚ ਧਸ ਕੇ, ਆਪਣੀ ਜ਼ਿੰਦਗੀ ਕਿਸੇ ਬੁਰੇ ਢੰਗ ਨਾਲ ਖ਼ਤਮ ਕਰ ਦਿੰਦੇ ਹਾਂ।

ਸੋਚੋ; ਅਸੀਂ ਕੁਝ ਹੋਰ ਕਰ ਸਕਦੇ ਸਾਂ? ਸ਼ਾਇਦ ਕਰ ਸਕਦੇ ਸਾਂ। ਮੈਂ ਕੱਲ੍ਹ ਹੀ ਪੜ੍ਹਿਆ; ਹਰ ਲੇਖਕ ਦੋ ਵਾਰ ਜਨਮ ਲੈਂਦਾ ਹੈ। ਇੱਕ ਵਾਰ ਮਾਂ ਦੀ ਕੁੱਖ 'ਚੋਂ; ਦੂਜੀ ਵਾਰ ਆਪਣੀ ਕਲਮ ਦੇ ਗਰਭ 'ਚੋਂ। ਦੂਸਰਾ ਜਨਮ ਹੀ ਉਸਦੀ ਪਛਾਣ ਬਣਦਾ ਹੈ; ਉਸਨੂੰ ਅਮਰ ਬਣਾਉਂਦਾ ਹੈ। ਉਹਦਾ ਇਹ ਜਨਮ ਅਕਸਰ ਪਹਿਲੇ ਜਨਮ ਨੂੰ ਆਪਣੇ ਅੰਦਰ ਸਮੋ ਲੈਂਦਾ ਹੈ। ਇਹ ਜੀਵਨ ਅਸਫ਼ਲ ਨਹੀਂ ਹੁੰਦਾ, ਪਰ ਪਹਿਲੇ ਜੀਵਨ ਨਾਲ ਲਗਾਤਾਰ ਟਕਰਾਉਂਦਾ ਰਹਿੰਦਾ ਹੈ; ਤੇ ਦੂਸਰਾ ਜਨਮ ਲੇਖਕ ਲਈ ਸਰਾਪ ਬਣ ਜਾਂਦਾ ਹੈ। ਉਸ ਦੀਆਂ ਸਜ਼ਾਵਾਂ ਤੇ ਦੁੱਖਾਂ ਦਾ ਸਿਲਸਿਲਾ ਖ਼ਤਮ ਨਹੀਂ ਹੁੰਦਾ। ਤੁਸੀਂ ਤੇ ਤੁਹਾਡੇ ਮੈਗਜ਼ੀਨ ਦੇ ਬਹੁਤ ਸਾਰੇ ਪਾਠਕ, ਲੇਖਕ ਵੀ ਹਨ। ਤੁਸੀਂ ਸਾਰੇ ਮੇਰੀ ਇਸ ਗੱਲ ਨੂੰ ਬਿਹਤਰ ਸਮਝੋਗੇ। ਇਸਦੀ ਸਚਾਈ ਨੂੰ ਚੌਕਸੀ ਨਾਲ ਪਰਖ਼ ਸਕੋਗੇ।

ਇਹ ਪੜ੍ਹਨ ਤੋਂ ਬਾਅਦ ਮੈਂ ਲੇਖਕ ਦੀ ਥਾਂਵੇਂ, ਖ਼ੁਦ ਨੂੰ ਖੜਾ ਕਰਕੇ ਵੇਖਿਆ। ਮੈਨੂੰ ਲੱਗਿਆ; ਹਰ ਬੰਦਾ ਵੀ ਤਾਂ ਕਦੇ ਨਾ ਕਦੇ, ਆਪਣਾ ਦੂਸਰਾ ਜਨਮ ਲੈਂਦਾ ਹੀ ਹੈ। ਕਲਮ ਤੋਂ ਨਾ ਸਹੀ, ਪਰ ਆਪਣੀ ਇਕੱਲਤਾ, ਆਪਣੇ ਖ਼ਿਲਾਅ ਤੇ ਅਕਸਰ ਆਪਣੀ ਬੇ-ਮਾਅਨਾ ਹੋ ਚੁੱਕੀ ਜ਼ਿੰਦਗੀ ਤੋਂ। ਇੱਥੇ ਮੈਂ ਆਪਣਾ ਦੂਜਾ ਜਨਮ ਹੀ ਤਾਂ ਜੀਅ ਰਹੀ ਹਾਂ। ਮੈਂ ਆਪਣੇ ਪਹਿਲੇ ਜਨਮ ਨਾਲ ਇਹਦਾ ਕੋਈ ਟਕਰਾਅ ਨਹੀਂ ਚਾਹੁੰਦੀ। ਮੇਰੇ ਇਸ ਨਵੇਂ ਜਨਮ ਤੇ ਮੇਰੇ ਇਸ ਬਚੇ ਹੋਏ ਜੀਵਨ ਦੇ ਸੁਖ ਲਈ ਜ਼ਰੂਰੀ ਹੈ ਕਿ ਮੈਂ ਆਪਣੇ ਪਹਿਲੇ ਜਨਮ ਦੇ ਸਾਰੇ ਨਿਸ਼ਾਨ ਮਿਟਾ ਦੇਵਾਂ। ਮੈਨੂੰ ਲੱਗਦਾ ਹੈ; ਸ਼ਾਇਦ ਮੈਂ ਇਹ ਕਰਨਾ ਆਰੰਭ ਵੀ ਕਰ ਚੁੱਕੀ ਹਾਂ।

ਇਹ ਸਭ ਪੜ੍ਹ ਕੇ, ਤੁਸੀਂ ਸਮਝ ਸਕਦੇ ਹੋ, ਮੈਂ ਏਥੇ ਆਉਣ ਤੋਂ ਬਾਅਦ, ਕਿਸ ਤਰ੍ਹਾਂ ਦੀਆਂ ਤੇ ਕੇਹੀਆਂ ਨਵੀਂਆਂ ਗੱਲਾਂ ਸੋਚ ਰਹੀ ਹਾਂ; ਤੇ ਕਿਵੇਂ ਨਵੇਂ ਤਰੀਕੇ ਨਾਲ ਜੀਣਾ ਸ਼ੁਰੂ ਕਰ ਰਹੀ ਹਾਂ? ਜਾਣਦੇ ਹੋ ਪ੍ਰਿਯਵੰਦ; ਮੇਰਾ ਪਿਤਾ ਜਦ ਖੇਤਾਂ ਵਿੱਚ ਕੰਮ ਕਰਨ ਜਾਂਦਾ ਸੀ, ਮੈਨੂੰ ਕੰਬਲ ਵਿੱਚ ਲਪੇਟ ਕੇ ਨਾਲ ਲੈ ਜਾਂਦਾ; ਜ਼ਮੀਨ ਦੇ ਕਿਸੇ ਛੋਟੇ ਜਿਹੇ ਟੁੱਕੜੇ 'ਤੇ ਲਿਟਾ ਦਿੰਦਾ। ਉਹ ਗਾਉਂਦਾ ਹੋਇਆ ਕੰਮ ਕਰਦਾ ਸੀ। ਉਹਦੇ ਗੀਤਾਂ ਦੀ ਲੈ ਅਤੇ ਮਿੱਠੀ ਆਵਾਜ਼ ਵਿੱਚ ਲਿਪਟੀ ਰਾਤ ਦੇ ਉਸ

ਗਹਿਰੇ ਇਕਾਂਤ ਵਿੱਚ, ਮੈਂ ਆਪਣੀਆਂ ਨੰਨ੍ਹੀਆਂ ਅੱਖਾਂ ਨਾਲ ਤਾਰਿਆਂ ਭਰਿਆ ਆਕਾਸ਼ ਤੱਕਦੀ ਰਹਿੰਦੀ ਸਾਂ। ਉਹਨੂੰ ਸਾਲੋ-ਸਾਲ ਵੇਖਣ ਬਾਅਦ, ਧਰਤੀ ਦੀ ਪਵਿੱਤਰਤਾ ਤੇ ਸੁੰਦਰਤਾ ਦੀ ਅਮਰਤਾ 'ਚ ਮੇਰੀ ਆਸਥਾ ਕਦੇ ਜ਼ਰਾ ਜਿੰਨੀ ਵੀ ਘਟ ਨਹੀਂ ਸਕੀ।

ਹਰ ਆਦਮੀ ਕੋਲ ਕੋਈ ਨਾ ਕੋਈ ਐਸੀ ਆਸਥਾ ਹੋਣੀ ਚਾਹੀਦੀ ਹੈ, ਉਹ ਜਿਸਨੂੰ ਆਪਣੀ ਮੌਤ ਤੱਕ ਨਾਲ ਲਿਜਾ ਸਕੇ। ਐਸੀ ਆਸਥਾ ਮੌਤ ਦੇ ਭੈਅ ਖ਼ਿਲਾਫ਼ ਮਜ਼ਬੂਤ ਸੁਰਖਿਆ ਕਵਚ ਦਿੰਦੀ ਹੈ। ਮੌਤ ਦੀ ਲਗਭਗ ਲਾਜ਼ਮੀ ਪੀੜਾ, ਇਕੱਲਤਾ, ਕਸ਼ਟ ਤੇ ਨਿਰਾਸ਼ਾ ਨਾਲ ਲੜਨ ਦੀ ਤਾਕਤ ਦਿੰਦੀ ਹੈ। ਮੇਰੀਆਂ ਇਹ ਦੋਵੇਂ ਆਸਥਾਵਾਂ ਐਸੀਆਂ ਹੀ ਹਨ।

ਤੁਸੀਂ ਕਦੇ ਧਿਆਨ ਨਾਲ ਵੇਖੋ ਤਾਂ ਜ਼ਾਹਰ ਹੋ ਜਾਏਗਾ ਕਿ ਹਰ ਬੰਦੇ ਕੋਲ ਕੋਈ ਨਾ ਕੋਈ ਆਸਥਾ ਜ਼ਰੂਰ ਹੁੰਦੀ ਹੈ; ਉਵੇਂ ਹੀ, ਜਿਵੇਂ ਨਦੀ ਵਿੱਚ ਨੀਰ, ਬੱਦਲਾਂ ਵਿੱਚ ਬਾਰਸ਼ ਤੇ ਸਿੱਟਿਆਂ ਵਿੱਚ ਦਾਣੇ ਹੁੰਦੇ ਹਨ। ਉਹਦੀ ਇਹ ਆਸਥਾ ਤਾਂ ਹੀ ਬਚੀ ਰਹਿੰਦੀ ਹੈ, ਜੇ ਉਹ ਉਹਨੂੰ ਉਮਰ ਭਰ ਹੌਲੀ-ਹੌਲੀ ਸਿੰਜਦਾ ਰਹੇ। ਇਹਦੀਆਂ ਜੜ੍ਹਾਂ ਲਗਾਤਾਰ ਫੈਲਦੀਆਂ ਰਹਿਣ, ਇਹਨੂੰ ਮਜ਼ਬੂਤ ਕਰਦੀਆਂ ਰਹਿਣ। ਅਜਿਹੀ ਆਸਥਾ ਦੇ ਬਣੇ ਰਹਿਣ ਤੇ ਬਚੇ ਰਹਿਣ ਲਈ ਇਹ ਜ਼ਰੂਰੀ ਹੈ ਕਿ ਇਸਦੇ ਨਾਲ ਇੱਕ ਖ਼ੂਨੀ ਤੇ ਹਮਲਾਵਰ ਅਸਹਿਣਸ਼ੀਲਤਾ ਵੀ ਜੁੜੀ ਹੋਵੇ। ਆਪਣੇ ਖ਼ਿਲਾਫ਼ ਉਠਾਏ ਗਏ ਕਿਸੇ ਪ੍ਰਸ਼ਨ, ਹਮਲੇ ਜਾਂ ਵਿਰੋਧ ਵਿੱਚ ਏਹੀ ਉਹਦੀ ਰਾਖੀ ਕਰਦੀ ਹੈ। ਉਹਨੂੰ ਦ੍ਰਿੜ ਤੇ ਬੇ-ਰੋਕ ਬਣਾਈ ਰੱਖਦੀ ਹੈ, ਜ਼ਰੂਰਤ ਪੈਣ 'ਤੇ ਇਹ ਹਿੰਸਕ ਵੀ ਹੋ ਸਕਦੀ ਹੈ।

ਮਤਲਬ; ਕਿ ਆਸਥਾ ਕਦੀ ਕਰੂਰ ਤੇ ਹਤਿਆਰੀ ਵੀ ਹੋ ਸਕਦੀ ਹੈ? ਹਾਂ, ਇਸ ਤਰ੍ਹਾਂ ਦੀਆਂ ਆਸਥਾਵਾਂ ਵੀ ਪੈਦਾ ਹੋ ਸਕਦੀਆਂ ਹਨ; ਪਾਲੀਆਂ-ਪੋਸੀਆਂ ਜਾ ਸਕਦੀਆਂ ਹਨ। ਇਨ੍ਹਾਂ ਦੀਆਂ ਜੜ੍ਹਾਂ ਨੂੰ ਘ੍ਰਿਣਾ, ਭੜਕਾਹਟ ਤੇ ਆਤੰਕ ਦੇ ਜ਼ਹਿਰੀਲੇ ਪਾਣੀ ਨਾਲ ਸਿੰਜ ਕੇ ਮਜ਼ਬੂਤ ਬਣਾਇਆ ਜਾ ਸਕਦਾ ਹੈ। ਦੇਸ਼, ਧਰਮ, ਈਸ਼ਵਰ, ਗੌਰਵਸ਼ਾਲੀ ਅਤੀਤ, ਨਸਲ, ਮਹਾਨਤਾ ਬੋਧ ਤੇ ਸੱਤਾ ਦੇ ਇਰਦ-ਗਿਰਦ ਫਲਣ-ਫੁੱਲਣ ਵਾਲੀ ਜਾਂ ਇਸ ਨਾਲ ਜੁੜੀ ਆਸਥਾ ਐਸੀ ਹੀ ਹੁੰਦੀ ਹੈ। ਅਚੰਭਾ ਜਨਕ ਗੱਲ ਇਹ ਹੈ ਕਿ ਇਨ੍ਹਾਂ ਆਸਥਾਵਾਂ ਦਾ ਹਤਿਆਰਾ ਪਣ ਓਸੇ ਅਭਿਆਸ, ਵਿਸ਼ਵਾਸ, ਸੰਕਲਪ, ਕੁਸ਼ਲਤਾ, ਸੰਵੇਦਨਾ ਤੇ ਵਿਚਾਰਾਂ ਦੀ ਗਹਿਰਾਈ ਨਾਲ ਜਨਮਦਾ ਹੈ, ਜਿਸ ਨਾਲ ਕਵਿਤਾ ਜਾਂ ਫ਼ਿਰ ਕੋਈ ਵੀ ਕਲਾ ਜੰਮਦੀ ਹੈ। ਇਸ ਦੇ ਹਤਿਆਰੇ ਚਿਹਰੇ 'ਤੇ ਹਮੇਸ਼ਾ ਇੱਕ ਸਿਰਜਕ ਦੀ ਮੁਸਕਰਾਹਟ, ਸਵੈ-ਕੇਂਦਰਤਾ, ਮਹਾਨਤਾ ਬੋਧ, ਹੰਕਾਰ ਤੇ ਸਵੈ-ਸੰਤੁਸ਼ਟੀ ਦੀ ਪਰਤ ਚੜ੍ਹੀ ਵੇਖੋਗੇ, ਵਿਸ਼ਵ ਜੇਤੂ ਹੋਣ ਦੀ ਬਿਰਤੀ, ਕਾਮਨਾ ਤੇ ਆਤਮ-ਵਿਸ਼ਵਾਸ਼ ਤੱਕ ਵੇਖ ਸਕੋਗੇ।

ਤੁਸੀਂ ਸੋਚ ਰਹੇ ਹੋਵੋਗੇ; ਮੈਂ ਇਹ ਸਭ ਕੁਝ ਕੀ ਤੇ ਕਿਉਂ ਲਿਖ ਰਹੀ ਹਾਂ? ਮੈਂ ਦੱਸਦੀ ਹਾਂ, ਕਿ ਹੋਇਆ ਕੀ ਹੈ..! ਦਰਅਸਲ, ਮੈਂ ਜਿਸ ਕਾੱਫ਼ੀ ਹਾਊਸ ਦੀ ਗੱਲ ਕਰ ਰਹੀ ਸਾਂ, ਉਸਦੇ ਇੱਕ ਕੋਨੇ ਵਾਲੇ ਕਮਰੇ 'ਚ ਛੋਟੀ ਜਿਹੀ ਲਾਇਬਰੇਰੀ ਵੀ ਹੈ। ਇਸ ਦੋ ਸੌ ਸਾਲ ਪੁਰਾਣੇ ਕਾੱਫ਼ੀ ਹਾਊਸ ਵਿੱਚ ਕੁਝ ਕਿਤਾਬਾਂ ਵੀ ਓਨੀਆਂ ਹੀ ਪੁਰਾਣੀਆਂ ਹਨ। ਉਨ੍ਹਾਂ ਨੂੰ ਓਥੇ ਬੈਠ ਕੇ ਪੜ੍ਹਿਆ ਜਾ ਸਕਦਾ ਹੈ। ਮੈਂ ਕੱਲ੍ਹ ਸੂਪ ਪੀਣ ਤੋਂ ਬਾਅਦ ਉਸ ਲਾਇਬਰੇਰੀ 'ਚ ਚਲੇ ਗਈ ਸਾਂ। ਇੱਕ ਕਿਤਾਬ ਕੱਢੀ ਤੇ ਕੁਰਸੀ 'ਤੇ ਬਹਿ ਕੇ ਪੰਨੇ ਪਰਤਣ ਲੱਗੀ। ਮੈਨੂੰ ਉਸਦੇ ਬੇਹੱਦ ਜ਼ਰਜਰ ਤੇ ਪੀਲੇ ਪੈ ਚੁੱਕੇ ਪੰਨਿਆਂ ਵਿਚਾਲੇ ਪਿਆ ਲਿਫ਼ਾਫ਼ਾ ਮਿਲਿਆ। ਮੈਂ ਉਹਨੂੰ ਉਤਸੁਕਤਾ ਵਸ ਖੋਲ੍ਹਿਆ। ਉਹਦੇ ਅੰਦਰ ਚਾਰ ਵੱਡੇ ਕਾਗਜ਼ ਰੱਖੇ ਹੋਏ ਸਨ। ਕਿਸੇ ਨੇ ਬਹੁਤ ਬਾਰੀਕ ਲਿਖਾਈ 'ਚ ਭੀੜਾ-ਭੀੜਾ ਲਿਖਿਆ ਸੀ। ਮੈਂ ਕੁਝ ਸ਼ਬਦ ਪੜ੍ਹੇ। ਹੋਰ ਪੜ੍ਹਨ ਦੀ ਉਤਸੁਕਤਾ ਪੈਦਾ ਹੋਈ। ਉਹਨੂੰ ਪੜ੍ਹਨ ਲਈ ਸਮਾਂ, ਸ਼ਾਂਤੀ ਤੇ

ਧੀਰਜ ਚਾਹੀਦਾ ਸੀ। ਮੈਂ ਕਾਗਜ਼ ਵਾਪਸ ਵਿੱਚ ਪਾ ਕੇ ਲਿਫ਼ਾਫ਼ਾ ਆਪਣੇ ਕੋਟ ਦੀ ਜੇਬ ’ਚ ਰੱਖ ਲਿਆ, ਇਹ ਸੋਚ ਕੇ ਕਿ ਘਰ ਜਾ ਕੇ ਪੜ੍ਹਨ ਬਾਅਦ ਇਹਨੂੰ ਵਾਪਸ ਕਿਤਾਬ ’ਚ ਹੀ ਰੱਖ ਦਿਆਂਗੀ। ਮੈਂ ਕਿਤਾਬ ਅਲਮਾਰੀ ਵਿੱਚ ਟਿਕਾ ਦਿੱਤੀ ਤੇ ਆਪਣੇ ਕਮਰੇ ’ਚ ਵਾਪਸ ਆ ਗਈ।

ਮੈਂ ਇਹ ਪੂਰਾ ਕਾਗਜ਼ ਪੜ੍ਹਿਆ। ਇਹ ਕਿਸੇ ਨਾਵਲ ਦਾ ਹਿੱਸਾ ਹੈ ਜਾਂ ਫ਼ਿਰ ਇਤਿਹਾਸ ਦਾ ਕੋਈ ਅਲਿਖਿਆ ਸੱਚ ਹੈ; ਕਿਸੇ ਡਾਇਰੀ ਦਾ ਟੁੱਕੜਾ ਹੈ ਜਾਂ ਕਿਸੇ ਅਧੂਰੀ ਰਹਿ ਗਈ ਆਤਮ–ਕਥਾ ਦਾ ਅੰਸ਼ ਹੈ। ਇਹ ਜੋ ਵੀ ਹੈ, ਪਰ ਕਿਸੇ ਵੀ ਵਿਵੇਕਵਾਨ, ਸੰਵੇਦਨਸ਼ੀਲ ਬੰਦੇ ਨੂੰ ਡਰਾ ਦੇਣ ਲਈ ਕਾਫੀ ਹੈ। ਇਹਨੂੰ ਪੜ੍ਹਨ ਬਾਅਦ ਹੀ ਮੇਰੇ ਮਨ ’ਚ ਆਸਥਾਵਾਂ ਨਾਲ ਜੁੜੇ ਸਵਾਲ ਉੱਭਰੇ ਹਨ। ਮੈਂ ਇਨ੍ਹਾਂ ਦੇ ਬਣੇ ਰਹਿਣ ਤੇ ਨਿਰੰਤਰ ਜ਼ਿੰਦਾ ਰਹਿਣ ਦੇ ਤਰੀਕੇ ਬਾਰੇ ਸੋਚਿਆ। ਤਦੇ ਮੈਨੂੰ ਸਮਝ ਆਈ ਕਿ ਆਸਥਾਵਾਂ ਹਤਿਆਰੀਆਂ ਤੇ ਕਰੂਰ ਵੀ ਹੁੰਦੀਆਂ ਹਨ। ਇਹ ਆਤਮ–ਗੌਰਵ ’ਚ ਡੁੱਬੀਆਂ, ਕਿਸੇ ਪ੍ਰਤੀ ਗਹਿਰੇ ਵਿਸ਼ਵਾਸ਼ ਨਾਲ ਛਲਕਦਾ ਸਮਰਪਣ ਹੁੰਦੀਆਂ ਹਨ। ਮੈਂ ਚਾਹੁੰਦੀ ਹਾਂ, ਤੁਸੀਂ ਇਸਨੂੰ ਪੜ੍ਹੋ ਤੇ ਤੁਹਾਡੇ ਮੈਗਜ਼ੀਨ ਦੇ ਪਾਠਕ ਵੀ ਪੜ੍ਹਨ। ਤੁਸੀਂ ਆਪਣੇ ਮੈਗਜ਼ੀਨ ਨੂੰ ਆਪਣੇ ਸਮੇਂ ਦਾ ਰਚਨਾਤਮਕ ਤੇ ਬੌਧਿਕ ਦਖ਼ਲ ਦਾ ਮੰਚ ਆਖਦੇ ਹੋ, ਤੁਹਾਡੇ ਪਾਠਕ ਵਿਚਾਰਵਾਨ ਹਨ, ਉਹ ਜ਼ਰੂਰ ਆਪਣੀ ਦੁਨੀਆ ਤੇ ਆਪਣੇ ਸਮੇਂ ਨੂੰ ਸਮਝਣ, ਉਸ ਬਾਬਤ ਸੋਚਣ ਤੇ ਉਸ ਵਿੱਚ ਦਖਲ ਅੰਦਾਜ਼ੀ ਕਰਨਾ ਚਾਹੁੰਦੇ ਹੋਣਗੇ। ਹੈਰਾਨ ਕਰਨ ਵਾਲੇ ਤਰੀਕੇ ਨਾਲ, ਇਨ੍ਹਾਂ ਕਾਗਜ਼ਾਂ ਵਿੱਚ ਤੈਨੂੰ ਇਸ ਦੁਨੀਆ ਅਤੇ ਇਸ ਸਮੇਂ ਦੇ ਪਰਛਾਵੇਂ ਦਿਸਣਗੇ। ਹਰ ਯੁੱਗ ’ਚ ਕੁਝ ਕਰੂਰ ਤੇ ਜ਼ਾਲਮਾਨਾ ਆਸਥਾਵਾਂ ਦੇ ਨਿਰੰਤਰ ਚੱਲਣ ਵਾਲੇ ਅਸ਼ਵਮੇਧ ਯੱਗ ਦਿਸਣਗੇ। ਸੰਭਵ ਹੈ, ਪੜ੍ਹਨ ਬਾਅਦ, ਇਹ ਕਾਗਜ਼ ਤੁਹਾਡੇ ਤੇ ਹੋਰਨਾਂ ਦੇ ਅੰਦਰ ਕੁਝ ਨਵੇਂ ਸਵਾਲ, ਨਵੀਂ ਜਗਿਆਸਾ ਜਗਾਉਣ। ਤੁਹਾਨੂੰ ਤੇ ਹੋਰਨਾਂ ਨੂੰ ਵੀ, ਆਪਣੀਆਂ ਭਾਵੁਕ, ਕੋਮਲਤੇ ਕਰੁਣਾ ਨਾਲ ਭਰੀਆਂ ਮਾਨਵੀ ਆਸਥਾਵਾਂ ਨੂੰ, ਹੋਰਨਾਂ ਦੀਆਂ ਹਮਲਾਵਰ ਆਸਥਾਵਾਂ ਦੇ ਸਾਹਮਣੇ ਰੱਖ ਕੇ ਵੇਖਣ ’ਤੇ, ਜੀਵਨ ਦੇ ਕੁਝ ਨਵੇਂ ਸੱਚ ਸਮਝਣ ਦਾ ਅਵਸਰ ਦੇਣ। ਗਿਆਨ, ਤਰਕ ਤੇ ਵਿਵੇਕ ਨੂੰ ਨਵੀਂ ਧਾਰ, ਨਵੇਂ ਖੰਭ ਦੇਣ, ਜੋ ਇਤਿਹਾਸ, ਸਮਾਜ, ਮਨੁੱਖ ਅਤੇ ਸਮੇਂ ਦੀ ਨਵੀਂ ਪਰਿਭਾਸ਼ਾ ਘੜਨ।

ਚਾਣਕਯ, ਮੈਕਿਆਵਲੀ ਤੇ ਨੀਤਸ਼ੇ ਦੇ ਵਿਚਾਰਾਂ ਅਤੇ ਪਰੰਪਰਾ ਨੂੰ ਜੀਵਤ ਰੱਖਣ ਤੇ ਅੱਗੇ ਲਿਜਾਣ ਵਾਲਾ ਕਾਗਜ਼, ਉਵੇਂ ਹੀ ਭੇਜ ਰਹੀ ਹਾਂ, ਜਿਵੇਂ ਦਾ ਕਿਤਾਬ ’ਚ ਰੱਖਿਆ ਗਿਆ ਸੀ। ਮੈਂ ਹੁਣ ਇਹਨੂੰ ਕਿਤਾਬ ’ਚ ਵਾਪਸ ਨਹੀਂ ਰੱਖਣਾ ਚਾਹੁੰਦੀ। ਵੈਸੇ ਵੀ, ਉਸ ਕਿਤਾਬ ’ਚ ਦੱਬਿਆ ਰਹਿ ਕੇ ਇਹ ਜਾਂ ਤਾਂ ਕੀੜਿਆਂ ਦੀ ਖ਼ੁਰਾਕ ਬਣ ਜਾਏਗਾ ਜਾਂ ਕਿਸੇ ਦਿਨ ਪੰਨਿਆਂ ’ਚੋਂ ਬਾਹਰ ਡਿੱਗ ਕੇ ਸੁੱਕੇ ਪੱਤਿਆਂ ਵਾਂਗ ਮਿੱਟੀ ’ਚ ਮਿਲ ਜਾਏਗਾ। ਤੁਹਾਡੇ ਕੋਲ ਪਹੁੰਚ ਕੇ ਸੰਭਵ ਹੈ, ਅਨੇਕਾਂ ਲੋਕਾਂ ਤੱਕ ਪਹੁੰਚ ਜਾਏ। ਸ਼ਾਇਦ ਇਸਨੂੰ ਲਿਖਣ ਤੇ ਇਹਨੂੰ ਕਿਤਾਬ ਵਿੱਚ ਇਸ ਤਰ੍ਹਾਂ ਸੁਰਖਿਅਤ ਰੱਖਣ ਵਾਲੇ ਦਾ ਉਦੇਸ਼ ਵੀ ਏਹੀ ਰਿਹਾ ਹੋਵੇਗਾ, ਜੋ ਹੁਣ ਤਿੰਨ ਸਦੀਆਂ ਬਾਅਦ ਪੂਰਾ ਹੋ ਸਕੇਗਾ।

ਤੁਹਾਡੀ ਸ਼ੁਭ–ਇੱਛੁਕ

## ਤਿੰਨ ਸਦੀਆਂ ਪੁਰਾਣਾ ਦਸਤਾਵੇਜ਼

ਉਸ ਲਿਫ਼ਾਫ਼ੇ ਦੇ ਅੰਦਰ, ਪਲਾਸਟਿਕ ’ਚ ਸੰਭਾਲੇ, ਪੁਰਾਣੇ ਕਾਗਜ਼ਾਂ ਵਿੱਚ ਪੁਰਾਤਨ ਲਿਖਤ ਹੈ, ਜਿਸ ਉੱਤੇ ਸੰਨ ‘ਸੱਤਾਰਾਂ ਸੌ’ ਲਿਖਿਆ ਹੈ (ਪਰ ਸਾਲ ’ਤੇ ਸਿਆਹੀ ਗਿਰ ਗਈ ਹੈ) ਸਮਾਂ: ਸੁਬਾਹ 2 ਵਜੇ, ਸਥਾਨ: ਨਾਟਸ਼ਾਲਾ ਦਾ ਦਰਸ਼ਕ ਹਾਲ।

ਮੈਂ ਕੁਝ ਸਾਲਾਂ 'ਚ ਵੇਖਿਆ ਹੈ ਕਿ ਰਾਜਕੁਮਾਰ ਅਸੁਰਪਾਲ ਇੱਕ ਸਮਰਪਿਤ, ਨਿਮਰ ਤੇ ਸੂਝਵਾਨ ਚੇਲਾ ਹੈ। ਉਹ ਮੇਰਾ ਬੋਲਿਆ ਹਰ ਸ਼ਬਦ ਪੂਰੀ ਇਕਾਗਰਤਾ, ਧਿਆਨ ਨਾਲ ਤੇ ਸ਼ਰਧਾ ਪੂਰਵਕ ਸੁਣਦਾ ਹੈ; ਸੁਣ ਕੇ ਆਤਮਸਾਤ ਕਰਦਾ ਹੈ। ਉਹਨੂੰ ਕੁਝ ਵੀ ਦੋ ਵਾਰ ਨਹੀਂ ਦੱਸਣਾ ਪੈਂਦਾ। ਉਹ ਇੱਕ ਵਾਰ ਜੋ ਪੜ੍ਹ ਲੈਂਦਾ ਹੈ, ਉਹਦੇ ਮਨ-ਮਸਤਕ 'ਤੇ ਲਿਖਿਆ ਜਾਂਦਾ ਹੈ। ਉਹ ਸਵਾਲ ਕਰਦਾ ਹੈ, ਸ਼ੰਕੇ ਜ਼ਾਹਰ ਕਰਦਾ ਹੈ ਤੇ ਪੂਰੀ ਤਰ੍ਹਾਂ ਸੰਤੁਸ਼ਟ ਹੋਣ 'ਤੇ ਸ਼ਾਂਤ ਹੁੰਦਾ ਹੈ। ਉਹ ਅਨੁਸ਼ਾਸਤ ਤੇ ਸੰਜਮੀ ਹੈ। ਉਹਦੇ ਅੰਦਰ ਹੰਕਾਰ ਹੈ, ਪਰ ਆਪਣੇ ਮਹਾਨ ਵੰਸ਼ ਦਾ। ਲਾਲਸਾਵਾਂ ਹਨ, ਪਰ ਦੇਵਤੇ ਦੀ ਤਰ੍ਹਾਂ ਪੂਜੇ ਜਾਣ ਦੀਆਂ। ਕਰੂਰਤਾ ਹੈ, ਪਰ ਆਪਣੇ ਵਿਰੋਧੀਆਂ ਪ੍ਰਤੀ। ਮੈਨੂੰ ਉਹਦੇ ਨਾਲ ਬਹੁਤੀ ਸਿਰ-ਖਪਾਈ ਨਹੀਂ ਕਰਨੀ ਪੈਂਦੀ। ਮੈਨੂੰ ਵਿਸ਼ਵਾਸ ਹੈ; ਜੇ ਉਹ ਇਸੇ ਤਰ੍ਹਾਂ ਸਮਰਪਣ, ਇਕਾਗਰਤਾ ਤੇ ਸ਼ਰਧਾ ਨਾਲ ਜੀਵਨ ਦੇ ਅਤੇ ਦੇਸ਼ 'ਤੇ ਰਾਜ ਕਰਨ ਦੇ ਗੁਰ ਸਿੱਖਦਾ ਰਿਹਾ, ਤਾਂ ਉਹ ਇਸ ਰੰਗਬਤੀ ਦੇਸ਼ ਤੇ ਇਸ ਵੰਸ਼ ਦਾ ਹੁਣ ਤੱਕ ਦਾ ਸਭ ਤੋਂ ਮਹਾਨ ਰਾਜਾ ਬਣੇਗਾ। ਇਤਿਹਾਸ ਵਿੱਚ ਉਸ ਤੋਂ ਪਹਿਲਾਂ ਤੇ ਉਸ ਤੋਂ ਬਾਅਦ ਵੀ, ਐਸਾ ਯੋਗ ਰਾਜਾ ਮਿਲਣਾ ਦੁਰਲੱਭ ਹੋਵੇਗਾ।

ਮੈਂ ਆਪਣੀਆਂ ਸਿਖਿਆਵਾਂ 'ਚ ਉਹਦੇ ਅੰਦਰ ਸਾਹਸ, ਵੀਰਤਾ ਤੇ ਵਿਸ਼ਵ ਜੇਤੂ ਹੋਣ ਦੀ ਕਾਮਨਾ ਨੂੰ ਇੱਕ ਸੂਤਰ ਵਿੱਚ ਪਰੋ ਕੇ, ਉਹਨੂੰ ਜੀਵਨ ਜੀਣ ਤੇ ਰਾਜ ਕਰਨ ਦੇ ਪਾਠ ਪੜ੍ਹਾਉਣੇ ਸ਼ੁਰੂ ਕਰ ਦਿੱਤੇ ਹਨ। ਉਹ ਵਿਸ਼ਵਾਸੋਂ ਬਾਹਰੀ ਤੇਜ਼ੀ ਤੇ ਬੇਰੋਕ ਇਕਾਗਰਤਾ ਨਾਲ ਆਪਣਾ ਪੁਰਾਣਾ ਰੂਪ ਬਦਲ ਰਿਹਾ ਹੈ। ਉਹ ਪੱਤਝੜ ਦੀਆਂ ਸੁੱਕੀਆਂ ਪੱਤੀਆਂ ਦੀ ਤਰ੍ਹਾਂ ਸਭ ਵਿਸਾਰ ਰਿਹਾ ਹੈ, ਜਿਸਨੂੰ ਉਸਨੇ ਬਿਖ਼ਰੇ ਤੇ ਨਿਰ-ਉਦੇਸ਼ ਢੰਗ ਨਾਲ ਆਪਣੇ ਅੰਦਰ ਜਮ੍ਹਾਂ ਕਰ ਰੱਖਿਆ ਸੀ।

ਉਹਦਾ ਪਰਿਵਰਤਨ ਤੇ ਸੁਧਾਰ ਵੇਖ ਕੇ ਮੈਂ ਅਕਸਰ ਸੋਚਦਾ ਹਾਂ ਕਿ ਮੈਂ ਇਕੱਲਾ ਵੀ ਕੀ ਕਰ ਸਕਦਾ ਸਾਂ, ਜੇ ਉਸਦੇ ਅੰਦਰ ਕੁਝ ਵਿਸ਼ੇਸ਼ ਗੁਣ ਜਮਾਂਦਰੂ ਹੀ ਨਾ ਹੁੰਦੇ। ਮੈਂ ਵਕਤ-ਬ-ਵਕਤ ਇਨ੍ਹਾਂ ਗੁਣਾਂ ਨੂੰ ਉਹਦੇ ਅੰਦਰ ਵੇਖਿਆ ਹੈ। ਉਹਦੇ ਕੰਮਾਂ, ਉਹਦੀਆਂ ਗੱਲਾਂ ਤੇ ਉਸ ਦੀਆਂ ਪ੍ਰਤੀਕਿਰਿਆਵਾਂ 'ਚ ਅਕਸਰ ਉਨ੍ਹਾਂ ਦੀ ਝਲਕ ਦਿਸਦੀ ਹੈ। ਉਸ ਦੀਆਂ ਦੋ ਸਭ ਤੋਂ ਵੱਡੀਆਂ ਪ੍ਰੇਰਕ ਸ਼ਕਤੀਆਂ ਹਨ। ਪਹਿਲੀ, ਆਪਣੇ ਪਿਤਾ ਦੀ ਵਿਸ਼ਵ ਜੇਤੂ ਹੋਣ ਦੀ ਅਭਿਲਾਸ਼ਾ ਪੂਰੀ ਕਰਨਾ ਤੇ ਦੂਜੀ, ਦੇਵਤਾ ਪੁੱਤਰ ਹੋਣ ਦਾ, ਮਾਂ ਦੁਆਰਾ ਧੁਰ ਅੰਦਰ ਤੱਕ ਉਤਾਰਿਆ ਵਿਸ਼ਵਾਸ।

ਮੈਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ ਕਿ ਮੈਂ ਅਸੁਰਪਾਲ ਨੂੰ ਹਰ ਤਰ੍ਹਾਂ ਦੀ ਸਿਖਿਆ ਦੇ ਕੇ ਅਨੋਖਾ ਤੇ ਸਰਵੋਤਮ ਰਾਜਾ ਬਣਾ ਦੇਵਾਂ। ਇਸ ਪੱਧਰ ਦਾ; ਕਿ ਉਸਦੇ ਜੀਵਨ ਕਾਲ 'ਚ ਹੀ ਲੋਕ ਉਸਨੂੰ ਯੁੱਗ-ਪੁਰਸ਼ ਦੇ ਰੂਪ 'ਚ ਪੂਜਣ। ਇੱਕ ਦੇਵਤਾ ਦੀ ਤਰ੍ਹਾਂ ਉਸਨੂੰ ਅਜਿੱਤ ਤੇ ਅਦਭੁੱਤ ਸ਼ਕਤੀਆਂ ਦਾ ਸਵਾਮੀ ਮੰਨ ਕੇ ਉਹਦੇ ਤੋਂ ਡਰਨ। ਉਹਦਾ ਹਰ ਆਦੇਸ਼ ਸ਼ੱਕ-ਰਹਿਤ ਤੇ ਅੰਮ੍ਰਿਤ ਵਚਨ ਮੰਨਣ। ਉਹਦੇ ਪਾਪ, ਕੁਕਰਮ, ਚਰਿੱਤਰਹੀਣਤਾ ਤੇ ਖ਼ਾਮੀਆਂ ਨੂੰ ਵੀ, ਜੇ ਉਹ ਹੋਣ ਤਾਂ ਲੋਕ ਉਨ੍ਹਾਂ ਨੂੰ 'ਲੀਲ੍ਹਾ' ਕਹਿ ਕੇ ਆਪਣੇ ਬੱਚਿਆਂ ਨੂੰ ਵੀ ਉਹਦੇ ਵਰਗਾ ਹੀ ਬਣਾਉਣਾ ਚਾਹੁਣ। ਇਤਿਹਾਸ ਵਿੱਚ ਵੀ, ਜਿੱਥੇ ਕਦੇ ਵੀ ਕੋਈ ਸੱਚ ਲੁਕਦਾ ਨਹੀਂ, ਉਹ ਓਸੇ ਰੂਪ 'ਚ ਦਰਜ ਕੀਤਾ ਜਾਵੇ।

ਉਹਨੂੰ ਏਹੋ ਜਿਹਾ ਬਣਾਉਣ ਲਈ ਮੈਂ ਜੋ ਸਿਖਿਆਵਾਂ ਦਿੱਤੀਆਂ; ਉਹ ਲਿਖਣ ਤੋਂ ਪਹਿਲਾਂ ਜ਼ਰੂਰੀ ਹੈ, ਕੁਝ ਉਸਦੇ ਸੁਭਾਅ, ਆਦਤਾਂ ਤੇ ਕਿਰਦਾਰ ਬਾਰੇ ਵੀ ਦੱਸ ਦਿਆਂ, ਜਿਸ ਤੋਂ ਇਹ

ਅੰਦਾਜ਼ਾ ਲੱਗ ਜਾਏ ਕਿ ਮੈਂ ਉਸ ਨਾਲ ਕਿਵੇਂ ਦਾ ਵਿਹਾਰ ਕਰਨਾ ਸੀ ਤੇ ਉਸਨੂੰ ਕੀ ਸਿਖਾਉਣਾ ਜ਼ਰੂਰੀ ਸੀ। ਮੇਰਾ ਕੰਮ ਕਿੰਨਾ ਕਠਿਨ ਜਾਂ ਆਸਾਨ ਸੀ? ਮੈਂ ਇਹ ਸਭ ਕੁਝ ਏਥੇ ਇਸ ਲਈ ਵੀ ਲਿਖ ਰਿਹਾਂ ਕਿ ਭਵਿੱਖ ਦੇ ਕਿਸੇ ਵੀ ਰਾਜੇ ਲਈ ਇਹ ਸਿਖਿਆਵਾਂ ਅਨਮੋਲ ਇਬਾਰਤ (ਲਿਖਤ) ਦੀ ਤਰ੍ਹਾਂ ਕੰਮ ਆਉਂਦੀਆਂ ਰਹਿਣ। ਉਹ ਇਹਦੇ ਮੁਤਾਬਕ ਅਮਲ ਕਰਦਿਆਂ, ਇਹ ਸਬਕ ਸਿੱਖ ਕੇ ਦੁਨੀਆ ਦਾ ਅਜਿਹਾ ਸਫ਼ਲ ਰਾਜਾ ਬਣ ਸਕੇ, ਜਿਸਦੀ ਹਰਮਨ ਪਿਆਰਤਾ, ਸ਼ਾਨ, ਪ੍ਰਸਿੱਧੀ, ਸਨਮਾਨ ਤੇ ਦਹਿਸ਼ਤ ਪੂਰੀ ਧਰਤ 'ਤੇ ਛਾਈ ਹੋਵੇ। ਉਹ ਆਪਣੀਆਂ ਬੇਕਾਬੂ ਲਾਲਸਾਵਾਂ ਲਈ ਹਰ ਚੀਜ਼ ਨੂੰ ਭਸਮ ਕਰ ਸਕੇ।

ਜਿਸਮਾਨੀ ਪੱਖ ਤੋਂ ਅਸੁਰਪਾਲ ਇੱਕ ਆਦਰਸ਼ ਨੌਜਵਾਨ ਹੈ। ਬਚਪਨ ਤੋਂ ਹੀ ਹਰਦੀ ਖੇਡ ਤੋਂ ਜਾਣੂ ਹੈ। ਹਾਰ ਉਹਨੂੰ ਸਵੀਕਾਰ ਨਹੀਂ ਹੈ। ਉਹ ਤੇਜ਼ ਦੌੜਾਕ, ਸ਼ਾਨਦਾਰ ਘੋੜ-ਸਵਾਰ, ਮਾਹਰ ਮਲਾਹ ਤੇ ਨਿਡਰ ਸ਼ਿਕਾਰੀ ਹੈ। ਇੱਕ ਵਾਰ ਉਸਦੇ ਦੋਸਤਾਂ ਨੇ ਉਸਨੂੰ ਦੁਨੀਆਂ ਭਰ ਦੇ ਦੇਸ਼ਾਂ ਦੀਆਂ ਖੇਡਾਂ ਦੇ ਮੁਕਾਬਲੇ 'ਚ ਸ਼ਾਮਲ ਹੋਣ ਲਈ ਕਿਹਾ ਤਾਂ ਉਸਦਾ ਜਵਾਬ ਸੀ; ਉਹ ਇਸ ਸ਼ਰਤ 'ਤੇ ਸ਼ਾਮਲ ਹੋ ਸਕਦਾ ਹੈ ਕਿ ਉਸਦੇ ਮੁਕਾਬਲੇ 'ਚ ਸਿਰਫ਼ ਰਾਜਕੁਮਾਰ ਹੋਣ, ਆਮ ਨੌਜਵਾਨ ਨਹੀਂ। ਉਹ ਤੇਜ਼ ਦੌੜਦੇ ਰਥ 'ਤੇ ਚੜ੍ਹ ਤੇ ਉਤਰ ਸਕਦਾ ਹੈ। ਭੱਜੇ ਜਾਂਦੇ ਹਿਰਨ ਨੂੰ ਨਿਸ਼ਾਨਾ ਮਾਰ ਸਕਦਾ ਹੈ। ਜੰਗਲ 'ਚ ਪੈਦਲ ਸ਼ਿਕਾਰ ਕਰਨ ਜਾਂਦਾ ਹੈ ਅਤੇ ਖੂੰਖਾਰ ਜਾਨਵਰਾਂ ਨਾਲ ਸਿੱਧਾ ਟਾਕਰਾ ਕਰਦਾ ਹੈ। ਉਹ ਇੱਕ ਵਾਰ ਤਾਂ ਸ਼ੇਰ ਨਾਲ ਭਿੜ ਗਿਆ ਸੀ। ਉਹਨੂੰ ਮਾਰਨ ਬਾਅਦ ਉਹਨੇ ਆਪਣੇ ਦੋਸਤਾਂ ਨੂੰ ਕਿਹਾ; ਇਹ ਦਵੰਧ-ਯੁੱਧ ਸੀ। ਇਹ ਤੈਅ ਹੋਣਾ ਸੀ ਕਿ ਅਸਲੀ ਰਾਜਾ ਕੌਣ ਹੈ? ਉਹ ਔਖੇ, ਖ਼ਤਰਨਾਕ ਤੇ ਅਸੰਭਵ ਜਾਪਦੇ ਕੰਮ ਕਰਨ ਲਈ ਤਿਆਰ-ਬਰ-ਤਿਆਰ ਰਹਿੰਦਾ ਹੈ। ਆਰਾਮ ਕਰਨਾ ਉਹਨੂੰ ਪਸੰਦ ਨਹੀਂ। ਸੌਣ ਨੂੰ ਤਾਂ ਸਮੇਂ ਦੀ ਬਰਬਾਦੀ ਸਮਝਦਾ ਹੈ। ਉਹ ਥੋੜ੍ਹਾ ਖਾਂਦਾ ਹੈ, ਦਾਰੂ ਵੀ ਘੱਟ ਹੀ ਪੀਂਦਾ ਹੈ। ਉਹਨੂੰ ਇਸ ਗੱਲ ਦਾ ਹਮੇਸ਼ਾ ਅਹਿਸਾਸ ਤੇ ਦੁੱਖ ਰਹਿੰਦਾ ਹੈ ਕਿ ਵਿਦਵਾਨ ਜਾਂ ਦਾਰਸ਼ਨਿਕ ਨਹੀਂ ਬਣ ਸਕਿਆ। ਉਹ ਆਪਣੀ ਇਹ ਇੱਛਾ ਅਤੇ ਇਹ ਬਣਨ ਦੀ ਕਾਮਨਾ ਕਦੇ ਲੁਕਾ ਨਹੀਂ ਸਕਿਆ। ਇਸੇ ਲਈ ਕਿਸੇ ਕਤਲੇਆਮ ਤੋਂ ਬਾਅਦ ਅਕਸਰ ਦਾਰਸ਼ਨਿਕਾਂ ਵਰਗੀਆਂ ਗੱਲਾਂ ਕਰਦਾ ਹੈ। ਦੁਨੀਆਂ ਨੂੰ ਇਹ ਵਿਖਾਉਣ ਲਈ ਕਿ ਉਹ ਧੁਰ ਅੰਦਰੋਂ ਗਿਆਨੀ, ਦਾਰਸ਼ਨਿਕ ਜਾਂ ਸੰਤ ਜਾਂ ਫ਼ਿਰ ਖ਼ਾਸ-ਮ-ਖ਼ਾਸ ਵਿਅਕਤੀ ਹੈ, ਜਿਸਦਾ ਦੇਵਤਿਆਂ ਨਾਲ ਸੰਪਰਕ ਹੈ। ਉਹ ਇਸ ਉਮਰ ਵਿੱਚ ਵੀ, ਪਹਾੜ ਦੀ ਕਿਸੇ ਗੁਫ਼ਾ ਵਿੱਚ, ਧਿਆਨ ਲਗਾਉਣ ਚਲਾ ਜਾਂਦਾ ਹੈ। ਉਸਦੇ ਧਿਆਨ ਧਰਨ ਦੇ ਦਿਨਾਂ ਦਾ ਪ੍ਰਚਾਰ ਪੂਰੇ ਰੰਗਬਤੀ 'ਚ ਹੁੰਦਾ ਹੈ। ਉਸ ਤੋਂ ਪ੍ਰਭਾਵਤ ਤੇ ਪ੍ਰੇਰਤ ਹੋ ਕੇ ਲੋਕ ਵੀ ਆਪਣੇ ਘਰਾਂ 'ਚ ਵਰਤ ਰੱਖਦੇ ਹਨ ਜਾਂ ਉਹਦੇ ਵਾਂਗ ਹੀ ਧਿਆਨ ਲਗਾਉਂਦੇ ਹਨ। ਉਹ ਸਿਰਫ਼ ਦੋ ਹੀ ਚੀਜ਼ਾਂ ਪੂਰੇ ਆਤਮ-ਵਿਸ਼ਵਾਸ ਨਾਲ ਕਰ ਸਕਦਾ ਹੈ; ਝੂਠ ਬੋਲਣਾ ਤੇ ਮਾਨਵੀਅਤਾ ਦੇ ਪਰਦੇ ਹੇਠ ਜ਼ੁਲਮੋ-ਸਿਤਮ ਢਾਹੁਣਾ। ਇਸ ਤੋਂ ਸਿਵਾ ਕਿਸੇ ਹੋਰ ਸਥਿਤੀ ਜਾਂ ਵਿਸ਼ੇ ਬਾਬਤ ਬੋਲਦਿਆਂ, ਲੱਖ ਯਤਨਾਂ ਦੇ ਬਾਵਜੂਦ ਹਕਲਾਉਣ ਲਗਦਾ ਹੈ। ਉਸਦਾ ਚਿਹਰਾ ਭਾਵ ਹੀਣ ਹੋ ਜਾਂਦਾ ਹੈ। ਇਸ ਬਦਹਵਾਸੀ 'ਚ ਉਹ ਕੁਝ ਐਸੀਆਂ ਗੱਲਾਂ ਕਰ ਜਾਂ ਬੋਲ ਜਾਂਦਾ ਹੈ, ਜਿਸਨੂੰ ਆਮ ਆਦਮੀ ਸਮਝ ਨਹੀਂ ਸਕਦਾ।

ਉਹ ਧੁਰ ਅੰਦਰੋਂ ਅੰਧਵਿਸ਼ਵਾਸੀ ਨਹੀਂ ਏਂ, ਪਰ ਜੋਤਸ਼ੀਆਂ ਤੇ ਨਿਜ਼ੂਮੀਆਂ ਨੂੰ ਹਮੇਸ਼ਾ ਨਾਲ ਰੱਖਦਾ ਹੈ। ਯੁੱਧ ਜਿੱਤਣ ਲਈ ਚਮਤਕਾਰਾਂ ਤੇ ਧਾਰਮਕ ਪੂਜਾ-ਅਰਚਨਾ ਕਰਨ 'ਚ ਵਿਸ਼ਵਾਸ ਕਰਦਾ ਹੈ। ਦੇਵਤੇ ਖ਼ੁਸ਼ ਕਰਨ ਲਈ ਬਲੀ ਦਿੰਦਾ ਹੈ। ਆਪਣੀ ਰਾਖੀ ਲਈ ਲਈ ਚੀਤੇ ਦੇ

ਅੰਡਕੋਸ਼, ਮਾਦਾ ਘੜਿਆਲ ਦੀ ਯੋਨੀ ਦੀ ਕਲੀ ਤੇ ਬਾਘੜ ਬਿੱਲੇ ਦੀ ਮੁੱਛ ਨੂੰ ਮਿਲਾ ਕੇ ਬਣਾਇਆ ਤਵੀਤ ਪਾਉਂਦਾ ਹੈ। ਉਹ ਆਪ ਅੰਧਵਿਸ਼ਵਾਸੀ ਨਹੀਂ ਹੈ, ਪਰ ਲੋਕਾਂ ਨੂੰ ਅੰਧਵਿਸ਼ਵਾਸੀ ਬਣਾਈ ਰੱਖਣ ਲਈ, ਨਵੇਂ ਅੰਧਵਿਸ਼ਵਾਸ ਫੈਲਾਉਂਦਾ ਹੈ। ਨਵੇਂ ਪੂਜਾ ਅਸਥਾਨਾਂ ਦਾ ਨਿਰਮਾਣ ਕਰਾਉਂਦਾ ਹੈ, ਜਿਸ ਸਦਕਾ ਲੋਕ ਆਪਣੇ ਦੁੱਖਾਂ ਤੇ ਅਧਿਕਾਰਾਂ ਨੂੰ ਭੁੱਲ ਕੇ ਦੇਵ-ਜਗਤ ਦੇ ਵਾਸੀ ਬਣੇ ਰਹਿਣ।

ਉਹ ਸੈਨਾ ਨੂੰ ਯੋਗਤਾ ਸਹਿਤ ਕਾਬੂ ਰੱਖਦਿਆਂ ਜੇਤੂ ਹੋਣ ਦੇ ਜਨੂੰਨ ਲਈ ਪ੍ਰੇਰਤ ਕਰ ਸਕਦਾ ਹੈ। ਉਹ ਆਪਣੇ ਹੰਕਾਰੀ ਸੁਭਾਅ ’ਤੇ ਕਾਬੂ ਨਹੀਂ ਰੱਖ ਸਕਦਾ। ਉਹ ਕਦੇ ਵੀ ਆਪਣੀਆਂ ਸੀਮਾਵਾਂ ਸਵੀਕਾਰ ਨਹੀਂ ਕਰਦਾ। ਆਪਣੇ ਕੀਤੇ ਫ਼ੈਸਲੇ ਦੀ ਸਿਰਫ਼ ਸ਼ਲਾਘਾ ਹੀ ਸੁਣ ਸਕਦਾ ਹੈ। ਉਹਨੂੰ ਜਨੂੰਨ, ਜੋਸ਼, ਵਿਸ਼ਾਲਤਾ ਤੇ ਗੌਰਵ ਹੀ ਭਾਉਂਦਾ ਹੈ। ਉਹ ਕੁਝ ਨਾ ਕੁਝ ਐਹੇ ਜਿਹਾ ਕਰਦਾ ਰਹਿੰਦਾ ਹੈ, ਜਿਸ ਨਾਲ ਉਹਦੇ ਮਨ-ਮਸਤਕ ’ਤੇ ਜੋਸ਼ ਛਾਇਆ ਰਹੇ। ਉਹ ਅਕਸਰ ਇਹਦੇ ਲਈ ਦਿਨ ’ਚ ਤਿੰਨ-ਚਾਰ ਵਾਰ ਕੱਪੜੇ ਬਦਲਦਾ ਹੈ। ਅਚਾਨਕ ਕੋਈ ਅਨੋਖਾ ਜਿਹਾ ਕਾਨੂੰਨ ਘੜ ਲੈਂਦਾ ਹੈ, ਜਿਸ ਤੋਂ ਲੋਕ ਡਰਨ ਤੇ ਹੈਰਾਨ-ਪਰੇਸ਼ਾਨ ਹੋ ਕੇ ਉਹਦੇ ਬਾਰੇ ਗੱਲਾਂ ਕਰਦੇ ਰਹਿਣ। ਇੱਕ ਵਾਰ ਉਸਨੇ ਯਾਦਾਂ ਤੇ ਸੁਪਨਿਆਂ ਨੂੰ ਬੰਧਕ ਬਣਾਏ ਜਾਣ ਦੀ ਸੰਭਾਵਨਾ ਸਬੰਧੀ ਖ਼ੋਜ-ਪੜਤਾਲ ਕਰਵਾਈ। ਕੁਝ ਦਿਨਾਂ ਤੱਕ ਉਹਦੇ ਇਸ਼ਾਰੇ ’ਤੇ ਢੰਡੋਰਚੀ ਲੋਕਾਂ ’ਚ ਜਾ ਕੇ ਦੱਸਦੇ ਰਹੇ ਕਿ ਉਹ ਅੱਜ ਕੱਲ੍ਹ ਦੇਵ ਲੋਕ ’ਚ ਰਹਿ ਰਿਹਾ ਹੈ। ਇਹ ਜੋ ਦਿਸ ਰਿਹਾ ਹੈ ਨਾ, ਇਹ ਉਹਦਾ ਸਾਇਆ ਹੈ। ਉਹਨੇ ਇੱਕ ਦਿਨ ਬਸਤੀ ਨੂੰ ਇੱਕ ਹੀ ਰੰਗ ’ਚ ਰੰਗਣ ਦਾ ਹੁਕਮ ਚਾੜ੍ਹ ਦਿੱਤਾ।

ਅਸੁਰਪਾਲ ਦਾ ਇਤਿਹਾਸ, ਉਹਦੇ ਮਨ-ਮਸਤਕ ਨੂੰ ਸਮਝਣ ਤੇ ਕਈ ਮੌਕਿਆਂ ’ਤੇ ਪਰਖ਼ਣ ਬਾਅਦ, ਮੈਂ ਉਸਨੂੰ ਕੁਝ ਐਸੀਆਂ ਸਿਖਿਆਵਾਂ ਦਿੱਤੀਆਂ, ਜੋ ਸਿਰਫ਼ ਉਸ ਲਈ ਹੀ ਨਹੀਂ, ਧਰਤੀ ਦੇ ਕਿਸੇ ਵੀ ਰਾਜੇ ਦੀ ਸਫ਼ਲਤਾ ਦਾ ਆਧਾਰ ਹਨ। ਜੇ ਕੋਈ ਰਾਜਾ ਆਪਣੇ ਅੰਦਰ ਇਹ ਗੁਣ ਵਿਕਸਤ ਨਹੀਂ ਕਰਦਾ, ਇਨ੍ਹਾਂ ਨੂੰ ਆਪਣੀਆਂ ਆਸਥਾਵਾਂ ਵਿੱਚ ਨਹੀਂ ਢਾਲਦਾ, ਤਾਂ ਉਹ ਨਿਸ਼ਚੇ ਹੀ ਅਸਫ਼ਲ ਹੋਵੇਗਾ। ਇੱਕ ਦਿਨ ਉਸਦੇ ਰਾਜ ਵਿੱਚ ਵਿਦਰੋਹ ਹੋਵੇਗਾ ਅਤੇ ਵਿਦਰੋਹੀ ਉਹਦਾ ਸਿਰ ਲਾਹ ਕੇ ਵਗਾਹ ਮਾਰਨਗੇ। ਜੋ ਰਾਜਾ ਇਨ੍ਹਾਂ ਗੱਲਾਂ ਨੂੰ, ਗੁਣਾਂ ਨੂੰ, ਆਪਣੀ ਆਸਥਾ, ਆਪਣੇ ਸੁਭਾਅ, ਆਪਣੇ ਜੀਵਨ ਤੇ ਆਪਣੀ ਸ਼ਾਸਨ ਸ਼ੈਲੀ ਵਿੱਚ ਉਤਾਰ ਲੈਂਦਾ ਹੈ, ਪੂਰੀ ਧਰਤੀ ਓਸੇ ਦੀ ਹੋਵੇਗੀ। ਉਹ ਇਸ ’ਤੇ ਰਾਜ ਕਰੇਗਾ। ਉਸਦੇ ਅਸ਼ਵਮੇਧ ਦਾ ਘੋੜਾ ਅਜਿੱਤ ਹੋਵੇਗਾ, ਬੇਰੋਕ-ਟੋਕ ਘੁੰਮੇਗਾ। ਮੈਂ ਅਸੁਰਪਾਲ ਨੂੰ ਇਸੇ ਦ੍ਰਿਸ਼ਟੀ ਤਹਿਤ, ਇਸੇ ਦਿਸ਼ਾ ਵਿੱਚ ਦੀਕਸ਼ਤ ਕਰਨਾ ਸ਼ੁਰੂ ਕਰ ਦਿੱਤਾ ਹੈ। ਮੈਂ ਉਸਨੂੰ ਦੱਸਿਆ ਹੈ ਕਿ:

ਕੋਈ ਰਾਜਾ ਗ਼ਲਤ ਕੰਮ ਦੋ ਤਰ੍ਹਾਂ ਕਰ ਸਕਦਾ ਹੈ। ਪਹਿਲਾ ਕਾਨੂੰਨੀ ਤਰੀਕੇ ਨਾਲ, ਦੂਜਾ ਹਿੰਸਕ ਤੇ ਜ਼ਾਲਮਾਨਾ ਤਰੀਕੇ ਨਾਲ। ਉਸਦੇ ਪਹਿਲੇ ਢੰਗ ਨਾਲ ਕੀਤੇ ਗ਼ਲਤ ਕੰਮ ਤੋਂ ਲੋਕ ਨਾਰਾਜ਼ ਹੁੰਦੇ ਹਨ, ਕਿਉਂਕਿ ਇਹ ਲੋਕਾਂ ਨੂੰ ਆਪਣੇ ਨਾਲ ਕੀਤਾ ਧੋਖਾ ਲੱਗਦਾ ਹੈ। ਦੂਜੇ ਤਰੀਕੇ ਨਾਲ ਕੀਤੇ ਕੰਮ ਉਨ੍ਹਾਂ ਨੂੰ ਬੁਰੇ ਨਹੀਂ ਲੱਗਦੇ, ਕਿਉਂਕਿ ਉਹ ਇਨ੍ਹਾਂ ਨੂੰ ਸਰਵੋਤਮ ਪੁਰਸ਼ ਦੀ ਤਾਕਤ ਤੇ ਦ੍ਰਿੜਤਾ ਮੰਨਦੇ ਹਨ, ਜੋ ਉਹ ਚਾਹੁੰਦੇ ਹਨ, ਉਨ੍ਹਾਂ ਦੇ ਆਪਣੇ ਅੰਦਰ ਵੀ ਹੋਵੇ। ਮੈਂ ਉਸਨੂੰ ਦੱਸਿਆ ਹੈ ਕਿ ਇਹ ਬਾਹਰੀ ਜਗਤ ਇੱਕੋ-ਇੱਕ ਸੱਚ ਹੈ। ਇਹੀ ਮਨੁੱਖ ਦੀ ਚੇਤਨਾ ਦਾ ਰਚੇਤਾ ਹੈ; ਉਸਦਾ ਜ਼ਾਬਤਾ ਹੈ। ਮਨੁੱਖ ਆਪਣੀਆਂ ਲਾਲਸਾਵਾਂ, ਸੁਪਨੇ, ਤਰਕ-ਵਿਤਰਕ ਤੇ ਪ੍ਰਭਾਵ ਇਸੇ ਬਾਹਰੀ ਜਗਤ ਤੋਂ ਹਾਸਿਲ ਕਰਦਾ ਹੈ; ਕਿਸੇ ਈਸ਼ਵਰ ਤੋਂ ਨਹੀਂ, ਕਿਸੇ ਇਤਿਹਾਸ ਤੋਂ

ਨਹੀਂ, ਕਿਸੇ ਅਚਨਚੇਤ ਮਿਲੇ ਗਿਆਨ ਤੋਂ ਨਹੀਂ। ਇਹ ਕਠੋਰ ਤੇ ਬੇ-ਰਹਿਮ ਬਾਹਰੀ ਜਗਤ ਹੀ ਉਸਨੂੰ ਬਣਾਉਂਦਾ ਹੈ ਤੇ ਇਸ ਜਗਤ ਲਈ ਧਰਮ, ਸਮਾਜ ਤੇ ਰਾਜ-ਸੱਤਾਵਾਂ ਰਚਦਾ ਹੈ। ਇਨ੍ਹਾਂ ਦੇ ਆਪਸੀ ਸਬੰਧ ਰਚਦਾ ਹੈ। ਇਸ ਜਗਤ ਨੂੰ ਮੁੱਠੀ 'ਚ ਕਰੋ; ਤੇ ਇਹ ਸਭ ਤੋਂ ਆਸਾਨੀ ਨਾਲ ਤਾਂ ਹੀ ਮੁੱਠੀ 'ਚ ਆਉਂਦਾ ਹੈ, ਜਦੋਂ ਰਾਜ ਸੱਤਾ ਹੱਥ 'ਚ ਹੁੰਦੀ ਹੈ। ਉਸਨੂੰ ਹਾਸਿਲ ਕਰਨਾ ਆਪਣੇ ਜੀਵਨ ਦਾ ਉਦੇਸ਼ ਬਣਾਉ। ਉਹ ਹਾਸਿਲ ਕਰਨ ਬਾਅਦ ਪੂਰੀ ਦ੍ਰਿੜਤਾ ਤੇ ਕਰੂਰਤਾ ਨਾਲ ਸ਼ਾਸਨ ਕਰੋ। ਮੈਂ ਉਸਨੂੰ ਦੱਸਿਆ ਹੈ ਕਿ :

ਮਨੁੱਖ ਦੀ ਮਨੁੱਖ ਤੋਂ ਜਿੰਨੀ ਜ਼ਿਆਦਾ ਦੂਰੀ ਬਣਾ ਦਿਉਗੇ, ਤੁਹਾਡੇ ਲਈ ਸ਼ਾਸਨ ਕਰਨਾ ਓਨਾ ਹੀ ਆਸਾਨ ਹੋਵੇਗਾ। ਇਕੱਲਾ ਮਨੁੱਖ ਆਪਣੇ ਰਚੇ ਐਸੇ ਕਲਪਨਾ ਲੋਕ 'ਚ ਵਿਚਰਦਾ ਹੈ, ਜੋ ਹਵਾ 'ਚ ਤੈਰਦੇ ਬੁਲਬੁਲੇ ਤੋਂ ਸਿਵਾ ਕੁਝ ਨਹੀਂ ਹੁੰਦਾ, ਪਰ ਇੱਕ ਮਨੁੱਖ ਜਦ ਦੂਜੇ ਮਨੁੱਖ ਨਾਲ ਜਾ ਜੁੜਦਾ ਹੈ; ਉਹਦਾ ਸਾਥ ਮਾਣਦਾ ਹੈ, ਤਾਂ ਸਮਾਜ ਬਣਦਾ ਹੈ। ਹਰ ਸਮਾਜ ਇੱਕ ਦਿਨ ਕਿਸੇ ਨਾ ਕਿਸੇ ਜੀਵੰਤ ਦਰਸ਼ਨ, ਕਿਸੇ ਵਿਚਾਰਧਾਰਾ ਨੂੰ ਜਨਮ ਦਿੰਦਾ ਹੈ। ਇਹ ਹਾਲਾਤ ਸਮਾਜ 'ਚ ਨਹੀਂ ਬਣਨ ਦੇਣੇ ਚਾਹੀਦੇ। ਕਲਾ, ਕਵਿਤਾ, ਕਹਾਣੀ, ਮਿੱਥਕ, ਪ੍ਰਕਿਰਤੀ; ਤੇਜ਼ੀ ਨਾਲ ਇੱਕ ਮਨੁੱਖ ਨੂੰ ਦੂਜੇ ਮਨੁੱਖ ਨਾਲ ਜੋੜਦੇ ਹਨ; ਉਸਨੂੰ ਜੀਵਨ-ਜਾਚ ਦੀ ਦਾਰਸ਼ਨਿਕਤਾ ਦਿੰਦੇ ਹਨ; ਵਿਚਾਰਧਾਰਾ ਦਿੰਦੇ ਹਨ ਅਤੇ ਤਿਆਗ, ਆਦਰਸ਼, ਸੁਪਨਾ, ਸੁਤੰਤਰਤਾ ਦੀ ਉਮੰਗ ਤੇ ਪ੍ਰਤੀਬੱਧਤਾ ਵੀ। ਮਨੁੱਖ ਦੇ ਅੰਦਰ ਉਗਮਣ ਵਾਲੇ ਇਹ ਤੱਤ ਕਿਸੇ ਵੀ ਰਾਜਾ ਤੇ ਰਾਜ ਦੇ ਲਈ ਸਦੀਵੀ ਸੰਕਟ ਪੈਦਾ ਕਰਦੇ ਹਨ। ਮਨੁੱਖ ਦੇ ਜੀਵਨ ਤੇ ਮਨੁੱਖਤਾ ਦੇ ਸਵਾਲਾਂ ਸਾਹਮਣੇ ਐਸੇ ਮਨੁੱਖ ਨੂੰ ਰਾਜ ਛੋਟਾ ਜਾਂ ਉਸਦੀ ਸੁਤੰਤਰਤਾ ਦਾ ਦਮਨ ਕਰਨ ਵਾਲਾ ਲੱਗਣ ਲਗਦਾ ਹੈ। ਉਹ ਉਸ ਤੋਂ ਮੁਕਤੀ ਚਾਹੁੰਦਾ ਹੈ; ਉਸ ਤੋਂ ਬਚਣ ਲਈ ਉਸਨੂੰ ਬਦਲ ਦੇਣਾ ਚਾਹੁੰਦਾ ਹੈ। ਉਸਦੀ ਇਸ ਪ੍ਰਵਿਰਤੀ ਤੋਂ ਬਚਣ ਲਈ ਜ਼ਰੂਰੀ ਹੈ; ਪਰਜਾ ਨੂੰ ਭੋਗੀ, ਸਵੈ-ਕੇਂਦਰਤ, ਹੰਕਾਰੀ, ਪਦਾਰਥਕ ਲਾਲਸਾ 'ਚ ਡੁੱਬਿਆ ਤੇ ਮਾਣ-ਮੱਤੇ ਬੋਧ ਦੇ ਫ਼ਰੇਬ ਵਾਲਾ ਜੀਅ ਬਣਾਉ। ਉਹਨੂੰ ਕਿਸੇ ਨਾਲ ਘ੍ਰਿਣਾ ਕਰਨ ਦੇ ਅਵਸਰ ਦਿਉ; ਉਹਦੇ ਲਈ ਲੋੜੀਂਦੇ ਹਾਲਾਤ ਦਿਉ। ਆਪਣੇ ਜਾਸੂਸਾਂ ਤੇ ਭੰਡਾਂ ਕੋਲੋਂ ਉਸ ਘ੍ਰਿਣਾ 'ਤੇ ਨਿਰੰਤਰ ਅੱਗ ਸੁੱਟਵਾਓ। ਨਵੇਂ-ਨਵੇਂ ਕੌਤਕ ਰਚਾਉ। ਨਵੀਆਂ ਉਮੰਗਾਂ, ਭੋਗ-ਵਿਲਾਸ ਦੇ ਨਵੇਂ ਅਵਸਰ ਤੇ ਲਾਲਸਾਵਾਂ ਦੇ ਨਵੇਂ ਅੰਬਰ ਦਿਉ। ਸਰਕਸ, ਗਲੈਡੀਏਟਰ ਦੇ ਯੁੱਧ, ਜਾਨਵਰਾਂ ਦੀਆਂ ਖੇਡਾਂ, ਮਹਾਂ-ਭੰਡਾਰੇ ਤੇ ਨਗਨਤਾ ਦੀ ਉਪਾਸਨਾ ਦਿਉ। ਇਨ੍ਹਾਂ ਨੂੰ ਹਾਸਿਲ ਕਰਨ ਦੀ ਹੋੜ ਦਿਉ; ਇਸ ਹੱਦ ਤੱਕ ਕਿ ਉਹ ਕਿਸੇ ਫ਼ਰੇਬੀ ਆਦਰਸ਼ ਦੀ ਆੜ ਹੇਠ ਕਿਸੇ ਦੀ ਵੀ ਹੱਤਿਆ ਤੱਕ ਕਰ ਦੇਣ। ਮੈਂ ਉਹਨੂੰ ਦੱਸਿਆ ਕਿ:

ਯਾਦ ਰੱਖੋ; ਭੀੜ ਦੀ ਤਾਕਤ ਸਭ ਤੋਂ ਵੱਡੀ ਤਾਕਤ ਹੁੰਦੀ ਹੈ। ਉਸ ਉੱਤੇ ਕੰਟਰੋਲ ਰੱਖਣਾ ਵੀ ਜ਼ਰੂਰੀ ਹੈ। ਉਹਦੇ ਲਈ ਉਹਨੂੰ ਸਮਝਣਾ ਜ਼ਰੂਰੀ ਹੈ। ਭੀੜ ਨੂੰ ਸਮਝਣ ਲਈ ਜ਼ਰੂਰੀ ਹੈ; ਉਹਦੇ ਅੰਗ-ਸੰਗ ਰਹੋ। ਭੀੜ ਆਪਣੇ-ਆਪ ਬਾਰੇ ਤੁਹਾਨੂੰ ਜੋ ਦੱਸੇਗੀ, ਜੋ ਤੁਸੀਂ ਉਹਦੇ ਤੋਂ ਸਿੱਖੋਗੇ, ਉਹ ਕੋਈ ਹੋਰ ਨਹੀਂ ਦੱਸ ਸਕਦਾ। ਕਦੇ ਬਲਦਾਂ ਦੀ ਰੇੜ੍ਹੀ ਦਾ ਟੁੱਟਾ ਪਹੀਆ ਮੁਰੰਮਤ ਕਰੋ, ਕਦੇ ਦੀਵਾਰ 'ਤੇ ਰੰਗ-ਰੋਗਨ ਕਰੋ, ਕਦੇ ਬਾਜ਼ਾਰ ਦੀ ਭੱਠੀ 'ਤੇ ਦੁੱਧ ਗਰਮ ਕਰੋ। ਕਦੇ ਭੰਡਾਂ ਦੀ ਟੋਲੀ ਨਾਲ ਘੁੰਮੋ-ਫਿਰੋ। ਇਹ ਵੇਖੋ ਕਿ ਲੋਕ ਕਿਸ ਗੱਲ 'ਤੇ ਖ਼ੁਸ਼ ਹੁੰਦੇ ਹਨ; ਤੇ ਕਿਸ ਗੱਲੋਂ ਮਰਨ-ਮਾਰਨ 'ਤੇ ਉਤਾਰੂ ਹੋ ਜਾਂਦੇ ਹਨ। ਕਿਹੜੀ ਗੱਲ ਹੈ, ਜੋ ਉਨ੍ਹਾਂ ਦੇ ਅੰਦਰ ਕਿਸੇ ਲਈ ਨਫ਼ਰਤ ਪੈਦਾ ਕਰ ਦਿੰਦੀ ਹੈ ਤੇ ਕਦੋਂ ਉਹ ਡਰ ਨਾਲ ਪੀਲੇ ਪੈ ਜਾਂਦੇ ਹਨ। ਤੁਸੀਂ ਭੀੜ 'ਚ ਰਹਿ ਕੇ ਹੀ ਸਿੱਖੋਗੇ

ਕਿ ਆਪਣੀਆਂ ਕਮੀਆਂ-ਕਮਜ਼ੋਰੀਆਂ ਤੇ ਗੰਦ-ਪਹੁਨੂੰ ਕੂੜ-ਤੂਫ਼ਾਨ ਦੇ ਆਸਰੇ ਕਿਸ ਤਰ੍ਹਾਂ ਮਹਾਨ ਬਣਾ ਸਕਦੇ ਹੋ; ਪਾਪ ਨੂੰ ਪੁੰਨ ਅਤੇ ਅਪਰਾਧ ਨੂੰ ਕਾਨੂੰਨ ਦੀ ਰਾਖੀ ਕਰਨਾ ਵਿਖਾ ਸਕਦੇ ਹੋ। ਤੁਸੀਂ ਸਿੱਖੋਗੇ ਕਿ ਕਿਵੇਂ ਤੇ ਕਿਉਂ, ਲੋਕ ਆਪਣੇ ਤੇ ਕਿਸੇ ਹੋਰ ਦੇ ਝੂਠ ਬੋਲਣ 'ਤੇ ਵਿਸ਼ਵਾਸ ਕਰਨ ਲੱਗਦੇ ਹਨ। ਕਿਸੇ ਮਸਖਰੇ ਤੇ ਬੁਝੜ ਦੀਆਂ ਚਲਾਕੀਆਂ 'ਤੇ ਯਕੀਨ ਕਰਕੇ ਆਪਣੀ ਬੁੱਧੀ, ਗਿਆਨ ਤੇ ਤਰਕ-ਵਿਵੇਕ ਸਭ ਉਸਨੂੰ ਸੌਂਪ ਦਿੰਦੇ ਹਨ। ਭੀੜ ਵਿੱਚ ਰਹਿ ਕੇ ਹੀ ਸਮਝੋਗੇ ਕਿ ਕਿਉਂ ਲੋਕ ਖ਼ੁਸ਼ੀ ਨਾਲ ਗ਼ੁਲਾਮਾਂ ਵਾਂਗ ਜੀਣਾ ਸਵੀਕਾਰ ਕਰ ਲੈਂਦੇ ਹਨ? ਸਿੱਖੋਗੇ; ਕਿ ਕਿਵੇਂ ਹਰ ਚਾਬਕ ਦੇ ਸਾਹਮਣੇ ਆਪਣੀ ਪਿੱਠ ਨੰਗੀ ਕਰਨ ਨੂੰ ਤਿਆਰ ਹਨ; ਜੇ ਉਨ੍ਹਾਂ ਨੂੰ ਰੋਟੀ, ਈਸ਼ਵਰ ਤੇ ਕਿਸੇ ਨਾਲ ਨਫ਼ਰਤ ਕਰਨ ਦਾ ਨਸ਼ਾ ਮਿਲਦਾ ਰਹੇ। ਮੈਂ ਉਹਨੂੰ ਦੱਸਿਆ ਕਿ:

ਯਾਦ ਰੱਖਣਾ; ਭੀੜ ਨਫ਼ਰਤ ਕਰਨਾ ਚਾਹੁੰਦੀ ਹੈ, ਉਹਨੂੰ ਨਫ਼ਰਤ ਦੇ ਪਾਤਰ ਦਿਉ। ਭੀੜ ਹਿੰਸਾ ਚਾਹੁੰਦੀ ਹੈ, ਉਹਨੂੰ ਵਹਿਸ਼ਤ ਦਿਉ। ਭੀੜ ਆਪਣੇ ਪੈਰਾਂ 'ਚ ਬੇੜੀਆਂ ਤੇ ਪਿੱਠ 'ਤੇ ਚਾਬਕ ਚਾਹੁੰਦੀ ਹੈ, ਉਹਨੂੰ ਗ਼ੁਲਾਮੀ ਦਿਉ। ਭੀੜ ਪਾਖੰਡੀ ਜੀਵਨ ਜਿਉਣਾ ਚਾਹੁੰਦੀ ਹੈ, ਉਹਨੂੰ ਫ਼ਰੇਬੀ ਮਾਨਤਾਵਾਂ ਦਿਉ; ਝੂਠਾ ਇਤਿਹਾਸ ਦਿਉ। ਉਸ ਦੀਆਂ ਅੱਖਾਂ 'ਚ ਕਦੇ ਨਾ ਆਉਣ ਵਾਲੇ ਖ਼ੁਸ਼ਹਾਲ ਜੀਵਨ ਤੇ ਉਮੀਦਾਂ ਭਰੇ ਕੱਲ੍ਹ ਦੇ ਸੁਪਨੇ ਦਿਉ। ਆਪਣੇ ਤਾਕਤਵਰ ਤੇ ਮਸੀਹਾ ਹੋਣ ਦਾ ਢੌਂਗ ਰਚਾਉ। ਆਪਣਾ ਕਦੇ ਨਾ ਹਾਰਨ ਵਾਲਾ ਵੱਕਾਰ ਸਿੱਧ ਕਰਦੇ ਰਹੋ। ਭਟਕਣਾ ਮਨੁੱਖ ਦਾ ਸੁਭਾਅ ਹੈ, ਇਸ ਲਈ ਉਹਦੇ ਵਿਚਾਰਾਂ ਨੂੰ ਸਿਵਾਏ ਧਰਮ ਦੇ, ਆਪਣੇ ਤੋਂ ਸਿਵਾ ਕੋਈ ਦੂਸਰਾ ਸਹਾਰਾ ਕਦੇ ਨਾ ਲੈਣ ਦਿਉ। ਹੋ ਸਕੇ ਤਾਂ ਭੀੜ ਨੂੰ ਦੇਵਤਿਆਂ ਦੀ ਭੀੜ 'ਚ ਗਵਾਚਣ ਦਿਉ। ਨਵੇਂ ਦੇਵਤਿਆਂ ਨੂੰ ਜਨਮ ਦਿਉ; ਉਨ੍ਹਾਂ ਨੂੰ ਪਾਲੋ। ਇਨ੍ਹਾਂ ਦੇਵਤਿਆਂ ਦੇ ਨਾਲ ਉਨ੍ਹਾਂ ਪੁਜਾਰੀਆਂ ਨੂੰ ਵੀ ਪਾਲੋ, ਜੋ ਉਨ੍ਹਾਂ ਦੀਆਂ ਕਥਾਵਾਂ, ਮੂਰਤੀਆਂ, ਜਲੂਸਾਂ, ਮੇਲਿਆਂ ਤੇ ਤਿਉਹਾਰਾਂ ਨੂੰ ਘਰ-ਘਰ ਪਹੁੰਚਾ ਦੇਣ। ਲੋਕ ਉਮਰ ਭਰ ਇਨ੍ਹਾਂ ਦੇਵਤਿਆਂ ਦਾ ਪੇਟ ਭਰਨ 'ਚ ਲੱਗੇ ਰਹਿਣਗੇ। ਉਹ ਜਿੰਨਾ ਜ਼ਿਆਦਾ ਦੇਵਤੇ ਦਾ ਪੇਟ ਭਰਨਗੇ, ਉਨ੍ਹਾਂ ਦਾ ਆਪਣਾ ਪੇਟ ਓਨਾ ਹੀ ਖਾਲ੍ਹੀ ਰਹੇਗਾ। ਉਨ੍ਹਾਂ ਦੇ ਖਾਲ੍ਹੀ ਪੇਟ; ਤੇ ਉਨ੍ਹਾਂ 'ਚ ਪਲਣ ਵਾਲੀ ਭੁੱਖ ਹੀ ਤੁਹਾਡੀ ਤਾਕਤ ਹੈ। ਇਹ ਭੁੱਖ ਉਨ੍ਹਾਂ ਦੀ ਰੀੜ ਦੀ ਹੱਡੀ ਨੂੰ ਹਮੇਸ਼ਾ ਝੁਕਾਈ ਰੱਖੇਗੀ। ਉਹ ਧਰਮ 'ਚ ਸਰਾਬੋਰ, ਆਪਣੇ ਕਸ਼ਟਾਂ ਦੀ ਸ਼ਿਕਾਇਤ ਤੇਰੇ ਕੋਲ ਕਦੇ ਵੀ ਨਹੀਂ ਕਰਨਗੇ। ਧਰਮ ਮਨੁੱਖ ਨੂੰ ਕਸ਼ਟ ਸਹਿਣ ਦੀ ਆਪਾਰ ਸ਼ਕਤੀ ਬਖਸ਼ਦਾ ਹੈ। ਇਸ ਤੋਂ ਪੈਦਾ ਹੋਏ ਦੁੱਖ-ਤਕਲੀਫ ਮਰ-ਮਿਟਣ ਦਾ ਸੁਖ ਦਿੰਦੇ ਹਨ। ਇਹਦੇ ਨਾਲ ਹੀ ਤੁਸੀਂ ਲੱਭ-ਲੱਭ ਕੇ ਕਮਜ਼ੋਰ ਤੇ ਲਾਲਸਾ ਮਾਰੇ ਲੋਕਾਂ ਨੂੰ ਤਾਕਤ ਦਿਉ। ਭੰਡਾਂ, ਮਸਖਰਿਆਂ, ਕਾਇਰਾਂ ਤੇ ਲਾਲਚੀ ਲੋਕਾਂ ਨੂੰ ਭੀੜ ਦੇ ਮੱਥੇ ਦਾ ਤਿਲਕ ਬਣਾਉ। ਉਨ੍ਹਾਂ ਨੂੰ ਵੀ ਤਾਕਤ ਦਿਉ, ਜੋ ਭੀੜ ਤੋਂ ਪਰ੍ਹੇ-ਪਰ੍ਹੇ ਵਿਚਰਦੇ ਹਨ; ਰਾਜਨੀਤੀ ਨਾਲ ਜ਼ਰਾ ਜਿੰਨਾ ਵੀ ਨਾਤਾ ਨਹੀਂ ਰੱਖਦੇ। ਉਨ੍ਹਾਂ ਨੂੰ ਵੀ ਤਾਕਤ ਦਿਉ, ਜੋ ਐਸ਼ੋ-ਆਰਾਮ 'ਚ ਜੀਂਦੇ ਹਨ। ਧਰਮ-ਗੁਰੂਆਂ, ਰੋਗੀਆਂ, ਕਾਇਰਾਂ ਤੇ ਕਾਮੁਕ ਲੋਕਾਂ ਨੂੰ ਵੀ ਤਾਕਤ ਦਿਉ। ਇਹ ਸਭ ਹਮੇਸ਼ਾ ਤੁਹਾਡੇ ਇਸ਼ਾਰੇ 'ਤੇ ਕੰਮ ਕਰਨਗੇ। ਕਠਪੁਤਲੀਆਂ ਦੀ ਤਰ੍ਹਾਂ ਤੁਹਾਡੀਆਂ ਉਂਗਲਾਂ 'ਤੇ ਨਾਂਚ ਨੱਚਣਗੇ। ਇਹ ਸਿਰਫ਼ ਓਨਾ ਸੁਣਨਗੇ, ਜਿੰਨਾ ਤੁਸੀਂ ਬੋਲੋਗੇ। ਓਨਾ ਬੋਲਣਗੇ, ਜਿੰਨਾ ਤੁਸੀਂ ਕਹੋਗੇ। ਓਨਾ ਵੇਖਣਗੇ, ਜਿੰਨਾ ਤੁਸੀਂ ਵਿਖਾਉਗੇ। ਇਹ ਸਿਰਫ਼ ਚਲਦੇ-ਫਿਰਦੇ ਪੁਤਲੇ ਹੋਣਗੇ, ਬਿਨਾ ਆਤਮਾ, ਵਿਵੇਕ, ਕਿਰਦਾਰ ਤੇ ਗਿਆਨ ਤੋਂ।

ਭੀੜ ਉੱਤੇ ਜਿਸ ਦਿਨ ਏਨਾ ਕੰਟਰੋਲ ਕਰ ਲਉਗੇ ਕਿ ਤੁਹਾਡੀ ਨਫ਼ਰਤ ਉਨ੍ਹਾਂ ਦੀ ਨਫ਼ਰਤ ਬਣ ਜਾਏ, ਤੁਹਾਡਾ ਕ੍ਰੋਧ ਉਨ੍ਹਾਂ ਦਾ ਕ੍ਰੋਧ। ਉਹ ਤੁਹਾਡੇ ਜਨੂੰਨ ਤੇ ਤੁਹਾਡੀ ਵਹਿਸ਼ਤ ਨੂੰ ਆਪਣੀ

ਬਣਾਉਣ ਲਈ ਤਿਆਰ ਹੋ ਜਾਣ, ਤੁਸੀਂ ਅਜਿੱਤ ਹੋਵੋਗੇ। ਯਾਦ ਰੱਖੋ; ਇਹ ਸਦੀਆਂ ਤੋਂ ਭੁੱਖੇ, ਨੰਗੇ, ਬੇਰੁਜ਼ਗਾਰ ਲੋਕ, ਜੋ ਪੂਰਾ ਜੀਵਨ ਸਿਰਫ਼ ਜ਼ਿੰਦਾ ਰਹਿਣ ਦੀ ਲੜਾਈ ਲੜਦੇ ਹਨ, ਉਹ ਆਸਾਨੀ ਨਾਲ ਰਾਜੇ ਤੇ ਰਾਜ ਦੀ ਰਾਖੀ ਲਈ ਤਿਆਰ ਕੀਤੇ ਜਾ ਸਕਦੇ ਹਨ। ਉਹ ਇਹਨੂੰ ਆਪਣਾ ਧਰਮ ਤੇ ਕਰਤਵ ਸਮਝ ਸਕਦੇ ਹਨ। ਉਹ ਇਹਦੇ ਲਈ ਗ਼ੁਲਾਮੀ ਵੀ ਮਨਜ਼ੂਰ ਕਰ ਲੈਣਗੇ। ਉਨ੍ਹਾਂ ਨੂੰ ਇਸ ਹੱਦ ਤੱਕ ਤਿਆਰ ਕੀਤਾ ਜਾ ਸਕਦਾ ਕਿ ਉਨ੍ਹਾਂ ਦੀ ਆਜ਼ਾਦੀ ਤੇ ਖੁਸ਼ਹਾਲ ਜ਼ਿੰਦਗੀ ਲਈ ਕੋਈ ਉਨ੍ਹਾਂ ਦੀ ਤਰਫੋਂ ਵੀ ਰਾਜੇ ਤੇ ਰਾਜ ਦੇ ਖ਼ਿਲਾਫ਼ ਬੋਲੇ ਤਾਂ ਉਹ ਖ਼ੁਦ ਅੱਗੇ ਵਧ ਕੇ ਉਸਦੀ ਹੱਤਿਆ ਕਰ ਦੇਣਗੇ। ਉਨ੍ਹਾਂ ਦੇ ਘਰ ਫੂਕ ਦੇਣਗੇ। ਚੌਰਾਹੇ 'ਚ ਉਨ੍ਹਾਂ ਨੂੰ ਪੱਥਰ ਮਾਰ ਕੇ ਮਾਰ ਦੇਣਗੇ। ਉਹ ਉਹ ਭੁੱਖੇ, ਨੰਗੇ ਤੇ ਲਾਚਾਰ ਰਹਿਣ 'ਚ ਹੀ ਖ਼ੁਸ਼ੀ ਮਹਿਸੂਸ ਕਰਨ ਲੱਗਣਗੇ। ਆਪਣੀ ਗ਼ੁਲਾਮੀ ਤੇ ਬੇੜੀਆਂ 'ਚ ਸੰਤੁਸ਼ਟ ਰਹਿਣਗੇ, ਪਰ ਆਪਣੇ ਹਿੱਤ 'ਚ ਜਾਂਦੇ ਹੋਣ ਦੇ ਬਾਵਜੂਦ ਰਾਜਾ ਤੇ ਰਾਜ ਵਿਰੁੱਧ ਬੋਲਿਆ ਇੱਕ ਵੀ ਸ਼ਬਦ ਬਰਦਾਸ਼ਤ ਨਹੀਂ ਕਰਨਗੇ। ਜਦੋਂ ਉਨ੍ਹਾਂ ਦੇ ਅੰਦਰ ਆਪਣੇ ਲਈ ਏਨੀ ਆਸਥਾ ਪੈਦਾ ਕਰ ਲਉ, ਤਾਂ ਆਪਣੇ ਆਪ ਨੂੰ ਯੋਗ ਤੇ ਸਫ਼ਲ ਸਮਝਣਾ। ਕੋਈ ਦੂਸਰਾ ਰਾਜਾ ਤੁਹਾਨੂੰ ਮਾਣ ਤੇ ਅਧਿਕਾਰ ਦੇਵੇਗਾ, ਉਹਦੇ 'ਤੇ ਸਾਇਆ ਉਹਦਾ ਹੋਵੇਗਾ, ਪਰ ਰਾਜ ਤੁਹਾਡਾ ਹੋਵੇਗਾ। ਤੁਹਾਡੀਆਂ ਉਂਗਲਾਂ ਉਸਨੂੰ ਚਲਾਉਣਗੀਆਂ। ਇਸ ਸੁਖ ਨੂੰ, ਇਸ ਸ਼ਕਤੀ ਨੂੰ ਇੱਕ ਵਾਰ ਮਹਿਸੂਸ ਕਰ ਲਉਗੇ, ਭੋਗ ਲਉਗੇ ਤਾਂ ਤੁਹਾਨੂੰ ਜੀਵਨ ਲਈ ਇੱਕ ਨਵੇਂ ਸੱਚ ਦਾ ਗਿਆਨ ਹੋਵੇਗਾ। ਇਹ ਬੋਧ ਹੋਣਾ ਖ਼ੁਦ-ਬ-ਖ਼ੁਦ ਰਚਨਾ ਹੈ, ਸਿਰਜਣਾ ਹੈ; ਕਲਾ ਦੀ ਸਰਵੋਤਮ ਅਵਸਥਾ ਹੈ। ਮੈਂ ਉਸਨੂੰ ਦੱਸਿਆ ਹੈ ਕਿ:

ਯਾਦ ਰੱਖਣਾ; ਤੁਹਾਡੇ ਦੁਸ਼ਮਣ ਤੇ ਮਾਨਵੀ ਭਾਵਨਾਵਾਂ ਨੂੰ ਜਨਮ ਦੇਣ ਅਤੇ ਪਾਲਣ-ਪੋਸਣ ਦਾ ਕੰਮ ਸਭ ਤੋਂ ਜ਼ਿਆਦਾ ਲੇਖਕ, ਕਲਾਕਾਰ ਤੇ ਦਾਰਸ਼ਨਿਕ ਕਰਦੇ ਹਨ। ਇਨ੍ਹਾਂ ਨਾਲ ਜੁੜੇ ਸ਼ਬਦਾਂ ਦੇ ਪ੍ਰਭਾਵ, ਭਾਵਨਾਵਾਂ ਨੂੰ ਸ਼ਕਤੀ ਦਿੰਦੇ ਹਨ। ਇਸ ਤਰ੍ਹਾਂ ਦੇ ਲੋਕਾਂ ਨੂੰ ਆਪਣੇ ਸਭ ਤੋਂ ਵੱਡੇ ਦੁਸ਼ਮਣ ਮੰਨੋ। ਬੇਸ਼ੱਕ, ਤੁਹਾਨੂੰ ਇਨ੍ਹਾਂ ਤੋਂ ਡਰਨ ਦੀ ਲੋੜ ਨਹੀਂ ਏਂ, ਕਿਉਂਕਿ ਇਹ ਹਮੇਸ਼ਾ ਮੁੱਠੀ ਭਰ ਹੀ ਹੁੰਦੇ ਹਨ। ਇਹ ਕਾਇਰ ਵੀ ਹੁੰਦੇ ਹਨ। ਇਨ੍ਹਾਂ ਨਾਲ ਭੀੜ ਦੀ ਤਾਕਤ ਨਹੀਂ ਹੁੰਦੀ। ਇਸੇ ਲਈ ਇਹ ਕਾਫੀ ਕਮਜ਼ੋਰ ਹੁੰਦੇ ਹਨ। ਇਹ ਕਦੇ ਵੀ ਕੁਝ ਨਹੀ ਕਰ ਸਕਦੇ ਹੁੰਦੇ; ਜਿਵੇਂ ਦਾ ਚਾਹੁੰਦੇ ਹਨ, ਬਣ ਨਹੀਂ ਸਕਦੇ। ਇਹ ਆਪਣੇ ਮੂਲ ਸੁਭਾਅ ਮੁਤਾਬਕ ਬਸ ਬੋਲ ਸਕਦੇ ਹਨ। ਇਹ ਨਿਕੰਮੇ, ਕਰਮ ਹੀਣ ਤੇ ਆਲਸੀ ਹੁੰਦੇ ਹਨ। ਇਕੱਲੇ ਰਹਿਣਾ ਪਸੰਦ ਕਰਦੇ ਹਨ। ਪਰ ਜਦ ਇਹ ਇਕੱਲੇ ਹੁੰਦੇ ਹਨ, ਓਦੋਂ ਹੀ ਸਭ ਤੋਂ ਜ਼ਿਆਦਾ ਖ਼ਤਰਨਾਕ ਹੁੰਦੇ ਹਨ। ਉਸ ਵੇਲ਼ੇ ਹੀ ਆਪਣੇ ਅੰਦਰਲੇ ਸ਼ੈਤਾਨ ਨੂੰ ਜਗਾਉਂਦੇ ਹਨ। ਪੂਰੀ ਇਕਾਗਰਤਾ ਤੇ ਆਸਥਾ ਨਾਲ ਉਸਦਾ ਸਵਾਗਤ ਕਰਦੇ ਹਨ। ਆਪਣੇ ਵਿਚਾਰਾਂ ਤੇ ਸ਼ਬਦਾਂ ਦੀ ਕਲਾ-ਕੌਸ਼ਲਤਾ ਸਦਕਾ ਇਹ ਕੁਝ ਐਸਾ ਨਵਾਂ ਵੀ ਰਚ ਸਕਦੇ ਹਨ, ਜੋ ਇਸ ਤੋਂ ਪਹਿਲਾਂ ਸ੍ਰਿਸ਼ਟੀ 'ਚ ਨਹੀਂ ਸੀ। ਇਸ ਤਰ੍ਹਾਂ ਇਹ ਵੀ ਕਿਹਾ ਜਾ ਸਕਦਾ ਹੈ; ਕਿ ਇਹ ਵੱਖਰੀ ਕਿਸਮ ਦੇ ਈਸ਼ਵਰ ਹਨ। ਇਨ੍ਹਾਂ ਦੇ ਸ਼ਬਦ ਕਿਸੇ ਅਪ੍ਰਤੱਖ ਤੇ ਅਸਤਿਤਵਹੀਣ ਨੂੰ ਸਾਕਾਰ ਕਰ ਸਕਦੇ ਹਨ। ਕਿਸੇ ਭਾਵਨਾ ਨੂੰ ਪਰਲੋ, ਕਿਸੇ ਵਿਚਾਰ ਨੂੰ ਅਸਥਾ ਬਣਾ ਸਕਦੇ ਹਨ। ਇਹ ਲੱਖਾਂ ਲੋਕਾਂ ਨੂੰ ਇੱਕ ਸ਼ਬਦ ਸਦਕਾ ਹੀ ਖ਼ਫ਼ਾ ਕਰ ਸਕਦੇ ਹਨ। ਉਨ੍ਹਾਂ ਨੂੰ ਮੁਕੰਮਲ ਜੀਵਨ ਦਰਸ਼ਨ ਦੇ ਸਕਦੇ ਹਨ। ਪਰ ਜਦ ਇਹ ਇਕੱਠੇ ਹੁੰਦੇ ਹਨ, ਤਦ ਹਮੇਸ਼ਾ ਕਮਜ਼ੋਰ ਹੋ ਜਾਂਦੇ ਹਨ। ਉਹ ਇਸ ਲਈ ਕਿ ਇਨ੍ਹਾਂ ਦੇ ਵਿਚਾਰ ਤੇ ਨਜ਼ਰੀਏ ਆਪੋ-ਵਿੱਚੀਂ ਕਦੇ ਨਹੀਂ ਮਿਲ ਸਕਦੇ। ਮਾਮੂਲੀ ਗੱਲਾਂ ਲਈ ਲੰਮੀਆਂ-ਚੌੜੀਆਂ ਬਹਿਸਾਂ ਕਰਦੇ ਹਨ। ਇਨ੍ਹਾਂ 'ਚੋਂ ਜਿਉਂ ਹੀ ਕੋਈ

ਅੱਗੇ ਵਧਦਾ ਹੈ, ਦੂਸਰਾ ਉਹਨੂੰ ਕੇਕੜੇ ਦੀ ਤਰ੍ਹਾਂ ਪਿਛਾਂਹ ਖਿੱਚ ਲੈਂਦਾ ਹੈ। ਇਨ੍ਹਾਂ ਸਾਰਿਆਂ ਕੋਲ ਹੰਕਾਰ ਤੇ ਮਹਾਨਤਾ ਦੀ ਆਪੋ-ਆਪਣੀ ਪੋਟਲੀ ਹੁੰਦੀ ਹੈ, ਜੋ ਦੂਜੇ ਦੀ ਪੋਟਲੀ ਨੂੰ ਤੁੱਛ ਸਮਝ ਕੇ, ਹਿਕਾਰਤ ਨਾਲ ਵੇਖਦੀ ਹੈ। ਇਹ ਆਪਣੀ ਓਸੇ ਪੋਟਲੀ ਨੂੰ ਤਾਣਦੇ ਤੇ ਵਿਛਾਉਂਦੇ ਹਨ। ਓਸੇ ਤੋਂ ਆਪਣਾ ਭੋਜਨ, ਪ੍ਰਾਣ-ਵਾਯੂ ਅਤੇ ਜੀਵਨ ਸ਼ਕਤੀ ਹਾਸਿਲ ਕਰਦੇ ਹਨ। ਇਹ ਸਮਾਜ ਤੋਂ ਨਿੱਖੜੇ ਹੋਏ ਲੋਕ ਹੁੰਦੇ ਹਨ। ਜ਼ਿੰਦਗੀ ਦੀਆਂ ਮੁਸ਼ਕਲਾਂ ਤੇ ਸਚਾਈਆਂ ਤੋਂ ਅਨਜਾਣ ਹੁੰਦੇ ਹਨ, ਇਸੇ ਲਈ ਉਨ੍ਹਾਂ ਤੋਂ ਦੂਰ ਭੱਜਦੇ ਹਨ। ਇਨ੍ਹਾਂ 'ਚੋਂ ਸ਼ਾਇਦ ਹੀ ਕੋਈ ਆਪਣੀ ਜ਼ਿੰਦਗੀ ਦੀ ਕਿਸੇ ਸਮੱਸਿਆ ਨੂੰ ਖ਼ੁਦ ਸੁਲਝਾ ਸਕਿਆ ਹੋਵੇ, ਪਰ ਰਾਜਾ ਤੇ ਰਾਜ ਦੇ ਹਰ ਸੰਕਟ ਤੇ ਹਰ ਸਥਿਤੀ ਲਈ ਉਪਦੇਸ਼ ਤੇ ਹਰ ਸਮੱਸਿਆ ਨੂੰ ਸੁਲਝਾਉਣ ਦਾ ਰਸਤਾ ਦੱਸ ਸਕਦੇ ਹਨ। ਕਿਸੇ ਲੜਾਈ ਜਾਂ ਕੋਈ ਮਹੱਤਵਪੂਰਨ ਫ਼ੈਸਲਾ ਲੈਣ ਵੇਲ਼ੇ, ਇਨ੍ਹਾਂ 'ਚੋਂ ਕਿਸੇ ਇੱਕ 'ਤੇ ਵੀ ਭਰੋਸਾ ਨਾ ਕਰਨਾ। ਇਹਦੇ ਨਾਲ ਹੀ; ਉਨ੍ਹਾਂ ਦੀ ਤਰਫੋਂ ਕਦੇ ਵੀ ਨਿਸ਼ਚਿੰਤ ਹੋ ਕੇ ਨਹੀਂ ਬੈਠਣਾ। ਇਨ੍ਹਾਂ ਨੂੰ ਕਮਜ਼ੋਰ ਜਾਂ ਆਪਣੇ ਸਮਝ ਕੇ ਇਨ੍ਹਾਂ ਨੂੰ ਅੱਖੋਂ-ਪਰੋਖੇ ਵੀ ਨਾ ਕਰਨਾ। ਜਦੋਂ ਤੇ ਜਿੱਥੇ ਵੀ ਮੌਕਾ ਮਿਲੇ, ਇਨ੍ਹਾਂ ਨੂੰ ਕੁਚਲਦੇ ਰਹਿਣਾ। ਜੇ ਤੂੰ ਇਹ ਨਾ ਕੀਤਾ, ਤੇਰੀ ਇਕਾਗਰਤਾ, ਸੰਕਲਪ, ਟੀਚਾ ਤੇ ਵਫ਼ਾਦਾਰੀ 'ਚ ਲਗਾਤਾਰ ਛੇਕ ਮਾਰਦੇ ਰਹਿਣਗੇ; ਤੇਰੇ ਰਸਤੇ 'ਚ ਕੰਡੇ ਵਿਛਾਉਂਦੇ ਰਹਿਣਗੇ। ਧਿਆਨ ਰੱਖੀਂ; ਇਨ੍ਹਾਂ ਨੂੰ ਜਦ ਕਦੀ ਮਾਰਨਾ, ਇਕੱਠੇ ਨਾ ਮਾਰ ਦੇਣਾ। ਇਨ੍ਹਾਂ ਨੂੰ ਵੱਖੋ-ਵੱਖਰੇ ਤੇ ਵੱਖ-ਵੱਖ ਤਰੀਕੇ ਨਾਲ ਮਾਰਨਾ। ਇਸ ਤਰ੍ਹਾਂ ਮਾਰਨ ਵੇਲ਼ੇ ਕੋਈ ਵੀ ਇਨ੍ਹਾਂ ਦਾ ਸਾਥ ਦੇਣ ਲਈ ਕਦੇ ਨਹੀਂ ਆਏਗਾ। ਇਨ੍ਹਾਂ ਸਭ ਗੱਲਾਂ ਦੇ ਬਾਵਜੂਦ, ਇਹ ਵੀ ਸੱਚ ਹੈ ਕਿ ਇਹ ਪੂਰੀ ਤਰ੍ਹਾਂ ਕਦੇ ਨਹੀਂ ਕੁਚਲੇ ਜਾ ਸਕਦੇ; ਮਿਟਾਏ ਨਹੀਂ ਜਾ ਸਕਦੇ, ਕਿਉਂਕਿ ਹਰ ਇਨਸਾਨ ਦੇ ਅੰਦਰ ਕਿਸੇ ਵੀ ਪਲ, ਇਨ੍ਹਾਂ ਵਰਗਾ ਬਣ ਜਾਣ ਦੀ ਸੰਭਾਵਨਾ ਜ਼ਿੰਦਾ ਰਹੇਗੀ, ਜੋ ਅੱਜ ਨਹੀਂ ਦਿਸ ਰਹੀ, ਪਰ ਕੱਲ੍ਹ ਨੂੰ ਹੋ ਵੀ ਸਕਦੀ ਹੈ।

ਇਹ ਦਿਸਦੇ ਨਹੀਂ, ਪਰ ਇਨ੍ਹਾਂ 'ਚੋਂ ਕੁਝ ਲੋਕ ਬਹੁਤ ਧੀਮੀ ਸੁਰ ਵਿੱਚ ਬੁੜ-ਬੜਾਉਂਦੇ ਹੋਏ, ਤੁਹਾਡੇ ਖ਼ਿਲਾਫ਼ ਬੋਲਦੇ ਰਹਿੰਦੇ ਹਨ। ਇਨ੍ਹਾਂ ਦੀ ਬੁੜ-ਬੁੜਾਹਟ ਲੋਕਾਂ 'ਤੇ ਅਸਰ ਪਾਉਂਦੀ ਹੈ। ਇਸੇ ਲਈ ਧਿਆਨ ਰੱਖਣਾ ਕਿ ਤੇਰੇ ਖ਼ਿਲਾਫ਼ ਪਹਿਲੀ ਆਵਾਜ਼ ਕਿੱਥੋਂ ਉੱਠੀ ਸੀ; ਕਿਸ ਨੇ ਤੇਰੇ ਖ਼ਿਲਾਫ਼ ਵਿਰੋਧ ਦਾ ਪਹਿਲਾ ਸ਼ਬਦ ਬੋਲਿਆ ਸੀ? ਯਾਦ ਰੱਖੋ; ਬੀਜ ਨੂੰ ਉਖਾੜਨਾ ਆਸਾਨ ਹੈ, ਬਿਰਖ ਨੂੰ ਨਹੀਂ। ਧਿਆਨ ਰਹੇ, ਕਿ ਨਦੀ ਦੀ ਨਿੱਕੇ-ਮੋਟੀ ਲਹਿਰ ਨੂੰ ਬੰਨ੍ਹ ਮਾਰਨਾ ਸੌਖਾ ਹੁੰਦਾ, ਪਰ ਦਰਿਆ ਦੇ ਮੂੰਹ-ਜ਼ੋਰ ਤੂਫ਼ਾਨ ਨੂੰ ਠੱਲ੍ਹਣਾ ਮੁਸ਼ਕਿਲ ਹੁੰਦਾ। ਧਿਆਨ ਰੱਖਣਾ; ਕਿ ਉਹ ਕੌਣ ਹੈ, ਜੋ ਭੀੜ ਨੂੰ ਉਸਦੇ ਨਸ਼ੇ ਤੋਂ ਜਗਾਉਣਾ ਚਾਹੁੰਦਾ ਹੈ? ਉਨ੍ਹਾਂ ਨੂੰ ਹਨੇਰੇ 'ਚੋਂ ਬਾਹਰ ਕੱਢ ਕੇ, ਉਨ੍ਹਾਂ ਨੂੰ ਸੁਤੰਤਰਤਾ, ਬਰਾਬਰੀ, ਮੁਹੱਬਤ ਤੇ ਖ਼ੁਸ਼ਹਾਲੀ ਦੀ ਰੌਸ਼ਨੀ ਵਿਖਾਉਣਾ ਚਾਹੁੰਦਾ ਹੈ? ਉਸ ਚਿਹਰੇ, ਉਸ ਆਵਾਜ਼ ਦੀ ਭਾਲ ਕਰੋ, ਪਛਾਣੋ ਤੇ ਉਹਦਾ ਦਮ ਗਲੇ ਵਿੱਚ ਹੀ ਤੋੜ ਦਿਉ। ਇਹਦੇ ਲਈ ਕਿੰਨਾ ਵੀ ਝੂਠ ਬੋਲਣਾ ਪਵੇ, ਕਰੂਰਤਾ ਤੇ ਅਨਿਆਂ ਕਰਨਾ ਪਵੇ, ਝਿਜਕਣਾ ਨਹੀਂ ਹੈ। ਯਾਦ ਰੱਖਣਾ; ਭੀੜ ਦੇ ਮੋਢਿਆਂ 'ਤੇ ਟਿਕੇ ਸਿਰ ਸੱਚ ਦੇ ਨਹੀਂ, ਝੂਠ ਦੇ ਸਹਾਰੇ ਜ਼ਿੰਦਾ ਰਹਿਣਾ ਚਾਹੁੰਦੇ ਹਨ। ਇਹ ਵੀ ਯਾਦ ਰਖਣਾ; ਕਿ ਰਾਜਿਆਂ ਦੀ ਸਾਰੀ ਕਰੂਰਤਾ, ਅਨਿਆਂ ਤੇ ਹਿੰਸਾ ਦੇ ਬਾਵਜੂਦ, ਦੁਨੀਆ ਕਦੇ ਰਾਜਿਆਂ ਤੋਂ ਖਾਲ੍ਹੀ ਨਹੀਂ ਹੋਈ; ਇਨਸਾਨਾਂ ਦੇ ਵਹਿੰਦੇ ਲਹੂ ਤੇ ਉਨ੍ਹਾਂ ਦੀ ਚੀਖ਼ ਪੁਕਾਰ ਤੋਂ ਕਦੇ ਵੀ ਮੁਕਤ ਨਹੀਂ ਹੋਈ। ਇਹਨੂੰ ਕਦੇ ਵੀ ਉਨ੍ਹਾਂ ਕੱਟੇ ਹੋਏ ਸਿਰਾਂ ਤੋਂ ਬਿਨਾ ਰਹਿਣਾ ਵੀ ਨਹੀਂ ਚਾਹੀਦਾ, ਜੋ ਸੱਚ ਬੋਲਣਾ ਚਾਹੁੰਦੇ ਹਨ। ਇਹ ਮੇਰਾ ਜਾਂ ਤੇਰਾ ਨਹੀਂ, ਪ੍ਰਕਿਰਤੀ

ਦਾ ਨਿਯਮ ਹੈ। ਇਹੀ ਇਸਦੀ ਰੁੱਤ ਹੈ; ਇਹੀ ਇਸਦਾ ਸੱਚ ਹੈ। ਇਸਨੂੰ ਪਛਾਣੋ। ਇਹ ਪਛਾਣ ਦੇ ਹੀ ਤੁਸੀਂ ਆਪਣੀ ਆਤਮਾ ਦੀ ਉਚਾਈ, ਆਪਣੀਆਂ ਇੱਛਾਵਾਂ ਦੀ ਮਹਾਨਤਾ ਪਛਾਨਣ ਲੱਗੋਗੇ।

## 'ਆਕਾਰ' ਦੇ ਸੰਪਾਦਕ ਪ੍ਰਿਯਵੰਦ ਆਖਦੇ ਹਨ :

ਇਸ ਤੋਂ ਬਾਅਦ ਕਾਗਜ਼ ਖਾਲ੍ਹੀ ਹਨ। ਇੱਥੋਂ ਤੱਕ ਲਿਖ ਕੇ ਇਸਨੂੰ ਛੱਡ ਦਿੱਤਾ ਗਿਆ ਹੈ। ਕਿਉਂ; ਪਤਾ ਨਹੀਂ ? ਪਰ ਤੁਹਾਡਾ ਖ਼ਤ ਤੁਹਾਡੇ ਤੱਕ ਪੁੱਜਦਾ ਕਰਨ ਦੀ ਮੇਰੀ ਜ਼ਿੰਮੇਵਾਰੀ ਪੂਰੀ ਹੋਈ। ਮੈਂ ਨਹੀਂ ਜਾਣਦਾ, ਇਹ ਬਜ਼ੁਰਗ ਔਰਤ ਕੌਣ ਹੈ? ਇਹ ਪ੍ਰਵਚਨ ਦੇਣ ਵਾਲਾ ਤੇ ਅਸੁਰਪਾਲ ਕੌਣ ਹੈ; ਰੰਗਬਤੀ ਕਿੱਥੇ ਹੈ? ਸ਼ਾਇਦ ਦੁਨੀਆ ਵਿੱਚ ਸਭ ਥਾਵਾਂ 'ਤੇ ਹੈ। ਸੰਭਵ ਹੈ, ਸੋਫੋ ਕਲੀਜ਼ ਦੇ ਨਾਟਕ 'ਈਡੀਪਸ' ਦੀਆਂ ਇਹ ਸਤਰਾਂ ਇਤਿਹਾਸ 'ਚ ਅਮਰ, ਅਨਾਹਤ ਤੇ ਪੱਕ ਚੁੱਕੀਆਂ ਕਰੂਰ ਆਸਥਾਵਾਂ ਦੇ ਸੱਚ, ਤਾਕਤ ਜਾਂ ਬੁਝਾਰਤ ਨੂੰ ਬੁੱਝਣ 'ਚ ਸਾਡੀ ਕੁਝ ਮੱਦਦ ਕਰ ਸਕਣ।

ਕੌਣ ਕਹਿੰਦਾ ਹੈ
ਉੱਪਰ ਦੇਵਤਾ ਰਹਿੰਦੇ ਹਨ
ਨਹੀਂ; ਉਹ ਓਥੇ ਨਹੀਂ ਹਨ
ਨਹੀਂ ਹਨ ਉਹ ਓਥੇ
ਜਾਗੋ; ਤੇ ਹੁਣ ਕਿਸੇ ਵੀ ਛਲੀਏ ਨੂੰ
ਪੁਰਾਣੀਆਂ ਤੇ ਝੂਠੀਆਂ ਕਹਾਣੀਆਂ ਸੁਣਾ ਕੇ
ਆਪਣੇ ਆਪੇ ਨੂੰ ਛਲਣ ਨਾ ਦਿਉ।
ਜਾਗੋ; ਤੇ ਸੱਚ ਦੀ ਲੋਅ ਪਛਾਣੋ..!
ਮੈਂ ਪੁੱਛਦਾ ਹਾਂ ਤੁਹਾਨੂੰ
ਪੁੱਛਦਾ ਹਾਂ ਮੈਂ...
ਤੁਹਾਥੋਂ ਤੇ ਤੁਹਾਡੇ ਅਧਰਮੀ ਦੇਵਤਿਆਂ ਤੋਂ
ਰਾਜੇ ਕਤਲੇ ਆਮ ਕਰਦੇ ਹਨ, ਲੁੱਟਦੇ ਨੇ ਨਗਰ
ਬਰਬਾਦ ਕਰਦੇ ਹਨ ਲੋਕਾਂ ਦਾ ਸੁਖ-ਚੈਨ
ਤੇ ਕਰਦੇ ਹੋਏ ਵੀ ਸੁਖੀ ਹਨ, ਬਹੁਤ ਸੁਖੀ
ਜੋ ਉਮਰ ਭਰ ਸ਼ਾਂਤ, ਪਵਿੱਤਰ
ਤੇ ਪ੍ਰੇਮ ਵਿੱਚ ਗੜੁਚ ਜੀਵਨ ਜੀਂਦੇ ਹਨ
ਚੁੱਪ-ਚਾਪ ਜਿਉਂਦੇ ਨੇ
ਆਪਣੀ ਨਿਹੱਥੀ ਚੁੱਪ ਦੇ ਅੰਗ-ਸੰਗ ਰਹਿੰਦਿਆਂ
ਕੌਣ ਕਹਿੰਦਾ ਹੈ
ਕਿ ਉੱਪਰ ਦੇਵਤਾ ਰਹਿੰਦੇ ਨੇ
ਨਹੀਂ, ਉਹ ਓਥੇ ਨਹੀਂ ਹਨ
ਨਹੀਂ ਰਹਿੰਦੇ ਉਹ ਓਥੇ..!




ਇੱਕ ਅਗਿਆਤ ਦਾ ਖ਼ਤ ਤੇ ਤਿੰਨ ਸਦੀਆਂ ਪੁਰਾਣਾ ਦਸਤਾਵੇਜ਼
('ਆਕਾਰ' ਦੀ ਸੰਪਾਦਕੀ ਦੀ ਥਾਂ ਛਪੇ ਦਸਤਾਵੇਜ਼) (**ਸੰਪਰਕ 98148-03773**)

**ਪੜਚੋਲ-ਸਮੀਖਿਆ :**

# ਰੰਗਾਂ ਨਾਲ ਸਾਹਿਤਕਾਰਾਂ ਨੂੰ ਪੇਸ਼ ਕਰਦੀ ਪੁਸਤਕ 'ਚਿੱਤਰਾਂ ਦਾ ਸਾਹਿਤਕ ਸੁਮੇਲ'

## - ਬਲਬੀਰ ਮਾਧੋਪੁਰੀ




**'ਚਿੱਤਰਾਂ ਦਾ ਸਾਹਿਤਕ ਸੁਮੇਲ' (ਪ੍ਰਕਾਸ਼ਕ: ਤਸਵੀਰ ਪ੍ਰਕਾਸ਼ਨ, ਮੰਡੀ ਕਾਲਾਂਵਾਲੀ, ਜ਼ਿਲ੍ਹਾਂ ਸਿਰਸਾ, ਹਰਿਆਣਾ, ਮੁੱਲ : 950, ਪੰਨੇ : 364)** ਸੰਤੋਖ ਸਿੰਘ ਭੁੱਲਰ (ਯੂ.ਕੇ.) ਦੀ ਸੱਜਰੀ ਪੁਸਤਕ ਹੈ। ਇਸ ਤੋਂ ਪਹਿਲਾਂ ਉਹ ਤਿੰਨ ਵਾਰਤਕ ਪੁਸਤਕਾਂ 'ਕਿਰਨਾਂ ਦੀ ਲੋਅ', ਇਕ ਗ਼ਜ਼ਲ ਸੰਗ੍ਰਹਿ 'ਵੰਝਲੀ', ਅਤੇ 'ਰੰਗਾਂ ਦਾ ਜਾਦੂਗਰ' ਪ੍ਰਸਿੱਧ ਚਿੱਤਰਕਾਰ ਸਰੂਪ ਸਿੰਘ ਦੀ ਜੀਵਨੀ ਹੈ। ਸੰਤੋਖ ਭੁੱਲਰ ਦੀਆਂ ਕੁਝ ਹੋਰ ਵਾਰਤਕ, ਕਹਾਣੀਆਂ, ਨਾਵਲ ਆਦਿ ਪੁਸਤਕਾਂ ਛਪਾਈ ਅਧੀਨ ਹਨ।

ਹੱਥਲੀ ਪੁਸਤਕ 'ਚਿੱਤਰਾਂ ਦਾ ਸਾਹਿਤਕ ਸੁਮੇਲ' ਤਿੰਨ ਭਾਗਾਂ ਵਿਚ ਯਾਨੀ ਉਪ ਸਿਰਲੇਖਾਂ, ਅਦਬੀ ਸਿਤਾਰੇ, ਸਾਡੇ ਰਾਹ ਦਸੇਰੇ, ਨਵੇਂ ਰਾਹਾਂ ਦੇ ਪਾਂਧੀ ਵਿੱਚ ਵੰਡੇ ਹੋਈ ਹੈ। ਭੂਮਿਕਾ ਤੇ ਗੁਰੂ ਮਹਿਮਾ ਇਸ ਗ੍ਰੰਥ ਵਿਚ ਮੰਗਲਾਚਰਨ ਵਜੋਂ ਹਨ ਕਿ ਗੁਰੂ ਨੇ ਆਪਣੀ ਕਾਵਿ-ਰਚਨਾ ਬਾਣੀ ਵਿਚ ਸਮਾਜਿਕ ਸਮਤਾ ਤੇ ਮਨੁੱਖਤਾ ਦਾ ਸੰਦੇਸ਼ ਦਿੱਤਾ ਹੈ।ਅਦਬੀ ਸਿਤਾਰੇ ਭਾਗ ਵਿਚ ਬਾਬਾ ਫਰੀਦ ਤੋਂ ਲੈ ਕੇ ਚੋਣਵੇਂ ਸੂਫ਼ੀ ਸੰਤਾਂ, ਲੋਕ-ਜ਼ੁਬਾਨ 'ਤੇ ਚੜ੍ਹੇ ਮਸ਼ਹੂਰ ਕਿੱਸਾਕਾਰ ਪੀਲੂ, ਵਾਰਿਸ ਸ਼ਾਹ, ਕਾਦਰਯਾਰ, ਹਾਸ਼ਮ ਸ਼ਾਹ, ਅੱਲ੍ਹਾ ਯਾਰ ਖ਼ਾਂ ਜੋਗੀ, ਲਾਲਾ ਦੌਲਤ ਰਾਮ। ਇਨ੍ਹਾਂ ਦੇ ਨਾਲ ਹੀ ਉਹ ਜਗਤ ਪ੍ਰਸਿੱਧ ਸ਼ਾਇਰ ਸ਼ਾਮਿਲ ਹਨ ਜਿਨ੍ਹਾਂ ਸਮੁੱਚੇ ਪੰਜਾਬ (ਅਣਵੰਡੇ) ਜਾਂ ਭਾਰਤ ਦੀ ਉਰਦੂ ਸ਼ਾਇਰੀ ਵਿਚ ਨਾਮਣਾ ਖੱਟਿਆ ਜਿਵੇਂ, ਉਮਰ ਖ਼ੱਯਾਮ, ਮਿਰਜ਼ਾ ਗ਼ਾਲਿਬ, ਅੱਲਾਮਾ ਮੁਹੰਮਦ ਇਕਬਾਲ, ਕੈਫ਼ੀ ਆਜ਼ਮੀ, ਸਾਹਿਰ ਲੁਧਿਆਣਵੀ, ਫ਼ੈਜ਼ ਅਹਿਮਦ ਫ਼ੈਜ਼। ਇਸ ਭਾਗ ਵਿਚ ਸਿਰਫ ਕਵੀ ਦਰਜ ਕੀਤੇ ਗਏ ਹਨ।

'ਸਾਡੇ ਰਾਹ ਦਸੇਰੇ' ਭਾਗ ਹੇਠ 67 ਅਜਿਹੇ ਨਾਮਵਰ ਸਾਹਿਤਕਾਰ ਦਰਜ ਹਨ ਜਿਨ੍ਹਾਂ ਵੱਖ ਵੱਖ ਵਿਧਾਵਾਂ ਵਿਚ ਲਿਖਿਆ ਜਿਨ੍ਹਾਂ ਵਿਚ ਲਾਹੌਰ ਦੇ ਔਰੀਐਂਟ ਕਾਲਜ ਵਿਚ ਪੰਜਾਬੀ ਪੜ੍ਹਾਉਂਦੇ ਰਹੇ ਪਹਿਲੇ ਅਧਿਆਪਕ ਪ੍ਰੋ. ਗੁਰਮੁਖ ਸਿੰਘ (1849-1898) ਅਤੇ ਗਿਆਨੀ ਦਿੱਤ ਸਿੰਘ (1850-1900) ਔਰੀਐਂਟਲ ਕਾਲਜ ਵਿਚ ਬਤੌਰ ਧਾਰਮਿਕ ਅਧਿਆਪਕ ਪੜ੍ਹਾਉਂਦੇ ਰਹੇ। ਭਾਈ ਕਾਨ੍ਹ ਸਿੰਘ ਨਾਭਾ, ਭਾਈ ਵੀਰ ਸਿੰਘ, ਧਨੀ ਰਾਮ ਚਾਤ੍ਰਿਕ, ਮੌਲਾ ਬਖ਼ਸ਼ ਕੁਸ਼ਤਾ, ਬਾਵਾ ਬੁੱਧ ਸਿੰਘ, ਪ੍ਰੋ. ਪੂਰਨ ਸਿੰਘ, ਭਾਈ ਸਾਹਿਬ ਸਿੰਘ, ਨਾਨਕ ਸਿੰਘ ਨਾਵਲਕਾਰ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਗੁਰਮੁਖ ਸਿੰਘ ਮੁਸਾਫ਼ਿਰ, ਗੰਡਾ ਸਿੰਘ, ਪ੍ਰੋ. ਮੋਹਨ ਸਿੰਘ, ਬਰਕਤ ਰਾਮ ਯਮਨ, ਹੀਰਾ

ਸਿੰਘ ਦਰਦ, ਦਵਿੰਦਰ ਸਤਿਆਰਥੀ, ਮਹਿੰਦਰ ਸਿੰਘ ਰੰਧਾਵਾ, ਸੋਹਣ ਸਿੰਘ ਸੀਤਲ, ਬਾਵਾ ਬਲਵੰਤ, ਬਲਵੰਤ ਗਾਰਗੀ, ਕਰਤਾਰ ਸਿੰਘ ਦੁੱਗਲ, ਸਾਧੂ ਸਿੰਘ ਹਮਦਰਦ, ਜਸਵੰਤ ਸਿੰਘ ਕੰਵਲ, ਅੰਮ੍ਰਿਤਾ ਪ੍ਰੀਤਮ, ਕੁਲਵੰਤ ਸਿੰਘ ਵਿਰਕ, ਚਾਨਣ ਗੋਬਿੰਦਪੁਰੀ, ਗੁਰਦਿਆਲ ਸਿੰਘ ਨਾਵਲਕਾਰ, ਗੁਰਸ਼ਰਨ ਸਿੰਘ ਨਾਟਕਕਾਰ, ਦਲੀਪ ਕੌਰ ਟਿਵਾਣਾ, ਡਾ. ਜਗਤਾਰ, ਸ਼ਿਵ ਕੁਮਾਰ ਬਟਾਲਵੀ, ਚਰਨਦਾਸ ਸਿੱਧੂ, ਸੰਤ ਰਾਮ ਉਦਾਸੀ, ਸਵਰਨ ਚੰਦਨ, ਅਵਤਾਰ ਪਾਸ਼, ਹਰਜਿੰਦਰ ਬੱਲ, ਤੇ ਹੋਰ ਸ਼ੁਮਾਰ ਹਨ। ਉਪਰੋਕਤ ਸਾਰੇ ਸਾਹਿਤਕਾਰ ਕਵਿਤਾ, ਆਲੋਚਨਾ, ਕੋਸ਼ਕਾਰੀ, ਵਾਰਤਕ, ਨਾਟਕ, ਨਾਵਲ ਦੇ ਨਾਲ ਨਾਲ ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਮੁਖ਼ਾਤਿਬ ਰਹੇ। ਉਨ੍ਹਾਂ ਦੀਆਂ ਸਾਹਿਤ-ਰਚਨਾਵਾਂ ਨੂੰ ਉਨ੍ਹਾਂ ਦੇ ਜੀਵਨ ਸਮੇਤ ਉਭਾਰਿਆ ਗਿਆ ਹੈ। 'ਨਵੇਂ ਰਾਹਾਂ ਦੇ ਪਾਂਧੀ' ਉਪ-ਸਿਰਲੇਖ ਹੇਠ ਸੁਰਜੀਤ ਭੁੱਲਰ, ਸੁਰਜੀਤ ਪਾਤਰ, ਗੁਰਭਜਨ ਗਿੱਲ, ਬਲਬੀਰ ਮਾਧੋਪੁਰੀ, ਬਚਿੰਤ ਕੌਰ, ਡਾ. ਵਨੀਤਾ, ਸੁਖਵਿੰਦਰ ਅੰਮ੍ਰਿਤ, ਡਾ. ਹਰਸ਼ਿੰਦਰ ਕੌਰ, ਬਾਬਾ ਨਜ਼ਮੀ, ਗੁਰਦਿਆਲ ਰੌਸ਼ਨ, ਭੁਪਿੰਦਰ ਸੱਗੂ ਵਰਗੇ ਉੱਘੜਵੇਂ ਨਾਂ ਹਨ ਜਿਨ੍ਹਾਂ ਆਪੋ ਆਪਣੇ ਲੇਖਣ ਖੇਤਰ ਵਿਚ ਵੱਡੀ ਭੂਮਿਕਾ ਨੇ ਪੰਜਾਬੀ ਸਾਹਿਤ ਨੂੰ ਭਰਪੂਰ ਤੌਰ ਤੇ ਅਮੀਰ ਬਣਾਉਣ ਵਿਚ ਨਿੱਗਰ ਯੋਗਦਾਨ ਪਾਇਆ।


ਦਰਅਸਲ, ਇਸ ਗ੍ਰੰਥ-ਨੁਮਾ ਕਿਤਾਬ ਦੀ ਪ੍ਰੇਰਨਾ ਦਾ ਸਰੋਤ ਵਿਸ਼ਵ ਪ੍ਰਸਿੱਧ ਚਿੱਤਰਕਾਰ ਸਰੂਪ ਸਿੰਘ ਦੀ ਮਰਹੂਮ ਪਤਨੀ ਸਰਦਾਰਨੀ ਗੁਰਮੀਤ ਕੌਰ ਹੈ ਜਿਸ ਨੇ ਆਪਣੇ ਕੈਂਸਰ ਰੋਗ ਦੇ ਹੁੰਦਿਆਂ ਆਖਰੀ ਸਵਾਸਾਂ ਸਮੇਂ ਉਨ੍ਹਾਂ ਨੂੰ ਕੁਝ ਚੋਣਵੇਂ ਪੰਜਾਬੀ ਸਾਹਿਤਕਾਰਾਂ ਦੇ ਚਿੱਤਰ ਬਣਾਉਣ ਦੀ ਇੱਛਾ ਜ਼ਾਹਿਰ ਸੀ। ਉਸੇ ਸਿਲਸਿਲੇ ਤਹਿਤ ਚਿੱਤਰਕਾਰ ਸਰੂਪ ਸਿੰਘ ਨੇ ਚਾਰ ਸਾਲ ਦੀ ਮਿਹਨਤ ਨਾਲ ਰੰਗਾਂ ਦਾ ਖ਼ੂਬਸੂਰਤ ਖੇਲ ਖੇਲਿਆ ਤੇ ਹਥਲੀ ਪੁਸਤਕ ਦੇ ਹਰੇਕ ਸਾਹਿਤਕਾਰ ਨੂੰ ਆਪਣੇ ਚਿੱਤਰਾਂ ਨਾਲ ਸ਼ੰਗਾਰਿਆ। ਪੁਸਤਕ ਵਿਚ 124 ਚਿੱਤਰ ਹਨ ਜਿਨ੍ਹਾਂ ਨੂੰ ਅੱਗੇ ਇਕ ਅਜਾਇਬ ਘਰ ਵਿੱਚ ਸਜਾਇਆ ਜਾਣਾ ਹੈ। ਅੱਠ ਸੌ ਸਾਲਾਂ ਦਾ ਸਾਹਿਤ ਇਤਿਹਾਸ ਇਸ ਗ੍ਰੰਥ ਨੁਮਾ ਕਿਤਾਬ ਦੀ ਗੌਰਤਲਬ ਹਕੀਕਤ ਇਹ ਹੈ ਕਿ ਇਸ ਦੇ ਲੇਖਕ ਸੰਤੋਖ ਭੁੱਲਰ (ਯੂ. ਕੇ.) ਨੇ ਚਿੱਤਰਾਂ ਦੇ ਨਾਲ ਸਾਹਿਤਕਾਰਾਂ ਦੇ ਜੀਵਨ ਵੇਰਵੇ, ਉਨ੍ਹਾਂ ਦੇ ਮਿਆਰੀ ਸਾਹਿਤਕ ਯੋਗਦਾਨ ਬਾਰੇ ਲਿਖਣ ਦੀ ਹਾਮੀ ਭਰੀ ਅਤੇ ਕਿਤਾਬ ਛਪਵਾਉਣ ਦੀ ਜ਼ਿੰਮੇਵਾਰੀ ਲਈ ਭਾਵੇਂ ਸੰਤੋਖ ਭੁੱਲਰ ਦੀ ਪਤਨੀ ਕਿਸੇ ਬੀਮਾਰ ਤੋਂ ਪੀੜਤ ਹੈ।

ਸੰਖੇਪਤਾ ਨੂੰ ਧਿਆਨ 'ਚ ਰੱਖਦਿਆਂ ਕਹਿਣਾ ਉਚਿਤ ਹੋਵੇਗਾ ਕਿ ਪੰਜਾਬੀ ਤੇ ਪੰਜਾਬੀਅਤ ਨੂੰ ਸਮਰਪਿਤ ਪੰਜਾਬ ਦੀਆਂ ਜੰਮਪਲ ਵਿਦੇਸ਼ ਵਸਦੀਆਂ ਇਨ੍ਹਾਂ ਦੋਹਾਂ ਵਿਲੱਖਣ ਸ਼ਖ਼ਸੀਅਤਾਂ ਨੇ ਸ਼ਬਦਾਂ ਤੇ ਚਿੱਤਰਾਂ ਦੇ ਜ਼ਰੀਏ ਨਾਮਵਰ ਸਾਹਿਤ ਹਸਤੀਆਂ ਨਾਲ ਕੁੱਲ ਲੁਕਾਈ ਨਾਲ ਸਾਂਝ ਪੁਆਈ ਹੈ। ਇਨ੍ਹਾਂ ਅਣਥੱਕ ਤੇ ਨਿਸ਼ਕਾਮ ਯੋਧਿਆਂ ਨੇ ਵਰ੍ਹਿਆਂ ਬੱਧੀ ਦਿਨ-ਰਾਤ ਸਖ਼ਤ ਮਿਹਨਤ, ਲਗਾਤਾਰ ਲੇਖਕ ਸੰਪਰਕ ਸਾਂਝ ਸਕਦਾ ਪਹਿਲੀ ਅਜਿਹੀ ਪੁਸਤਕ ਸਾਹਮਣੇ ਲਿਆਂਦੀ ਹੈ ਜਿਸ ਦਾ ਮੰਤਵ ਤੇ ਮਨੋਰਥ ਪੰਜਾਬੀ ਮਾਂ ਬੋਲੀ ਦੇ ਮੁੱਢਲੇ ਕਵੀਆਂ ਤੋਂ ਲੈ ਕੇ ਵਰਤਮਾਨ ਤਕ ਦੇ ਸਾਹਿਤਕਾਰਾਂ ਨੂੰ ਸਦੀਆਂ ਤਕ ਜੀਵੰਤ ਰੱਖਣ ਦਾ ਉਪਰਾਲਾ ਹੈ। ਚਿੱਤਰਕਾਰ ਸਰੂਪ ਸਿੰਘ ਤੇ ਰਚਨਾਕਾਰ ਸੰਤੋਖ ਭੁੱਲਰ ਦੀ ਡੂੰਘੀ ਨੀਝ-ਰੀਝ ਤੇ ਦੂਰ-ਦ੍ਰਿਸ਼ਟੀ ਦੇ ਯਤਨਾਂ ਨੂੰ ਇਸ ਲਈ ਸਲਾਹੁਣਾ ਬਣਦਾ ਹੈ ਕਿ ਉਨ੍ਹਾਂ ਆਪਣੀ ਨੇਕ ਕਿਰਤ-ਕਮਾਈ ਮਾਂ-ਬੋਲੀ ਦੇ ਲੇਖੇ ਲਾਈ।

(**ਸੰਪਰਕ : 93505-48100**)

# ਇਤਿਹਾਸ, ਸਮਕਾਲ ਤੇ ਚਿੰਤਨ ਦਾ ਪਾਸਾਰ : ਰੌਲ਼ਿਆਂ ਵੇਲੇ

**ਡਾ. ਜਸਵਿੰਦਰ ਕੌਰ ਬਿੰਦਰਾ**




ਇਸ ਵਿੱਚ ਕੋਈ ਸ਼ਕ ਨਹੀਂ ਕਿ ਪੰਜਾਬੀ ਸਾਹਿਤ ਵਿੱਚ ਵੰਡ ਉਤੇ ਸਭ ਤੋਂ ਵੱਧ ਲਿਖਿਆ ਗਿਆ ਤੇ ਇਹ ਸਿਲਸਿਲਾ ਅਜੇ ਵੀ ਜਾਰੀ ਹੈ। ਸਾਹਿਤ ਦੀਆਂ ਸਾਰੀਆ ਵਿਧਾਵਾਂ ਵਿੱਚ ਇਸ ਨੇ ਸਭ ਤੋਂ ਵੱਧ ਹੱਕ ਹਾਸਲ ਕੀਤਾ। ਬਹੁਤ ਜਾਣੇ-ਪਛਾਣੇ ਵਿਸ਼ੇ ਉਤੇ ਲਗਾਤਾਰ ਰਚੀਆਂ ਜਾਂਦੀਆਂ ਰਚਨਾਵਾਂ ਵਿੱਚ ਵਿਸ਼ਿਆਂ ਤੇ ਪੇਸ਼ਕਾਰੀ ਵਿੱਚ ਦੁਹਰਾਓ ਹੋਣਾ ਸੁਭਾਵਕ ਹੈ। ਕਿਸੇ ਜਾਣੇ-ਪਛਾਣੇ ਵਿਸ਼ੇ ਉਤੇ ਲੇਖਕ ਨੂੰ ਉਦੋਂ ਹੀ ਹੱਥ ਅਜ਼ਮਾਉਣਾ ਚਾਹੀਦਾ ਹੈ, ਜਦੋਂ ਉਸ ਕੋਲ ਕਹਿਣ ਲਈ ਕੋਈ ਗੱਲ ਹੋਵੇ। ਹਾਲਾਂਕਿ ਹਰ ਲੇਖਕ ਆਪਣੇ ਅਨੁਭਵਾਂ ਤੇ ਲਿਖਣ-ਸ਼ੈਲੀ ਨਾਲ ਆਪਣੇ ਅੰਦਾਜ਼ ਵਿੱਚ ਨਵੀਂ ਗੱਲ ਹੀ ਕਹਿਣਾ ਚਾਹੁੰਦਾ ਹੈ। ਬਲਬੀਰ ਪਰਵਾਨਾ ਦਾ ਨਵਾਂ ਨਾਵਲ **'ਰੌਲ਼ਿਆਂ ਵੇਲੇ'** (**ਪ੍ਰਕਾਸ਼ਕ : ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, ਮੁੱਲ : 300 ਰੁਪਏ, ਪੰਨੇ: 187, ਸਾਲ: 2024**) ਵੰਡ ਨਾਲ ਹੀ ਸੰਬੰਧਤ ਹੈ। ਇਹ ਨਾਵਲ ਪੜ੍ਹਨ ਤੋਂ ਪਹਿਲਾ ਇਸ ਗੱਲ ਦੀ ਉਤਸੁਕਤਾ ਜ਼ਰੂਰ ਹੋਈ ਕਿ ਪਰਵਾਨਾ ਨੇ ਜੇ ਇਹ ਵਿਸ਼ਾ ਚੁਣਿਆ ਹੈ, ਤਾਂ ਜ਼ਰੂਰ ਕੋਈ ਨਵਾਂ ਪੱਖ ਰੱਖਣ ਦੀ ਕੋਸ਼ਿਸ਼ ਕੀਤੀ ਹੋਏਗੀ। ਪਰਵਾਨਾ ਬਾਰੇ ਇਹ ਗੱਲ ਜਗ ਜ਼ਾਹਿਰ ਹੈ ਕਿ ਉਹ ਇਕ ਗੰਭੀਰ ਕਿਸਮ ਦਾ ਲੇਖਕ ਹੈ।

ਵੰਡ ਦਾ ਮਸਲਾ ਆਪਣੇ ਆਪ ਵਿੱਚ ਵਿਸ਼ਾਲ ਹੈ। ਸੱਤਾ ਪੱਖ ਵੱਲੋਂ ਭਾਵੇਂ ਇਸ ਨੂੰ ਅੰਗ੍ਰੇਜ਼ਾਂ ਵੱਲੋਂ ਕੀਤੀ ਗਈ ਵੰਡ ਤੇ ਧਾਰਮਕ ਜਨੂੰਨ ਦਾ ਰੰਗ ਦੇ ਕੇ, ਆਪਣੇ ਆਪ ਨੂੰ ਨਿਰਪੱਖ ਸਾਬਤ ਕਰਨ ਦਾ ਯਤਨ ਕੀਤਾ ਗਿਆ, ਪਰ ਆਉਣ ਵਾਲੇ ਸਮੇਂ ਵਿੱਚ ਇਸ ਲੀਪਾਪੋਤੀ ਦਾ ਰੰਗ ਬਹੁਤ ਹੱਦ ਤਕ ਉਤਰਦਾ ਗਿਆ ਤੇ ਵਿੱਚੋਂ ਸੱਤਾ ਤੇ ਤਾਕਤ ਦੀ ਮੂੰਹ ਜ਼ੋਰ ਭੁੱਖ ਸਾਹਮਣੇ ਦਿੱਸਣ ਲੱਗੀ। ਭਾਵੇਂ ਇਸ ਨੂੰ ਭਾਰਤ ਦੀ ਵੰਡ ਹੀ ਕਿਹਾ ਜਾਂਦਾ ਹੈ, ਪਰ ਅਸਲ ਵਿੱਚ ਇਹ ਸਿਰਫ਼ ਪੰਜਾਬ ਤੇ ਫਿਰ ਬੰਗਾਲ ਦੀ ਵੰਡ ਹੋਈ। ਦੁਨੀਆ ਦੇ ਇਤਿਹਾਸ ਦੀ ਅਜਿਹੀ ਘਟਨਾ, ਜਿਸ ਦੀ ਦੂਜੀ ਕੋਈ ਮਿਸਾਲ ਨਹੀਂ ਮਿਲਦੀ। ਲੇਖਕ ਨੇ ਇਸ ਨਾਵਲ ਰਾਹੀਂ ਕੁਝ ਅਜਿਹੇ ਪ੍ਰਸ਼ਨ ਸਾਹਮਣੇ ਰੱਖੇ, ਜੋ ਇਤਿਹਾਸ ਤੋਂ ਹੁੰਦੇ ਹੋਏ ਸਮਕਾਲ ਤਕ ਪੁੱਜ ਕੇ ਨਵੇਂ ਅਰਥ ਗ੍ਰਹਿਣ ਕਰ ਲਏ ਹਨ। ਇਹ ਨਾਵਲ ਤੱਥ ਤੇ ਇਤਿਹਾਸ, ਸਮਾਜਕ/ਆਰਥਕ ਪੱਧਰ, ਰਾਜਸੀ ਤੇ ਸੱਤਾ ਦੇ ਪ੍ਰਪੰਚ, ਧਰਮ/ਜਾਤਾਂ ਤੇ ਕਲਾ/ਵਿਗਿਆਨ ਅਧੀਨ ਮਨੁੱਖੀ ਸੁਭਾਅ ਤੇ ਉਸ ਦੀ ਹੋਣੀ ਦੀਆਂ ਪਰਤਾਂ ਨੂੰ ਪਰਖਦੇ, ਸਮਝਦੇ ਤੇ ਉਧੇੜਦੇ ਹੋਏ ਚਿੰਤਨ ਵੱਲ ਨੂੰ ਵੱਧਦਾ ਹੈ। ਇਸ ਸਭ ਦੇ ਕੇਂਦਰ ਵਿੱਚ ਨੌਜਵਾਨ ਗੁਰਪ੍ਰੀਤ ਹੈ, ਜੋ ਆਪਣੇ ਯੂ-ਟਿਊਬ ਚੈਨਲ 'ਜੜ੍ਹਾਂ ਦੀ ਤਲਾਸ਼'

ਰਾਹੀਂ ਵੰਡ ਦੀ ਪੈੜ ਨੂੰ ਫਰੋਲਣ ਦਾ ਯਤਨ ਕਰਦਾ ਹੈ।

ਕਾਲਜ ਵਿੱਚ ਮੀਡੀਆ ਦੀ ਪੜ੍ਹਾਈ ਵੇਲੇ ਆਪਣੇ ਇਕ ਅਸਾਈਨਮੈਂਟ ਵਿੱਚ ਇਕ ਵੀਡੀਓ ਬਣਾਉਣ ਨਾਲ ਸ਼ੁਰੂ ਹੋਇਆ ਇਹ ਸਿਲਸਿਲਾ ਕਿਵੇਂ ਇਕ ਮਿਸ਼ਨ ਬਣ ਗਿਆ, ਇਸ ਦਾ ਅੰਦਾਜ਼ਾ ਸੁਚੇਤ ਤੌਰ ਤੇ ਗੁਰਪ੍ਰੀਤ ਨੂੰ ਬਹੁਤ ਬਾਦ ਵਿੱਚ ਹੋਇਆ।ਅਨਜਾਣੇ ਹੀ ਇਸ ਪਾਸੇ ਪੈਣ ਤੇ ਉਹ ਫਿਰ ਇਸ ਪਾਸੇ ਵੱਲ ਵਧਦਾ ਹੀ ਗਿਆ।'ਜੜ੍ਹਾਂ ਦੀ ਤਲਾਸ਼' ਨਾਮਕ ਚੈਨਲ ਉੱਤੇ ਉਸ ਵੱਲੋਂ ਪਾਈਆਂ ਜਾਂਦੀਆਂ ਵੀਡੀਓ ਨੂੰ ਚੜ੍ਹਦੇ ਤੇ ਲਹਿੰਦੇ ਦੋਵੇਂ ਪੰਜਾਬਾਂ ਵਿੱਚ ਬਹੁਤ ਸ਼ੌਕ ਤੇ ਦਿਲਚਸਪੀ ਨਾਲ ਦੇਖਿਆ ਤੇ ਸਰਾਹਿਆ ਜਾਣ ਲੱਗਾ। ਪਰ ਉਸ ਨੇ ਆਪਣੇ ਇਸ ਮਿਸ਼ਨ ਦੀ ਹੱਦ ਦਸੂਹਾ ਤੇ ਮੁਕੇਰੀਆ ਇਲਾਕੇ ਤਕ ਸੀਮਿਤ ਰੱਖਣ ਦਾ ਨਿਸ਼ਚਾ ਕੀਤਾ। ਇਸ ਇਲਾਕੇ ਤੋਂ ਉਜੜ ਕੇ ਗਏ ਮੁਸਲਮਾਨ ਤੇ ਦੂਜੇ ਪਾਸਿਓਂ ਉਜੜ ਕੇ ਆਏ ਹਿੰਦੂ-ਸਿੱਖ, ਜੋ ਇਸ ਇਲਾਕੇ ਵਿੱਚ ਆ ਕੇ ਵਸੇ, ਉਹ ਉਨ੍ਹਾਂ ਦੀ ਨਿਸ਼ਾਨਦੇਹੀ ਕਰਨ ਦੇ ਰਾਹ ਉਤੇ ਤੁਰਿਆ। ਉਹ ਜਿਵੇਂ-ਜਿਵੇਂ ਇਸ ਰਾਹ ਤੇ ਵੱਧਣ ਲੱਗਾ, ਉਤਨੀ ਹੀ ਗਹਿਰਾਈ ਵਿੱਚ ਉਤਰਣ ਲੱਗਾ।

ਉਸ ਨੂੰ ਜਿੱਥੇ ਵੀ ਇਸ ਗੱਲ ਦੀ ਸੂਹ ਮਿਲਦੀ, ਉਹ ਆਲਸ ਨਾ ਕਰਦਾ, ਤੁਰੰਤ ਆਪਣੀ ਬਾਈਕ ਚੁੱਕ, ਉਸ ਜਗ੍ਹਾ ਉੱਤੇ ਪਹੁੰਚ ਜਾਂਦਾ।ਉਸ ਦੀ ਪਹਿਲੀ ਇੱਛਾ ਇਹ ਹੁੰਦੀ ਕਿ ਕੋਈ ਬੁਜ਼ਰਗ, ਜਿਸ ਨੇ ਗੌਲ਼ਿਆ ਵੇਲੇ ਨੂੰ ਆਪਣੇ ਹੱਡੀ ਭੋਗਿਆ ਹੋਵੇ, ਉਸ ਨਾਲ ਸਿੱਧੇ ਤੌਰ ਤੇ ਗੱਲਬਾਤ ਰਿਕਾਰਡ ਕਰੇ। ਉਹ ਅਜਿਹੇ ਬੁਜ਼ਰਗਾਂ ਤਕ ਆਪਣੇ ਮਿੱਤਰਾਂ, ਜਾਣ-ਪਛਾਣ ਵਾਲਿਆਂ ਦੇ ਵੀ ਅੱਗੋਂ ਉਨ੍ਹਾਂ ਦੇ ਕੋਈ ਨਾ ਕੋਈ ਸੂਤਰ ਰਾਹੀਂ ਉਨ੍ਹਾਂ ਦੇ ਘਰਾਂ ਤਕ ਪੁੱਜਦਾ ਗਿਆ। ਜ਼ਿਆਦਾਤਰ ਬੁਜ਼ਰਗਾਂ ਨੇ ਖੁੱਲ੍ਹ ਕੇ ਦੱਸਿਆ। ਉਸ ਵੇਲੇ ਨੂੰ ਯਾਦ ਕਰਦੇ ਹੋਏ ਉਹ ਜਿਵੇਂ ਸਮੇਂ ਦੀ ਲੰਬੀ ਦੂਰੀ ਨੂੰ ਭੁੱਲ, ਤੁਰੰਤ ਹੀ ਆਪਣੇ ਬਚਪਨ ਤੇ ਮੁੱਢਲੇ ਸਮੇਂ ਵਿੱਚ ਜਾ ਪਹੁੰਚਦੇ।ਭਾਵੇਂ ਉਹ ਹੰਜਾਲ ਦਾ ਪੰਚਾਨਵੇਂ ਵਰ੍ਹਿਆਂ ਦਾ ਬਾਬਾ ਪ੍ਰਕਾਸ਼ ਹੋਵੇ ਤੇ ਭਾਵੇਂ ਆਪਣੇ ਹੀ ਪਿੰਡ ਦਾ ਹਰਨਾਮ ਸਿੰਘ ਬਾਜਵਾ। ਕਈ ਵਾਰ ਬਹੁਤ ਸਾਰੇ ਉਹ ਲੋਕ ਵੀ ਹੁੰਦੇ, ਜਿਨ੍ਹਾਂ ਬਚਪਨ ਤੇ ਜਵਾਨੀ ਵਿੱਚ ਆਪਣੇ ਬਾਪ, ਦਾਦੇ ਤੋਂ ਉਨ੍ਹਾਂ ਦੇ ਇਲਾਕਿਆਂ ਬਾਰੇ ਸੁਣਿਆ। ਜਿਸ ਵਿੱਚ ਵੰਡ ਦਾ ਐਲਾਨ ਹੋਣ ਮਗਰੋਂ ਤੇ ਪਿੰਡ ਵਿੱਚ ਦੂਜੀ ਧਿਰ ਵੱਲੋਂ ਹਮਲੇ ਹੋਣ ਦੀ ਸੂਚਨਾ ਮਿਲਣ ਤੇ ਬੈਠੇ-ਬਿਠਾਏ, ਉਨ੍ਹਾਂ ਕੱਪੜਿਆਂ ਵਿੱਚ ਹੀ, ਆਪਣੇ ਭਰੇ-ਭਰਾਏ ਘਰ ਛੱਡ ਕੇ ਨਿਕਲ ਤੁਰਨ ਦੀਆਂ ਗੱਲਾਂ, ਵੱਢ-ਟੁੱਕ ਦੀਆਂ ਵਾਰਦਾਤਾਂ, ਅੱਖੀਂ ਦੇਖੇ ਤੇ ਹੱਡੀ ਭੋਗੇ ਦੁਖ, ਸੰਤਾਪ ਤੇ ਪੀੜਾ ਭਰੇ ਬੋਲ ਜਿਵੇਂ ਉਨ੍ਹਾਂ ਨੇ ਸੁਣੇ ਸਨ, ਉਵੇਂ ਹੀ ਜਿਉਂ ਦੇ ਤਿਉਂ ਗੁਰਪ੍ਰੀਤ ਅੱਗੇ ਰੱਖ ਦੇਂਦੇ ਸਨ।

ਗੁਰਪ੍ਰੀਤ ਦੀਆਂ ਵੀਡੀਓ ਦੇਖ ਕੇ ਚੜ੍ਹਦੇ-ਲਹਿੰਦੇ ਦੋਵੇਂ ਪਾਸਿਓਂ ਲੋਕ ਉਸ ਨੂੰ ਜਾਨਣ ਲੱਗੇ। ਜੇ ਉਨਾਂ ਕੋਲ ਕੋਈ ਵੀ ਇਸ ਸੰਬੰਧੀ ਜਾਣਕਾਰੀ ਜਾਂ ਸੂਤਰ ਹੁੰਦਾ ਤਾਂ ਉਹ ਆਪ ਗੁਰਪ੍ਰੀਤ ਨੂੰ ਫ਼ੋਨ ਕਰਕੇ, ਉਸ ਤਕ ਪਹੁੰਚ ਬਣਾ ਲੈਂਦੇ।ਇਨ੍ਹਾਂ ਵਿੱਚੋਂ ਹੀ ਕੈਨੇਡਾ ਤੋਂ ਆਬਿਦਾ ਨੇ ਫ਼ੋਨ ਕੀਤਾ, ਜਿਸ ਦਾ ਪਰਿਵਾਰ ਲਹਿੰਦੇ ਪੰਜਾਬ ਵਿੱਚ ਵਸਦਾ ਸੀ। ਉਸ ਦੇ ਪੁਰਖਿਆਂ ਦਾ ਪਿੰਡ ਬਬਨਗੜ੍ਹ ਸੀ। ਉਸ ਨੇ ਆਪਣੇ ਦਾਦੇ ਸ਼ੇਰ ਮੁਹੰਮਦ ਦੀ ਲਿਖੀ ਲਿਖਤ ਵੀ ਲਿਪੀਆਂਤਰ ਕਰਕੇ ਉਸ ਨੂੰ ਭੇਜੀ।ਉਸ ਦੇ ਵਾਲਦ ਬਸ਼ੀਰ ਮੁਹਮੰਦ ਨੇ ਗੁਰਪ੍ਰੀਤ ਨਾਲ ਵੀਡੀਓ ਕਾਲ ਰਾਹੀਂ ਦੱਸਿਆ ਕਿ ਉਸ ਦਾ ਬਾਪ ਆਪਣੇ ਆਖ਼ਰੀ ਵੇਲੇ ਤਕ ਆਪਣੇ ਪਿੰਡ ਨੂੰ ਦੇਖਣ ਲਈ

ਤਰਸਦਾ ਹੀ ਚਲਾ ਗਿਆ। ਆਪਣੀ ਹਰ ਵੀਡੀਓ ਵਿੱਚ ਗੁਰਪ੍ਰੀਤ ਦਾ ਯਤਨ ਇਹ ਰਹਿੰਦਾ ਕਿ ਫੋਟੋਗ੍ਰਾਫੀ ਤੇ ਮੁਲਾਕਾਤ ਰਾਹੀਂ ਉਹ ਉਸ ਐਪੀਸੋਡ ਵਿੱਚ ਕੋਈ ਨਵੀਂ ਗੱਲ ਕਹਿਣ ਦੀ ਕੋਸ਼ਿਸ਼ ਕਰੇ। ਟੁੱਟੀਆਂ-ਭੱਜੀਆਂ ਇਮਾਰਤਾਂ, ਖੰਡਰ ਹੋਈ ਬਾਰਾਂਦਰੀਆਂ, ਮਸਜਿਦਾਂ, ਹਵੇਲੀਆਂ, ਬਾਜ਼ਾਰਾਂ ਦੀ ਫੋਟੋਗ੍ਰਾਫੀ ਕਰਦੇ ਹੋਏ, ਉਨ੍ਹਾਂ ਵਿੱਚੋਂ ਕੋਈ ਤੰਦ ਫੜੀ ਜਾ ਸਕੇ, ਜਿਸ ਨਾਲ ਪੁਰਾਣੀ ਪਛਾਣ ਨੂੰ ਕਾਇਮ ਕੀਤਾ ਜਾ ਸਕੇ। ਪਰ ਬਹੁਤ ਵਾਰ, ਉਸ ਦੇ ਹੱਥ ਪੱਲੇ ਕੁਝ ਖ਼ਾਸ ਨਹੀਂ ਪੈਂਦਾ ਸੀ। ਗੁਰਪ੍ਰੀਤ ਨੂੰ ਪੁਰਾਣੀ ਕਿਸੇ ਨਿਸ਼ਾਨੀ ਦੀ ਪੈੜ ਨਪਦਿਆਂ ਦੇਖਦਿਆ ਯਾਦ ਆਇਆ, ਯੂਰਪੀਨ ਤੇ ਅੰਗ੍ਰੇਜ਼ਾਂ ਨੇ ਕਿਵੇਂ ਦੋਵੇਂ ਵੱਡੀਆਂ ਜੰਗਾਂ ਦੀਆਂ ਨਿਸ਼ਾਨੀਆਂ ਤੇ ਪੈੜਾਂ ਨੂੰ ਸੰਭਾਲ ਕੇ ਰੱਖਿਆ ਹੈ। ਜਦਕਿ ਸਾਡੇ ਦੇਸ਼ ਨੇ ਐਨੀ ਵੱਡੀ ਤ੍ਰਾਸਦੀ ਦੀਆਂ ਨਿਸ਼ਾਨੀਆਂ ਨੂੰ ਸਾਂਭਣ ਯੋਗ ਵੀ ਨਹੀਂ ਸਮਝਿਆ। ਫਿਰ ਵੀ ਉਹ ਇਸ ਰਾਹ ਉਤੇ ਸ਼ਿੱਦਤ ਨਾਲ ਤੁਰਦਾ ਜਾ ਰਿਹਾ ਸੀ। ਆਬਿਦਾ ਨਾਲ ਉਸ ਦੀ ਸਾਂਝ ਪੈਣ ਦਾ ਕਾਰਣ ਵੀ ਇਹੀ ਸੀ ਕਿ ਉਹ ਉਸ ਦੀ ਸੋਚ ਤੇ ਲਗਨ ਦੀ ਕਾਇਲ ਹੋ ਗਈ ਸੀ।

ਦਸੂਹਾ ਦੇ ਅਨੇਕ ਆਸ-ਪਾਸ ਪਿੰਡਾਂ ਤੇ ਇਲਾਕਿਆਂ ਦਾ ਦੌਰਾ ਕਰਦਿਆਂ, ਬੁਜ਼ਰਗਾਂ ਤੇ ਅਧਖੱੜ ਉਮਰ ਦੇ ਲੋਕਾਂ ਨੂੰ ਮਿਲਦਿਆਂ, ਜਿਨ੍ਹਾਂ ਦੇ ਬਾਪ-ਦਾਦਿਆਂ ਨੇ ਰੌਲ਼ਾ ਦੇਖਿਆ, ਉਜਾੜ ਦੇਖਿਆ ਤੇ ਫਿਰ ਖ਼ਾਲੀ ਹੱਥ ਆ ਕੇ, ਸਖ਼ਤ ਮਿਹਨਤ ਕਰ, ਆਪਣੇ ਪੈਰਾਂ ਉਤੇ ਖੜੇ ਹੀ ਨਹੀਂ ਹੋਏ, ਸਗੋਂ ਇੱਥੇ ਹੀ ਜ਼ਮੀਨਾਂ-ਜਾਇਦਾਦਾਂ ਬਣਾਈਆਂ। ਉਨ੍ਹਾਂ ਦੀਆਂ ਬਣਾਈਆਂ ਉਹੀ ਜ਼ਮੀਨ-ਜਾਇਦਾਦਾਂ ਨੂੰ ਵੇਚ ਕੇ ਉਨ੍ਹਾਂ ਦੀ ਤੀਜੀ ਜਾਂ ਚੌਥੀ ਪੀੜ੍ਹੀ ਹੁਣ ਵਿਦੇਸ਼ਾਂ ਵੱਲ ਚਾਲੇ ਪਾ ਰਹੀ ਹੈ। ਉਨ੍ਹਾਂ ਦੇ ਬਣਾਏ ਘਰ ਤੇ ਕੋਠੀਆਂ ਉਤੇ ਹੁਣ ਤਾਲੇ ਲੱਗਦੇ ਜਾਂਦੇ ਹਨ। ਗੁਰਪ੍ਰੀਤ ਨੂੰ ਲੱਗਦਾ ਕਿ ਜੀਵਨ-ਜਾਚ ਐਨੀ ਜਲਦੀ ਸਿਰਫ਼ 70 ਸਾਲਾਂ ਵਿੱਚ ਹੀ ਕਿਵੇਂ ਬਦਲ ਗਈ। ਪੰਜਾਬ ਦੀ ਜ਼ਮੀਨ ਦਾ ਬੰਜ਼ਰ ਹੁੰਦੇ ਜਾਣਾ, ਜਗ੍ਹਾ-ਜਗ੍ਹਾ ਥਰੈਸ਼ਰ ਲੱਗੇ ਹੋਣ ਨਾਲ ਫੈਲਦੇ ਮਿੱਟੀ-ਧੂੜ ਨੇ ਸਾਰੇ ਵਾਤਾਵਰਣ ਨੂੰ ਦੂਸ਼ਿਤ ਕਰ ਦਿੱਤਾ ਹੈ। ਜਿਸ ਦੇਸ਼ ਲਈ ਪੰਜਾਬੀਆਂ ਨੇ ਕੁਰਬਾਨੀਆਂ ਦਿੱਤੀਆਂ, ਉਜਾੜੇ ਸਹੇ, ਉਨ੍ਹਾਂ ਨੂੰ ਦੋਵੇਂ ਪਾਸੇ ਰਿਫਊਜੀ, ਮੁਹਾਜਿਰ ਤੇ ਪਨਾਹਗੀਰ ਕਹਿ ਕੇ ਬੇਇਜ਼ੱਤ ਕੀਤਾ ਗਿਆ। ਜਦਕਿ ਸਾਰਾ ਦੇਸ਼ ਉਸ ਵੇਲੇ 'ਆਜ਼ਾਦੀ' ਦਾ ਉਤਸਵ ਮਨਾ ਰਿਹਾ ਸੀ ਤੇ ਪੰਜਾਬ ਦੇ ਬਾਸ਼ਿੰਦੇ ਭੁੱਖੇ-ਭਾਣੇ, ਆਪਣੇ ਘਰ-ਬਾਰ ਲੁੱਟਾ ਕੇ, ਆਪਣੇ ਜੀਆਂ ਨੂੰ ਅੱਖਾਂ ਸਾਹਮਣੇ ਕੋਹਦਿਆਂ, ਆਪਣੀਆਂ ਧੀਆਂ/ ਭੈਣਾਂ ਤੇ ਔਰਤਾਂ ਨੂੰ ਧਾੜਵੀਆਂ ਵੱਲੋਂ ਖਿੱਚ-ਧੂਹ ਕੇ ਲੈਂਦਿਆਂ ਦੇਖਿਆ ਤੇ ਜਾਂ ਆਪਣੇ ਹੱਥੀਂ ਆਪਣੀਆਂ ਧੀਆਂ/ਔਰਤਾਂ ਨੂੰ ਮਾਰ ਸੁੱਟਿਆ। ਉਨ੍ਹਾਂ ਦੀ ਔਲਾਦ ਕਿਸੇ ਵੀ ਤਰੀਕੇ ਨਾਲ ਆਪਣੇ ਚੰਗੇ ਭਵਿੱਖ ਲਈ ਬਾਹਰਲੇ ਦੇਸ਼ਾਂ ਵੱਲ ਚਾਲੇ ਪਾ ਰਹੀ ਹੈ। ਇਸ ਦਾ ਕਾਰਣ ਦੋਵਾਂ ਦੇਸ਼ਾਂ ਦਾ ਅਸਤੁੰਲਿਤ ਸਿਸਟਮ ਹੈ।

ਲੇਖਕ ਨੇ ਗੁਰਪ੍ਰੀਤ ਦੇ ਰੂਪ ਵਿੱਚ ਉਸ ਸਮੇਂ ਵਿਚਲੇ ਤੱਥਾਂ ਤੇ ਅੰਕੜਿਆਂ ਨੂੰ ਘੋਖਦੇ ਹੋਏ, ਇਸ ਦੀ ਤਹਿ ਵਿੱਚ ਪੁੱਜਣ ਦੀ ਕੋਸ਼ਿਸ਼ ਕੀਤੀ ਕਿ ਬੇਸ਼ਕ ਅੰਗ੍ਰੇਜ਼ਾਂ ਨੇ ਮਹਾਰਾਜੇ ਤੋਂ ਬਾਅਦ ਆਪਣੇ ਮਾਲੀ ਫਾਇਦੇ ਲਈ ਪੰਜਾਬ ਨੂੰ ਬਾਰਾਂ ਵਿੱਚ ਵੰਡਿਆ। ਸਿੱਖਿਆ ਨੂੰ ਗਿਆਨ ਤੋਂ ਤੋੜ ਕੇ, ਨੌਕਰੀ ਦੇ ਨਾਂ ਨਾਲ ਜੋੜ ਕੇ ਲੋਕਾਂ ਨੂੰ ਸਿਸਟਮ ਦੀ ਮਸ਼ੀਨਰੀ ਵਿੱਚ ਫਿੱਟ ਹੋਣ ਦੇ ਪੁਰਜੇ ਵਜੋਂ ਤਿਆਰ ਕੀਤਾ। ਸਮੂਹਿਕ ਭਾਈਚਾਰੇ ਦੀ ਥਾਂ ਉਤੇ ਨਿੱਜੀ ਜਾਇਦਾਦਾਂ ਵੱਲ ਮੋੜਿਆ। ਉਸ ਤੋਂ ਵੱਡਾ ਕੰਮ ਇੱਥੇ ਦੇ ਦੇਸ਼ੀ ਹਾਕਮਾਂ ਨੇ ਕੀਤਾ ਤੇ ਲੋਕਾਂ ਨੂੰ ਧਰਮ ਦੇ ਨਾਂ ਉਤੇ ਲੜਵਾ

ਕੇ ਦੋਵੇਂ ਪਾਸੀ ਖ਼ੂਨ-ਖ਼ਰਾਬਾ ਕਰਵਾਇਆ। ਸੱਤਾ ਉੱਤੇ ਕਾਬਜ਼ ਹੋਣ ਦੀ ਬੇਸਬਰੀ ਵਿੱਚ ਦੋਵਾਂ ਪਾਸੇ ਐਨੀ ਵੱਡੀ ਆਬਾਦੀ ਦੇ ਬੇਘਰ ਹੋਣ ਦਾ ਕੋਈ ਵੀ ਠੋਸ ਬੰਦੋਬਸਤ ਨਹੀਂ ਕੀਤਾ ਗਿਆ। ਰੱਜੇ-ਪੁੱਜੇ ਲੋਕਾਂ ਨੂੰ ਸੜਕਾਂ ਉੱਤੇ ਰੁਲ਼ਣ ਲਈ ਛੱਡ ਕੇ, ਆਪਣੇ ਹੀ ਦੇਸਵਾਸੀਆਂ ਦਾ ਵੱਡਾ ਘਾਣ ਕੀਤਾ। ਜਿਸ ਵਿੱਚ ਦਸ ਲੱਖ ਤੋਂ ਵੱਧ ਲੋਕ ਮਾਰੇ ਗਏ। ਔਰਤਾਂ ਦੇ ਬਲਾਤਕਾਰ, ਉਧਾਲੇ ਹੋਏ। ਬਹੁਤ ਸਾਰੇ ਲੋਕ ਹੜ੍ਹਾਂ ਵਿੱਚ ਰੁੜ੍ਹ ਗਏ। ਬਸੰਤਰ ਤੇ ਜੱਸੜ ਨੇੜੇ ਪੂਰੀ ਭਰੀ ਗੱਡੀ ਨੂੰ ਲਾਸ਼ਾਂ ਵਿੱਚ ਬਦਲ ਦਿੱਤਾ ਗਿਆ।

ਇਨ੍ਹਾਂ ਗੱਲਾਂ-ਬਾਤਾਂ ਰਾਹੀਂ ਹੀ ਗੁਰਪ੍ਰੀਤ ਨੂੰ ਇਹ ਵੀ ਪਤਾ ਲੱਗਾ ਕਿ ਲੋਕਾਂ ਉੱਤੇ ਇਹ ਵੰਡ ਇਕ ਤਰ੍ਹਾਂ ਨਾਲ ਥੋਪੀ ਗਈ। ਪਿੰਡਾਂ ਵਿੱਚ ਪਿਆਰ ਤੇ ਭਾਈਚਾਰੇ ਵਾਲੇ ਲੋਕ ਗ਼ੈਰ ਧਰਮੀਆਂ ਨੇ ਵੀ ਇਕ-ਦੂਜੇ ਦਾ ਸਾਥ ਦਿੱਤਾ। ਉਸ ਵੇਲੇ ਕੁਝ ਧਰਮ ਦੇ ਨਾਂ ਦੇ ਜਨੂੰਨੀਆਂ ਦੇ ਨਾਲ, ਹਰ ਧਰਮ ਤੇ ਤਬਕੇ ਵਿੱਚੋਂ ਲੁੱਟੇਰਿਆਂ ਤੇ ਬਦਮਾਸ਼ਾਂ ਨੇ ਇਸ ਮੌਕੇ ਦਾ ਵੱਡਾ ਫਾਇਦਾ ਚੁੱਕਿਆ ਤੇ ਗਹਿਣਿਆਂ, ਨਕਦੀ, ਕੀਮਤੀ ਸਾਜ਼ੋ-ਸਾਮਾਨ ਦੇ ਨਾਲ-ਨਾਲ ਕੁੜੀਆਂ/ ਔਰਤਾਂ ਨਾਲ ਬੇਹੁਰਮਤੀ ਕੀਤੀ। ਸਵਾਲ ਇਹ ਉੱਠਦਾ ਹੈ ਕਿ ਸਦੀਆਂ ਤੋਂ ਇੱਕਠੇ ਰਹਿੰਦੇ ਆਏ ਭਾਈਚਾਰੇ ਕਿਵੇਂ ਭੀੜਾਂ ਵਿੱਚ ਤਬਦੀਲ ਹੋ ਗਏ। ਕੀ ਮਨੁੱਖੀ ਪ੍ਰਵਿਰਤੀ ਵਿੱਚ ਇਹ ਗੱਲਾਂ ਅਚਨਚੇਤ ਪਈਆਂ ਹਨ, ਜਿਸ ਕਰਕੇ ਉਨ੍ਹਾਂ ਆਪਣੇ ਹੀ ਹਮਸਾਇਆਂ ਨੂੰ ਕੋਹ ਮਾਰਿਆ। ਉਨ੍ਹਾਂ ਦੀ ਭਾਸ਼ਾ ਤੇ ਰਿਸ਼ਤੇ ਦੀ ਸਾਂਝ ਉਦੋਂ ਤੋਂ ਜੋ ਟੁੱਟ ਹੋਈ, ਅੱਜ ਤਕ ਸਬੂਤੀ ਨਹੀਂ ਹੋ ਸਕੀ। ਬਾਅਦ ਵਿੱਚ '84 ਦੇ ਵਰਤਾਰਿਆਂ ਨੇ ਇਹ ਪਾੜ ਹੋਰ ਵੀ ਵਧਾ ਦਿੱਤਾ। ਸਰਕਾਰਾਂ ਆਪਣੇ ਮਕਸਦ ਵਿੱਚ ਹਮੇਸ਼ਾ ਕਾਮਯਾਬ ਰਹੀਆਂ ਤੇ ਭਾਈਚਾਰੇ ਬੇਪਛਾਣ ਹੁੰਦੇ ਗਏ। ਹੁਣ ਤਾਂ ਰਹਿੰਦੀ ਉਹ ਮਾੜੀ-ਮੋਟੀ ਪਛਾਣ ਤੇ ਸਾਂਝ ਨੂੰ ਵੀ ਢਾਅ ਲੱਗਦੀ ਜਾਂਦੀ ਹੈ, ਕਿਉਂਕਿ ਵੰਡ ਵੇਲੇ ਹਰ ਇਲਾਕੇ ਦੀ ਦਸਤਗੀਰੀ ਦੀ ਆਪਣੀ ਪਛਾਣ ਸੀ। ਲੋਕਾਂ ਨੂੰ ਪਤਾ ਸੀ, ਫਲਾਣੇ ਜਗ੍ਹਾ ਦੀ ਫਲਾਣੀ ਚੀਜ਼ ਮਜ਼ਬੂਤ ਤੇ ਵਧੀਆ ਹੈ। ਫਲਾਣਾ ਘੜਾ ਜਾਂ ਸੰਦੂਕ ਬਣਾਉਣ ਦਾ ਵਧੀਆ ਕਾਰੀਗਰ ਹੈ। ਵੰਡ ਨਾਲ ਉਹ ਹਸਤ ਕਲਾਵਾਂ, ਇਲਾਕਿਆਂ ਤੇ ਕਾਰੀਗਰਾਂ/ਕਲਾਕਾਰਾਂ ਦੀ ਪਛਾਣ ਵੀ ਗਵਾਚ ਗਈ। ਹੁਣ ਇੱਕਵੀਂ ਸਦੀ ਦੇ ਮੌਲ ਕਲਚਰ ਨੇ ਵੈਸੇ ਵੀ ਹਰ ਪਛਾਣ ਨੂੰ ਖਤਮ ਕਰ ਦਿੱਤਾ ਹੈ ਕਿਉਂਕਿ ਚਮਚਮਾਉਂਦੇ ਤੇ ਲਿਸ਼ਕਦੀਆਂ ਥਾਵਾਂ ਉਤੇ ਜ਼ਿਆਦਾਤਰ ਇਕੋ ਜਿਹਾ ਸਾਮਾਨ ਪਿਆ ਹੀ ਦਿੱਸਦਾ ਹੈ। ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਦੀ ਆਪਣੀ ਮੌਲਿਕਤਾ ਵੀ ਹੁਣ ਮਰਨ-ਕੰਢੇ ਪੁੱਜ ਚੁੱਕੀ ਹੈ। ਇਸ ਨਾਲ ਲੋਕ ਕਲਾਵਾਂ, ਲੋਕ ਪਰੰਪਰਾਵਾਂ ਤੇ ਲੋਕ ਵਿਰਸੇ ਨੂੰ ਜੋ ਨੁਕਸਾਨ ਹੋਣਾ ਸ਼ੁਰੂ ਹੋਇਆ, ਮੁੜ ਉਹ ਹੱਥਾਂ ਵਿੱਚੋਂ, ਜੀਵਨ-ਜਾਚ ਵਿੱਚੋਂ, ਸਮਾਜ ਵਿੱਚੋਂ ਤੇ ਚੇਤਿਆਂ ਵਿਚੋਂ ਕਿਰਦਾ ਹੀ ਗਿਆ। ਨਵੀਂ ਪੀੜੀ ਕੋਲ ਆਪਣੀ ਸਮੂਹਿਕ ਕੋਈ ਪਛਾਣ ਬਾਕੀ ਨਹੀਂ ਰਹੀ ਤੇ ਲੱਗਦਾ ਵੀ ਨਹੀਂ ਕਿ ਉਹ ਆਪਣੇ ਵਿਰਸੇ ਨੂੰ ਸਾਂਭਣ ਪ੍ਰਤੀ ਚੇਤੰਨ ਵੀ ਹਨ ਕਿਉਂਕਿ ਸਮੂਹਿਕ ਤੇ ਭਾਈਚਾਰੇ ਤੋਂ ਤੋੜ ਨਿਖੇੜਨ ਦਾ ਜੋ ਕੰਮ ਉਨ੍ਹੀਵੀਂ ਸਦੀ ਦੇ ਮੱਧ ਤੋਂ ਸ਼ੁਰੂ ਹੋਇਆ ਸੀ, ਇੱਕਵੀਂ ਸਦੀ ਵਿੱਚ ਇਹ ਸਿਲਸਿਲਾ ਵਿਸ਼ਾਲ ਅਜਗਰ ਵਾਂਗ ਸਭ ਨੂੰ ਬਹੁਤ ਹੱਦ ਤਕ ਨਿਗਲ ਚੁੱਕਾ ਹੈ। ਜਿਸ ਵਿੱਚ ਸਿਰਫ਼ ਪੂੰਜੀ ਦਾ ਬੋਲਬਾਲਾ ਤੇ ਗਲੈਮਰ ਦੀ ਚਮਕ-ਦਮਕ ਹੀ ਸਿਰ ਚੜ੍ਹ ਕੇ ਬੋਲ ਰਹੀ ਹੈ, ਜੋ ਸਿਵਾਏ ਪਖੰਡ ਤੇ ਦਿਖਾਵੇ ਦੇ ਹੋਰ ਕੁਝ ਨਹੀਂ।

ਪਿੱਛਲੇ ਅੱਠ-ਦਸ ਸਾਲਾਂ ਵਿੱਚ ਇੰਟਰਨੈਟ ਤੇ ਸੋਸ਼ਲ ਮੀਡੀਆ ਦੇ ਬੋਲਬਾਲੇ ਨੇ ਅਨੇਕਾਂ


ਨੂੰ ਆਡੀਓ-ਵੀਡੀਓ ਵੱਲ ਪ੍ਰੇਰਿਆ ਤੇ ਦੇਖਦੇ ਹੀ ਦੇਖਦੇ ਅਨੇਕ ਚੈਨਲ ਯੂ-ਟਿਊਬ ਤੇ ਹੋਰ ਸੋਸ਼ਲ ਮੰਚਾਂ ਉੱਤੇ ਨਜ਼ਰ ਆਉਣ ਲੱਗੇ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸੋਸ਼ਲ ਮੀਡੀਆ ਨੇ ਲੋਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ, ਕਈਆਂ ਦੀ ਰੋਟੀ-ਰੋਜ਼ੀ ਦਾ ਜ਼ਰੀਆ ਵੀ ਬਣਿਆ ਤੇ ਪਿੱਛਲੇ ਕੁਝ ਅਰਸੇ ਤੋਂ ਕਹਿਣ ਦੀ ਆਜ਼ਾਦੀ ਵੀ ਦਿੱਤੀ। ਪਰ ਬੇਹਿਸਾਬ ਚੈਨਲਾਂ ਤੇ ਯੂ-ਟਿਊਬਰਾਂ ਦੀ ਹੱਦ ਨਿਸ਼ਚਿਤ ਨਹੀਂ ਹੈ। ਬਹੁਤ ਵਾਰ ਇਹ ਵੀਡੀਓਜ਼ ਬੇਲਗਾਮ ਹੁੰਦੀਆਂ ਦਿਸਦੀਆਂ ਹਨ। ਇਸ ਪੱਖੋਂ ਗੁਰਪ੍ਰੀਤ ਅਜਿਹਾ ਨੌਜਵਾਨ ਹੈ, ਜਿਸ ਨੇ ਆਪਣੀਆਂ ਹੱਦਾਂ ਨੂੰ ਹੀ ਨਹੀਂ ਜ਼ਰੂਰਤਾਂ ਨੂੰ ਵੀ ਸੀਮਿਤ ਕੀਤਾ ਹੋਇਆ ਹੈ। ਉਹ ਆਮ ਦਿੱਸਦੇ ਗਲੈਮਰ ਤੋਂ ਆਪਣੇ ਆਪ ਪਰ੍ਹੇ ਰੱਖਦਾ ਹੈ। ਬਹੁਤ ਅਰਸੇ ਬਾਅਦ ਪੰਜਾਬੀ ਨਾਵਲ ਵਿੱਚ ਕੋਈ ਅਜਿਹਾ ਕਿਰਦਾਰ ਸਾਹਮਣੇ ਆਇਆ, ਜਿਸ ਕੋਲ ਆਪਣੀ ਸੋਚ, ਸੋਝੀ ਤੇ ਚੇਤੰਨਤਾ ਹੈ। ਉਹ ਨਸ਼ੇ-ਪੱਤੇ ਤੇ ਵਿਦੇਸ਼ ਵੱਲ ਜਾਣ ਲਈ ਲਿਲਕੜੀ ਲੈਂਦਾ ਨਹੀਂ ਦਿੱਸਦਾ। ਸਾਨੂੰ ਅਜਿਹੇ ਨੌਜਵਾਨਾਂ ਤੇ ਕਿਰਦਾਰਾਂ ਦੀ ਲੋੜ ਹੈ, ਜਿਸ ਕੋਲ ਕੋਈ ਵਿਜ਼ਨ ਹੈ, ਜਿਸ ਆਪਣੀ ਹੱਦਬੰਦੀ ਨਿਸ਼ਚਿਤ ਕੀਤੀ ਹੋਈ ਹੈ, ਬਜ਼ਾਰਵਾਦ ਦੇ ਪ੍ਰਭਾਵ ਤੇ ਸ਼ੁਹਰਤ ਪਿੱਛੇ ਉਹ ਆਪਣੀ ਵੀਡੀਓਗ੍ਰਾਫੀ ਦੀ ਗੁਣਵਤਾ ਨੂੰ ਲੋਕਾਂ ਦੀ ਮਸ਼ਹੂਰ ਹੋਣ ਦੀ ਲਾਲਸਾ ਪ੍ਰਤੀ ਵਰਤਣ ਤਕ ਲਈ ਤਿਆਰ ਨਹੀਂ, ਭਾਵੇਂ ਉਹ ਮੂੰਹ-ਮੰਗੀ ਰਕਮ ਦੇਣ ਲਈ ਤਿਆਰ ਹਨ।

ਪਿਆਰ ਤੇ ਸਾਂਝ ਦਾ ਜਜ਼ਬਾ ਕੋਈ ਧਰਮ, ਦੇਸ ਤੇ ਦੂਰੀ ਨੂੰ ਨਹੀਂ ਦੇਖਦਾ। ਗੁਰਪ੍ਰੀਤ ਤੇ ਆਬਿਦਾ ਦਾ ਇਕ-ਦੂਜੇ ਦੇ ਪ੍ਰਤੀ ਆਕਰਸ਼ਿਤ ਹੋਣਾ ਤੇ ਕੁਝ ਦਿਨ ਇੱਕਠੇ ਗੁਜ਼ਾਰਨਾ ਅੱਜ ਦੇ ਸਮੇਂ ਵਿੱਚ ਓਪਰਾ ਨਹੀਂ ਲੱਗਦਾ। ਉਥੇ ਹੀ ਆਬਿਦਾ ਦੇ ਇੰਡੀਆ ਆਉਣ ਤੇ ਪੰਜਾਬ ਆਪਣੇ ਪੁਰਖਿਆਂ ਦੇ ਪਿੰਡ ਜਾਣ ਉਤੇ ਉਥੋਂ ਦੇ ਲੋਕਾਂ ਵੱਲੋਂ ਮਿਲਦੇ ਪਿਆਰ, ਸਤਿਕਾਰ ਤੇ ਮਾਣ ਨੇ ਇਸ ਗੱਲ ਨੂੰ ਵੀ ਸਾਬਤ ਕਰ ਦਿੱਤਾ, ਮਿੱਟੀ ਤੇ ਜੜ੍ਹਾਂ ਵਿਚਲੀ ਸਾਂਝ ਕਿਉਂਕਿ ਸਰਕਾਰਾਂ ਦੇ ਅਧੀਨ ਨਹੀਂ, ਇਸ ਦਾ ਵਾਸਤਾ ਦਿਲਾਂ ਤੇ ਜਜ਼ਬੇ ਨਾਲ ਹੈ, ਇਸ ਲਈ ਇਹ ਅਜੇ ਅੰਦਰੋਂ ਪੂਰੀ ਤਰ੍ਹਾਂ ਨਾਲ ਮਰੇ ਨਹੀਂ। ਇਹ ਭਾਵੁਕ ਰਿਸ਼ਤੇ ਉਦੋਂ ਤਕ ਜੀਵਿਤ ਰਹਿ ਸਕਦੇ ਹਨ, ਜੇ ਮਨਾਂ ਵਿੱਚ ਮੌਜੂਦ ਰਹਿਣ। ਆਬਿਦਾ ਦਾ ਆਪਣੇ ਦਾਦੇ ਦੀ ਕਬਰ ਉਤੇ ਉਸ ਦੇ ਪਿੰਡ ਦੀ ਮਿੱਟੀ ਤੇ ਹੁਣ ਉਥੇ ਉੱਗੇ ਕਮਾਦ ਦੀ ਗੁੜ ਦੀ ਢੇਲੀ ਲੈ ਜਾਣ ਦੀ ਮੰਗ ਕਰਨਾ, ਅੰਦਰੋਂ ਝਿੰਜੋੜ ਵੀ ਜਾਂਦਾ ਹੈ।

ਬਲਬੀਰ ਪਰਵਾਨਾ ਨੇ ਆਪਣੇ ਇਸ ਨਾਵਲ ਵਿੱਚ ਨਾ ਇਤਿਹਾਸ ਨੂੰ ਅੱਖੋਂ ਪਰੋਖੇ ਕੀਤਾ, ਸਗੋਂ ਕਈ ਨਵੀਆਂ ਜਾਣਕਾਰੀਆਂ ਵੀ ਸਾਹਮਣੇ ਲਿਆਇਆ, ਜਿਵੇਂ ਡੋਗਰਾਂ, ਅਰਾਈਆਂ, ਗੁੱਜਰਾਂ ਆਦਿ ਦੇ ਕਿੰਨ-ਕਿੰਨੇ ਪਿੰਡ ਇੱਕਠੇ ਹੁੰਦੇ ਸਨ। ਹਰ ਦੌਰ ਦੇ ਆਪਣੇ ਸੱਤਾ ਕੇਂਦਰ ਤੇ ਵਪਾਰਕ ਕੇਂਦਰ ਹੁੰਦੇ ਹਨ। ਬਾਬਰ ਦੇ ਵੇਲੇ ਰਾਹ ਦੀ ਜਾਣਕਾਰੀ, ਮਲੋਤ ਵੱਡਾ ਕੇਂਦਰ, ਸਾਰੀਆਂ ਸੱਚੀਆਂ ਘਟਨਾਵਾਂ, ਮੌਲਵੀ ਗੁਲਾਮ ਰਸੂਲ ਦੀ ਲਿਖਤ ਦਾ ਜ਼ਿਕਰ ਆਦਿ। ਇਹ ਰਚਨਾ ਪੰਜਾਬੀਆਂ ਦੀ ਹਿੱਕ ਉੱਤੇ ਉਕਰੀ ਉਸ ਬੀਤੀ ਤ੍ਰਾਸਦੀ ਦੇ ਬਿਰਤਾਂਤ ਦਾ ਅੱਖੀਂ ਵੇਖਿਆ ਹਾਲ ਸੁਣਾਉਂਦੇ ਹੋਏ, ਸਮਕਾਲ ਨੂੰ ਜ਼ਿਹਨ ਵਿੱਚ ਰੱਖ ਕੇ ਸੋਚ-ਵਿਚਾਰ ਕਰਦੀ, ਕੁਝ ਅਜਿਹੇ ਸਵਾਲ ਖੜੇ ਕਰਦੀ ਹੈ, ਜੋ ਚਿੰਤਨ ਦੇ ਰਾਹ ਵੱਲ ਮੋੜਾ ਕੱਟਦੇ ਹੋਏ ਇਕ ਵਾਰ ਫਿਰ ਤੋਂ ਮਨੁੱਖੀ ਹੋਂਦ, ਉਸ ਦੀ ਪ੍ਰਵਿਰਤੀ, ਸਮਾਜਕ ਬਣਤਰ ਤੇ ਸੱਤਾ ਪੱਖ ਬਾਰੇ ਸੋਚਣ ਵੱਲ ਇਸ਼ਾਰਾ ਕਰਦੇ ਹਨ। **(ਸੰਪਰਕ- 98681-92835)**

# ਮਨੋ-ਵਿਗਿਆਨਕ ਬਣਤਰ : ਅਲਵਿਦਾ ! ਕਦੇ ਵੀ ਨਹੀਂ”

**- ਨਿਰੰਜਣ ਬੋਹਾ**




ਪਰਵਾਸੀ ਲੇਖਿਕਾ ਲਾਜ ਨੀਲਮ ਸੈਣੀ ਦੀ ਨਵੀਂ ਛਪੀ ਪੁਸਤਕ ਦੇ ਟਾਈਟਲ **‘ਅਲਵਿਦਾ ! ਕਦੇ ਵੀ ਨਹੀ’** (**ਪ੍ਰਿਥਮ ਪ੍ਰਕਾਸ਼ਨ ਪਟਿਆਲਾ, ਮੁੱਲ : 250, ਪੰਨੇ : 224, ਸਾਲ : 2024**) ਦੇ ਨਾਲ ਬ੍ਰੈਕਟ ਵਿੱਚ ਸਵੈ –ਜੀਵਨੀ ਮੂਲਕ ਨਾਵਲ ਲਿਖਿਆ ਗਿਆ ਹੈ। ਇਹ ਲਿਖਤ ਦੀ ਰੂਪਕ ਬਣਤਰ ਵਾਰਤਕ ਖੇਤਰ ਦੇ ਵੱਧ ਨੇੜੇ ਹੈ ਜਾਂ ਗਲਪ ਖੇਤਰ ਦੇ, ਇਸ ਬਾਰੇ ਸਾਹਿਤ ਸਾਸ਼ਤਰੀ ਦ੍ਰਿਸ਼ਟੀਕੋਨ ਤੋਂ ਵੱਖਰੀ ਚਰਚਾ ਦੀ ਲੋੜ ਹੈ ਪਰ ਬਿਨਾਂ ਸ਼ੱਕ ਇਹ ਲਿਖਤ ਇੱਕ ਵਿਚਾਰ ਉਤੇਜਕ ਸਵੈ–ਜੀਵਨੀ ਹੋਣ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੀ ਹੈ। ਇਹ ਲਿਖਤ ਰੂਹਾਨੀ ਧਰਾਤਲ ’ਤੇ ਵਿਗਸਣ ਵਾਲੇ ਪਤੀ ਪਤਨੀ ਦੇ ਅਕੱਥ ਪਿਆਰ ਸੰਬਧਾਂ ਰਾਹੀ ਸਫ਼ਲ ਗ੍ਰਹਿਸਥੀ ਜੀਵਨ ਦਾ ਅਜਿਹਾ ਆਦਰਸ਼ਕ ਮਾਡਲ ਸਿਰਜਦੀ ਹੈ ਜਿਹੜਾ ਆਪਣੇ ਹੰਡਣਸਾਰ ਤੇ ਟਿਕਾਊ ਹੋਣ ਦੀ ਮੂੰਹ ਬੋਲਦੀ ਗਵਾਹੀ ਆਪ ਦਿੰਦਾ ਹੈ। ਤਣਾਓ ਯੁਕਤ ਰਿਸ਼ਤਿਆਂ ਵਾਲੇ ਅਜੋਕੇ ਯੁੱਗ ਵਿੱਚ ਭਾਵੇਂ ਇਹ ਮਾਡਲ ਮਿੱਥ ਕਹਾਣੀਆਂ ਵਰਗਾ ਲੱਗਦਾ ਹੈ ਪਰ ਇਸਦੀ ਹਲਫ਼ੀਆਂ ਬਿਆਨ ਵਰਗੀ ਭੂਮਿਕਾ ਦੱਸਦੀ ਹੈ ਕਿ ਇਸਦਾ ਬਿਰਤਾਂਤ ਲੇਖਿਕਾ ਨੇ ਆਪਣੇ ਹੱਡੀ ਹੰਢਾਈਆਂ ਘਟਨਾਵਾਂ ਤੇ ਅਨੁਭਵਾਂ ਨੂੰ ਯਥਾਰਕ ਧਰਾਤਲ ’ਤੇ ਭੋਗ ਕੇ ਹੀ ਲਿਖਿਆ ਹੈ। ਇਸ ਜੀਵਨੀ ਵਿਚਲਾ ਵਿਚਾਰਧਾਰਕ ਨਜ਼ਰੀਆਂ ਗੁਰਬਖਸ਼ ਸਿੰਘ ਪ੍ਰੀਤ ਲੜੀ ਯੁੱਗ ਦੇ ਪ੍ਰੀਤ ਫਲ਼ਸਫੇ ‘ਪਿਆਰ ਕਬਜ਼ਾ ਨਹੀਂ ਪਹਿਚਾਣ ਹੈ’ ਨਾਲ ਮੇਲ ਖਾਂਦਾ ਹੈ। ਇਸ ਸਵੈ ਜੀਵਨੀ ਦੇ ਕੇਂਦਰ ਵਿਚ ਰਹਿਣ ਵਾਲਾ ਗ੍ਰਹਿਸਥੀ ਜੋੜਾ ਇਕ ਦੂਜੇ ਪ੍ਰਤੀ ਸਮਰਪਿਤ ਹੋਣ ਸਬੰਧੀ ਜਿਹੜੇ ਪ੍ਰਤਿਮਾਨ ਸਿਰਜਦਾ ਹੈ, ਉਹ ਪਰਿਵਾਰਕ ਜੀਵਨ ਨੂੰ ਹਰ ਤਰ੍ਹਾਂ ਨਾਲ ਨਿੱਘੇ ਤੇ ਹੰਡਣਸਾਰ ਬਣਾਉਣ ਵਾਲੇ ਹਨ।

ਇਹ ਸਵੈ ਜੀਵਨੀ ਲਿਖਣ ਤੋਂ ਛੇ ਸਾਲ ਪਹਿਲੋਂ ਇਸ ਜੋੜੇ ਦਾ ਨਰ ਸਾਥੀ ਲਾਜ ਸੈਣੀ ਆਪਣੇ ਮਾਦਾ ਸਾਥੀ ਨੀਲਮ ਸੈਣੀ ਨੂੰ ਕੂੰਜ ਵਾਂਗ ਕੁਰਲਾਉਂਦੇ ਛੱਡ ਸਰੀਰਕ ਵਿਛੋੜਾ ਦੇ ਗਿਆ ਸੀ ਪਰ ਜਾਣ ਵਾਲੇ ਦੀਆਂ ਸਿਮਰਤੀਆਂ ਹੁਣ ਤੱਕ ਰਹਿਣ ਵਾਲੇ ਦਾ ਮਾਰਗ ਦਰਸ਼ਨ ਕਰ ਰਹੀਆਂ ਹਨ ਤੇ ਉਸਦੀ ਜੀਵਨ ਦੀ ਅਗਲੀ ਵਿਉਂਤਬੰਦੀ ਕਰਨ ਵਿੱਚ ਵੀ ਮਦਦਗਾਰ ਬਣੀਆਂ ਹੋਈਆਂ ਹਨ ਜੇ ਅੱਜ ਦੇ ਸਮੇਂ ਵਿੱਚ ਰਚਿਆ ਜਾ ਰਿਹਾ ਸਾਹਿਤ ਬਦਲੇ ਰਹੇ ਸਮੇਂ ਅਨੁਸਾਰ ਬਦਲ ਰਹੇ ਤੇ ਟੁੱਟ ਭੱਜ ਰਹੇ ਸਮਾਜਿਕ ਤੇ ਪਰਿਵਾਰਕ ਰਿਸ਼ਤਿਆਂ ਦੀ ਪੇਸ਼ਕਾਰੀ ਕਰ ਰਿਹਾ ਹੈ ਤਾਂ ਲਾਜ ਨੀਲਮ ਸੈਣੀ ਦੀ ਇਹ ਜੀਵਨੀ ਠਹਿਰਾਓ ਤੇ ਸਮਰਪਣ ਨੂੰ ਇਸ ਬਦਲਾਓ ਦੇ ਬਦਲ ਵਜੋਂ ਸਥਾਪਿਤ ਕਰਦੀ ਹੈ ਤਣਾਓਸ਼ੀਲ ਹੋਣ ਦਾ ਸੰਤਾਪ ਭੋਗ ਰਹੇ ਪਰਿਵਾਰਕ ਰਿਸ਼ਤਿਆਂ ਦੇ ਇਸ

ਦੌਰ ਵਿੱਚ ਇਹ ਜੀਵਨੀ ਸਾਨੂੰ ਧਰਵਾਸ ਦਿੰਦੀ ਹੈ ਕਿ ਰਿਸ਼ਤਿਆਂ ਦੀ ਭਰੋਸੇਯੋਗਤਾ ਅਜੇ ਖਤਮ ਨਹੀਂ ਹੋਈ ਅਤੇ ਲਾਜ ਤੇ ਨੀਲਮ ਵਰਗੇ ਸਮਰਪਿਤ ਭਾਵ ਵਾਲੇ ਪਤੀ ਪਤਨੀ ਵਾਸ ਤੇ ਪਰਵਾਸ ਦੋਹਾਂ ਖੇਤਰਾਂ ਵਿੱਚ ਮੌਜੂਦ ਹਨ।

ਰਿਸ਼ਤਿਆਂ ਦੇ ਇਸ ਗੁਆਚਦੇ ਜਾ ਰਹੇ ਮਾਡਲ ਦੀ ਪੁਨਰ ਤਲਾਸ਼ ਜਾਂ ਸਿਰਜਣਾ ਸਾਡੇ ਸਮਿਆਂ ਦੀ ਅਹਿਮ ਲੋੜ ਹੈ ਪਰ ਸਾਡੇ ਅੰਦਰਲੀ ਨਿੱਜ ਪ੍ਰਸਤੀ ਇਸ ਮਾਡਲ ਨੂੰ ਆਧੁਨਿਕ ਜੀਵਨ ਜਾਚ ਦੇ ਬੇ-ਮੇਚਾ ਕਰਾਰ ਦੇ ਕੇ ਸਿਰਫ ਨਿੱਜੀ ਅਜ਼ਾਦੀ ਦੀ ਵਕਾਲਤ ਕਰ ਰਹੀ ਹੈ। ਇਹ ਜੀਵਨੀ ਸਿਰਫ਼ ਪਤੀ-ਪਤਨੀ ਵਿਚਲੇ ਆਤਮਿਕ ਸੰਬਧਾਂ ਦੀ ਖ਼ੂਬਸੂਰਤੀ ਨੂੰ ਹੀ ਨਹੀਂ ਬਿਆਨਦੀ ਸਗੋਂ ਸਮਾਜਿਕ ਚੁਗਿਰਦੇ ਦੇ ਹੋਰ ਰਿਸ਼ਤਿਆਂ ਨੂੰ ਹੰਢਣਸਾਰ ਬਣਾਉਣ ਵਾਲੀਆਂ ਮਨੋ ਵਿਗਿਆਨਕ ਜੁਗਤਾਂ ਨੂੰ ਵੀ ਲਿਸ਼ਕਿਤ ਕਰਦੀ ਹੈ ਇਹ ਜੀਵਨੀ ਇਸ ਮਨੋ ਵਿਗਿਆਨਕ ਤੱਥ ਨੂੰ ਵਿਸ਼ੇਸ਼ ਤੌਰ 'ਤੇ ਉਭਾਰਦੀ ਹੈ ਕਿ ਲਾਜ ਤੇ ਨੀਲਮ ਦੇ ਇਕ ਦੂਜੇ ਲਈ ਆਪਾ ਨਿਛਾਵਰ ਕਰਨ ਵਾਲੇ ਜੀਵਨ ਸਾਥ ਦੇ ਪਿਛੋਕੜ ਵਿੱਚ ਉਨ੍ਹਾਂ ਦੇ ਮਾਪਿਆਂ ਵੱਲੋਂ ਉਨ੍ਹਾਂ ਨੂੰ ਦਿੱਤੇ ਪਰਿਵਾਰਕ ਸੰਸਕਾਰਾਂ ਤੇ ਸਿੱਖਿਆਵਾਂ ਦਾ ਵੀ ਅਹਿਮ ਯੋਗਦਾਨ ਹੈ ਜੇ ਉਨ੍ਹਾਂ ਵੱਲੋਂ ਆਪਣੇ ਮਾਪਿਆਂ ਤੋਂ ਇਲਾਵਾਂ ਆਪਣੇ ਸਹੁਰੇ ਪਰਿਵਾਰਾਂ ਨਾਲ ਵੀ ਆਪਣੇ ਸਬੰਧ ਨਿਰੰਤਰ ਸਹਿਜ ਤੇ ਸੁਖਾਵੇਂ ਰੱਖੇ ਜਾਂਦੇ ਹਨ ਤਾਂ ਇਹ ਉਨ੍ਹਾਂ ਨੂੰ ਆਪਣੇ ਪਰਿਵਾਰਕ ਵਿਰਸੇ ਵਜੋਂ ਮਿਲੇ ਸੰਸਕਾਰਾਂ ਦਾ ਹੀ ਪ੍ਰਤੀਫੱਲ ਹੈ

ਉਨ੍ਹਾਂ ਦੇ ਪਿਆਰ ਸਬੰਧ ਨੌਜਵਾਨ ਉਮਰੇ ਮੁੰਡੇ ਕੁੜੀ ਵਿੱਚਕਾਰ ਪਹਿਲੀ ਨਜ਼ਰ ਨਾਲ ਹੋਣ ਵਾਲੇ ਪਿਆਰ ਹੁਣ ਦੀ ਸ਼੍ਰੇਣੀ ਵਿਚ ਨਹੀਂ ਆਉਂਦੇ ਸਗੋਂ ਮਾਪਿਆਂ ਦੀ ਸਹਿਮਤੀ ਨਾਲ ਵਿਉਂਤਬੱਧ ਰੂਪ ਵਿੱਚ ਜੁੜੇ ਵਿਆਹ ਸਬੰਧਾਂ ਦੀ ਉਪਜ ਹਨ। ਇਨ੍ਹਾਂ ਸਬੰਧਾਂ ਨੂੰ ਪਰਿਵਾਰਕ ਪਿਛੋਕੜ ਦੇ ਸੰਦਰਭ ਵਿਚ ਰੱਖ ਕੇ ਵਾਚਣ ਨਾਲ ਇਹ ਸੁੱਖਦ ਅਹਿਸਾਸ ਵੀ ਹੁੰਦਾ ਹੈ ਕਿ ਦੋਵਾਂ ਦੇ ਬਚਪਨ ਸਹਿਹੋਂਦ ਤੇ ਸਮਰਪਣ ਭਾਵ ਵਾਲੇ ਪਰਿਵਾਰਤਕ ਵਾਤਾਵਰਣ ਵਿੱਚ ਹੀ ਪ੍ਰਵਾਨ ਚੜ੍ਹੇ ਹਨ। ਨੀਲਮ ਤਾਂ ਸਪਸ਼ਟ ਤੌਰ 'ਤੇ ਹੀ ਰਿਸ਼ਤਿਆਂ ਪ੍ਰਤੀ ਨਿਭਾਈ ਜਾਣ ਵਾਲੀ ਆਪਣੀ ਵਚਨਬੱਧਤਾ ਨੂੰ ਆਪਣੇ ਮਾਂ ਬਾਪ ਵੱਲੋਂ ਦਿੱਤੇ ਸੰਸਕਾਰਾਂ ਦਾ ਹੀ ਨਤੀਜਾ ਮੰਨਦੀ ਹੈ। ਇਸ ਲਈ ਉਹ ਆਖਦੀ ਹੈ। 'ਲਾਜ ਜੀ ,ਮੰਮੀ ਡੈਡੀ ਨੇ ਬਚਪਨ ਤੋਂ ਹੀ ਸਾਨੂੰ ਭੈਣ ਭਰਾਵਾਂ ਨੂੰ ਰਾਹ ਗਲੀ ਜਾਂਦੇ ਨੂੰ ਸਤਿ ਸ਼੍ਰੀ ਅਕਾਲ ਬਲਾਉਣ ਦੀ ਆਦਤ ਪਾਈ ਹੋਈ ਸੀ ਬਚਪਨ ਵਿੱਚ ਮੈਂ ਜਿਸਨੂੰ ਵੀ ਸਤਿ ਸ਼੍ਰੀ ਅਕਾਲ ਬਲਾਉਂਦੀ ਉਹ ਮੇਰਾ ਸਿਰ ਪਲੋਸ ਕੇ ਹੀ ਅੱਗੇ ਲੰਘਦਾ। ਬਚਪਨ ਵਿਚ ਰਾਹ ਗਲੀ ਜਾਂਦੇ ਨੂੰ ਸਤਿ ਸ਼੍ਰੀ ਅਕਾਲ ਬਣਾਉਣ ਤੇ ਉਨ੍ਹਾਂ ਤੋਂ ਅਸ਼ੀਰਵਾਦ ਲੈਣ ਦੀ ਗੱਲ ਭਾਵੇਂ ਸਾਨੂੰ ਸਰਸਰੀ ਜਿਹੀ ਹੀ ਲੱਗੇ ਪਰ ਮਨੁੱਖੀ ਭਵਿੱਖ 'ਤੇ ਪੈਣ ਵਾਲਾ ਇਸ ਦਾ ਮਨੋਵਿਗਿਆਨਕ ਪ੍ਰਭਾਵ ਬਹੁਤ ਅਹਿਮ ਹੈ। ਮਾਪਿਆਂ ਵੱਲੋਂ ਬਚਪਨ ਵਿੱਚ ਦਿੱਤੇ ਅਜਿਹੇ ਸੰਸਕਾਰ ਜਦੋਂ ਜੁਆਨੀ ਵਿੱਚ ਸਾਡੀ ਆਦਤ ਬਣ ਜਾਂਦੇ ਹਨ ਤਾਂ ਸਹਿਹੋਂਦ ਤੇ ਸਦਭਾਵਨਾ ਦਾ ਮਾਹੌਲ ਆਪਣੇ ਆਪ ਹੀ ਉਸਰਨ ਲੱਗਦਾ ਹੈ। ਜੇ ਨੀਲਮ ਆਪਣੇ ਸਹੁਰੇ ਘਰ ਵਿਚ ਪ੍ਰਵੇਸ਼ ਕਰਨ ਵੇਲੇ ਅਜਿਹੇ ਸੰਸਕਾਰ ਲੈ ਕੇ ਆਈ ਹੈ ਤਾਂ ਲਾਜ ਦਾ ਪਰਿਵਾਰਕ ਮਾਹੌਲ ਵੀ ਮੋਹ-ਮੁਹੱਬਤ ਦੇ ਅਰਥਾਂ ਦਾ ਧਾਰਨੀ ਤੇ ਸ਼ਰੀਕੇਬਾਜ਼ੀ ਤੋਂ ਮੁਕਤ ਰਹਿਣ ਵਾਲਾ ਪਰਿਵਾਰ ਹੈ। ਇਸੇ ਕਾਰਨ ਹੀ ਉਹ ਦੋਵੇਂ ਮਿਲ ਕੇ ਇੱਕ ਮਿਸਾਲੀ ਵਿਆਹੇ ਜੋੜੇ ਵਜੋਂ ਆਪਣੀ ਪਛਾਣ ਬਣਾਉਣ ਵਿਚ ਸਫ਼ਲ ਰਹਿੰਦੇ ਹਨ।

ਇਹ ਸਵੈ ਜੀਵਨੀ ਲਾਜ ਤੇ ਨੀਲਮ ਦੀ ਰਿਸ਼ਤੇ ਦੀ ਗੱਲ ਤੋਰਣ ਤੋਂ ਲੈ ਕੇ ਲਾਜ ਦੀ ਸਰੀਰਕ ਤੌਰ 'ਤੇ ਵਿਦਾਈ ਵਿਚਲੇ 24 ਸਾਲ ਦੇ ਅੰਤਰਾਲ ਦੀਆਂ ਜੀਵਨ ਘਟਨਾਵਾਂ ਨੂੰ ਆਪਣੇ ਕਲਾਵੇ

ਵਿਚ ਲੈਂਦੀ ਹੈ ਤਾਂ ਪਾਠਕਾਂ ਨੂੰ ਪਰਿਵਾਰਕ ਰਿਸ਼ਤਿਆਂ ਨੂੰ ਹੰਡਣਸਾਰ ਤੇ ਟਿਕਾਊ ਬਣਾਉਣ ਵਾਲੀਆਂ ਬਹੁਤ ਸਾਰੀਆਂ ਰਮਜ਼ਾ ਸਮਝ ਪੈਣ ਲੱਗਦੀਆਂ ਹਨ। ਭਾਸ਼ਾ ਦੀ ਵਿਆਕਰਨ ਵਾਂਗ ਪਰਿਵਾਰਕ ਰਿਸ਼ਤਿਆਂ ਦੀ ਵੀ ਇੱਕ ਵਿਆਕਰਨ ਹੁੰਦੀ ਹੈ, ਜਿਸ ਨੂੰ ਸਮਝੇ ਬਿਨਾਂ ਜੀਵਨ ਦੀਆਂ ਉਲਝਣਾਂ ਤੇ ਮੁਸ਼ਕਲਾ ਨੂੰ ਨਹੀਂ ਸੁਲਝਾਇਆ ਜਾ ਸਕਦਾ ਸਮਰਪਣ, ਸਹਿਜਤਾ, ਸੁਚੱਜਤਾ ਤੇ ਸਾਂਝੀਵਾਲਤਾ ਵਰਗੇ ਭਾਵ ਰਿਸ਼ਤਿਆਂ ਦੀ ਵਿਆਕਰਨ ਦੇ ਅਜਿਹੇ ਵਿਸ਼ੇਸ਼ਣ ਹਨ ਜਿਹੜੇ ਪਰਿਵਾਰਕ ਰਿਸ਼ਤਿਆਂ ਨੂੰ ਤਣਾਓ ਮੁਕਤ ਤੇ ਸਹਿਜ ਰੱਖਦੇ ਹਨ। ਨੀਲਮ ਦੇ ਲਾਜ ਵੀ ਅਜਿਹੇ ਭਾਵਨਾਤਮਕ ਵਿਸ਼ੇਸ਼ਣਾਂ ਨਾਲ ਆਪਣੇ ਜੀਵਨ ਸਾਥ ਨੂੰ ਸਿੰਗਾਰ ਕੇ ਰੱਖਦੇ ਰਹੇ ਹਨ। ਇਸ ਅੰਤਰਾਲ ਵਿਚ ਜੇ ਉਨ੍ਹਾਂ ਨੂੰ ਤਣਾਓਸ਼ੀਲ ਸਥਿਤੀਆਂ ਦਾ ਸਾਹਮਣਾ ਕਰਨਾ ਪਿਆ ਹੈ ਤਾਂ ਇਹ ਤਣਾਓ ਉਨ੍ਹਾਂ ਦੀ ਸਮਕਾਲੀ ਰਾਜਨੀਤਕ ਤੇ ਆਰਥਿਕ ਵਿਵਸਥਾ ਵੱਲੋਂ ਦਿੱਤਾ ਤਣਾਓ ਹੈ। ਉਨ੍ਹਾਂ ਦਾ ਪਰਿਵਾਰਕ ਰਿਸ਼ਤਾ ਤਾਂ ਅਜਿਹੇ ਤਣਾਓ ਦੀ ਸਥਿਤੀ ਵਿੱਚ ਵੀ ਇਕ ਦੂਜੇ ਦਾ ਦੁੱਖ ਵੰਡਾ ਕੇ ਤਣਾਓ ਨੂੰ ਪ੍ਰਭਾਵਹੀਣ ਬਣਾਉਣ ਦੀ ਹਰ ਸੰਭਵ ਕੋਸ਼ਿਸ਼ ਕਰਦਾ ਹੈ।

ਆਮ ਤੌਰ ’ਤੇ ਪਤੀ-ਪਤਨੀ ਤੇ ਪ੍ਰੇਮੀ-ਪ੍ਰੇਮਿਕਾ ਤੇ ਪ੍ਰੇਮ ਸਬੰਧਾਂ ਨੂੰ ਵੱਖਰੇ ਵੱਖਰੇ ਜਾਵੀਏ ਵਿੱਚ ਰੱਖ ਕੇ ਪਰਿਭਾਸ਼ਿਤ ਕੀਤਾ ਜਾਂਦਾ ਹੈ। ਦੋਵੇਂ ਤਰ੍ਹਾਂ ਦੇ ਜੋੜਿਆਂ ਨੂੰ ਵੱਖਰੇ ਵੱਖਰੇ ਜੁੱਟਾਂ ਵਿਚ ਰੱਖ ਕੇ ਉਨ੍ਹਾਂ ਦੇ ਸਬੰਧਾਂ ਨੂੰ ਪਰਿਭਾਸ਼ਤ ਕੀਤੇ ਜਾਣ ’ਤੇ ਉਭਰਨ ਵਾਲੇ ਸਿੱਟੇ ਵਧੇਰੇ ਕਰਕੇ ਇਸ ਗੱਲ ਦੀ ਹੀ ਪੁਸ਼ਟੀ ਤੇ ਪ੍ਰੋੜਤਾ ਕਰਦੇ ਹਨ ਕਿ ਪ੍ਰੇਮੀ-ਪ੍ਰੇਮਿਕਾ ਦੇ ਪ੍ਰੇਮ ਸਬੰਧ ਪਤੀ-ਪਤਨੀ ਵਿਚਲੇ ਸਬੰਧਾਂ ਦੇ ਮੁਕਾਬਲੇ ਵਿੱਚ ਵੱਧ ਤੀਬਰ, ਵੱਧ ਨਿੱਘੇ, ਵੱਧ ਜ਼ਜ਼ਬਾਤੀ ਤੇ ਵੱਧ ਜੋਸ਼ੀਲੇ ਹੁੰਦੇ ਹਨ। ਅਕਸਰ ਇਹ ਵੀ ਕਿਹਾ ਜਾਂਦਾ ਹੈ ਕਿ ਜਦੋਂ ਪ੍ਰੇਮੀ -ਪ੍ਰੇਮਿਕਾ ਵਿਆਹ ਬੰਧਨ ਵਿੱਚ ਬੱਝ ਜਾਣ ਤਾਂ ਪਿਆਰ ਦਾ ਵਕਤੀ ਖੁਮਾਰ ਉਤਰਣ ਲੱਗਦਾ ਹੈ ਜਦੋਂ ਅਸੀਂ ਲਾਜ ਨੀਲਮ ਸੈਣੀ ਦੇ ਸਬੰਧਾਂ ਨੂੰ ਵਾਚਦੇ ਹਾਂ ਇਹ ਸਬੰਧ ਵਿਆਖਿਆਵਾਂ ਦਾ ਵੱਖਰਾ ਹੀ ਪ੍ਰਤੀਉੱਤਰ ਸਿਰਜਦੇ ਹਨ। ਭਾਵੇਂ ਵੇਖਾ ਵਿਖਾਈ ਦੀ ਰਸਮ ਵੇਲੇ ਉਹਨਾਂ ਦੇ ਦਿਲ ਵਿੱਚ ਇੱਕ ਦੂਜੇ ਪ੍ਰਤੀ ਖਿੱਚ ਪੈਦਾ ਹੋ ਗਈ ਸੀ ਪਰ ਇਸ ਖਿੱਚ ਦੀ ਤਾਸੀਰ ਉਲਾਰ ਨਹੀਂ ਸਗੋਂ ਸੰਜਮੀ ਸੀ ਇਸੇ ਕਰਕੇ ਉਹ ਦੋਵੇਂ ਇੱਕ ਦੂਜੇ ਦੇ ਸੁਭਾਅ, ਆਦਤਾਂ ਤੇ ਵਰਤੋਂ ਵਿਹਾਰ ਬਾਰੇ ਪੂਰੀ ਤਸੱਲੀ ਕਰਕੇ ਹੀ ਸਮਾਜਿਕ ਸਵਕ੍ਰਿਤੀ ਪ੍ਰਾਪਤ ਪਿਆਰ ਸਬੰਧਾਂ ਵਿਚ ਬੱਝਦੇ ਹਨ।

ਜੇ ਉਹ ਗ੍ਰਹਿਸਥੀ ਜੀਵਨ ਵਿੱਚ ਪ੍ਰਵੇਸ਼ ਕਰਨ ਤੋਂ ਬਾਅਦ ਵੀ ਆਪਸੀ ਖਿੱਚ ਤੇ ਅਹਿਸਾਸਾਂ ਦੀ ਤਾਜ਼ਗੀ ਨੂੰ ਬਰਕਰਾਰ ਰੱਖਦੇ ਹਨ ਤਾਂ ਅਜਿਹਾ ਉਨ੍ਹਾਂ ਦੀ ਸੂਝ ਭਰਪੂਰ ਮਾਨਸਿਕ ਬਣਤਰ ਕਾਰਨ ਹੀ ਸੰਭਵ ਹੁੰਦਾ ਹੈ। ਇਸ ਜੀਵਨੀ ਵਿਚ ਵੇਖਣ ਪੱਖੋ ਨਿੱਕੇ ਪਰ ਮਨੋਵਿਗਿਆਨਕ ਪੱਖੋਂ ਬਹੁਤ ਵੱਡੇ ਅਰਥ ਰੱਖਣ ਵਾਲੇ ਅਜਿਹੇ ਵੇਰਵੇ ਵੀ ਸ਼ਾਮਿਲ ਕੀਤੇ ਗਏ ਜੋ ਉਨ੍ਹਾਂ ਦੇ ਸਬੰਧਾਂ ਵਿਚਲੇ ਸਹਿਜ ਪਿਆਰ ਨੂੰ ਪ੍ਰੇਮੀ ਪ੍ਰੇਮਿਕਾ ਦੇ ਸੰਬਧਾਂ ਵਿਚਲੀ ਸ਼ਿੱਦਤ ਨਾਲ ਤੁਲਨਾਉਣ ਵਿਚ ਸਫ਼ਲ ਰਹਿੰਦੇ ਹਨ। ਵਿਆਹ ਹੋਣ ਤੋਂ ਤੀਹ ਸਾਲ ਬਾਅਦ ਵੀ ਜੇ ਨੀਲਮ ਨੂੰ ਲਾਜ ਨਾਲ ਵਾਸ ਤੇ ਪਰਵਾਸ ਦੀ ਧਰਤੀ ’ਤੇ ਹੋਈਆਂ ਮੁਲਾਕਾਤਾਂ ਦੌਰਾਨ ਉਸ ਵੱਲੋਂ ਪਹਿਨੇ ਕਪੜਿਆਂ ਦੇ ਰੰਗ ਯਾਦ ਹਨ ਤਾਂ ਇਹ ਗੱਲ ਇਸ ਮਨੋਵਿਗਿਆਨਕ ਤੱਥ ਦੀ ਹੀ ਪੁਸ਼ਟੀ ਕਰਦੀ ਹੈ ਕਿ ਇੱਕ ਪਤਨੀ ਵੀ ਆਪਣੇ ਅੰਦਰ ਪ੍ਰੇਮਿਕਾ ਵਰਗੀ ਪਿਆਰ ਸ਼ਿੱਦਤ ਨੂੰ ਜਿਉਂਦਾ ਰੱਖ ਸਕਦੀ ਹੈ।

ਇਹ ਸਵੈ ਜੀਵਨੀ ਵਿਚ ਜੀਵਨ ਦੀਆਂ ਪਦਾਰਥਕ ਸੁੱਖ ਸੁਵਿਧਾਵਾਂ ਦੀ ਬਹੁਲਤਾ ਹਾਸਿਲ ਕਰਨ ਲਈ ਵਾਸ ਛੱਡ ਕੇ ਪਰਵਾਸ ਵੱਲ ਦੌੜਣ ਵਾਲੇ ਲੋਕਾਂ ਲਈ ਇਹ ਨਸੀਹਤ ਵੀ ਛੁੱਪੀ

ਹੈ ਕਿ ਉਹ ਦੇਸ਼ ਛੱਡ ਕੇ ਵਿਦੇਸ਼ ਵੱਲ ਭੱਜਣ ਦੀ ਮ੍ਰਿਗ ਤ੍ਰਿਸ਼ਣੀ ਦੌੜ ਉਨ੍ਹਾਂ ਦੇ ਜੀਵਨ ਨੂੰ ਸੁਖਦਾਈ ਬਣਾਉਣ ਦੀ ਬਜਾਇ ਉਨ੍ਹਾਂ ਨੂੰ ਲਗਾਤਾਰ ਬੇ-ਚੈਨੀ ਦੇ ਆਲਮ ਵੱਲ ਧੱਕ ਰਹੀ ਹੈ। ਇਸ ਸਵੈ-ਜੀਵਨੀ ਦੇ ਵਿਸ਼ਲੇਸ਼ਣੀ ਬੋਧ ਅਨੁਸਾਰ ਪੂੰਜੀਵਾਦ ਦੇ ਸਿਖ਼ਰਲੇ ਮੁਕਾਮ ਅਮਰੀਕਾ ਵਰਗੇ ਮੁਲਕਾਂ ਦੇ ਮੁਕਾਬਲੇ ਵਿੱਚ ਆਪਣੇ ਮੁਲਕ ਵਿਚ ਵਾਸ ਕਰਨ ਕਰਨ ਵਾਲੇ ਲੋਕ ਕਿਤੇ ਸਹਿਜ ਤੇ ਸੁਖਾਲੀ ਜ਼ਿੰਦਗੀ ਜਿਉਂ ਰਹੇ ਹਨ। ਲਾਜ ਤੇ ਨੀਲਮ ਦੋਵੇਂ ਜੌਬ ਕਰਦੇ ਹਨ ਤੇ ਉਨ੍ਹਾਂ ਦਾ ਇੱਕਲੌਤਾ ਬੇਟਾ ਅਭੀ ਅਜੇ ਸਕੂਲ ਪੱਧਰ ਦੀ ਪੜ੍ਹਾਈ ਹੀ ਕਰਦਾ ਹੈ ਪਰ ਜਦੋਂ ਲਾਜ ਦੀ ਜੌਬ ਛੁੱਟ ਜਾਂਦੀ ਹੈ ਤਾਂ ਅਭੀ ਦੀ ਪੜ੍ਹਾਈ ਜਾਰੀ ਰੱਖਣ ਦੀ ਸਮੱਸਿਆਂ ਏਨੇ ਵਿਰਾਟ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਉਨ੍ਹਾਂ ਨੂੰ ਆਪਣੀ ਗ੍ਰਿਹਸਥੀ ਦੀ ਗੱਡੀ ਹੀ ਲੀਹੋਂ ਲਹਿੰਦੀ ਜਾਪਦੀ ਹੈ ਆਪਣੇ ਮੁਲਕ ਵਿੱਚ ਇੱਕ ਕਮਾਉਣ ਵਾਲਾ ਤੇ ਕਈ ਖਾਣ ਵਾਲੇ ਹੋਣ ਦੀ ਸਥਿਤੀ ਵਿਚ ਵੀ ਬੰਦਾ ਏਨਾ ਡਾਵਾਂਡੋਲ ਨਹੀਂ ਹੁੰਦਾ ਜਿਨਾਂ ਡਾਵਾਂਡੋਲ ਪੂੰਜੀਵਾਦ ਦੇ ਸਿਖ਼ਰਲੇ ਮੁਕਾਮ ਅਮਰੀਕਾ ਵਿੱਚ ਰਹਿ ਰਹੇ ਲਾਜ ਤੇ ਨੀਲਮ ਸਿਰਫ ਇਕ ਬੱਚੇ ਦੀ ਪਾਲਣਾ ਨੂੰ ਲੈ ਕੇ ਵਿਖਾਈ ਦਿੰਦੇ ਹਨ। ਨੀਲਮ ਦੇ ਇਹ ਸ਼ਬਦ ਲਾਜ ਦੀ ਉਸ ਵੇਲੇ ਦੀ ਮਾਨਸਿਕ ਸਥਿਤੀ ਨੂੰ ਭਲੀ ਭਾਂਤ ਰੂਪਮਾਨ ਕਰਨ ਵਾਲੇ ਹਨ, 'ਤੁਸੀਂ ਕੰਮ ਨਾ ਮਿਲਣ ਕਾਰਨ ਪ੍ਰੇਸ਼ਾਨੀ ਵਿਚ ਘਿਰੇ ਰਹਿੰਦੇ ਤੁਹਾਡਾ ਬਲੱਡ ਪ੍ਰੈਸ਼ਰ ਤੇ ਸੂਗਰ ਵੀ ਵੱਧਣ ਲੱਗ ਪਏ ਸਨ।

ਇਸਦਾ ਅਰਥ ਇਹ ਨਹੀਂ ਹੈ ਕਿ ਸਾਡੇ ਦੇਸ਼ ਦਾ ਰਾਜਸੀ ਤੇ ਆਰਥਿਕ ਪ੍ਰਬੰਧ ਅਮਰੀਕਾ ਨਾਲੋਂ ਵੱਧ ਚੰਗਾ ਹੈ ਪਰ ਇੱਥੇ ਡਿੱਗਦੇ ਨੂੰ ਸੰਭਾਲਣ ਵਾਲੀ ਸਹਿਹੋਂਦ ਦੀ ਭਾਵਨਾ ਉੱਥੋਂ ਨਾਲ ਜ਼ਰੂਰ ਮਜਬੂਤ ਹੈ। ਅਮਰੀਕਾ ਵਰਗੇ ਮੁਲਕਾਂ ਵਿਕਸਿਤ ਕਹਾਉਂਦੇ ਮੁਲਕਾਂ ਵਿਚ ਰੋਜ਼ਗਾਰ ਸਾਧਣਾ 'ਤੇ ਪਬਲਿਕ ਦੀ ਬਜਾਇ ਪ੍ਰਾਈਵੇਟ ਸੈਕਟਰ ਦਾ ਵੱਧ ਕਬਜ਼ਾ ਹੈ ਇਸ ਲਈ ਉੱਥੇ ਜੌਬ ਕਰਨ ਵਾਲੇ ਪਰਵਾਸੀਆਂ 'ਤੇ ਛਾਂਟੀ ਦੀ ਤਲਵਾਰ ਹਮੇਸ਼ਾ ਲਟਕੀ ਰਹਿੰਦੀ ਹੈ। ਬੇ ਰੋਜ਼ਗਾਰੀ ਭੱਤਾ ਮਿਲਣ ਦੇ ਬਾਵਜੂਦ ਜਦੋਂ ਨੀਲਮ ਤੇ ਲਾਜ ਵਿੱਚੋਂ ਕਿਸੇ ਦੀ ਜੌਬ ਛੁੱਟ ਜਾਂਦੀ ਹੈ ਤਾਂ ਉਨ੍ਹਾਂ ਨੂੰ ਲੱਗਦਾ ਹੈ ਕਿ ਜ਼ਿੰਦਗੀ ਰੁੱਕ ਜਿਹੀ ਗਈ ਹੈ। ਜੇ ਲਾਜ ਦੀ ਹੋਈ ਮੌਤ ਦੇ ਕਾਰਨਾਂ ਦਾ ਮਨੋ ਵਿਗਿਆਨਕ ਅਧਿਐਨ ਕਰੀਏ ਤਾਂ ਇਹ ਤੱਥ ਉਭਰਦੇ ਹਨ ਉਥੋਂ ਦੀ ਆਰਥਿਕ ਵਿਵਸਥਾ ਨੇ ਉਸਦੀਆਂ ਮਾਨਸਿਕ ਪ੍ਰੇਸ਼ਾਨੀਆਂ ਵਿਚ ਵਾਧਾ ਕਰਕੇ ਉਸਨੂੰ ਤਿਲ ਤਿਲ ਕਰਕੇ ਮਰਨ ਲਈ ਮਜਬੂਰ ਕੀਤਾ ਹੈ।

ਇਹ ਸਵੈ ਜੀਵਨੀ ਹੱਡੀ ਹੰਡਾਏ ਅਨੁਭਵਾਂ ਦਾ ਹਵਾਲੇ ਰਾਹੀਂ ਪਰਵਾਸੀ ਜੀਵਨ ਦੇ ਹੋਰ ਵੀ ਕਈ ਅਜਿਹੀਆਂ ਮਨੋ ਸਮਾਜਿਕ ਸਮੱਸਿਆਵਾਂ ਨੂੰ ਉਭਾਰਦੀ ਹੈ ਜਿਹੜੀਆਂ ਪਰਵਾਸੀਆਂ ਦੇ ਮਨੋ ਸੰਤਾਪ ਨੂੰ ਹੋਰ ਗਹਿਰਾਉਣ ਦੇ ਸਮਰੱਥ ਹਨ ਮਨੋ ਵਿਗਿਆਨਕ ਧਰਾਤਲ 'ਤੇ ਇਹ ਸਮੱਸਿਆਵਾਂ ਉਨ੍ਹਾਂ ਨੂੰ ਵੱਡੀਆਂ ਮਾਨਸਿਕ ਪੀੜ੍ਹਾ ਦੇਣ ਵਾਲੀਆਂ ਵੀ ਹਨ ਜਦੋਂ ਲਾਜ ਤੇ ਨੀਲਮ ਆਪਣੀ ਆਪਣੀ ਜੌਬ ਕਾਰਨ ਆਪਣੇ ਨਵੇਂ ਜਨਮੇਂ ਬੇਟੇ ਅਭੀ ਨੂੰ ਦੂਜਿਆਂ ਦੇ ਸਹਾਰੇ ਛੱਡ ਜਾਂਦੇ ਹਨ ਤਾਂ ਉਹ ਮਾਪਿਆਂ ਵੱਲੋਂ ਹਰ ਸਮੇਂ ਮਿਲਣ ਵਾਲੇ ਪਿਆਰ ਤੇ ਭਾਸ਼ਾ ਦੇ ਮੁੱਢਲੇ ਗਿਆਨ ਦੀ ਅਣਹੋਂਦ ਕਾਰਨ ਸਾਲ ਭਰ ਬੋਲਣਾ ਵੀ ਨਹੀਂ ਸਿੱਖ ਸਕਦਾ। ਆਪਣੇ ਦੇਸ਼ ਵਿੱਚ ਇਹ ਕਾਰਜ਼ ਦਾਦਕੇ ਨਾਨਕੇ ਪਰਿਵਾਰ ਦੇ ਬਹੁ ਗਿਣਤੀ ਮੈਂਬਰ ਮਿਲ ਕੇ ਵੀ ਕਰ ਲੈਂਦੇ ਹਨ ਪਰ ਨੇੜਲੇ ਰਿਸਤੇਦਾਰਾਂ ਤੋਂ ਵਿਰਵੀ ਵਿਦੇਸ਼ੀ ਧਰਤੀ 'ਤੇ ਮਾਪਿਆਂ ਨੂੰ ਬੱਚੇ ਦੀ ਸੰਭਾਲ ਸਬੰਧੀ ਅਜਿਹੀਆਂ ਬਹੁਤ ਸਾਰੀਆਂ ਚਿੰਤਾਜਨਕ ਅਵਸਥਾਵਾਂ ਵਿੱਚੋਂ ਲੰਘਣਾ ਪੈਂਦਾ ਹੈ। ਭਾਵੇਂ ਸਾਡੇ

ਮਹਾਂ ਨਗਰਾਂ ਵਿਚ ਵੀ ਇਹ ਅਲਾਮਤਾਂ ਹੋਣ ਵੇਖਣ ਨੂੰ ਮਿਲਣ ਲੱਗੀਆਂ ਹਨ ਪਰ ਫਿਰ ਵੀ ਵਿਦੇਸ਼ ਦੇ ਮੁਕਾਬਲੇ ਬੱਚਿਆਂ ਕੋਲ ਘਰੇਲੂ ਪਿਆਰ ਪ੍ਰਾਪਤ ਕਰਨ ਦੇ ਮੌਕੇ ਬਹੁਤ ਵੱਧ ਹਨ। ਨੀਲਮ ਤੇ ਲਾਜ ਤਾਂ ਕਿਸੇ ਤਰ੍ਹਾਂ ਅਭੀ ਦੇ ਅੰਦਰ ਪੈਦਾ ਹੋ ਸਕਦੇ ਇਕੱਲਤਾ ਦੇ ਖਲਾਅ ਨੂੰ ਭਰਨ ਵਿਚ ਸਫ਼ਲ ਹੋ ਜਾਂਦੇ ਹਨ ਪਰ ਸਾਰੇ ਪਰਵਾਸੀ ਮਾਪੇ ਅਜਿਹਾ ਨਹੀਂ ਕਰ ਸਕਦੇ। ਇਸ ਤਰ੍ਹਾਂ ਇਹ ਸਵੈ ਜੀਵਨੀ ਉਹਨਾਂ ਬੱਚਿਆਂ ਬਾਰੇ ਵੀ ਆਪਣੀ ਫਿਕਰਮੰਦੀ ਦਾ ਪ੍ਰਗਟਾਵਾ ਕਰਦੀ ਹੈ ਜਿਹੜੇ ਬਾਪ ਦੇ ਹੁੰਦਿਆਂ ਵੀ ਬਾਪ ਵਿਹੂਣੇ ਤੇ ਮਾਂ ਦੇ ਹੁੰਦਿਆਂ ਵੀ ਮਾਂ ਮਹਿਟਰ ਹੁੰਦੇ ਹਨ।

ਇਹ ਸਵੈ ਜੀਵਨੀ ਇੱਕ ਪਤਨੀ ਵੱਲੋਂ ਬੇ ਵਕਤੀ ਵਿਛੋੜਾ ਦੇ ਗਏ ਆਪਣੇ ਪਤੀ ਦੀ ਵਿਚਾਰਧਾਰਕ ਮੌਜੂਦਗੀ ਨੂੰ ਅਹਿਸਾਸ ਦੇ ਪੱਧਰ 'ਤੇ ਮਹਿਸੂਸ ਕਰਦਿਆਂ ਆਪਣੀ ਆਤਮਿਕ ਭਾਸ਼ਾ ਵਿਚ ਲਿਖੇ ਖ਼ਤ ਵਰਗੀ ਹੈ ਜਦੋਂ ਅਸੀਂ ਸਰੀਰਕ ਰੂਪ ਵਿਚ ਸਾਨੂੰ ਅਲਵਿਦਾ ਕਹਿ ਚੁੱਕੇ ਕਿਸੇ ਆਪਣੇ ਦੀ ਗੱਲ ਕਰਦੇ ਹਾਂ ਸੁਭਾਵਿਕ ਤੌਰ 'ਤੇ ਹੀ ਸਾਡੀ ਗੱਲਬਾਤ ਜੀਵਤ ਵਿਅਕਤੀ ਬਾਰੇ ਕੀਤੀ ਜਾਣ ਵਾਲੀ ਗੱਲ ਬਾਤ ਨਾਲੋਂ ਵੱਧ ਸ਼ਰਧਾਯੁਕਤ ਹੁੰਦੀ ਤੇ ਅਸੀਂ ਚੁਣ ਚੁਣ ਕੇ ਸ਼ਬਦਾਂ ਦੀ ਵਰਤੋਂ ਕਰਦੇ ਹਾਂ। ਇਹ ਜੀਵਨੀ ਲਿਖਦਿਆਂ ਨੀਲਮ ਵੱਲੋਂ ਵੀ ਘਰੇਲੂ ਜੀਵਨ ਪੈਦਾ ਹੋਣ ਵਾਲੇ ਕਿਸੇ ਸੁਭਾਵਿਕ ਕਿਸਮ ਦੇ ਤਕਰਾਰ ਜਾਂ ਸ਼ਿਕਵੇ ਸ਼ਿਕਾਇਤ ਦਾ ਜ਼ਿਕਰ ਨਾ ਕੀਤੇ ਦੀ ਸਾਵਧਾਨੀ ਵਰਤੀ ਗਈ ਲੱਗਦੀ ਹੈ ਤੇ ਸਿਰਫ਼ ਸਮਰਪਿਤ ਪਿਆਰ ਦੀ ਹੀ ਗੱਲ ਕੀਤੀ ਗਈ ਹੈ। ਇਸ ਜੀਵਨੀ ਵਿਚਲਾ ਪਿਆਰ ਦਾ ਜ਼ਜ਼ਬਾ ਏਨਾ ਸ਼ਕਤੀਸ਼ਾਲੀ ਹੈ ਕਿ ਲਾਜ ਦੇ ਮ੍ਰਿਤਕ ਸਰੀਰ ਦੇ ਅੰਤਿਮ ਸਸਕਾਰ ਵੇਲੇ ਨੀਲਮ ਅੰਦਰ ਆਪਣੇ ਭਵਿੱਖ ਨਾਲੋਂ ਲਾਜ ਦੇ ਸੁਪਨਿਆਂ ਨੂੰ ਪੂਰਾ ਕਰਨ ਦਾ ਫਿਕਰ ਵੱਧ ਹਾਵੀ ਪ੍ਰਭਾਵੀ ਸਾਬਤ ਹੁੰਦਾ ਹੈ। ਉਸ ਵੱਲੋਂ ਕੀਤੀ ਗਈ ਇਹ ਮਨ ਬਚਨੀ, ਲਾਜ ਜੀ ! ਮੈਂ ਆਪਣਾ ਪੂਰਾ ਧਿਆਨ ਰਖਾਂਗੀ ਤੁਸੀਂ ਫਿਕਰ ਨਾ ਕਰਨਾ ਮੈਂ ਅਭੀ ਨੂੰ ਪੜ੍ਹਾਵਾਂਗੀ ਅਸੀਂ ਤੁਹਾਡੇ ਸੁਪਨੇ ਸਕਾਰ ਕਰਾਂਗੇ। ਹੁਣ ਤੁਸੀਂ ਕੁਦਰਤ ਦੀ ਅਨੰਨਤਾ ਵਿਚ ਲੀਨ ਹੋ ਕੇ ਸਾਡੀਆਂ ਯਾਦਾ ਵਿੱਚ ਵੱਸ ਜਾਓ ਉਨ੍ਹਾਂ ਦੇ ਪਿਆਰ ਸਬੰਧਾਂ ਦਾ ਅੰਤਲਾ ਸਿਖ਼ਰ ਸਿਰਜਦੀ ਹੈ। ਇਸ ਨੂੰ ਅਸੀਂ ਭਾਰਤੀ ਔਰਤ ਦੀ ਪਰੰਪਰਾਗਤ ਸੱਚ ਕਹਿ ਕੇ ਨਜ਼ਰ ਅੰਦਾਜ਼ ਵੀ ਕਰ ਸਕਦੇ ਹਾਂ ਇਸ ਮਾਨਵੀ ਅਰਥਾਂ ਵਿੱਚ ਵੀ ਪਰਿਭਾਸ਼ਤ ਕਰ ਸਕਦੇ ਹਾਂ। ਇਸ ਬਾਰੇ ਸਾਡਾ ਪ੍ਰਤੀਕਰਮ, ਸਾਡੀ ਆਪਣੀ ਸੋਚਣ ਦੀ ਦਿਸ਼ਾ 'ਤੇ ਨਿਰਭਰ ਹੈ।

ਸਵੈ ਜੀਵਨੀ ਲਿਖਦਿਆਂ ਲੇਖਕ ਨੂੰ ਆਪਣੇ ਜੀਵਨ ਵਿੱਚ ਵਾਪਰਣ ਵਾਲੇ ਸਾਰੇ ਵਰਤਾਰਿਆਂ ਨਾਲ ਭਾਵੁਕ ਕਿਸਮ ਦਾ ਮੋਹ ਹੁੰਦਾ ਹੈ ਇਸ ਲਈ ਉਹ ਉਨ੍ਹਾਂ ਦਾ ਵਿਸਥਾਰ ਸਿਰਜਣ ਵਾਲੇ ਪਾਠਕ ਦੀ ਪੜ੍ਹਣ ਰੁਚੀ ਤੇ ਪੜ੍ਹਣ ਸਮਰੱਥਾ ਦਾ ਧਿਆਨ ਨਹੀਂ ਰੱਖਦਾ। ਇਸ ਸਵੈ ਜੀਵਨੀ ਵਿਚਲੇ ਕੁਝ ਵੇਰਵੇ ਵੀ ਲੋੜੋਂ ਵੱਧ ਲਮਕਾਅ ਵਾਲੇ ਹਨ। ਮਾਨਸਿਕ ਤੌਰ ਤੇ ਆਤ੍ਰਿਪਤ। ਨੌਜਵਾਨ ਸੀਟੇ ਦੀ ਕਹਾਣੀ ਭਾਵੇ ਪਾਠਕਾਂ ਮਨ ਸੰਵੇਦਨਾਂ ਨੂੰ ਟੁੰਬਦੀ ਹੈ ਪਰ ਇਸਦਾ ਸਵੈ ਜੀਵਨੀ ਦੀ ਮੁੱਖ ਧਾਰਾ ਨਾਲ ਇਸ ਦਾ ਕੋਈ ਨਾਤਾ ਨਹੀਂ ਜੁੜਦਾ ਜੇ ਇਸ ਕਹਾਣੀ ਨੂੰ ਇਸ ਪੁਸਤਕ ਵਿਚ ਕੱਢ ਦਿੱਤਾ ਜਾਵੇ ਤਾਂ ਪਾਠਕਾਂ ਨੂੰ ਪਤਾ ਹੀ ਨਹੀਂ ਲੱਗੇਗਾ ਕਿ ਪੁਸਤਕ ਦਾ ਕੋਈ ਹਿੱਸਾ ਡਲੀਟ ਕੀਤਾ ਗਿਆ ਹੈ।

ਇਹ ਸਵੈ ਜੀਵਨੀ ਦੀ ਰੂਪਕ ਬਣਤਰ ਨਾਵਲੀ ਬਣਤਰ ਦੇ ਨੇੜੇ ਜ਼ਰੂਰ ਹੈ ਪਰ ਇਸ ਨੂੰ ਨਾਵਲ ਨਹੀਂ ਕਿਹਾ ਜਾ ਸਕਦਾ। ਕਿਸੇ ਗਲਪੀ ਰਚਨਾ ਦੀ ਬਣਤਰ ਦੀਆਂ ਆਪਣੀਆਂ ਕੁਝ ਮੂਲ ਵਿਸ਼ੇਸ਼ਤਾਈਆਂ ਵੀ ਹੁੰਦੀਆਂ ਹਨ ਗਲਪ ਸਿਰਜਣਾ ਬਾਰੇ ਮਾਨਤਾ ਪ੍ਰਾਪਤ ਧਾਰਨਾ ਅਨੁਸਾਰ


ਨਿਰੋਲ ਯਥਾਰਥ ਦੇ ਬਲਬੂਤੇ ’ਤੇ ਕੋਈ ਨਾਵਲ ਜਾਂ ਕਹਾਣੀ ਵਰਗੀ ਗਲਪੀ ਰਚਨਾ ਨਹੀਂ ਲਿਖੀ ਜਾ ਸਕਦੀ ਸਗੋ ਯਥਾਰਥ ਵਿਚ ਲਏ ਕਿਸੇ ਵਰਤਾਰੇ ਜਾਂ ਘਟਨਾ ਨੂੰ ਗਲਪੀ ਰੰਗਤ ਦੇਣ ਲਈ ਯਥਾਰਥ ਦੇ ਨੇੜੇ ਢੁੱਕਦੀ ਕਲਪਨਾ ਜਾਂ ਅਜਨਬੀਕਰਨ ਦੀ ਲੋੜ ਵੀ ਪੈਂਦੀ ਹੈ। ਸਵੈ ਜੀਵਨੀ ਜਾਂ ਜੀਵਨੀ ਨਿਰੋਲ ਰੂਪ ਵਿਚ ਯਥਾਰਥਕ ਧਰਾਤਲ ’ਤੇ ਲਿਖੀ ਗਈ ਲਿਖਤ ਹੁੰਦੀ ਹੈ ਇਸ ਲਈ ਇਸ ਵਿਚ ਕਾਲਪਨਿਕ ਦ੍ਰਿਸ਼ ਸਿਰਜੇ ਜਾਣ ’ਤੇ ਇਸਦੀ ਭਰੋਸੇਯੋਗਤਾ ਘਟਣ ਲੱਗਦੀ ਹੈ। ਚਾਹੇ ਇਸ ਸਵੈ ਜੀਵਨੀ ਨੂੰ ਨਾਵਲ ਵਾਂਗ ਬਕਾਇਦਾ ਰੂਪ ਵਿਚ ਕਾਂਡਾਂ ਵਿਚ ਵੰਡਿਆਂ ਗਿਆ ਹੈ ਪਰ ਨਿਰੋਲ ਯਥਾਰਥਕ ਲਿਖਤ ਹੋਣ ਕਾਰਨ ਇਸ ਨੂੰ ਨਾਵਲ ਨਹੀਂ ਕਿਹਾ ਜਾ ਸਕਦਾ। ਅਸੀਂ ਇਸ ਨੂੰ ਰੂਪਕ ਪੱਖੋ ਨਾਵਲ ਦੇ ਨੇੜਲੀ ਰਚਨਾ ਵਜੋਂ ਤਾਂ ਸਵੀਕਾਰ ਸਕਦੇ ਹਾਂ ਪਰ ਨਾਵਲ ਵਜੋਂ ਨਹੀਂ ਜੇ ਇਸ ਨੂੰ ਅਸੀਂ ਇਸ ਨੂੰ ਵਾਰਤਕ ਦੀ ਸ਼੍ਰੇਣੀ ਵਿਚ ਹੀ ਰੱਖ ਦੇਈਏ ਤਾਂ ਇਸ ਦਾ ਸਾਹਿਤਕ ਮੁੱਲ ਨਹੀਂ ਘੱਟਦਾ।

ਪੁਸਤਕ ਦੀ ਮੇਰੇ ਲਈ ਸਭ ਤੋਂ ਵੱਧ ਮੇਰੇ ਮਨ ਭਾਉਂਦੀ ਖ਼ੂਬਸੂਰਤੀ ਇਹ ਹੈ ਕਿ ਇਹ ਸਾਹਿਤ ਸਿਰਜਣਾ ਤੇ ਸਾਹਿਤ ਪਾਠ ਨੂੰ ਅਜਿਹੇ ਸ਼ਕਤੀਸ਼ਾਲੀ ਮਾਧਿਅਮ ਵਜੋਂ ਉਭਾਰਦੀ ਹੈ ਜਿਹੜਾ ਮਨੁੱਖ ਅੰਦਰਲੇ ਮਾਨਸਿਕ ਖਲਾਅ ਨੂੰ ਭਰਨ ਸਬੰਧੀ ਪੂਰਨ ਸਮਰੱਥਾ ਰੱਖਦਾ ਹੈ। ਇਸ ਸਵੈ ਜੀਵਨੀ ਦੇ ਹਰ ਕਾਂਡ ਦਾ ਆਦਿ ਤੇ ਅੰਤ ਨੀਲਮ ਵੱਲੋਂ ਲਾਜ ਨਾਲ ਖਿਆਲੀ ਤੌਰ ’ਤੇ ਰਚਾਏ ਉਸ ਭਾਵਪੂਰਤ ਸੰਵਾਦ ਨਾਲ ਹੁੰਦਾ ਹੈ ਜਿਹੜਾ ਅੰਦਰਲੇ ਮਾਨਸਿਕ ਖਲਾਅ ਨੂੰ ਭਰਨ ਦੀਆਂ ਮਨੋ ਵਿਗਿਆਨਿਕ ਤੇ ਦਾਰਸ਼ਨਿਕ ਜੁਗਤਾਂ ਬਾਰੇ ਜਾਣਕਾਰੀ ਦਿੰਦਾ ਹੈ। ਇਹਨਾਂ ਜੁਗਤਾਂ ਵਿਚ ਸਾਹਿਤ ਸਿਰਜਣਾ ਤੇ ਪੜ੍ਹਣਾ ਸਾਰਿਆਂ ਤੋਂ ਪ੍ਰਮੁੱਖ ਜੁਗਤ ਵਜੋਂ ਉਭਰ ਕੇ ਸਾਹਮਣੇ ਆਉਂਦਾ ਹੈ ਨੀਲਮ ਇਸ ਧਾਰਨਾ ਦੀ ਪੁਸ਼ਟੀ ਸੁਣੀਆਂ ਸੁਣਾਈਆ ਧਾਰਨਾਵਾਂ ਦੇ ਅਧਾਰ ’ਤੇ ਨਹੀਂ ਕਰਦੀ ਸਗੋਂ ਆਪਣੇ ਹੱਡੀ ਹੰਢਾਏ ਅਨੁਭਵ ਦੇ ਅਧਾਰ ’ਤੇ ਇਹ ਦਾਅਵਾ ਵੀ ਪੇਸ਼ ਕਰਦੀ ਹੈ ਕਿ ਲਾਜ ਦੀ ਮੌਤ ਤੋਂ ਬਾਅਦ ਉਸਦੀ ਥੱਕੀ, ਟੁੱਟੀ, ਨਿਰਾਸ਼ ਤੇ ਉਪਰਾਮ ਜ਼ਿੰਦਗੀ ਦੀ ਪੁਨਰ ਉਸਾਰੀ ਕਰਨ ਵਿੱਚ ਉਸ ਵੱਲੋਂ ਸਿਰਜੇ ਸਾਹਿਤ ਦੀ ਵੀ ਵਿਸੇਸ਼ ਭੂਮਿਕਾ ਰਹੀ ਹੈ।

ਇਸ ਸਵੈ ਜੀਵਨੀ ਵਿਚ ਕਿਸੇ ਦਿਲਚਸਪ ਨਾਵਲ ਵਰਗਾ ਕਹਾਣੀ ਰਸ ਮੌਜੂਦ ਹੈ ਜੋ ਪਾਠਕੀ ਬਿਰਤੀਆਂ ਨੂੰ ਆਪਣੇ ਨਾਲ ਜੋੜਣ ਵਿਚ ਪੂਰੀ ਤਰ੍ਹਾਂ ਸਫ਼ਲ ਵੀ ਰਹਿੰਦਾ ਹੈ। ਲੇਖਿਕਾ ਕੋਲ ਮੁਹਾਵਰੇਦਾਰ ਭਾਸ਼ਾ ਹੈ, ਜਿਸ ਦੇ ਜ਼ਰੀਏ ਉਹ ਸਵੈ ਜੀਵਨੀ ਦੇ ਪਾਠ ਦੇ ਸੋਹਜ ਸੁਆਦ ਵਿਚ ਵਾਧਾ ਕਰਨ ਵਿਚ ਸਫਲ ਰਹੀ ਹੈ। ਭਾਵੇਂ ਇਸ ਜੀਵਨੀ ਰਾਹੀ ਉਭਰੀਆਂ ਮਨੋ-ਸਮਾਜਿਕ ਸਮੱਸਿਆਵਾਂ ਪਾਠਕਾਂ ਲਈ ਅਸਲੋਂ ਨਵੀਆਂ ਨਹੀਂ ਹਨ ਪਰ ਇਹਨਾਂ ਦਾ ਸਮਾਧਾਨ ਲੇਖਿਕਾ ਨੇ ਆਪਣੇ ਬੁੱਧੀ ਵਿਵੇਕ ਅਨੁਸਾਰ ਨਵੇਂ ਢੰਗ ਨਾਲ ਹੀ ਕੀਤਾ ਹੈ। ਇਸ ਸਵੈ ਜੀਵਨੀ ਵਿਚਲੀਆਂ ਘਟਨਾਵਾਂ ਨੂੰ ਅਧਾਰ ਬਣਾ ਕੇ ਉਹ ਵੱਖਰੇ ਰੂਪ ਕੁਝ ਕਹਾਣੀਆਂ ਵੀ ਲਿਖੀਆਂ ਗਈਆਂ ਹਨ ਜੋ ਉਸਦੇ ਕਹਾਣੀ ਸੰਗ੍ਰਹਿ ‘ਲਟ ਲਟ ਬਲਦਾ ਦੀਵਾ’ ਵਿੱਚ ਸ਼ਾਮਿਲ ਹਨ ਪਰ ਉਸ ਵੱਲੋਂ ਕੀਤੀ ਲੋੜੀਂਦੀ ਕਲਪਨਾ ਤੇ ਅਜਨਬੀਕਰਨ ਰਾਹੀਂ ਹੀ ਉਸਦੀਆਂ ਸਵੈ ਜੀਵਨ ਮੂਲਕ ਘਟਨਾਵਾਂ ਕਹਾਣੀਆਂ ਦੇ ਰੂਪ ਵਿਚ ਪਰਵਰਤਿਤ ਹੋਈਆਂ ਹਨ। ਕੁੱਲ ਮਿਲ ਕੇ ਮਨੁੱਖੀ ਜੀਵਨ ਜਾਚ ਦੇ ਮੋਹ ਮੁਹੱਬਤੀ ਮਾਡਲ ਦੀ ਉਸਾਰੀ ਕਰਨ ਵਾਲੀ ਇਹ ਪੁਸਤਕ ਸਵੈ ਜੀਵਨੀ ਸਾਹਿਤ ਦੇ ਖੇਤਰ ਵਿਚ ਆਪਣੇ ਹਿੱਸੇ ਦਾ ਨਿੱਗਰ ਤੇ ਮੁੱਲਵਾਨ ਗੁਣਾਤਮਕ ਵਾਧਾ ਕਰਨ ਵਿਚ ਕਾਮਯਾਬ ਰਹੀ ਹੈ। (**ਮੁਬਾਇਲ- 89682-82700**)

# ਜ਼ਮੀਨ ਨਾਲ ਜੁੜੀ ਮਨੁੱਖੀ ਹੋਂਦ ਦਾ ਸੁਆਲ : ਅੜੇ-ਥੁੜੇ

**ਡਾ. ਮਨਮਿੰਦਰ ਕੌਰ**



ਰਘਬੀਰ ਸਿੰਘ ਮਾਨ ਬਹੁ-ਵਿਧਾਈ ਗਲਪਕਾਰ ਹੈ। ਉਸ ਨੇ ਹੁਣ ਤੱਕ ਪੰਜ ਕਿਤਾਬਾਂ ਪੰਜਾਬੀ ਸਾਹਿਤ ਨੂੰ ਦਿੱਤੀਆਂ। ਇਹ ਨਾਵਲ **ਅੜੇ-ਥੁੜੇ** (**ਪ੍ਰਕਾਸ਼ਕ ਚੇਤਨਾ ਪ੍ਰਕਾਸ਼ਕ, ਲੁਧਿਆਣਾ, ਮੁੱਲ** 350, **ਪੰਨੇ** 200, **ਸਾਲ** 2024) ਉਸਦਾ ਨਵਾਂ ਨਾਵਲ ਹੈ।

ਅੜੇ-ਥੁੜੇ ਨਾਵਲ ਪੰਜਾਬ ਦੇ ਪੇਂਡੂ ਧਰਾਤਲ ਤੇ ਉਸਰਿਆ ਨਾਵਲ ਹੈ। ਜਿਸ ਦਾ ਕੇਂਦਰੀ ਧੁਰਾ ਜਮੀਨ ਹੈ। ਨਾਵਲ ਦੇ ਵਿਸ਼ੇ ਨੂੰ ਗਹੁ ਨਾਲ ਵਾਚਣ ਤੇ ਪਤਾ ਲੱਗਦਾ ਹੈ ਕਿ ਪੰਜਾਬ ਪਿੱਛਲੇ ਚਾਰ ਦਹਾਕਿਆਂ ਤੋਂ ਆਰਥਿਕ-ਸਮਾਜਿਕ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਨਾਵਲ ਦੀ ਕਹਾਣੀ ਮੱਧ ਵਰਗੀ ਕਿਸਾਨੀ ਪਰਿਵਾਰ ਦੀ ਕਹਾਣੀ ਹੈ ਜਿਸਦਾ ਮੁੱਖ ਪਾਤਰ ਜੈਲਾ ਬਾਰਾਂ ਘੁਮਾ ਜ਼ਮੀਨ ਦੀ ਮਾਲਕੀ ਦੀ ਹੈਸੀਅਤ ਵਜੋਂ ਘਰ ਵਿੱਚ ਬਿਰਧ ਮਾਂ ਤੇ ਪਤਨੀ ਸੀਬੋ ਦੇ ਹੁੰਦਿਆਂ ਧੀਰੋ ਨਾਮੀ ਔਰਤ ਨਾਲ ਵਿਆਹ ਬਾਹਰੇ ਸਬੰਧ ਬਣਾਉਂਦਾ ਹੈ। ਸੀਬੋ ਨੂੰ ਜਦੋਂ ਜੈਲੇ ਅਤੇ ਧੀਰੋ ਦੇ ਸੰਬੰਧਾਂ ਦਾ ਪਤਾ ਚਲਦਾ ਹੈ ਤਾਂ ਸੀਬੋ ਆਪਣਾ ਆਪਾ ਖੋਹ ਬੈਠਦੀ ਹੈ। ਧੀਰੋ ਬਾਰੇ ਜਦੋਂ ਉਹ ਜੈਲੇ ਨਾਲ ਗੱਲ ਕਰਦੀ ਹੈ ਤਾਂ ਜੈਲਾ ਉਸ ਨੂੰ ਦੱਸਦਾ ਹੈ ਕਿ ਉਹ ਕਦੇ ਵੀ ਉਸ ਦੀ ਪਸੰਦ ਨਹੀਂ ਰਹੀ। ਜੈਲੇ ਵੱਲੋਂ ਸੀਬੋ ਨੂੰ ਠੁਕਰਾਉਣ ਕਾਰਨ ਉਹ ਆਪਣੇ ਆਪ ਨੂੰ ਜਿੰਦਾ ਲਾਸ਼ ਵਾਂਗ ਮਹਿਸੂਸ ਕਰਦੀ ਹੈ ਅਤੇ ਜੈਲੇ ਦਾ ਘਰ ਛੱਡਣ ਦਾ ਫੈਸਲਾ ਕਰਦੀ ਹੈ। ਅੜੇ-ਥੁੜੇ ਨਾਵਲ ਦੀ ਮੁੱਖ ਪਾਤਰ ਸੀਬੋ ਦਾ ਕਿਰਦਾਰ ਦਲੀਪ ਕੌਰ ਟਿਵਾਣਾ ਦੇ ਨਾਵਲ 'ਏਹੁ ਹਮਾਰਾ ਜੀਵਣਾ' ਦੀ ਮੁੱਖ ਪਾਤਰ ਭਾਨੋ ਨਾਲ ਮਿਲਦਾ-ਜੁਲਦਾ ਹੈ। ਜਿੱਥੇ ਭਾਨੋ ਸਾਰੀ ਉਮਰ ਨਰੈਣੇ ਅਮਲੀ ਦੇ ਘਰ ਨੂੰ ਸੰਵਾਰਨ ਤੇ ਵਸਾਉਣ ਵਿੱਚ ਰੁੱਝੀ ਰਹਿੰਦੀ ਹੈ ਜਦ ਕਿ ਨਰੈਣਾ ਕਿਸੇ ਵੀ ਪੱਖੋਂ ਉਸਦੇ ਹਾਣ ਦਾ ਨਹੀਂ। ਪਰ ਜਦੋਂ ਨਰੈਣਾ ਭਾਗਵੰਤੀ ਵਰਗੀ ਜ਼ਲੀਲ ਔਰਤ ਨੂੰ ਪੁੱਤਰ ਦੀ ਲਾਲਸਾ ਅਧੀਨ ਖਰੀਦ ਕੇ ਲਿਆਉਂਦਾ ਹੈ ਤਾਂ ਭਾਨੋ ਅੰਦਰਲੇ ਸਭ ਬੰਨ੍ਹ ਟੁੱਟ ਜਾਂਦੇ ਹਨ ਤਾਂ ਉਹ ਪਿਤਰੀ ਸੱਤਾ ਦੀਆਂ ਸਭ ਮਰਿਆਦਾਵਾਂ ਨੂੰ ਛਿੱਕੇ ਟੰਗਦੀ ਘੁੰਡ ਚੁੱਕ ਕੇ ਅਤੇ ਘੱਗਰਾ ਮੋਢੇ 'ਤੇ ਰੱਖ ਕੇ ਸੱਥ ਵਿੱਚੋਂ ਦੀ ਹੁੰਦੀ ਹੋਈ ਪਿੰਡ ਛੱਡ ਜਾਂਦੀ ਹੈ। ਦੋਹਾਂ ਨਾਵਲਾਂ ਦਾ ਕੇਂਦਰੀ ਨੁਕਤਾ ਔਰਤ ਦੀ ਮਜਬੂਰ ਸਥਿਤੀ ਹੈ ਜੋ ਅਣਚਾਹੀਆਂ ਸਥਿਤੀਆਂ ਵਿੱਚ ਦੁਖਾਂਤ ਦੀ ਭਾਗੀ ਬਣਦੀਆਂ ਹਨ। ਜੋ ਮਰਦ ਦੀ ਨਕਾਰੀ ਸੋਚ ਅੱਗੇ ਟੁੱਟ ਜਾਂਦੀਆਂ ਹਨ। ਪਰ ਭਾਨੋ ਅਤੇ ਸੀਬੋ ਦੀ ਸਥਿਤੀ ਦਾ ਵਿਰੋਧਾਭਾਸ ਇਹ ਹੈ ਕਿ ਜਿੱਥੇ ਦਲੀਪ ਕੌਰ ਟਿਵਾਣਾ ਭਾਨੋ ਨੂੰ ਘਰੋਂ ਬਾਹਰ ਆਉਂਦੇ ਦਿਖਾ ਕੇ ਨਾਵਲ ਦਾ ਅੰਤ ਕਰਦੀ ਹੈ। ਇਹ ਅੰਤ ਬੜਾ ਅਰਥ ਭਰਪੂਰ ਹੈ। ਨਿਰਸੰਦੇਹ ਭਾਨੋ ਆਪਣੀ ਮਨੁੱਖੀ ਹੋਂਦ ਦੀ ਸਵੀਕ੍ਰਿਤੀ ਲਈ ਯਤਨਸ਼ੀਲ ਹੈ ਪਰ ਇਸ ਨਾਵਲ ਦੀ ਮੁੱਖ ਪਾਤਰ ਸੀਬੋ ਸਮਾਜਿਕ ਪ੍ਰਬੰਧ ਦੁਆਰਾ ਮਿਥੀਆਂ ਹੱਦਬੰਦੀਆਂ ਨੂੰ ਉਲੰਘਣ ਦੇ ਸਰਲ, ਸਧਾਰਨ ਤੇ ਬਾਹਰਮੁਖੀ ਸਾਧਨ ਅਪਨਾਉਂਦੀ ਹੈ ਅਤੇ ਜੈਲੇ ਨਾਲ ਆਪਣਾ ਰਿਸ਼ਤਾ ਚੁਪਚਾਪ ਤੋੜ ਕੇ ਸ਼ੇਰਪੁਰ ਛੱਡ ਜਾਂਦੀ ਹੈ ਤੇ

ਜਾਣ ਵੇਲੇ ਸਿਵਿਆਂ ਵੱਲ ਮੂੰਹ ਕਰਕੇ ਡੱਕੇ ਤੋੜ ਕੇ ਸੁੱਟਦਿਆਂ ਦਲੇਰ ਆਵਾਜ਼ ਵਿੱਚ ਕਹਿੰਦੀ ਹੈ "ਆਹ ਲੈ ਜੈਲਿਆ, ਤੂੰ ਅੱਜ ਤੋਂ ਮੇਰੇ ਵੱਲੋਂ ਮਰ ਗਿਆ।" (ਪੰਨਾ-9)

ਨਾਵਲ ਦੀ ਮੁੱਖ ਪਾਤਰ ਸੀਬੋ ਹਰ ਔਰਤ ਵਾਂਗ ਆਪਣੇ ਪਤੀ ਦਾ ਸਾਥ ਮਾਨਣਾ ਚਾਹੁੰਦੀ ਹੈ। ਉਸ ਲਈ ਜਮੀਨ ਤੇ ਪੈਸਾ ਐਨੀ ਅਹਿਮੀਅਤ ਨਹੀਂ ਰੱਖਦਾ ਜਿੰਨੀ ਕਿ ਉਸਦਾ ਸਵੈ ਮਾਣ ਮਾਇਨੇ ਰੱਖਦਾ ਹੈ। ਪਰ ਜੈਲਾ ਜਦੋਂ ਉਸਦਾ ਸਵੈਮਾਣ ਤੋੜਦਾ ਹੈ ਤਾਂ ਉਸਦੀ ਮਾਨਸਿਕਤਾ ਖੇਰੂ ਖੇਰੂ ਹੋ ਜਾਂਦੀ ਹੈ। ਉਹ ਆਪਣੇ ਪੁੱਤ ਸ਼ੇਰੇ ਨੂੰ ਛਾਤੀ ਨਾਲੋਂ ਤੋੜ ਕੇ ਆਪਣੀ ਨਨਾਣ ਦੇ ਹਵਾਲੇ ਕਰ ਜਾਂਦੀ ਹੈ। ਜੈਲੇ ਅਤੇ ਮਤਰੇਈ ਮਾਂ ਧੀਰੋ ਕੋਲ ਸ਼ੇਰੇ ਨੂੰ ਛੱਡਣ ਪਿੱਛੇ ਸੀਬੋ ਦੀ ਇੱਕੋ ਹੀ ਮਨਸ਼ਾ ਸੀ ਕਿ ਜੇ ਸ਼ੇਰਾ ਆਪਣੇ ਘਰ ਵਿੱਚ ਇਥੇ ਰਿਹਾ ਤਾਂ ਵੱਡਾ ਹੋ ਕੇ ਉਹ ਜਮੀਨ ਦੇ ਅੱਧ ਦਾ ਮਾਲਕ ਬਣ ਸਕੇਗਾ। ਸੀਬੋ ਆਪਣੀ ਭੈਣ ਨੂੰ ਕਹਿੰਦੀ ਹੈ, "ਸਭ ਕੁਝ ਹੁੰਦੇ-ਸੁੰਦੇ ਉਹਨੂੰ ਬੇਜ਼ਮੀਨਾ ਬਣਾ ਦਿੰਦੀ, ਹੁਣ ਮੇਰਾ ਪੁੱਤ ਰੁਲ-ਖੁੱਲ ਕੇ ਤਾਂ ਪਲ ਜਾਊ। ਵੱਡਾ ਹੋ ਕੇ ਜ਼ਮੀਨ ਦਾ ਮਾਲਕ ਤਾ ਕਹਾਊ।" (ਉਹੀ,ਪੰਨਾ-1 )

ਨਾਵਲਕਾਰ ਨੇ ਸੀਬੋ ਪਾਤਰ ਦੇ ਜਰੀਏ ਸਮਾਜ ਵਿੱਚ ਸਰੀਰਕ ਅਪਾਹਜਤਾ ਨੂੰ ਲੈ ਕੇ ਸਮਾਜ ਦੀ ਸੋੜੀ ਸੋਚ ਦੀ ਤਸਵੀਰ ਪੇਸ਼ ਕੀਤੀ ਹੈ। ਨਾਵਲ ਦੀ ਪਾਤਰ ਸੀਬੋ ਲੱਤੋ ਕੋਹਝੀ ਹੋਣ ਦੇ ਬਾਵਜੂਦ ਘਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਬਾਖੂਬੀ ਨਿਭਾਉਂਦੀ ਹੈ ਪਰ ਜੈਲੇ ਦੇ ਮਨ ਵਿਚ ਆਪਣੀ ਜਗ੍ਹਾ ਨਹੀਂ ਬਣਾ ਪਾਉਂਦੀ। ਸੀਬੋ ਦੇ ਸਰੀਰਕ ਕੋਹਝੇਪਨ ਨੂੰ ਲੈ ਕੇ ਜੈਲੇ ਦੇ ਅੰਦਰ ਜੋ ਨਫ਼ਰਤ ਹੈ ਉਹ ਨਾਵਲ ਦੇ ਪਲਾਂਟ ਵਿੱਚ ਸ਼ੁਰੂ ਤੋਂ ਅਖੀਰ ਤੱਕ ਉਵੇਂ ਹੀ ਬਰਕਰਾਰ ਰਹਿੰਦੀ ਹੈ। ਜਿਥੇ ਜੈਲਾ ਆਪਣੀ ਪਹਿਲੀ ਵਿਆਹੀ ਪਤਨੀ (ਸੀਬੋ) ਨੂੰ ਮਾਂ ਦੀ ਪਸੰਦ ਦੱਸਦਾ ਹੋਇਆ ਦੂਜੇ ਆਪ ਕਰਾਏ ਵਿਆਹ ਨੂੰ ਜਾਇਜ਼ ਠਹਿਰਾਉਂਦਾ ਹੈ। ਸੀਬੋ ਲੱਤੋ ਕੋਹਝੀ ਹੋਣ ਕਰਕੇ ਆਪਣੇ ਪਤੀ ਦੀ ਪਹਿਲੀ ਪਸੰਦ ਨਹੀਂ ਬਣਦੀ ਪਰ ਜਦੋਂ ਜੈਲੇ ਨੇ ਬੱਚਾ ਪੈਦਾ ਕਰਨਾ ਸੀ ਤਾਂ ਉਸਦਾ ਸਰੀਰਕ ਕੋਹਝ ਅੱਖੋਂ ਪਰੋਖੇ ਹੋ ਜਾਂਦੀ ਹੈ। ਪਿਤਰੀ ਸੱਤਾ ਸਮਾਜ ਵਿੱਚ ਔਰਤ ਦੀ ਹੋਣੀ ਅਤੇ ਸੀਬੋ ਦਾ ਕੋਹਝਾਪਣ ਉਸਦੇ ਸੰਕਟ ਨੂੰ ਹੋਰ ਗਹਿਰਾ ਕਰਦਾ ਹੈ। ਜਿਥੇ ਜੈਲੇ ਦੇ ਇਹ ਬੋਲ ਸੀਬੋ ਨੂੰ ਧੁਰ ਅੰਦਰੋਂ ਤੋੜਕੇ ਰੱਖ ਦਿੰਦੇ ਹਨ, "ਕੁੱਤੀਏ... ਤੂੰ ਮਾਂ ਦੀ ਪਸੰਦ ਸੀ ਮੇਰੀ ਨ੍ਹੀਂ। ਉਹ ਕੰਮ ਆਲੀ ਲੈ ਕੇ ਆਈ ਸੀ, ਮੇਰੇ ਲਈ ਵਹੁਟੀ ਨ੍ਹੀਂ । ਚਲ ਹੋ ਬਾਹਰ, ਮੇਰੀ ਨਹੀਂ ਤੂੰ ਕੁਝ ਲੱਗਦੀ। ਇਹ ਘਰ ਮੇਰਾ ਐ, ਲੰਗੜੇ ਲੂਲਿਆ ਦਾ ਆਸ਼ਰਮ ਨ੍ਹੀਂ। " (ਉਹੀ,ਪੰਨਾ-30 )

ਨਾਵਲ ਵਿੱਚ ਜ਼ਮੀਨ ਦੀ ਮਾਲਕੀ ਪਿਤਰੀ ਸੱਤਾ ਅੰਦਰ ਸਾਧਨ ਵਿਹੂਣੀ ਔਰਤ ਦੀ ਸਥਿਤੀ ਨੂੰ ਬਾਖੂਬੀ ਪੇਸ਼ ਕੀਤਾ ਗਿਆ ਹੈ। ਜੈਲਾ ਜੋ ਕਿ ਬਾਰਾਂ ਘੁਮਾ ਜ਼ਮੀਨ ਦਾ ਮਾਲਕ ਹੋਣ ਕਰਕੇ ਤੇ ਇੱਕ ਪੁੱਤ ਦਾ ਪਿਉ ਹੋਣ ਦੇ ਬਾਵਜੂਦ ਵੀ ਧੀਰੋ ਵਰਗੀ ਭਰ ਜਵਾਨ ਕੁੜੀ ਨਾਲ ਵਿਆਹ ਕਰਾਉਂਦਾ ਹੈ ।ਧੀਰੋ ਦਾ ਸਬੰਧ ਨਿਮਨ ਕਿਸਾਨੀ ਪਰਿਵਾਰ ਨਾਲ ਹੈ ਜਿਹੜੀ ਆਪਣੀ ਪਰਵਾਰਿਕ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਸ਼ਹਿਰ ਵਿੱਚ ਕੱਪੜੇ ਦੀ ਦੁਕਾਨ ਉੱਪਰ ਕੰਮ ਕਰਦੀ ਹੈ ਜਿੱਥੇ ਉਹ ਤੇ ਜੈਲਾ ਮਿਲਦੇ ਹਨ। ਧੀਰੋ ਨੂੰ ਜਦੋਂ ਜੈਲੇ ਦੀ ਜ਼ਮੀਨ ਬਾਰੇ ਪਤਾ ਲੱਗਦਾ ਹੈ ਤਾਂ ਉਹ ਭਵਿੱਖੀ ਸੁਪਨੇ ਬੁਣਨ ਲੱਗਦੀ ਹੈ। ਨਾਵਲਕਾਰ ਜੈਲੇ ਕੋਲ ਬਾਰਾਂ ਘੁਮਾ ਜ਼ਮੀਨ ਦੀ ਮਾਲਕੀ ਹੋਣ ਦੇ ਬਾਵਜੂਦ ਵੀ ਉਸ ਨੂੰ ਸ਼ਰਾਬ ਦੇ ਠੇਕੇ 'ਤੇ ਕੰਮ ਕਰਦਾ ਦਿਖਾਉਂਦਾ ਹੈ। ਨਾਵਲਕਾਰ ਇਸ ਦੇ ਜ਼ਰੀਏ ਪਿੰਡ ਵਿੱਚ ਗੈਰ ਖੇਤੀਬਾੜੀ ਕਿੱਤਿਆਂ ਦੀ ਵੱਧਦੀ ਆਰਥਿਕਤਾ ਨੂੰ ਪੇਸ਼ ਕਰਦਾ ਹੈ। ਕਿਉਂਕਿ ਅਜੋਕੇ ਸਮੇਂ ਵਿੱਚ ਜ਼ਮੀਨ ਮਾਲਕੀ ਵਾਲੇ ਪਰਿਵਾਰ ਆਪਣੀ ਆਮਦਨ ਵਿੱਚ ਵਾਧਾ

ਕਰਨ ਦੇ ਲਈ ਗੈਰ ਖੇਤੀਬਾੜੀ ਕਿੱਤੇ ਅਪਣਾਉਂਦੇ ਹਨ। ਇਸ ਪਰਿਵਰਤਨ ਨਾਲ ਸਮਾਜਿਕ ਪ੍ਰਬੰਧਾਂ ਵਿੱਚ ਬਦਲਾਅ ਆਉਂਦੇ ਹਨ। ਨਾਵਲ ਵਿੱਚ ਜੈਲਾ ਠੇਕੇ ਤੇ ਕੰਮ ਕਰਦਾ ਹੈ ਅਤੇ ਧੀਰੋ ਕੱਪੜਿਆਂ ਦੀ ਦੁਕਾਨ ਤੇ ਕੰਮ ਕਰਦੀ ਹੈ ਪ੍ਰੰਤੂ ਜੈਲੇ ਨਾਲ ਵਿਆਹ ਕਰਾਉਣ ਤੋਂ ਬਾਅਦ ਉਹ ਬਾਰਾਂ ਘੁਮਾਂ ਦੀ ਮਾਲਕੀ ਵਾਲੇ ਪਰਿਵਾਰ ਵਿੱਚ ਖੇਤੀਬਾੜੀ ਨੂੰ ਆਮਦਨ ਵਧਾਉਣ ਦੇ ਵਸੀਲੇ ਅਤੇ ਮਨੁੱਖੀ ਆਜ਼ਾਦੀ ਵਜੋਂ ਤਵੱਸਰ ਕਰਦੀ ਹੈ। ਉਸਦੇ ਬੋਲਾਂ ਤੋਂ ਸਾਫ਼ ਤਸਵੀਰ ਉਭਰਦੀ ਹੈ, "ਹੋਵੇ ਬਾਰਾਂ ਖੇਤਾਂ ਦਾ ਮਾਲਕ ਤੇ ਕਰੇ ਸ਼ਹਿਰ ਵਿੱਚ ਗੁਲਾਮੀ। "(ਪੰਨਾ-42) "ਕੁਛ ਵੀ ਹੈ ਖੇਤੀ ਭਾਵੇਂ ਬਾਰਾਂ ਖੇਤਾਂ ਦੀ ਹੋਵੇ... ਤੇ ਭਾਵੇਂ ਇੱਕ ਖੇਤ ਦੀ ਬੰਦਾ ਸਰਦਾਰ ਤਾਂ ਕਹਾਉਂਦਾ।"ਪੰਨਾ-42)

ਪੂੰਜੀਵਾਦੀ ਪ੍ਰਬੰਧ ਸਮਾਜਿਕ ਵਿਵਸਥਾ ਦੌਰਾਨ ਮਨੁੱਖ ਦੀ ਮਾਨਵੀ ਤੇ ਸਮਾਜਿਕ ਰਿਸ਼ਤਿਆਂ ਵਿੱਚ ਵੱਡੀ ਪੱਧਰ ਤੇ ਉਥਲ ਪੁਥਲ ਕਰ ਰਿਹਾ ਹੈ । ਮਾਨਵੀ ਰਿਸ਼ਤੇ ਜਿਨ੍ਹਾਂ ਨੂੰ 'ਮੋਹ ਦੇ ਰਿਸ਼ਤੇ' ਆਖਿਆ ਜਾਂਦਾ ਹੈ ਇਸ ਵਿਵਸਥਾ ਵਿੱਚ ਪੁੱਗ ਹੀ ਨਹੀਂ ਸਕਦੇ ਤੇ ਸਮਾਜਿਕ ਰਿਸ਼ਤੇ ਸਵਾਰਥੀ, ਵਪਾਰਿਕ ਰਿਸ਼ਤਿਆਂ ਵਿੱਚ ਤਬਦੀਲ ਹੋ ਜਾਂਦੇ ਹਨ। ਮਨੁੱਖੀ ਮੋਹ ਦੀ ਥਾਂ ਪਦਾਰਥ ਅਤੇ ਲੋਭ ਲੈ ਲੈਂਦਾ ਹੈ। ਨਾਵਲ ਦੇ ਕਥਾਨਕ ਅੰਦਰ ਜੈਲੇ ਦਾ ਆਪਣੇ ਪੁੱਤ ਪ੍ਰਤੀ ਅਤੇ ਧੀਰੋ ਦਾ ਮਤਰੇਏ ਪੁੱਤ ਪ੍ਰਤੀ ਵਿਵਹਾਰ ਇਸੇ ਹੀ ਸੋਚ ਵਿੱਚੋਂ ਪੈਦਾ ਹੁੰਦਾ ਹੈ। ਜਦੋਂ ਜੈਲਾ ਸ਼ੇਰੇ ਨੂੰ ਕਹਿੰਦਾ, "ਤੂੰ ਬੱਲਾਂ ਆਂ ਨਾ । ਛੇ ਘੁਮਾ ਤੈਨੂੰ ਕੱਲੇ ਨੂੰ ਦੇ ਦਿਆ।" (ਪੰਨਾ-123) "ਅੱਧ....? ਆਇਆ ਵੱਡਾ ਨਾਢੂ ਖਾਂ, ਤੈਨੂੰ ਸੱਤਾ ਚੁੱਲ੍ਹਿਆਂ ਦੀ ਸੁਆਹ ਦਊ...ਰੜੇ ਕੱਢੂ ਤੈਨੂੰ...। (ਪੰਨਾ-124) ਸੀਬੋ ਤੇ ਧੀਰੋ ਲਈ ਵੀ ਜਿਊਣ ਦਾ ਵਸੀਲਾ ਬਾਰਾਂ ਘੁਮਾ ਜ਼ਮੀਨ ਹੈ। ਧੀਰੋ ਜੋ ਕੇ ਨਿਮਨ ਕਿਸਾਨੀ ਦੀ ਆਰਥਿਕਤਾ ਦੇ ਦੁਖਾਂਤ ਨੂੰ ਆਪਣੇ ਪਿੰਡੇ ਤੇ ਹੰਢਾ ਕੇ ਆਉਂਦੀ ਹੈ ਉਸ ਨੂੰ ਦੁਬਾਰਾ ਆਪਣੇ ਆਪ ਅਤੇ ਆਪਣੇ ਪੁੱਤਾਂ ਨੂੰ ਦੁਬਾਰਾ ਉਸ ਮੰਦੀ ਆਰਥਿਕਤਾ ਵਿੱਚ ਧੱਕਣਾ ਨਹੀਂ ਚਾਹੁੰਦੀ। ਜਿਸ ਕਾਰਨ ਉਹ ਆਪਣੇ ਮਤਰੇਏ ਪੁੱਤ ਸ਼ੇਰੇ ਨਾਲ ਮਾੜਾ ਵਿਵਹਾਰ ਕਰਦੀ ਹੈ ਤਾਂ ਕਿ ਉਹ ਉਸਦੇ ਪੁੱਤਾਂ ਦੀ ਜ਼ਮੀਨ ਵੰਡਾ ਨਾ ਲਵੇ ਅਤੇ ਸ਼ੇਰੇ ਨੂੰ ਜ਼ਮੀਨ ਦੇਣ ਲਈ ਰਾਜ਼ੀ ਨਹੀਂ ਹੁੰਦੀ। ਦੂਸਰੇ ਪਾਸੇ ਸੀਬੋ ਜੋ ਕਿ ਸ਼ੇਰੇ ਨੂੰ ਬਚਪਨ ਵਿੱਚ ਆਪਣੇ ਨਾਲੋਂ ਤੋੜ ਕੇ ਆਪਣੇ ਨਨਾਣ ਨੂੰ ਇਸ ਲਈ ਸੌਂਪ ਜਾਂਦੀ ਹੈ ਤਾਂ ਕਿ ਉਹ ਆਪਣੇ ਹਿੱਸੇ ਦੀ ਜ਼ਮੀਨ ਲੈ ਸਕੇ ਜਿਸ ਬਾਰੇ ਉਹ ਆਪਣੀ ਭੈਣ ਨੂੰ ਵੀ ਆਖਦੀ ਹੈ, "ਪਰ ਜਦੋਂ ਸ਼ੇਰਾ ਗੱਭਰੂ ਹੋ ਜਾਂਦਾ, ਮੈਥੋਂ ਜ਼ਮੀਨ ਮੰਗਦਾ ਕਿੱਥੋਂ ਦਿੰਦੀ..?" (ਪੰਨਾ-11)

ਨਾਵਲ ਦੇ ਕਥਾਨਕ 'ਚੋਂ ਇਹ ਤਸਵੀਰ ਵੀ ਸਾਫ਼ ਉਭਰਦੀ ਹੈ ਕਿ ਜ਼ਮੀਨ ਦੀ ਕਾਬਜ ਮਾਲਕੀ ਬਦਲਣ ਨਾਲ ਜ਼ਮੀਨੀ ਝਗੜਿਆਂ ਵਿੱਚ ਆਖ਼ਰ ਔਰਤਾਂ ਨੂੰ ਦੁੱਖ ਭੋਗਣਾ ਪੈਂਦਾ ਹੈ । ਨਾਵਲ ਵਿੱਚ ਸੀਬੋ, ਕੰਮੋ ਅਤੇ ਕੰਮੋ ਦੀ ਮਾਂ( ਜੰਗੀਰੋ) ਇਸ ਦੁਖਾਂਤ ਨੂੰ ਭੋਗਦੀਆਂ ਹਨ। ਸੀਬੋ ਦਾ ਪੁੱਤ ਸ਼ੇਰਾ ਅਤੇ ਸ਼ੇਰੇ ਦਾ ਸਹੁਰਾ ਝੰਡਾ ਸਿੰਘ ਜਦੋਂ ਆਪਣੇ ਹਿੱਸੇ ਦੀ ਜ਼ਮੀਨ ਲੈਣ ਵਿੱਚ ਨਾਕਾਮ ਰਹਿੰਦੇ ਹਨ ਤਾਂ ਉਹਨਾਂ ਦੀ ਅਣਖ ਉਹਨਾਂ ਨੂੰ ਵੰਗਾਰਦੀ ਹੈ। ਜਿਸ ਦੇ ਸਿੱਟੇ ਵਜੋਂ ਉਹ ਜੈਲੇ ਦੇ ਸਾਰੇ ਪਰਿਵਾਰ ਦਾ ਕਤਲ ਕਰ ਦਿੰਦੇ ਹਨ ਅਤੇ ਜ਼ਮੀਨ ਦੀ ਮਾਲਕੀ ਲਈ ਰਾਹ ਪੱਧਰਾ ਕਰਦੇ ਹਨ। ਉਲਟਾ ਝੰਡਾ ਸਿੰਘ ਦੀ ਆਪਣੀ ਜ਼ਮੀਨ ਵੀ ਕੌਡੀਆਂ ਦੇ ਭਾਅ ਵਿਕ ਜਾਂਦੀ ਹੈ ਅਤੇ ਸਾਰੀ ਹੀ ਕਤਲ ਦੇ ਮੁਕੱਦਮੇ ਨੂੰ ਝਗੜੇ ਵਿੱਚ ਲੱਗ ਜਾਂਦੀ ਹੈ। ਫਿਰ ਵੀ ਝੰਡਾ ਸਿੰਘ ਅਤੇ ਸ਼ੇਰੇ ਨੂੰ ਆਪਣੀ ਕੀਤੀ ਉੱਤੇ ਕੋਈ ਨਮੋਸ਼ੀ ਨਹੀਂ। ਜਿਸ ਬਾਰੇ ਸ਼ੇਰਾਂ ਆਪਣੀ ਪਤਨੀ ਨੂੰ ਆਖਦਾ, "ਮੈਨੂੰ ਡਰਪੋਕਾਂ ਵਾਂਗ ਜਿਉਣਾ ਨਹੀਂ ਆਉਂਦਾ। ਜੇ ਬੰਦਾ ਆਪਣੇ ਹੱਕ ਲਈ ਨਹੀਂ ਲੜਦਾ ਸਮਝੋ ਉਹ ਜਿਉਂਦਾ ਹੀ ਮਰ ਗਿਆ। ਨਾ ਮੈਨੂੰ ਮਰਨ ਦਾ ਕੋਈ ਦੁੱਖ ਹੈ ਨਾ ਡਰ।" (ਪੰਨਾ-192) ਕਤਲ ਦੇ

ਮੁਕੱਦਮੇ ਵਿੱਚ ਝੰਡਾ ਸਿੰਘ ਦੀ ਜ਼ਮੀਨ ਵਿਕ ਜਾਂਦੀ ਹੈ ਤਾਂ ਉਸਦੀ ਪਤਨੀ ਜੰਗੀਰੋ ਦੀ ਹਿੱਕ ਪਾਟਦੀ ਹੈ ਕਿ ਉਸਦੇ ਪੁੱਤ ਦੀ ਜਾਇਦਾਦ ਘਟਦੀ ਜਾਂਦੀ ਹੈ ਤਾਂ ਵੀ ਝੰਡਾ ਸਿੰਘ ਹੌਸਲੇ ਵਿੱਚ ਕਹਿੰਦਾ ਹੈ "ਝੋਰਾ ਕਿਉਂ ਕਰਦੀ ਐਂ? ਛੁੱਟ ਜਾਣ ਦੇ। ਤਿੰਨਾਂ ਦੇ ਛੇ ਬਣਾ ਕੇ ਸਾਹ ਲਊਗਾ। ਸ਼ੇਰਪੁਰ ਵਾਲੀ ਜ਼ਮੀਨ ਦਾ ਕਬਜ਼ਾ ਵੀ ਲਵਾਂਗੇ। ਫ਼ਿਕਰ ਨਾ ਕਰ। ਹੁਣ ਭੱਜਦਿਆਂ ਨੂੰ ਵਾਹਣ ਇਕੋ ਜਿਹੇ ਆ। ਤੂੰ ਵੇਖਦੀ ਜਾ ਅੱਗੇ ਅੱਗੇ ਕੀ ਹੁੰਦਾ।"(ਪੰਨਾ-189) ਨਾਵਲਕਾਰ ਇਸ ਸਥਿਤੀ ਨੂੰ ਜ਼ਮੀਨ ਮਾਲਕੀ ਵਾਲੇ ਵਿਅਕਤੀ ਦੀ ਅਣਖ ਅਤੇ ਸਵੈਮਾਨ ਵਜੋਂ ਪੇਸ਼ ਕਰਦਾ ਹੈ।

'ਅੜੇ-ਥੁੜੇ' ਨਾਵਲ ਦਾ ਕਥਾਨਕ ਆਪਣੇ ਲਕੀਰੀ ਪਸਾਰ, ਸਰਲ ਬੁਣਤਰ ਅਤੇ ਧੀਮੀ ਬਿਰਤਾਂਤਕਾਰੀ ਕਾਰਨ ਸਰਲ ਬਿਰਤਾਂਤ ਮਾਡਲ ਦਾ ਅਨੁਸਾਰੀ ਹੈ। ਨਾਵਲ ਵਿੱਚ ਜਿਆਦਾ ਘਟਨਾਤਮਿਕ ਗੁੰਝਲਾਂ ਜਾਂ ਤਨਾਅ ਨਹੀਂ। ਇਸ ਦਾ ਕਥਾਨਕ ਬਿਰਤਾਂਤਕਾਰ ਦੇ ਮਨਇੱਛਤ ਦਿਸ਼ਾ ਵੱਲ ਵਿਕਾਸ ਕਰਦਾ ਹੈ। ਨਾਵਲਕਾਰ ਕੰਮੋ ਪਾਤਰ ਰਾਹੀਂ ਨਾਵਲ ਦੇ ਅਖ਼ੀਰ ਵਿੱਚ ਪੇਂਡੂ ਧਰਾਤਲ ਤੇ ਮਨੁੱਖੀ ਹੋਂਦ ਸਿਰਫ ਜ਼ਮੀਨ ਨਾਲ ਹੈ, ਵੱਲ ਇਸ਼ਾਰਾ ਕਰਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੇਂਡੂ ਸਮਾਜਚਾਰੇ ਵਿੱਚ ਸਮਾਜਿਕ ਅਤੇ ਆਰਥਿਕ ਹੋਂਦ ਦਾ ਧੁਰਾ ਜ਼ਮੀਨ ਹੀ ਹੈ। ਪ੍ਰੰਤੂ ਕੰਮੋ ਵਰਗੀ ਘਰੇਲੂ ਔਰਤ ਵੀ ਆਪਣੇ ਸਹੁਰੇ ਪਿੰਡ ਜ਼ਮੀਨ ਖਰੀਦਣ ਦੇ ਸੁਪਨੇ ਰਾਹੀਂ ਆਪਣੇ ਪਤੀ ਦਾ ਨਾਮ ਜਿਉਂਦਾ ਰੱਖਣਾ ਚਾਹੁੰਦੀ ਹੈ । ਜਿੱਥੇ ਉਹ ਆਪਣੀ ਮਾਸੀ ਸੱਸ ਨੂੰ ਕਹਿੰਦੀ ਹੈ "ਜ਼ਮੀਨ ਨਾਲ ਹੀ ਬੰਦੇ ਦਾ ਨਾਮ ਰਹਿੰਦਾ ਮੈਂ ਸੋਚ ਲਿਆ ਜ਼ਿੰਦਗੀ ਰਹੀ ਤਾਂ ਸ਼ੇਰਪੁਰੇ ਜ਼ਮੀਨ ਖਰੀਦ ਕੇ ਪ੍ਰੀਤ ਦੇ ਡੈਡੀ ਦਾ ਨਾਮ ਜਿਉਂਦਾ ਰੱਖੂ।" (ਪੰਨਾ- 199)

ਰਘਬੀਰ ਸਿੰਘ ਮਾਨ ਦਾ ਇਹ ਨਾਵਲ ਇਕਹਰੇ ਬਿਰਤਾਂਤ ਵਾਲਾ ਹੈ। ਨਾਵਲ ਦੀ ਸਾਰੀ ਕਥਾ ਸਰਲ ਸਪਾਟ ਤੁਰਦੀ ਹੈ। ਇਸ ਨਾਵਲ ਦੀਆਂ ਸਾਰੀਆਂ ਔਰਤ ਪਾਤਰ ਨਾਵਲੀ ਕਥਾ ਤਹਿਤ ਪੈਦਾ ਹੋਏ ਸਮਾਜਿਕ ਅਤੇ ਘਰੇਲੂ ਸੰਕਟ ਵਿੱਚ ਫਸੀਆਂ ਹੋਈਆਂ ਹਨ । ਉਨ੍ਹਾਂ ਵਿੱਚ ਕਿਸੇ ਵੀ ਕਿਸਮ ਦੀ ਤਬਦੀਲੀ ਦੀ ਤਾਂਘ ਨਹੀਂ। ਉਹ ਔਰਤ ਵਿਰੋਧੀ ਹਾਲਤਾਂ ਵਿੱਚ ਜਿਉਂ ਦੀ ਤਿਉਂ ਜਿਊਣ ਲਈ ਸਮਝੌਤਾ ਕਰਦੀਆਂ ਹਨ। ਕਿਤੇ ਵੀ ਸਮਾਜਿਕ ਫੁਰਮਾਨ ਨੂੰ ਬਦਲਣ ਲਈ ਜਾਂ ਕੋਈ ਨਵਾਂ ਰਾਹ ਅਖਤਿਆਰ ਕਰਨ ਲਈ ਟੱਕਰ ਨਹੀਂ ਲੈਂਦੀਆਂ। ਨਾਵਲ ਦੇ ਅਖ਼ੀਰ ਵਿਚ ਮੁੱਖ ਮਰਦ ਪਾਤਰਾਂ ਦੇ ਕਤਲ ਕੀਤੇ ਜਾ ਚੁੱਕੇ ਹਨ ਅਤੇ ਜੋ ਬਾਕੀ ਸੀ ਉਹਨਾਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਜਾਂਦੀ ਹੈ। ਪਿੱਛੇ ਸਿਰਫ ਔਰਤਾਂ ਬਚਦੀਆਂ ਹਨ। ਜਿਸ ਵਿੱਚ ਕੰਮੋ ਪਾਤਰ ਜਿਸ ਕੋਲ ਪੂਰੀ ਜ਼ਿੰਦਗੀ ਪਈ ਹੈ ਪਰ ਉਸ ਕੋਲ ਪੇਕਿਆ ਜਾਂ ਸਹੁਰਿਆਂ ਦੀ ਜ਼ਮੀਨ ਉੱਪਰ ਕੋਈ ਮਾਲਕੀ ਨਹੀਂ ਪਰ ਫਿਰ ਵੀ ਪਿੱਤਰੀ ਸੱਤਾ ਸਮਾਜ ਵਿੱਚ ਆਪਣੇ ਪੁੱਤਰ ਨੂੰ ਜ਼ਮੀਨ ਦਾ ਮਾਲਕ ਬਣਿਆ ਦੇਖਣਾ ਚਾਹੁੰਦੀ ਹੈ। ਜਿਸ ਜ਼ਮੀਨ ਨੇ ਕੰਮੋ ਦੇ ਸਿਰ ਦਾ ਸਾਂਈ ਅਤੇ ਉਸਦੇ ਸਿਰ ਤੋਂ ਪਿਤਾ ਦਾ ਸਾਇਆ ਖੋਹ ਲਿਆ ਪਰ ਫਿਰ ਵੀ ਜ਼ਮੀਨ ਨਾਲ ਆਪਣਾ ਮੋਹ ਨਾ ਤੋੜ ਸਕੀ। ਜਿਸ ਜ਼ਮੀਨ ਦੇ ਕਾਰਨ ਨਾਵਲ ਅੰਦਰ ਵਰਜਿਤ ਰਿਸ਼ਤੇ ਪੈਦਾ ਹੋਏ, ਪਰਿਵਾਰ ਟੁੱਟੇ, ਕਤਲ ਹੋਏ। ਪਰ ਨਾਵਲ ਦੀ ਪਾਤਰ ਕੰਮੋ ਫਿਰ ਵੀ ਉਸ ਜ਼ਮੀਨ ਵਿੱਚੋਂ ਆਪਣੇ ਪੁੱਤ ਦਾ ਭਵਿੱਖ ਤਲਾਸ਼ਦੀ ਹੋਈ ਦੁਬਾਰਾ ਜ਼ਮੀਨ ਲੈਣ ਦੀ ਗੱਲ ਕਰਦੀ ਹੈ। ਨਾਵਲ ਦੇ ਅਖ਼ੀਰ ਵਿੱਚ ਨਾਵਲਕਾਰ ਪੇਂਡੂ ਆਰਥਿਕ- ਸਮਾਜਿਕ ਢਾਂਚੇ ਵਿੱਚ ਢਾਂਚਾਗਤ ਪਰਿਵਰਤਨ ਨੂੰ ਅੱਖੋਂ ਪਰੋਖੇ ਕਰਕੇ ਅਜਿਹੀ ਸਥਿਤੀ ਪੇਸ਼ ਕਰਦਾ ਜਿਹੜੀ ਅਸੰਭਵ ਹੈ। ਅਜਿਹੀ ਸਥਿਤੀ ਵਿੱਚ ਨਾਵਲਕਾਰ ਦੀ ਬੌਧਿਕ ਰਚਨਾਤਮਿਕ ਅਤੇ ਕਾਲਪਨਿਕ ਸਮਰੱਥਾ ਸਵਾਲਾਂ ਦੇ ਘੇਰੇ ਵਿੱਚ ਆਉਂਦੀ ਹੈ। **(ਸੰਪਰਕ:70874-25230)**

# ਮਨੁੱਖੀ ਮਾਨਸਿਕ ਦੁਬਿਧਾਵਾਂ ਦਾ ਬਿਰਤਾਂਤ : ਫਨੀਅਰ

## - ਡਾ. ਕੁਲਵਿੰਦਰ ਸਿੰਘ




ਪੰਜਾਬੀ ਸਾਹਿਤ ਸਿਰਜਣਾ ਦੇ ਖੇਤਰ ਵਿਚ ਦਰਸ਼ਨ ਜੋਗਾ ਪਿਛਲੇ ਡੇਢ ਦਹਾਕੇ ਤੋਂ ਨਿਰੰਤਰ ਕਾਰਜਸ਼ੀਲ ਹੈ ਹੈ। ਬਦਲਦੀਆਂ ਆਰਥਿਕ, ਸਮਾਜਿਕ ਤੇ ਸਭਿਆਚਾਰਕ ਤਬਦੀਲੀਆਂ ਸਦਕਾ ਪਰਿਵਰਤਿਤ ਹੁੰਦੀ ਮਨੁੱਖੀ ਮਾਨਸਿਕਤਾ ਦੀਆਂ ਉਲਝਣਾਂ ਤੇ ਗੁੰਝਲਾਂ ਨੂੰ ਆਪਣੇ ਗਲਪੀ ਬਿਰਤਾਂਤ ਦਾ ਹਿੱਸਾ ਬਣਾਉਂਦਾ ਹੈ।'ਨਮਸਕਾਰ' ਅਤੇ 'ਮੁੱਕਦੀ ਗੱਲ' ਸਿਰਜਣਾ ਦੇ ਖੇਤਰ ਵਿਚ ਸਥਾਪਿਤ ਹੋਣ ਦੇ ਨਾਲ-ਨਾਲ ਆਪਣੀ ਵਿਲੱਖਣ ਸ਼ੈਲੀ ਦੁਆਰਾ ਵਿਸ਼ੇਸ਼ ਪਹਿਚਾਣ ਬਣਾ ਚੁੱਕਾ ਹੈ। ਤੀਸਰੇ ਕਹਾਣੀ ਸੰਗ੍ਰਹਿ **'ਫਨੀਅਰ'** (**ਪ੍ਰਕਾਸ਼ਕ : ਚੇਤਨਾ ਪ੍ਰਕਾਸਨ, ਲੁਧਿਆਣਾ**, **ਮੁੱਲ** : 225, **ਪੰਨੇ** : 100, **ਸਾਲ** : 2024) ਦੁਆਰਾ ਪੇਂਡੂ ਅਤੇ ਸ਼ਹਿਰੀ ਜੀਵਨ ਦੇ ਆਰਥਿਕ,ਸਮਾਜਿਕ ਤੇ ਮਨੋ-ਸਰੀਰਕ ਸਮੱਸਿਆਵਾਂ ਨਾਲ ਜੂਝਦੇ ਮਨੁੱਖ ਨੂੰ ਆਪਣੇ ਗਲਪੀ ਬਿੰਬ ਦੁਆਰਾ ਕੇਂਦਰਿਤ ਕਰਦਾ ਹੈ। ਉਹ ਇਸ ਕਥਾ-ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਉੱਤਮ-ਪੁਰਖੀ ਬਿਰਤਾਂਤ ਵਿਚ ਰਚਦਾ ਹੈ। ਉੱਤਮ ਪੁਰਖੀ ਬਿਰਤਾਂਤ ਸਿਰਜਣ ਸਮੇਂ ਮੈਂ ਪਾਤਰ ਦੇ ਰੂਪ ਵਿਚ ਸਵੈ ਨੂੰ ਢਾਲਣ ਦੀਕਲਾ ਦਾ ਮਾਹਿਰ ਹੈ। ਉਹ ਇਸ ਸੰਗ੍ਰਹਿ ਦੀਆਂ ਕਹਾਣੀਆਂ ਦੇ ਪਾਤਰ ਸਿਰਜਣ ਸਮੇਂ ਮਨੋਬਚਨੀ ਵਿਧੀ ਰਾਹੀਂ ਪਾਠਕਾਂ ਨੂੰ ਵੀ ਆਪਣੇ ਕਥਾ-ਬਿਰਤਾਂਤ ਨਾਲ ਤੋਰਨ ਦਾ ਹੁਨਰ ਰੱਖਦਾ ਹੈ।ਉਹ ਕਹਾਣੀ ਵਿਚ ਸਸਪੈਂਸ ਸਿਰਜ ਕੇ ਕਥਾ ਦੇ ਅੰਤ ਤੱਕ ਪਾਠਕਾਂ ਦੀ ਉਤਸੁਕਤਾ ਬਣਾਈ ਰੱਖਣ ਵਿਚ ਵੀ ਨਿਪੁੰਨ ਕਥਾਕਾਰ ਹੈ।

ਕਹਾਣੀਕਾਰ ਆਪਣੇ ਪਾਤਰਾਂ ਦੀਆਂ ਮਾਨਸਿਕ ਦੁਬਿਧਾਵਾਂ ਨੂੰ ਯਥਾਰਥਕ ਰੂਪ ਵਿਚ ਚਿਤਰਦਾ ਹੈ। ਉਹ ਮੈਂ ਪਾਤਰਾਂ ਨੂੰ ਸਿਰਜਣ ਦੇ ਨਾਲ-ਨਾਲਆਪਣੇ ਪਾਠਕਾਂ ਦੀ ਕਥਾ ਬਿਰਤਾਂਤ ਨਾਲ ਸਾਂਝ ਪਵਾਉਣ ਪ੍ਰਤੀ ਵਧੇਰੇਸੁਹਿਰਦਰਹਿੰਦਾ ਹੈ। ਉਸਦੀ ਇਹ ਵਿਲੱਖਣਤਾ ਸਮੁੱਚੇ ਕਥਾ-ਸੰਗ੍ਰਿਹ ਵਿਚ ਬਰਕਰਾਰ ਰਹਿੰਦੀ ਹੈ। "ਕਹਾਣੀਕਾਰ ਦਰਸ਼ਨ ਜੋਗਾ ਦਾ ਕਹਾਣੀ ਲਿਖਣ ਦਾ ਇੱਕ ਖ਼ਾਸ ਪੈਟਰਨ ਹੈ, ਜਿਸ ਅਨੁਸਾਰ ਉਹ ਇੱਕ ਸ਼ੁਰੂਆਤੀ ਸੰਵਾਦ ਜਾਂ ਮੈਂ-ਪਾਤਰ ਦੀ ਮਨੋਬਚਨੀ ਦੀ ਇੱਕ ਸ਼ੁਰੂਆਤੀ ਸਤਰ ਨਾਲ ਪਾਠਕ ਦੇ ਜਿਹਨ ਨੂੰ ਟੁੰਬਦਾ ਹੈ, ਜਗਿਆਸਾ ਵਧਾਉਂਦਾ ਹੈ ਅਤੇ ਉਤਸੁਕਤਾ ਪੈਦਾ ਕਰਦਾ ਹੈ। ਇਸੇ ਆਲਮ ਵਿੱਚ ਉਹ ਅਛੋਪਲੇ ਪਾਠਕ ਨੂੰ ਆਪਣੇ ਗਲਪ ਜਗਤ ਵਿਚ ਦਾਖ਼ਲ ਕਰਵਾਉਂਦਾ ਹੈ ਅਤੇ ਅਗਲੇ ਪਸਾਰਾਂ ਵਿਚ ਉਹ ਕਥਾਨਕ ਸਿਰਜਦਾ ਹੋਇਆ ਪਾਠਕ ਨੂੰ ਨਾਲ ਤੋਰੀ ਰੱਖਦਾ ਹੈ।" ਉਹ ਆਪਣੇ ਪਾਤਰਾਂ ਦੇ ਵਿਵਹਾਰ ਨੂੰ ਮਨੋਵਿਗਿਆਨਕ ਢੰਗ ਨਾਲ ਪੇਸ਼ ਕਰਦਾ ਹੋਇਆ ਉਨ੍ਹਾਂ ਪਿੱਛੇ ਕਾਰਜਸ਼ੀਲਆਰਥਿਕ ਤੇ

ਸਮਾਜਿਕ ਪਹਿਲੂਆਂ ਨੂੰ ਵੀ ਦ੍ਰਿਸ਼ਟੀਗੋਚਰ ਕਰਦਾ ਹੈ। ਉਹ ਪਾਠਕਾਂ ਦੇ ਅੰਤਰੀਵੀ ਮਨ ਵਿਚ ਵਿਸ਼ੇ ਪ੍ਰਤੀ ਉਤਸੁਕਤਾ ਵਧਾਉਣ ਲਈ ਵਿਭਿੰਨ ਪਸਾਰਾਂ ਨੂੰ ਆਪਣੇ ਕਥਾ-ਸੰਵਾਦ ਦਾ ਹਿੱਸਾ ਬਣਾਉਂਦਾ ਹੈ ਜਿਸ ਸਦਕਾ ਕਹਾਣੀ ਵਿਚਲੇ ਗੁੱਝੇ ਭੇਤ ਪ੍ਰਤੀ ਪਾਠਕਾਂ ਅੰਦਰ ਖਿੱਚ ਬਣੀ ਰਹਿੰਦੀ ਹੈ।

ਇਸ ਸੰਗ੍ਰਹਿ ਵਿਚ ਕੁੱਲ ਸੱਤ ਕਹਾਣੀਆਂ ਹਨ।ਸੰਗ੍ਰਹਿ ਦੀ ਪਹਿਲੀ ਕਹਾਣੀ 'ਕੁਛ ਨੀਂ ਹੁੰਦਾ' ਦਾ ਮੈਂ ਪਾਤਰ ਆਪਣੀ ਪਰਿਵਾਰਕ ਪਰੰਪਰਾ ਦੇ ਸ਼ਾਨਾਮੱਤੇ ਇਤਿਹਾਸਕ ਗੌਰਵ ਨੂੰ ਬਰਕਰਾਰ ਰੱਖਦਾ ਹੈ ਜਦੋਂ ਕਿ ਉਸਦੀ ਅਗਲੀ ਪੀੜ੍ਹੀ ਨਿੱਜੀ ਰੁਚੀਆਂ ਅਨੁਸਾਰ ਆਪਣਾ ਭਵਿੱਖ ਅਤੇ ਕਾਰਜ ਨਿਸ਼ਚਿਤ ਕਰਦੀ ਹੈ। ਜਿਸ ਕਾਰਨ ਦੋਵਾਂ ਪੀੜ੍ਹੀਆਂ ਵਿਚਕਾਰ ਤਣਾਅ ਪੈਦਾ ਹੁੰਦਾ ਹੈ। ਕਥਾਕਾਰ ਕਹਾਣੀ ਦੇ ਵਿਭਿੰਨ ਪਾਸਾਰਾਂ ਰਾਹੀਂ ਉਸਦੇ ਦਾਦੇ, ਪੜਦਾਦੇ, ਪਿਤਾ, ਪਤਨੀ ਅਤੇ ਖ਼ੁਦ ਦੇ ਇੱਜ਼ਤਦਾਰ ਅਹੁਦਿਆਂ ਦਾ ਗੌਰਵ ਬਿਆਨ ਕਰਦਾ ਹੈ ਜਦੋਂ ਕਿ ਉਸਦਾ ਪੁੱਤਰ ਆਪਣੀ ਖ਼ਾਨਦਾਨੀ ਪਰੰਪਰਾ ਨੂੰ ਬਰਕਰਾਰ ਨਹੀਂ ਰੱਖ ਸਕਦਾ ਕਿਉਂਕਿ ਉਸਦੀ ਰੁਚੀ ਸੰਗੀਤ ਵਿਚ ਹੈ ਜਿਸ ਕਾਰਨ ਮੈਂ ਪਾਤਰ ਮਾਨਸਿਕ ਤੌਰ 'ਤੇ ਵਧੇਰੇ ਪ੍ਰੇਸ਼ਾਨ ਰਹਿੰਦਾ ਹੈ। ਕਹਾਣੀ ਉਸ ਸਮੇਂ ਨਵਾਂ ਮੋੜ ਕੱਟਦੀ ਹੈ ਜਦੋਂ ਉਸਦਾ ਪੁੱਤਰ ਵਿਸ਼ਵ ਅਤੇ ਸ਼ਿਵਾਨੀ ਪ੍ਰੇਮ ਵਿਆਹ ਕਰਵਾਉਂਦੇ ਹਨ। ਕਥਾਕਾਰ ਇਸ ਕਹਾਣੀ ਦੁਆਰਾ ਬਦਲਦੀਆਂ ਆਰਥਿਕ, ਸਮਾਜਿਕ ਬਣਤਰਾਂ ਤਹਿਤ ਨਿਮਨ ਵਰਗ ਨਾਲ ਸੰਬੰਧਿਤ ਸ਼ਿਵਾਨੀ ਦਾ ਉੱਚ ਵਰਗ ਨਾਲ ਰਿਸ਼ਤ ਜੋੜ ਕੇ ਸਮਕਾਲੀਨ ਤਬਦੀਲੀ ਨੂੰ ਸਵੀਕਾਰਦਾ ਹੈ। ਕਹਾਣੀ ਅੰਤ 'ਤੇ ਗੁੱਝੇ ਭੇਤਾਂ ਨੂੰ ਖੋਲ੍ਹਦੀ ਹੈ ਜਿਸ ਤਹਿਤ ਪਾਠਕ ਸੋਚਦਾ ਰਹਿੰਦਾ ਹੈ ਕਿ ਅਸਲ ਵਿਚ ਕਿਹੜੀ ਧਿਰ ਭਾਰੂ ਰਹੀ। ਕਹਾਣੀ ਦੀ ਔਰਤ ਪਾਤਰ ਸੋਮਾ ਦੇ ਬੋਲ ਆਧੁਨਿਕ ਸਮਾਜ ਦੇ ਬਹੁਪਰਤੀ ਯਥਾਰਥ ਨੂੰ ਪ੍ਰਗਟਾਉਂਦੇ ਹਨ।

ਇਸ ਸੰਗ੍ਰਹਿ ਦੀਆਂ ਕਹਾਣੀਆਂ 'ਫਨੀਅਰ' ਅਤੇ 'ਸਪੋਲੀਏ' ਭਾਰਤੀ ਸਮਾਜ ਦੇ ਜਾਤੀ ਵਿਤਕਰੇ ਨੂੰ ਪੇਸ਼ ਕਰਦੀਆਂ ਹਨ। ਕਹਾਣੀ 'ਫਨੀਅਰ'ਸਮਾਜਿਕ ਵਿਵਸਥਾ ਦੇ ਉਸ ਦਰਦ ਨੂੰ ਚਿਤਰਦੀ ਹੈ ਜਿਸਦਾ ਕਾਰਨ ਜਾਤੀ ਨਫ਼ਰਤ ਦਾ ਜ਼ਹਿਰੀਲਾ ਡੰਗ ਹੈ। ਮੈਂ ਪਾਤਰ ਮਲਕੀਤ ਸਿੰਘ ਦੇ ਨਿਮਨ ਜਾਤੀ ਨਾਲ ਸੰਬੰਧਿਤ ਹੋਣ ਕਾਰਨ ਉਸਦਾ ਉੱਚ ਜਾਤੀ ਲੜਕੀ ਨਾਲ ਵਿਆਹ ਨਹੀਂ ਹੁੰਦਾ ਜਿਸਦੀ ਬਦੌਲਤ ਉਹ ਪਿੰਡ ਛੱਡਣ ਲਈ ਮਜ਼ਬੂਰ ਹੁੰਦਾ ਹੈ ਅਤੇ ਸਮਾਜਿਕ ਸੰਤਾਪ ਵੀ ਹੰਢਾਉਂਦਾ ਹੈ। ਕਥਾਕਾਰ ਉੱਚ ਜਾਤੀ ਔਰਤ ਪਾਤਰ ਦੁਆਰਾ ਇਸ ਵਰਤਾਰੇ ਨੂੰ ਬਾਖ਼ੂਬੀ ਉਭਾਰਦਾ ਹੈ। "ਮੁੰਡਾ ਕੈਨੇਡਾ ਦਾ ਪੀ. ਆਰ. ਐ। ਆਹ ਅਗਲੀ ਤੀਹ ਦੀ ਫਲਾਈਟ ਐ। ਜੇ ਕਿਤੇ ਆਪਣੀ ਕਾਸਟ ਇਕ ਹੁੰਦੀ। ਮੈਂ ਪਾਪਾ ਅੱਗੇ ਅੜ ਜਾਂਦੀ। ਅਮੀਰੀ-ਗਰੀਬੀ ਦੀ ਮੈਨੂੰ ਪਰਵਾਹ ਨੀਂ ਸੀ ਪਰ...।"ਮੈਂ ਪਾਤਰ ਨੂੰ ਜਿੱਥੇ ਜਾਤੀ ਵਖਰੇਵੇਂ ਕਾਰਨ ਵਿਆਹ ਨਾ ਹੋਣ ਦਾ ਦੁਖਾਂਤ ਹੈ ਉੱਥੇ ਆਪਣੇ ਕਰੀਬੀ ਦੋਸਤ ਦੁਆਰਾ ਉਸੇ ਔਰਤ ਨੂੰ ਭਰਮਾਉਣ ਦਾ ਦੂਹਰਾ ਡੰਗ ਹੋਰ ਵੀ ਵਧੇਰੇ ਦੁਖੀ ਕਰਦਾ ਹੈ। ਇਸ ਲਈ ਮੈਂ ਪਾਤਰ ਦਾ ਦੋਸਤ ਰਵਾਇਤ ਸੰਧੂ ਨਿਮਰਤ ਦੇ ਪਿੰਡ ਦੀ ਵਿਰਾਸਤ ਨੂੰ ਆਪਣੇ ਚੈਨਲ ਰਾਹੀਂ ਵਿਸ਼ਵ ਪੱਧਰ 'ਤੇ ਵਿਖਾਉਣ ਲਈ ਵਧੇਰੇ ਯਤਨਸ਼ੀਲ ਹੈ। ਕਥਾਕਾਰ ਕਹਾਣੀ ਦੇ ਵਿਸ਼ੇ ਦੇ ਨਿਭਾਅ ਦੇ ਨਾਲ-ਨਾਲ ਵਿਭਿੰਨ ਪਸਾਰਾਂ ਨੂੰ ਚਿਤਰਦਾ ਹੈ।ਉਹ ਪਿੰਡ ਦੇ ਇਤਿਹਾਸ ਜਾਂ ਮੇਲੇ ਬਾਰੇ ਬਿਰਤਾਂਤ ਸਿਰਜਣ ਨਾਲੋਂ ਜ਼ਿਆਦਾਤਰ ਕਹਾਣੀ ਦੀ ਔਰਤ ਪਾਤਰ ਜੀਨਾ ਚਾਹਲ ਦੀ ਸਰੀਰਕ ਦਿੱਖ, ਬਸਤਰ, ਹਾਵ-ਭਾਵ ਅਤੇ ਮੈਂ ਪਾਤਰ ਦੇ ਨਿੱਜੀ ਦਰਦ ਨੂੰ ਉਭਾਰਨ ਵੱਲ ਵਧੇਰੇ ਰੁਚਿਤ ਹੋ ਜਾਂਦਾ ਹੈ।

ਇਸ ਕਿਸਮ ਦੇ ਵਖਰੇਵੇਂ ਨੂੰ ਸਮਾਜਿਕ ਤੇ ਮਾਨਸਿਕ ਰੂਪ ਵਿਚ ਪ੍ਰਗਟਾਉਂਦੀ ਕਹਾਣੀ 'ਸਪੋਲੀਏ' ਵਧੇਰੇ ਮਹੱਤਵਪੂਰਨ ਹੈ। ਇਹ ਦੋ ਪੀੜ੍ਹੀਆਂ ਦੇ ਤਣਾਓ ਨੂੰ ਵੱਖਰੇ ਦ੍ਰਿਸ਼ਟੀਕੋਣ ਰਾਹੀਂ ਉਭਾਰਦੀ ਹੈ। ਨਿਮਨ ਜਾਤੀ ਪਾਤਰ ਹੈਪੀ ਉੱਚ ਜਾਤੀ ਅਧਿਆਪਕਾ ਨਾਲ ਆਪਣੇ ਪ੍ਰੇਮ ਨੂੰ ਵਿਆਹ ਵਿਚ ਤਬਦੀਲ ਕਰਦਾ ਹੈ। ਇਸ ਵਿਆਹ ਦੇ ਪ੍ਰਵਾਨਿਤ ਹੋਣ ਦਾ ਕਾਰਨ ਮਰਦ ਦੀ ਆਰਥਿਕਤਾ ਹੈ। ਦੂਸਰੇ ਪਾਸੇ ਹੈਪੀ ਦਾ ਪਿਤਾ ਇਸ ਵਿਆਹ ਲਈ ਮਾਨਸਿਕ ਤੌਰ 'ਤੇ ਸਹਿਮਤ ਨਹੀਂ ਹੁੰਦਾ ਕਿਉਂਕਿ ਉਹ ਵਿਆਹ ਸਮੇਂ ਆਪਣੇ ਚਾਚੇ ਨੂੰ ਅੱਗੇ ਰੱਖਦਾ ਹੈ। ਜਿਸ ਨੂੰ ਉਸਦਾ ਪਿਤਾ ਸ਼ਰੀਕ ਤੇ ਤੇਜ਼ ਹੋਣ ਕਾਰਨ ਸਪੋਲੀਆ ਕਹਿੰਦਾ ਹੈ ਜਿਹੜਾ ਭਤੀਜੇ ਦੀ ਸਹਾਇਤਾ ਕਰਕੇ ਪਿਤਾ ਤੇ ਪੁੱਤਰ 'ਚ ਵਿਰੋਧਤਾ ਪੈਦਾ ਕਰਦਾ ਹੈ। ਪਿਤਾ ਲਈ ਆਪਣੇ ਅੰਦਰ ਰੂੜ੍ਹ ਹੋ ਚੁੱਕੀ ਜਾਤੀ ਮਾਨਸਿਕਤਾ 'ਚੋਂ ਨਿਕਲਣਾ ਅਸੰਭਵ ਤੇ ਮੁਸ਼ਕਿਲ ਕਾਰਜ ਹੈ। ਕਥਾਕਰ ਪਿੱਛਲਝਾਤ ਵਿਧੀ ਦੁਆਰਾ ਮੈਂ ਪਾਤਰ ਦੀ ਮਿਹਨਤ ਨੂੰ ਉਜਾਗਰ ਕਰਦਾ ਹੈ ਜਿਸਦੇ ਫਲਸਰੂਪ ਉਸਦਾ ਪੁੱਤਰ ਵੱਡੇ ਕਾਰੋਬਾਰ ਦਾ ਮਾਲਕ ਬਣਦਾ ਹੈ।

ਕਹਾਣੀ 'ਅੰਬਰੀ ਆਂਡਾ' ਬਾਲ ਯੌਨ ਸ਼ੋਸ਼ਣ ਨੂੰ ਆਲੋਚਨਾਤਮਿਕ ਰੂਪ ਵਿਚ ਚਿਤਰਦੀ ਹੈ। ਕਥਾਕਾਰ ਸਮਾਜ ਦੇ ਅਜਿਹੇ ਘਿਨਾਉਣੇ ਤੇ ਵਹਿਸ਼ੀ ਮਰਦਾਂ ਨੂੰ ਬੇਪਰਦ ਕਰਦਾ ਹੈ ਜਿਹੜੇ ਆਪਣੇਧਾਰਮਿਕ ਹੋਣ ਦਾ ਵਿਖਾਵਾ ਕਰਦੇ ਹਨ ਜਦੋਂ ਕਿ ਇਖ਼ਲਾਕੀ ਤੌਰ 'ਤੇ ਉਹ ਗਿਰ ਚੁੱਕੇ ਹਨ। ਕਹਾਣੀ ਦਾ ਬਾਲ ਪਾਤਰ ਸਨੇਹ ਜਿਹੜਾ ਕਿ ਮਾਪਿਆਂ ਬਾਹਰਾ ਹੋਣ ਕਾਰਨ ਆਪਣੀ ਭੂਆ ਦੇ ਘਰ ਵਿਚ ਰਹਿਣ ਲਈ ਮਜ਼ਬੂਰ ਤੇ ਲਾਚਾਰ ਹੈ। ਕਹਾਣੀ ਦੀ ਮੈਂ ਪਾਤਰ ਦਾ ਸਹੁਰਾ ਸਨੇਹ ਨਾਲ ਬਦਫੈਲੀ ਕਰਦਾ ਹੈ। ਇਸ ਘਿਨਾਉਣੀ ਘਟਨਾ ਉਪਰੰਤ ਬੱਚਾ ਵਧੇਰੇ ਮਾਨਸਿਕ ਸੰਤਾਪ ਭੋਗਦਾ ਹੈ। ਕਥਾਕਾਰ ਇਸ ਕਹਾਣੀ ਦੁਆਰਾ ਜਿੱਥੇ ਬਾਲ ਮਾਨਸਿਕਤਾ ਨੂੰ ਪੇਸ਼ ਕਰਦਾ ਹੈ ਉੱਥੇ ਸਮਾਜ ਦੇ ਅਜਿਹੇ ਅੰਸਵੇਦਨਸ਼ੀਲ ਤੇ ਵਹਿਸ਼ੀਪੁਣੇ ਦੇ ਧਾਰਨੀ ਮਨੁੱਖ ਨੂੰ ਵੀ ਬੇਪਰਦ ਕਰਦਾ ਹੈ ਜਿਹੜਾ ਆਪਣੀ ਮਨੋ-ਸਰੀਰਕ ਸੰਤੁਸ਼ਟੀ ਲਈ ਇਨਸਾਨੀਅਤ ਦਾ ਘਾਣ ਕਰਨ ਤੋਂ ਬਿਲਕੁਲ ਨਹੀਂ ਘਬਰਾਉਂਦਾ।ਕਹਾਣੀ ਅਜਿਹੇ ਲਾਲਚੀ ਵਿਅਕਤੀਆਂ ਨੂੰ ਵੀ ਸਨਮੁਖ ਕਰਦੀ ਹੈ ਜਿਹੜੇ ਸੱਚ ਜਾਣਨ ਉਪਰੰਤ ਵੀ ਆਪਣੇ ਨਿੱਜੀ ਲਾਲਚ ਨੂੰ ਪ੍ਰਮੁੱਖਤਾ ਦਿੰਦੇ ਹਨ। ਜਿਸਦੀ ਪ੍ਰਤੀਨਿਧਤਾ ਮੈਂ ਪਾਤਰ ਦਾ ਪਤੀ ਕਰਦਾ ਹੈ ਜਿਹੜਾ ਆਪਣੇ ਪਿਤਾ ਦੇ ਇਸ ਘਿਨਾਉਣੇ ਅਪਰਾਧ ਤੋਂ ਮੁਨਕਰ ਹੁੰਦਾ ਹੈ। ਕਥਾਕਾਰ ਕਹਾਣੀ ਦੀ ਮੈਂ ਪਾਤਰ ਔਰਤ ਨੂੰ ਇਕ ਦਲੇਰ ਤੇ ਸੰਵੇਦਨਸ਼ੀਲ ਪਾਤਰ ਵਜੋਂ ਚਿਤਰਦਾ ਹੈ ਜਿਹੜੀ ਪੀੜ੍ਹਤ ਧਿਰ ਦਾ ਸਾਥ ਦਿੰਦੀ ਹੋਈ ਅਪਰਾਧਿਕ ਮਾਨਸਿਕਤਾ ਦੇ ਧਾਰਨੀ ਆਪਣੇ ਸਹੁਰੇ ਨੂੰ ਸਜਾ ਦਿਵਾਉਣ ਦਾ ਦ੍ਰਿੜ ਨਿਸਚਾ ਕਰਦੀ ਹੈ।

ਪੰਜਾਬ ਦੇ ਮਾਲਵੇ ਇਲਾਕੇ ਨਾਲ ਸੰਬੰਧਿਤ ਹੋਣ ਕਾਰਨ ਕਥਾਕਾਰ ਮਲਵਈ ਲੋਕ ਜੀਵਨ ਨੂੰ ਬਖ਼ੂਬੀ ਪ੍ਰਗਟਾਉਂਦਾ ਹੈ। ਉਹ ਨਿਮਨ ਕਿਸਾਨੀ ਜੀਵਨ ਦੀਆਂ ਸਮੱਸਿਆਵਾਂ ਨੂੰ ਵਾਸਤਵਿਕ ਰੂਪ ਵਿਚ ਸਿਰਜਦਾ ਹੈ। ਉਹ ਮਾਲਵੇ ਦੀਆਂ ਨਿਮਨ ਕਿਸਾਨੀ ਔਰਤਾਂ ਦੇ ਦਰਦ, ਸੰਤਾਪ ਤੇ ਮਾਨਸਿਕ ਸਮੱਸਿਆਵਾਂ ਨੂੰ ਕਹਾਣੀਆਂ 'ਸਿੱਧੀਆਂ ਧਾਰਾਂ' ਅਤੇ 'ਇੱਕ ਦਰਵਾਜ਼ਾ' ਰਾਹੀਂ ਬਾਖ਼ੂਬੀ ਸਿਰਜਦਾ ਹੈ। ਪੰਜਾਬੀ ਸਾਹਿਤ ਵਿਚ ਮਾਲਵੇ ਦੀ ਨਿਮਨ ਕਿਸਾਨੀ ਨਾਲ ਸੰਬੰਧਿਤ ਸਾਹਿਤ ਵਿਭੰਨ ਵਿਧਾਵਾਂ ਵਿਚ ਰਚਿਆ ਮਿਲਦਾ ਹੈ। ਇਨ੍ਹਾਂ ਕਹਾਣੀਆਂ ਦੀਆਂ ਨਿਮਨ ਕਿਸਾਨੀ ਔਰਤਾਂ ਪਹਿਲਾਂ ਆਪਣੇ ਅਸੂਲਾਂ, ਨੈਤਿਕਤਾ, ਸਭਿਆਚਾਰਕ ਕਦਰਾਂ-ਕੀਮਤਾਂ ਅਤੇ ਆਪਣੀ ਆਬਰੂ ਦੀ ਰੱਖਿਆ ਲਈ ਵਿਰੋਧਤਾ ਕਰਦੀਆਂ ਹਨ ਪਰੰਤੂ ਅਖ਼ੀਰ ਵਿਚ ਆਪਣੇ ਸਵੈ ਹਿੱਤਾਂ ਨੂੰ ਪ੍ਰਮੁੱਖਤਾ ਦਿੰਦੀਆਂ

ਹੋਈਆਂ ਆਪਣੇ ਅਣਵਿਆਹੇ ਦਿਉਰਾਂ-ਜੇਠਾਂ ਨਾਲ ਅਵੈਧ ਸੰਬੰਧ ਸਥਾਪਿਤ ਕਰਨ ਲਈ ਸਮਝੌਤਾਵਦੀ ਨੀਤੀਆਂ ਅਪਣਾਉਣ ਲਈ ਮਜ਼ਬੂਰ ਤੇ ਲਾਚਾਰ ਪਾਤਰਾਂ ਵਜੋਂ ਪੇਸ਼ ਹੁੰਦੀਆਂ ਹਨ।

ਕਹਾਣੀ 'ਸਿੱਧੀਆਂ ਧਾਰਾਂ' ਅਣਵਿਆਹੇ ਦਿਉਰ ਦੀ ਜ਼ਮੀਨ ਜਾਇਦਾਦ ਨੂੰ ਕੇਂਦਰ ਵਿਚ ਰੱਖ ਕੇ ਰਚੀ ਗਈ ਹੈ। ਕਥਾਕਾਰ ਨਿਮਨ ਕਿਸਾਨੀ ਸਮੱਸਿਆਵਾਂ ਨੂੰ ਕੇਂਦਰਿਤ ਕਰਦਾ ਹੋਇਆ ਇਸ ਨਾਲ ਜੁੜੇ ਸਮਕਾਲੀ ਵਰਤਾਰਿਆਂ ਨੂੰ ਉਜਾਗਰ ਕਰਦਾ ਹੈ। ਉਹ ਆਰਥਿਕ, ਸਮਾਜਿਕ ਤੇ ਰਾਜਨੀਤਕ ਵਰਤਾਰਿਆਂ ਵਿਚ ਭਾਰਤ ਸਰਕਾਰ ਦੁਆਰਾ ਸ਼ੁਰੂ ਕੀਤੀ ਮਨ ਕੀ ਬਾਤ, ਨੋਟਬੰਦੀ, ਦਿੱਲੀ ਵਿਚ ਕਿਸਾਨੀ ਸੰਘਰਸ਼ ਅਤੇ ਕਰੋਨਾ ਮਹਾਂਮਾਰੀ ਦੀ ਦਰਦਨਾਕ ਸਮੱਸਿਆ ਆਦਿ ਨੂੰ ਆਲੋਚਨਾਤਮਿਕ ਰੂਪ ਵਿਚ ਪੇਸ਼ ਕਰਦਾ ਹੈ। ਕਹਾਣੀ ਦੀ ਮੈਂ ਪਾਤਰ ਆਪਣੀ ਨੂੰਹਨੂੰ ਜ਼ਮੀਨ ਵੰਡਣ ਤੋਂ ਬਚਾਉਣ ਲਈ ਤਾਕੀਦ ਕਰਦੀ ਰਹਿੰਦੀ ਹੈ ਪਰੰਤੂ ਉਹ ਆਪਣੇ ਅਸੂਲਾਂ ਤੇ ਆਬਰੂ ਨੂੰ ਬਰਕਰਾਰ ਰੱਖਦੀ ਹੈ। ਜਦੋਂ ਉਸਦੇ ਪੁੱਤਰ ਗੈਰੀ ਨੂੰ ਵਿਦੇਸ਼ ਜਾਣ ਸਮੇਂ ਵਧੇਰੇ ਧਨ ਦੀ ਲੋੜ ਮਹਿਸੂਸ ਹੁੰਦੀ ਹੈ ਤਾਂ ਉਹ ਆਪਣੀ ਔਲਾਦ ਦੇ ਬਿਹਤਰੀਨ ਭਵਿੱਖ ਅਤੇ ਜਾਇਦਾਦ ਨੂੰ ਆਪਣੇ ਕਬਜ਼ੇ ਹੇਠ ਕਰਨ ਹਿੱਤ ਗੁੱਝਾ ਸਮਝੌਤਾ ਕਰਦੀ ਹੈ। ਕਥਾਕਾਰ ਸਿੱਧੀਆਂ ਧਾਰਾਂ ਸਿਰਲੇਖ ਰਾਹੀਂ ਆਪਣੀ ਗੱਲ ਪਾਠਕਾਂ ਤੱਕ ਪਹੁੰਚਾਉਣ ਵਿਚ ਸਫ਼ਲ ਹੁੰਦਾ ਹੈ।

ਅਜਿਹੀਆਂ ਹੀ ਆਰਥਿਕ ਤੇ ਮਾਨਸਿਕ ਸਮੱਸਿਆਵਾਂ ਨੂੰ ਕਹਾਣੀ 'ਇੱਕ ਦਰਵਾਜ਼ਾ' ਦ੍ਰਿਸ਼ਟੀਗੋਚਰ ਕਰਦੀ ਹੈ। ਕਹਾਣੀ ਨਿਮਨ ਕਿਸਾਨੀ ਦੀ ਔਰਤ ਦੁਆਰਾ ਘਰ ਅਤੇ ਔਲਾਦ ਦੇ ਹੱਕਾਂ ਨੂੰ ਸੁਰੱਖਿਅਤ ਕਰਨ ਲਈ ਕੀਤੇ ਗੁਪਤ ਸਮਝੌਤਿਆਂ ਨੂੰ ਯਥਾਰਥਕ ਰੂਪ ਵਿਚ ਉਭਾਰਦੀ ਹੈ। ਮੈਂ ਪਾਤਰ ਪਹਿਲਾਂ ਛੜੇ ਜੇਠ ਕੋਲੋਂ ਆਪਣੀ ਆਬਰੂ ਬਚਾਉਣ ਲਈ ਉਸਦੀ ਵਿਰੋਧਤਾ ਕਰਦੀ ਹੈ ਪਰੰਤੂ ਜਦੋਂ ਉਸਦੇ ਕਿਸੇ ਪਰਾਈ ਔਰਤ ਨਾਲ ਸੰਬੰਧਾਂ ਬਾਰੇ ਪਤਾ ਲਗਦਾ ਹੈ ਤਾਂ ਉਹ ਉਸ ਨਾਲ ਗੁੱਝਾ ਸਮਝੌਤਾ ਕਰਨ ਲਈ ਮਜ਼ਬੂਰ ਹੁੰਦੀ ਹੈ।ਕਥਾਕਾਰ ਮੈਂ ਪਾਤਰ ਦੀ ਮਨੋਬਚਨੀ ਰਾਹੀਂ ਮਜ਼ਬੂਰੀ, ਬੇਵਸੀ ਅਤੇ ਲਾਚਾਰੀ ਨੂੰ ਬਾਖ਼ੂਬੀ ਸਿਰਜਦਾ ਹੈ। "ਕਈ ਵਾਰੀ ਬਿਰਤੀ ਤੁਰਦੀ-ਤੁਰਦੀ ਹੋਰ ਵੀ ਪਿਛਾਂਹ ਨੂੰ ਤੁਰ ਜਾਂਦੀ... ਅਸੀਂ ਤਿੰਨ ਭੈਣਾਂ ਸੀ, ਬਾਪੂ ਵਿਚਾਰਾ ਕੱਲਾ ਕਮਾਉਣ ਆਲਾ... ਜਿਉਂ-ਜਿਉਂ ਸਾਡੇ ਜੈਪਰਾਂ ਸਲਵਾਰਾਂ ਦੇ ਮੇਚਿਆਂ ਦੀ ਲੰਬਾਈ ਵਧਦੀ ਗਈ... ਬਾਪੂ ਦਾ ਸਰੀਰ ਫ਼ਿਕਰ ਨਾਲ ਪਿਚਕਦਾ ਗਿਆ ਸੀ। ਰੋਜ਼-ਰੋਜ਼ ਦੀ ਭਕਾਈ ਕਰਦੇ ਹਾਰੇ ਹੰਭੇ ਨੇ ਘਰ ਟੋਲ ਲਿਆ, ਜਿਹੋ ਜਿਹਾ ਸਾਰਿਆ ਕੀਤਾ...। ਮੇਰਾ ਰੱਸਾ ਕਰਮ ਨੂੰ ਫੜਾਤਾ... ਮੇਰੀਆਂ ਸਹੇਲੀਆਂ ਹੱਸਦੀਆਂ ਮਸ਼ਕਰੀਆਂ ਕਰਦੀਆਂ 'ਨੀ ਤੂੰ ਤਾਂ ਇਕ ਦੇ ਮਿਲਣ ਦਾ ਫ਼ਿਕਰ ਕਰਦੀ, ਤੈਨੂੰ ਤਾਂ ਦੋ-ਦੋ ਮਿਲਗੇ। ਮੈਂ ਉਨ੍ਹਾਂ ਨਾਲ ਉੱਤੋਂ-ਉੱਤੋਂ ਤਾਂ ਹੱਸਦੀ... ਅੰਦਰਲਾ ਝੋਰਾ ਅਤੇ ਹੀਣਤਾ ਮੈਨੂੰ ਖਾਂਦੀ। ਅੱਜ ਓਹੀ ਝੋਰੇ ਤੇ ਹੀਣਤਾ ਦੀ ਮਾਰੀ ਟੁੱਟੀ ਪਈ ਆਂ...।" ਸੋ ਮੈਂ ਪਾਤਰ ਆਪਣੇ ਜੀਵਨ ਦੇ ਅਨੁਭਵਾਂ ਅਤੇ ਨਿਮਨ ਆਰਥਿਕਤਾ ਦੀਆਂ ਸਮੱਸਿਆਵਾਂ ਨੂੰ ਸਮਝਦੀ ਹੋਈ ਨਾ ਚਾਹੁੰਦਿਆਂ ਵੀ ਸਮਝੌਤਾ ਕਰਨ ਲਈ ਆਪਣੀ ਬੇਵਸੀ ਜਾਹਿਰ ਕਰਦੀ ਹੈ। ਇਨ੍ਹਾਂ ਦੋਵਾਂ ਕਹਾਣੀਆਂ ਦੀਆਂ ਨਿਮਨ ਕਿਸਾਨੀ ਔਰਤਾਂਆਰਥਿਕ ਪੱਧਰ ਸਾਵਾਂ ਕਰਨ ਲਈ ਗੁੱਝੇ ਸਮਝੌਤੇ ਕਰਦੀਆਂ ਹੋਈਆਂ ਉਹ ਆਪਣੀਆਂ ਸਰੀਰਕ ਤੇ ਮਾਨਸਿਕ ਭਾਵਨਾਵਾਂ ਨੂੰ ਕੁਰਬਾਨ ਕਰਦੀਆਂ ਹਨ।

ਆਧੁਨਿਕ ਔਰਤ ਦੀ ਮਾਨਸਿਕਤਾ ਨੂੰ ਕਹਾਣੀ 'ਲਕੀਰ' ਬਾਖ਼ੂਬੀ ਉਜਾਗਰ ਕਰਦੀ ਹੈ। ਇਸ ਕਹਾਣੀ ਰਾਹੀਂ ਕਥਾਕਾਰ ਅਜਿਹੇ ਪਰਿਵਾਰ ਨੂੰ ਕੇਂਦਰਿਤ ਕਰਦਾ ਹੈ ਜਿਹੜਾ ਆਪਣੀ ਨੂੰਹ

ਦੇ ਸਮਕਾਲੀਨ ਪ੍ਰਭਾਵਾਂ ਵਿਚ ਗ੍ਰਸਤ ਹੋਣ ਕਾਰਨ ਦੁਖਾਂਤ ਭੋਗਦਾ ਹੈ। ਉਸਦਾ ਪਿੰਡ ਵਿਚ ਰਹਿਣ ਨੂੰ ਚੰਗਾ ਨਾ ਸਮਝਣ ਕਰਕੇ ਨਿੱਤ ਕਲੇਸ਼ ਕਰਨਾ, ਬੱਚੇ ਦੇ ਮਿੱਟੀ ਨਾਲ ਲਿਬੜਨ ਦਾ ਬਹਾਨਾ ਬਣਾਉਣਾ, ਕੰਮ ਵਾਲੀ ਦੁਆਰਾ ਆਪਣੇ ਲਿੱਬੜੇ-ਤਿੱਬੜੇ ਹੱਥਾਂ ਨਾਲ ਸ਼ਿਵ ਨੂੰ ਚੁੱਕਣਾ ਅਤੇ ਆਪਣੇ ਪੁੱਤਰ ਨੂੰ ਕਾਨਵੈਂਟ ਸਕੂਲਾਂ 'ਚ ਪੜ੍ਹਾਉਣ ਦੇਮਨਸੂਬਿਆਂ ਸਦਕਾ ਉਹ ਪਿੰਡ ਵਿਚੋਂ ਨਿਕਲਣ ਦੀਆਂ ਯੋਜਨਾਵਾਂ ਸਦਕਾ ਆਪਣੇ ਮਕਸਦ ਵਿਚ ਸਫ਼ਲ ਹੁੰਦੀ ਹੈ। ਸ਼ਹਿਰ ਵਸੇਬਾ ਕਰਨ ਉਪਰੰਤ ਉਹ ਵਿਦੇਸ਼ ਜਾਣ ਦੀ ਭੇਡ-ਚਾਲ ਕਾਰਨ ਆਈਲੈਟਸ ਕਰਨ ਲੱਗਦੀ ਹੈ। ਪਤੀ ਉਸਦੇ ਵਿਦੇਸ਼ ਜਾਣ ਨੂੰ ਦਰੁਸਤ ਨਹੀਂ ਸਮਝਦਾ ਜਿਸ ਕਾਰਨ ਉਹ ਆਪਣੀਆਂ ਭਾਵਨਾਵਾਂ ਕਿਸੇ ਨਾਲ ਸਾਂਝੀਆਂ ਨਾ ਕਰਨ ਕਰਕੇ ਖ਼ੁਦਕੁਸ਼ੀ ਕਰ ਲੈਂਦਾ ਹੈ। ਮੈਂ ਪਾਤਰ ਨੂੰ ਆਪਣਾ ਪੁੱਤ ਗੁਆਉਣ ਦਾ ਵਧੇਰੇ ਦੁੱਖ ਹੈ ਇਸ ਲਈ ਉਹ ਆਪਣੀ ਨੂੰਹ ਨੂੰ ਸਜਾ ਦਿਵਾਉਣੀ ਚਾਹੁੰਦਾ ਹੈ। ਜਦੋਂ ਉਸ ਨੂੰ ਆਪਣੇ ਰਿਸ਼ਤੇ ਗੁਆਚਦੇ ਪ੍ਰਤੀਤ ਹੁੰਦੇ ਹਨ ਤਾਂ ਉਹ ਆਪਣੇ ਵੱਲੋਂ ਲਾਇਆ ਕੇਸ ਵਾਪਿਸ ਲੈਣ ਦਾ ਫੈਸਲਾ ਕਰਦਾ ਹੈ।"ਵਕੀਲ ਸਾਹਬ। ਬੱਸ ਹੋਰ ਨੀਂ... ਉਹ ਤਾਂ ਤੁਰ ਗਿਆ... ਨੂੰਹ ਨੇ ਵੀ ਕਰਤੀਆਂ ਜਿਹੜੀਆਂ ਨਾ ਕਰਨੀਆਂ ਸੀ। ਪੋਤੇ ਨੂੰ ਅੱਖਾਂ ਮੂਹਰੇ ਜਾਂਦਾ ਕਿਮੇਂ ਵੇਖੂੰ...। ਤੁਸੀਂ ਐਂ ਕਰੋ... ਇਸਤਗਾਸਾ ਵਾਪਸ ਲੈਲੋ...।" ਮੈਂ ਪਾਤਰ ਆਪਣੇ ਰਿਸ਼ਤਿਆਂ ਨੂੰ ਬਚਾਉਣ ਲਈ ਆਪਣੀਆਂ ਮਾਨਸਿਕ ਭਾਵਨਾਵਾਂ ਨੂੰ ਬੇਵਸੀ ਤੇ ਲਾਚਾਰੀ ਕਾਰਨ ਦਬਾਉਣ ਲਈ ਮਜ਼ਬੂਰ ਹੁੰਦਾ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਦਰਸ਼ਨ ਜੋਗਾ ਕੋਲ ਪੰਜਾਬੀ ਸਮਾਜ ਤੇ ਸਭਿਆਚਾਰ ਦਾ ਵਿਸ਼ਾਲ ਅਨੁਭਵ ਹੈ। ਉਹ ਆਪਣੀਆਂ ਕਹਾਣੀਆਂ ਦੇ ਪਾਤਰਾਂ ਦਾ ਸੰਵਾਦ ਸ਼ੁੱਧ ਮਲਵਈ ਭਾਸ਼ਾ ਵਿਚ ਰਚਦਾ ਹੈ ਕਿਉਂਕ ਉਸ ਕੋਲ ਮਾਲਵੇ ਦੇ ਪਿੰਡਾਂ ਦੀ ਸ਼ਬਦਾਵਲੀ ਦਾ ਅਥਾਹ ਭੰਡਾਰ ਹੈ। ਇਸ ਲਈ ਉਹ ਮਲਵਈ ਮੁਹਾਵਰੇ, ਅਖਾਣਾਂ ਅਤੇ ਸਥਾਨਕ ਰੰਗਣ ਨੂੰ ਬਾਖ਼ੂਬੀ ਪ੍ਰਗਟਾਉਂਦਾ ਹੈ। ਉਹ ਆਪਣੇ ਇਸ ਕਥਾ-ਸੰਗ੍ਰਹਿ ਦੁਆਰਾ ਸਮਕਾਲੀ ਮਨੁੱਖ ਦੇ ਆਰਥਿਕ, ਸਮਾਜਿਕ, ਸਭਿਆਚਾਰਕ ਪਹਿਲੂਆਂ ਅਤੇ ਮਨੁੱਖੀ ਮਨ ਦੀਆਂ ਅਕਾਂਖਿਆਵਾਂ, ਦੁਬਿਧਾਵਾਂ, ਗੁੰਝਲਾਂ ਤੇ ਉਲਝਣਾਂ ਨੂੰ ਆਪਣੇ ਗਲਪੀ ਬਿੰਬ ਰਾਹੀਂ ਉਭਾਰਦਾ ਹੈ। ਉਸ ਦੀਆਂ ਕਹਾਣੀਆਂ ਦੇ ਪਾਤਰ ਆਰਥਿਕ ਸਮੱਸਿਆਵਾਂ ਨਾਲ ਘਿਰੇ ਹੋਏ ਬੇਚੈਨ ਅਤੇ ਮਨੋ-ਸਰੀਰਕ ਸੰਤਾਪ ਹੰਢਾਉਂਦੇ ਹੋਏ ਵੱਡੇ-ਵੱਡੇ ਸੁਆਲਾਂ ਨੂੰ ਮੁਖਾਤਿਬ ਹੁੰਦੇ ਹਨ। ਉੱਤਮ-ਪੁਰਖੀ ਬਿਰਤਾਂਤਕ ਵਿਧੀ ਦੁਆਰਾ ਮੈਂ ਪਾਤਰਾਂ ਨੂੰ ਚਿਤਰਦਾ ਉਹ ਪਾਤਰਾਂ ਨਾਲ ਅਭੇਦ ਹੋਣ ਦੇ ਸਾਹਿਤਕ ਗੁਣਾਂ ਵਿਚ ਸਫ਼ਲ ਕਥਾਕਾਰ ਹੈ ਪਰੰਤੂ ਕਿਤੇ-ਕਿਤੇ ਲੋੜੋਂ ਵੱਧ ਸਿਰਜਿਆ ਕਥਾ-ਬਿਰਤਾਂਤ ਪਾਠਕਾਂ ਲਈ ਅਕੇਵਾਂ ਮਹਿਸੂਸ ਕਰਦਾ ਹੈ।ਉਸ ਦੀਆਂ ਨਿਮਨ ਕਿਸਾਨੀ ਨਾਲ ਸੰਬੰਧਿਤ ਔਰਤ ਪਾਤਰ ਦੂਹਰਾ ਸੰਤਾਪ ਭੋਗਦੀਆਂ ਬੇਵਸ, ਲਾਚਾਰ ਤੇ ਮਜ਼ਬੂਰ ਪਾਤਰਾਂ ਵਜੋਂ ਪੇਸ਼ ਹੁੰਦੀਆਂ ਹਨ। (**ਸੰਪਰਕ :95012-45290**)

**ਹਵਾਲੇ ਤੇ ਟਿੱਪਣੀਆਂ :**

ਡਾ. ਸੰਦੀਪ ਰਾਣਾ, "ਮਾਨਵੀ ਜੀਵਨ 'ਚ ਫੈਲੇ ਤਣਾਅ ਦਾ ਬਿਰਤਾਂਤ ,ਨਵਾਂ ਜ਼ਮਾਨਾ, (ਐਤਵਾਰਤਾ ਅੰਕ), 8 ਦਸੰਬਰ 2024, ਪੰਨਾ-3.


ਦਰਸ਼ਨ ਜੋਗਾ, "ਫਨੀਅਰ , ਚੇਤਨਾ ਪ੍ਰਕਾਸ਼ਨ, ਲੁਧਿਆਣਾ, 2024, ਪੰਨਾ-46.

ਉਹੀ, ਪੰਨਾ-83.

ਉਹੀ, ਪੰਨਾ-100.

# ਬਦਲ ਰਹੇ ਸਮੀਕਰਣਾਂ ਦੀ ਪੇਸ਼ਕਾਰੀ ਕਰਦੀਆਂ ਕਹਾਣੀਆਂ

**- ਬਲਵੀਰ ਕੌਰ ਰੀਹਲ**




'ਕਹਾਣੀ ਧਾਰਾ–75' ਦੀ ਸੰਪਾਦਕੀ ਵਿਚ ਸੰਪਾਦਕ ਨੇ ਸਾਹਿਤ, ਕਲਾ, ਨਾਟ ਕਲਾ ਅਤੇ ਸੰਗੀਤ ਕਲਾ ਨੂੰ ਫੋਕਸ ਕੀਤਾ ਹੈ। ਸੰਪਾਦਕ ਨੇ ਸਰਕਾਰੀ ਅਤੇ ਗ਼ੈਰ ਸਰਕਾਰੀ ਸਾਹਿਤਕ ਅਦਾਰਿਆਂ ਨਾਲ ਜੁੜੇ ਅਹੁਦੇਦਾਰਾਂ ਤੋਂ ਇੱਕ ਆਸ ਦੀ ਉਮੀਦ ਵੀ ਜ਼ਾਹਿਰ ਕੀਤੀ ਹੈ ਕਿ ਉਹ ਅਪਣਾ ਕਾਰਜ ਸੁਹਿਰਦਤਾ ਨਾਲ ਕਰਨਗੇ ਅਤੇ ਸਨਮਾਨਾਂ ਦੇ ਹੱਕਦਾਰ ਸਾਹਿਤ ਅਤੇ ਕਲਾ ਪ੍ਰੇਮੀਆਂ ਨੂੰ ਉਹਨਾਂ ਦਾ ਬਣਦਾ ਮਾਣ ਮਾਣ ਮਿਲੇਗਾ।

ਗੋਸ਼ਟੀ–8 ਵਿਚ 'ਕਹਾਣੀ ਬਿਰਤਾਂਤ ਦਾ ਸੰਕਟ' ਵਿਸ਼ੇ 'ਤੇ ਕਰਵਾਈ ਗੋਸ਼ਟੀ ਨੂੰ ਵਿਸਥਾਰ ਸਹਿਤ ਪੇਸ਼ ਕੀਤਾ ਗਿਆ ਹੈ। **'ਮੀਂਹ ਲੱਥਾ'** ਲਹਿੰਦੇ ਪੰਜਾਬੀ ਰੰਗ ਵਿਚ ਰੰਗੀ ਹੋਈ ਅਫ਼ਰੀਕੀ ਕਹਾਣੀ ਹੈ। ਇਸ ਕਹਾਣੀ ਦਾ ਲੇਖਕ ਗਰੇਸ ਏ ਔਗੇਤ ਹੈ। ਇਸ ਕਹਾਣੀ ਦਾ ਧਰਾਤਲ ਅਫ਼ਰੀਕਾ ਦੇਸ਼ ਹੈ, ਪਰ ਲੱਗਦਾ ਹੈ ਇਹ ਕਹਾਣੀ ਸਾਡੀ ਧਰਤੀ 'ਤੇ ਵਾਪਰ ਰਹੀ ਹੋਵੇ। ਲੈਓਂਗਓ ਦੀ ਧੀ ਉਗੰਦਾ ਭਰ ਜੁਆਨ ਖ਼ੂਬਸੂਰਤੀ ਦੀ ਮਿਸਾਲ ਹੈ। ਉਗੰਦਾ ਦਾ ਪਿਓ ਕਬੀਲੇ ਦਾ ਸਰਦਾਰ ਹੈ, ਕਬੀਲੇ ਦਾ ਰਿਵਾਜ ਹੈ ਜੇ ਮੀਂਹ ਨਾ ਪਵੇ ਤਾਂ ਖ਼ੂਬਸੂਰਤ ਲੜਕੀ ਦੀ ਬਲੀ ਦਿੱਤੀ ਜਾਂਦੀ ਹੈ। ਧਰਤੀ ਕੋਈ ਵੀ ਹੋਵੇ ਇਸ ਦਾ ਖਮਿਆਜਾ ਔਰਤਾਂ ਹੀ ਭੁਗਤਦੀਆਂ ਹਨ, ਸਭ ਦੀ ਖੁਸ਼ੀ ਲਈ ਔਰਤਾਂ ਕੁਰਬਾਨ ਕਰ ਦਿੱਤੀਆਂ ਜਾਂਦੀਆਂ ਹਨ। ਪਰ ਲੇਖਕ ਨੇ ਕਹਾਣੀ ਦਾ ਅੰਤ ਸੁਖਾਂਤਕ ਕੀਤਾ ਹੈ। ਜੰਗਲ ਬੀਆਬਾਨ ਵਿਚ ਉਸ ਦਾ ਪ੍ਰੇਮੀ ਉਗੰਦਾ ਉਸ ਨੂੰ ਆ ਕੇ ਬਚਾ ਲੈਂਦਾ ਹੈ।

**'ਜਗਿਆਸਾ'** ਕਹਾਣੀ ਦਾ ਲੇਖਕ ਜਗਜੀਤ ਬਰਾੜ ਹੈ, ਚਿੱਟੀ ਕਬੂਤਰੀ ਦੀ ਤਸਵੀਰ ਕਹਾਣੀ ਉਸ ਦੁਆਰਾ ਲਿਖੀ ਬਹੁਤ ਵਜਨਦਾਰ ਕਹਾਣੀ ਹੈ। ਲੇਖਕ ਨੇ ਪਹਿਲੀ ਨਜਰੇ ਤਾਂ ਕਹਾਣੀ ਵਿਚ ਦੱਸਿਆ ਹੈ ਕਿ ਮੈਂ ਪਾਤਰ ਆਪਣੇ ਗੁਆਂਢ ਵਿਚ ਰਹਿੰਦੇ ਪਰਿਵਾਰ ਨੂੰ ਦੂਰੋਂ ਵੇਖਣ ਦੀ ਚੇਸ਼ਟਾ ਰੱਖਦਾ ਹੈ। ਪਰ ਉਸ ਘਰ ਵਿਚ ਅਣਜੋੜ ਵਿਆਹ ਤੋਂ ਮੈਂ ਪਾਤਰ ਪਰੇਸ਼ਾਨ ਹੈ। ਇਕ ਬੁੱਢੇ ਨਾਲ ਵੀਹ ਸਾਲਾਂ ਦੀ ਲੜਕੀ ਦਾ ਵਿਆਹ ਮੈਂ ਪਾਤਰ ਨੂੰ ਪ੍ਰੇਸ਼ਾਨ ਕਰਦਾ ਹੈ। 20 ਸਾਲਾਂ ਦੀ ਲੜਕੀ ਪਤਾ ਨਹੀਂ ਕਿਹੜੀ ਮਜਬੂਰੀ ਕਰਕੇ ਬੁੱਢੇ ਨਾਲ ਵਿਆਹ ਦਿੱਤੀ ਗਈ ਹੈ। ਮੈਂ ਪਾਤਰ ਉਸ ਘਰ ਦਾ ਮਾਹੌਲ ਵੇਖ ਕੇ ਦੋ ਟੁਕੜਿਆਂ ਵਿਚ ਵੰਡ ਜਾਂਦਾ ਹੈ। ਮਜਬੂਰੀ ਬਸ ਕੁੜੀਆਂ ਨੂੰ ਬਾਪ ਦੀ ਉਮਰ ਦੇ ਬੁੱਢਿਆਂ ਨਾਲ ਵਿਆਹ ਦਿੱਤਾ ਜਾਂਦਾ ਹੈ, ਇਹੀ ਗੱਲ ਮੈਂ ਪਾਤਰ ਅੰਦਰ ਖਲਬਲੀ ਪੈਦਾ ਕਰ ਦਿੰਦੀ ਹੈ। ਹਰੇਕ ਔਰਤ ਚਾਹੁੰਦੀ ਹੈ ਕਿ ਕੋਈ ਅਜਿਹਾ, ਘਰ ਹੋਵੇ ਜਿਸ ਨੂੰ ਉਹ ਆਪਣਾ ਕਹਿ ਸਕਦੀ ਹੋਵੇ।

**'ਮੇਰਾ ਆਪਣਾ ਘਰ'** ਕਹਾਣੀ ਪ੍ਰੇਮ ਮਾਨ ਦੁਆਰਾ ਲਿਖੀ ਗਈ ਬਲਦੀਪ ਕੌਰ ਦੀ ਕਹਾਣੀ ਹੈ। ਜਿਸ ਦਾ ਨਸ਼ੇੜੀ ਪਵਿੱਤਰ ਨਾਲ ਵਿਆਹ ਹੋ ਜਾਂਦਾ ਹੈ। ਪਵਿੱਤਰ ਆਪਣੇ ਨਸ਼ਿਆਂ ਦੀ

ਪੂਰਤੀ ਲਈ ਪਤਨੀ ਦਾ ਜੀਵਨ ਬਰਬਾਦ ਕਰ ਦਿੱਤਾ ਹੈ ਤੇ ਉਹ ਉਸ ਨੂੰ ਆਪਣੇ ਨਸ਼ੇ ਦੀ ਪੂਰਤੀ ਲਈ ਕੋਠੇ ਵਾਲੀ ਬਣਾ ਦਿੰਦਾ ਹੈ। ਬਲਦੀਪ ਵਰਗੀਆਂ ਔਰਤਾਂ ਦੀ ਬੇਵਸੀ ਹੈ ਕਿ ਉਹ ਆਪਣੇ ਘਰ ਦੀ ਤਲਾਸ਼ ਕਰਦੀਆਂ ਕੋਠੇ ਵਾਲੀਆਂ ਬਣ ਜਾਂਦੀਆਂ ਹਨ। ਔਰਤ ਦੇ ਵਿਆਹ ਤੋਂ ਬਾਅਦ ਸੁਪਨੇ ਹੁੰਦੇ ਹਨ, ਉਨ੍ਹਾਂ ਸੁਪਨਿਆਂ ਨੂੰ ਟੋਟਿਆ ਵਿੱਚ ਲੇਖਕ ਨੇ ਬਿਖਰਦਾ ਦਿਖਾਇਆ ਹੈ। ਅਖੀਰ ਔਰਤ ਘਰ ਨੂੰ ਤਿਆਗਣ ਦਾ ਫੈਸਲਾ ਕਰਦੀ ਹੈ। ਔਰਤ ਦਾ ਮਰਦ ਦੁਆਰਾ ਸੋਸ਼ਣ ਲੇਖਕ ਨੇ ਪੇਸ਼ ਕੀਤਾ ਹੈ ਤੇ ਨਾਲ ਹੀ ਉਪ ਵਿਸ਼ਾ ਇਹ ਵੀ ਦੱਸ ਰਿਹਾ ਹੈ ਕਿ ਅੱਜ ਪੰਜਾਬ ਦੇ ਬੁੱਢੇ ਲੋਕ ਇਕਲਾਪਾ ਹੰਢਾਆ ਰਹੇ ਹਨ। ਦਿਲਾਵਰ ਸਿੰਘ ਦਾ ਪੁੱਤਰ ਗੋਰੀ ਨਾਲ ਵਿਆਹ ਕਰਵਾ ਕੇ ਉਸ ਨੂੰ ਪੈਸੇ ਤਾਂ ਭੇਜ ਸਕਦਾ ਹੈ ਪਰ ਉਸ ਦੀ ਮਾਨਸਿਕ ਸੰਤੁਸ਼ਟੀ ਲਈ ਕੁੱਝ ਨਹੀਂ ਕਰ ਸਕਦਾ। ਦਿਲਾਵਰ ਸਿੰਘ ਤੇ ਬਲਦੀਪ ਦੀ ਉਮਰ ਦਾ 29 ਵਰ੍ਹਿਆਂ ਦਾ ਫ਼ਰਕ ਹੈ। ਅਖੀਰ ਕਹਾਣੀ ਦੀ ਮੁੱਖ ਪਾਤਰ ਤੇ ਦਿਲਾਵਰ ਸਿੰਘ ਨੂੰ ਆਪਣੀਆਂ ਅਧੂਰੀਆਂ ਖਵਾਹਿਸ਼ਾਂ ਦੀ ਪੂਰਤੀ ਇਕ ਦੂਜੇ ਨਾਲ ਰਹਿ ਕੇ ਹੋ ਸਕਦੀ ਹੈ। ਦਿਲਾਵਰ ਸਿੰਘ ਮੁੱਖ ਪਾਤਰ ਨੂੰ ਆਪਣੇ ਘਰ ਚੱਲਣ ਦੀ ਇੱਛਾ ਪ੍ਰਗਟਾਉਂਦਾ ਹੈ, ਬਲਦੀਪ ਕੌਰ ਉਸ ਨਾਲ ਜਾਣਾ ਸਵੀਕਾਰ ਕਰ ਲੈਂਦੀ ਹੈ, ਜਿੱਥੇ ਉਸ ਨੂੰ ਲੱਗੇ ਕਿ ਕੋਈ ਉਸਦਾ ਆਪਣਾ ਘਰ ਵੀ ਹੋ ਸਕਦਾ ਹੈ। ਔਰਤ ਚਾਹੁੰਦੀ ਹੈ ਉਸ ਨੂੰ ਸੰਪੂਰਨ ਮਰਦ ਮਿਲੇ, ਦੁਸ਼ਵਾਰੀਆਂ ਤੋਂ ਬਾਅਦ ਦਿਲਾਵਰ ਸਿੰਘ ਤੇ ਬਲਦੀਪ ਕੌਰ ਇਕੱਠੇ ਰਹਿਣ ਦਾ ਫੈਸਲਾ ਕਰ ਲੈਂਦੇ ਹਨ।

**'ਮੋਮ, ਮੇਰਾ ਯਕੀਨ ਕਰੋ'** ਕਹਾਣੀ ਰਘਬੀਰ ਸਿੰਘ ਮਾਨ ਦੁਆਰਾ ਲਿਖੀ ਗਈ ਹੈ। ਇਹ ਕਹਾਣੀ ਪੰਜਾਬੀਆਂ ਦੇ ਲੰਬੇ ਸਮੇਂ ਤੋਂ ਪਰਵਾਸ ਵੱਲ ਕੂਚ ਕਰ ਜਾਣ ਦੇ ਸੰਕਟ ਵਿਚੋਂ ਉੱਪਜੀ ਹੈ। ਜਗੀਰ ਸਿੰਘ ਵਰਗੇ ਪਾਤਰਾਂ ਨੂੰ ਆਪਣੀਆਂ ਜੜ੍ਹਾਂ ਪੰਜਾਬ ਨਾਲ ਆਪਣੀ ਜੰਮਣ ਭੌਇੰ ਨਾਲ ਜੁੜੀਆਂ ਮਹਿਸੂਸ ਹੁੰਦੀਆਂ ਹਨ। ਉਹ ਜ਼ਮੀਨ ਨਾਲੋਂ ਟੁੱਟਣਾ ਨਹੀਂ ਚਾਹੁੰਦੇ ਭਾਵੇਂ ਸ਼ੇਰੇ ਵਰਗੇ ਉਹਨਾਂ ਦੇ ਭਰਾ ਜ਼ਮੀਨ ਵਿੱਚੋਂ ਕੋਈ ਮੁਨਾਫ਼ਾ ਉਹਨਾਂ ਨੂੰ ਨਹੀਂ ਦਿੰਦੇ। ਅਗਲੀ ਪੀੜ੍ਹੀ ਜਿਸ ਦਾ ਜਨਮ ਹੀ ਪਰਾਏ ਦੇਸ਼ ਵਿਚ ਹੋਇਆ ਹੈ, ਉਹ ਵਾਪਸ ਨਹੀਂ ਆਉਣਾ ਚਾਹੁੰਦੇ। ਕਹਾਣੀ ਦਾ ਪਾਤਰ ਜੱਗੀ ਜ਼ਮੀਨ ਵੇਚਣ ਦੇ ਹੱਕ ਵਿੱਚ ਹੈ, ਇਹੀ ਸਦਮਾ ਜਗੀਰ ਸਿੰਘ ਨੂੰ ਅਧਰੰਗ ਦਾ ਮਰੀਜ਼ ਬਣਾ ਦਿੰਦਾ ਹੈ। ਕਹਾਣੀ ਵਿੱਚ ਬਹੁਤ ਸਾਰੇ ਉਤਰਾਅ ਚੜਾਅ ਆਉਂਦੇ ਹਨ, ਅਖੀਰ ਟੁੱਟੀਆਂ ਬਾਹੀਂ ਗਲ ਨੂੰ ਆਉਂਦੀਆਂ ਹਨ, ਜੱਗੀ ਜਿਹੜਾ ਹਰ ਹਾਲ ਵਿਚ ਜ਼ਮੀਨ ਵੇਚਣਾ ਚਾਹੁੰਦਾ ਸੀ, ਜਿਸ ਕਰਕੇ ਘਰ ਦਾ ਮਾਹੌਲ ਤਣਾਅ ਭਰਿਆ ਹੋ ਜਾਂਦਾ ਹੈ, ਉਹ ਆਪਣੇ ਚਾਚੇ ਦੀਆਂ ਲੱਤਾਂ ਟੁੱਟ ਜਾਣ 'ਤੇ ਪੰਜਾਬ ਆਉਣ ਦੀ ਤਿਆਰੀ ਕਰਨ ਲੱਗ ਪੈਂਦਾ ਹੈ। ਲੇਖਕ ਨੇ ਜ਼ਮੀਨ ਨਾਲ ਮੋਹ, ਪ੍ਰਵਾਸ ਦੀਆਂ ਦੁਸ਼ਵਾਰੀਆਂ ਕਰੋਨਾ ਕਾਲ ਤੇ ਕਿਸਾਨੀ ਅੰਦੋਲਨ ਨੂੰ ਉੱਪ ਵਿਸ਼ਿਆ ਰਾਹੀਂ ਕਹਾਣੀ ਵਿਚ ਪੇਸ਼ ਕੀਤਾ ਹੈ।

ਚਰਨਜੀਤ ਸਿੰਘ ਪੰਨੂ ਦੀ ਕਹਾਣੀ **'ਰਾਬਤਾ'** ਮੈੱਕਸਲ ਨਾਂ ਦੇ ਪਾਲਤੂ ਕੁੱਤੇ ਦੁਆਲੇ ਘੁੰਮਦੀ ਹੈ। ਅਮਰੀਕਾ ਵਰਗੇ ਦੇਸ਼ਾ ਵਿੱਚ ਮਨੁੱਖਾਂ ਜਿੰਨੀ ਅਹਿਮੀਅਤ ਪਾਲਤੂ ਜਾਨਵਰਾਂ ਨੂੰ ਦਿੱਤੀ ਜਾਂਦੀ ਹੈ। ਜੇ ਉਹਨਾਂ ਨਾਲ ਦੁਰ ਵਿਵਹਾਰ ਕੀਤਾ ਜਾਵੇ ਤਾਂ ਪੁਲਿਸ ਫੜਨ ਆ ਜਾਂਦੀ ਹੈ। ਲੇਖਕ ਨੇ ਇਸ ਕਹਾਣੀ ਵਿਚ ਇਹ ਵੀ ਦੱਸਿਆ ਹੈ ਕਿ ਪਾਲਤੂ ਜਾਨਵਰ ਨੂੰ ਭਾਵੇਂ ਜਿੰਨੀਆਂ ਮਰਜ਼ੀ ਸੁੱਖ ਸਹੂਲਤਾਂ ਪ੍ਰਾਪਤ ਹੋ ਜਾਣ ਪਰ ਉਹ ਫਿਰ ਵੀ ਆਜ਼ਾਦੀ ਚਾਹੁੰਦੇ ਹਨ ਤੇ ਆਪਣੇ ਸਾਥੀਆਂ ਨਾਲ ਸਮਾਂ ਬਿਤਾ ਕੇ ਖੁਸ਼ ਹੁੰਦੇ ਹਨ। ਲੂਸੀ ਭਾਵੇਂ ਕੁੱਝ ਦਿਨ ਹੀ ਆਪਣੇ ਮਾਲਕਾਂ ਨਾਲ ਮੈਕਸਲ

ਦੇ ਘਰ ਆਉਂਦੀ ਹੈ ਪਰ ਉਹ ਉਸਦਾ ਪਿੱਛਾ ਕਰਦਾ ਹੈ। ਯੂਰਪੀ ਮੁਲਕਾਂ ਵਿਚ ਇਸ ਗੱਲ ਦਾ ਵੀ ਖਿਆਲ ਰੱਖਿਆ ਜਾਂਦਾ ਹੈ ਕਿਤੇ ਇਹਨਾਂ ਪਾਲਤੂ ਜਾਨਵਰਾਂ ਨੂੰ ਮਨੁੱਖਾਂ ਤੋਂ ਇੰਨਫੈਕਸ਼ਨ ਨਾ ਹੋ ਜਾਵੇ। ਜਾਨਵਰਾਂ ਪ੍ਰਤੀ ਵਿਵਹਾਰ ਉਨ੍ਹਾਂ ਦੇ ਹੱਕਾਂ ਪ੍ਰਤੀ ਅਮਰੀਕਾ ਦੀ ਪੁਲਿਸ ਬਹੁਤ ਖਿਆਲ ਰੱਖਦੀ ਹੈ। ਇਹ ਜਾਨਵਰ ਮਨੁੱਖਾਂ ਦੀ ਹਰ ਗੱਲ ਸਮਝਦੇ ਹਨ ਜੇ ਉਨ੍ਹਾਂ ਨਾਲ ਬੁਰਾ ਵਤੀਰਾ ਕੀਤਾ ਜਾਵੇ ਤਾਂ ਉਹ ਘਰੋਂ ਭੱਜ ਵੀ ਸਕਦੇ ਹਨ। ਲੇਖਕ ਇਸ ਕਹਾਣੀ ਰਾਹੀਂ ਇਹ ਵੀ ਦੱਸਦਾ ਹੈ ਕਿ ਪਾਲਤੂ ਜਾਨਵਰ ਘਰ ਰੱਖਣ ਤੋਂ ਪਹਿਲਾ ਉਨ੍ਹਾਂ ਦਾ ਟੀਕਾਕਰਣ ਕਰਨਾ ਬਹੁਤ ਜ਼ਰੂਰੀ ਹੈ ਤੇ ਨਾਲ ਹੀ ਮਨੁੱਖੀ ਹਮਦਰਦੀ ਵੀ ਬਹੁਤ ਜ਼ਰੂਰੀ ਹੈ।

**'ਉਹੀ ਅੰਜਨਾ'** ਕਹਾਣੀ ਦੀ ਰਚੇਤਾ ਦੀਪਤੀ ਬਬੂਟਾ ਹੈ। ਕਹਾਣੀ ਮੁੱਖ ਪਾਤਰ ਅੰਜਨਾ ਦੇ ਦੁਆਲੇ ਘੁੰਮਦੀ ਹੈ, ਜਿਸ ਦਾ ਨਜਰੀਆ ਨਾਰੀਵਾਦੀ ਹੈ, ਅੰਜਨਾ ਆਪਣੇ ਹੱਕਾਂ ਲਈ ਆਪਣੇ ਉਸ ਪਿਓ ਦਾ ਘਰ ਛੱਡ ਦਿੰਦੀ ਹੈ। ਜਿਸ ਨੇ ਉਸ ਦੀ ਮਾਂ ਨੂੰ ਸਾਰੀ ਉਮਰ ਤੰਗ ਕਰੀ ਰੱਖਿਆ। ਲੇਖਿਕਾ ਕਹਾਣੀ ਵਿੱਚ ਦੱਸਦੀ ਹੈ ਕਿ ਅੰਜਨਾ ਪਤੀ ਦੁਆਰਾ ਸਿਰਜੇ ਗਏ ਸੁਪਨਿਆਂ ਨੂੰ ਪੂਰਾ ਕਰਦੀ ਕਰਦੀ ਕਿ ਦਿਨ ਖਤਮ ਹੋ ਜਾਂਦੀ ਹੈ। ਅੰਜਨਾ ਦਾ ਸਾਰਾ ਸੰਘਰਸ਼ ਪਤਾ ਨਹੀਂ ਕਿੱਧਰ ਚਲਿਆ ਜਾਂਦਾ ਹੈ। ਅੰਜਨਾ ਦੀ ਬੇਟੀ ਨੰਦਿਨੀ ਬਿਨ ਵਿਆਹੀ ਮਾਂ ਬਣਨਾ ਚਾਹੁੰਦੀ ਹੈ। ਅੰਜਨਾ ਨੂੰ ਇਹ ਮਨਜ਼ੂਰ ਨਹੀਂ। ਤ੍ਰਿਪਤਾ ਤੇ ਅੰਜਨਾ ਦੀ ਮਾਂ ਉਸ ਨੂੰ ਮੁੜ ਉਸਦੇ ਸੰਘਰਸ਼ ਭਰੇ ਦਿਨਾਂ ਦੀ ਯਾਦ ਤਾਜਾ ਕਰਵਾਉਂਦੀਆਂ ਹਨ ਤੇ ਅੰਜਨਾ ਮੁੜ ਪਹਿਲਾਂ ਵਾਂਗ ਧੀ ਦੇ ਲਏ ਫੈਸਲੇ ਨੂੰ ਸਵੀਕਾਰ ਕਰ ਲੈਂਦੀ ਹੈ।

**'ਬੇੜੀ ਦਾ ਮੇਲਾ'** ਕਹਾਣੀ ਹਰਕੀਰਤ ਕੌਰ ਚਹਿਲ ਦੀ ਲਿਖੀ ਹੋਈ ਕਹਾਣੀ ਹੈ। ਲਾਹੌਰ ਸ਼ਹਿਰ ਦੇ ਲਾਗੇ ਰਾਵੀ ਦਰਿਆ ਵਗਦਾ ਹੈ। ਜਦੋਂ ਸ਼ਹਿਰ ਨਹੀਂ ਬਣੇ ਸਨ ਤਾਂ ਇਨ੍ਹਾਂ ਦਰਿਆਵਾਂ ਕੰਢੇ ਮਨੁੱਖੀ ਰੈਣ ਬਸੇਰੇ ਸਨ, ਪਾਣੀ ਮਨੁੱਖੀ ਜੀਵਨ ਦਾ ਆਧਾਰ ਹੈ ਤੇ ਬੇੜੀ ਮਨੁੱਖ ਨੂੰ ਪਾਰ ਲੰਘਾਉਣ ਦਾ। ਕਹਾਣੀ ਦੀ ਪਾਤਰ ਨੂਰਾਂ ਦਾ ਵਿਆਹ ਅਹਿਮਦ ਨਸੀਰ ਨਾਲ ਹੁੰਦਾ ਹੈ। ਉਹ ਬੇੜੀ ਚੜ ਕੇ ਚੰਗੇ ਭਵਿੱਖ ਦੀ ਆਸ ਵਿਚ ਬੇਗਾਨੇ ਮੁਲਕ ਚਲਿਆ ਜਾਂਦਾ ਹੈ ਪਰ ਕਦੇ ਵਾਪਸ ਨਹੀਂ ਪਰਤਿਆ। ਨੂਰਾਂ ਦੀ ਭੈਣ ਹਾਜ਼ੂਰਾ ਨੇ ਵੀ ਆਪਣਾ ਜੀਵਨ ਆਪਣੀ ਭੈਣ ਨੂੰ ਸਮਰਪਿਤ ਕਰ ਦਿੱਤਾ। ਨੂਰਾਂ ਦੀਆਂ ਖੁਸ਼ੀਆਂ ਇਹ ਰਾਵੀ ਦਰਿਆ ਕਰਕੇ ਖ਼ਤਮ ਹੋ ਗਈਆਂ। ਹਰੇਕ ਸਾਲ ਬੇੜੀ ਦੇ ਮੇਲੇ ਤੇ ਨੂਰਾਂ ਤੇ ਹਜ਼ੂਰਾਂ ਆ ਕੇ ਵੈਣ ਪਾਉਂਦੀਆਂ ਹਨ। ਕਹਾਣੀ ਵਿੱਛੜ ਗਿਆ ਦੇ ਦਰਦ ਨੂੰ ਬਿਆਨ ਕਰਦੀ ਹੈ।

ਵਿਸ਼ਵੀਕਰਨ ਤੇ ਵਪਾਰੀਕਰਨ ਵਿੱਚੋਂ **'ਭਰਮਜਾਲ'** ਕਹਾਣੀ ਦਾ ਜਨਮ ਹੁੰਦਾ ਹੈ। ਵਿਪਨ ਗਿੱਲ ਨੇ ਬਦਲ ਰਹੇ ਸਮੀਕਰਣਾ ਵਿੱਚੋਂ ਕਹਾਣੀ ਦਾ ਵਿਸ਼ਾ ਚੁਣਿਆ ਹੈ। ਨੀਰਜਾ ਤੇ ਪਵਨ ਦੋਵੇਂ ਇਕ ਦੂਸਰੇ ਨੂੰ ਮਹੁੱਬਤ ਕਰਦੇ ਹਨ। ਆਧੁਨਿਕ ਯੁੱਗ ਚਕਾਚੌਂਧ ਦਾ ਯੁੱਗ ਹੈ, ਪਿਆਰ ਨਾਲੋਂ ਪੈਸਾ ਤੇ ਕੈਰੀਅਰ ਭਾਰੂ ਹੋ ਰਿਹਾ ਹੈ। ਅੱਜ ਦੀ ਔਰਤ ਪਿਆਰ ਨਾਲੋਂ ਕੈਰੀਅਰ ਨੂੰ ਜ਼ਿਆਦਾ ਤਰਜੀਹ ਦੇ ਰਹੀ ਹੈ। ਨੀਰਜ ਪਿਆਰ ਨੂੰ ਠੁਕਰਾ ਦਿੰਦੀ ਹੈ। ਪਵਨ ਉਸ ਨੂੰ ਮੁਕਤ ਕਰ ਜਾਂਦਾ ਹੈ। ਲੇਖਿਕਾ ਦੱਸਦੀ ਹੈ ਕਿ ਅੱਜ ਦੇ ਸਮੇਂ ਵਿਚ ਪਿਆਰ ਨਾਲੋਂ ਪੈਸਾ ਵੱਧ ਮਹੱਤਵ ਰੱਖਦਾ ਹੈ। ਨੀਰਜਾ ਲਾਈਬਾ ਭਾਟੀਆ ਬਣ ਕੇ ਆਪਣੀ ਹੋਂਦ, ਵਜੂਦ ਤੇ ਆਪਣਾ ਪਿਆਰ ਅੱਜ ਦੇ ਚਕਾਚੌਂਧ ਭਰੇ ਜੀਵਨ ਨੂੰ ਸਮਰਪਿਤ ਕਰ ਦਿੰਦੀ ਹੈ। ਲੇਖਿਕਾ ਨੇ ਕਹਾਣੀ ਵਿਚ ਪਾਠਕਾਂ ਨੂੰ ਇਹ ਵੀ ਸੁਨੇਹਾ ਦਿੱਤਾ ਹੈ ਕਿ ਅੱਜ ਦੀ ਪਾਲੀਟਿਕਸ ਵੀ ਆਮ ਜਨਤਾ ਨੂੰ ਭਰਮਜਾਲ ਵਿੱਚ ਹੀ ਰੱਖ

ਰਹੀ ਹੈ ਤੇ ਦੇਸ਼ ਦੇ ਮੁਖੀਏ ਤੋਂ ਲੈ ਕੇ ਆਮ ਬੰਦਾ ਆਪਣੇ ਨਿੱਜੀ ਸਵਾਰਥਾ ਲਈ ਜੀਅ ਰਿਹਾ ਹੈ। 'ਕਹਾਣੀ ਧਾਰਾ' ਦੇ ਇਸ ਅੰਕ ਦੀਆਂ ਬਹੁਤੀਆਂ ਕਹਾਣੀਆਂ ਔਰਤ ਮਾਨਸਿਕਤਾ ਦਾ ਮਨੋਵਿਗਿਆਨਿਕ ਵਿਸ਼ਲੇਸ਼ਣ ਪੇਸ਼ ਕਰਦੀਆਂ ਹਨ।


**'ਓਪਨ ਮੈਰਿਜ'** ਕਹਾਣੀ ਨਾਲ ਲਖਵਿੰਦਰ ਵਿਰਕ ਕਹਾਣੀ ਖੇਤਰ ਵਿਚ ਪਹਿਲਾ ਕਦਮ ਰੱਖ ਰਹੀ ਹੈ। ਇਹ ਉਸ ਦੀ ਪਹਿਲੀ ਕਹਾਣੀ ਹੈ। 'ਓਪਨ ਮੈਰਿਜ' ਅਜਿਹਾ ਵਰਤਾਰਾ ਹੈ ਜਿਸ ਵਿਚ ਪਤੀ ਪਤਨੀ ਇਕ ਦੂਜੇ ਨਾਲ ਤਾਂ ਰਹਿੰਦੇ ਹਨ, ਪਰ ਉਹ ਦੋਵੇਂ ਸਹਿਮਤੀ ਨਾਲ ਹੋਰ ਮਰਦ ਔਰਤਾਂ ਨਾਲ ਵੀ ਸੰਬੰਧ ਬਣਾ ਸਕਦੇ ਹਨ। ਕਹਾਣੀ ਦਾ ਪਤੀ ਪਾਤਰ ਸਿਧਾਰਥ ਆਪਣੀ ਪਤਨੀ ਤਾਨੀਆ ਤੋਂ ਇਸ ਕੰਮ ਦੀ ਇਜ਼ਾਜਤ ਲੈ ਲੈਂਦਾ ਹੈ ਕਿ ਉਹ ਹੋਰ ਔਰਤਾਂ ਨਾਲ ਵੀ ਸਰੀਰਕ ਸੰਬੰਧ ਬਣਾਉਣਾ ਚਾਹੁੰਦਾ ਹੈ ਤੇ ਤਾਨੀਆ ਨੂੰ ਵੀ ਪ੍ਰੇਰਿਤ ਕਰਦਾ ਹੈ। ਜਦੋਂ ਤਾਨੀਆ ਗੈਰ ਨਾਲ ਮੂਵੀ ਵੇਖਣ ਦਾ ਪ੍ਰੋਗਰਾਮ ਬਣਾਉਂਦੀ ਹੈ, ਇਹ ਸਿਧਾਰਥ ਕੋਲੋਂ ਬਰਦਾਸ਼ਤ ਨਹੀਂ ਹੁੰਦਾ, ਉਸ ਦੀ ਮਰਦ ਅਹੁੰ ਪੰਚਰ ਹੋ ਜਾਂਦੀ ਹੈ। ਓਪਨ ਮੈਰਿਜ਼ ਵਿਚ ਰਹਿਣਾ ਵੀ ਸਿਧਾਰਥ ਚਾਹੁੰਦਾ ਹੈ। ਪਰ ਪਤਨੀ ਅਜਿਹਾ ਕਰੇ ਉਸ ਕੋਲੋਂ ਸਹਿਣ ਨਹੀਂ ਕੀਤਾ ਜਾਂਦਾ। ਪਤੀ ਵਾਅਦਾ ਕਰਕੇ ਵੀ ਪਤਨੀ ਨਾਲ ਧੋਖਾ ਕਰਦਾ ਹੈ ਤੇ ਇਕ ਤੋਂ ਵੱਧ ਕੁੜੀਆਂ ਨਾਲ ਸਰੀਰਕ ਸੰਬੰਧ ਬਣਾਉਂਦਾ ਹੈ। ਪਤਨੀ ਪਤੀ ਦੀਆਂ ਸਾਰੀਆਂ ਸ਼ਰਤਾਂ ਮੰਨੀ ਜਾਂਦੀ ਹੈ, ਪਤੀ ਬਾਜ ਨਹੀਂ ਆਉਂਦਾ। ਅਖੀਰ ਸੋਨੀਆ ਪਤੀ ਦੀਆਂ ਕਰਤੂਤਾਂ ਤੋਂ ਦੁਖੀ ਹੋ ਉਸ ਦਾ ਘਰ ਛੱਡ ਜਾਂਦੀ ਹੈ ਤੇ ਆਪਣੇ ਸੁਪਨਿਆਂ ਦੀ ਸਾਥੀ ਗੈਵੀ ਕੋਲ ਚਲੀ ਜਾਂਦੀ ਹੈ। ਲੇਖਿਕਾ ਦੱਸ ਰਹੀ ਹੈ ਕਿ ਆਧੁਨਿਕਤਾ ਦੇ ਨਾਂ ਤੇ ਪਤੀ-ਪਤਨੀ ਦਾ ਰਿਸ਼ਤਾ ਖਤਮ ਹੋ ਰਿਹਾ ਹੈ। ਵਿਆਹ ਬਾਹਰੇ ਰਿਸ਼ਤਿਆਂ ਨੂੰ ਸਮਾਜ ਵਿਚ ਸਪੇਸ ਮਿਲ ਰਹੀ ਹੈ।

ਇਸ ਸਮੇਂ ਵਿਸ਼ਵ ਇਕ ਪਿੰਡ ਬਣ ਗਿਆ ਹੈ, ਮੀਡੀਆ ਅਤੇ ਸੰਚਾਰ ਦੇ ਸਾਧਨਾਂ ਨਾਲ ਆਦਾਨ ਪ੍ਰਦਾਨ ਬਹੁਤ ਤੇਜੀ ਨਾਲ ਹੋ ਰਿਹਾ ਹੈ। ਵਿਚਾਰਾਂ ਵਿਚ ਤੇਜੀ ਨਾਲ ਪਰਿਵਰਤਨ ਹੋ ਰਹੇ ਹਨ। ਮੇਰਾ ਆਪਣਾ ਘਰ, ਉਹੀ ਅੰਜਨਾ, ਭਰਮਜਾਲ, ਓਪਨ ਮੈਰਿਜ ਆਦਿ ਕਹਾਣੀਆਂ ਔਰਤ ਮਰਦ ਸੰਬੰਧਾਂ ਦੀ ਗੱਲ ਕਰਦੀਆਂ ਕਹਾਣੀਆਂ ਹਨ। 'ਆਪਣਾ ਘਰ' ਦੀ ਪਾਤਰ ਓਮਰ ਤੋਂ ਵੱਡੇ ਮਰਦ ਨਾਲ ਘਰ ਛੱਡ ਜਾਂਦੀ ਹੈ। 'ਉਹੀ ਅੰਜਨਾ' ਵਿਚ ਬਿਨਾ ਬਿਆਹੀ ਕੁੜੀ ਮਾਂ ਬਣਨ ਵਿੱਚ ਖੁਸ਼ੀ ਮਹਿਸੂਸ ਕਰਦੀ ਹੈ। 'ਭਰਮਜਾਲ' ਦੀ ਪਾਤਰ ਪਿਆਰ ਨਾਲੋਂ ਪੈਸਾ ਨੂੰ ਵੱਧ ਤਰਜੀਹ ਦੇ ਰਹੀ ਹੈ। 'ਓਪਨ ਮੈਰਿਜ' ਸ਼ਬਦ ਪਹਿਲੀ ਵਾਰ ਪੰਜਾਬੀ ਕਹਾਣੀ ਵਿਚ ਆਇਆ ਹੈ। ਵਿਆਹ ਬਾਹਰੇ ਸਰੀਰਕ ਸੰਬੰਧ ਤਾਂ ਕਹਾਣੀਆਂ ਵਿਚ ਪੜ੍ਹਨ ਨੂੰ ਮਿਲਦੇ ਹੀ ਹਨ। ਸਮਾਜ ਦੇ ਸਮੀਕਰਨ ਬਦਲ ਰਹੇ ਹਨ ਕਹਾਣੀਆਂ ਦੇ ਵਿਸ਼ੇ ਵੀ ਬਦਲ ਰਹੇ ਹਨ।

'ਮੀਂਹ ਲੱਥਾ' ਅਫ਼ਰੀਕੀ ਕਹਾਣੀ ਹੋ ਕੇ ਵੀ ਔਰਤ ਅਨਿਆ ਦੀ ਗੱਲ ਕਰਦੀ ਹੈ, ਜਗਿਆਸਾ ਅਣਜੋੜ ਵਿਆਹ, ਮੋਮ ਮੇਰਾ ਯਕੀਨ ਕਰੋ ਰਿਸ਼ਤਿਆਂ ਦੇ ਮੋਹ ਦੀ ਗਰਮਾਇਸ਼ ਤੇ ਪਰਵਾਸ ਦੇ ਮਸਲੇ ਬਾਰੇ ਗੱਲ ਕਰ ਰਹੀ ਹੈ ਤੇ ਬੇੜੀ ਦਾ ਮੇਲਾ ਪਿਆਰ ਦੀ ਕਹਾਣੀ ਹੈ। ਰਾਬਤਾ ਕਹਾਣੀ ਜਾਨਵਰਾਂ ਪ੍ਰਤੀ ਪਿਆਰ ਤੇ ਉਨ੍ਹਾਂ ਨਾਲ ਜੁੜੀਆਂ ਸਮੱਸਿਆਵਾਂ ਨੂੰ ਬਿਆਨ ਕਰਦੀ ਹੈ। ਮੇਰਾ ਆਪਣਾ ਘਰ ਕਹਾਣੀ ਦਾ ਆਰੰਭ ਸਧਾਰਨ ਕਹਾਣੀ ਦਾ ਆਰੰਭ ਲੱਗਦਾ ਹੈ। ਅਖੀਰ ਤੱਕ ਪਹੁੰਚ ਕੇ ਕਹਾਣੀ ਕਲਾ ਪੱਖੋ ਸਫਲ ਹੋ ਜਾਂਦੀ ਹੈ। ਕੁਝ ਕਹਾਣੀਆਂ ਹਲਕੀਆਂ ਹਨ। ਕੁਝ ਵਿਸ਼ਿਆਂ ਪੱਖੋਂ ਨਵੀਆਂ ਗੱਲਾਂ ਕਰਦੀਆਂ ਹਨ। (**ਸੰਪਰਕ 94643-30803**)

## ਮੇਰਾ ਸਟੱਡੀ ਟੇਬਲ/ -ਭਗਵੰਤ ਰਸੂਲਪੁਰੀ


### 'ਇਸ਼ਕ ਦਾ ਜੋਗੀ' ਪਰਮਜੀਤ ਢੀਂਗਰਾ





ਢੀਂਗਰਾ ਹੁਰਾਂ ਇਸ ਪੁਸਤਕ 'ਚ ਆਪਣੀ ਸ਼ੈਲੀ ਵਿੱਚ ਸੰਸਾਰ ਸਾਹਿਤ ਨੂੰ ਬੜੇ ਰੌਚਿਤ ਢੰਗ ਨਾਲ ਬਿਆਨ ਕੀਤੇ ਨੇ। ਪਿਕਾਸੋ ਦੀ ਪ੍ਰੇਮਿਕਾ ਜ਼ੀਲੋ ਦੇ ਮੂੰਹੋਂ ਮੁਹੱਬਤ ਦਾ ਬਿਰਤਾਂਤ, 'ਲੋਲਿਤਾ' ਦੇ ਪ੍ਰਸੰਗ ਵਿੱਚ ਅੱਥਰੀ ਮੁਹੱਬਤ ਦਾ ਕਿੱਸਾ, 'ਡਾਕਟਰ ਜਿਵਾਗੋ' 'ਚ ਪ੍ਰੇਮਿਕਾ ਓਲਗਾ ਦਾ ਬਿਰਤਾਂਤ, ਮਾਰਖੇਜ਼ ਦੇ ਨਾਵਲ 'ਟੂ ਟੈਲ ਦਾ ਟੇਲ' 'ਚ ਪੇਸ਼ ਕੀਤੀ ਸਵੈ ਦੀ ਕਹਾਣੀ, ਮਿੱਥਾਂ ਘੜਨ ਵਾਲੇ ਜਾਦੂਗਰ ਰੋਜ਼ੇ ਦੀ ਬੰਨ੍ਹ ਮਾਰਨ ਵਾਲੀ ਕਥਾ, ਮਿਲਾਨ ਕੁੰਦੇਰਾ, ਟ੍ਰਾਟਸਕੀ, ਫਿਲਸਤੀਨੀ ਸਾਹਿਤ ਦੇ ਗੁਸ੍ਹਾਨ ਫ਼ਿਆਜ਼ ਦੀ ਦਾਸਤਾਨ, ਐਲਿਸ ਵਾਕਰ ਦੇ ਨਾਵਲ 'ਇਨ ਸਰਚ ਆਫ਼ ਆਵਰ ਮਦਰਜ਼' ਦਾ ਬਿਰਤਾਂਤ ਅਤੇ ਗੈਸ ਚੈਂਬਰਾਂ ਦੀ ਦਾਸਤਾਨ ਵਰਗੀਆਂ ਲਿਖਤਾਂ ਪਾਠਕ ਨੂੰ ਬੰਨ੍ਹ ਮਾਰ ਕੇ ਕੋਲ ਬਿਠਾ ਲੈਣ ਵਾਲੀਆਂ ਨੇ। ਇਸ ਪੁਸਤਕ ਦੀ ਏਹੀ ਰੌਚਿਕਤਾ ਏ। ਪੂਰੀ ਕਿਤਾਬ ਪੜ੍ਹਦਿਆਂ ਪਤਾ ਲੱਗਦਾ ਏ ਕਿ ਮੁਹੱਬਤੀ ਦਾਸਤਾਨਾਂ ਦੇ ਅਰਥ ਬੜੇ ਵਿਸ਼ਾਲ ਨੇ। ਲੇਖਕ ਨੇ ਸੰਸਾਰ ਪ੍ਰਸਿੱਧ ਪੁਸਤਕਾਂ ਦੇ ਮੁਹੱਬਤੀ ਸਰੋਕਾਰਾਂ ਨੂੰ ਪਾਠਕਾਂ ਸਾਹਵੇਂ ਰੱਖਿਆ ਏ। ਕਿਤਾਬ **'ਕੈਲੀਬਰ ਪਬਲੀਕੇਸ਼ਨ ਪਟਿਆਲਾ'** ਨੇ ਬਹੁਤ ਖ਼ੂਬਸੂਰਤੀ ਨਾਲ ਛਾਪੀ ਏ।

### 'ਸਾਊ ਕੁੜੀਆਂ' ਐਨੀ ਜ਼ੈਦੀ ਤੇ ਸਮ੍ਰਿਤੀ ਰਵਿੰਦਰਾ

ਇਹ ਕਿਤਾਬ ਨੌਜਵਾਨ ਕੁੜੀਆਂ ਦੀਆਂ ਸਵੈ ਨਾਲ ਹੰਢਾਈਆਂ ਕਹਾਣੀਆਂ ਦੇ ਰੌਚਿਕ ਬਿਰਤਾਂਤ ਨੇ ਜਿਸ ਨੂੰ ਪ੍ਰਕਾਸ਼ ਕੌਰ ਸੰਧੂ ਨੇ ਅਨੁਵਾਦ ਕੀਤਾ ਏ। ਕਿਤਾਬ ਐਨੀ ਰੌਚਿਕ ਏ ਕਿ ਇਕੋ ਸਾਹੇ ਪੜ੍ਹਨ ਵਾਲੀ ਏ। ਸ਼ਰਾਰਤੀ ਕੁੜੀਆਂ ਕਿਵੇਂ ਦਲੇਰੀ ਨਾਲ ਜਿਉਂਦੀਆਂ ਅਤੇ ਸਮਾਜ ਵਿੱਚ ਵਿਚਰਦੀਆਂ ਨੇ, ਉਹ ਕਿੰਨੀਆਂ ਬੋਲਡ ਹੋ ਕੇ ਜਿਉਂਦੀਆਂ ਅਤੇ ਵਰਜਿਤ ਸ਼ਬਦ ਸਹਿਜ ਹੋ ਕੇ ਬੋਲ ਜਾਂਦੀਆਂ ਨੇ। ਲੇਖਕਾਵਾਂ ਉਨ੍ਹਾਂ ਸ਼ਬਦੀ ਬਿਰਤਾਂਤ ਨੂੰ ਸਹਿਜ ਨਾਲ ਲਿਖ ਜਾਂਦੀਆਂ ਨੇ ਰਤਾ ਵੀ ਅਸਹਿਜ ਨਹੀਂ ਲੱਗਦਾ। ਇਸ ਕਿਤਾਬ ਦੀਆਂ ਰਚਨਾਹਾਰ ਸਮਾਜ ਵਿੱਚ ਅਜਿਹੀਆਂ ਕੁੜੀਆਂ ਵਿੱਚ ਵਿਚਰਦੀਆਂ ਨੇ, ਉਨ੍ਹਾਂ ਦੇ ਕਿੱਸੇ ਸੁਣਦੀਆਂ ਨੇ ਫਿਰ ਲਿਖਦੀਆਂ ਨੇ। ਕੁੜੀਆਂ ਦੀਆਂ ਭਾਵਨਾਵਾਂ ਨੂੰ ਸਮਝਣ ਲਈ ਇਹ ਕਿਤਾਬ ਮੁੱਲਵਾਨ ਏ। ਕਿਤਾਬ ਯਥਾਰਥਵਾਦੀ ਉਤੇਜਨਾ ਨਾਲ ਲਿਖੀ ਗਈ ਏ। ਪ੍ਰੋਜੈਕਟ ਬਣਾ ਕੇ ਕੁੜੀਆਂ ਦੀਆਂ ਲਿਖੀਆਂ ਕਹਾਣੀਆਂ ਨੂੰ **'ਲੋਕਗੀਤ'** ਨੇ ਛਾਪਿਆ ਏ। ਜਵਾਨ ਹੋ ਰਹੀ ਧੀ ਨੂੰ ਇਹ ਕਿਤਾਬ ਪੜ੍ਹਨ ਲਈ ਜ਼ਰੂਰੀ ਦੇਣੀ ਚਾਹੀਦੀ ਏ।




**ਅੰਬਰ ਚਾਨਣੇ ਪਹਿਲਾ ਭਾਗ**





ਪਰਮਜੀਤ ਢੀਂਗਰਾ ਹੁਰਾਂ ਵਿਸ਼ਵ ਸਾਹਿਤ ਦੇ ਝਰੋਖੇ ਵਿੱਚੋਂ ਪ੍ਰਸਿੱਧ ਕਵੀਆਂ ਦੇ ਲਿਖਣ-ਪ੍ਰਸੰਗਾ ਤੇ ਕਵਿਤਾਵਾਂ ਨੂੰ ਇਸ ਪੁਸਤਕ ਵਿੱਚ ਅਨੁਵਾਦ ਕਰਕੇ ਛਾਪਿਆ ਏ। ਹਰ ਸ਼ਾਇਰ ਦੇ ਜੀਵਨ ਅਤੇ ਸਿਰਜਣਾ ਦੇ ਸਰੋਤਾਂ ਨਾਲ ਪਾਠਕਾਂ ਦੀ ਸਾਂਝ ਪਾਈ ਏ। ਸ਼ਾਇਰਾ ਦਾ 'ਲਿਖਣ ਵੇਲ਼ਾ' ਪਾਠਕ ਨੂੰ ਆਪਣੇ ਨਾਲ ਤੋਰ ਲੈਂਦਾ ਏ। ਪੁਸ਼ਕਿਨ, ਬਾਲਜ਼ਾਕ, ਫੀਦਿਨ, ਧੋਸਤੋਵਸਕੀ ਦੇ ਲਿਖਣ ਵੇਲੇ ਦਾ ਜ਼ਿਕਰ ਏ। ਵਿਸ਼ਵ ਦੇ ਕਵੀਆਂ ਵਿੱਚ ਸ਼ਿਵ ਕੁਮਾਰ ਦੇ ਨਾਲ ਨਾਲ ਖੁਦ ਪਰਮਜੀਤ ਢੀਂਗਰਾ ਵੀ ਹਾਜ਼ਰ ਹੋਇਆ ਏ। ਇਸ ਕਿਤਾਬ ਵਿੱਚ ਤੁਸੀਂ ਵਿਸ਼ਵ ਦੇ ਕੋਨੇ-ਕੋਨੇ ਤੇ ਵੱਡੇ ਸ਼ਾਇਰਾ ਦੀ ਸ਼ਾਇਰੀ ਪੜ੍ਹ ਸਕਦੇ ਹੋ। ਤੁਹਾਨੂੰ ਇਵੇਂ ਲੱਗੇਗਾ ਜਿਵੇਂ ਤੁਸੀਂ ਮੌਲਿਕ ਪੰਜਾਬੀ ਸ਼ਾਇਰੀ ਪੜ੍ਹ ਰਹੇ ਹੋਵੋ। ਮਿਖ਼ਾਇਲ ਅਮੀਰ ਓਰ, ਅਦੂਨੀਸ ਯੇਹੂਦਾ ਆਮੀਛਾਈ, ਫ਼ਰੋਗ਼ ਆਦਿ ਸ਼ਾਇਰਾ ਦੀ ਅਰਬੀ, ਇਜ਼ਰਾਇਲੀ, ਸੀਰੀਆ, ਹਿਬਰੂ, ਤਹਿਰਾਨ, ਐਫਰੋ-ਅਮਰੀਕਨ, ਇਰਾਕ ਤੇ ਨਾਇਜੀਰੀਆ ਦੇ ਕਵੀਆਂ ਨੂੰ ਇਸ ਪੁਸਤਕ ਵਿੱਚ ਪਾਠਕ ਪੜ੍ਹ ਸਕਦੇ ਨੇ। ਇਹ ਸ਼ਾਇਰੀ ਤੁਹਾਨੂੰ ਆਪਣੇ ਨਾਲ ਵਹਾ ਕੇ ਲੈ ਜਾਂਦੀ ਏ। ਸੀਰੀਆ ਦਾ ਸ਼ਾਇਰ ਨਿਜਾਰ ਕੱਬਾਨੀ ਦੀ ਸ਼ਾਇਰੀ ਨੂੰ ਜਦੋਂ ਤੁਸੀਂ ਪੜ੍ਹਨ ਲਗਦੇ ਹੋ ਤਾਂ ਤੁਸੀਂ ਔਰਤ ਦੇ ਦਰਦ ਨੂੰ ਮਹਿਸੂਸ ਕਰਨ ਲੱਗ ਜਾਂਦੇ ਹੋ। ਇਸ ਕਿਤਾਬ ਨੂੰ **'ਆਟਮ ਆਰਟ, ਪਟਿਆਲਾ'** ਨੇ ਖ਼ੂਬਸੂਰਤੀ ਨਾਲ ਛਾਪਿਆ ਏ।

**ਅੰਬਰਾਂ ਦੇ ਚੰਨ-ਸੂਰਜ ਭਾਗ ਦੂਜਾ**

ਪਰਮਜੀਤ ਢੀਂਗਰਾ ਹੁਰਾਂ ਨੇ ਇਸ ਭਾਗ ਵਿੱਚ ਨਾਬਰੀ ਦਾ ਪ੍ਰਵਚਨ ਸਿਰਜਣ ਵਾਲੇ ਸ਼ਾਇਰਾ ਤੇ ਉਸ ਦੀ ਸ਼ਾਇਰੀ ਦੀ ਗੱਲ ਕੀਤੀ ਏ। ਢੀਂਗਰਾ ਹੁਰਾਂ ਦਾ ਹਰ ਚੈਪਟਰ ਰੌਚਿਕਤਾ ਨਾਲ ਭਰਿਆ ਪਿਆ ਏ। ਤੁਹਾਨੂੰ ਆਪਣੇ ਵੱਲ ਖਿੱਚ ਲੈਂਦਾ ਏ। ਲੇਖਕ ਸੱਚ ਦੇ ਸੂਰਜ ਨਾਬਰੀ ਸਿਰਜਣ ਵਾਲੇ ਅਫ਼ਲਾਤੂਨ, ਸੁਕਰਾਤ, ਗੈਲੀਲੀਓ, ਸਰਮਦ ਦੇ ਹਵਾਲੇ ਨਾਲ ਕਿਤਾਬ ਆਰੰਭ ਕਰਦਾ ਏ। ਮੌਲਾਨਾ ਰੂਮੀ, ਖ਼ਲੀਲ ਜਿਬਰਾਨ, ਭਾਈ ਨੰਦ ਲਾਲ ਗੋਯਾ, ਬਾਬ ਡਿਲਨ, ਹੱਬਾ ਖ਼ਾਤੂਨ, ਮਲਾਲਾ, ਉਗੋ ਚਾਵੇਜ ਦੇ ਪ੍ਰਸੰਗਾ ਵਿੱਚ ਨਾਬਰੀ ਦੀ ਗੱਲ ਕੀਤੀ ਏ। 'ਬਸਤਰ ਦੀ ਆਦਿਵਾਸੀ ਕਵਿਤਾ ਦਾ ਸੱਚ' ਚੈਪਟਰ ਵਿੱਚ ਛੱਤੀਸਗੜ੍ਹ ਦੇ ਬਸਤਰ ਕਾਬਾਇਲੀ ਖੇਤਰ ਦੀ ਸਥਿਤੀ ਅਤੇ ਉਸ ਖੇਤਰ ਵਿੱਚ ਉੱਭਰੇ ਸ਼ਾਕਿਰ ਅਲੀ ਦੀਆਂ ਕਵਿਤਾਵਾਂ ਵਿੱਚੋਂ ਉਸ ਇਲਾਕੇ ਦੀ ਸਥਿਤੀ ਸਮਝ ਸਕਦੇ ਹੋ। ਇਸ ਕਿਤਾਬ ਨੂੰ ਵੀ **'ਆਟਮ ਆਰਟ, ਪਟਿਆਲਾ'** ਨੇ ਛਾਪਿਆ ਏ।




**ਅਠ੍ਹਾਰਵੀਂ ਸਦੀ ਦਾ ਸਿੱਖ ਇਤਿਹਾਸ**




ਪੁਸਤਕ 'ਚ ਡਾ. ਸਾਹਿਬ ਸਿੰਘ 'ਅਰਸ਼ੀ' ਨੇ ਸਿੱਖ ਇਤਿਹਾਸ ਰਵਾਇਤੀ ਬਿਰਤਾਂਤਕਾਰੀ ਨਾਲ ਲਿਖਿਆ ਏ। ਬਿਨਾ ਸ਼ੱਕ ਹਿੰਦੋਸਤਾਨ ਵਿੱਚ ਆਉਣ ਲਈ ਪੰਜਾਬ ਹੀ ਇਕ ਮਾਤਰ ਰਾਹ ਸੀ। ਚਾਹੇ ਉਹ ਤੁਰਕ ਸਨ ਜਾਂ ਮੁਗ਼ਲ ਜਾਂ ਅਫਗਾਨੀ। ਉਨ੍ਹਾਂ ਨੇ ਪੰਜਾਬ 'ਚ ਪੈਰ ਪਾਉਂਦਿਆਂ ਸਿੱਖ ਕੌਮ ਦਾ ਘਾਣ ਕੀਤਾ ਕਿਉਂਕਿ ਉਹ ਹੀ ਟੱਕਰ ਲੈਂਦੇ ਰਹੇ। ਘੱਲੂਘਾਰੇ, ਸਿੱਖ ਮਿਸਲਾਂ, ਰਣਜੀਤ ਸਿੰਘ ਦਾ ਕਾਲ ਆਦਿ ਦਾ ਬਿਰਤਾਂਤ ਕੁਰਬਾਨੀਆਂ ਨਾਲ ਭਰਿਆ ਪਿਆ ਏ। ਪੁਸਤਕ ਦੇ ਲੇਖਕ ਨੇ ਵੀ ਪ੍ਰਚੱਲਤ ਬਿਰਤਾਂਤ ਨੂੰ ਹੀ ਦੁਬਾਰਾ ਪੁਸਤਕ ਵਿੱਚ ਲਿਖਿਆ ਏ। ਇਸ ਕਿਸਮ ਦੇ ਪਹਿਲਾਂ ਲਿਖੇ ਇਤਿਹਾਸ ਵਿੱਚ ਪੰਜਾਬ ਦੀਆਂ ਬਾਕੀ ਕੌਮਾਂ ਦੀ ਪਛਾਣਾਂ ਦਿਖਾਈ ਨਹੀਂ ਦਿੰਦੀਆਂ। ਅਰਸ਼ੀ ਨੇ ਇਸ ਪੁਸਤਕ ਵਿੱਚ ਮੁਗ਼ਲ ਕਾਲ, 18 ਵੀਂ ਸਦੀ ਦੇ ਸਿੱਖਾਂ ਦੀ ਸਥਿਤੀ, ਘੱਲੂਘਾਰੇ ਦਾ ਬਿਰਤਾਂਤ, ਮਿਸਲਾਂ ਦਾ ਉਭਾਰ, ਰਣਜੀਤ ਸਿੰਘ ਦਾ ਰਾਜ ਅਤੇ ਚੌਣਵੇਂ ਸਿੱਖ ਚਿਹਰੇ ਆਦਿ ਬਾਰੇ ਪੁਸਤਕ ਵਿੱਚ ਰਵਾਇਤੀ ਧਾਰਨਾਵਾਂ ਨਾਲ ਲਿਖਿਆ ਏ। ਪੁਸਤਕ **'ਵਾਇਟ ਕਰੋਅ ਮਾਨਸਾ'** ਨੇ ਛਾਪੀ ਏ।

**ਪੰਜਾਬ ਦੇ ਪਾਣੀਆਂ ਲਈ ਸੰਘਰਸ਼**

ਪੰਜਾਬ ਦੇ ਪਾਣੀਆਂ ਦਾ ਮਸਲਾ ਬੜਾ ਗੰਭੀਰ ਬਣ ਗਿਆ ਏ। ਪੰਜਾਬ ਦੀ ਵੰਡ ਹੋਣ ਨਾਲ ਪੰਜਾਬ ਦੇ ਪਾਣੀਆਂ ਦਾ ਮਸਲਾ ਹੋਰ ਉਲਝ ਗਿਆ। 1950 ਵਿੱਚ ਰਾਵੀ, ਬਿਆਸ ਤੇ ਸਤਲੁਜ ਵਿੱਚ ਭਾਵੇਂ ਪੰਜਾਬ ਦਾ ਕਾਨੂੰਨੀ ਅਧਿਕਾਰ ਹੋ ਗਿਆ ਪਰ ਮਸਲਾ ਫਿਰ ਵੀ ਹੱਲ ਨਹੀਂ ਹੋਇਆ ਤੇ ਸਤਲੁਜ-ਜਮਨਾ-ਲਿੰਕ ਨਹਿਰ ਦਾ ਇਹ ਮਸਲਾ ਹੋਰ ਉਲਝ ਗਿਆ। ਰਜੀਵ-ਲੌਂਗੋਵਾਲ ਸਮਝੌਤੇ ਨਾਲ ਇਹਦੇ ਵਿੱਚ ਹੋਰ ਉਲਝਣਾ ਪੈਦਾ ਹੋ ਗਈਆਂ। ਕਿਤਾਬ ਵਿੱਚ ਲੇਖਕ ਰਾਸ਼ਟਰੀ ਤੇ ਸੰਵਿਧਾਨਕ ਪੱਖ, ਭੂਗੋਲਿਕ ਸਰਹੱਦਾਂ ਤੇ ਕੁਦਰਤੀ ਢਲਾਣ, ਗ਼ੈਰ ਸੰਵਿਧਾਨਕ ਕਾਨੂੰਨ ਇਕ ਪਾਸੜ ਹੁਕਮਨਾਮੇ, ਪੰਜਾਬ ਪੁਨਰਗਠਨ ਐਕਟ, ਖੋਖਲੇ ਸਮਝੌਤੇ ਰਾਜਸੀ ਹੁਕਮਾ ਦੇ ਸੰਦਰਭ ਵਿੱਚ ਪਾਣੀਆਂ ਦੇ ਮੁੱਦੇ ਦਾ ਵਿਸ਼ਲੇਸ਼ਣ ਕੀਤਾ ਗਿਆ ਏ। ਕਾਨੂੰਨੀ ਉਲਝਣਾ, ਰਾਵੀ-ਬਿਆਸ ਦੇ ਵਾਧੂ ਪਾਣੀ ਦੇ ਵੰਡ ਦਾ ਰੇੜਕਾ ਅਤੇ ਵੱਖ ਵੱਖ ਸਮੇਂ ਕੇਂਦਰ ਦੇ ਨੋਟੀਫਿਕੇਸ਼ਨ, ਹੋਰ ਸੰਬੰਧਤ ਮੁੱਦਿਆਂ ਬਾਰੇ ਲੇਖਕ ਨੇ ਤੱਥ ਅਤੇ ਅੰਕੜਿਆਂ ਨਾਲ ਵਿਸ਼ਲੇਸ਼ਣ ਕੀਤਾ ਏ। ਪੰਜਾਬ, ਕਸ਼ਮੀਰ, ਰਾਜਸਥਾਨ, ਪੇਪਸੂ ਦੇ ਪਾਣੀ ਦੀ ਵੰਡ ਨੂੰ ਉਭਾਰਦੀ ਕਿਤਾਬ ਭਾਵੇਂ ਛੋਟੀ ਏ ਪਰ ਮਹੱਤਪੂਰਨ ਏ ਜਿਸ ਨੂੰ **'ਵਾਇਟ ਕਰੋਅ, ਮਾਨਸਾ'** ਨੇ ਛਾਪਿਆ ਏ।



**ਪੰਜਾਬੀ ਨਾਵਲ ਸਮਕਾਲ, ਸਰੋਕਾਰ ਤੇ ਸੰਤਾਪ**





ਸਮਕਾਲੀ ਨਾਵਲ 'ਤੇ ਇਸ ਕਿਤਾਬ 'ਚ ਨਿੱਠ ਕੇ ਕਾਰਜ ਹੋਇਆ ਏ। ਪ੍ਰਬੁੱਧ ਚਿੰਤਕ ਡਾ. ਬਿੰਦਰਾ ਹੁਰਾਂ ਨੇ ਸਮਕਾਲੀ 22 ਨਾਵਲ ਦੀ ਚੋਣ ਕਰਕੇ ਉਸ ਸਬੰਧੀ ਆਪਣੀਆਂ ਮੁੱਲਵਾਨ ਧਾਰਨਾਵਾਂ ਦਿੱਤੀਆਂ ਨੇ। ਉਨ੍ਹਾਂ ਨਾਵਲ ਦੇ ਅਧਿਐਨ ਲਈ ਸਮਕਾਲ, ਸਰੋਕਾਰ ਤੇ ਸੰਤਾਪ ਤਿੰਨ ਪ੍ਰਮੁੱਖ ਮੁੱਦਿਆ ਨੂੰ ਲਿਆ ਏ। ਸਮਕਾਲ ਵਿੱਚ ਵੱਖ-ਵੱਖ ਸਰੋਕਾਰਾਂ ਨੂੰ ਉਭਾਰਨ ਵਾਲੇ ਨਾਵਲ ਦੀ ਪਰਖ ਕੀਤੀ ਗਈ ਏ। ਵੱਖ-ਵੱਖ ਨਾਵਲਾਂ 'ਚ ਸਮਾਜਿਕ, ਪਰਵਾਸੀ ਤੇ ਆਰਥਿਕ, ਸੱਭਿਆਚਾਰਕ ਮੁੱਦੇ ਬਾਰੇ ਡਾ. ਬਿੰਦਰਾ ਨੇ ਆਪਣੀਆਂ ਧਾਰਨਾਵਾਂ ਦਿੱਤੀਆਂ ਨੇ। ਸੰਤਾਪ ਤਹਿਤ ਵੱਖ ਵੱਖ ਲਹਿਰਾਂ ਦੌਰਾਨ ਜੋ ਸੰਤਾਪ ਮਨੁੱਖ ਨੇ ਭੋਗਿਆ ਏ ਉਸ ਦਾ ਵਿਸ਼ਲੇਸ਼ਣ ਕੀਤਾ ਗਿਆ ਏ। ਹਰ ਚੈਪਚਰ ਦੇ ਅੰਤ ਵਿੱਚ ਕੁੱਝ ਸਿੱਟੇ ਕੱਢੇ ਗਏ ਨੇ। ਉਨ੍ਹਾਂ ਨਾਵਲਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਏ ਜਿਹੜੇ ਆਮ ਵਿਸ਼ਿਆਂ ਤੋਂ ਹੱਟ ਕੇ ਨਾਵਲ ਲਿਖੇ ਗਏ ਨੇ। ਡਾ. ਬਿੰਦਰਾ ਨੇ ਨਾਵਲਾਂ ਦੀ ਅਧਿਐਨ ਵਿਧੀ ਵਿਆਖਿਆ ਮੂਲਕ ਕੀਤੀ ਏ। ਇਸ ਕਿਤਾਬ ਨੂੰ **'ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ'** ਨੇ ਛਾਪਿਆ ਏ। ਉਨ੍ਹਾਂ ਬੱਝਵੀਂ ਤਰਤੀਬ ਨਾਲ ਨਾਵਲ ਦੀ ਸਮੀਖਿਆ ਕੀਤੀ ਏ।

**ਬੱਬਰ ਅਕਾਲੀ ਲਹਿਰ ਨੂੰ ਮੁੜ ਫਰੋਲਦਿਆਂ**

ਵਿਜੈ ਬੰਬੇਲੀ ਤੇਜੀ ਨਾਲ ਉਭਰ ਰਿਹਾ ਇਤਿਹਾਸਕਾਰ ਏ। ਦੁਰਾਚਾਰੀ ਮਹੰਤਾਂ ਤੇ ਪੁਜਾਰੀਆਂ ਕੋਲੋਂ ਗੁਰਦੁਆਰਿਆਂ ਨੂੰ ਆਜ਼ਾਦ ਕਰਵਾਉਣ ਲਈ ਜਿਨ੍ਹਾਂ ਨੇ ਅੰਗਰੇਜ਼ੀ ਸਾਮਰਾਜ ਵੇਲੇ ਲਹਿਰ ਖੜੀ ਕੀਤੀ ਉਨ੍ਹਾਂ ਨੂੰ ਬੱਬਰ ਅਕਾਲੀ ਕਿਹਾ ਗਿਆ। ਇਸ ਲਹਿਰ 'ਚੋਂ ਅੰਗਰੇਜ਼ੀ ਸਾਮਰਾਜ ਤੋਂ ਮੁਕਤੀ ਦੀ ਲਹਿਰ ਨਿਕਲੀ। ਦੁਆਬੇ ਵਿੱਚ ਇਸ ਲਹਿਰ ਦੀ ਚੜ੍ਹਤ ਰਹੀ ਲੇਖਕ ਨੇ ਇਸ ਲਹਿਰ ਨਾਲ ਜੁੜੇ ਨਾਇਕਾਂ ਦੇ ਬਹਾਦਰੀ ਦੇ ਕਿੱਸਿਆਂ ਨੂੰ ਮੁੜ ਫਰੋਲਿਆਂ ਏ। ਇਹ ਪੁਸਤਕ ਬੱਬਰ ਲਹਿਰ ਦੇ ਅਣਗੌਲੇ ਪੱਖਾਂ ਵੱਲ ਝਾਤੀ ਵੀ ਮਾਰਦੀ ਏ। ਵਿਜੈ ਨੇ ਬੱਬਰਾਂ ਦੇ ਹਿੰਦੂ ਤੇ ਮੁਸਲਮ ਹਮਸਾਏ ਦੀ ਪਛਾਣ ਵੀ ਕੀਤੀ ਏ। ਅੱਗੇ ਲਹਿਰ ਨੂੰ ਢਾਹ ਲਾਉਣ ਵਾਲੇ ਲੋਕ, ਵਾਅਦਾ ਮੁਆਫ਼ ਗਵਾਹ, ਸਾਬਕਾ ਸੈਨਿਕ ਜੋ ਲਹਿਰ ਵਿੱਚ ਕੁੱਦ ਪਏ, ਬੱਬਰਾਂ ਦੇ ਨਾਂ ਤੇ ਵੇਰਵੇ, ਬੱਬਰ ਅਕਾਲੀ ਦੁਆਬਾ ਦਾ ਵਰਨਣ, ਅਤੇ ਹੋਰ ਸੰਬੰਧਤ ਵੇਰਵੇ ਲੇਖਕ ਨੇ ਬੜੀ ਮਿਹਨਤ ਨਾਲ ਇਕੱਠੇ ਕੀਤੇ ਹਨ। ਪੁਸਤਕ ਵਿੱਚ ਲੇਖਕ ਨੇ ਬਹੁਤ ਸਾਰੇ ਤੱਥ ਪਹਿਲੀ ਵਾਰ ਪੇਸ਼ ਕੀਤੇ ਨੇ। ਇਸ ਕਿਤਾਬ ਨੂੰ **'ਨਵਯੁਗ ਪਬਲਿਸ਼ਰਜ਼, ਨਵੀਂ'** ਦਿੱਲੀ ਨੇ ਛਾਪਿਆ ਏ।




**ਪੰਜਾਬੀ ਕੀ ਨਿਰਵਾਚਤ ਕਹਾਨੀਆਂ**




ਉੱਚ ਅਹੁੱਦੇ ਤੇ ਹੁੰਦਿਆਂ ਨੀਲਮ ਸ਼ਰਮਾ ਅੰਸ਼ੂ ਹੁਰਾਂ ਨੇ ਪੰਜਾਬੀ ਦੀਆਂ 27 ਪ੍ਰਤੀਨਿੱਧ ਕਹਾਣੀਆਂ ਨੂੰ ਅਨੁਵਾਦ ਕਰਕੇ ਇਸ ਪੁਸਤਕ ਵਿੱਚ ਸੰਪਾਦਤ ਕੀਤਾ ਏ। 291 ਪੰਨਿਆਂ ਤੱਕ ਫੈਲੀ ਇਸ ਪੁਸਤਕ ਵਿੱਚ ਸਮੁੱਚੀ ਪੰਜਾਬੀ ਕਹਾਣੀ ਨੂੰ ਹਿੰਦੀ ਦੇ ਪਾਠਕ ਸਮਝ ਸਕਦੇ ਨੇ। ਨਾਨਕ ਸਿੰਘ ਤੋਂ ਲੈ ਕੇ ਸੁਜਾਨ ਸਿੰਘ, ਦੁੱਗਲ, ਅਣਖੀ, ਭੰਡਾਰੀ, ਜਿੰਦਰ, ਵਰਿਆਮ ਸੰਧੂ, ਕੁਲਦੀਪ ਬੇਦੀ, ਅਜਮੇਰ ਸਿੱਧੂ, ਕੜਿਆਲਵੀ, ਭਗਵੰਤ ਰਸੂਲਪੁਰੀ, ਸਰਘੀ, ਦੀਪਤੀ ਬਬੂਟਾ, ਸਾਂਵਲ ਧਾਮੀ, ਅਗਾਜ਼ਬੀਰ ਤੇ ਅੰਜਨਾ ਸ਼ਿਵਦੀਪ ਤੱਕ 27 ਕਹਾਣੀਆਂ ਪੁਸਤਕ ਵਿੱਚ ਸ਼ਾਮਿਲ ਹਨ। ਅਨੁਵਾਦਕ ਨੀਲਮ ਸ਼ਰਮਾ ਕਲਕੱਤਾ ਵਿਖੇ ਨੈਸ਼ਨਲ ਲਾਇਬਰੇਰੀ ਰਾਹੀ ਪੰਜਾਬੀ ਸਾਹਿਤ ਨਾਲ ਜੁੜ ਗਈ ਤੇ ਉਹ ਸਮੇਂ ਸਮੇਂ ਪੰਜਾਬੀ ਦੀਆਂ ਕਹਾਣੀਆਂ ਪੜ੍ਹਦੀ ਗਈ ਅਤੇ ਜਿਹੜੀ ਕਹਾਣੀ ਚੰਗੀ ਲੱਗਦੀ ਉਸ ਨੂੰ ਅਨੁਵਾਦ ਕਰਦੀ ਗਈ। ਹੁਣ ਕਲਕੱਤਾ ਦੇ ਇਕ ਪ੍ਰਕਾਸ਼ਨ ਹਾਊਸ ਨੇ ਵਧੀਆ ਤਰੀਕੇ ਨਾਲ ਇਨ੍ਹਾਂ ਕਹਾਣੀਆਂ ਨੂੰ ਪੁਸਤਕ ਰੂਪ ਵਿੱਚ ਛਾਪਿਆ ਏ। ਹਿੰਦੇ ਦੇ ਪਾਠਕ ਇਨ੍ਹਾਂ ਕਹਾਣੀਆਂ ਰਾਹੀਂ ਪੰਜਾਬ ਦੀ ਸਭਿਆਚਾਰਕ, ਆਰਥਿਕ, ਸਮਾਜਿਕ ਸਥਿਤੀ ਵਿੱਚ ਵਿਚਰਦੇ ਪਾਤਰਾਂ ਦੀ ਮਾਨਸਿਕ ਸਥਿਤੀ ਨੂੰ ਸਮਝ ਸਕਦੇ ਹਨ। ਨਾਲ ਨਾਲ ਉਨ੍ਹਾਂ ਨੂੰ ਪੰਜਾਬੀ ਸਮਾਜ ਦੇ ਰਿਸ਼ਤਿਆਂ ਦੀ ਟੁੱਟ ਭੱਜ, ਮਾਨਸਿਕ ਲੋੜਾ ਅਤੇ ਜਾਤੀ ਦਰਜਾਬੰਦੀ ਦੀ ਵੀ ਸਮਝ ਆ ਸਕਦੀ ਏ। ਇਸ ਕਿਤਾਬ ਨੂੰ ਕਲਕੱਤਾ ਦੀ **'ਨਵੀਨ ਪ੍ਰਕਾਸ਼ਨ'** ਨੇ ਸੁੰਦਰ ਤਰੀਕੇ ਨਾਲ ਛਾਪਿਆ ਏ।

**'ਅਗਦੁ ਪੜੈ ਸੈਤਾਨੁ' ਕੇ ਪੀ ਐਸ ਗਿੱਲ ਦੇ ਜ਼ੁਲਮਾਂ ਦੀ ਦਾਸਤਾਨ**

ਪੰਜਾਬ ਸੰਕਟ ਦੇ ਓਸ ਵੇਲੇ ਦੇ ਪੁਲਸ ਮੁਖੀ ਕੇ. ਪੀ. ਐਸ. ਗਿੱਲ ਦੀ ਕਾਰਜ ਪ੍ਰਣਾਲੀ ਦਾ ਬਿਰਤਾਂਤ ਅਸੀਂ ਪਹਿਲਾਂ ਵੀ ਪੜ੍ਹ ਸੁਣ ਚੁੱਕੇ ਹਾਂ। ਅਮਰੀਕ ਸਿੰਘ ਮੁਕਤਸਰ ਨੇ ਗਿੱਲ ਦੇ ਜ਼ੁਲਮਾਂ ਦੇ ਬਿਰਤਾਂਤ ਵਾਲੀਆਂ ਲਿਖਤਾਂ ਨੂੰ ਇਕੱਠੀਆਂ ਕਰਕੇ ਇਸ ਪੁਸਤਕ ਵਿੱਚ ਛਾਪਿਆ ਏ। ਇਨ੍ਹਾਂ ਘਟਨਾਵਾਂ ਨੂੰ ਸਿੱਖੀ 'ਚ ਆਸਥਾ ਰੱਖਣ ਵਾਲੇ, ਜ਼ੁਲਮ ਖ਼ਿਲਾਫ਼ ਖ਼ੜਨ ਵਾਲੇ ਬੁੱਧੀਜੀਵੀਆਂ ਨੇ ਤੱਥਾਂ ਤੇ ਅੰਕੜਿਆਂ ਨਾਲ ਲਿਖਿਆ ਏ। ਜਦੋਂ ਸੱਤਾਂ ਖ਼ਿਲਾਫ ਵਿਦਰੋਹ ਉੱਠਦਾ ਏ। ਤਾਂ ਸੱਤਾਂ ਵਿਦਰੋਹ ਨੂੰ ਦਬਾਉਣ ਲਈ ਹਰ ਹਰਬਾ ਵਰਤਦੀ ਏ। ਉਹ ਮਨੁੱਖਤਾ ਦਾ ਘਾਣ ਵੀ ਕਰਦੀ ਏ। ਪੁਲਿਸ ਤੰਤਰ ਨੂੰ ਜਿਹੜਾ ਅਫ਼ਸਰ ਚਲਾਉਂਦਾ ਏ ਇਹ ਜ਼ੁਲਮ ਉਹਦੀ ਝੋਲੀ ਪੈਂਦਾ ਏ, ਕਿਉਂਕਿ ਉਹਨੂੰ ਵੀ ਸੱਤਾ ਵਰਤਦੀ ਏ। ਇਸ ਕਿਤਾਬ ਨੂੰ **'ਵਾਇਟ ਕਰੋਅ ਮਾਨਸਾ'** ਨੇ ਛਾਪਿਆ ਏ।



**ਕਿਰਤੀ ਦੀਆਂ ਕਥਾਵਾਂ**





'ਕਿਰਤੀ' ਅਖ਼ਬਾਰ 'ਚੋਂ ਇਨ੍ਹਾਂ ਕਥਾਵਾਂ ਨੂੰ ਇਕ ਥਾਂ ਇਕੱਠਿਆ ਕੀਤਾ ਗਿਆ ਏ। ਇਹ ਕਥਾਵਾਂ ਵਿੱਚ ਸੁਤੰਤਰਤਾ ਤੇ ਬਸਤੀਵਾਦ ਵਿਰੁੱਧ ਨਾਬਰੀ ਦਾ ਪ੍ਰਵਚਨ ਉਸਾਰਨ ਵਾਲਾ ਬਿਰਤਾਂਤ ਏ। ਇਨ੍ਹਾਂ ਕਥਾਵਾਂ ਦੇ ਪਾਤਰ ਇਨਕਲਾਬੀ ਤੇ ਅਜ਼ਾਦੀ ਲਈ ਲੜਨ ਵਾਲੇ ਹਨ। ਇਨ੍ਹਾਂ ਦੇ ਪਾਤਰ ਆਜ਼ਾਦੀ ਲਈ ਹਥਿਆਰਬੰਦ ਇਨਕਲਾਬ ਕਰ ਰਹੇ ਹਨ। ਇਨ੍ਹਾਂ ਕਥਾਵਾਂ ਵਿੱਚ ਚਿਹਨਾਂ ਦੀ ਵਰਤੋ ਵੀ ਕੀਤੀ ਗਈ ਮਿਲਦੀ ਏ। ਕਿਸਾਨੀ ਸੰਕਟ, ਆਰਥਿਕ ਸੰਕਟ ਨਾਲ ਗੁਲਾਮੀ ਦੇ ਸੰਕਟ ਨੂੰ ਵੀ ਇਨ੍ਹਾਂ ਕਥਾਵਾਂ ਵਿੱਚ ਉਭਾਰਿਆ ਗਿਆ ਏ। ਮੁਸਲਮਾਨਾਂ ਨੂੰ ਨੈਗਟਿਵ ਅਰਥਾ ਵਿੱਚ ਲੈਣਾ ਵੀ ਇਨ੍ਹਾਂ ਕਥਾਵਾਂ ਵਿੱਚ ਵੇਖਣ ਨੂੰ ਮਿਲਦਾ ਏ। ਇਨ੍ਹਾਂ ਕਥਾਵਾਂ ਦੇ ਕੁਝ ਪਾਤਰ ਅਚੰਭੇ ਭਰਪੂਰ ਕਾਰਜ ਵੀ ਕਰ ਜਾਂਦੇ ਨੇ। ਇਹ ਕਥਾਵਾਂ ਬਸਤੀਵਾਦੀ ਪ੍ਰਬੰਧ ਵਿਰੁੱਧ ਖੜਨ ਦਾ ਓਸ ਵੇਲੇ ਹੋਕਾ ਦਿੰਦੀਆਂ ਨੇ ਤੇ ਉਸ ਸਮੇਂ ਦੇ ਇਤਿਹਾਸ ਬਾਰੇ ਵੀ ਸਾਨੂੰ ਪਤਾ ਲੱਗਦਾ ਏ। ਕੁਝ ਕਥਾਵਾਂ ਰੂਸ ਦੇ ਪ੍ਰਭਾਵ ਤੋਂ ਪ੍ਰੇਰਨਾ ਲੈ ਕੇ ਸਿਰਜੀਆਂ ਗਈਆਂ ਨੇ। ਇਨ੍ਹਾਂ ਕਥਾਵਾਂ ਵਿੱਚੋਂ ਪਾਠਕ ਕਹਾਣੀ ਦਾ ਮੁੱਢਲਾ ਰੂਪ ਵੀ ਵੇਖ ਸਕਦੇ ਹਨ। ਇਕ ਦਰਦੀ ਹਿਰਦਾ, ਸੁਤੰਤਰਤਾ ਦੀ ਕਦਰ, ਸ਼ਹੀਦ ਦੇ ਵਾਰਸ ਚੰਗੀਆਂ ਕਥਾਵਾਂ ਹਨ। ਕਿਤਾਬ ਨੂੰ ਹਰਵਿੰਦਰ ਭੰਡਾਲ ਨੇ ਸੰਪਾਦਤ ਕੀਤਾ ਏ ਤੇ ਛਾਪਣ ਵਾਲੀ **'ਦੇਸ਼ ਭਗਤ ਪ੍ਰਕਾਸ਼ਨ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ'** ਏ।

**ਨਾਗ ਕਥਾਵਾਂ**

ਵਿਜੈਦਾਨ ਦੇਥਾ ਨੇ ਇਹ ਦਸ ਨਾਗ ਕਥਾਵਾਂ ਲਿਖੀਆਂ ਨੇ। ਜਿਸ ਨੂੰ ਕੇਸਰਾ ਰਾਮ ਨੇ ਅਨੁਵਾਦ ਕੀਤਾ ਏ। ਸਾਰੀਆਂ ਕਥਾਵਾਂ ਨਾਗਾਂ ਨਾਲ ਸੰਬੰਧ ਰੱਖਦੀਆਂ ਨੇ। ਪੌਰਾਣ-ਕਥਾਵਾਂ ਵਿੱਚ ਨਾਗ ਦਾ ਵਿਸ਼ੇਸ਼ ਥਾਂ ਏ। ਵੈਦਿਕ ਕਾਲ ਵਿੱਚ ਵੀ ਸੱਪ ਦੀ ਪੂਜਾ ਹੁੰਦੀ ਰਹੀ ਏ। ਸੋ ਨਾਗ ਬਾਰੇ ਕਥਾਵਾਂ ਹਰ ਭਾਸ਼ਾ ਵਿੱਚ ਮਿਲ ਜਾਂਦੀਆਂ ਨੇ ਪਰ ਲੇਖਕ ਨੇ ਰਾਜਸਥਾਨ ਦੀਆਂ ਨਾਗ ਕਥਾਵਾਂ ਨੂੰ ਲੱਭ ਕੇ ਲਿਖ ਕੇ ਸਾਂਭ ਲਿਆ ਏ। ਰਾਜਸਥਾਨ ਦੇ ਪ੍ਰਸੰਗ ਵਿੱਚ ਨਾਗ ਦੇ ਸਥਾਨ ਨੂੰ ਭੂਮਿਕਾ ਵਿਚ ਪ੍ਰਗਟ ਕੀਤਾ ਏ। ਕੋਮਲ ਕੋਠਾਰੀ ਨੇ 'ਦਸ ਕਥਾਵਾਂ ਇਕ ਸੂਤਰ' ਭੂਮਿਕਾ ਵਿੱਚ ਮੁੱਲਵਾਨ ਗੱਲਾਂ ਕੀਤੀਆਂ ਨੇ। ਨਾਗ ਨੂੰ ਸਮਝਣ ਵਾਲਾ ਬਿਰਤਾਂਤ ਪੜ੍ਹਨ ਲਈ ਰੌਚਿਕ ਏ। ਇਨ੍ਹਾਂ ਕਥਾਵਾਂ ਨੂੰ ਪੜ੍ਹਦਿਆਂ ਸਾਨੂੰ ਨਾਗ ਦੀ ਮਹੱਤਤਾ ਬਾਰੇ ਪਤਾ ਲੱਗਦਾ ਏ। ਕੇਸਰਾ ਰਾਮ ਦਾ ਅਨੁਵਾਦ ਪੰਜਾਬੀ ਰੰਗ ਵਾਲਾ ਏ ਤੇ ਇਹਨੂੰ **'ਨਵਯੁਗ ਪਬਲਿਸ਼ਰਜ਼, ਦਿੱਲੀ'** ਨੇ ਛਾਪਿਆ ਏ।







**ਅੱਧੀ ਸਦੀ ਦੇ ਆਰ ਪਾਰ ਕੁਲਦੀਪ ਸਿੰਘ ਬੇਦੀ**


ਕਿਤਾਬ ਵਿੱਚ ਬੇਦੀ ਨੇ ਪੱਤਰਕਾਰੀ ਦੇ ਅੱਧੀ ਸਦੀ ਦੇ ਇਤਿਹਾਸ ਬਾਰੇ ਹੀ ਨਹੀਂ ਦੱਸਿਆ ਬਲਕਿ ਇਸ ਪੱਤਰਕਾਰੀ ਨਾਲ ਲੇਖਕ ਵੀ ਨਾਲ ਨਾਲ ਤੁਰਿਆ ਏ। ਪੱਤਰਕਾਰੀ ਦੀ ਚੜ੍ਹਤ, ਉਭਾਰ ਨੇ ਨਿਘਾਰ ਬਾਰੇ ਲੇਖਕ ਨੇ ਬਿਰਤਾਂਤ ਸਿਰਜਿਆ ਏ। ਕੇਵਲ ਲੇਖਕ ਦੇ ਇਹ ਪੱਤਰਕਾਰੀ ਵਾਲੇ ਅਨੁਭਵ ਨਹੀਂ ਏ। ਇਹਨੂੰ ਉਨ੍ਹਾਂ ਦੀ ਸਵੈ ਜੀਵਨੀ ਵੀ ਕਹਿ ਸਕਦੇ ਹਾਂ। ਲੇਖਕ ਕਿਵੇਂ 'ਕੌਮੀ ਦਰਦ' ਨਾਲ ਜੁੜਦਾ ਏ। ਫਿਰ ਉਹ ਜੱਗ ਬਾਣੀ ਵਿੱਚ ਪੁੱਜਦਾ ਏ ਕਿਵੇਂ ਅਖ਼ਬਾਰਾਂ ਨਾਲ ਜੁੜ ਕੇ ਨਿਵੇਕਲੇ ਅਨੁਭਵ ਹੁੰਦੇ ਨੇ, ਕਿਹੋ ਜਿਹੇ ਲੋਕਾਂ ਨਾਲ ਵਾਹ ਪੈਂਦਾ ਏ। ਅਤੇ ਪੱਤਰਕਾਰੀ ਦੀਆਂ ਅੰਦਰਵਾਲੀਆਂ ਗੱਲਾਂ ਨੂੰ ਬੇਦੀ ਨੇ ਇਮਾਨਦਾਰੀ ਨਾਲ ਪੇਸ਼ ਕੀਤਾ ਏ। ਕਿਵੇਂ ਅਖ਼ਬਾਰਾਂ ਦੀ ਪ੍ਰਿੰਟਿਗ ਵਿਧੀਆਂ ਵਿੱਚ ਬਦਲਾਅ ਆਉਂਦਾ ਏ। 'ਕੌਮੀ ਦਰਦ' ਦਾ ਪੱਤਣ ਤੇ 'ਗੁਰਦੁਆਰਾ ਗਜ਼ਟ' ਵਿੱਚ ਜਾਣਾ, 'ਜੱਗ ਬਾਣੀ' ਦੇ ਆਰੰਭ ਹੋਣ ਨਾਲ 'ਜਗ ਬਾਣੀ' ਨਾਲ ਜੁੜਨਾ ਪੰਜਾਬ ਸੰਕਟ ਵੇਲੇ ਸਹਿਮ ਦੇ ਮਹੌਲ ਵਿੱਚ ਅਖ਼ਬਾਰ ਵਿੱਚ ਨੌਕਰੀ ਕਰਨੀ, ਹਾਕਰਾ ਨੇ ਪੱਤਰਕਾਰਾਂ ਦੀ ਹੱਤਿਆ, 'ਜੱਗ ਬਾਣੀ' ਦੀ ਨੌਕਰੀ ਤੋਂ ਅਸਤੀਫ਼ਾ, ਗਰਮ ਖਿਆਲੀਆਂ ਨੂੰ ਮਾਰਨ ਤੇ ਗਿੱਲ-ਵਿਰਕ 'ਚ ਮੱਤਭੇਦ ਆਦਿ ਦੇ ਪ੍ਰਸੰਗਾ ਬਾਰੇ ਖੁੱਲ੍ਹ ਕੇ ਲਿਖਿਆ ਏ। ਕਿਤਾਬ ਬਹੁਤ ਸਾਰੇ ਪਹਿਲੂਆਂ ਤੋਂ ਨਿਵੇਕਲੀ ਏ। ਇਸ ਨੂੰ '**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**' ਨੇ ਛਾਪਿਆ ਏ।

**ਸਿੱਕੇਬੰਦ ਕਾਮਰੇਡ ਕ੍ਰਿਸ਼ਨ ਭਾਰਦਵਾਜ**

ਕ੍ਰਿਸ਼ਨ ਭਾਰਦਵਾਜ ਨਵਾਂ ਜ਼ਮਾਨਾਂ ਅਖ਼ਬਾਰ ਦੇ ਜਨਰਲ ਮੈਨੇਜਰ ਰਹੇ ਸਨ। ਕਾਮਰੇਡ ਗੁਰਮੀਤ ਹੁਰਾਂ ਨੇ ਕਾਮਰੇਡ ਭਾਰਦਵਾਜ ਦੀ ਸ਼ਖ਼ਸੀਅਤ, ਦਿਆਨਤਦਾਰੀ, ਪ੍ਰਤੀਬੱਧਤਾ ਅਤੇ ਨਵਾਂ ਜ਼ਮਾਨਾਂ ਵਿੱਚ ਕੰਮ ਕਰਨ ਦੀ ਵਿਧੀ ਆਦਿ ਅਨੇਕਾਂ ਪੱਖਾਂ ਨੂੰ ਪੇਸ਼ ਕੀਤਾ ਏ। ਕਿਤਾਬ ਵਿੱਚ ਭਗਤ ਸਿੰਘ ਬਿਲਗਾ, ਡਾ. ਪਰੇਮ ਸਿੰਘ, ਸਤਨਾਮ ਚਾਨਾ, ਬਲਬੀਰ ਪਰਵਾਨਾ, ਭੁਪਿੰਦਰ ਸਾਂਬਰ, ਸਰਵਣ ਜ਼ਫ਼ਰ, ਗੁਰਮੀਤ ਸ਼ੁਗਲੀ, ਗੋਪਾਲ ਬੁੱਟਰ ਆਦਿ ਨੇ ਭਾਰਦਵਾਜ ਦੀ ਸ਼ਖ਼ਸੀਅਤ ਦੇ ਪੱਖਾਂ ਤੇ ਰੌਸ਼ਨੀ ਪਾਈ ਏ। ਜਗਜੀਤ ਆਨੰਦ, ਜਤਿੰਦਰ ਪਨੂੰ ਹੁਰਾਂ ਦੇ ਸ਼ਬਦ ਚਿੱਤਰ ਮੁੱਲਵਾਨ ਇਸ ਕਰਕੇ ਨੇ ਕਿ ਉਨ੍ਹਾਂ ਨੇ ਭਾਰਦਵਾਜ ਦੇ ਸੁਭਾ ਦੇ ਨਾਲ ਨਾਲ ਨਵਾਂ ਜ਼ਮਾਨਾਂ ਦੀ ਸਥਿਤੀ ਬਾਰੇ ਵੀ ਕਾਫੀ ਗੱਲਾਂ ਕੀਤੀਆਂ ਨੇ। ਅਜਿਹੇ ਸਿੱਕੇਬੰਦ ਕਾਮਰੇਡ ਦੀਆਂ ਯਾਦਾਂ ਨੂੰ ਸਾਂਭਣਾ ਬੇਹੱਦ ਜ਼ਰੂਰੀ ਸੀ। ਕਿਤਾਬ ਨੂੰ '**ਪੰਜ ਆਬ**' ਜਲੰਧਰ ਵਾਲੇ ਕੇਸਰ ਨੇ ਛਾਪਿਆ ਏ।



**ਵਰਗ ਸੰਘਰਸ਼ ਅਤੇ ਸੰਸਕ੍ਰਿਤੀਆਂ ਦੀ ਆਪਸੀ ਨਿਰਭਰਤਾ**





ਸਰੂਪ ਸਿਆਲਵੀ ਮੂਲ ਰੂਪ ਵਿੱਚ ਕਥਾਕਾਰ ਏ। ਉਸ ਨੇ ਇਤਿਹਾਸ-ਮਿਥਿਆਸ ਦੇ ਪ੍ਰਸੰਗਾ ਨੂੰ ਲੈ ਕੇ ਬਹੁਤ ਸਾਰੀਆਂ ਕਹਾਣੀਆਂ ਦੀ ਸਿਰਜਣਾ ਕੀਤੀ, ਇਹ ਕਿਤਾਬ ਉਸੇ ਅਭਿਆਸ ਵਿੱਚੋਂ ਨਿਕਲੀ ਏ। ਇਹ ਕਿਤਾਬ ਉਨ੍ਹਾਂ ਭਾਰਤੀ ਸੰਸਕ੍ਰਿਤੀ ਵਿੱਚ ਪਏ ਵਰਗ-ਵਰਣ ਦੇ ਹਵਾਲੇ ਨਾਲ ਨਿਮਨ ਧਿਰਾ ਦੀ ਗੱਲ ਕੀਤੀ ਏ। ਆਪਣੀ ਧਾਰਨਾ ਬਣਾਉਣ ਲਈ ਉਨ੍ਹਾਂ ਵੈਦਿਕ ਕਾਲ, ਉਤਰ ਵੈਦਿਕ ਕਾਲ, ਉਪਨਿਸ਼ਦ ਕਾਲ, ਲੋਕਾਇਤ ਬੁੱਧ ਕਾਲ, ਮਨੂ ਸਮ੍ਰਿਤੀ ਕਾਲ ਅਤੇ ਭਗਤੀ ਅੰਦੋਲਨ ਦੇ ਪ੍ਰਸੰਗ ਵਿੱਚ ਵਰਣ-ਵਿਵਸਥਾ ਦੇ ਉਭਾਰ ਦੀ ਗੱਲ ਕੀਤੀ ਏ। ਕਿਵੇਂ ਦ੍ਰਵਿੜ ਸਭਿਅਤਾ ਦੇ ਲੱਛਣ ਮੱਧਮ ਪੈ ਗਏ ਉਪਰੰਤ ਯੋਗਾਂ ਦੀ ਕੀ ਦੇਣ ਏ, ਕਸ਼ੱਤ੍ਰੀ ਕਿਵੇਂ ਬਗਾਵਤ ਕਰਦੇ ਨੇ, ਭਗਤੀ ਅੰਦੋਲਨ ਦਾ ਭਾਰਤੀ ਪ੍ਰੰਪਰਾ ਤੇ ਕੀ ਅਸਰ ਪਿਆ ਆਦਿ ਮੁੱਦਿਆਂ ਤੇ ਗੱਲ ਕੀਤੀ ਏ। ਲੇਖਕ ਭਾਵੇਂ ਇਤਿਹਾਸਕਾਰ ਨਹੀਂ ਤੇ ਨਾ ਦਰਸ਼ਨ ਦਾ ਗਿਆਤਾ ਏ ਪਰ ਉਸ ਨੇ ਭਗਵਤ ਸ਼ਰਣ ਉਪਾਧਿਆਇ ਦੀ ਕਿਤਾਬ 'ਭਾਰਤੀ ਸਮਾਜ ਦਾ ਇਤਿਹਾਸਿਕ ਤੱਤ ਨਿਖੇੜ' ਤੇ ਕੁਝ ਹੋਰ ਪੁਸਤਕਾਂ ਦੇ ਅਧਾਰ ਤੇ ਇਸ ਵਿਸ਼ੇ ਸੰਬੰਧੀ ਆਪਣੀਆਂ ਕੁਝ ਧਾਰਨਾਵਾਂ ਤਿਆਰ ਕੀਤੀਆਂ ਹਨ। ਕਈ ਸਦੀਆਂ ਲੰਮੀ ਸੰਸਕ੍ਰਿਤੀਆਂ ਦੀ ਪ੍ਰੰਪਰਾ ਨੂੰ ਲੇਖਕ ਨੇ 96 ਪੰਨਿਆਂ ਵਿੱਚ ਲਿਖਆ ਏ।

**ਇਹ ਘਰ ਈਬ੍ਰੂ ਦਾ ਹੈ**

ਸੁਖਵਿੰਦਰ ਸੰਵੇਦਨਸ਼ੀਲ ਸ਼ਾਇਰ ਏ। ਇਸ ਕਿਤਾਬ ਵਿਚਲੀ ਸ਼ਾਇਰੀ ਵਿੱਚ ਉਹ ਬਹੁਤ ਸੰਵੇਦਨਸ਼ੀਲ ਹੋ ਕੇ ਆਪਣੇ ਅਹਿਸਾਸ ਪ੍ਰਗਟ ਕਰਦਾ ਏ।




ਕਿਤਾਬ ਵਿਚਲੀਆਂ ਸਾਰੀਆਂ ਕਵਿਤਾਵਾਂ ਉਸ ਦੀ ਬੇਟੀ ਦੁਆਲੇ ਉਸਰਦੀਆਂ ਨੇ। ਉਹ ਬੱਚੀ ਦੇ ਨਿੱਕੇ ਨਿੱਕੇ ਅਹਿਸਾਸ ਫੜਨ ਵਿੱਚ ਸਫ਼ਲ ਹੁੰਦਾ ਏ। ਕਿਤਾਬ ਪੜ੍ਹਦਿਆਂ ਮੈਂ ਕਈ ਵਾਰ ਖਿਆਲਾ ਵਿੱਚ ਗਵਾਚ ਗਿਆ ਸਾਂ। ਉਹ ਇਕ ਬੱਚੀ ਦੇ ਨਿੱਕੇ ਨਿੱਕੇ ਅਹਿਸਾਸ, ਉਹਦੇ ਸੁਭਾ ਦੀਆਂ ਪਰਤਾਂ, ਉਹਦੀ ਪਵਿੱਤਰ ਸੋਚ ਨੂੰ ਸ਼ਬਦਾਂ ਰਾਹੀ ਫੜਦਾ ਏ। ਆਪਣੀ ਕਵਿਤਾ ਵਿੱਚ ਸੁਖਵਿੰਦਰ ਭਰਵੇਂ ਰੂਪ ਵਿੱਚ ਨਾਰੀਵਾਦੀ ਪ੍ਰਵਚਨ ਉਸਾਰਦਾ ਏ। ਕਿਤਾਬ ਦੀਆਂ ਨਜ਼ਮਾ ਪੜ੍ਹਦਿਆਂ ਮੇਰੀਆਂ ਅੱਖਾਂ ਵਾਰ ਵਾਰ ਨਮ ਹੋਈਆਂ। ਸਿਧਾਰਥ ਦੀ ਚਿੱਤਰਕਾਰੀ ਕਵਿਤਾ ਵਿੱਚ ਗੂੜੇ ਰੰਗ ਭਰਦੀ ਏ। ਕਿਤਾਬ ਨੂੰ ਉਨ੍ਹਾਂ ਆਪਣੇ ਪ੍ਰਕਾਸ਼ਨ ਹਾਊਸ **'ਕੈਲੀਬਰ ਪ੍ਰਕਾਸ਼ਨ, ਪਟਿਆਲਾ'** ਰਾਹੀ ਛਾਪਿਆ ਏ।




ਵਰਗ (ਵਰਣ) ਸੰਘਰਸ਼ ਅਤੇ ਸੰਸਕ੍ਰਿਤੀਆਂ ਦੀ ਆਪਸੀ ਨਿਰਭਰਤਾ ਪੁਸਤਕ ਸਰੂਪ ਸਿਆਲਵੀ ਦੀ ਪੁਰਾਤਨ ਭਾਰਤੀ ਫਲਸਫੇ ਨਾਲ ਸੰਬੰਧਿਤ ਹੈ। ਇਹ ਪੁਸਤਕ ਭਗਵਤ ਸ਼ਰਣ ਉਪਾਧਿਆਇ ਦੀ ਪ੍ਰਸਿੱਧ ਪੁਸਤਕ 'ਭਾਰਤੀ ਸਮਾਜ ਦਾ ਇਤਿਹਾਸਕ ਤੱਤ-ਨਿਖੇੜ' ਤੋਂ ਪ੍ਰਭਾਵਿਤ ਹੋ ਕੇ ਲਿਖੀ ਗਈ ਹੈ। ਇਸ ਪੁਸਤਕ ਦੀ ਸਿਰਜਣਾ ਪਿੱਛੇ ਸਰੂਪ ਸਿਆਲਵੀ ਦਾ ਉਦੇਸ਼ ਕੀ ਹੈ? ਇਸ ਗੱਲ ਦਾ ਨਿਰਣਾ ਉਹ ਆਪਣੀ ਭੂਮਿਕਾ ਵਿਚ ਕਰ ਦਿੰਦਾ ਹੈ ਪਰੰਤੂ ਇਹ ਗੱਲ ਪੰਜਾਬੀ ਪਾਠਕਾਂ ਨੂੰ ਪਤਾ ਹੈ ਕਿ ਸਰੂਪ ਸਿਆਲਵੀ ਦਲਿਤ ਚਿੰਤਨ ਨੂੰ ਪ੍ਰਣਾਇਆ ਅਜਿਹਾ ਲੇਖਕ ਤੇ ਕਹਾਣੀਕਾਰ ਹੈ ਜਿਸਨੇ ਆਪਣੇ ਨਿੱਜੀ ਅਨੁਭਵ ਅਤੇ ਭਾਰਤੀ ਸਮਾਜ ਦੀ ਵਰਣ ਵਿਵਸਥਾ ਦੇ ਤੱਤ-ਸਾਰ ਵਿੱਚੋਂ ਆਪਣੀ ਰਚਨਾਕਾਰੀ ਕੀਤੀ ਹੈ। ਆਪਣੇ ਜੀਵਨ ਦੇ ਲੰਮੇ ਅਨੁਭਵ ਤੇ ਦਲਿਤ ਰਾਜਨੀਤਕ ਲਹਿਰ ਦੇ ਕਾਰਕੁੰਨ ਹੋਣ ਵਜੋਂ ਉਸਦੀ ਆਪਣੀ ਵਿਚਾਰਧਾਰਕ ਦ੍ਰਿਸ਼ਟੀ ਵੀ ਹੈ। ਇਸੇ ਕਰਕੇ ਭਗਵਤ ਸ਼ਰਣ ਉਪਾਧਿਆਇ ਵਰਗੇ ਦਾਰਸ਼ਨਿਕ ਦੇ ਵਿਚਾਰ ਉਸਨੂੰ ਆਪਣੇ ਦਾਰਸ਼ਨਿਕ ਸੱਚ ਨੂੰ ਪੁਖਤਾ ਕਰਦੇ ਲੱਗਦੇ ਹਨ। ਇਸ ਤਰ੍ਹਾਂ ਇਹ ਪੁਸਤਕ ਫਲਸਫੇ ਵਰਗੇ ਬੋਝਲ ਵਿਸ਼ੇ ਨੂੰ ਸਰਲ ਅਤੇ ਰੌਚਿਕ ਤਰੀਕੇ ਨਾਲ ਪੰਜਾਬੀ ਪਾਠਕਾਂ ਅੱਗੇ ਰੱਖਦੀ ਹੈ। – **ਡਾ. ਗੁਰਮੇਲ ਸਿੰਘ**

ਵਰਗ (ਵਰਣ)ਸੰਘਰਸ਼ ਅਤੇ ਸੰਸਕ੍ਰਿਤੀਆਂ ਦੀ ਆਪਸੀ ਨਿਰਭਰਤਾ

ਸਰੂਪ ਸਿਆਲਵੀ

ਪ੍ਰਕਾਸ਼ਕ: ਗਰੇਸ਼ੀਅਸ ਬੁਕਸ, ਪਟਿਆਲਾ

ਮੁੱਲ : 250, ਪੰਨੇ : 94

Year: 20 issue:76 ISSN: 2321-4445
'Kahani Dhara' (Punjabi Quarterly) Jan.-March,2025, R.N.I.Regd. No. PUN2006/19971




ਅਜੈ ਤਨਵੀਰ ਦਾ ਮਨ ਮੂਲ ਰੂਪ ਵਿੱਚ ਪ੍ਰਗੀਤਕ ਹੈ। ਉਹਦੇ ਅੰਦਰ ਲੈਅ ਤੇ ਸੁਰ ਦੀ ਗਤੀ ਚਲਦੀ ਰਹਿੰਦੀ ਹੈ। ਇਸੇ ਗਤੀ ਵਿੱਚੋਂ ਪਹਿਲਾਂ ਪਹਿਲ ਉਹਦੇ ਮਨ ਅੰਦਰੋਂ ਗੀਤਾਂ ਦੀ ਧਾਰਾ ਵਹਿ ਤੁਰੀ ਫਿਰ ਉਹ ਗ਼ਜ਼ਲਾਂ ਵੱਲ ਮੁੜ ਪਿਆ। 'ਫ਼ਤਵਿਆਂ ਦੇ ਦੌਰ ਵਿੱਚ' ਗ਼ਜ਼ਲ ਸੰਗ੍ਰਹਿ ਤੋਂ ਪਹਿਲਾਂ ਅਜੈ ਬਤੌਰ ਗ਼ਜ਼ਲਗੋ ਪਾਠਕਾਂ ਵਿੱਚ ਪਰਵਾਨ ਹੋ ਗਿਆ। ਉਸਦੇ ਰਵਾਇਤੀ ਗ਼ਜ਼ਲਕਾਰੀ ਨੂੰ ਡੈਂਟ ਪਾਉਣ ਵਾਲੇ ਸ਼ੇਅਰ ਪਾਠਕ ਪੜ੍ਹਦੇ ਸੁਣਦੇ ਤੇ ਉਨ੍ਹਾਂ ਵਿੱਚ ਵਰਤੇ ਚਿਹਨਾਂ ਦੀਆਂ ਗੱਲਾਂ ਅਕਸਰ ਕਰਦੇ ਰਹਿੰਦੇ ਸਨ। ਅਜੈ ਆਪਣੀ ਨਿੱਗਰ ਗ਼ਜ਼ਲਕਾਰੀ ਕਰਕੇ ਪਾਠਕਾਂ ਅਤੇ ਅਕੈਡਮਿਕ ਹਲਕਿਆਂ ਵਿੱਚ ਪਰਵਾਨ ਹੋ ਗਿਆ ਹੈ। ਅਜੈ ਨੇ ਹਾਸ਼ੀਏ 'ਤੇ ਧਕੇਲ ਦਿੱਤੇ ਗਏ ਸਮਾਜ ਦੀ ਗੱਲ ਆਪਣੇ ਸ਼ੇਅਰਾਂ ਵਿੱਚ ਕੀਤੀ ਹੈ। ਉਸ ਨੂੰ ਭਾਰਤੀ ਸਮਾਜ, ਸੱਭਿਆਚਾਰ ਤੇ ਰਾਜਨੀਤੀ ਦੀ ਸੂਝ ਹੈ। ਇਨ੍ਹਾਂ ਸਾਰੇ ਸਰੋਤਾਂ ਨੂੰ ਆਤਮਸਾਤ ਕਰਕੇ ਉਹ ਕਮਾਲ ਦੀਆਂ ਗ਼ਜ਼ਲਾਂ ਕਹਿੰਦਾ ਹੈ। ਉਹ ਇਤਿਹਾਸ, ਮਿਥਿਹਾਸ 'ਚੋਂ ਨਿੱਗਰ ਚਿਹਨ ਲੈ ਕੇ ਆਪਣੀ ਗ਼ਜ਼ਲਕਾਰੀ ਕਰਦਾ ਹੈ। ਇਸ ਕਿਤਾਬ ਨਾਲ ਪੰਜਾਬੀ ਗ਼ਜ਼ਲ ਦਾ ਘੇਰਾ ਨਿਸਚਿਤ ਵਸੀਹ ਹੋਇਆ ਹੈ। ਮੈਂ ਭਾਵੇਂ ਗ਼ਜ਼ਲ ਦੇ ਤਕਨੀਕੀ ਪੱਖ ਤੋਂ ਅਣਜਾਣ ਹਾਂ ਪਰ ਗ਼ਜ਼ਲ ਦੀ ਪ੍ਰਗੀਤਕ ਲੈਅ, ਸਬਜੈਕਟ ਅਤੇ ਭਾਵਬੋਧ ਨੂੰ ਸਮਝ ਲੈਂਦਾ ਹਾਂ। ਸਮਾਜਿਕ ਸਰੋਕਾਰ ਅਜੈ ਦੀ ਗ਼ਜ਼ਲਕਾਰੀ ਦਾ ਮੀਰੀ ਗੁਣ ਹੈ। ਇਨ੍ਹਾਂ ਗ਼ਜ਼ਲਾਂ ਦੀ ਧਰਾਤਲ ਪੰਜਾਬ ਦੀ ਮਿੱਟੀ ਹੈ। ਜਿਸ ਮਿੱਟੀ 'ਚ ਬੇਚੈਨੀ, ਨਾਬਰੀ, ਵਿਦਰੋਹ, ਜਬਰ, ਜ਼ੁਲਮ ਵਰਗੇ ਬੀਜ਼, ਚਿਹਨਾਂ ਦੇ ਰੂਪ ਵਿਚ ਪਏ ਹਨ। ਅਜੈ ਦੀ ਗ਼ਜ਼ਲ ਇਨ੍ਹਾਂ ਮਸਲਿਆਂ ਦੁਆਲੇ ਫੈਲਦੀ ਹੈ। ਇਸ ਕਿਤਾਬ ਰਾਹੀਂ ਅਜੈ ਤਨਵੀਰ ਇਕ ਪ੍ਰਮੁੱਖ ਗ਼ਜ਼ਲਕਾਰ ਵਜੋਂ ਪਰਵਾਨ ਚੜ੍ਹਿਆ ਹੈ। ਇਹ ਪੁਸਤਕ ਅਕਾਰ 'ਚ ਭਾਵੇਂ ਨਿੱਕੀ ਜਿਹੀ ਹੈ ਪਰ ਇਨ੍ਹਾਂ ਵਿਚਲੀਆਂ ਗ਼ਜ਼ਲਾਂ ਵਿੱਚੋਂ ਜੇ ਤੁਸੀਂ ਅਰਥ ਕੱਢਣ ਲੱਗ ਪਓ ਤਾਂ ਉਹ ਬਹੁਤ ਵੱਡੇ ਬਣ ਕੇ ਸਾਡੇ ਜਿਹਨ ਵਿੱਚ ਫੈਲਦੇ ਹਨ। ਅਜੈ ਦੀ ਇਹ ਕਿਤਾਬ ਚੇਤਨਾ ਪ੍ਰਕਾਸ਼ਨ, ਲੁਧਿਆਣਾ ਨੇ ਛਾਪੀ ਹੈ। 84 ਪੰਨਿਆਂ ਦੀ ਕਿਤਾਬ 150 ਰੁਪਏ ਵਿੱਚ ਪਾਠਕਾਂ ਨੂੰ ਮਿਲ ਜਾਵੇਗੀ। -ਭਗਵੰਤ ਰਸੂਲਪੁਰੀ